ਜਥਾ ਭਿੰਡਰਾਂ (ਮਹਿਤਾ) ਵੱਲੋਂ
ਗੁਰਬਾਣੀ ਪ੍ਰਕਾਸ਼ਨਾਂ ਦਾ ਵੇਰਵਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ

ਜਪੁ ਜੀ ਸਾਹਿਬ, ਰਹਰਾਸਿ ਸਾਹਿਬ ਤੇ ਕੀਰਤਨ ਸੋਹਿਲਾ ਦੀ ਲਿਖਤੀ ਸਟੀਕ ਤਿਆਰ ਕੀਤੀ ਗਈ ਹੈ—ਜਿਸ ਵਿਚ ਪ੍ਰਮਾਣਾਂ, ਸਾਖੀਆਂ ਤੇ ਅਰਥਾਂ ਸਮੇਤ ਵਿਸਥਾਰ ਕੀਤਾ ਗਿਆ ਹੈ।

ਦੂਜੀ ਵੇਰਾਂ ਸ਼ੀਘਰ ਹੀ ਛਪ ਰਿਹਾ ਹੈ।

ਭੇਟਾ : ਸਜਿਲਦ

ਨਿੱਤਨੇਮ

ਜਪੁ ਜੀ ਸਾਹਿਬ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸ੍ਵਯੇ, ਚੌਪਈ ਸਾਹਿਬ, ਅਨੰਦੁ ਸਾਹਿਬ, ਰਹਰਾਸਿ ਸਾਹਿਬ ਤੇ ਕੀਰਤਨ ਸੋਹਿਲਾ ਵੱਖ ਵੱਖ ਸੰਪ੍ਰਦਾਵਾਂ ਵੱਲੋਂ ਗੁਰਬਾਣੀ ਦੇ ਨਿੱਤਨੇਮ ਵਿਚ ਕੀਤੀਆਂ ਗਈਆਂ ਤਬਦੀਲੀਆਂ ਕਾਰਨ ਸੰਗਤਾਂ ਦੀ ਮੰਗ ਨੂੰ ਮੁਖ ਰਖਦਿਆਂ ਗੁਰਬਾਣੀ ਦੇ ਨਿੱਤਨੇਮ ਦੇ ਸ਼ੁਧ ਗੁਟਕੇ ਛਾਪੇ ਗਏ ਹਨ।

ਭੇਟਾ ਸਜਿਲਦ : ੫) ਰੁਪਏ

ਗੁਰਮਤਿ ਰਹਿਤ-ਮਰਯਾਦਾ

ਜਿਸ ਵਿਚ :

੧. ਜਨਮ-ਸੰਸਕਾਰ, ੨. ਵਿੱਦਿਆ ਸੰਸਕਾਰ, ੩. ਅੰਮ੍ਰਿਤ ਸੰਸਕਾਰ
੪. ਗੁਰਬਾਣੀ ਦਾ ਅਦਬ, ੫. ਅਨੰਦੁ ਸੰਸਕਾਰ, ੬. ਅੰਤਮ ਸੰਸਕਾਰ।

ਗੁਰਬਾਣੀ ਅਤੇ ਹੋਰ ਧਾਰਮਿਕ ਗ੍ਰੰਥਾਂ ਦੇ ਪ੍ਰਮਾਣਾਂ ਸਹਿਤ ਸੰਗਤਾਂ ਦੀ ਮੰਗ ਨੂੰ ਮੁਖ ਰਖਦਿਆਂ ਹੋਇਆਂ ਛਪਵਾਉਣ ਦਾ ਉਪਰਾਲਾ ਕੀਤਾ ਗਿਆ ਹੈ।

ਭੇਟਾ : ਜਿਲਦ ਕਪੜਾ

ਮਿਲਣ ਦੇ ਪਤੇ :—

(੧) ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ, ਜ਼ਿਲਾ ਅੰਮ੍ਰਿਤਸਰ।
(੨) ਜੱਥਾ ਭਿੰਡਰਾਂ (ਮਹਿਤਾ) [ਜੱਥਾ ਜਿੱਥੇ ਵੀ ਹੋਵੇ]

ਦਾਸਨਿ ਦਾਸ :—

ਜਰਨੈਲ ਸਿੰਘ 'ਖ਼ਾਲਸਾ' ਜੱਥਾ ਭਿੰਡਰਾਂ (ਮਹਿਤਾ)

ਤਾਗਾਂ ਵਾਲਾ ਸਮਝਦਾ ਹੈ, ਕਿਉਂਕਿ :-

'ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥'

ਗੁਰੂ ਸਾਹਿਬ ਦੇ ਚਰਨਾਂ 'ਚ ਇਕੋ ਇਕ ਅਰਦਾਸ ਬੇਨਤੀ ਹੈ ਕਿ ਇਹ ਜਥਾ ਇਸੇ ਤਰ੍ਹਾਂ ਦਿਨ ਰਾਤ ਚੜ੍ਹਦੀਆਂ ਕਲਾਂ ਵਿਚ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ ਅਤੇ ਵੱਧ ਤੋਂ ਵੱਧ ਨਾਮ ਜਥੇ ਵਿਚ ਰਹਿ ਕੇ ਜਥੇ ਦੇ ਸਿੰਘਾਂ ਅਤੇ ਮਹਾਂਪੁਰਖਾਂ ਦੀ ਅਖੀਰ ਤੱਕ ਸੇਵਾ ਨਿਭ ਜਾਵੇ।

ਗੁਰੂ ਪੰਥ ਦਾ ਦਾਸ-

ਰਛਪਾਲ ਸਿੰਘ

ਬੀ.ਐਸ-ਸੀ., ਬੀ-ਐੱਡ; ਸ੍ਰੀ ਮੁਕਤਸਰ



ਆਪਣੇ ਕੰਨ ਆਪ ਪੁੱਟੇ ਹਨ ਕਿ ਮਤਾਂ ਸੁੱਤਿਆਂ ਪਿਆਂ ਅਚੇਤ ਮਨ ਹਾਹੀਂ ਕੋਈ ਗਲਤੀ ਹੋ ਗਈ ਹੋਵੇ। ਕਿੰਨੀ ਡੂੰਘੀ ਸੋਚਣੀ ਹੈ। ਆਪ ਘਰ ਵਾਲਿਆਂ ਨਾਲ ਕਦੇ ਕੋਈ ਉਚੇਚੀ ਸਲਾਹ ਜਾਂ ਮਸ਼ਵਰਾ ਨਹੀਂ ਕਰਦੇ। ਜਥੇ ਵਿਚ ਸੰਤਾਂ ਦੇ ਭਤੀਜੇ ਰਹਿੰਦੇ ਹਨ ਜੋ ਕਿ ਆਮ ਸਿੰਘਾਂ ਵਾਂਗ ਰਹਿੰਦੇ ਹਨ। ਕਦੇ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਜਾਂਦਾ-ਸਭ ਨੂੰ ਬਰਾਬਰ ਸਮਝਿਆ ਜਾਂਦਾ ਹੈ। ਸੰਤਾ ਦੇ ਸਪੁਤਰ ਭਾਈ ਹਰਭਜਨ ਸਿੰਘ (ਅਮਰੀਕ ਸਿੰਘ) ਦਾ ਵਿਆਹ ਹੋਇਆ। ਇਨ੍ਹਾਂ ਦੀ ਮੰਗਣੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਾਈ ਗੁਰਦੀਪ ਸਿੰਘ ਜੀ ਦੀ ਸਪੁੱਤਰੀ ਨਾਲ ਧੀਰੇ ਪੱਤਰੇ ਨਗਰ ਵਿਖੇ ਆਪ ਕਰ ਗਏ ਸਨ। ਵਿਆਹ ਵਿਚ ਸਾਰੇ ਅੰਮ੍ਰਿਤਧਾਰੀ ਸਿੰਘ ਹੀ ਬਰਾਤ ਨਾਲ ਗਏ। ਬਹੁਤ ਸਾਧਾਰਣ ਅਤੇ ਪੂਰਨ ਗੁਰ-ਮਰਯਾਦਾ ਅਨੁਸਾਰ ਸ਼ਾਦੀ ਹੋਈ। ਅਜੀਬ ਗੱਲ ਇਹ ਸੀ ਕਿ ਅਨੰਦ-ਕਾਰਜ ਤੋਂ ਪਹਿਲਾਂ ਵਿਆਹ ਵਾਲੀ ਬੀਬੀ ਨੇ ਸ਼ਬਦ ਪੜ੍ਹਿਆ :-

'ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥' (੭੬੪)

ਅਤੇ ਭਾਈ ਹਰਭਜਨ ਸਿੰਘ ਜੀ ਨੇ ਆਪ ਉੱਠ ਕੇ ਆਈ ਸੰਗਤ ਦਾ ਥੋੜ੍ਹੇ ਸ਼ਬਦਾਂ 'ਚ ਧੰਨਵਾਦ ਕੀਤਾ ਤੇ ਸੰਗਤ ਪਾਸੋਂ ਅਸੀਸ ਮੰਗੀ। ਸੰਤਾਂ ਨੇ ਆਪ ਲਾਵਾਂ ਪੜ੍ਹੀਆਂ। ਜਾਣ ਵਾਲੇ ਬਾਹਰਲੇ ਸਿੰਘਾਂ ਨੂੰ ਇਕ ਰੁਪਿਆ ਵੀ ਸ਼ਗਨ ਵਜੋਂ ਨਹੀਂ ਦੇਣ ਦਿੱਤਾ ਗਿਆ। ਦਾਜ ਨਾ ਦੇਣ ਵਾਸਤੇ ਸੰਤਾਂ ਨੇ ਭਾਈ ਗੁਰਦੀਪ ਸਿੰਘ ਨੂੰ ਜੋਰ ਨਾਲ ਪਹਿਲਾਂ ਹੀ ਰੋਕ ਦਿੱਤਾ।

ਦੇਸ਼ ਵਿਚ ਐਮਰਜੈਂਸੀ ਦੌਰਾਨ ਜਦ ਪਾਰਲੀਮੈਂਟ ਦਾ ਇਲੈਕਸ਼ਨ ਹੋਇਆ ਤਾਂ ਸੰਤਾਂ ਨੇ ਜਥੇ ਦੇ ਸਿੰਘਾਂ ਪਾਸੋਂ ੪੦ ਦਿਨ ਵਾਸਤੇ ਰੋਜ਼ਾਨਾ ਇਕ ਹਜ਼ਾਰ ਚੌਪਈ ਸਾਹਿਬ ਦੇ ਪਾਠ ਕਰਵਾਏ ਅਤੇ ਇਕ ਸ੍ਰੀ ਅਖੰਡ ਪਾਠ ਕਰਵਾਇਆ ਤਾਂ ਕਿ ਪੰਥ ਦੀ ਚੜ੍ਹਦੀ ਕਲਾ ਹੋਵੇ। ਏਸੇ ਤਰ੍ਹਾਂ ਜਦ ਵਿਧਾਨ ਸਭਾ ਦੀਆਂ ਚੋਣਾਂ ਆਈਆਂ ਤਦ ਵੀ ਬੇਅੰਤ ਪਾਠ ਕੀਤੇ ਗਏ।

ਟਕਸਾਲ ਦੇ ਗੁਣ ਬੇਅੰਤ ਹਨ, ਸਾਰੇ ਵਰਨਣ ਕਰਨੇ ਅਸੰਭਵ ਹਨ, ਪਰ ਇਹ ਹਨ ਕੁਝ ਕੁ ਅੱਖੀਂ ਦੇਖੇ ਤੇ ਕੰਨੀ ਸੁਣੇ ਹਾਲਾਤ। ਮਹਾਂ ਪੁਰਖਾਂ ਦੀ ਬਹੁਤ ਕਿਰਪਾ ਹੈ ਦਾਸ ਨੂੰ ਆਪਣੇ ਨਾਲ ਹੀ ਰੱਖ ਕੇ ਸੇਵਾ ਦਾ ਮੌਕਾ ਬਖ਼ਸ਼ਦੇ ਹਨ। ਮੈਂ ਇਕ ਨਾਚੀਜ਼ ਤੇ ਮਾਮੂਲੀ ਸੇਵਾਦਾਰ ਜਿਸ ਨੂੰ ਐਡੀ ਵੱਡੀ ਜਥੇਬੰਦੀ ਨੇ ਸੇਵਾ ਬਖ਼ਸ਼ੀ ਹੈ। ਦਾਸ ਆਪਣੇ ਆਪ ਨੂੰ ਬਹੁਤ ਵੱਡਿਆਂ

੫-੭ ਸਿੰਘ ਰੱਖ ਕੇ ਹੀ ਪ੍ਰਚਾਰ ਕਰ ਸਕਦਾ ਹਾਂ ਪਰ ਇਹ ਦਾਦਾ ਟਕਸਾਲ ਦਸਵੇਂ ਪਾਤਸ਼ਾਹ ਜੀ ਨੇ ਆਪ ਚਲਾਈ ਕਿ ਆਉਣ ਵਾਲੇ ਸਿੰਘਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਜਾਣ। ਸਾਰੇ ਸਿੰਘ ਪੋਥੀਆਂ ਪ੍ਰਕਾਸ਼ ਕਰਦੇ ਹਨ ਤੇ ਅਰਥ ਸਿੱਖਦੇ ਹਨ, ਵਿਹਲੇ ਨਹੀਂ ਰਹਿੰਦੇ। ਸਵੇਰ ਤੋਂ ਲੈ ਕੇ ਰਾਤ ਤੱਕ ਗੁਰਬਾਣੀ ਪੜ੍ਹਦੇ ਹਨ।

ਜ਼ਿਆਦਾ ਸਿੰਘ ਹੋਣ ਕਾਰਨ ਇਕ ਦਿਨ ਵਿਚ ਇਕ ਪੜਾਅ ਤੋਂ ਕਈ ਥਾਵਾਂ ਤੇ ਕਥਾ ਕਰਨ ਵਾਸਤੇ ਗਿਆਨੀ, ਰਾਗੀ ਅਤੇ ਪੰਜ ਪਿਆਰੇ ਭੇਜੇ ਜਾਂਦੇ ਹਨ। ਟਕਸਾਲ ਦਾ ਮੁੱਖ ਕੰਮ ਗਿਆਨੀ (ਕਥਾ-ਵਾਚਕ) ਬਣਾ ਕੇ ਗੁਰਬਾਣੀ ਦਾ ਪ੍ਰਚਾਰ ਕਰਨਾ ਹੈ। ਬਾਕੀ ਰਹੀ ਪ੍ਰਸ਼ਾਦੇ ਦੀ ਗੱਲ, ਮੰਗਿਆ ਕਦੀ ਕਿਸੇ ਪਾਸੋਂ ਕੁਝ ਨਹੀਂ, ਨਾ ਕਦੇ ਕਿਸੇ ਨੂੰ ਲੰਗਰ ਕਰਨ ਵਾਸਤੇ ਮਜਬੂਰ ਕੀਤਾ ਹੈ। ਸੰਗਤਾਂ ਖੁਸ਼ੀ ਨਾਲ ਲੰਗਰ ਕਰਦੀਆਂ ਹਨ। ਜੇ ਕੋਈ ਸਾਰੇ ਜਥੇ ਨੂੰ ਲੰਗਰ ਨਹੀਂ ਕਰ ਸਕਦਾ, ਉਸ ਦੇ ਘਰ ਪੰਜ ਜਾਂ ਘੱਟ ਸਿੰਘ ਲੰਗਰ ਛਕਣ ਵਾਸਤੇ ਚਲੇ ਜਾਂਦੇ ਹਨ। ਲੰਗਰ ਹਰ ਥਾਂ ਸਾਦਾ ਛਕ ਕੇ ਖੁਸ਼ ਰਹਿੰਦੇ ਹਾਂ। ਬਾਕੀ ਗੁਰੂ ਕੇ ਲੰਗਰ ਵਿਖ 'ਗੈਸਟ ਰੂਲ' ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਕਿਉਂਕਿ ਹਜ਼ਾਰਾਂ ਸੰਗਤਾਂ ਨੇ ਇਕ ਥਾਂ ਤੇ ਪ੍ਰਸ਼ਾਦਾ ਛਕਣਾ ਹੁੰਦਾ ਹੈ।

ਸੰਤ ਜੀ ਸਾਰੇ ਜਥੇ ਨੂੰ ਕਦੇ ਨਹੀਂ ਤਾੜਦੇ, ਇਕੱਲੇ ਇਕੱਲੇ ਸਿੰਘ ਨੂੰ ਤਾੜ ਲੈਂਦੇ ਹਨ ਕਿਉਂਕਿ ਸਾਰਾ ਜਥਾ ਸੰਗਤ ਰੂਪ ਸਮਝਿਆ ਜਾਂਦਾ ਹੈ। ਦੋ ਮਹੀਨੇ ਮਹਿਤੇ ਰਹਿ ਕੇ ਸੰਤਾਂ ਨੇ ਦਰਸ਼ਨੀ ਡਿਉਢੀ, ਲੰਗਰ ਦੇ ਹਾਲ ਅਤੇ ਸਟੋਰ ਦੀ ਸੇਵਾ ਕਰਵਾਈ। ਸਵੇਰ ਤੋਂ ਰਾਤ ਦੇ ੧੦-੧੧ ਵਜੇ ਤੱਕ ਆਪ ਨਾਲ ਲੱਗ ਕੇ ਸੇਵਾ ਕਰਾਉਂਦੇ ਰਹੇ। ਸੇਵਾ ਦੇ ਵਿਚੋਂ ਇਕ ਦਿਨ ਬਾਰਸ਼ਾਂ ਕਾਰਨ ਤਸਰੇ ਖਰਾਬ ਸਨ ਤੇ ਮਹਿਤੇ ਤੋਂ ਸਾਈਕਲ ਤੇ ਜਾ ਕੇ ਗੁਰਦੁਆਰਾ ਬਾਬਾ ਰਾਮ ਥੰਮਣ ਖਜਾਲੇ ਵਿਖੇ ਕਥਾ ਕੀਤੀ। ਜਥੇ ਦੇ ਸਿੰਘਾਂ ਅਤੇ ਮਿਸਤਰੀਆਂ ਨੇ ਇੱਕ ਵੱਖਰਾ ਕਮਰਾ ਸੰਤਾਂ ਵਾਸਤੇ ਬਣਾਉਣਾ ਚਾਹਿਆ ਪਰ ਮਹਾਂਪੁਰਖਾਂ ਨੇ ਆਪਣੇ ਵਾਸਤੇ ਕਮਰਾ ਬਣਾਉਣ ਦੀ ਆਗਿਆ ਨਾ ਦਿੱਤੀ।

ਇਕ ਦਿਨ ਸੰਤਾਂ ਦੇ ਕੰਨ ਸੁੱਜੇ ਵੇਖ ਕੇ ਬੋਪਾਰਾਏ ਵਾਲੀ ਮਾਤਾ ਦਲੀਪ ਕੌਰ ਨੇ ਪੁੱਛਿਆ ਕਿ ਕੀ ਕਾਰਣ ਹੈ? ਤਾਂ ਉੱਤਰ ਦਿੱਤਾ ਕਿ ਮੈਂ

ਪ੍ਰਚਾਰ ਵਾਸਤੇ ਆਪਣੀ ਜਾਨ ਵਾਰਨ ਤੱਕ ਜਾਂਦੇ ਹਨ। ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਗਿਆਨੀ ਤਨਜੀਤ ਸਿੰਘ ਜੀ ਅਤੇ ਪ੍ਰਿੰਸੀਪਲ ਕਰਤਾਰ ਸਿੰਘ ਜੀ ਸ਼ੇਰ ਗਿੱਲ ਨਾਲ ਕਈ ਵਾਰ ਵੀਚਾਰਾਂ ਹੋਈਆਂ ਕਿ ਕਿਵੇਂ ਵੱਧ ਤੋਂ ਵੱਧ ਪੜ੍ਹੇ ਲਿਖੇ ਨੌਜਵਾਨ ਗੁਰਮਤਿ ਕਾਲਜ ਵਿਚੋਂ ਪੜ੍ਹ ਕੇ ਸਿੱਖੀ ਦਾ ਪ੍ਰਚਾਰ ਕਰਨ ? ੨੯ ਜੂਨ ੧੯੭੭ ਨੂੰ ਸੱਚਖੰਡ ਵਾਸੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੀ ਅਠਵੀਂ ਸਾਲਾਨਾ ਬਰਸੀ ਤੇ ਚੰਗੇ ਜੀਵਨ ਵਾਲੇ ਗੁਰੂ ਘਰ ਦੇ ਪ੍ਰਚਾਰਕਾਂ ਨੂੰ ਮਾਇਕੀ ਸਹਾਇਤਾ ਦੇ ਕੇ ਉੱਚਿਆਂ ਚੁੱਕਣ ਦਾ ਉਚੇਚਾ ਪ੍ਰੋਗਰਾਮ ਬਣਾਇਆ ਗਿਆ।

ਦੀਵਾਨ ਵਿਚ ਕਥਾ ਕਰਦਿਆਂ ਕਈ ਵਾਰ ਸੰਗਤਾਂ ਵਿਚੋਂ ਲਿਖਤੀ ਜਾਂ ਜ਼ਬਾਨੀ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾਂਦੇ ਹਨ ਅਤੇ ਉਨ੍ਹਾਂ ਦਾ ਪੂਰੇ ਵਿਸਥਾਰ ਸਹਿਤ ਦੀਵਾਨ ਵਿਚ ਹੀ ਉੱਤਰ ਦਿੱਤਾ ਜਾਂਦਾ ਹੈ। ਜਿਵੇਂ ਕਿ ਗੜ੍ਹਦੀਵਾਲ (ਹੁਸ਼ਿਆਰਪੁਰ) ਦੇ ਇਕ ਪੰਡੈਸਰ ਵੱਲੋਂ ਪੁੱਛਿਆ ਗਿਆ ਕਿ ਪੰਜ ਕਕਾਰ ਰੱਖਣ ਦਾ ਕੀ ਫਾਇਦਾ ? 'ਗੁਰਮਤਿ ਰਹਿਤ ਮਰਯਾਦਾ' ਵਿਚ 'ਅੰਮ੍ਰਿਤ ਸੰਸਕਾਰ' ਦੇ ਸਿਰਲੇਖ ਵਿਚ ਪੂਰੇ ਵਿਸਥਾਰ ਸਹਿਤ ਦਿੱਤਾ ਹੈ। ਇਕ ਵਕੀਲ ਨੇ ਸਵਾਲ ਕੀਤਾ ਕਿ ਤੁਸੀਂ ਬੱਸਾਂ ਕਿਉਂ ਰੱਖੀਆਂ ਹਨ ? ਐਨੇ ਸਿੰਘ ਨਾਲ ਕਿਉਂ ਰੱਖਦੇ ਹੋ ? ਕੀ ਤੁਸੀਂ ੫-੭ ਸਿੰਘ ਨਾਲ ਰੱਖ ਕੇ ਵੀ ਪ੍ਰਚਾਰ ਨਹੀਂ ਕਰ ਸਕਦੇ ? ਨਾਲੇ ਇਕ ਗਰੀਬ ਆਦਮੀ ਵਾਸਤੇ ਸਾਰੇ ਜਥੇ ਨੂੰ ਲੰਗਰ ਕਰਨਾ ਬਹੁਤ ਮੁਸ਼ਕਿਲ ਹੈ ਅਤੇ ਇਹ 'ਗੈਰਜ਼ਰੂਰੀ ਰੂਲ' ਦੇ ਉਲਟ ਵੀ ਹੈ।

ਬੱਸਾਂ ਬਾਰੇ ਉੱਤਰ ਦਿੱਤਾ ਕਿ ਅਸੀਂ ਪਹਿਲਾਂ ਪੈਦਲ ਚੱਲ ਕੇ ਗੱਡਿਆਂ, ਟਰੈਕਟਰ, ਟਰਾਲੀਆਂ ਤੇ ਜਾ ਕੇ ਪ੍ਰਚਾਰ ਕੀਤਾ ਹੈ। ਪਰੰਤੂ ਬੱਸਾਂ ਸੰਗਤਾਂ ਨੇ ਮਜਬੂਰ ਕਰਕੇ ਦਿੱਤੀਆਂ ਹਨ। ਅਤੇ ਬੱਸਾਂ ਤੇ ਜੀਪਾਂ ਦੇ ਆਉਣ ਨਾਲ ਪ੍ਰਚਾਰ ਵੀ ਦਸ ਗੁਣਾਂ ਵਧ ਗਿਆ ਹੈ। ਕਿੱਥੇ ਪੈਦਲ ਚੱਲ ਕੇ ਇਕ ਦਿਨ ਵਿਚ ਇਕ ਕਥਾ ਕਰਨੀ ਅਤੇ ਕਿੱਥੇ ਦਿਨ ਵਿਚ ਦਸ ਥਾਵਾਂ ਤੇ ਪ੍ਰਚਾਰ ਕਰਨਾ, ਗੱਡੀਆਂ ਨੇ ਪ੍ਰਚਾਰ ਦੇ ਵਾਧੇ ਵਿਚ ਬਹੁਤ ਹਿੱਸਾ ਪਾਇਆ ਹੈ। ਜ਼ਿਆਦਾ ਪ੍ਰੋਗਰਾਮ ਹੋਣ ਕਾਰਨ ਕਈ ਵਾਰ ਸਿੰਘ ਇਹ ਵੀ ਸਲਾਹ ਦਿੰਦੇ ਹਨ ਕਿ ਆਪਾਂ ਇਕ ਹੈਲੀਕਾਪਟਰ ਲੈ ਲਈਏ ਤਾਂ ਕਿ ਸਾਰੇ ਪ੍ਰੋਗਰਾਮਾਂ ਤੇ ਪੁੱਜ ਸਕੀਏ। ਜ਼ਿਆਦਾ ਸਿੰਘ ਰੱਖਣ ਬਾਰੇ ਦੱਸਿਆ ਕਿ ਠੀਕ

ਸੰਤ ਜੀ ਦੂਜੇ ਸਿੰਘ ਸਾਹਿਬਾਨਾਂ, ਜਥੇਦਾਰਾਂ ਅਤੇ ਮਹਾਤਮਾ ਦਾ ਬਹੁਤ ਸਤਿਕਾਰ ਕਰਦੇ ਹਨ। ਜਦੋਂ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਜਾਂ ਕਿਸੇ ਤਖ਼ਤ ਸਾਹਿਬ ਦੇ ਜਥੇਦਾਰ ਆਉਂਦੇ ਹਨ ਤਾਂ ਸੰਤ ਜੀ ਆਪ ਪੈਂਦ ਵੱਲ ਅਤੇ ਉਨ੍ਹਾਂ ਨੂੰ ਸਿਰਹਾਣੇ ਵੱਲ ਬਿਠਾਉਂਦੇ ਹਨ। ਉਹਨਾਂ ਦੇ ਹੁੰਦਿਆਂ ਕਦੇ ਵੀ ਉਚੇ ਥਾਂ ਜਾਂ ਉਚੇਚੇ ਆਸਣ ਤੇ ਨਹੀਂ ਬੈਠਦੇ। ਜਿੰਨੀ ਸ਼ਰਧਾ ਇਨ੍ਹਾਂ ਦੇ ਮਨ ਵਿਚ ਕਾਰ ਸੇਵਾ ਵਾਲੇ ਮਹਾਤਮਾ ਬਾਰੇ ਹੈ ਉਤਲੀ ਗਾਇਦ ਹੀ ਕਿਸੇ ਬਾਰੇ ਹੋਵੇ। ਸਭ ਤੋਂ ਵੱਧ ਤੇ ਇਥੋਂ ਤੱਕ ਜੇਕਰ ਸੰਤ ਡਰਦੇ ਹਨ ਤਾਂ ਪ੍ਰਮਾਤਮਾ ਤੋਂ ਦੂਜੇ ਨੰਬਰ ਤੇ ਇਨ੍ਹਾਂ ਮਹਾਤਮਾਂ ਪਾਸੋਂ। ਜੋ ਬਚਨ ਇਹ ਮਹਾਤਮਾ ਕਰਨ ਸੰਤ ਫੇਰਨ ਹੱਥ ਜੋੜ ਕੇ ਸਤਿ ਬਚਨ ਕਹਿ ਕੇ ਪ੍ਰਵਾਨ ਕਰਦੇ ਹਨ।

ਸੰਤਾਂ ਨੂੰ ਕਈ ਵਾਰੀ ਇਹ ਕਹਿੰਦਿਆਂ ਸੁਣਿਆ ਹੈ ਕਿ ਕਾਰ ਸੇਵਾ ਵਾਲੇ ਬਾਬਿਆਂ ਵਿਚ ਇੰਨੀ ਸ਼ਕਤੀ ਹੈ ਕਿ ਜੇ ਚਾਹੁਣ ਤਾਂ ਨੀਂਹਾਂ ਤੋਂ ਲੈ ਕੇ ਕਲਸ ਤੱਕ ਗੁਰਦੁਆਰਿਆਂ ਦੀਆਂ ਇਮਾਰਤਾਂ ਸੋਨੇ ਦੀਆਂ ਬਣਾ ਦੇਣੀਆਂ ਇਨ੍ਹਾਂ ਵਾਸਤੇ ਬਹੁਤ ਮਮੂਲੀ ਗੱਲ ਹੈ। ਇਹ ਕਾਰ ਸੇਵਾ ਵਾਲੇ ਬਾਬੇ ਧੰਨ ਹਨ ਕਿ ਮੁੱਖੋਂ ਮਤਿਨਾਮੁ ਵਾਹਿਗੁਰੂ ਦਾ ਜਾਪ ਤੇ ਸਿਰ ਤੇ ਟੋਕਰੀ, ਸਿਮਰਨ ਤੇ ਸੇਵਾ ਇਕੱਠੇ ਹੀ ਕਰੀ ਜਾਂਦੇ ਹਨ। ਸੰਤ ਜੀ ਸਾਨੂੰ ਬਹੁਤ ਵਾਰੀ ਆਖਦੇ ਹਨ ਕਿ ਸੇਵਾ ਵਾਲੇ ਬਾਬਿਆਂ ਦਾ ਕਦੇ ਵੀ ਬਚਨ ਨਹੀਂ ਮੋੜਨਾ,ਸਾਰੇ ਕੰਮ ਛੱਡ ਕੇ ਵੀ ਉਨ੍ਹਾਂ ਪਾਸ ਪੁੱਜਣਾ ਹੈ।

ਖਾਸ ਕਰਕੇ ਬਾਬਾ ਖੜਕ ਸਿੰਘ ਜੀ ਬੀੜ ਬਾਬਾ ਬੁੱਢਾ ਸਾਹਿਬ ਵਾਲੇ ਬਾਬਾ ਦਯਾ ਸਿੰਘ ਜੀ ਬਿਧੀ ਚੰਦੀਏ, ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਬਾਬਾ ਬੀਰ ਬਿਕ੍ਰਮਾਜੀਤ ਸਿੰਘ ਜੀ ਅੰਮ੍ਰਿਤਸਰ ਵਾਲੇ, ਬਾਬਾ ਸੇਵਾ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਬਾਬਾ ਹਰੀ ਸਿੰਘ ਜੀ ਤਰਨਤਾਰਨ ਵਾਲੇ ਤੇ ਉਨ੍ਹਾਂ ਦੇ ਜਥੇਦਾਰ, ਬਾਬਾ ਤਾਰਾ ਸਿੰਘ ਜੀ ਸਰਨਾਲੀ ਵਾਲੇ, ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਬਾਬਾ ਹਰਬੰਸ ਸਿੰਘ ਜੀ ਸ੍ਰੀ ਨਾਨਕ-ਮਤੇ ਵਾਲੇ, ਸੰਤ ਬਾਬਾ ਸੰਤੋਖ ਸਿੰਘ ਜੀ ਜੋਤੀ ਸਰੂਪ ਫਤਿਹਗੜ੍ਹ ਸਾਹਿਬ ਵਾਲੇ, ਸੰਤ ਹਰਨਾਮ ਸਿੰਘ ਜੀ 'ਪਾਤਸ਼ਾਹ' ਜੋਗੇਵਾਲ ਵਾਲੇ, ਸੰਤ ਲਛਮਣ ਸਿੰਘ ਜੀ ਗੁਰਦੁਆਰਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਾਲੇ ਆਦਿ ਮਹਾਂਪੁਰਖਾਂ ਨਾਲ ਬਹੁਤ ਪਿਆਰ ਕਰਦੇ ਹਨ।

ਸਿੱਖੀ ਬਾਰੇ ਸ਼ਰਧਾ ਰੱਖਣ ਵਾਲਿਆਂ ਲਈ ਤੇ ਸਿੱਖੀ ਦੇ

ਸੱਠ ਹਜ਼ਾਰ ਰੁਪਿਆ ਇਕ ਪਾਰਟੀ ਦਾ ਅਤੇ ਤਕਰੀਬਨ ਅੱਸੀ ਹਜ਼ਾਰ ਰੁਪਿਆ ਤਖ਼ਤ ਸਾਹਿਬ ਦਾ ਖਰਚ ਹੋਇਆ। ਇਕ ਮੈਂਬਰ ਨੇ ਲਿਖ ਕੇ ਦੇ ਦਿੱਤਾ ਕਿ ਸਰਕਾਰ, ਤਖਤ ਸਾਹਿਬ ਆਪਣੇ ਕਬਜ਼ੇ ਵਿਚ ਲੈ ਲਵੇ।

ਸਰਕਾਰ ਦੀ ਕਾਰਵਾਈ ਤੋਂ ਕੁਝ ਹੀ ਸਮਾਂ ਪਹਿਲਾਂ ਕੁਝ ਦੂਜੇ ਮੈਂਬਰਾਂ ਨੂੰ ਪਤਾ ਲੱਗ ਗਿਆ ਜਿਸ ਤੇ ਸਾਰੀ ਸੰਗਤ ਅਤੇ ਮੈਂਬਰ ਸੰਤਾਂ ਪਾਸ ਆਏ। ਪਹਿਲਾਂ ਵੀ ਇਹ ਫੈਸਲਾ ਕਈ ਹੋਰਨਾਂ ਦਿਅਕਤੀਆਂ ਵੱਲੋਂ ਕਰਵਾਇਆ ਗਿਆ ਸੀ ਪਰ ਕੋਈ ਕਾਮਯਾਬੀ ਨਾ ਹੋਈ। ਸੰਤਾਂ ਨੇ ਸੰਗਤ ਦਾ ਹੁਕਮ ਮੰਨ ਕੇ ਸੰਤ ਨਿਸਚਲ ਸਿੰਘ ਜੀ ਯਮਨਾ ਨਗਰ ਵਾਲੇ ਅਤੇ ਸੰਤ ਕਰਤਾਰ ਸਿੰਘ ਜੀ ਸੁਲਤਾਨਪੁਰ ਸਾਹਿਬ ਵਾਲਿਆਂ ਨੂੰ ਨਾਲ ਲੈ ਕੇ ਸਾਰੇ ਮੈਂਬਰਾਂ ਨੂੰ ਸੱਦ ਕੇ ਦੋ ਦਿਨ ਸਾਰੀ ਰਾਤ ੧੬-੧੬ ਘੰਟੇ ਦੀਆਂ ਮੀਟਿੰਗਾਂ ਕਰ ਕੇ ਫੈਸਲਾ ਕਰਵਾਇਆ ਜਿਸ ਨੂੰ ਸਾਰੀ ਸੰਗਤ ਅਤੇ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਅਤੇ ਕੁਝ ਨਵੇਂ ਨਿਯਮ ਬਣਾਏ। ਸਾਰੇ ਮੁਕੱਦਮੇ ਹਾਈਕੋਰਟ ਵਿਚੋਂ ਵਾਪਸ ਕਰਵਾਏ। ਉਹ ਫੈਸਲਾ ਇਕ ਗੁਰਮਤੇ ਦੇ ਰੂਪ ਵਿਚ ਸਾਹਮਣੇ ਆਇਆ ਜਿਸ ਨੂੰ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਵੀ ਆਖ ਸਕਦੇ ਹਾਂ। ਇਸ ਗੁਰਮਤੇ ਦੀਆਂ ਕਾਪੀਆਂ ਵੱਖ ਵੱਖ ਗੁਰਦੁਆਰਿਆਂ ਵਿਚ ਪਹੁੰਚਾਈਆਂ ਗਈਆਂ ਹਨ। ਉਸ ਕਮੇਟੀ ਦੇ ਮੈਂਬਰ ਬਦਲਣ ਤੋਂ ਇਲਾਵਾ ਕੁਝ ਨਵੇਂ ਨਿਯਮ-ਜਿਵੇਂ ਕਿ ਕਮੇਟੀ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣ, ਪੰਜ ਪਿਆਰੇ ਤਖ਼ਤ ਸਾਹਿਬ ਹਰ ਸਮੇਂ ਹਾਜ਼ਰ ਰਹਿਣ, ਇਕ ਗ੍ਰੰਥੀ ਸਿੰਘ ਹਰ ਸਮੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਬੈਠੇ, ਤਖ਼ਤ ਸਾਹਿਬ ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਕਾਲਜ, ਅਕੈਡਮੀ ਅਤੇ ਸਕੂਲ ਦੇ ਸੇਵਾਦਾਰ ਤੋਂ ਲੈ ਕੇ ਪ੍ਰਿੰਸੀਪਲ ਤੱਕ ਸਭ ਅੰਮ੍ਰਿਤਧਾਰੀ ਹੋਣ ਨਹੀਂ ਤਾਂ ਸਰਵਿਸ ਛੱਡਣ ਆਦਿ। ਇਸ ਤਰ੍ਹਾਂ ਸਾਰੇ ਸਟਾਫ ਨੇ ਅੰਮ੍ਰਿਤ ਪਾਨ ਕੀਤਾ। ਹੋਰ ਵੀ ਕਈ ਨਿਯਮ ਬਣਾਏ ਜੋ ਗੁਰਮਤੇ ਵਿਚ ਦਰਜ ਹਨ ਅਤੇ ਜਿਨ੍ਹਾਂ ਤੇ ਹੁਣ ਪੂਰਾ ਅਮਲ ਹੋ ਰਿਹਾ ਹੈ। ਇਹ ਇਕ ਬਹੁਤ ਵੱਡੀ ਸਫ਼ਲਤਾ ਹੈ। ਜੇਕਰ ਸੰਤ ਜੀ ਇਸ ਗੰਭੀਰ ਮਸਲੇ ਦਾ ਫੈਸਲਾ ਨਾ ਕਰਾਉਂਦੇ ਤਾਂ ਕੁਝ ਹੀ ਦਿਨਾਂ ਵਿਚ ਤਖ਼ਤ ਸਾਹਿਬ ਸਰਕਾਰ ਦੇ ਕਬਜ਼ੇ ਵਿਚ ਹੋ ਜਾਣਾ ਸੀ। ਇਹ ਫੈਸਲਾ ੨੯ ਦਸੰਬਰ ੧੯੭੬ ਨੂੰ ਕਰਵਾਇਆ ਜਿਸ ਤੇ ਪਟਨਾ ਸਾਹਿਬ ਦੀਆਂ ਸੰਗਤਾਂ ਬਹੁਤ ਪ੍ਰਸੰਨ ਹੋਈਆਂ। ਉਥੋਂ ਦੀ ਸੰਗਤ ਦਾ ਜਥੇ ਨਾਲ ਬਹੁਤ ਪਿਆਰ ਹੈ। ਕਈ ਕਈ ਦਿਨ ਉਹ ਜਥੇ ਨੂੰ ਵਾਪਸ ਨਹੀਂ ਆਉਣ ਦਿੰਦੇ।

ਵਿਚ ਦੋ ਦਿਨ ਕਥਾ ਕਰਦੇ ਰਹੇ। ਦਾਸ ਨੇ ਉਨ੍ਹਾਂ ਦੇ ਮਨ ਵਿਚ ਸਿੱਖੀ ਬਾਰੇ ਐਨੀ ਤਾਂਘ ਮਹਿਸੂਸ ਕੀਤੀ ਹੈ ਕਿ ਹਰ ਇਕ ਆਦਮੀ ਅੰਮ੍ਰਿਤ ਛਕ ਕੇ ਸਿੰਘ ਸਜ ਜਾਵੇ ਅਤੇ ਸਾਰੀ ਦੁਨੀਆਂ ਵਿਚ ਸਾਰੇ ਪਾਸੇ ਸਿੰਘ ਹੀ ਸਿੰਘ ਨਜ਼ਰ ਆਉਣ।

ਉਹਨਾਂ ਦੀ ਕਥਾ ਤੋਂ ਹਰ ਇਕ ਪ੍ਰਾਣੀ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਸਲੌਦੀ ਸਿੰਘਾਂ ਦੀ ਪਿੰਡ ਵਿਚ ਵੜਦਿਆਂ ਸ਼ਰਾਬ ਦੇ ਠੇਕੇ ਤੇ ਬੋਰਡ ਲੱਗਾ ਵੇਖਿਆ 'ਠੇਕਾ ਸ਼ਰਾਬ ਦੇਸੀ ਸਲੌਦੀ ਸਿੰਘਾਂ ਦੀ' ਤਾਂ ਡੱਟ ਕੇ ਪ੍ਰਚਾਰ ਕੀਤਾ ਕਿ ਪਿੰਡ ਦਾ ਨਾਮ ਸਲੌਦੀ ਸਿੰਘਾਂ ਦੀ ਤੇ ਨਾਲੇ ਬੱਬਰ ਅਕਾਲੀਆਂ ਵਿਚ ਇਸ ਪਿੰਡ ਦੇ ਸਿੰਘਾਂ ਨੇ ਹਿੱਸਾ ਲਿਆ ਹੋਵੇ ਤੇ ਇਸ ਪਿੰਡ ਵਿਚ ਸ਼ਰਾਬ ਦਾ ਠੇਕਾ ਹੋਵੇ? ਉਸੇ ਵੇਲੇ ਪੰਚਾਇਤ ਨੇ ਮਤਾ ਪਾਸ ਕੀਤਾ ਕਿ ਪਿੰਡ ਵਿਚੋਂ ਸ਼ਰਾਬ ਦਾ ਠੇਕਾ ਚੁੱਕਿਆ ਜਾਵੇਗਾ। ਅਤੇ ੧੭੦ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।

ਗੁਰੂ ਘਰ ਦੇ ਵਿਰੁਧ ਜੇ ਕੋਈ ਵੀ ਪ੍ਰਚਾਰ ਕਰਦਾ ਹੈ ਤਾਂ ਬਰਦਾਸ਼ਤ ਨਹੀਂ ਕੀਤਾ ਜਾਂਦਾ। ਨਿਰੰਕਾਰੀਆਂ ਵਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਾਸਤੇ ਕੁਝ ਕੋਝੇ ਲਫਜ਼ ਵਰਤਣ ਤੇ ਉਨ੍ਹਾਂ ਦੇ ਦੰਭੀ ਗੁਰੂ ਨੂੰ ਘੁਮਾਣ ਪਿੰਡ (ਮਹਿਤੇ ਨੇੜੇ) ਨਾ ਆਉਣ ਦਿੱਤਾ ਗਿਆ। ਹੁਸ਼ਿਆਰਪੁਰ ਦੇ ਜਲੂਸ ਵਿਚ ਇਕ ਮਨਿਸਟਰ ਜੋ ਕਿ ਆਪਣੀ ਕਾਰ ਅੱਗੇ ਲਾਉਣਾ ਚਾਹੁੰਦਾ ਸੀ-ਉਸ ਨੂੰ ਜ਼ੋਰਦਾਰ ਸ਼ਬਦਾਂ ਵਿਚ ਤਾੜਨਾ ਕੀਤੀ ਤੇ ਕਿਹਾ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸਵਾਰੀ ਤੋਂ ਪਿਛੋਂ ਮਹਾਤਮਾ ਜੀਆਂ ਕਾਰਾਂ ਅਤੇ ਉਨ੍ਹਾਂ ਤੋਂ ਬਾਅਦ ਵਿਚ ਦੂਜੀਆਂ ਕਾਰਾਂ ਲੱਗਣੀਆਂ। ਇਸ ਤਰ੍ਹਾਂ ਦਾਸ ਨੇ ਐਨੀ ਨਿਡਰਤਾ ਨਿਰਭੈਤਾ ਹੋਰ ਕਿਸੇ ਵਿਚ ਨਹੀਂ ਵੇਖੀ। ਸਭ ਨੂੰ ਆਪਣੇ ਪੈਰਾਂ ਤੇ ਮੱਥਾ ਟਿਕਾਉਣ ਦੀ ਬਜਾਏ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਲੜ ਲਾਉਣਾ ਕੋਈ ਘੱਟ ਵਿਸ਼ੇਸ਼ਤਾ ਵਾਲੀ ਗੱਲ ਨਹੀਂ। ਇਕ ਇਹੋ ਹੀ ਟਕਸਾਲ ਜਾਂ ਜਥੇਬੰਦੀ ਹੈ, ਜਿਸ ਵਿਚ ਇੰਨੇ ਕਰੜੇ ਅਸੂਲ ਹਨ ਕਿ ਕੋਈ ਵੀ ਝੂਠਾ ਜਾਂ ਆਲਸੀ ਆਦਮੀ ਕੁਝ ਦਿਨ ਵੀ ਨਹੀਂ ਠਹਿਰ ਸਕਦਾ।

ਕਈਆਂ ਥਾਵਾਂ ਤੇ ਬਹੁਤ ਉਲਝੇ ਹੋਏ ਮਸਲੇ ਹੁੰਦੇ ਹਨ ਜੋ ਕਿ ਸੰਤਾਂ ਨੂੰ ਜਾ ਕੇ ਨਿਪਟਾਉਣੇ ਪੈਂਦੇ ਹਨ। ਕਈ ਹੋਰਨਾਂ ਤੋਂ ਇਲਾਵਾ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਗੁਰਦੁਆਰੇ ਦਾ ਮਸਲਾ ਬਹੁਤ ਉਲਝ ਗਿਆ। ਪੁਰਾਣੀ ਕਮੇਟੀ ਤੇ ਵਰਤਮਾਨ ਕਮੇਟੀ ਵਿਚ ਝਗੜਾ ਹੋ ਗਿਆ। ਦੋਹਾਂ ਕਮੇਟੀਆਂ ਵੱਲੋਂ ਹਾਈਕੋਰਟ ਵਿਚ ਕਈ ਕੇਸ ਚੱਲ ਰਹੇ ਸਨ।

ਤਖਤ ਦਿਵਾਇਆ ਕਿਸ ਨੇ ? ਜੇਕਰ ਨੌਵੇਂ ਪਾਤਿਸ਼ਾਹ ਜੀ ਕੁਰਬਾਨੀ ਨਾ ਕਰਦੇ ਤਾ ਦਿੱਲੀ ਦੇ ਤਖਤ ਦਾ ਰੂਪ-ਰੇਖਾ ਹਰ ਹੀ ਹੁੰਦਾ। ਪ੍ਰਧਾਨ ਮੰਤਰੀ ਸਾਹਿਬ ਸਾਡੇ ਸਤਿਕਾਰ ਯੋਗ ਹਨ, ਪਰ ਜਿੰਨੇ ਸਰੀਰ ਦੇ ਰੋਮ ਹਨ ਉਤਨੀ ਵੇਰ ਸਿਰ ਵੱਢ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜ਼ਰ ਕਰਨ ਤਾਂ ਵੀ ਗੁਰੂ ਸਾਹਿਬ ਦੀ ਕੁਰਬਾਨੀ ਦਾ ਦੇਣ ਨਹੀਂ ਦੇ ਸਕਦੇ। ਇਹ ਝੂਠੀ ਸਿਫ਼ਤ ਨਹੀਂ, ਸਾਰੀ ਸਿੱਖ ਕੌਮ ਵਾਸਤੇ ਇਕ ਗਾਈਡ ਲਾਈਨ ਹੈ। ਭਾਵੇਂ ਕਿੱਡਾ ਵੀ ਵੱਡਾ ਰਾਜਾ ਜਾਂ ਪ੍ਰਧਾਨ ਮੰਤਰੀ ਆਵੇ ਸਾਡੇ ਗੁਰੂ ਸਾਹਿਬ ਨਾਲੋਂ ਵੱਡਾ ਨਹੀਂ, ਬਲਕਿ ਉਹ ਸਾਡੇ ਇਸ਼ਟ ਜਾਗਦੀ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਸੀਸ ਨਿਵਾਵੇ ਨਾ ਕਿ ਆਪਾਂ ਉੱਠ ਕੇ ਉਸ ਦਾ ਸਤਿਕਾਰ ਕਰੀਏ। ਇਹਨਾਂ ਬਚਨਾਂ ਨੂੰ ਸੁਣ ਕੇ ਸਭ ਪਾਸੇ ਜੈਕਾਰਿਆਂ ਦੀ ਗੂੰਜ ਉੱਠੀ।

ਥਾਂ ਥਾਂ ਤੋਂ ਪ੍ਰੋਗਰਾਮਾਂ ਦੀ ਮੰਗ ਬਹੁਤ ਜ਼ਿਆਦਾ ਹੈ। ਸੰਤ ਜੀ ਕਦੇ ਵੀ ਕਿਸੇ ਨੂੰ ਨਾਂਹ ਨਹੀਂ ਕਰਦੇ। ਨਾਭਾ ਸਾਹਿਬ ਸੰਤਾਂ ਦੀ ਸਿਹਤ ਬਹੁਤ ਖ਼ਰਾਬ ਹੋਣ ਕਾਰਨ ਸਿੰਘਾਂ ਨੇ ਫੜ ਕੇ ਪੌੜੀਆਂ ਤੇ ਚੜ੍ਹਾਇਆ। ਪਰ ਜਦ ਚੰਡੀਗੜ੍ਹ ਦੀ ਸੰਗਤ ਨੇ ਰਾਤ ੧੦ ਵਜੇ ਆ ਕੇ ਆਖਿਆ ਕਿ ਦੀਵਾਨ ਸਜਿਆ ਹੈ ਆਪ ਜ਼ਰੂਰ ਚੱਲੋ, ਭਾਵੇਂ ਦਸ ਮਿੰਟ ਹੀ ਬੋਲੋ, ਸਾਰੀ ਸੰਗਤ ਉਡੀਕ ਰਹੀ ਹੈ। ਤਾਂ ਸਿੰਘਾਂ ਦੇ ਕਹਿਣ ਦੇ ਬਾਵਜੂਦ ਵੀ ਆਪ ਜੀ ਨਾ ਰੁਕੇ ਤੇ ਉਸ ਦਿਨ ਚੰਡੀਗੜ੍ਹ ਸੈਕਟਰ ੧੯-ਡੀ ਵਿਚ ਦੋ ਘੰਟੇ ਗੱਜ ਵੱਜ ਕੇ ਕਥਾ ਕੀਤੀ। ਕਈ ਵਾਰੀ ਇਕ ਇਕ ਦਿਨ ਵਿਚ ਸੰਤ ਜੀ ੮-੯ ਕਥਾ ਕਰਦੇ ਹਨ। ਨੀਂਦ ਦਾ ਨਾਂ ਵੀ ਨਹੀਂ ਲੈਣ ਦਿੰਦੇ। ਜ਼ਿਆਦਾ ਬੇਨਤੀ ਕਰਨ ਤੇ ਇਹ ਕਹਿੰਦੇ ਹਨ:-'ਸਿੰਘੋ! ਸਰੀਰਾਂ ਦਾ ਕੋਈ ਪਤਾ ਨਹੀਂ, ਰੱਜ ਰੱਜ ਕੇ ਕੌਮ ਦੀ ਪ੍ਰਚਾਰ ਰਾਹੀਂ ਸੇਵਾ ਕਰਨੀ ਚਾਹੀਦੀ ਹੈ। ਦਸਵੇਂ ਪਾਤਸ਼ਾਹ ਦੀ ਕਿਰਪਾ ਨਾਲ ਸਿੰਘਾਂ ਦੇ ਘਰ ਜਨਮ ਹੋਵੇ ਤੇ ਆਪਾਂ ਸੌਂ ਕੇ ਰਾਤਾਂ ਲੰਘਾ ਦੇਈਏ ਆਪਣੇ ਵਾਸਤੇ ਲਾਹਨਤ ਹੈ।'

ਦਿਨ ਵਿਚ ਜਿੰਨੀਆਂ ਜ਼ਿਆਦਾ ਕਥਾ ਕਰਦੇ ਹਨ ਤਾਂ ਬਹੁਤ ਖ਼ੁਸ਼ ਤੇ ਤੰਦਰੁਸਤ ਪ੍ਰਤੀਤ ਹੁੰਦੇ ਹਨ। ਆਪਣੀ ਨੀਂਦ ਰਸਤੇ ਵਿਚ ਸੀਟ ਤੇ ਲੰਮੇ ਪੈ ਕੇ ਹੀ ਪੂਰੀ ਕਰਦੇ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪ੍ਰਕਾਸ਼ ਉਤਸਵ ਤੇ ਪਟਿਆਲਾ, ਚੰਡੀਗੜ੍ਹ ਅਤੇ ਅੰਬਾਲਾ ਤਿੰਨ ਥਾਵਾਂ ਤੇ ਦੋ ਦਿਨਾਂ ਵਾਸਤੇ ਪ੍ਰੋਗਰਾਮ ਬਣ ਗਿਆ। ਇਕੋ ਸਮੇਂ ਤਿੰਨ ਥਾਵਾਂ ਤੇ ਦੀਵਾਨ ਸਨ ਤਾਂ ਪ੍ਰੋਗਰਾਮ ਕੱਟਣ ਨਾ ਦਿੱਤੇ ਸਗੋਂ ਚਾਅ ਨਾਲ ਪ੍ਰਵਾਨਗੀ ਦਿੱਤੀ ਅਤੇ ਕਾਰ ਵਿਚ ਜਾ ਕੇ ਇਕ ਇਕ ਘੰਟੇ ਦੇ ਫਰਕ ਨਾਲ ਸਵੇਰੇ ਸ਼ਾਮ ਤਿੰਨਾਂ ਸ਼ਹਿਰਾਂ

ਇਕ ਵਿਅਕਤੀ ਦਾ ਸਤਿਕਾਰ ਕਰਨਾ ਸੱਚੇ ਪਾਤਿਸ਼ਾਹ ਜੀ ਦੇ ਸਤਿਕਾਰ ਵਿਚ ਬਹੁਤ ਵੱਡਾ ਫ਼ਰਕ ਪਾਉਣ ਵਾਲੀ ਗੱਲ ਹੈ। ਤਾਂ ਸਾਰੇ ਸੱਜਣਾਂ ਨੂੰ ਦੀਵਾਨ ਵਿਚ ਭੇਜਿਆ ਤੇ ਆਪ ਇਕੱਲੇ ਹੀ ਬਾਅਦ ਵਿਚ ਮੱਥਾ ਟੇਕਣ ਗਏ। ਦੀਵਾਨ ਵਿਚ ਵੀ ਸਾਰੀ ਸੰਗਤ ਨੂੰ ਦੱਸਿਆ ਕਿ ਅੱਗੇ ਵਾਸਤੇ ਭਾਵੇਂ ਕਿੱਡਾ ਵੀ ਵੱਡਾ ਕੋਈ ਮਹਾਤਮਾ ਜਾਂ ਲੀਡਰ ਕਿਉਂ ਨਾ ਆਵੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚੋਂ ਉੱਠ ਕੇ ਉਸ ਦਾ ਸਤਿਕਾਰ ਨਹੀਂ ਕਰਨਾ, ਕਿਉਂਕਿ ਇਹ ਗੱਲ ਗੁਰਮਤਿ ਦੇ ਉਲਟ ਹੈ।

੭ ਦਸੰਬਰ ੧੯੭੫ ਵਾਲੇ ਦਿਨ ਦਾਸ ਵੀ ਹਾਜ਼ਰ ਸੀ ਜਦ ਕਿ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ' ਦੀ ਤੀਜੀ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿਚ ਰਾਮ ਲੀਲ੍ਹਾ ਗਰਾਊਂਡ ਦਿੱਲੀ ਵਿਖੇ ਜਲੂਸ ਪੁੱਜਾ ਤਾਂ ੨੨ ਲੱਖ ਦੇ ਇਕੱਠ ਵਿਚ ਜਦ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ ਸਟੇਜ ਤੇ ਆਈ ਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਸਭ ਨੇ ਸਟੇਜ ਤੋਂ ਉੱਠ ਕੇ ਸਵਾਗਤ ਕੀਤਾ। ਪਰ ਸੰਤ ਸਟੇਜ ਤੇ ਇਕੱਲੇ ਹੀ ਬੈਠੇ ਰਹੇ ਅਤੇ ਸਟੇਜ ਤੇ ਹੀ ਇਸ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਕੁਝ ਲੀਡਰਾਂ ਨੇ ਕਿਹਾ ਕਿ ਸਾਡੀ ਬੇਨਤੀ ਹੈ ਕਿ ਜਿਵੇਂ ਪਹਿਲਾਂ ਪ੍ਰਧਾਨ ਮੰਤਰੀ ਜੀ ਨੇ ਪੰਜਾਬ ਵਿਚ ਰਿਸ਼ਤੇਦਾਰੀ ਪਾਈ ਹੈ ਉਸੇ ਤਰ੍ਹਾਂ ਦੂਜੇ ਲੜਕੇ ਦੀ ਸ਼ਾਦੀ ਵੀ ਪੰਜਾਬ ਵਿਚ ਕੀਤੀ ਜਾਵੇ। ਇਹ ਸ਼ਬਦ ਵੀ ਕਹੇ ਕਿ ਜਿਸ ਦਿੱਲੀ ਦੇ ਤਖ਼ਤ ਤੋਂ ਸਿੱਖਾਂ ਨੂੰ ਫ਼ਤਵੇ ਦਿੱਤੇ ਜਾਂਦੇ ਸਨ ਉਹੋ ਤਖ਼ਤ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੀਸ ਨਿਵਾਉਣ ਆਇਆ ਹੈ।

ਸੰਤਾਂ ਦੇ ਬੋਲਣ ਦਾ ਸਮਾਂ ਪ੍ਰਧਾਨ ਮੰਤਰੀ ਜੀ ਤੋਂ ਬਾਅਦ ਸੀ:—

'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।'

ਇਸ ਨਾਹਰੇ ਤੇ ਪ੍ਰਚਾਰ ਸ਼ੁਰੂ ਕੀਤਾ ਅਤੇ ਰਹਿਤਨਾਮੇ ਦੇ ਇਹ ਬਚਨ ਸੁਣਾਏ :—

'ਕੰਨਿਆ ਦੇਵੇ ਸਿਖ ਕੋ ਲੇਵੇ ਨਹ ਕਿਛ ਦਾਮ।
ਸੋਈ ਮੇਰਾ ਸਿੰਘ ਹੈ ਪਹੁੰਚੇ ਮੇਰੇ ਧਾਮ।'

ਅਤੇ ਖੰਡਨ ਕੀਤਾ ਕਿ ਪਹਿਲਾਂ ਰਾਜਪੂਤ ਰਾਜੇ ਧੀਆਂ ਦੇ ਦੇ ਕੇ ਰਾਜ ਕਰਦੇ ਸਨ। ਅੱਜ ਸਾਨੂੰ ਸਿੱਖਾਂ ਨੂੰ ਲਾਹਨਤ ਹੈ ਜੇ ਉਨ੍ਹਾਂ ਦੀ ਰੀਸ ਕਰੀਏ। ਇਸ ਲਈ ਮਨ ਪਤਿਤ ਵੱਲ ਕਿਸੇ ਸਿੱਖ ਨੂੰ ਬੀਬੀ ਦਾ ਰਿਸ਼ਤਾ ਨਹੀਂ ਕਰਨਾ ਚਾਹੀਦਾ। ਦੂਜੀ ਗੱਲ ਦਾ ਉੱਤਰ ਦਿੰਦੇ ਹੋਏ ਕਿਹਾ ਕਿ ਦਿੱਲੀ ਦਾ

ਜਥੇ ਵਿਚ ਗੁਰਬਾਣੀ ਦਾ ਅਦਬ ਕੀਤਾ ਜਾਂਦਾ ਹੈ। ਜੋ ਸਿੰਘ ਸੰਸਿਆ ਕਰਦੇ ਹਨ-ਪੋਥੀ ਲੈ ਕੇ ਨੀਵੇਂ ਮੰਜੇ ਤ ਜਾ ਪੈਂਦ ਵਲ ਨਹੀਂ ਬੈਠ ਸਕਦੇ। ਪੋਥੀਆਂ ਨੂੰ ਸੋਹਣੇ ਸਾਫ਼-ਸੁਥਰੇ ਰੁਮਾਲਿਆਂ ਵਿਚ ਸੰਤੋਖਿਆ ਜਾਂਦਾ ਹੈ। ਪੋਥੀਆਂ ਲੱਕੜ ਦੀਆਂ ਰੇਲਾਂ ਤੇ ਪ੍ਰਕਾਸ਼ ਕੀਤੀਆਂ ਜਾਂਦੀਆਂ ਹਨ। ਦਾਸ ਨੂੰ ਕਈ ਵਾਰ ਗੁਰਬਾਣੀ ਬਾਰੇ ਕੁਝ ਵੀ ਲਿਖਣ ਸਮੇਂ ਸੰਤ ਜੀ ਨੀਵੇਂ ਮੰਜੇ ਤੇ ਨਹੀਂ ਬੈਠਣ ਦਿੰਦੇ ਬਲਕਿ ਉੱਚੇ ਮੰਜੇ ਜਾਂ ਆਪਣੇ ਸਿਰ੍ਹਾਣੇ ਵਾਲੇ ਪਾਸੇ ਬਿਠਾ ਲੈਂਦੇ ਹਨ ਕਿ ਗੁਰਬਾਣੀ ਦੀ ਇਕ ਇਕ ਪੰਗਤੀ ਤੇ ਗੁਰੂ ਭਾਵਨਾ ਕੀਤੀ ਜਾਂਦੀ ਹੈ।

ਇਕ ਦਿਨ ਜਥੇ ਦੇ ਇਕ ਸਿੰਘ ਭਾਈ ਦਲਬੀਰ ਸਿੰਘ ਨੇ ਆ ਕੇ ਆਖਿਆ ਕਿ ਮੈਂ 'ਗ੍ਰੰਥ ਸਾਹਿਬ' ਦਾ ਸੁਖਆਸਣ ਕਰ ਆਇਆ ਹਾਂ। ਤਾਂ ਸੰਤਾਂ ਉਸ ਨੂੰ ਬਹੁਤ ਝਿੜਕਿਆ ਕਿ ਤੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਨਹੀਂ ਆਖਿਆ? ਅਤੇ ਇਕ ਸੌ ਇਕ ਜਪੁ ਜੀ ਸਾਹਿਬ ਦੇ ਪਾਠ ਤਨਖਾਹ ਵਜੋਂ ਲਾਏ ਅਤੇ ਅੱਗੇ ਵਾਸਤੇ ਪੂਰੇ ਸਤਿਕਾਰ ਵਾਲੇ ਸ਼ਬਦ ਵਰਤਣ ਲਈ ਆਖਿਆ।

ਮੁਕਤਸਰ ਸਾਹਿਬ ਪ੍ਰੋਗਰਾਮ ਸਮੇਂ ਜਦੋਂ ਜਥੇ ਨਾਲ ਸੰਤਾਂ ਨੇ ਉਥੇ ਪੁੱਜਣਾ ਹੁੰਦਾ ਹੈ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਸ਼ਹਿਰ ਤੋਂ ਬਾਹਰ ਸਵਾਗਤ ਵਾਸਤੇ ਪੁੱਜਦੇ ਹਨ ਤੇ ਸਵਾਗਤੀ ਗੇਟ ਬਣਾਉਂਦੇ ਹਨ। ਨਵੰਬਰ ੧੯੭੬ ਵਿਚ ਜਦ ਜਥਾ ਮੁਕਤਸਰ ਪੁੱਜਾ ਤਾਂ ੫-੬ ਹਜ਼ਾਰ ਦੀ ਗਿਣਤੀ ਵਿਚ ਸੰਗਤ ਅੱਗੋਂ ਸਵਾਗਤ ਕਰਨ ਆਈ ਅਤੇ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ ਗਏ। ਰਸਤੇ ਵਿਚ ਸੰਤਾਂ ਨੇ ਆਪਣੇ ਗਲ ਵਿਚੋਂ ਫੁੱਲਾਂ ਦੇ ਹਾਰ ਲਾਹ ਕੇ ਕਈ ਸਿੰਘਾਂ ਦੇ ਗਲ ਵਿਚ ਪਾ ਦਿਤੇ ਕਿ ਕੋਈ ਮੈਨੂੰ ਸਿੰਘਾਂ ਨਾਲੋਂ ਵੱਡਾ ਨਾ ਸਮਝੇ। ਦਰਬਾਰ ਸਾਹਿਬ ਜਾ ਕੇ ਸੰਗਤ ਵਿਚ ਇਹ ਬਚਨ ਕਹੇ, 'ਖਾਲਸਾ ਜੀ! ਇਹ ਸਤਿਕਾਰ ਇਕ ਵਿਅਕਤੀ ਦਾ ਨਹੀਂ ਬਲਕਿ ਗੁਰੂ ਕੇ ਖਾਲਸੇ ਅਤੇ ਪੰਜਾਂ ਕਕਾਰਾਂ ਦੀ ਰਹਿਤ ਦਾ ਹੈ।'

ਇਕ ਸਮੇਂ ਲੁਧਿਆਣੇ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੈਰੀਟਬਲ ਹਾਸਪੀਟਲ' ਦੀ ਨੀਂਹ ਰੱਖਣ ਵਾਸਤੇ ਸੰਤਾਂ ਨੂੰ ਬੁਲਾਇਆ ਗਿਆ। ਜਦ ਉਥੇ ਬੱਸ ਰਾਹੀਂ ਪੁੱਜੇ ਤਾਂ ੧੫-੨੦ ਪ੍ਰਬੰਧਕ ਸੱਜਣ ਦੀਵਾਨ ਵਿਚੋਂ ਉੱਠ ਕੇ ਸਿਹਰੇ ਲੈ ਕੇ ਸਵਾਗਤ ਕਰਨ ਆਏ ਤਾਂ ਸੰਤ ਜੀ ਵਾਪਸ ਮੁੜ ਪਏ ਅਤੇ ਮਗਰ ਜਾ ਕੇ ਪ੍ਰਬੰਧਕ ਸੱਜਣਾਂ ਨੇ ਜਦ ਕਾਰਨ ਪੁੱਛਿਆਂ ਤਾਂ ਸੰਤਾਂ ਨੇ ਉੱਤਰ ਦਿੱਤਾ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚੋਂ ਉੱਠ ਕੇ ਕਿਸੇ

ਵੇਹਲੀ ਹੋਣੀ ਚਾਹੀਦੀ ਹੈ–ਜਲੂਸ ਪਹਿਲਾਂ ਪਹਿਲਾਂ ਲੰਘਾ ਲਵੋ ਕਿਉਂਕਿ ਕੇਂਦਰ ਤੇ ਪੰਜਾਬ ਦੇ ਦੋ ਮਨਿਸਟਰ ਆ ਰਹੇ ਹਨ। ਤਾਂ ਸੰਤਾਂ ਨੇ ਉੱਤਰ ਦਿੱਤਾ, 'ਦੋਹਾਂ ਮਨਿਸਟਰਾਂ ਨੂੰ ਕਹਿ ਦੇਵੋ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਮਹਾਨ ਜਲੂਸ ਆ ਰਿਹਾ ਹੈ ਅਤੇ ਮਨਿਸਟਰ ਸੜਕ ਦੇ ਕਿਨਾਰੇ ਹੋ ਕੇ ਦੋਵੇਂ ਹੱਥ ਜੋੜ ਕੇ ਖਲੋ ਜਾਣ ਤੇ ਸੜਕ ਖਾਲੀ ਕਰ ਦੇਣ।' ਇਹ ਉੱਤਰ ਸੀ ਜੋ ਐਮਰਜੈਂਸੀ ਸਮੇਂ ਸਹਕਾਰ ਨੂੰ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਬਹੁਤ ਹੀ ਘਟਨਾਵਾਂ ਹਨ ਜੋ ਬਾਅਦ ਵਿਚ ਲਿਖੀਆਂ ਜਾਣਗੀਆਂ। ਇਹ ਘਟਨਾਵਾਂ ਰੋਜ਼ਾਨਾ ਦੀ ਡਾਇਰੀ ਵਿਚ ਦਾਸ ਨੇ ਲਿਖੀਆਂ ਹਨ ਕਿਉਂਕਿ ਮਹਾਂਪੁਰਖਾਂ ਨੇ ਦਾਸ ਨੂੰ ਰੋਜ਼ਾਨਾ ਦੀ ਡਾਇਰੀ ਲਿਖਣ ਦੀ ਸੇਵਾ ਸੌਂਪੀ ਹੈ। ਇਸ ਕਰਕੇ ਹਰ ਸਮੇਂ ਉਹਨਾਂ ਦੇ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ।

ਸੰਤਾਂ ਦਾ ਸੁਭਾਵ ਬੜਾ ਹਸਮੁਖ ਹੈ, ਹਰ ਸਿੰਘ ਨਾਲ ਭਰਾਵਾਂ ਵਾਂਗ ਪਿਆਰ ਕਰਦੇ ਹਨ ਜੇ ਕੋਈ ਬਰਾਬਰ ਨਾ ਬੈਠੇ ਤਾਂ ਖਿੱਚ ਕੇ ਨਾਲ ਬਿਠਾ ਲੈਂਦੇ ਹਨ। ਗਲਤੀ ਸਮੇਂ ਸਿੰਘ ਨੂੰ ਤਾੜਨ ਤੋਂ ਬਾਅਦ ਉਸ ਪਾਸੋਂ ਮੁਆਫੀ ਮੰਗ ਲੈਂਦੇ ਹਨ ਕਿ ਕੋਈ ਵੀ ਸਿੰਘ ਦਿਲੋਂ ਮਹਿਸੂਸ ਨਾ ਕਰੇ। ਯੂ. ਪੀ. ਦੇ ਪਿੰਡ ਲਖਾਅ ਵਿਚ ਸੰਤਾਂ ਨੇ ੨੫ ਸਿੰਘਾਂ ਨੂੰ ਆਪ ਦਹੀਂ ਨਾਲ ਮਲ ਮਲ ਕੇ ਕੇਸੀਂ ਇਸ਼ਨਾਨ ਕਰਵਾਇਆ। ਜਿਸ ਤੇ ਵੇਖਣ ਵਾਲੀ ਸੰਗਤ ਬਹੁਤ ਹੈਰਾਨ ਹੋਈ ਕਿ ਸੰਤ ਜੀ ਸਿੰਘਾਂ ਨੂੰ ਆਪ ਇਸ਼ਨਾਨ ਕਰਾਉਂਦੇ ਹਨ। ਜਥੇ ਦੇ ਸਿੰਘਾਂ ਦਾ ਆਪ ਬਹੁਤ ਸਤਿਕਾਰ ਕਰਦੇ ਹਨ। ਕਈ ਵਾਰ ਆਪ ਕਿਸੇ ਦੇ ਘਰ ਜਾਣ ਦੀ ਬਜਾਏ ਸਿੰਘਾਂ ਨੂੰ ਭੇਜ ਦਿੰਦੇ ਹਨ ਕਿਉਂਕਿ ਆਪਣੇ ਨਾਲੋਂ ਸਿੰਘਾਂ ਦਾ ਬਹੁਤਾ ਸਤਿਕਾਰ ਕਰਵਾ ਕੇ ਖੁਸ਼ ਹੁੰਦੇ ਹਨ।

ਜਦ ਕੋਈ ਵੀ ਸੰਤਾਂ ਨੂੰ ਆਪਣੇ ਘਰ ਲਿਆਉਣ ਵਾਸਤੇ ਆਖਦਾ ਹੈ ਤਾਂ ਜੇਕਰ ਉਹ ਸ਼ਰਾਬ ਪੀਂਦਾ ਹੋਵੇ ਜਾਂ ਰੋਮਾਂ ਦੀ ਬੇਅਦਬੀ ਕਰਦਾ ਹੋਵੇ ਤਾਂ ਉਸ ਨੂੰ ਪ੍ਰਣ ਕਰਵਾ ਲਿਆ ਜਾਂਦਾ ਹੈ ਕਿ ਉਹ ਸ਼ਰਾਬ ਨਹੀਂ ਪੀਵੇਗਾ, ਕੇਸ ਨਹੀਂ ਕੱਟੇਗਾ। ਜੇ ਸਾਬਤ ਸੂਰਤ ਹੋਵੇ ਤਾਂ ਅੰਮ੍ਰਿਤ ਛਕਣ ਵਾਸਤੇ ਪ੍ਰਣ ਕਰਵਾਇਆ ਜਾਂਦਾ ਹੈ ਤਾਂ ਉਸ ਦੇ ਘਰ ਜਾਂਦੇ ਹਨ ਕਿਉਂਕਿ ਸਭ ਚੀਜ਼ਾਂ ਨਾਲੋਂ ਸਿੱਖੀ ਤੇ ਰਹਿਤ ਮਰਯਾਦਾ ਨੂੰ ਸਭ ਤੋਂ ਉੱਚਾ ਸਮਝਿਆ ਜਾਂਦਾ ਹੈ। ਕਈ ਵਿਅਕਤੀ ਜੋ ਕਈ ਤਰ੍ਹਾਂ ਦੇ ਅਮਲ ਖਾਂਦੇ ਸਨ, ਜਥੇ ਵਿਚ ਰਹਿ ਕੇ ਆਸਾਨੀ ਨਾਲ ਅਮਲ ਛੱਡ ਕੇ ਤਿਆਰ-ਬਰ-ਤਿਆਰ ਹੋ ਕੇ ਘਰ ਗਏ।

ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ, ਜਿਨ੍ਹਾਂ ਇਹ ਗੁਰਦੁਆਰਾ ਸਾਹਿਬ ਆਬਾਦ ਕੀਤਾ, ਬਹੁਤ ਬਿਰਧ ਅਵਸਥਾ ਵਿਚ ਹੁੰਦੇ ਹੋਏ ਵੀ ਸਾਰਾ ਸਮਾਗਮ ਆਪ ਪੂਰੀ ਦਿਲਚਸਪੀ ਨਾਲ ਨਿਭਾਉਂਦੇ ਹੋਏ :-

'ਆਪ ਜਪੈ ਅਵਰਹਿ ਨਾਮੁ ਜਪਾਵੇ॥'

ਅਨੁਸਾਰ ਇਹ ਮਹਾਂਪੁਰਖ ਆਪ ਸਿਮਰਨ ਕਰਦੇ ਅਤੇ ਹਜ਼ਾਰਾਂ ਸੰਗਤਾਂ ਨੂੰ ਸਿਮਰਨ ਵਿਚ ਜੋੜਦੇ ਹਨ। ਸਵੇਰੇ ੨ ਵਜੇ ਤੋਂ ਰਾਤ ੯ ਵਜੇ ਤੱਕ ਕਥਾ, ਕੀਰਤਨ ਅਤੇ ਸਿਮਰਨ ਦਾ ਪ੍ਰੋਗਰਾਮ ਚਲਦਾ ਹੈ। ਸੰਤ ਕਰਤਾਰ ਸਿੰਘ ਜੀ 'ਖਾਲਸਾ' ਸਵੇਰੇ, ਦੁਪਹਿਰੇ ਤੇ ਸ਼ਾਮ ਤਿੰਨ ਵੇਲੇ ਕਥਾ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਨ੍ਹਾਂ ਸੱਤਾਂ ਦਿਨਾਂ ਵਿਚ ਅਸੀਂ ਬੈਟਰੀ ਚਾਰਜ ਕਰਦੇ ਹਾਂ ਤੇ ਸਾਰਾ ਸਾਲ ਵਰਤਦੇ ਹਾਂ।

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੀ ਪਵਿੱਤਰ ਯਾਦ ਵਿਚ ਕਈ ਸੰਸਥਾਵਾਂ ਨੇ ਕਾਲਜ, ਗੁਰਦੁਆਰੇ, ਹਸਪਤਾਲ, ਹਾਲ ਤੇ ਵੱਡੀਆਂ ਵੱਡੀਆਂ ਬਿਲਡਿੰਗਾਂ ਬਣਾਈਆਂ। ਪਰ ਸੰਤਾ ਨੇ ਕਿਹਾ ਸਿੱਖ ਧਰਮ ਵਿਚ ਪਰਚਾਰ ਦੀ ਬਹੁਤ ਘਾਟ ਹੈ, ਪ੍ਰਚਾਰਕ ਵੀ ਬਹੁਤ ਹਨ ਪਰ ਅਸਲੀਅਤ ਵਿਚ ਪ੍ਰਚਾਰਕਾਂ ਦੇ ਜੀਵਨ ਦੀ ਕਮੀ ਹੈ। ਇਸ ਤਰ੍ਹਾਂ ਫੈਸਲਾ ਕਰ ਲਿਆ ਕਿ ਕੋਈ ਵੀ ਬੇਅੰਮ੍ਰਿਤੀਆ ਧਾਰਮਿਕ ਸਟੇਜ ਤੇ ਨਹੀਂ ਬੋਲਣ ਦੇਣਾ ਅਤੇ ਪਰਚਾਰਕਾਂ ਦਾ ਜੀਵਨ ਸੁਧਾਰਨਾ ਹੈ। ਤਾਂ ਤਪ ਢਾਡੀ, ਕਵੀ ਜਥਿਆਂ ਨੇ ਸੁਧਾਈ ਕਰਵਾਈ ਤੇ ਅੰਮ੍ਰਿਤ ਪਾਨ ਕੀਤਾ। ਐਮਰਜੈਂਸੀ ਦੌਰਾਨ ਵੱਖ ਵੱਖ ਥਾਵਾਂ ਤੋਂ ੩੭ ਮਹਾਨ ਜਲੂਸ ਕੱਢੇ। ਲੱਖਾਂ ਸੰਗਤਾਂ ਨੂੰ ਪ੍ਰਣ ਕਰਵਾਏ ਕਿ ਦੇਹਧਾਰੀ ਪਖੰਡੀਆਂ ਦੇ ਮਗਰ ਨਹੀਂ ਲੱਗਣਾ ਸਿਰਫ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਹੀ ਗੁਰੂ ਮੰਨਣਾ ਹੈ। ਹਜ਼ਾਰਾਂ ਪ੍ਰਾਣੀਆਂ ਨੂੰ ਪ੍ਰੇਰਨਾ ਕਰਕੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ।

ਗੁਰਦਾਸਪੁਰ ਵਿਖੇ ਡੀ.ਸੀ. ਨਿਰੰਕਾਰੀ ਹੋਣ ਕਾਰਨ ਉਸ ਨੇ ਸਿੰਘਾਂ ਵਿਚ ਕਾਫੀ ਦਹਿਸ਼ਤ ਫੈਲਾਈ। ਸੰਤਾਂ ਨੇ ਉਥੇ ਉਚੇਚਾ ਪ੍ਰੋਗਰਾਮ ਰੱਖਿਆ ਤੇ ਜਲੂਸ ਦਾ ਪ੍ਰੋਗਰਾਮ ਬਣਾਇਆ। ਐਮਰਜੈਂਸੀ ਕਰਕੇ ਡੀ.ਸੀ. ਨੇ ਬਹੁਤ ਅੜਿੱਚਨਾਂ ਪਾਈਆਂ ਪਰ ਕੋਈ ਪਰਵਾਹ ਨਾ ਕਰਦੇ ਹੋਏ ਬਹੁਤ ਮਹਾਨ ਜਲੂਸ ਕੱਢਿਆ। ਜਲੂਸ ਤੋਂ ਪਹਿਲੀ ਰਾਤ ੧੦ ਵਜੇ ਪੁਲੀਸ ਅਫਸਰ ਸੰਤਾਂ ਪਾਸ ਇਕ ਸਰਕਾਰੀ ਖ਼ਤ ਲੈ ਕੇ ਆਏ ਕਿ ਸਵੇਰੇ ੯ ਵਜੇ ਵੱਡੀ ਸੜਕ

ਜਥੇ ਵਿਚ ਸ਼ਸਤ੍ਰ ਵਿੱਦਿਆ ਜਾਂ ਗਤਕਾ ਦੀ ਸਿਖਾਇਆ ਜਾਂਦਾ ਹੈ ਤੇ ਜਲੂਸਾਂ ਜਾਂ ਸੰਗਤਾਂ ਦੇ ਇਕੱਠਾਂ ਵਿਚ ਸਿੰਘ ਸ਼ਸਤ੍ਰ-ਵਿੱਦਿਆ ਦੇ ਜੌਹਰ ਵਿਖਾਉਂਦੇ ਹਨ। ਜਥੇ ਦੇ ਇਕ ਸਿੰਘ ਦੀ ਡਿਊਟੀ ਹੈ ਕਿ ਅੰਮ੍ਰਿਤ ਵੇਲੇ ਚਾਰ ਵਜੇ ਸਾਰੇ ਸਿੰਘਾਂ ਨੂੰ ਉਠਾਉਣਾ ਹੈ ਜੋ ਨਾ ਉੱਠੇ ਉਸ ਉੱਤੇ ਪਾਣੀ ਦਾ ਗੜਵਾ ਪਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਰੇ ਸਿੰਘ ਅੰਮ੍ਰਿਤ ਵੇਲੇ ਉੱਠ ਕੇ ਨਿਤਨੇਮ ਕਰਦੇ ਹਨ। ਕੋਈ ਵੀ ਕੰਮ ਕਰਨਾ ਹੋਵੇ ਸਾਰੇ ਜਥੇ ਨੂੰ ਇਕੱਠਿਆਂ ਕਰਕੇ ਸੰਤ ਜੀ ਸਭ ਦੀ ਸਲਾਹ ਲੈਂਦੇ ਹਨ।

੧੪-੧੫-੧੬ ਹਾੜ ਨੂੰ ਮਹਿਤੇ ਵਿਖੇ ਵੱਡੇ ਮਹਾਂਪੁਰਖਾਂ ਦੀ ਬਰਸੀ ਮਨਾਈ ਜਾਂਦੀ ਹੈ। ੧੪ ਹਾੜ ਨੂੰ ਰੈਣ ਸਬਾਈ ਕੀਰਤਨ, ੧੫ ਹਾੜ ਨੂੰ ਢਾਡੀ ਦਰਬਾਰ ਅਤੇ ੧੬ ਹਾੜ ਨੂੰ ਬਾਹਰੋਂ ਆਏ ਗੁਰਮੁਖਾਂ, ਸੰਤਾਂ ਮਹਾਤਮਾਂ ਰਾਗੀ, ਢਾਡੀ ਜਥਿਆਂ ਨੂੰ ਸਿਰੋਪਾਉ ਦੇ ਕੇ ਸਤਿਕਾਰਿਆ ਜਾਂਦਾ ਹੈ। ਆਸ ਪਾਸ ਤੇ ਦੂਰੋਂ ਦੂਰੋਂ ਭਿਲਾਈ ਨਗਰ, ਪਟਨਾ ਸਾਹਿਬ, ਬੰਬਈ, ਕਲਕੱਤਾ, ਸ੍ਰੀ ਗੰਗਾ ਨਗਰ ਆਦਿ ਤੋਂ ਹਜ਼ਾਰਾਂ ਸੰਗਤਾਂ ਪੁੱਜਦੀਆਂ ਹਨ। ਸੰਗਤਾਂ ਦੀ ਵੱਧ ਤੋਂ ਵੱਧ ਸੇਵਾ ਕਰਕੇ ਮਹਾਂਪੁਰਖ ਖ਼ੁਸ਼ੀ ਮਹਿਸੂਸ ਕਰਦੇ ਹਨ। ਇਸ ਮੇਲੇ ਦੀ ਹੋਰਨਾਂ ਮੇਲਿਆਂ ਨਾਲੋਂ ਇਹ ਵਿਲੱਖਣਤਾ ਹੁੰਦੀ ਹੈ ਕਿ ਆਉਣ ਵਾਲੇ ਤਕਰੀਬਨ ਹਰ ਮਾਈ ਭਾਈ ਦੇ ਗਾਤਰੇ ਕ੍ਰਿਪਾਨ ਹੁੰਦੀ ਹੈ ਤੇ ਸਾਰੇ ਪਾਸੇ ਨੀਲੀਆਂ ਤੇ ਕਾਲੀਆਂ ਦਸਤਾਰਾਂ ਦਾ ਠਾਠਾਂ ਮਾਰਦਾ ਸਮੁੰਦਰ ਦਿਸ ਰਿਹਾ ਹੁੰਦਾ ਹੈ। ਸੰਤ ਕਰਤਾਰ ਸਿੰਘ ਜੀ ਬਰਿਆਰਾਂ ਵਾਲੇ ਜਿਨ੍ਹਾਂ ਦਾ ਸੰਤਾਂ ਨਾਲ ਆਹਾਹ ਪਿਆਹ ਹੈ ਉਹ ਇਸ ਮੇਲੇ ਵਿਚ ਦੁੱਧ ਲਿਆਉਣ ਦੀ ਬਹੁਤ ਭਾਰੀ ਸੇਵਾ ਕਰਦੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗੁਰੂ ਰਾਮਦਾਸ ਸੇਵਕ ਜਥੇ ਦੇ ਪ੍ਰੇਮੀ ਜੱਤਿਆਂ, ਸਾਈਕਲਾਂ ਆਦਿ ਦੀ ਸੇਵਾ ਕਰਦੇ ਹਨ। ਰੌਂਡ ਕਰਾਸ ਦਾ ਕੈਂਪ ਭਾਈ ਮਨਜੀਤ ਸਿੰਘ ਲਗਾਂਦੇ ਹਨ। ਪਿੰਡ ਮਹਿਤੇ ਦੇ ਪ੍ਰੇਮੀ ਵੀ ਸੇਵਾ ਕਰਕੇ ਗੁਰੂ ਮਹਾਰਾਜ ਦੀਆਂ ਖ਼ਸ਼ੀਆਂ ਹਾਸਲ ਕਰਦੇ ਹਨ।

ਜੁਲਾਈ ਮਹੀਨੇ ਵਿਚ ਜਥਾ ਇਕ ਹਫਤੇ ਵਾਸਤੇ ਗੜ੍ਹਦੀਵਾਲ ਦੇ ਨੇੜੇ ਗੁਰਦੁਆਰਾ ਰਾਮਪੁਰ ਖੇੜਾ ਵਿਖੇ ਜਾਂਦਾ ਹੈ। ਬਾਕੀ ਪੜਾਵਾਂ ਨਾਲੋਂ ਇਹ ਵੱਖਰੀ ਕਿਸਮ ਦਾ ਪੜਾਅ ਹੈ। ਇਸ ਪ੍ਰੋਗਰਾਮ ਦਾ ਨਾਂ 'ਨਾਮ ਅਭਿਆਸ ਕਮਾਈ ਸਮਾਗਮ' ਹੈ। ਇਨ੍ਹਾਂ ਅੱਠਾਂ ਦਿਨਾਂ ਵਿਚ ਰਾਮਪੁਰ ਖੇੜੇ ਰਾਮ ਦੀ ਪੂਰੀ ਵਿਚ ਖੇੜਾ ਹੀ ਖਿੜਿਆ ਰਹਿੰਦਾ ਹੈ। ਬਹੁਤ ਦੂਰ ਦੂਰ ਤੋਂ ਭਗਤੀ ਦੇ ਭੁੱਖੇ ਜਿਜ੍ਞਾਸੂ ਤੱਤ ਵੇਤੇ ਨਾਮ ਦੇ ਰਸੀਏ ਉੱਡ ਉੱਡ ਕੇ ਆਉਂਦੇ ਤੇ ਰੱਜ ਰੱਜ ਕੇ ਅਨੰਦ ਦੀਆਂ ਝੋਲੀਆਂ ਭਰਦੇ ਹਨ। ਪਰਮ ਸਤਿਕਾਰ ਯੋਗ

੧੨-੧ ਵਜੇ ਹੱਕ ਹੋਜ਼ਾਲਾ ਕੰ। ਕਰਨਾ ਅਤੇ ਸਵੇਰੇ ੪ ਵਜੇ ਉਠਣਾ ਇਨ੍ਹਾਂ ਦਾ ਨਿੱਤਨੇਮ ਹੈ। ਪੰਜ ਛੋਟੇ ਜਥੇ (ਜਿਨ੍ਹਾਂ ਵਿਚ ਇਕ ਗਿਆਨੀ, ਇਕ ਰਾਗੀ ਜਥਾ ਤੇ ਪੰਜ ਪਿਆਰੇ ਹੋਣ) ਬਣਾ ਕੇ ਬਾਹਰ ਪਰਚਾਰ, ਕੀਰਤਨ ਤੇ ਅੰਮ੍ਰਿਤ ਸੰਚਾਰ ਕਰਨ ਵਾਸਤੇ ਭੇਜੇ ਜਾਂਦੇ ਹਨ ਅਤੇ ਹਫਤੇ ਬਾਅਦ ਆ ਕੇ ਉਹ ਸਾਰੀ ਰੀਪੋਰਟ ਦੇਂਦੇ ਹਨ।

ਮਹਿਤੇ ਵਿਖੇ ਸੱਚਖੰਡ ਵਾਸੀ ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੀ ਯਾਦ ਵਿਚ ਬਹੁਤ ਵੱਡਾ ਤੇ ਸੁੰਦਰ ਗੁਰਦੁਆਰਾ ਸਾਹਿਬ ਇਨ੍ਹਾਂ ਸੰਤਾਂ ਨੇ ਆਪ ਬਣਵਾਇਆ ਹੈ ਜੋ ਆਪਣੀ ਮਿਸਾਲ ਆਪ ਹੈ। ਇਕ ਬਹੁਤ ਵੱਡਾ ਲੰਗਰ ਜਿੱਥੇ ਦੋ ਢਾਈ ਹਜ਼ਾਰ ਸੰਗਤ ਇਕੋ ਸਮੇਂ ਪ੍ਰਸ਼ਾਦਾ ਛਕ ਸਕਦੀ ਹੈ। ਲੰਗਰ ਦੀ ਸਾਰੀ ਸੇਵਾ ਬਾਪੂ ਜਗੀਰ ਸਿੰਘ ਜੀ ਕਰਦੇ ਹਨ, ਜਿਨ੍ਹਾਂ ਨੇ ਵੱਡੇ ਮਹਾਂਪੁਰਖਾਂ ਦੇ ਸਮੇਂ ਤੋਂ ਇਹ ਸੇਵਾ ਸੰਭਾਲੀ ਹੋਈ ਹੈ ਤੇ ਪੂਰੀ ਜ਼ਿੰਮੇਵਾਰੀ ਨਾਲ ਸੇਵਾ ਨਿਭਾ ਰਹੇ ਹਨ। ਇਕ ਕੀਰਤਨ ਵਿਦਿਆਲਾ ਵੀ ਖੋਲ੍ਹਿਆ ਹੈ ਜਿਸ ਵਿਚ ੨੬ ਕਮਰੇ ਹਨ। ਹਰ ਵਿਦਿਆਰਥੀ ਨੂੰ ਰਾਗ ਵਿਦਿਆ ਸਿਖਾਈ ਜਾਂਦੀ ਹੈ। ਰਾਗ ਵਿਦਿਆ ਦੇ ਮਾਹਰ ਪ੍ਰਿੰਸੀਪਲ ਨੂੰ ਨੀਯਤ ਕੀਤਾ ਹੋਇਆ ਹੈ ਜੋ ਵਿਦਿਆਲੇ ਵਿਚ ਕੀਰਤਨ ਤੇ ਹੋਰ ਸਾਜ਼ ਸਿਖਾਉਂਦੇ ਹਨ।

ਹਰ ਸਤਵੇਂ ਦਿਨ ਜਥੇ ਦੇ ਨਿਯਮ ਸਾਰੀ ਸੰਗਤ ਵਿਚ ਸੁਣਾਏ ਜਾਂਦੇ ਹਨ ਤਾਂ ਕਿ ਸਾਰੇ ਸਿੰਘ ਨਿਯਮ ਯਾਦ ਰੱਖਣ। ਉਲੰਘਣਾ ਕਰਨ ਵਾਲੇ ਸਿੰਘ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ। ਜਥੇ ਵਿਚੋਂ ਬਾਹਰ ਜਾ ਕੇ ਬਾਜ਼ਾਰ ਵਿਚੋਂ ਕੋਈ ਸਿੰਘ ਚੀਜ਼ ਨਹੀਂ ਖਾ ਸਕਦਾ। ਨਾ ਹੀ ਬਿਨਾਂ ਆਗਿਆ ਘਰੋਂ ਕੋਈ ਚੀਜ਼ ਮੰਗਾ ਸਕਦਾ ਹੈ। ਜਥੇ ਦੇ ਲੰਗਰ, ਸਿੰਘਾਂ ਦੇ ਬਸਤਰ ਬਨਾਉਣ ਅਤੇ ਜਥੇ ਦੇ ਬਹੁਤ ਸਾਰੇ ਪ੍ਰਬੰਧ ਦੀ ਸੇਵਾ ਸਤਿਕਾਰ ਯੋਗ ਬਾਬਾ ਠਾਕਰ ਸਿੰਘ ਜੀ ਕਰਦੇ ਹਨ। ਜਿਵੇਂ ਮਾਂ ਆਪਣੇ ਪੱਤਰ ਨੂੰ ਸਾਂਭਦੀ ਹੈ ਇਸ ਤੋਂ ਵੱਧ ਬਾਬਾ ਜੀ ਹਰ ਇਕ ਸਿੰਘ ਦੀ ਲੋੜ ਨੂੰ ਪੂਰਿਆਂ ਕਰਦੇ ਹਨ। ਸੰਤ ਜੀ ਸਾਰੇ ਕੰਮ ਬਾਬਾ ਜੀ ਦੀ ਸਲਾਹ ਨਾਲ ਕਰਦੇ ਹਨ।

ਮੈਂ ਬਹੁਤੀ ਵੇਰ ਮਹਾਂਪੁਰਖਾਂ ਕੋਲੋਂ ਇਹ ਲਫ਼ਜ਼ ਆਮ ਸੁਣਦਾ ਹਾਂ ਕਿ ਸਿੰਘੋ! ਰੱਬ ਨੇ ਸੋਹਣੇ ਸਰੀਰ ਦਿੱਤੇ, ਚੰਗਾ ਖਾਣ ਨੂੰ ਦਿੱਤਾ ਤੇ ਸਭ ਤੋਂ ਵਧ ਕੇ ਸਿੰਘਾਂ ਦੇ ਘਰ ਦਾ ਜਨਮ ਦਿੱਤਾ ਤੇ ਫੇਰ ਆਪਾਂ ਨੂੰ ਨੀਂਦ ਜਾਂ ਆਲਸ ਆਵੇ ਤੇ ਇਕ ਇਕ ਪਲ ਸਿੱਖੀ ਪ੍ਰਚਾਰ ਵਾਸਤੇ ਨਾ ਲਾਈਏ ਤਾਂ ਆਪਾਂ ਨੂੰ ਜੀਉਣ ਦਾ ਹੱਕ ਨਹੀਂ ਹੈ।

ਗਰਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ। ਉਸ ਵਿਚ ਲਗਾਂ ਮਾਤਰਾਂ ਅਤੇ ਸ਼ੁੱਧ ਉਚਾਰਨ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ।

ਪਹਿਲਾਂ ਪਹਿਲਾਂ ਇਸ ਗੱਲ ਦੀ ਹੈਰਾਨੀ ਹੋਈ ਕਿ ਸਾਰੇ ਸਿੰਘ ਦੀਵਾਨ ਵਿਚ ਪੋਥੀਆਂ ਕਿਉਂ ਪ੍ਰਕਾਸ਼ ਕਰਦੇ ਹਨ ? ਪਤਾ ਲੱਗਾ ਕਿ ਜਿਵੇਂ ਜਿਵੇਂ ਸੰਤ ਜੀ ਗੁਰਬਾਣੀ ਦੇ ਅਰਥ ਕਰਦੇ ਹਨ ਤਿਵੇਂ ਤਿਵੇਂ ਸਿੰਘ ਪੋਥੀਆਂ ਤੋਂ ਨਾਲ ਨਾਲ ਵੇਖਦੇ ਹਨ ਤੇ ਕਾਪੀਆਂ ਤੇ ਸਾਰੀ ਕਥਾ ਲਿਖੀ ਜਾਂਦੇ ਹਨ। ਸਵੇਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤੇ ਸ਼ਾਮ ਨੂੰ ਸ੍ਰੀ ਗੁਰ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਵਾਰੀ ਵਾਰੀ ਕਥਾ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਨੂੰ ਦ੍ਰਿੜ੍ਹ ਕਰਵਾਉਣ ਵਾਸਤੇ ਹਰ ਰੋਜ਼ ਬਿਨਾ ਕਿਸੇ ਢਿੱਲ ਦੇ ਕੀਤੀ ਜਾਂਦੀ ਹੈ।

ਹਰੇਕ ਸਿੰਘ ਨੂੰ ਸੰਥਿਆ ੨੫ ਵਾਰ ਜ਼ਰੂਰ ਪੜ੍ਹਨੀ ਪੈਂਦੀ ਹੈ। ਸਾਰੇ ਸਿੰਘਾਂ ਨੂੰ ਵੱਧ ਤੋਂ ਵੱਧ ਬਾਣੀ ਕੰਠ ਕਰਵਾਈ ਜਾਂਦੀ ਹੈ। ਹਫਤੇ ਪਿਛੋਂ ਪੜਤਾਲ ਕੀਤੀ ਜਾਂਦੀ ਹੈ ਕਿ ਹੋਰ ਕਿੰਨੀ ਬਾਣੀ ਯਾਦ ਕੀਤੀ ਹੈ। ਇਸ ਤਰ੍ਹਾਂ ਸੰਤ ਜੀ ਜਥੇ ਸਮੇਤ ਵੱਡੇ ਮਹਾਂਪੁਰਖਾਂ ਵਾਂਗ ਸਾਰੇ ਭਾਰਤ ਭਰ ਵਿਚ ਵਿਚਰ ਕੇ ਪ੍ਰਚਾਰ ਕਰਦੇ ਹਨ। ਇਸ ਦਮਦਮੀ ਟਕਸਾਲ ਦਾ ਹਰ ਪਲ ਵਿਚਰ ਕੇ ਸੰਗਤਾਂ ਨੂੰ ਕਥਾ ਸੁਨਾਉਣ ਅਤੇ ਵਿਦਿਆ ਪੜ੍ਹਾਉਣ ਵਿਚ ਬੀਤਦਾ ਹੈ। ਇਸੇ ਕਰਕੇ ਸਮੂਹ ਪੰਥ ਵਲੋਂ ਇਸ ਸੰਸਥਾ ਨੂੰ 'ਚਲਦੀ ਫਿਰਦੀ ਵਿਦਿਅਕ ਸੰਸਥਾ' ਦੇ ਨਾਮ ਨਾਲ ਵਡਿਆਇਆ ਜਾਂਦਾ ਹੈ। ਕਥਾ ਦੇ ਨਾਲ ਨਾਲ ਦੋਵੇਂ ਵੇਲੇ ਜਥੇ ਦੇ ਰਾਗੀ ਸਿੰਘ ਸਹੁਣ ਰਸ-ਭਿੰਨੜਾ ਕੀਰਤਨ ਕਰਦੇ ਹਨ।

ਮਹਾਂਪੁਰਖਾਂ ਦਾ ਜੀਵਨ ਚੁੰਬਕ ਵਰਗਾ ਹੈ। ਆਪ ਨਾਮ ਬਾਣੀ ਦੇ ਰਸੀਏ ਤੇ ਸਿਮਰਨ ਭਜਨ ਵਿਚ ਲਿਵਲੀਨ ਰਹਿੰਦੇ ਹਨ। ਹਰ ਸਮੇਂ ਸਿੱਖੀ ਦੇ ਪਰਚਾਰ, ਪੰਥ ਤੇ ਕੌਮ ਦੀ ਚੜ੍ਹਦੀ ਕਲਾ ਵਾਸਤੇ ਸੋਚਦੇ ਤੇ ਵਿਚਾਰਾਂ ਕਰਦੇ ਰਹਿੰਦੇ ਹਨ ਕਿ ਸਾਡੀ ਕੌਮ ਗੁਰਸਿਖੀ ਤੋਂ ਕਿਉਂ ਪਾਸੇ ਜਾ ਰਹੀ ਹੈ ? ਕੀ ਅੱਜ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਿੱਖ ਭੁੱਲ ਗਏ ਹਨ ? ਕੀ ਗੁਰੂ ਸਾਹਿਬਾਂ ਵਲੋਂ ਕੀਤੇ ਪਰਉਪਕਾਰ ਅੱਖੋਂ ਓਹਲੇ ਕੀਤੇ ਗਏ ਹਨ ? ਕੀ ਅੱਜ ਸਿੱਖ ਮੁਸਲਮਾਨਾਂ ਦੀ ਦੀਨ ਮੰਨਣ ਲਈ ਤਿਆਰ ਹੋ ਗਏ ਹਨ ਜੋ ਅੱਜ ਤੋਂ ੩੦੦ ਸਾਲ ਪਹਿਲਾਂ ਐਸੇ ਮੁਸੀਬਤਾਂ ਦੇ ਦਿਨਾਂ ਵਿਚ ਵੀ ਨਾ ਮਿਲੀ ? ਸਿਆਣੇ ਸਿੰਘਾਂ ਨਾਲ ਆਪ ਹਰ ਰੋਜ਼ ਵਿਚਾਰਾਂ ਕਰਦੇ ਰਹਿੰਦੇ ਹਨ ਕਿ ਕਿਵੇਂ ਗੁਰਸਿੱਖੀ ਦੇ ਪਰਚਾਰ ਨੂੰ ਘਰ ਘਰ ਪਹੁੰਚਾਇਆ ਜਾਵੇ ? ਰਾਤ ਦੇ

ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਜੁੜਦੀਆਂ ਹਨ। ਗੁਰਮਤਿ ਸਮਾਗਮ ਦੇ ਕੁਝ ਦਿਨ ਬਹੁਤ ਖੁਸ਼ੀ ਭਰੇ ਲੰਘਦੇ ਹਨ। ਸੰਤਾਂ ਦੀ ਕਥਾ ਦੇ ਪ੍ਰਭਾਵ ਕਾਰਨ ਮਨ ਵਿਚ ਉਤਸ਼ਾਹ ਪੈਦਾ ਹੋਇਆ ਕਿ ਕੁਝ ਸਮਾਂ ਜਥੇ ਵਿਚ ਰਹਿ ਕੇ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ ਜਾਵੇ। ਮੈਂ ਸਾਇੰਸ ਮਾਸਟਰ ਦੇ ਤੌਰ ਤੇ ਸਰਕਾਰੀ ਨੌਕਰੀ ਕਰਦਾ ਸਾਂ।

੨੧ ਵੈਸਾਖ ੨੦੩੩ ਮੁਤਾਬਿਕ ੧੯੭੬ ਈਸਵੀ ਨੂੰ ਸੰਤ ਜੀ ੪੦ ਮੁਕਤਿਆਂ ਦਾ ਸ਼ਹੀਦੀ ਦਿਵਸ ਮਨਾਉਣ ਵਾਸਤੇ ਸ੍ਰੀ ਮੁਕਤਸਰ ਆਏ। ਉਨ੍ਹਾਂ ਦੀ ਕਥਾ ਤੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਕੁਝ ਦਿਨ ਮਗਰੋਂ ਹੀ ਦਾਸ ਸਰਵਿਸ (ਨੌਕਰੀ) ਛੱਡ ਕੇ ਉਨ੍ਹਾਂ ਪਾਸ ਗੁਰਦੁਆਰਾ ਨਾਭਾ ਸਾਹਿਬ ਨਜ਼ਦੀਕ ਚੰਡੀਗੜ੍ਹ (ਜਿੱਥੇ ਭਾਈ ਜੈਤਾ ਜੀ ਨਾਲੋਂ ਪਾਤਿਸ਼ਾਹ ਜੀ ਦਾ ਪਵਿੱਤਰ ਸੀਸ ਲੈ ਕੇ ਠਹਿਰੇ ਸਨ) ਪੁੱਜ ਗਿਆ। ਫਤਹਿ ਬੁਲਾ ਕੇ ਕੁਝ ਸਮਾਂ ਜਥੇ ਵਿਚ ਨਾਲ ਰਹਿਣ ਲਈ ਬੇਨਤੀ ਕੀਤੀ, ਜੋ ਕਿ ਮਹਾਂਪੁਰਖਾਂ ਪ੍ਰਵਾਨ ਕਰ ਲਈ ਅਤੇ ਸ੍ਰੀ ਮੁਕਤਸਰ (ਸ਼ਹੀਦਾਂ ਦੇ ਅਸਥਾਨ) ਤੋਂ ਆਉਣ ਕਰਕੇ ਉਚੇਚਾ ਆਦਰ ਵੀ ਕੀਤਾ। ਜਥੇ ਵਿਚ ਰਹਿੰਦਿਆਂ ਜੋ ਵਿਸ਼ੇਸ਼ਤਾਈਆਂ ਵੇਖੀਆਂ ਉਹ ਸੰਗਤਾਂ ਦ ਦ੍ਰਿਸ਼ਟੀ-ਗੋਚਰ ਕਰਨਾ ਦਾਸ ਆਪਣਾ ਜ਼ਰੂਰੀ ਫਰਜ਼ ਸਮਝਦਾ ਹੈ।

ਜਥੇ ਵਿਚ ਸਕੂਲਾਂ ਵਾਂਗ ਵੱਖ ਵੱਖ ਸੈਕਸ਼ਨ ਬਣੇ ਹਨ। ਜਿਹੜੇ ਸਿੰਘਾਂ ਨੂੰ ਜਥੇ ਵਿਚ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਹੈ ਤੇ ਜੋ ਗੁਰਮਤਿ ਦੀ ਪੜ੍ਹਾਈ, ਪਾਠਾਂ ਦੇ ਭੇਦ, ਸ਼ੁੱਧ ਉਚਾਰਨ ਅਤੇ ਗੁਰਬਾਣੀ ਦੇ ਅਰਥਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਉਨ੍ਹਾਂ ਪਾਸ ੮-੮ ਜਾਂ ੧੦-੧੦ ਵਿਦਿਆਰਥੀ ਹਨ। ਜਥੇ ਵਿਚ ਕਾਫੀ ਪੜ੍ਹੇ ਲਿਖੇ ਸਿੰਘ ਵੀ ਆਉਂਦੇ ਹਨ। ਹਰ ਨਵੇਂ ਸ਼ਾਮਲ ਹੋਏ ਸਿੰਘ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਛਕਾ ਕੇ ਪੰਜ ਬਾਣੀਆਂ ਦੇ ਨਿੱਤਨੇਮ ਦੀ ਸੰਥਿਆ ਕਰਵਾਈ ਜਾਂਦੀ ਹੈ। ਫਿਰ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸੂਯੇ, ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ, ਵੇਦਾਂਤ ਦੀਆਂ ਪੁਸਤਕਾਂ ਜਿਹਾ ਕਿ ਸਾਰਕੁਤਾਵਲੀ, ਭਾਵਰ ਸਿੰਮ੍ਰਤ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਵਿਚਾਰ ਸਾਗਰ, ਚਣਾਕਾ, ਮੋਖਸ਼ ਪੰਥ, ਬ੍ਰਿਤੀ ਪ੍ਰਭਾਕਰ ਆਦਿ ਗੁਹਜ ਅਤੇ ਪ੍ਰਤੀਕਾਤਮਕ ਭਾਵਾਂ ਨੂੰ ਸਮਝਣ ਲਈ ਪੜ੍ਹਾਏ ਜਾਂਦੇ ਹਨ। ਇਕ ਅਧਿਆਪਕ ਵਾਂਗ ਸੰਤ ਜੀ ਬੋਰਡ ਤੇ ਲਿਖ ਲਿਖ ਕੇ ਸਮਝਾਉਂਦੇ ਹਨ।

ਜਥੇ ਵਿਚ ਅੱਖੀਂ ਡਿੱਠੇ ਹਾਲ

ਸਾਧ ਸੰਗਤ ਜੋੜਨ ਦੇ ਸਮਰੱਥ ਹੈ। ਗੁਰਬਾਣੀ ਦੀਆਂ ਮਧੁਰ ਧੁਨਾਂ ਅਤੇ ਕੀਰਤਨ ਦੀਆਂ ਗੂੰਜਾਂ ਮੱਲੋ-ਮੱਲੀ ਜਗਿਆਸੂ ਦੇ ਮਨ ਨੂੰ ਧੂਹ ਪਾਉਂਦੀਆਂ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸ਼ਹਿਨਸ਼ਾਹੀ ਦਰਬਾਰ ਅਤੇ ਉਸ ਵਿਚ ਦੇਵਤਿਆਂ ਵਾਂਗ ਸਜ ਹੋਏ ਸਰੋਤੇ ਕਿਸੇ ਸੱਚਖੰਡ ਦਾ ਨਮੂਨਾ ਸਿਰਜ ਰਹੇ ਹੁੰਦੇ ਹਨ। ਇਕ ਵਾਰੀ ਸਤਿਸੰਗਤ ਦਾ ਰਸ ਮਾਨਣ ਉਪਰੰਤ ਸ਼ਹਿਦ ਦੇ ਸਵਾਦ ਵਾਂਗ ਛੱਡਣ ਨੂੰ ਦਿਲ ਨਹੀਂ ਕਰਦਾ।

ਸ਼ਹੀਦਾਂ ਦੀ ਪਵਿੱਤਰ ਧਰਤੀ ਤੇ ਠਾਠਾਂ ਮਾਰਦਾ ਇਕ ਸਮੁੰਦਰ ਜਿਹਾ ਸਰੋਵਰ ਅਤੇ ਉਸ ਦੇ ਸੀਸ ਉਤੇ ਚਾਂਦੀ ਰੰਗੀ ਭਾਹ ਮਾਰਦਾ, ਟੁਟੀਆ ਗੰਢਣ ਵਾਲਾ ਅਸਥਾਨ ਦੂਰ-ਦੁਰਾਡੇ ਗੁਰੂ ਘਰ ਦੇ ਪ੍ਰੇਮੀਆਂ ਲਈ ਇਕ ਖਿੱਚ ਦਾ ਕੇਂਦਰ ਬਣਿਆ ਰਿਹਾ ਤੇ ਹੈ। ਸ਼ਹੀਦ ਸਿੰਘਾਂ ਦੇ ਖ਼ੂਨ ਨਾਲ ਸਿੰਜੀ ਹੋਈ ਇਸ ਧਰਤੀ ਦਾ ਨਾਮ ਆਪ ਦਸਮੇਸ਼ ਪਿਤਾ ਜੀ ਨੇ ਸ੍ਰੀ ਮੁਕਤਸਰ ਰੱਖਿਆ। ਬਚਪਨ ਤੋਂ ਹੀ ਇਸੇ ਦੀ ਮਹਿੱਤਰ ਗੂੜ੍ਹੀ ਵਿਚ ਮੇਰਣ ਦਾ ਹਾਣੀਆਂ ਨਾਲ ਰਲ ਕੇ ਸਰੋਵਰ ਦੀਆਂ ਪ੍ਰਕਰਮਾਂ ਕਰਨ ਦਾ ਅਤੇ ਗੁਰਦੁਆਰੇ ਜਾਣ ਦਾ ਸੁਭਾਗ ਪ੍ਰਾਪਤ ਰਿਹਾ ਹੈ। ਸਮਾਂ ਬੀਤਦਾ ਗਿਆ। ਵਧਦੀ ਉਮਰ ਦੇ ਨਾਲ ਸੰਗਤ ਕਰਨ ਦਾ ਉਤਸ਼ਾਹ ਵੀ ਵਧਿਆ।

ਬ੍ਰਹਮ ਗਿਆਨੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਕਿੰਡਰਾਂ ਵਾਲੇ ੧੯੬੭-੬੮-੬੯ ਤਿੰਨ ਸਾਲ ਲਗਾਤਾਰ ਜਥੇ ਸਮੇਤ ਮੁਕਤਸਰ ਆਉਂਦੇ ਰਹੇ। ਉਨ੍ਹਾਂ ਦੇ ਮਨੋਹਰ ਬਚਨ ਵਿਦਵਤਾ-ਭਰਪੂਰ ਕਥਾ, ਰਹਿਣੀ-ਬਹਿਣੀ ਕਹਿਣੀ-ਸਹਿਣੀ, ਸਾਦਾ ਤੇ ਅਮਲੀ ਜੀਵਨ ਅਤੇ ਜਥੇ ਤੋਂ ਸਭ ਸੰਗਤਾਂ ਦੇ ਨਾਲ ਦਾਸ ਵੀ ਬਹੁਤ ਪ੍ਰਭਾਵਤ ਹੋਇਆ। ਪ੍ਰਮੇਸ਼ਰ ਦਾ ਭਾਣਾ ਕਿ ਮਹਾਂਪੁਰਖ 'ਖਾਲਸਾ' ਜੀ ੨੮ ਜੂਨ ੧੯੬੯ ਈ: ਨੂੰ ਸੱਚਖੰਡ ਜਾ ਬਿਰਾਜੇ। ਸੰਗਤਾਂ ਦੇ ਉੱਦਮ ਨਾਲ ਮਹਾਂਪੁਰਖਾਂ ਦੀ ਬਰਸੀ ਤੇ ਮਹਿਤਾ ਨਗਰ ਜ਼ਿਲਾ ਅੰਮ੍ਰਿਤਸਰ ਜਾਣ ਦਾ ਸ਼ੁਭ ਅਵਸਰ ਮਿਲਦਾ ਰਿਹਾ।

ਉਨ੍ਹਾਂ ਦੇ ਵਰੋਸਾਏ ਗੁਰੂ ਘਰ ਦੇ ਮਹਾਨ ਵਿਦਵਾਨ ਸੰਤ ਗਿਆਨੀ ਕਰਤਾਰ ਸਿੰਘ ਜੀ 'ਖਾਲਸਾ' ਦੂਜੇ ਧਾਵਾਂ ਵਾਂਗ ਹਰ ਸਾਲ ਅਕਤੂਬਰ ਨਵੰਬਰ ਦੇ ਮਹੀਨੇ ੯-੧੦ ਦਿਨ ਵਾਸਤੇ ਮੁਕਤਸਰ ਅਤੇ ਆਸ ਪਾਸ ਦੇ ਇਲਾਕੇ ਵਿਚ ਗੁਰਮਤਿ ਸਮਾਗਮ ਕਰਦੇ ਸਨ। ਉਤਨੇ ਦਿਨ ਹਜ਼ਾਰਾਂ ਦੀ ਗਿਣਤੀ ਵਿਚ

ਜਿਨ੍ਹਾਂ ਵੱਲ ਦਿਨ-ਬਦਿਨ ਵਧ ਰਹੀ ਹੈ। ਸਭ ਨੂੰ ਸਾਂਝੀ ਟਿਕ ਅਤੇ ਏਕਤਾ ਦੀ ਦਾਤ ਤੇ ਸ਼ੁਭ ਸਿੱਖਿਆ ਸਤਿਗੁਰਾਂ ਪਾਸੋਂ ਮਿਲ ਰਹੀ ਹੈ। ਖੰਡੇ ਦਾ ਅੰਮ੍ਰਿਤ ਪੰਜ ਪਿਆਰਿਆਂ ਦੀ ਪਰਪਾਟੀ ਦ੍ਰਿੜ੍ਹ ਤੇ ਪ੍ਰਪੱਕ ਹੈ। ਸੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਿਨਾਂ ਹੋਰ ਕਿਸੇ ਨੂੰ ਭੁੱਲ ਕੇ ਵੀ ਗੁਰੂ ਨਾਨਕ ਸਾਹਿਬ ਦੇ ਸੇਵਕ ਤੇ ਸਿੰਘ ਨਹੀਂ ਮੰਨਦੇ ਨਾ ਮੰਨਣਗੇ :-

'ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥'

ਦਾਸਨਿ ਦਾਸ :-ਕਰਤਾਰ ਸਿੰਘ 'ਖ਼ਾਲਸਾ'
ਜਥਾ ਭਿੰਡਰਾ (ਮਹਿਤਾ)

ਤੋਂ ਗੁਰਤਾ-ਗੱਦੀ ਅਨੰਦਪੁਰ ਸਾਹਿਬ ਭੇਜੀ ਹੈ, ਉਹ ਉਹਨਾਂ ਨੂੰ ਠੀਕ ਠਾਕ ਪ੍ਰਾਪਤ ਹੋਈ।

ਜਦੋਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਜੋਤੀ ਜੋਤਿ ਸਮਾਉਣ ਲੱਗੇ ਸਨ ਤਾਂ ਉਸ ਵੇਲੇ ਸਾਰਾ ਖਾਲਸਾ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਸੀ, ਦਿੱਲੀ ਤੇ ਬਾਬਾ ਬਕਾਲਾ ਅਥਵਾ ਦਿੱਲੀ ਤੇ ਅਨੰਦਪੁਰ ਸਾਹਿਬ ਫਾਸਲਾ ਵੀ ਨਹੀਂ ਸੀ ਤੇ ਨਾ ਹੀ ਹਜ਼ੂਰ ਲਹੌ ਦੇ ਪਿੰਜਰੇ ਤੇ ਪਹਿਰਿਆ ਵਿਚ ਸਨ। ਸੋ ਉਸ ਵੇਲੇ ਜੇ ਕਿਸੇ ਵਿਅਕਤੀ ਨੂੰ ਗੁਰਤਾ-ਗੱਦੀ ਬਖਸ਼ਦੇ ਤਾਂ ਉਹ ਉਸ ਵੇਲੇ ਹੀ ਸਾਰਿਆਂ ਵਿਚ ਪ੍ਰਗਟ ਨਾ ਹੋ ਜਾਂਦੇ ਤੇ ਪੰਥ ਦੀ ਅਗਵਾਈ ਨਾ ਕਰਦੇ ? ਕਿੰਨੇ ਸਾਲ ਖਾਲਸੇ ਨੇ ਜੰਗ ਜੁੱਧ ਕਰਕੇ ਮਹਾਨ ਘਾਲਣਾ ਘਾਲੀਆਂ, ਕੁਰਬਾਨੀਆਂ ਕੀਤੀਆਂ, ਸ਼ਹੀਦੀਆਂ ਪ੍ਰਾਪਤ ਕੀਤੀਆਂ, ਫੋਟਾ ਫੱੜਾ ਘੱਲੂਘਾਰਾ ਹੋਇਆ। ਏਥੋਂ ਤੱਕ ਕਿ ਜ਼ਾਲਮਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਢਾਹੁਣ ਤੇ ਅੰਮ੍ਰਿਤ ਸਰੋਵਰ ਨੂੰ ਪੂਰਨ ਦਾ ਅਤਿਅੰਤ ਘੋਰ ਪਾਪ ਕੀਤਾ। ਜੇ ਕੋਈ ਵਿਅਕਤੀ ਗੁਰੂ ਹੁੰਦਾ ਤਾਂ ਉਸ ਵੇਲੇ ਪੰਥ ਦੀ ਅਗਵਾਈ ਨਾ ਕਰਦਾ ? ਉਹ ਗੁਰੂ ਕਿੱਥੇ ਲੁੱਕਿਆ ਰਿਹਾ ? ਦਸਮ ਪਾਤਿਸ਼ਾਹ ਜੀ ਤੋਂ ਮਗਰੋਂ ਸੌ ਕੁਝ ਵਰ੍ਹਿਆ ਤੱਕ ਵੀ ਕਈ ਵਿਅਕਤੀ ਗੁਰੂ ਰੂਪ ਵਿਚ ਪ੍ਰਗਟ ਨਾ ਹੋਇਆ ?

ਭਾਰਤ ਵਿਚ ਬਦੇਸ਼ੀ ਰਾਜ ਨੇ ਖਾਲਸਾ ਪੰਥ ਵਿਚ ਫੁੱਟ ਪਾ ਕੇ ਤੇ ਸਿੰਘਾਂ ਨੂੰ ਕਮਜ਼ੋਰ ਕਰਨ ਵਾਸਤੇ ਕੁਝ ਬੇਦਿਆਂ ਨੂੰ ਹੱਥਾਂ ਵਿਚ ਲੈ ਕੇ ਕੋਝੇ ਉਪਰਾਲੇ ਕੀਤੇ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਜਗਤ ਗੁਰਾਂ ਦੀ ਥਾਂ ਤੇ ਕਿਸੇ ਵਿਅਕਤੀ ਨੂੰ ਗੁਰੂ ਬਨੌਣ ਦੇ ਯਤਨ ਕੀਤੇ ਜਾਣ, ਪ੍ਰੰਤੂ ਸਾਰੇ ਯਤਨ ਨਿਸਫਲ ਰਹੇ। ਦਸਮ ਪਾਤਿਸ਼ਾਹ ਜੀ ਤੋਂ ਮਗਰੋਂ ਕਿਹੜਾ ਵਿਅਕਤੀ ਗੁਰੂ ਕਿਸੇ ਵਿਪਤਾ ਅੱਕੜ ਤੋਂ ਕੌਮ ਨੂੰ ਬਚਾਉਣ ਵਾਸਤੇ ਤੱਤੀ ਤਵੀ ਤੇ ਬੈਠਾ ਜਾਂ ਲੋਹੇ ਦੇ ਪਿੰਜਰੇ ਵਿਚ ਕੈਦ ਹੋਇਆ ਜਾਂ ਕੋਈ ਪੁੱਤਰ ਸ਼ਹੀਦ ਕਰਵਾਇਆ ਜਾਂ ਜ਼ੁਲਮ ਵਿਰੁੱਧ ਕੋਈ ਕਦੇ ਬੋਲਿਆ ? ਸਗੋਂ ਜਿਹੋ ਜਿਹੀ ਵੀ ਹਕੂਮਤ ਆਈ ਉਸ ਦੀ ਸਹਾਇਤਾ ਨਾਲ ਹੀ ਦਿਨ ਕੱਟਣ ਦਾ ਯਤਨ ਕੀਤਾ। ਝੂਠੇ ਵਰ ਵੀ ਦਿੱਤੇ, ਸਫਲ ਬਣੌਣ ਦੇ ਪ੍ਰਤੱਖ ਯਤਨ ਵੀ ਕੀਤੇ ਪਰ ਸਭ ਨਿਸਫਲ ਗਏ।

ਸਤਿਗੁਰਾਂ ਦੀ ਆਗਿਆ ਅਟੱਲ ਹੈ, ਸਭ ਸੰਸਾਰ ਦੇ ਗੁਰੂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹੀ ਸਾਂਝੇ ਸਤਿਗੁਰੂ ਹਨ। ਸਭ ਸੰਸਾਰ ਦੀ ਰੁਚੀ

ਕੀਤੀ ਹੈ, ਮੇਰੇ ਸਾਰੇ ਸਰੀਰ ਵਿਚ ਛੇਕ ਪਏ ਹੋਏ ਸਨ। ਆਪ ਜੀ ਨੇ ਪਵਿੱਤਰ ਚਰਨ ਛੁਹਾ ਕੇ ਮੇਰੀ ਕਲਿਆਣ ਕੀਤੀ, ਆਪ ਪਰਉਪਕਾਰੀ ਹੋ ਹੁਣ ਮੈਂ ਤੁਹਾਡੀ ਕਿਰਪਾ ਨਾਲ ਬੈਕੁੰਠ ਨੂੰ ਚੱਲਿਆ ਹਾਂ। ਇਉਂ ਕਹਿ ਕੇ ਸੱਪ ਅਲੋਪ ਹੋ ਗਿਆ ਅਤੇ ਕੀੜਿਆਂ ਦੀ ਭੀ ਕਲਿਆਣ ਸਤਿਗੁਰੂ ਜੀ ਨੇ ਆਪ ਕਰ ਦਿੱਤੀ। ਨਾਲ ਸਿੱਖਿਆ ਦਿੱਤੀ ਕਿ ਜੋ ਭਜਨ ਸਿਮਰਨ ਕਰਕੇ, ਜੀਵਨ ਉੱਚਾ, ਮਨ ਨੀਵਾਂ ਨਹੀਂ ਕਹਦੇ ਸਗੋਂ ਵੱਡੇਪੁਣੇ ਦਾ ਮਾਣ ਕਰਦੇ ਹਨ, ਉਨ੍ਹਾਂ ਦੀ ਇਹੋ ਜਿਹੀ ਹੀ ਹਾਲਤ ਹੋਵੇਗੀ।

ਕਈ ਬਣੇਟੀ ਗੁਰੂ ਝੂਠ ਬੋਲ ਕੇ ਇਹ ਸਿੱਧ ਕਰਨ ਦਾ ਨਿਰਮੂਲ ਤੇ ਝੂਠਾ ਯਤਨ ਕਰਦੇ ਹਨ ਕਿ ਦਸਵੇਂ ਪਾਤਿਸ਼ਾਹ ਜੀ ਤੋਂ ਮਗਰੋਂ ਸਾਡਾ ਵਡੇਰਾ ਗੁਰੂ ਬਣਿਆ ਉਹਨਾਂ ਤੋਂ ਅੱਗੇ ਸਾਡੀ ਪੀੜ੍ਹੀ ਚਲੀ ਆਉਂਦੀ ਹੈ। ਉਹ ਕੋਰਾ ਹੀ ਝੂਠ ਬੋਲਦੇ ਹਨ-ਜਿਸ ਦਾ ਪਤਾ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਿਸ਼ਾਹ ਤੱਕ, ਪਹਿਲੇ ਸਤਿਗੁਰੂ ਜੀ ਨੇ ਅਗਲੇ ਸਤਿਗੁਰਾਂ ਨੂੰ ਗੁਰਤਾ-ਗੱਦੀ ਜਿਵੇਂ ਜਿਵੇਂ ਬਖ਼ਸ਼ੀ, ਤੋਂ ਸਿੱਧ ਹੁੰਦਾ ਹੈ। ਭਾਵ ਸਾਰੇ ਸਤਿਗਰਾਂ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਦੋ, ਤਿੰਨ ਜਾਂ ਸੱਤ ਦਿਨ ਪਹਿਲਾਂ ਹੀ ਆਪਣੇ ਹੱਥੀਂ ਗੁਰਤਾ ਬਖ਼ਸ਼ੀ। ਸਗੋਂ ਜਦੋਂ ਅਠਵੇਂ ਪਾਤਿਸ਼ਾਹ ਜੀ ਦਿੱਲੀ ਵਿਖੇ ਜੋਤੀ ਜੋਤਿ ਸਮਾਉਣ ਲੱਗੇ ਤਾਂ ਸੰਗਤ ਨੇ ਬੇਨਤੀ ਕੀਤੀ : ਜੀ! ਸਾਨੂੰ ਅੱਗੋਂ ਕਿਨ੍ਹਾਂ ਦੇ ਲੜ ਲਾ ਚੱਲੇ ਹੋ। ਤਾਂ ਆਪ ਜੀ ਖਾਲੀ ਰੁਮਾਲਾ, ਪੰਜ ਪੈਸੇ, ਨਾਰੀਏਲ ਮੰਗਵਾ ਕੇ ਧਿਆਨ ਨਾਲ ਹੀ ਨਾਵੇਂ ਸਤਿਗੁਰਾਂ ਨੂੰ ਗੁਰਤਾ ਬਿਨਾ ਨਾਮ ਲਏ ਤੋਂ ਕੇਵਲ ਇਹ ਕਹਿ ਕੇ :

'ਬਾਬਾ ਬਸ ਹੈ ਬੀਚ ਬਕਾਲੇ।
ਬਨ ਗੁਰ, ਸੰਗਤ ਆਪ ਸਮਾਲੇ।'

ਸੌਂਪੀ। ਬਾਬੇ ਬਕਾਲੇ ਤੇ ਦਿੱਲੀ ਦਾ ਆਪਸ ਵਿਚ ਕਿੰਨਾ ਫਰਕ ਹੈ। ਉਸ ਵੇਲੇ ਕਾਰ, ਬੱਸ, ਜਹਾਜ਼, ਟੈਲੀਫੋਨ, ਤਾਰ, ਵਾਇਰਲੈੱਸ ਦਾ ਕੋਈ ਪ੍ਰਬੰਧ ਨਹੀਂ ਸੀ। ਉਸ ਮੌਕੇ ਕਈ ਬੰਦੇ ਬਣੇਟੀ ਗੁਰੂ ਬਣ ਬੈਠੇ। ਪਰ ਫਿਰ ਵੀ ਸੱਚ ਸੌ ਪੜਦੇ ਪਾੜ ਕੇ ਪਰਗਟ ਹੋ ਗਿਆ ਭਾਵ ਨਾਵੇਂ ਪਾਤਿਸ਼ਾਹ ਜੀ ਪਰਗਟ ਹੋ ਗਏ। ਬਣੇਟੀ ਗੁਰੂ ਝੂਰਦੇ ਹੀ ਰਹਿ ਗਏ।

ਏਸੇ ਤਰ੍ਹਾਂ ਦਸਮ ਪਾਤਿਸ਼ਾਹ ਜੀ ਨੂੰ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਲੋਹੇ ਦੇ ਪਿੰਜਰੇ ਵਿਚ ਬੈਠਿਆਂ ਜਿੱਥੇ ਦੁਹਰੇ ਤੀਹਰੇ ਪਹਿਰੇ ਸਨ, ਦਿੱਲੀ

ਸਾਖੀ ਛੇਵੇਂ ਪਾਤਿਸ਼ਾਹ ਜੀ ਨੇ

ਕੀੜਿਆਂ ਵਾਲੇ ਸੱਪ ਦੀ ਕਲਿਆਣ ਕਰਨੀ

ਜਿਸ ਵਕਤ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ ਪੀਰੀ ਦੇ ਮਾਲਿਕ ਪਿੰਡ ਲਧਾਈਕੇ (ਜ਼ਿਲ੍ਹਾ ਫੀਰੋਜ਼ਪੁਰ) ਗਏ ਸਨ। ਉਥੇ ਇਕ ਭਾਰੀ ਫੱਨ ਵਾਲਾ ਕੀੜਿਆਂ ਵਾਲਾ ਸੱਪ ਤੁਰਿਆ ਆਉਂਦਾ ਸੀ। ਭਾਈ ਬਿਧੀ ਚੰਦ ਜੀ ਨੇ ਕਿਹਾ, 'ਸੱਚੇ ਪਾਤਸ਼ਾਹ ਜੀ! ਬਹੁਤ ਭਾਰੀ ਸੱਪ ਆ ਰਿਹਾ ਹੈ, ਪਾਸੇ ਕਰ ਦੇਈਏ।' ਸਤਿਗੁਰਾਂ ਨੇ ਫੁਰਮਾਇਆ, 'ਨਹੀਂ ਭਾਈ! ਸ਼ਰਨ ਆ ਜਿਹਾ ਹੈ, ਇਸ ਦੀ ਕਲਿਆਣ ਕਰਨੀ ਹੈ।' ਜਦੋਂ ਨੇੜੇ ਆਇਆ ਤਾਂ ਸਤਿਗੁਰੂ ਸਾਹਿਬ ਜੀ ਨੇ ਆਪਣਾ ਚਰਨ ਛੁਹਾ ਕੇ ਉਸ ਦੀ ਕਲਿਆਣ ਕੀਤੀ। ਚਰਨਾਂ ਦੀ ਠੋਕਰ ਨਾਲ ਉਸਦਾ ਸਰੀਰ ਫਟ ਗਿਆ। ਸਾਰੇ ਸਰੀਰ ਵਿਚ ਕੀੜੇ ਪਏ ਹੋਏ ਸਨ। ਉਸ ਵਿਚੋਂ ਪ੍ਰਕਾਸ਼ ਵਾਲੀ ਦੇਹ ਨਿਕਲੀ ਭਾਈ ਬਿਧੀ ਚੰਦ ਜੀ ਨੇ ਪੁੱਛਿਆ, 'ਮਹਾਰਾਜ ਜੀ! ਇਹ ਕੀ ਚੀਜ਼ ਹੈ?' ਤਾਂ ਸਤਿਗੁਰੂ ਸਾਹਿਬ ਜੀ ਨੇ ਉਸ ਦਿਬ ਦੇਹੀ ਨੂੰ ਕਿਹਾ, 'ਤੂੰ ਹੀ ਆਪਣੀ ਹਾਲਤ ਦੱਸ?' ਤਾਂ ਉਸ ਨੇ ਕਿਹਾ, 'ਸਤਿਗੁਰੂ ਸਾਹਿਬ ਜੀ! ਮੈਂ ਬੜਾ ਭਾਰੀ ਵਿਦਵਾਨ ਸੀ। ਮੇਰੇ ਅੰਦਰੋਂ ਮਾਇਆ ਦਾ ਮੋਹ ਨਹੀਂ ਛੁੱਟਿਆ ਸੀ। ਮੈਂ ਭਜਨ ਸਿਮਰਨ ਨਾ ਕੀਤਾ ਅਤੇ ਲੋਕਾਂ ਦੀ ਜ਼ਿੰਮੇਵਾਰੀ ਲੈਂਦਾ ਰਿਹਾ ਕਿ ਮੈਨੂੰ ਪੂਜਾ ਭੇਟਾ ਚੋਵੇ, ਮੈਂ ਹੀ ਬ੍ਰਹਮ ਹਾਂ। ਤੁਹਾਡੀ ਕਲਿਆਣ ਕਰਾਂਗਾ। ਜਦੋਂ ਮੈਂ ਮਰ ਗਿਆ, ਮਾਇਆ ਦੇ ਮੋਹ ਕਰ ਕੇ, ਇਸ ਫੁਰਮਾਣ ਅਨੁਸਾਰ ਕਿ :

'ਅੰਤ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥ (੫੨੬)

ਸੱਪ ਦੀ ਜੂਨ ਨੂੰ ਪ੍ਰਾਪਤ ਕੀਤਾ। ਜਦੋਂ ਮੈਂ ਆਪ ਮੁਕਤ ਨਾ ਹੋ ਸਕਿਆ ਤਾਂ ਮੇਰੇ ਚੇਲਿਆਂ ਨੇ ਮੇਰੇ ਧਿਆਨ ਕਰ ਕੇ ਮੇਰੇ ਵਿਚ ਹੀ ਆਉਣਾ ਸੀ। ਇਸ ਕਰ ਕੇ ਇਹ ਮੇਰੇ ਸੱਪ ਬਣੇ ਹੋਏ ਵਿਚ ਕੀੜੇ ਬਣ ਕੇ ਰਹਿਣ ਲੱਗ ਪਏ। ਮੈਂ ਇਨ੍ਹਾਂ ਦੇ ਪਦਾਰਥ ਖਾਧੇ ਸਨ, ਹੁਣ ਇਹ ਮੇਰਾ ਮਾਸ ਖਾਂਦੇ ਸਨ। ਹੇ ਸਤਿਗੁਰੂ ਸੱਚੇ ਪਾਤਸ਼ਾਹ ਜੀ! ਹੁਣ ਆਪ ਜੀ ਨੇ ਅਤਿਅੰਤ ਕਿਰਪਾ

੪ ਗੁਲਾਬ ਰਾਇ ਤੇ ਸ਼ਿਆਮ ਸਿੰਘ ਦੋ ਕਾਈ ਸੋਦੀਆਂ ਵਿਚੋਂ ਜੋ ਸਨ। ਹਜ਼ੂਰ ਦਸਮੇਸ਼ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਮਗਰੋਂ, ਸ੍ਰੀ ਅਨੰਦਪੁਰ ਸਾਹਿਬ ਦਾ ਥਾਂ ਜੋ ਜੰਗ ਵਿਚ ਢਹਿ ਗਿਆ ਸੀ–ਉਹ ਇਨ੍ਹਾਂ ਨੇ ਕਹਿਲੂਰੀ ਪਹਾੜੀ ਰਾਜੇ ਪਾਸੋਂ ੬੦,੦੦੦ ਰੁਪਏ ਨੂੰ ਸੱਠ ਘੁਮਾਂ ਜਗ੍ਹਾ ਖ਼ਰੀਦੀ। ਜਿੱਥੇ ਦਸਵੇਂ ਪਾਤਿਸ਼ਾਹ ਜੀ ਬੈਠ ਕੇ ਦੀਦਾਰ ਦਿਆ ਕਰਦੇ, ਇਹ ਵੀ ਉਸ ਤਰ੍ਹਾਂ ਉਸੇ ਜਗ੍ਹਾ ਹੀ ਬਣ ਠਣ ਕੇ ਬੈਠਣ ਲੱਗ ਗਿਆ :–

'ਹਿਤ ਪੂਜਾ ਕੇ ਬਨਿ ਠਨਿ ਬੈਸੇ। ਦਸਮੇਂ ਗੁਰੂ ਬਿਰਾਜੈ ਜੈਸੇ॥'

ਦੇਖਾ-ਦੇਖੀ ਬਹੁਤ ਲੋਕ ਪੂਜਨ ਲੱਗੇ। ਗੁਰੂ ਕੇ ਥਾਂ ਤੇ ਹੀ ਬੈਠ ਕੇ ਪੂਜਾ ਕਰੇਣ ਲੱਗਾ ਕਰਕੇ ਵਿਭੂਤੀ ਵਧੀ ਤ ਹੰਕਾਰ ਹ ਗਿਆ। ਇਕ ਗੁਰਬਖਸ਼ ਨਾਮੇ ਸਾਧ, ਜਿਸ ਨੂੰ ਨੌਵੇਂ ਗੁਰਾਂ ਦੇ ਦੇਹੁਰੇ ਦੀ ਧੂਪ ਬੱਤੀ ਦੀ ਸੇਵਾ ਵਿਚ, ਅਨੰਦਪੁਰ ਛੱਡਣ ਲੱਗਿਆਂ ਹਜ਼ੂਰ ਨੇ ਲਾਇਆ ਸੀ। ਉਸ ਨੇ ਆ ਕੇ ਵੇਖਿਆ, ਬੜਾ ਚਿੱਤ ਦੁਖਿਆ। ਕਿਹਾ ਕਿ ਗੁਰੂ ਕੇ ਸਥਾਨ ਤੇ ਗੁਰੂ ਸਣ ਕੇ ਨਾ ਬੈਠ। ਗੁਲਾਬ ਰਾਇ ਹੰਕਾਰ ਨਾਲ ਕੌੜਾ ਬੋਲਿਆ ਤੇ ਗੱਨੇ ਦਿਵਾ ਕੇ ਸਾਧ ਨੂੰ ਬਾਹਰ ਕਢਾ ਦਿੱਤਾ। ਤਾਂ ਗੁਰਬਖਸ਼ ਸਾਧ ਨੇ ਸਰਾਪ ਦਿੱਤਾ ਕਿ ਦਸਵੇਂ ਪਾਤਸ਼ਾਹ ਜੀ ਦੇ ਬਰਾਬਰ ਗੁਰੂ ਬਣਨਾ ਚਾਹੁੰਦਾ ਹੈਂ, ਤੇਰੀ ਜੜ੍ਹ ਹੀ ਨਹੀਂ ਰਹੇਗੀ। ਇਹ ਬਚਨ ਥੋੜ੍ਹੇ ਸਮੇਂ ਵਿਚ ਹੀ ਸੱਚੇ ਹੋਏ। ਇਹ ਆਪ ਵੀ ਤੇ ਇਸ ਦੇ ਚਾਰ ਪੁੱਤਰ ਜੋ ਸਨ, ਉਹ ਵੀ ਸਾਰੇ ਹੀ ਮਰ ਗਏ, ਇਸ ਦਾ ਕੁਲ ਸਮਾਪਤ ਹੋ ਗਈ।

ਸੋ ਐਨੀਆਂ ਇਤਿਹਾਸਕ ਗਵਾਹੀਆਂ ਹਨ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰਤਾ-ਗੱਦੀ ਮਿਲਣ ਤੋਂ ਬਾਅਦ ਜੇ ਕਿਸੇ ਵਿਅਕਤੀ ਨੇ ਗੁਰੂ ਬਣਨਾ ਚਾਹਿਆ ਤਾਂ ਕਿੰਨੀ ਦੁਰਦਸ਼ਾ ਹੋਈ, ਜੜ੍ਹਾਂ ਹੀ ਨਾ ਰਹੀਆਂ। ਸੋ ਭੁੱਲ ਕੇ ਵੀ ਕੋਈ ਵਿਅਕਤੀ ਖਾਲਸੇ ਦਾ ਗੁਰੂ ਬਣਨ ਦਾ ਪਾਪ ਨਾ ਕਰੇ ਤੇ ਨਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ, ਕੋਈ ਗੁਰੂ ਨਾਮ ਲੇਵਾ ਸਿੱਖ, ਕਿਸੇ ਦੇਹਧਾਰੀ ਨੂੰ ਗੁਰੂ ਮੰਨਣ ਦਾ ਅਪਰਾਧ ਕਰਕੇ, ਆਪਣਾ ਜਨਮ ਭ੍ਰਿਸ਼ਟ ਕਰੇ। ਕਿਉਂਕਿ ਦਸਮੇਸ਼ ਪਿਤਾ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਕਿਹਾ ਸੀ ਕਿ ਇਹ ਪੰਜ ਭੂਤਕ ਸਰੀਰ ਸਾਡਾ ਅਸਲ ਸਰੂਪ ਨਹੀਂ। ਸਾਡਾ ਵਾਸਤਵ ਸਰੂਪ ਸਤ, ਚੇਤਨ, ਅਨੰਦ ਸਰੂਪ ਹੈ। ਸਾਡੀ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੇ ਸਮੁੱਚੇ ਗੁਰੂ ਪੰਥ ਵਿਚ ਹੈ।

ਦੇਹਧਾਰੀ ਪਖੰਡੀ ਗੁਰੂਆਂ ਦਾ ਖੰਡਨ

ਜਦੋਂ ਤੋਂ ਦਸਵੇਂ ਪਾਤਿਸ਼ਾਹ ਜੀ ਨੇ ਗੁਰਤਾ-ਗੱਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਅਰਪੀ ਤਦੋਂ ਤੋਂ ਮਗਰੋਂ ਜਿਸ ਜਿਸ ਮਨੁੱਖ ਨੇ ਵੀ ਗੁਰੂ ਬਣਨ ਦੀ ਕੋਸ਼ਿਸ਼ ਜਾਂ ਗ਼ਲਤੀ ਕੀਤੀ ਤਾਂ ਉਸ ਨੂੰ ਮੂੰਹ ਦੀ ਖਾਣੀ ਪਈ, ਬੜੀ ਭਾਰੀ ਦੁਰਦਸ਼ਾ ਹੋਈ।

੧. ਇਹ ਗ਼ਲਤੀ ਸਭ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਆਪ ਜਾਂ ਉਸ ਦੇ ਚੇਲਿਆਂ ਬੰਦਈ ਸਿੰਘਾਂ ਨੇ ਉਸ ਨੂੰ ਗੁਰੂ ਬਨੌਣ ਦੀ ਕੀਤੀ। ਤਾਂ ਉਸ ਨੂੰ ਹਾਰ ਹਈ। ਉਹੀ ਤੀਰ ਸਹਾਇਤਾ ਕਰਨੋਂ ਹਟੇ। ਤੱਤ ਖਾਲਸਾ ਵੱਖਰਾ ਹੋਇਆ। ਬੰਦਾ ਸਿੰਘ ਜੀ ਨੂੰ ਕੈਦ ਕਰਕੇ ਬੇਰਹਿਮੀ ਦੇ ਨਾਲ ਸ਼ਹੀਦ ਕੀਤਾ ਗਿਆ।

੨. ਉਸ ਤੋਂ ਮਗਰੋਂ ਇਹੋ ਗਲਤੀ ਪਾਲਕ ਅਜੀਤ ਸਿੰਘ ਨੇ ਕੀਤੀ। ਛੇਵੇਂ ਪਾਤਿਸ਼ਾਹ ਜੀ ਦੇ ਸ਼ਸਤਰਾਂ ਨੂੰ ਪਹਿਨ ਕੇ ਗੁਰੂ ਬਣਨਾ ਚਾਹਿਆ ਤਾਂ ਸਭ ਤੋਂ ਪਹਿਲਾਂ ਪਰਮ ਪੂਜਨ ਜਗਤ ਮਾਤਾ ਸੁੰਦਰ ਕੌਰ ਜੀ ਨੇ ਰੋਕਿਆ—ਨਾ ਮੰਨਣ ਤੋਂ ਸਰਾਪ ਦਿੱਤਾ ਕਿ ਜਾਹ ਜਵਾਨੀ ਨਾ ਮਾਣੇ, ਤੇਰੀ ਦੁਰਦਸ਼ਾ ਹੋਵੇ, ਬੇਧਰਮਾ ਹੋ ਕੇ ਕੁਮੌਤੇ ਮਰੇਂ। ਇਹ ਹੀ ਹਾਲਤ ਹੋਈ ਪਾਲਕ ਅਜੀਤ ਸਿੰਘ ਨੂੰ ਪਤਿਤ ਹੋ ਕੇ ਕੁਮੌਤੇ ਨਿਰਾਦਰੀ ਨਾਲ ਮਰਨਾ ਪਿਆ।

੩. ਤੀਜੀ ਵਾਰੀ ਇਹ ਗਲਤੀ ਪਾਲਕ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਨੇ ਕੀਤੀ। ਧੁਰ ਕੀ ਬਾਣੀ ਦੇ ਮੁਕਾਬਲੇ ਆਪਣੀ ਬਾਣੀ ਰਚਨੀ ਚਾਹੀ, ਜਦੋਂ ਇਕ ਅੱਖਰ ਵੀ ਨਾ ਔੜਿਆ ਤਾਂ ਹੰਭ ਕੇ ਹਟ ਗਿਆ। ਅਖੀਰ ਗੁਰੂ ਬਣਨ ਦਾ ਕਮਲ ਆਪਣੇ ਪਿਓ ਵਾਂਗ ਇਸ ਨੂੰ ਵੀ ਜਦੋਂ ਹੋਇਆ ਤਾਂ ਗੁਰੂ ਕੀ ਬਾਣੀ ਦੇ ਸ਼ਬਦਾਂ ਪਿੱਛੇ ਸਤਿਗੁਰੂ ਨਾਨਕ ਦੇਵ ਜੀ ਦੇ ਨਾਂ ਦੀ ਥਾਂ ਤੇ ਆਪਣਾ ਨਾਂ ਲਿਖਣ ਲੱਗਾ। ਪਰਮ ਪੂਜਨ ਮਾਤਾ ਜੀ ਪਤਾ ਲੱਗਣ ਤੋਂ ਬਹੁਤ ਹੀ ਨਰਾਜ਼ ਹੋਏ। ਸਰਾਪ ਦੇ ਦਿੱਤਾ ਤੇ ਬੇਦਾਵਾ ਲਿਖ ਦਿੱਤਾ। ਅਤੇ ਅੰਤ ਨੂੰ ਬਾਦਸ਼ਾਹ ਵੱਲੋਂ ਹਠੀ ਸਿੰਘ ਬੁਰੀ ਤਰ੍ਹਾਂ ਹਾਸੀ ਦੇ ਪੈਰਾਂ ਨਾਲ ਬੰਨ੍ਹ ਕੇ, ਸਾਰੇ ਦਿੱਲੀ ਸ਼ਹਿਰ ਵਿਚ ਫੇਰ ਕੇ, ਘਸੀਟ ਕੇ ਮਰਵਾ ਦਿੱਤਾ ਗਿਆ।

ਚਾਰੋ ਚੱਕ ਨਵਖੰਡ ਨਾਤ ਦੀਪ ਬ੍ਰਹਮੰਡ,
ਉੱਤਰ ਦੱਖਣ ਪੂਬ ਪੱਛਮ ਮੇ ਜਾਈਐ।
ਸਭ ਥਾਇ ਨਾਮੁ ਧਯਾਵੈ ਗੁਰੂ ਗ੍ਰੰਥ ਕੋ ਮਨਾਵੈ,
ਭੇਟਾ ਪ੍ਰਸ਼ਾਦਿ ਆਵੈ ਇਛ ਕੋ ਪੁਰਾਈਐ।
ਸ੍ਰੀ ਹਰਿਮੰਦਰ ਮੈਂ ਅੰਮ੍ਰਿਤ ਤਾਲ ਮਧ,
ਪੂਜਾ ਗੁਰੂ ਗ੍ਰੰਥ ਹੋਵੈ ਕੀਰਤਨਿ ਗਾਈਐ।
ਦੀਨ ਦੁਨੀ ਨਾਮੁ ਰਾਖਾ ਧਰਮ ਅਰਥ ਮੋਖ ਦਾਤਾ,
ਸ੍ਰੀ ਗੁਰੂ ਗ੍ਰੰਥ ਸਾਹਿਬ ਸਦਾ ਹੀ ਮਨਾਈਐ ॥੧੧੩॥
ਜੋਈ ਜੋਈ ਫਲ ਚਾਹੀਏ ਨਿਸਚੇ ਗੁਰਾਂ ਤੇ ਪਾਈਐ,
ਜਗਤ ਉਧਾਰ ਹਿਤ ਦੀਆ ਸਤਿਨਾਮੁ ਹੈ।
ਸੰਤ ਭਗਤ ਨਾਮੁ ਧਿਆਵੈ ਰਿਖੀ ਮੁਨੀ ਲਿਵ ਲਾਵੈ,
ਸਿੱਧ ਦੇਵ ਪੀਰ ਗਾਵੈ ਜਾਨੈ ਅਭਿਰਾਮੁ ਹੈ।
ਸਿੱਖ ਨਾਮੁ ਜਪੈ ਆਪ ਅਉਰ ਕੋ ਜਪਾਵੈ ਨਾਮੁ,
ਗੁਰੂ ਗ੍ਰੰਥ ਰਹੈ ਸ਼ਾਮ ਅਬਿਨਾਸੀ ਧਾਮ ਹੈ।
ਦਸ ਗੁਰੂ ਜੋਤਿ ਜਾਗੈ ਗੁਰਬਾਣੀ ਜਗਤ ਗੁਰ,
ਬਾਰ ਬਾਰ ਬੰਦਨਾ ਕੋ ਜਪੋਂ ਆਠੋ ਜਾਮ ਹੈ ॥੧੧੪॥

ਦੋਹਿਰਾ ॥

ਸਤਿ ਸੰਗਤਿ ਗੁਰ ਖਾਲਸਾ, ਗੁਰੂ ਗ੍ਰੰਥ ਸੁਖ ਧਾਮ।
ਨਾਮੁ ਵਾਹਿਗੁਰੂ ਜਪ ਸਦਾ, ਮਨ ਪਾਵੈ ਬਿਸ੍ਰਾਮ ॥੧੧੫॥
(ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ ੧੮੬-੧੯੧)

ਕਬਿੱਤ ॥

ਭਰਮ ਬਿਮੁੱਖਤਾ ਕੇ ਕੂਲ ਕੋ ਉਖਾਰ ਕਰ,
ਸਿੱਖਨਿ ਸ੍ਰੁਤਿ ਦਰ ਚਲੇ ਪਰਵਾਹਿ ਹੈ ।
ਦੰਭਨਿ ਪਖੰਡਨਿ ਕੇ ਤਰ ਕੋ ਉਪਾਰ ਮੂਰ,
ਬੁੱਧ ਰੂਪ ਸਿੱਪੀ ਜਹਿ ਲਾਲਸ ਉਮਾਹਿ ਹੈ ।
ਸ੍ਰਾਂਤੀ ਬੂੰਦ ਸਿਖਿਆ ਸ਼ਬਦੁ ਗੁਰਦੇਵ ਜੀ ਕੋ,
ਸਰਧਾ ਸੰਜੁਗਤ ਲੈ ਕੈ ਰਿਦੇ ਮੇ ਸਮਾਹਿ ਹੈ ।
ਗਿਆਨ ਰੁਪ ਮੋਤੀ ਤਾਂਈਂ ਕਰੇ ਉਤਪੰਨ ਏਹ,
ਮਰੋ ਜੀਉ ਜੀਵ ਮਰੇ ਸੋਈ ਨਰ ਪਾਹਿ ਹੈ ॥੧੧੦॥

ਸਿੱਖਨਿ ਸ਼ਨਾਨ ਜੋਗੁ ਨਦੀ ਗੁਰਬਾਣੀ ਇਹੁ,
ਘਾਟ ਸਤਿਸੰਗ ਵੀਚ ਚੱਲ ਮਨ ਨ੍ਹਾਤ ਹੈ ।
ਕਾਮਾਲਾ ਗਿਤਾਦਿ ਨਿਹਕਾਮਤਾ ਕੋ ਅੰਗੀਕਾਰ,
ਕ੍ਰੋਧ ਕੋ ਅਭਾਵ ਸ਼ਾਂਤਿ ਰਿਦੇ ਮੇ ਸੁਹਾਤ ਹੈ ।
ਰਜੋ ਗੁਣ ਤਮੋ ਗੁਣ ਸਤੋ ਗੁਣ ਤਿਆਗ ਕਰ,
ਏਕੋ ਪ੍ਰਮਾਤਮਾ ਮੇ ਬ੍ਰਿਤੀ ਟਿਕਾਤ ਹੈ ।
ਐਸਾ ਲਾਭ ਹੋਇ ਗੁਰਬਾਣੀ ਮੇ ਸ਼ਨਾਨ ਕਰੇ,
ਸੁੱਧ ਬ੍ਰਹਮ ਰੂਪ ਅਨੁਭਵ ਵਿਖਯਾਤ ਹੈ ॥੧੧੧॥

ਨਾਮੁ ਦਾਤਾ ਪ੍ਰੇਮ ਦਾਤਾ ਸ਼ਾਂਤਿ ਸੁਖ ਖੇਮ ਦਾਤਾ,
ਗਿਆਨ ਨਿਤਨੇਮ ਦਾਤਾ ਸਾਚੋ ਸਿਰਤਾਜ ਹੈ ।
ਸਤ ਦਾਤਾ ਮਤ ਦਾਤਾ ਭਾਣਾ ਮੰਨੇ ਪਤ ਦਾਤਾ,
ਧੀਰਜ ਤੇ ਜਤ ਦਾਤਾ ਨਿੰਮ੍ਰਤਾ ਵਿਰਾਜ ਹੈ ।
ਵੈਰਾਗ ਤੇ ਤਿਆਗ ਦਾਤਾ ਪੂਰਨ ਸੁਭਾਗ ਦਾਤਾ,
ਵਿਦਿਆ ਸੋ ਰਾਗ ਦਾਤਾ, ਦਾਤਾ ਜੋਗ ਸਾਜ ਹੈ ।
ਰਾਜ ਦਾਤਾ ਤੇਜ ਦਾਤਾ ਅੰਮ੍ਰਿਤ ਰੇਜ ਦਾਤਾ,
ਸ੍ਰੀ ਗੁਰੂ ਗ੍ਰੰਥ ਸਾਹਿਬ ਸਾਚੋ ਮਹਾਰਾਜ ਹੈ ॥੧੧੨॥

ਦਯਾ ਸਿੰਘ ਆਦਿ ਹੈ ਪੰਜ ਪਿਆਰੇ।
ਹਜ਼ੂਰ ਸਤਿਗੁਰੂ ਰਹਿਣੈ ਵਾਰੇ।
ਅੰਮ੍ਰਿਤ ਛਕੈ ਗੁਰੂ ਕੋ ਧਾਰੈ।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਰੈ ॥੧੦੪॥
ਗੁਰੂ ਗ੍ਰੰਥ ਜੀ ਅੰਤਰਜਾਮੀ।
ਮਨ ਕੀ ਜਾਨ ਉਪਦੇਸ਼ਤ ਸੁਆਮੀ।
ਪ੍ਰਤੱਖ ਗੁਰੂ ਹੈ ਤਾਰਨਹਾਰੇ।
ਅੱਖਰ ਰੋਮ ਹੈ ਸਭ ਜਿਸ ਧਾਰੇ ॥੧੦੫॥
ਰਾਗ ਅੰਗ ਪ੍ਰਤੱਖ ਸਰੂਪਾ।
ਜੋ ਪੜ੍ਹੈ ਸ਼ਰਧਾ ਬਚਨ ਅਨੂਪਾ।
ਬੋਲਨਿ ਸਾਥ ਕਮਾਵੈ ਬਾਣੀ।
ਸੁਣੈ ਗੁਨੀ ਅੰਮ੍ਰਿਤ ਰਸ ਮਾਣੀ ॥੧੦੬॥
ਅਨਹਤਿ ਬਾਣੀ ਗੁਰੂ ਗ੍ਰੰਥੰ।
ਨਾਸ ਰਹਿਤ ਪਦ ਦਾਤੀ ਪੰਥੰ।
ਅਨਹਦੁ ਸ਼ਬਦੁ ਇਕ ਰਸ ਗਾਵੈ।
ਵਾਹਿਗੁਰੂ ਕੋ ਰਿਦੈ ਵਸਾਵੈ ॥੧੦੭॥
ਪੰਚ ਤਤ ਤੇ ਪਰੇ ਜੋ ਪਿਆਰਾ।
ਪੰਚ ਕੋਸ਼ ਤੇ ਜਾਨੋ ਨਿਆਰਾ।
ਸੋਹੂ ਦਸਵਾਂ ਆਗੇ ਦੁਆਰਾ।
ਸੂਰਜ ਕੋਟ ਨਹਿ ਸਮ ਉਜਿਆਰਾ ॥੧੦੮॥
ਜੋਤਿ ਰੂਪ ਸੈ ਅਨੁਭਵ ਰੂਪਾ।
ਸਦਾ ਪ੍ਰਕਾਸ਼ ਸਤਿ ਚੇਤ ਅਨੂਪਾ।
ਅਨੰਦ ਅਖੰਡ ਹੋਇ ਗੁਰ ਧਿਆਈ।
ਗੁਰੂ ਗ੍ਰੰਥ ਪ੍ਰਤੱਖ ਤਰਾਈ ॥੧੦੯॥

ਹਸਤ ਦੇਗ ਅਰ ਵਿਦਿਆ ਦਾਤੇ।
ਅਠਾਰਹ ਸਿੱਧ ਨਵਨਿਧਿ ਦਿਵਾਤੇ।
ਮੁਕਤੀ ਕੈਵਲ ਦਾਤ ਤੁਮਾਰੀ।
ਲੋਕ ਪ੍ਰਲੋਕ ਮੈ ਨਾਮੁ ਸੰਗਾਰੀ ॥੯੮॥
ਰਿਦਾ ਆਯੁਤ ਬਿਆਪਕ ਭਾਖੋ।
ਪ੍ਰਛਿੰਨਤਾ ਕੀ ਛੁਡਾਵਤ ਕਾਂਖੋ।
ਕਟ ਹੈ ਉਦਮ ਅੰਮ੍ਰਿਤ ਵੇਲਾ।
ਨਾਮੁ ਦਾਨ ਇਸ਼ਨਾਨ ਸੁਹੇਲਾ ॥੯੯॥
ਚੋਲਾ ਬਿਨਤੀ ਸਦਾ ਕਰੀਜੈ।
ਆਪ ਮੇਟ ਕਮਰ ਕਸਨੀ ਥੀਜੈ।
ਕ੍ਰਿਪਾਨ ਸ਼ਕਤੀ ਪੂਰਨ ਆਸਾ।
ਕਰ ਸੰਕਲਪ ਸਹਧਾ ਸੁਪ ਰਾਸਾ ॥੧੦੦॥
ਕਛਹਿਰੇ ਧਰਮ ਸ਼ਰਮ ਦੋਇ ਜਾਨੇ।
ਕੰਘਾ ਮਨ ਕੀ ਬਾਤ ਬਖਾਨੇ।
ਕੜਾ ਕਰੁਣਾ ਸਭ ਤੇ ਕੀਜੈ।
ਮਧ ਅਸਥਾਨ ਭਉ ਗੁਰੂ ਰਖੀਜੈ ॥੧੦੧॥
ਪੱਟ ਪਵਿੱਤ੍ਰ ਮਨ ਚਿਤ ਹੋਵੈ।
ਗੋਡੇ ਨਿਰਭਉ ਜਗ ਤੇ ਜੋਵੈ।
ਪਿੰਵਣੀਆਂ ਸੱਚ ਗਰੀਬੀ ਰਾਖੇ।
ਚਰਣ ਮਰਣ ਕੀ ਚਿੰਤਾ ਨਾਖੈ ॥੧੦੨॥
ਦੂਜਾ ਜੀਵਨਿ ਕੀ ਆਸ ਮਿਟਾਵੈ।
ਨਾਮ ਜਪੈ ਗੁਰ ਹੁਕਮ ਮਨਾਵੈ।
ਹਉਮੈ ਮੇਟ ਧਿਆਨ ਲਗਾਵੈ।
ਗੁਰੂ ਗ੍ਰੰਥ ਜੀ ਸਾਹਿਬ ਪਾਵੈ ॥੧੦੩॥

ਚੌਪਈ ॥

ਸ੍ਰੀ ਗੁਰੂ ਗ੍ਰੰਥ ਪ੍ਰਤੱਖ ਸੋ ਤਾਰੈ ।
ਨਿਰੰਕਾਰ ਜੀ ਕਰ ਆਕਾਰੈ ।
ਅਨੁਭਵ ਵਾਕ ਸ੍ਰੀ ਗੁਰੁ, ਮੁਖ ਹੈ ।
ਕੇਸ ਅਕਲਪਤ ਪਦ ਕਾ ਸੁਪ ਹੈ ॥੯੨॥

ਭਗਤੀ ਦਸਤਾਰ ਸੋ ਨੀਕ ਸੁਹਾਈ ।
ਕਲਗੀ ਮਨ ਅਤਿ ਪ੍ਰੇਮ ਉਪਾਈ ।
ਚਮਕ ਅਪਾਰ ਮਨ ਸ਼ਾਂਤੀ ਆਵੈ ।
ਮਣੀਆਂ ਮਨ ਉਜਲ ਹਇ ਜਾਵੈ ॥੯੩॥

ਮਸਤਕ ਬ੍ਰਹਮ ਗਿਆਨ ਜੋ ਬਾਣੀ ।
ਸੀਸ ਅਭੇਦ ਬਚਨ ਰਸ ਮਾਣੀ ।
ਭੁਵੱਟੇ ਵਿਰਾਗ ਲੋਕ ਪ੍ਰਲੋਕਾ ।
ਨਰਕ ਸੁਰਗ ਤੇ ਰਹਿਓ ਬਿਲੋਕਾ ॥੯੪॥

ਨੇਤ੍ਰ ਸਹਿਜ ਸਮਾਧ ਲਿਵ ਲਾਗੈ ।
ਦ੍ਰਿਸ਼ਟੀ ਮਨ ਰੁਕ ਹੈ ਰਸ ਜਾਗੈ ।
ਸ੍ਰਵਨਿ ਮੰਨਨਿ ਵਾਕ ਕੰਨ ਸੋਨੈ ।
ਨਿਧਿਆਸਨ ਨੱਕ ਮਨ ਕੋ ਮੋਹੈ ॥੯੫॥

ਮੁੱਛਾਂ ਸੋਹਤਿ ਤਤ ਪਦ ਤ੍ਵੰ ਕੋ ।
ਗੇਡਸਥਲਿ ਸਾਖਯਾਤ ਬਚ ਤੂ ਕੋ ।
ਮੁਖ ਹੈ ਸਤਿਨਾਮੁ ਕਰਤਾਰਾ ।
ਦਾੜ੍ਹਾ ਭਾਣਾ ਮਨਾਵਨਿ ਧਾਰਾ ॥੯੬॥

ਕੰਠ ਹੁਕਮ ਸਤਿ ਸੰਗਤਿ ਪ੍ਰੀਤੀ ।
ਬਾਣੀ ਕੀਰਤਨਿ ਭਗਤੀ ਕੀਤੀ ।
ਮੋਢੇ ਉਪਦੇਸ਼ ਜਪੋ ਜਪਾਵੇ ।
ਭੁਜਾਂ ਸ਼ਰਣ ਹਰਿ ਗੁਰ ਕੀ ਪਾਵੈ ॥੯੭॥

ਜਪੈ ਜਪਾਵੈ ਨਾਮ ਸਿੱਖ, ਪਾਇ ਗਿਆਨ ਅਪ੍ਰੇਮ।
ਹਉ ਮੇਟੈ ਅਕਾਲ ਮੈਂ, ਪਾਵੈ ਕੈਵਲ ਮੋਖ ॥੮੩॥
ਤਾਰੂ ਸਿੰਘ ਸੁਬੇਗ ਸਿੰਘ, ਸ਼ਾਹ ਬਾਜ ਸਿੰਘ ਜਾਨ।
ਮੁਕਤ ਭਏ ਬੇਅੰਤ ਸਿੰਘ, ਗੁਰੂ ਗ੍ਰੰਥ ਲੈ ਗਿਆਨ ॥੮੪॥
ਭੂਤ ਕਾਲ ਮੇ ਬਹੁ ਤਰੇ, ਨਾਮੁ ਦੇਤ ਕਲਿਆਨ।
ਵਰਤਮਾਨ ਮੇ ਮੇਟ ਭੈ, ਜਪੈ ਨਾਮੁ ਭ੍ਰਮ ਹਾਨ ॥੮੫॥
ਭਵਿਖਤ ਮੇ ਜੋ ਜਪੈਂਗੇ, ਗੁਰੂ ਗ੍ਰੰਥ ਲੈ ਨਾਮ।
ਮੁਕਤ ਹੋਇ ਬੰਧਨ ਕਟੈ, ਜਪੈ ਜੋ ਆਠੋ ਜਾਮ ॥੮੬॥
ਦਸ ਗੁਰ ਜੋਤਿ ਸੋ ਜਾਗਤੀ, ਸ੍ਰੀ ਗੁਰੂ ਗ੍ਰੰਥ ਅਪਾਰ।
ਵਾਹਿਗੁਰੂ ਮੰਤ੍ਰ ਜਪ, ਜੋਤਿ ਮਿਲੈ ਨਿਰੰਕਾਰ ॥੮੭॥
ਗੁਰ ਨਾਨਕ ਦਸਮੇਸ਼ ਜੀ, ਗੁਰੂ ਗ੍ਰੰਥ ਪ੍ਰਣਾਮ।
ਮਨ ਵਿਛੁੜਿਆ ਮਮ ਮੇਲੀਐ, ਜਗਤ ਗੁਰੂ ਸੁਖ ਧਾਮ ॥੮੮॥
ਸਰਬ ਅਕਾਰ ਕੋ ਲੀਨ ਕਰ, ਨਿਰੰਕਾਰ ਵੀਚਾਰ।
ਜੀਵ ਈਸ ਕੋ ਭੇਦ ਤਜ, ਦੇਵੋ ਸਦਾ ਦੀਦਾਰ ॥੮੯॥
ਵਾਰ ਵਾਰ ਕਰ ਬੰਦਨਾ, ਜੋਤਿ ਰੂਪ ਗੁਰ ਆਪ।
ਨਿਰਾਧਾਰ ਨਿਰਲੰਭ ਜੀ, ਵਾਹਿਗਰੂ ਮਨ ਜਾਪ ॥੯੦॥

ਕਬਿੱਤ ॥

ਸ੍ਰੀ ਗੁਰੂ ਗੋਬਿੰਦ ਸਿੰਘ ਜਾਗਤੀ ਅਕਾਲ ਜੋਤਿ,
ਸ੍ਰੀ ਗੁਰੂ ਗ੍ਰੰਥ ਪਰਕਾਸ਼ ਸੁਖਦਾਈ ਹੈ।
ਨਾਮੁ ਪ੍ਰੀਤ ਹਉਮੈ ਤੋਰ ਭਾਣਾ ਮੰਨ ਮਨ ਜੜ
ਜਗਤ ਅਕਾਲ ਰੂਪ ਗਿਆਨ ਪ੍ਰਗਟਾਈ ਹੈ।
ਸਦਾ ਬ੍ਰਹਮ-ਗਿਆਨ ਧਿਆਨ ਦਾਨ ਇਸ਼ਨਾਨ ਨਾਮੁ,
ਸਿਖਿਆ ਸਿਖਾਵੈ ਜੋਊ ਦਰਸ਼ਨ ਪਾਈ ਹੈ।
ਏਕੋਂਕਾਰ ਸ਼ਬਦੁ ਰੂਪ ਵਾਹਿਗੁਰੂ ਜਾਪੁ ਦੀਨ,
ਅੰਮ੍ਰਿਤ ਸਰੂਪ ਤਾਂਈਂ ਬੰਦੋ ਸਿਰਨਾਈ ਹੈ ॥੯੧॥

ਗੁਰੂ ਗ੍ਰੰਥ ਜੀ ਜਗਤ ਗੁਰ, ਝਗਰਾ ਦੀਆ ਨਿਬੇਰ।
ਏਕ ਖਾਲਸਾ ਸਰਬ ਹੀ, ਗੁਰ ਭਾਈ ਸਮ ਹੇਰ ॥੬੯॥
ਚਲਾਵੈ ਰੀਤ ਸੋ ਖਾਲਸਾ, ਪਾਂਚੋਂ ਅੰਮ੍ਰਿਤੁ ਦੇਇ।
ਗੁਰੂ ਗ੍ਰੰਥ ਪ੍ਰਮਾਰਥੰ, ਗਿਆਨ ਉਦੇ ਕਰਿ ਲੇਇ ॥੭੦॥
ਗਰੁ ਗੰਥ ਗੁਰਤਾ ਲਹੀ, ਪਾਂਚ ਪਿਆਰੇ ਸੰਗ।
ਗੁਰ ਨਾਨਕ ਦਸਮੇਸ਼ ਕੋ, ਏਕੋ ਰੂਪ ਅਭੰਗ ॥੭੧॥
ਏਕ ਆਦਮੀ ਨਹਿ ਗੁਰੂ, ਪੰਥ ਖਾਲਸੇ ਹੋਇ।
ਪਾਂਚੋ ਗੁਰੂ ਗ੍ਰੰਥ ਕੀ, ਤਾਬਿਆ ਸਿਖਿਆ ਲੋਇ ॥੭੨॥
ਇਸ ਤੇ ਜਾਨੋ ਸਰਬ ਹੀ, ਲੈਣਾ ਜਿਨ ਉਪਦੇਸ਼।
ਅੰਮ੍ਰਿਤ ਛਕ ਪੰਚਨਿ ਤਬੈ, ਗੁਰੂ ਗ੍ਰੰਥ ਦਸਮੇਸ਼ ॥੭੩॥
ਹੋਇ ਸਰਧਾ ਉਪਦੇਸ਼ ਧਰ, ਸ਼ਬਦੁ ਕਮਾਵੈ ਨਿਤ।
ਮੁਕਤ ਹੋਇ ਬੰਧਨ ਛੁਟੈ, ਪਾਵੈ ਆਤਮ ਬਿਤ ॥੭੪॥
ਗੁਰੂ ਗ੍ਰੰਥ ਜੀ ਗੁਰੂ ਹੈ, ਗੁਰ ਨਾਨਕ ਕੋ ਰੂਪ।
ਪਿਆਰ ਧਰੈ ਗੁਰ ਸ਼ਬਦੁ ਮੇ, ਹਉਮੈ ਨਾਸੈ ਖੂਪ ॥੭੫॥
ਦਰ ਦਰਸ਼ਨ ਸਹਿਜੇ ਹੁਵੈ, ਮੁਕਤ ਬਿਕੁੰਠ ਤਿਆਗ।
ਜਲ ਜਿਉਂ ਮਿਲ ਜਲ ਕੋ ਵਿਖੈ, ਬ੍ਰਹਮੁ ਮਿਲੈ ਵਡਭਾਗ ॥੭੬॥
ਫਿਰ ਵਿਛੁੜੈ ਨਹਿ ਸਹਿਜ ਸੇ, ਆਪ ਜਾਇ ਜਬ ਮੀਤ।
ਗੰਗ ਮਿਲੀ ਸਾਗਰ ਵਿਖੈ, ਜੁਦਾ ਨ ਕਰਨ ਪਤਰੀਤ ॥੭੭॥
ਜਿਮ ਗੁਰ ਨਾਨਕ ਆਪ ਹੀ, ਬ੍ਰਹਮੁ ਸਰੂਪ ਸੁਹਾਇ।
ਤਿਮ ਗਾਦੀ ਗੁਰ ਗ੍ਰੰਥ ਜੀ, ਤਾਰੈ ਜਗ ਸੁਖ ਦਾਇ ॥੭੮॥
ਹੋਰ ਗੁਰੂ ਜੋ ਜਗਤ ਮਹਿ, ਜੀਵਨਿ ਕੋਟੀ ਮਾਹਿ।
ਪਹਿਲੇ ਤਿਨ ਅਗਿਆਨ ਨੈ, ਫਿਰ ਸਿਖਿਆ ਪ੍ਰਗਟਾਹਿ ॥੭੯॥
ਕਿਸ ਤੇ ਸੀਖੈ ਤਬ ਹੋਵੈ, ਤਿਨਕੋ ਗਿਆਨ ਸੁਜਾਨ।
ਗੁਰੂ ਗ੍ਰੰਥ ਮੇ ਸਹਿਜ ਹੀ, ਨਿਤ ਗਿਆਨ ਪਛਾਨ ॥੮੦॥
ਈਸ਼ਰ ਰੂਪ ਧਰਿਓ ਪ੍ਰਭੂ, ਨਿਰਾਧਾਰ ਜੋ ਆਪ।
ਗੁਰੂ ਗ੍ਰੰਥ ਪਰਕਾਸ਼ ਕਰ, ਕਟੈ ਪਾਪ ਸੰਤਾਪ ॥੮੧॥
ਅਨਪੜ੍ਹ ਕੰਠ ਕਰਾਇਕੈ, ਸਿੱਖਨਿ ਤੇ ਸੁਣ ਕਾਨ।
ਪਾਵੈ ਨਾਮੁ ਅਖੰਡ ਕੋ, ਸਤਿ ਸੰਗਤਿ ਗੁਰ ਥਾਨ ॥੮੨॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੋਹਿਰਾ ॥

ਅਬਚਲ ਨਗਰ ਸਤਿਗੁਰ ਗਏ, ਤੁਰਕਨਿ ਕੋ ਕਰ ਨਾਸ ।
ਅਨਦ ਧਾਰ ਤਹਿ ਠਾਂ ਰਹੇ, ਅਚਰਜ ਜਾਹਿ ਬਿਲਾਸ ॥੫੭॥
ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਭੂ, ਗੁਰਤਾ ਦੋ ਦਸਮੇਸ਼ ।
ਪੰਚ ਸਿੰਘ ਤਾਬਿਆ ਖੜੇ, ਨਾਮੁ ਸੁਣੋ ਸੁਭ ਵੇਸ ॥੫੮॥
ਮਨੀ ਸਿੰਘ ਤਾਬਿਆ ਸਜੇ, ਚੌਰਦਾਰ ਕੇ ਭਾਇ ।
ਧਰਮ ਸਿੰਘ ਹਰਿ ਸਿੰਘ ਜੀ, ਗੁਰਬਖਸ਼ ਸਿੰਘ ਸੁਨਾਇ ॥੫੯॥
ਸੰਤੋਖ ਸਿੰਘ ਜੀ ਦੀਪ ਸਿੰਘ, ਪਾਂਚ ਸਿੰਘ ਸੁਜਾਨ ।
ਜਿਵ ਗੁਰ ਸ੍ਰੀ ਚਮਕੋਰ ਮੇ, ਗੁਰੂ ਖਾਲਸਾ ਠਾਠ ॥੬੦॥
ਦਯਾ ਸਿੰਘ ਤੇ ਧਰਮ ਸਿੰਘ, ਮਾਨ ਸਿੰਘ ਸੁਖਦਾਇ ।
ਸੰਗਤਿ ਸਿੰਘ ਸੰਤ ਸਿੰਘ ਕੋ, ਕਲਗੀ ਜਿਗਾ ਪੈਨ੍ਹਾਇ ॥੬੧॥
ਪੰਚ ਸਿੰਘ ਮਮ ਰੂਪ ਹੈ, ਐਸੇ ਕਹਾ ਸੁਨਾਇ ।
ਗੁਰੂ ਖਾਲਸਾ ਖਾਲਸਾ ਗੁਰ, ਏਕੋ ਹੋਏ ਆਇ ॥੬੨॥
ਇਉਂ ਪੰਚੈਤ ਬਨਾਇਕੇ, ਨਾਮੁ ਧਰਮ ਦ੍ਰਿੜਾਇ ।
ਗੁਰੂ ਥਾਪ ਗੁਰੂ ਗ੍ਰੰਥ ਕੋ, ਮਾਨੈ ਪਾਂਚੋ ਚਾਇ ॥੬੩॥
ਜਬ ਸਤਿਗੁਰ ਨਿਜ ਧਾਮ ਕੋ, ਜੋਤੀ ਜੋਤਿ ਸਮਾਇ ।
ਪੰਜ ਸਿੰਘ ਸਨਮੁਖ ਕਰੇ, ਗੁਰੂ ਗ੍ਰੰਥ ਕੇ ਭਾਇ ॥੬੪॥
ਗੁਰਤਾ ਗੁਰੂ ਗ੍ਰੰਥ ਕੋ, ਦੀਨੀ ਸ੍ਰੀ ਦਸਮੇਸ਼ ।
ਜੋ ਲਿਖਾਯੋ ਆਪ ਗੁਰ, ਬਿਦਤੈ ਅਬ ਸਭ ਦੇਸ ॥੬੫॥
ਦਸਮ ਗੁਰੂ ਮਹਾਰਾਜ ਨੇ, ਰਚ ਗੁਰ ਗ੍ਰੰਥ ਅਨੂਪ ।
ਗੁਰਤਾ ਦੀਨੀ ਥਾਪ ਕੇ, ਦਸ ਗੁਰ ਏਕੋ ਰੂਪ ॥੬੬॥
ਸਤਾਰਾਂ ਸੋ ਪੈਂਸਠ ਵਿਖੇ, ਕੱਤਕ ਸੁਦਿ ਥੀ ਦੋਇ ।
ਗੁਰਿਆਈ ਗੁਰੂ ਗ੍ਰੰਥ ਜੀ, ਅੰਮ੍ਰਿਤ ਵੇਲਾ ਸੋਇ ॥੬੭॥
ਅਬਚਲ ਨਗਰ ਗੁਰਤਾ ਮਿਲੀ, ਗੁਰੂ ਗ੍ਰੰਥ ਮਹਾਰਾਜ ।
ਦਸਮ ਗੁਰੂ ਬਖਸ਼ਨਿ ਕਰੀ, ਸਭ ਮਾਨੈ ਸਿਰਤਾਜ ॥੬੮॥

ਜੀ ਦੇ ਸਰੂਪ, ਪੋਥੀਆਂ, ਗੁਟਕੇ ਆਦਿ ਵਿਚ ਕਾਗਜ਼ ਜਾਂ ਧਾਗੇ ਦੀ ਨਿਸ਼ਾਨੀ ਨਹੀਂ ਰੱਖਣੀ। ਪਾਠ ਕਰਦਿਆ ਪੱਤਰਾ ਹਮੇਸ਼ਾ ਉਪਰਲੇ ਪਾਸਿਓਂ ਸੱਜੇ ਹੱਥ ਨਾਲ ਪਲਟਣਾ ਚਾਹੀਦਾ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਉੱਤੇ ਕਸੁੰਭੇ ਰੰਗ ਜਾਂ ਤਸਵੀਰਾਂ ਵਾਲਾ ਰੁਮਾਲਾ ਪੁਸ਼ਾਕਾ ਨਹੀਂ ਸਜੌਣਾ ਚਾਹੀਦਾ। ਕੀਮਤੀ, ਸੁੰਦਰ, ਸਾਫ-ਸੁਥਰੇ ਰੁਮਾਲੇ ਕੇਨਾ ਕਰਨੇ ਚਾਹੀਦੇ ਹਨ। ਸਤਿਗੁਰੂ ਜੀ ਉਤੇ ਚੌਰ ਕਰਨਾ, ਅਤਰ ਛਿੜਕਣਾ, ਫੁੱਲ ਚੜ੍ਹੌਣੇ, ਧੂਪ ਧੁਖੌਣੀ ਅਤੇ ਦੇਸੀ ਘਿਉ ਦਾ ਦੀਵਾ ਬਾਲਣਾ ਚਾਹੀਦਾ ਹੈ। ਹਜ਼ੂਰੀ ਵਿੱਚ ਮਿੱਟੀ ਦਾ ਤੇਲ ਬਾਲ ਕੇ ਚਾਨਣ ਨਹੀਂ ਕਰਨਾ ਚਾਹੀਦਾ। ਜਿਸ ਵੇਲੇ ਕੋਈ ਗੁਰਮੁਖ, ਰੇਡੀਓ ਜਾਂ ਟੇਪ-ਰੀਕਾਰਡ ਤੋਂ ਗੁਰਬਾਣੀ ਸ੍ਰਵਣ ਕਰ ਰਿਹਾ ਹੋਵੇ ਤਾਂ ਰੇਡੀਓ ਆਦਿ ਨੂੰ ਗੁਰਬਾਣੀ ਦੇ ਸਤਿਕਾਰ ਵਜੋਂ ਆਪਣੇ ਨਾਲ ਉੱਚ ਅਸਥਾਨ ਤੇ ਰੱਖਣਾ ਚਾਹੀਦਾ ਹੈ। ਜਿਨ੍ਹਾਂ ਅਖਬਾਰਾਂ, ਰਿਸਾਲਿਆਂ, ਕਿਤਾਬਾਂ ਆਦਿ ਤੇ ਗੁਰਬਾਣੀ ਦੇ ਸ਼ਬਦ ਲਿਖੇ ਹੋਣ ਤਿਨ੍ਹਾਂ ਨੂੰ ਲਫਾਫੇ, ਰੱਦੀ ਆਦਿ ਦੀ ਵਰਤੋਂ ਵਿਚ ਨਹੀਂ ਲਿਆਉਣਾ ਅਤੇ ਪੈਰਾਂ ਵਿਚ ਨਹੀਂ ਰੁਲਣ ਦੇਣਾ ਚਾਹੀਦਾ। ਜੰਗਲ ਮੈਦਾਨ ਵਾਲੇ ਸਮਰ ਮਹਾਰਾਜ ਜੀ ਦੀ ਤਾਬਿਆ ਨਹੀਂ ਲਗਾਣੇ ਦੂਜੇ ਬਦਲ ਕੇ ਜਾਂ ਧੋ ਕੇ ਸੁਕਾ ਕੇ ਪਹਿਰ ਕੇ ਜਾਣਾ ਹੈ।

ਕਵਿਰਾਜ ਸੰਤ ਨਿਹਾਲ ਸਿੰਘ ਜੀ ਪਾਠ ਦੀ ਮਰਯਾਦਾ ਬਾਰੇ ਦੱਸਦੇ ਹਨ :-

'ਪਾਠ ਰੀਤਿ :-

ਅੰਨ ਕੋ ਬੰਧੇਜ ਬਾਂਧ, ਆਸਨ ਕੋ ਸਾਧ ਬੈਸ,
ਗਾਤ ਕੋ ਅਲੋਲ ਸੂਧ, ਏਕ ਚਾਲ ਲੀਜਿਯੇ।
ਚੀਤ ਕੋ ਨਿਰੋਪ ਕੈ, ਪ੍ਰਬੋਧ ਕੈ ਪ੍ਰਕਾਸ਼ ਪ੍ਰੇਮ,
ਗਾਦੀ ਨ ਬਿਛਾਇ, ਨਾ ਪ੍ਰਯੰਕ ਹਾਥ ਦੀਜਿਯੇ।
ਖਾਂਸੀ, ਕ੍ਰੋਧ, ਵਾਰਤਾ, ਜੰਭਾਈ ਔ ਡਕਾਰ, ਛੀਕ,
ਹਾਗੀ, ਸੀਂਚ, ਮੰਦ ਪੌਨ, ਥੂਕ ਨਾ ਕਰੀਜਿਯੇ।
ਸਾਂਤਕੀ ਸੁਭਾਵ ਸੋਂ, ਅਕਾਲ ਕੋ ਲਗਾਇ ਧਯਾਨ,
(ਗੁਰੂ) ਗ੍ਰੰਥ ਜੂ ਕੋ ਪਾਠ, ਪਯਾਰੇ! ਐਸੀ ਭਾਂਤ ਕੀਜਿਯੇ।'

(ਗੁਰਮਤ ਮਾਰਤੰਡ ਭਾਗ ਦੂਜਾ, ਪੰਨਾ ੪੨੧)

ਖਾਲਸਾ ਜੀਓ! ਸਤਿਗੁਰੂ ਜੀ ਦੀ ਬਾਣੀ ਦਾ ਇਸ ਤੋਂ ਵੱਧ ਜਿੰਨਾ ਵੀ ਹੋ ਸਕੇ ਅਦਬ ਤੇ ਸਤਿਕਾਰ ਕਰਨਾ ਚਾਹੀਦਾ ਹੈ। ਜਿਸ ਕਰਕੇ ਮਹਾਰਾਜ ਜੀ ਦੀ ਸਾਡੇ ਤੇ ਅਪਾਰ ਕਿਰਪਾ ਹੋਵੇਗੀ ਅਤੇ ਸਾਡੇ ਤੇ ਬੇਅੰਤ ਬਖ਼ਸ਼ਿਸ਼ਾਂ ਕਰਨਗੇ।-

ਗੁਰਬਾਣੀ ਤੇ ਗੁਰੂ ਭਾਵਨੀ ਕਰਨੀ ਹੈ। ਮਹਾਰਾਜ ਸਾਹਿਬ ਅਲਮਾਰੀ ਵਿਚ ਨਹੀਂ ਸਗੋਂ ਸਾਫ ਸੁਥਰੇ ਹਵਾਦਾਰ ਕਮਰੇ ਵਿਚ ਪਲੰਘ ਤੇ ਬਿਰਾਜਮਾਨ ਕਰਨੇ ਚਾਹੀਦੇ ਹਨ। ਜਿਸ ਪਾਲਕੀ ਵਿਚ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਹੋਵੇ ਇਕ ਚੰਦੋਆ ਉਸਦੇ ਵਿਚ ਅਤੇ ਇਕ ਵੱਡਾ ਚੰਦੋਆ ਉੱਪਰ ਹੋਣਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਸਤਿਗੁਰੂ ਜੀ ਚਵਰ ਛਤ੍ਰ ਤਖਤ ਦੇ ਮਾਲਕ ਜੁ ਹੋਏ।

'ਤਮਕਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥' (੯੬੮)

ਜਿਸ ਕਮਰੇ ਵਿਚ ਪ੍ਰਕਾਸ਼ ਜਾਂ ਸੁਖਆਸਣ ਹੋਵੇ ਉਥੇ ਜਾਂ ਬਾਹਰ ਮਹਾਰਾਜ ਜੀ ਦੇ ਸਾਹਮਣੇ ਮੰਜਾ ਆਦਿ ਕਦੇ ਨਹੀਂ ਡਾਹੁਣਾ, ਕੇਵਲ ਭੂਮਆਸਣ ਕਰਨਾ ਹੈ, ਅਥਵਾ ਸਫਾਂ ਵਿਛਾ ਕੇ ਬੈਠਣਾ ਹੈ :-

'ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥' (੧੧੮੫)

ਜਦੋਂ ਵੀ ਸਤਿਗੁਰ ਜੀ ਦੀ ਸਵਾਰੀ ਆਵੇ ਜਾਂ ਗੁਰੂ ਕੀ ਸੰਗਤ ਧੁਰ ਕੀ ਬਾਣੀ ਦਾ ਕੀਰਤਨ ਕਰਦੀ ਆਵੇ ਤਾਂ ਪੈਰੋਂ ਜੋੜਾ ਉਤਾਰ ਕੇ, ਦੋਵੇਂ ਹੱਥ ਜੋੜ ਕੇ, ਉੱਠ ਕੇ ਸਤਿਕਾਰ ਕਰਨਾ ਹੈ। ਸਤਿਗੁਰੂ ਜੀ ਦੀ ਸਵਾਰੀ ਨਾਲ ਪੰਜ ਸਿੰਘ ਨੰਗੇ ਚਰਨੀਂ ਹੋਣ, ਇਕ ਸਿੰਘ ਚੌਰ ਕਰੇ ਅਤੇ ਇਕ ਸਿੰਘ ਅੱਗੇ ਜਲ ਛਿੜਕਦਾ ਜਾਵੇ।

ਪੋਥੀ ਜਾਂ ਗੁਟਕੇ ਤੋਂ ਪਾਠ ਕਰਦਿਆਂ ਧਰਤੀ ਤੇ ਕਪੜਾ ਵਿਛਾ ਕੇ ਉੱਪਰ ਬੈਠਣਾ ਚਾਹੀਦਾ ਹੈ। ਦੂਜਿਆਂ ਦੇ ਮੰਜਿਆਂ ਤੇ ਬੈਠਿਆਂ ਤੋਂ ਉਨ੍ਹਾਂ ਦੇ ਪਿੱਛੇ ਨੀਵੇਂ ਥਾਂ ਜਾਂ ਥੱਲੇ ਬਹਿ ਕੇ ਕਦੇ ਵੀ ਪਾਠ ਨਹੀਂ ਕਰਨਾ। ਵਿਦਿਆਰਥੀ ਨੂੰ ਸੰਥਿਆ ਕਰਾਉਣ ਵਾਲਾ ਸਰ੍ਹਾਣੇ ਵੱਲ ਜਾਂ ਉੱਚੀ ਥਾਂ ਤੇ ਨਾ ਬੈਠੇ। ਗੁਰਬਾਣੀ ਦੀਆਂ ਪੋਥੀਆਂ, ਗੁਟਕੇ, ਦਸਮ ਦੀ ਬਾਣੀ, ਭਾਈ ਗੁਰਦਾਸ ਜੀ ਦੀ ਬਾਣੀ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਗੁਰਮਤਿ ਬਾਰੇ ਹੋਰ ਜਿੰਨੇ ਵੀ ਗ੍ਰੰਥ ਹੋਣ ਸਭ ਦਾ ਸਤਿਕਾਰ ਕਰਨਾ ਹੈ। ਆਮ ਪੁਸਤਕਾਂ ਵਿਚ ਜਾਂ ਉਨ੍ਹਾਂ ਦੇ ਥੱਲੇ ਨਹੀਂ ਰੱਖਣਾ ਚਾਹੀਦਾ। ਉੱਪਰ ਸੁੰਦਰ ਚੋਲੀਆ (ਕੱਪੜਾ) ਚੜ੍ਹਾ ਕੇ, ਵਿਚ ਪਲਕਾਂ ਹੱਪ ਕੇ, ਤਣੀਆਂ ਵਾਲੇ ਸਾਫ ਸੁਥਰੇ ਸੋਹਣੇ ਰੁਮਾਲਿਆਂ ਵਿਚ ਸੰਤੋਖ ਕੇ ਉੱਚੀ ਅਤੇ ਪਵਿੱਤਰ ਜਗ੍ਹਾ ਤੇ ਰੱਖਣਾ ਚਾਹੀਦਾ ਹੈ। ਪੈਰੀਂ ਜੁੱਤੀ ਪਾ ਕੇ, ਨੰਗੇ ਪਿੰਡੇ ਅਤੇ ਨੰਗੇ ਸਿਰ ਕਦੇ ਵੀ ਪੋਥੀ ਗੁਟਕਾ ਆਦਿ ਨਹੀਂ ਪੜ੍ਹਨਾ। ਜਿਸ ਟਰੰਕ ਵਿਚ ਪੋਥੀਆਂ ਹੋਣ ਉਸ ਵਿਚ ਮੈਲਾ ਬਸਤਰ, ਕਛਹਿਰਾ, ਖੜਾਵਾਂ ਆਦਿਕ ਨਹੀਂ ਪਾਉਣੀਆਂ। ਘਰਾਂ ਵਿਚ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਆਦਿ ਸਰ੍ਹਾਣੇ ਵਾਲੇ ਪਾਸੇ, ਉੱਪਰ ਸਾਫ ਸੁਥਰੀ ਥਾਂ ਰੱਖਣੇ ਹਨ। ਸਤਿਗੁਰੂ

ਜੋ ਮਮ ਸਾਥ ਚਹੇ ਕਰਿ ਬਾਤ। ਗ੍ਰੰਥ ਜੀ ਪੜਹਿ ਬਿਚਾਰਹਿ ਸਾਥ।੧੦।
ਜੋ ਮੁਝ ਬਚਨ ਸੁਨਨ ਕੀ ਚਾਇ। ਗ੍ਰੰਥ ਵਿਚਾਰ ਸੁਨਹੁ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੇਂ ਭੇਦ ਨ ਰੰਚਕ ਮਾਨ।੧੧।'

ਸ੍ਰੀ ਗੁਰੂ ਵਾਚ

'ਗੁਰਸਿਖ ਸੇਵ ਸ਼ਬਦ ਜੋ ਗਹਹੁ। ਸ਼ਬਦ ਸਰੂਪ ਸੋ ਇਹ ਬਿਧਿ ਲਹਹੁ।
ਸ਼ਬਦ ਸਰੂਪ ਵਾਕ ਜੋ ਧਾਰੇ। ਤਿਸ ਤੇ ਲਪੀਏ ਅਪਹ ਅਪਾਰੇ।੨੦।
ਤੇ ਮੈਂ ਗੰਸਟਿ ਕਹੀ ਸੋ ਭਾਈ। ਪੜੈ ਸੁਨੈ ਜੋ ਚਿਤ ਲਾਈ।
ਤਿਸ ਕੀ ਮਹਿਮਾ ਕਹਹੁ ਬਖਾਣ। ਜੋਤੀ ਜੋਤਿ ਮਿਲੈ ਮੋਹਿ ਆਨ।੨੧।'

(ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

'ਸ਼ੁੱਧ ਪਾਠ ਤੇ ਅਰਥ ਸ਼ੁੱਧ, ਸ਼ੁੱਧ ਅਰਥ ਸ਼ੁੱਧ ਬੋਧ॥
ਸ਼ੁੱਧ ਬੋਧ ਵਿਗਿਆਨ ਸ਼ੁੱਧ, ਬੋਧ ਅਬੋਧ ਸੁਬੋਧ॥'

(ਸੱਚਖੰਡ ਵਾਸੀ ਗਿ: ਗੁਰਬਚਨ ਸਿੰਘ ਜੀ 'ਖਾਲਸਾ')

ਦਸਾਂ ਹੀ ਸਰੂਪਾਂ ਵਿਚ ਸਤਿਗੁਰਾਂ ਨੇ ਗੁਰਬਾਣੀ ਦਾ ਬਹੁਤ ਅਦਬ, ਸਤਿਕਾਰ ਤੇ ਭੈ ਰੱਖਿਆ। ਜਿਵੇਂ ਸਤਿਗੁਰਾਂ ਨੇ ਗੁਰਬਾਣੀ ਦਾ ਸਤਿਕਾਰ ਕੀਤਾ ਹੈ, ਤਿਵੇਂ ਸਾਨੂੰ ਵੀ ਕਰਨਾ ਚਾਹੀਦਾ ਹੈ। ਗੁਰਬਾਣੀ ਦੇ ਸਤਿਕਾਰ ਤੇ ਅਦਬ ਲਈ ਕੁਝ ਕੁ ਹੇਠ ਲਿਖੇ ਨਿਯਮ ਜ਼ਰੂਰੀ ਹਨ :-

ਇਸ਼ਨਾਨ ਕਰੇ ਤੋਂ ਬਿਨਾਂ, ਜੋੜੇ ਵਾਲੇ ਪੈਰ ਧੋਤੇ ਤੋਂ ਬਿਨਾਂ ਅਤੇ ਜੁਰਾਬਾਂ ਤੇ ਦਸਤਾਨੇ ਪਹਿਰ ਕੇ ਕਦੇ ਵੀ ਸਤਿਗੁਰੂ ਜੀ ਦੀ ਤਾਬਿਆ ਨਹੀਂ ਬੈਠਣਾ ਚਾਹੀਦਾ। ਸਰੀਰ ਦੀ ਅਪਵਿੱਤਰਤਾ ਹੋਣ ਤੇ ਸਣੇ ਕੇਸੀਂ ਇਸ਼ਨਾਨ ਕਰ ਕੇ, ਧੋਤੇ ਬਸਤ੍ਰ ਪਹਿਰ ਕੇ, ਜਪੁਜੀ ਸਾਹਿਬ ਦਾ ਪਾਠ ਕਰਕੇ ਤੇ ਅਰਦਾਸ ਕਰਕੇ ਤਾਬਿਆ ਜਾਣਾ ਚਾਹੀਦਾ ਹੈ। ਮੂੰਹ, ਪੈਰ, ਕਛਹਿਰੇ ਆਦਿ ਨੂੰ ਹੱਥ ਲਾ ਕੇ ਖਾਰਸ਼ ਕਰਕੇ ਅਥਵਾ ਗਿੱਲੇ, ਮੈਲੇ ਤੇ ਥਿੰਦੇ ਹੱਥ ਮਹਾਰਾਜ ਜੀ ਦੇ ਸਰੂਪ, ਪੋਥੀ ਗੁਟਕੇ ਆਦਿ ਨੂੰ ਕਦੇ ਨਹੀਂ ਲਾਉਣੇ। ਤਾਬਿਆ ਬੈਠਿਆਂ ਇਲਾਇਚੀ, ਮਿਸ਼ਰੀ ਆਦਿ ਨਹੀ ਖਾਣੀ ਭਾਵ ਕੋਈ ਚੀਜ਼ ਮੂੰਹ ਵਿਚ ਨਹੀਂ ਪਾਉਣੀ। ਤਾਬਿਆ ਬੈਠਾ ਸਿੰਘ ਆਪਣੇ ਥੱਲੇ ਗੱਦੀ ਨਾ ਵਿਛਾਏ, ਚੌਕੜੀ ਮਾਰ ਕੇ ਸਿੱਧਾ ਬੈਠੇ, ਮੰਜੀ ਸਾਹਿਬ ਤੇ ਕੂਹਣੀਆਂ ਨਾ ਰੱਖੇ। ਪਿਛਾਹਾਂ ਹਟ ਕੇ ਸਦਾ ਆਪਣੇ ਸਹਾਰੇ ਬੈਠਣਾ ਹੈ।

ਦਸਾਂ ਹੀ ਸਤਿਗੁਰਾਂ ਦੀ ਆਤਮਿਕ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪ੍ਰਤੱਖ ਬਿਰਾਜ ਰਹੇ ਹਨ। ਇਉਂ ਭਾਵਨਾ ਕਰਕੇ ਗੁਰਬਾਣੀ ਦੀ ਆਗਿਆ ਮੰਨਣੀ ਹੈ। '੧ ੳ' ਤੋਂ ਲੈ ਕੇ 'ਅਠਾਰਹ ਦਸ ਬੀਸ' ਤੱਕ

'ਸਤਿਗੁਰ ਘਰ ਕੋ ਸ਼ਬਦ ਲਿਖੀਜੈ । ਪਠਹੁ ਵਿਚਾਰਹੁ ਰਿਦੈ ਧਰੀਜੈ ।
ਖਲਹੁ ਪੰਥ ਤਿਸ ਸਭਿ ਸੁਖ ਪਾਵਹੁ। ਜਨਮ ਮਰਨ ਕੋ ਕਸ਼ਟ ਮਿਟਾਵਹੁ।।੩੫।।'

'ਮ: ੧ ।। ਕਿਆ ਖਾਧੈ ਕਿਆ ਪੈਧੈ ਹੋਇ ।।' (੧੪੨)

ਲਿਖ ਕੇ ਕਹਿ ਕੇ ਭੇਜਿਆ ਕਿ ਸਾਡੇ ਅਸਲ ਦਰਸ਼ਨ ਇਸ ਸ਼ਬਦ ਵਿਚੋਂ ਹੀ ਕਰ ਲੈਣੇ ਇਹ ਗੁਰਬਾਣੀ ਸਾਡਾ ਰਿਦਾ ਹੈ।

'ਚੌਪਈ।। ਸ੍ਰੀ ਮੁਖ ਤੇ ਕਹਿ ਸ਼ਬਦ ਲਿਖਾਯੋ।ਬਿਲ ਗਤਿਲਾਯ। ਵਿਰਾਗ ਜਲਾਯੋ।'

(ਗੁ: ਪ੍ਰ: ਸੂ: ਗ੍ਰੰਥ ਰਾਸਿ ੧੦ ਅੰਸੂ ੪੩)

(੧੧) ਅਨੰਦ ਪੁਰ ਸਾਹਿਬ ਦਸਮ ਪਾਤਿਸ਼ਾਹ ਜੀ ਨੇ ਇਕ 'ਲਗ' ਦੇ ਗ਼ਲਤ ਉਚਾਰਨ ਤੋਂ ਸਿੰਘ ਨੂੰ ਤਾੜਨਾ ਕਰਵਾਈ ਤੇ ਕਿਹਾ, 'ਸਿੰਘਾ ! ਤੂੰ ਸਾਡੇ ਅੰਗ ਤੋੜ ਰਿਹਾ ਹੈਂ ।' ਤਾਹੀਏਂ ਸਾਰੀ ਗੁਰਬਾਣੀ ਦੇ ਅਰਥ ਪੜ੍ਹਾਏ:-

ਸਿੱਖਹੁ ਸੁਨਹੁ ਸੀਖ ਇਹ ਮੰਗਾ । ਬਾਨੀ ਪਢਹੁ ਸੁੱਧ ਗੁਰ ਕੇਰੀ ।
ਪਢੈ ਮਹਾਤਮ ਲਹੈ ਬਿਸਾਲ । ਹਲਤਿ ਪਲਤਿ ਮਹਿ ਹੋਇ ਨਿਹਾਲ ।

(ਗੁ: ਪ੍ਰ: ਸੂ: ਗ੍ਰੰਥ ਰੁਤਿ ੩ ਅੰਸੂ ੩੪)

ਹਜ਼ੂਰੀ ਕਵੀ ਭਾਈ ਨੰਦ ਲਾਲ ਸਿੰਘ ਜੀ ਦਸਮ ਪਾਤਸ਼ਾਹ ਜੀ ਦੇ ਚਰਨਾਂ ਵਿਚ ਸੇਨਤੀ ਕਰਦੇ ਹਨ । ਕਲਗੀਧਰ ਪਿਤਾ ਜੀ ! ਅਸੀਂ ਤੁਹਾਡਾ ਦਰਸ਼ਨ ਕਿਥੋਂ ਕਰ ਸਕਦੇ ਹਾਂ ?

ਨੰਦ ਲਾਲ ਉਵਾਚ

'ਤੁਮ ਜੁ ਕਹਾ ਗੁਰਦੇਵ ਜੀ, ਦਰਸਨ ਕਰਿ ਮੁਹ ਆਇ ।
ਲਖੀਏ ਤੁਮਰਾ ਦਰਸ ਕਹਾਂ, ਕਹਹ ਮੋਹਿ ਸਮਝਾਇ ।੫।'

ਸ੍ਰੀ ਗੁਰੂ ਵਾਚ

'ਤੀਨ ਰੂਪ ਹੈਂ ਮੋਹ ਕੇ, ਸੁਨਹੁ ਨੰਦ ! ਚਿਤ ਲਾਇ ।
ਨਿਰਗੁਣ, ਸਰਗੁਣ, ਗੁਰਸ਼ਬਦ, ਕਹਹੂੰ ਤੋਹਿ ਸਮਝਾਇ ।੬।'

ਚੌਪਈ ।। 'ਏਕ ਰੂਪ ਤਿਹੁ ਗੁਣ ਤੇ ਪਰੇ । ਨੇਤਿ ਨੇਤਿ ਜਿਹ ਨਿਗਮ ਉਚਰੇ ।
ਘਟਿ ਘਟਿ ਵਿਆਪਕ ਅੰਤਰਜਾਮੀ ।
ਪੂਰਿ ਰਹਯੋਂ ਜਿਉਂ ਜਲ ਘਟ ਕਾਨੀ ।੭।
ਦੂਸਰ ਰੂਪ ਗ੍ਰੰਥ ਜੀ ਜਾਨਹੁ । ਆਪਨ ਅੰਗ ਮੇਰੇ ਕਰ ਮਾਨਹੁ ।
ਰੋਮ ਰੋਮ ਅੱਛਰ ਸੋ ਲਹਹੁ । ਬਾਤ ਜਥਾਰਥ ਤੁਮ ਸੋਂ ਕਹਹੂੰ ।੮।
ਜੋ ਸਿਖ ਗੁਰ ਦਰਸਨ ਕੀ ਚਾਹਿ । ਦਰਸਨ ਕਰੈ ਗ੍ਰੰਥ ਜੀ ਆਨਿ ।
ਪ੍ਰਭਾਤ ਸਮੇਂ ਕਰਕੇ ਇਸ਼ਨਾਨ । ਤੀਨ ਪ੍ਰਦੱਛਣਾ ਕਰੈ ਸੁਜਾਨ ।੯।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ । ਗਿਆਨ ਸਬਦ ਗੁਰ ਸੁਨੇ ਸੁਨਾਇ ।

ਅਦਬ ਰੱਖਣ ਵਾਸਤੇ ਬੜੀ ਕਾਹਲੀ ਨਾਲ ਪਲੰਘੇ ਤੋਂ ਉੱਠੇ ਤਾਂ ਬਾਹੀ ਨਾਲ ਗੋਡਾ ਵੱਜਣ ਤੋਂ ਚੋਟ ਲੱਗ ਗਈ :

'ਸੁਨਿ ਬਾਨੀ ਪੁਨ ਸਤਿਗੁਰ ਜਾਗੇ। ਕਰੀ ਸ਼ੀਘ੍ਰਤਾ ਸਿਹਜਾ ਤਯਾਗੇ ॥੮॥
ਹਰਬਰਾਇ ਜਬਿ ਨਿੰਦ੍ਰਾ ਤਯਾਗੀ। ਪਾਟੀ ਚੋਟ ਗੋਡ ਪਰ ਲਾਗੀ।'

ਸੰਗਤਾਂ ਦੇ ਹੈਰਾਨ ਹੋ ਕੇ ਪੁੱਛਣ ਤੋਂ ਕਿ ਮਹਾਰਾਜ ਜੀ! ਆਪ ਐਨੀ ਕਾਹਲੀ ਨਾਲ ਕਿਉਂ ਉੱਠੇ ਹੋ? ਤਾਂ ਹਜ਼ੂਰ ਨੇ ਫੁਰਮਾਇਆ ਕਿ ਭਾਈ! ਸੰਗਤ ਗੁਰੂ ਕੀ ਬਾਣੀ ਪੜ੍ਹ ਰਹੀ ਸੀ। ਗੁਰਬਾਣੀ ਦਾ ਅਦਬ ਰੱਖਣ ਲਈ ਛੇਤੀ ਉੱਠੇ ਹਾਂ। ਜੇ ਅਸੀਂ ਹੀ ਗੁਰਬਾਣੀ ਦਾ ਸਤਿਕਾਰ ਕਰਨ ਵਿਚ ਢਿੱਲ ਕਰਾਂਗੇ ਤਾਂ ਦੂਸਰੇ ਕਿਸ ਤਰ੍ਹਾਂ ਇਸ ਦਾ ਸਤਿਕਾਰ ਕਰਨਗੇ? ਬਚਨ ਕੀਤੇ:-

'ਜੋ ਸਿੱਖ ਗੁਰਬਾਨੀ ਤੈ ਕਰੈ। ਬਿਲ ਪ੍ਰਯਾਸ ਭਵ ਸਾਗਰ ਤਰੈ।'
'ਜੋ ਗੁਰ ਭਗਤਿ ਸੋ ਸਿਖ ਹੈ ਮੇਰਾ। ਗੁਰਬਾਨੀ ਭੈ ਤਿਸੈ ਘਨੇਰਾ।'
'ਜਿਨ ਭੈ ਅਦਬ ਨ ਬਾਨੀ ਧਾਰਾ। ਜਾਨਹੁ ਸੋ ਸਿਖ ਨਹੀਂ ਹਮਾਰਾ ॥੨੦॥'

(ਗੁ: ਪ੍ਰ: ਸੂ: ਗ੍ਰੰਥ ਰਾਸਿ ੧੦ ਅੰਸੂ ੨੧)

(੯) ਆਪ ਜੀ ਦਾ ਬੜਾ ਚਤੁਰ ਸਿਆਣਾ ਸਾਹਿਬਜ਼ਾਦਾ ਸ੍ਰੀ ਰਾਮਰਾਇ ਜੀ, ਜਿਸ ਨੂੰ ਹਜ਼ੂਰ ਨੇ ਬਚਨ ਕੀਤਾ ਕਿ ਅਸੀਂ ਤੇਰੀ ਰਸਨਾਂ ਤੇ ਵੱਸਾਂਗੇ, ਜੋ ਕਹੇਂਗਾ ਸੋ ਪੂਰਾ ਹੋਇਆ ਕਰੇਗਾ। ਏਸੇ ਤਰ੍ਹਾਂ ਹੀ ਹੋਇਆ ਉਹਨਾਂ ਔਰੰਗਜ਼ੇਬ ਦੀ ਸਭਾ ਵਿਚ ਬੇਅੰਤ ਕਰਾਮਾਤਾਂ ਦਿਖਾਈਆਂ। ਹਰ ਰੋਜ਼ ਦੇ ਤੇਰ੍ਹਾਂ ਹਜ਼ਾਰ ਰੁਪਏ ਇਸ ਦੇ ਡੇਰੇ ਵਿਚ ਬਾਦਸ਼ਾਹ ਵਲੋਂ ਪਹੁੰਚਦੇ ਪਰ ਜਦੋਂ ਗੁਰਬਾਣੀ ਦਾ ਅੱਧਾ ਅੱਖਰ 'ਮਿਟੀ ਮੁਸਲਮਾਨ ਕੀ' ਥਾਂ 'ਬੇਈਮਾਨ ਕੀ' ਕਹਿ ਕੇ ਕੇਵਲ ਜ਼ਬਾਨੀ ਬਦਲਿਆ ਤਾਂ ਸਤਿਗੁਰੂ ਹਰਿਰਾਇ ਸਾਹਿਬ ਜੀ ਨੇ ਅਤਿਅੰਤ ਨਰਾਜ਼ ਹੋ ਕੇ ਕਹਿ ਦਿੱਤਾ ਕਿ ਵੱਡੇ ਸਤਿਗੁਰਾਂ ਦੀ ਧੁਰ ਕੀ ਬਾਣੀ ਦਾ ਅੱਖਰ (ਜ਼ਬਾਨੀ) ਬਦਲਣ ਵਾਲਾ ਸਾਡੇ ਮੱਥੇ ਤੱਕ ਨਾ ਲੱਗੇ। ਜਿੱਧਰ ਨੂੰ ਮੂੰਹ ਹੈ ਉਧਰੇ ਚਲਾ ਜਾਏ :-

'ਅਬ ਹਮਰੇ ਮੁਖ ਲਾਗਹਿ ਨਾਂਹੀ।
ਰਹਹੁ ਆਪ ਤੁਰਕੇਸੁਰ ਪਾਹੀ ॥੨੯॥'

(ਗੁ: ਪ੍ਰ: ਸੂ: ਗ੍ਰੰਥ ਰਾਸਿ ੯ ਅੰਸੂ ੫੮)

ਸਗੋਂ ਏਥੋਂ ਤੱਕ ਕਿਹਾ ਕਿ ਉਸ ਨੂੰ ਕੋਈ ਵੀ ਸਿੱਖ ਪੂਜਾ ਨਾ ਦੇਵੇ ਇਉਂ ਘਰ ਵਿਚੋਂ ਖਾਰਜ ਕੀਤਾ।

(੧੦) ਜਦੋਂ ਔਰੰਗਜ਼ੇਬ ਨੇ ਅਠਵੇਂ ਸਤਿਗੁਰਾਂ ਦੇ ਦਰਸ਼ਨ ਦਿੱਲੀ ਵਿਚ ਪਹੁੰਚਿਆਂ ਦੇ ਕਰਨੇ ਚਾਹੇ ਤਾਂ ਹਜ਼ੂਰ ਨੇ :-

(੬) 'ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ।'
(ਵਾਰ ੧, ਪਉੜੀ ੪੮)

ਛੇਵੇਂ ਸਤਿਗੁਰਾਂ ਨੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਦਾ ਜੰਗ ਫ਼ਤਹ ਕਰ ਕੇ ਭਾਈ ਗੋਪਾਲੇ ਜੀ ਤੋਂ ਜਪੁ ਜੀ ਸਾਹਿਬ ਦਾ ਸ਼ੁੱਧ ਪਾਠ ਸੁਣ ਕੇ ਉਸ ਨੂੰ ਗੁਰਤਾ-ਗੱਦੀ ਦੇਣ ਤੱਕ ਤਿਆਰਾ ਕੀਤਾ।

(੭) ਮਾਤਾ ਦਮੋਦਰੀ ਜੀ ਦੇ ਭੈਣ ਰਾਮੋ ਜੀ ਤੇ ਉਨ੍ਹਾਂ ਦੇ ਪਤੀ ਸਾਈਂ ਦਾਸ ਜੀ ਦੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਬਹੁਤ ਪ੍ਰੇਮ ਤੇ ਵੈਰਾਗ ਵਿਚ ਬੇਨਤੀ ਕਰਨ ਤੇ ਸੱਚੇ ਪਾਤਸ਼ਾਹ ਜੀ ਕਿਰਪਾ ਦੇ ਘਰ ਵਿਚ ਆਏ ਤੇ ਸਾਈਂ ਦਾਸ ਜੀ ਨੂੰ ਦਰਸ਼ਨ ਦੇਣ ਲਈ ਤਿਆਰੇ ਕੀਤੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ, ਅਰਦਾਸ, ਤੇ ਚਾਰ ਪ੍ਰਕਰਮਾਂ ਕਰ ਕੇ ਅਕਾਲ ਤਖ਼ਤ ਸਾਹਿਬ ਆਏ। ਸਤਿਗੁਰੂ ਜੀ ਨੇ ਸੁੰਦਰ ਪਾਲਕੀ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਸਥਾਪਨ ਕਰ ਕੇ ਸਭ ਤੋਂ ਅਗੇ ਅਤੇ ਹੋਰ ਸਾਰੀ ਸੰਗਤ ਮਗਰ ਅਦਬ ਸਤਿਕਾਰ ਸਹਿਤ ਚੱਲੀ :-

'ਤਬਹਿ ਮੰਗਾਇ ਜਰਾਊ ਖਾਸਾ।
ਜਿਸ ਮਹਿਂ ਸੁੰਦਰ ਹੋਤਿ ਪ੍ਰਕਾਸ਼ਾ ॥੩੪॥
ਸਿਰੀ ਗ੍ਰੰਥ ਸਾਹਿਬ ਬਿਚ ਥਾਪਿ।
ਕਰਸੋ ਅਗਾਰੀ ਪਾਛੇ ਆਪ।
ਦੋਹਿ ਦਿਸ਼ਾ ਦੁਇ ਚਮਰ ਢੁਰਾਵੈਂ।
ਚਲੇ ਕਿਤਿਕ ਲੇ ਸੰਖ ਬਜਾਵੈਂ ॥੩੫॥'
'ਪਨਹੀ ਬਿਨਾਂ ਗ੍ਰੰਥ ਕੇ ਪਾਛੇ।
ਪੁਰਿ ਨਿਕਸੇ ਚਲਿ ਸ੍ਰੀ ਗੁਰ ਆਛੇ।'
(ਗ: ਪ੍ਰ: ਸੂ: ਗ੍ਰੰਥ ਰਾਸਿ ੭ ਅੰਸੂ ੧੬)

'ਅੱਗ੍ਰ ਗ੍ਰੰਥ ਸਾਹਿਬ ਅਸਵਾਰੀ।
ਚਾਰੁ ਚਮਰ ਢੋਰਤਿ ਦੁਤਿ ਭਾਰੀ।
ਪਾਛੇ ਸਭਿ ਕੁਟੰਬ ਮਗ ਚਾਲਤਿ।
ਸ਼ਬਦ ਹੋਤਿ ਬਡ ਹਯ ਪਗ ਡਾਲਤਿ ॥੧੭॥'
(ਗੁ: ਪ੍ਰ: ਸੂ: ਗ੍ਰੰਥ ਰਾਸਿ ੭ ਅੰਸੂ ੧੭)

(੮) ਸੱਤਵੇਂ ਪਾਤਸ਼ਾਹ ਜੀ ਦੇ ਚਰਨਾਂ ਵਿਚ ਦੂਰ ਦੇਸ਼ ਦੀ ਸੰਗਤ ਕੀਰਤਨ ਕਰਦੀ ਹੋਈ ਅਤਿਅੰਤ ਨੇੜੇ ਪਹੁੰਚੀ ਤਾਂ ਆਪ ਜੀ ਗੁਰਬਾਣੀ ਦਾ

'ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਥਰੁ ਮੁਕਤਿ ਜਨਾਵੈਗੋ ॥' (੧੩੧੦)

(੫) ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਪੋਥੀਆਂ ਲੈਣ ਵਾਸਤੇ ਭਾਈ ਮੋਹਨ ਜੀ ਪਾਸ ਗੋਇੰਦਵਾਲ ਸਾਹਿਬ ਜਾ ਕੇ ਗਲੀ ਵਿਚ ਬੈਠ ਕੇ ਕੀਰਤਨ ਕੀਤਾ ਤੇ ਪੋਥੀਆਂ ਪ੍ਰਾਪਤ ਕਰ ਕੇ ਅਦਬ ਨਾਲ ਪਾਲਕੀ ਵਿਚ ਸਥਾਪਨ ਕਰ ਕੇ ਆਪ ਬਰਾਬਰ ਨਹੀਂ ਚੜ੍ਹੇ, ਘੋੜੇ ਤੇ ਅਸਵਾਰ ਨਹੀਂ ਹੋਏ ਸਗੋਂ ਨੰਗੇ ਚਰਨੀਂ ਚਰ ਕਰਦੇ ਹੋਏ ਖੱਬੇ ਪਾਸੇ ਚਲਦੇ ਚਲਦੇ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਪਹੁੰਚੇ। ਅਠਸਠ ਘਾਟ ਵਾਲੇ ਥੜ੍ਹੇ ਸਾਹਿਬ ਤੇ ਆਪਣੇ ਪਰਮ ਸੇਵਕ, ਸਿੱਖੀ ਦੇ ਥੰਮ੍ਹ ਬਾਬਾ ਬੁੱਢਾ ਜੀ ਨੂੰ ਸਾਰੀ ਰਾਤ ਚੌਰ ਦੀ ਸੇਵਾ ਅਤੇ ਪਹਿਰੇ ਤੇ ਟਿਕਾ ਕੇ ਅੰਮ੍ਰਿਤ ਰੂਪ ਗੁਰਬਾਣੀ ਦਾ ਕੀਰਤਨ ਕਰਵਾਇਆ ਅਤੇ :-

'ਪੋਥੀ ਪਰਮੇਸਰ ਕਾ ਥਾਨੁ ॥' (੧੨੨੬)

ਕਹਿ ਕੇ ਸਤਿਕਾਰਿਆ।

ਸਾਰੀ ਗੁਰਬਾਣੀ ਦੀ ਬੀੜ ਬੰਨ੍ਹ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰਕੇ ਫਿਰ ਕਦੇ ਆਪ ਗੱਦੀ ਵਿਛਾ ਕੇ ਬਰਾਬਰ ਨਹੀਂ ਸਜੇ। ਹਜ਼ੂਰ ਨੇ ਗੁਰਬਾਣੀ ਦਾ ਸਤਿਕਾਰ ਤੇ ਅਦਬ ਕਰ ਕੇ ਸਾਨੂੰ ਸਿੱਖਿਆ ਦਿੱਤੀ ਹੈ।

ਅਕਾਲ ਤਖਤ ਸਾਹਿਬ ਦੇ ਨਾਲ ਦੀ ਕੋਠੜੀ ਸਾਹਿਬ ਜਿੱਥੇ ਰਾਤ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਸੁਖਆਸਣ ਕੀਤੇ, ਉਥੇ ਸਤਿਗੁਰੂ ਜੀ ਆਪ ਹੋਰ ਪਲੰਘ ਤੇ ਬਰਾਬਰ ਨਹੀਂ ਸਗੋਂ ਧਰਤੀ ਤੇ ਉਸ ਪਲੰਘ ਦੇ ਥੱਲੇ ਬਿਰਾਜਦੇ ਹਨ :

'ਗ੍ਰੰਥ ਸਾਹਿਬ ਆਦਰ ਕੇ ਹੇਤੁ। ਭੂਤਲ ਸੈਨੇ ਗੁਰੂ ਸਮੇਤ ॥੨੩॥'

'ਤਹਾ ਨਿਵਾਸ ਗ੍ਰੰਥ ਕੋ ਕੀਨੋ। ਸ੍ਰੀ ਗੁਰ ਭੂਤਲ ਨਿਕਟ ਅਸੀਨੋ ॥'

ਜੋ ਹੁਣ ਤੱਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਥੱਲੇ ਚਿੱਟੀ ਚਾਦਰ ਯਾਦਗਾਰ ਵਜੋਂ ਵਿਛਾਈ ਜਾਂਦੀ ਹੈ। ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਦੀ ਮਹਾਨਤਾ ਨੂੰ ਸਰਬ ਉੱਤਮ ਜਣਾਉਂਦਿਆਂ ਹੋਇਆਂ ਆਪਣੇ ਸਿੱਖਾਂ ਪ੍ਰਤੀ ਇਹ ਸਿੱਖਿਆ ਦਿੱਤੀ :-

'ਸ੍ਰੀ ਗੁਰ ਕੇਰ ਸਰੀਰ ਜੁਊ, ਸਭਿ ਥਾਨ, ਸਮੈ ਸਭਿ, ਨਾ ਦਰਸੈ ਹੈ।
ਗ੍ਰੰਥ ਰਿਦਾ ਗੁਰ ਕੋ ਇਹ ਜਾਨਹੁ, ਉੱਤਮ ਹੈ ਸਭਿ ਕਾਲ ਰਹੈ ਹੈ।
ਮੇਰੇ ਸਰੂਪ ਤੇ ਯਾਂ ਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੈ ਹੈ।
ਪੂਜਹੁ ਚੰਦਨ ਕੇਸਰ ਕੋ ਘਸਿ, ਧੂਪ ਧੁਖਾਇ ਕੈ ਫੂਲ ਚਢੈ ਹੈ ॥੫॥'

(ਗੁ: ਪ੍ਰ: ਸੂ: ਗ੍ਰੰਥ ਰਾਸਿ ੩ ਅੰਸੂ ੫੦)

ਵਿਚ ਇਸ ਪ੍ਰਕਾਰ ਕੀਤਾ :-

(੧) ਸਤਿਗੁਰੂ ਨਾਨਕ ਦੇਵ ਜੀ ਤੋਂ ਸਿੱਧਾਂ ਨੇ ਗੋਸ਼ਟ ਸਮੇਂ ਪੁੱਛਿਆ ਸੀ :-

'ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ ॥' (੯੪੨)

ਹਜ਼ੂਰ ਨੇ ਉੱਤਰ ਦਿੱਤਾ :-

'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥' (੯੪੨)

ਹੇ ਸਿੱਧੋ ! ਗੁਰ ਸੰਗਤ ਤੇ ਗੁਰਬਾਣੀ ਬਿਨਾਂ ਦੂਜੀ ਓਟ ਸਾਨੂੰ ਜ਼ਰਾ ਜਿੰਨੀ ਵੀ ਨਹੀਂ ਹੈ।

'ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ।'

(ਵਾਰ ੧, ਪਉੜੀ ੪੨)

(੨) ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਤੀ ਭੱਟਾਂ ਨੇ ਗੁਰਬਾਣੀ ਵਿਚ ਉਚਾਰਿਆ :-

'ਨਾਨਕਿ ਨਾਮੁ ਨਿਰੰਜਨ ਜਾਨਿਓ;
ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਤਾ ਤੇ ਅੰਗਦ ਅੰਗ ਸੰਗਿ ਭਏ ਸਾਇਰੁ;
ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥' (੧੪੦੬)

(੩) ਸ੍ਰੀ ਗੁਰੂ ਅਮਰਦਾਸ ਜੀ ਨੇ ਨਿਤਨੇਮ ਦੀ ਬਾਣੀ ਅਨੰਦੁ ਸਾਹਿਬ ਵਿਚ ਫੁਰਮਾਇਆ ਹੈ :-

'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥' (੯੨੦)

'ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥' (੬੭)

ਆਪਣੇ ਸਾਹਿਬਜ਼ਾਦੇ ਮੋਹਨ ਜੀ ਨੂੰ ਫੁਰਮਾਇਆ ਕਿ ਇਹ ਬਾਣੀ ਸਾਂਭ ਕੇ ਰੱਖੀਂ ਤੇ ਪੰਜਵੇਂ ਪਾਤਸ਼ਾਹ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਾ ਦੇਵੀਂ ਅਤੇ ਪੰਜਵੇਂ ਸਰੂਪ ਨੂੰ, ਉਨ੍ਹਾਂ ਦੇ ਬਾਲ-ਲੀਲ੍ਹਾ ਸਮੇਂ ਵਰ ਦਿੱਤਾ :-

'ਦੋਹਿਤਾ, ਬਾਣੀ ਕਾ ਬੋਹਿਥਾ।'

ਗੁਰਬਾਣੀ ਨੂੰ ਸੰਸਾਰੀ ਜੀਵਾਂ ਨੂੰ ਤਾਰਨ ਵਾਲਾ ਜਹਾਜ਼ ਕਿਹਾ ਹੈ :-

'ਗੁਰ ਜਹਾਜੁ ਖੇਵਟੁ ਗੁਰੂ ਗੁਰ ਖਿਨੁ ਤਰਿਆ ਨ ਕੋਇ ॥' (੧੪੦੧)

(੪) ਚਉਥੇ ਸਰੂਪ ਵਿਚ :-

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥' (੯੮੨)

ਤਾਉ ਤਗਤੀ ਦੁਆਰਾ ਪ੍ਰਾਗਿਰ ਦੀ ਪ੍ਰਾਪਤੀ ਦਾ ਸਿੱਧਾ ਰਾਹ ਦੱਸਣ ਵਾਲੇ ਗੁਰੂ ਕੇ ਬਚਨ :–

'ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥' (੧੩੧੦)

ਸੋ ਗੁਰਬਾਣੀ ਨੂੰ ਸਤਿਗੁਰੂ ਜੀ ਨੇ ਅਕਾਲ ਪੁਰਖ ਦਾ ਸਰੂਪ ਕਿਹਾ ਹੈ :–

'ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥' (੩੦੪)

ਪੰਜ ਭੂਤਕ ਸਰੀਰਾਂ ਦਾ ਮਿਲਾਪ ਸਦੀਵੀ ਨਹੀਂ ਜੋ ਗੁਰ ਸ਼ਬਦ ਹੈ :–

'ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥'(੬੭੯)

'ਗੁਰ ਕਾ ਸਬਦੁ ਰਖਵਾਰੋ ॥ ਚਉਕਾ ਚਉਗਿਰਦ ਹਮਾਰੋ ॥' (੬੨੬)

ਕਈ ਕਹਿੰਦੇ ਹਨ ਅਸੀਂ ਦਰਸ਼ਨ ਕਰ ਕੇ ਹੀ ਮੁਕਤ ਹੋ ਜਾਵਾਂਗੇ ਨਹੀਂ ਨਹੀਂ ਗੁਰ ਸ਼ਬਦ ਦੀ ਵੀਚਾਰ ਕਰਨ ਤੋਂ ਬਿਨਾਂ ਮੁਕਤ ਕੋਈ ਨਹੀਂ ਹੋ ਸਕਦਾ :–

'ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥' (੫੯੪)

ਜਿਸ ਗੁਰ ਸ਼ਬਦ ਦੀ ਵੀਚਾਰ ਕਰਕੇ ਉਸ ਦੇ ਹੁਕਮ ਅਨੁਸਾਰ ਚੱਲਣ ਤੋਂ ਗੁਰਮੁਖਾਂ ਦਾ ਸਰੂਪ ਰੂਪੀ ਘਰ ਵਿਚ ਨਿਵਾਸ ਹੁੰਦਾ ਹੈ :–

'ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥' (੯੩੫)

ਇਹ ਸੱਚੀ ਬਾਣੀ, ਧੁਰ ਕੀ ਬਾਣੀ, ਬਾਣੀਆਂ ਸਿਰ ਬਾਣੀ, ਮਹਾਂ ਪੁਰਖਨ ਕੀ ਬਾਣੀ, ਗੁਰੂ ਕੀ ਬਾਣੀ, ਭਗਤ ਬਾਣੀ ਮਨ 'ਚੋਂ ਕਾਮ ਆਦਿਕ ਵਿਕਾਰ ਮੇਟ ਕੇ ਸੁੱਧ ਕਰਦੀ ਹੈ :–

'ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ ॥' (੧੨੦੮)

'ਭਗਤ ਜਨਾ ਕੀ ਉਤਮ ਬਾਣੀ
ਗਾਵਹਿ ਅਕਥ ਕਥਾ ਨਿਤ ਨਿਆਰੀ ॥' (੫੦੭)

'ਸੂਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥ (੬੭)

ਐਸੀ ਗੁਰਬਾਣੀ ਦਾ ਅਦਬ ਤੇ ਸਤਿਕਾਰ ਆਪ ਸਤਿਗੁਰਾਂ ਨੇ ਸਾਰੇ ਸਰੂਪਾਂ

੧ ੴ ਸਤਿਗੁਰ ਪ੍ਰਸਾਦਿ ॥

ਗੁਰਬਾਣੀ ਦਾ ਅਦਬ

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥'

ਜਗਤ ਜਲੰਦੇ ਦੀ ਰੱਖਿਆ, ਈਰਖਾ, ਵਿਕਾਰਾਂ, ਗਰਭ ਤੇ ਨਰਕ ਦੀ ਅੱਗ ਵਿਚ ਸੜ, ਭੁਜ ਤੇ ਤਪ ਰਹੇ ਹਿਰਦਿਆਂ ਨੂੰ ਠਾਰਨ, ਸੁੱਕੇ ਮੁਰਝਾਏ ਤੇ ਕੁਮਲਾਏ ਮਨਾਂ ਨੂੰ ਖਿੜੇ ਹਰੇ ਬਾਗ ਕਰਨ, ਵਿਛੜੀਆਂ ਰੂਹਾਂ ਨੂੰ ਵਾਹਿਗੁਰੂ ਨਾਲ ਮੇਲਣ, ਪਸ਼ੂ, ਪ੍ਰੇਤ, ਮੁਗਧ, ਪੱਥਰ ਤੇ ਪਾਪੀਆਂ ਨੂੰ ਤਾਰਨ, ਸਰਬ ਜੀਆਂ ਦੀ ਸਦਾ ਕਲਿਆਣ ਕਰਨ ਵਾਸਤੇ, ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ, ਧਰਮੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ ਦਸਾਂ ਹੀ ਪਾਤਸ਼ਾਹੀਆਂ ਦੀ ਆਤਮਿਕ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਆਪਣੇ ਹੱਥੀਂ ਜੁਗੋ ਜੁਗ ਅਟੱਲ ਗੁਰਤਾ-ਗੱਦੀ ਬਖ਼ਸ਼ ਕੇ, ਸਦਾ ਲਈ ਚਵਰ ਛਤ੍ਰ ਤਖ਼ਤ ਦੇ ਮਾਲਿਕ ਬਣਾ ਕੇ ਸਭ ਸੰਸਾਰ ਨੂੰ :

'ਆਗਿਆ ਭਈ ਅਕਾਲ ਕੀ ਤਭੀ ਚਲਾਇਓ ਪੰਥ ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥'

ਪਵਿੱਤ੍ਰ ਬਚਨ ਫੁਰਮਾ ਕੇ :—

'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥' (੯੪੩)

ਦੇ ਸ੍ਰੀ ਮੁਖ ਵਾਕ ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸ਼ਰਨੀ ਪਾਇਆ। ਅਗਿਆਨ, ਭਰਮ, ਜ਼ੁਲਮ ਤੇ ਵਹਿਮ ਦੇ ਹਨੇਰੇ ਨੂੰ ਸਦਾ ਦੂਰ ਕਰਨ ਲਈ:—

'ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥' (੬੭)

ਸਭ ਚਿੰਤਾ ਸੋਗ ਮੇਟਣ ਲਈ :—

'ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥' (੬੨੮)

'ਹਰਿ ਸਰਿ' ਸੰਗਤ ਦਾ ਨਾਮ ਹੈ। ਉਨ੍ਹਾਂ ਦਾ ਇਨ੍ਹਾਂ ਗੱਲਾਂ ਉਤੇ ਬਿਲਕੁਲ ਵੀ ਵਿਸ਼ਵਾਸ਼ ਨਹੀਂ ਕਿਉਂਕਿ ਗੁਰਬਾਣੀ ਦਾ ਕਥਨ ਹੈ :-

'ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥
ਨਾਰਾਇਣੁ ਸੁ ਪ੍ਰਸੰਨ ਹੋਇ ਤ ਸੇਵਕੁ ਨਾਮਾ ॥' (੧੧੯੬)

ਪ੍ਰਮੇਸ਼ਰ ਦੇ ਸੇਵਕ ਬਣ ਕੇ ਰਹਿਣਾ ਚਾਹੀਦਾ ਹੈ। ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਪੀਰ ਫਕੀਰ ਆਦਿ ਤੇ ਨਿਸਚਾ ਨਹੀਂ ਕਰਨਾ। ਸਤਿਗੁਰਾਂ ਦੀ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰੂ ਮੰਨਣਾ ਤੇ ਗੁਰਮਤਿ ਮਰਯਾਦਾ ਅਨੁਸਾਰ ਇਸ ਸੰਸਾਰ ਵਿਚ ਵਿਚਰ ਕੇ ਜੰਮਣ ਮਰਨ ਤੋਂ ਰਹਿਤ ਹੋਣਾ ਹੈ।

ਸੰਸਾਰੀ ਜੀਵਾਂ ਦੀ ਕਲਿਆਣ ਵਾਸਤੇ ਆਪ ਅਕਾਲ ਪੁਰਖ ਨੇ ਜੋਤਿ ਤੇ ਜੁਗਤ ਨੂੰ ਇਕੱਠਿਆਂ ਕਰਕੇ ਆਪਣੇ ਦਸ ਸਰਗੁਣ ਸਰੂਪ ਪ੍ਰਗਟ ਕੀਤੇ:-

'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥' (੯੯੬)

ਦਸਵੇਂ ਸਰੂਪ ਵਿਚ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਅਤੇ ਜੁਗਤ ਪੰਜਾਂ ਪਿਆਰਿਆਂ ਦੇ ਹੱਥ ਰੱਖ ਕੇ ਕੁਝ ਵਿਸ਼ੇਸ਼ ਰਹਿਤ-ਮਰਯਾਦਾ ਪ੍ਰਪੱਕ ਕੀਤੀ। ਇਸ ਮਰਯਾਦਾ ਨੂੰ ਪੰਜਾਂ ਹਿੱਸਿਆਂ ਵਿਚ ਵੰਡਿਆ ਜਿਨ੍ਹਾਂ ਨੂੰ ਸੰਸਕਾਰ ਕਿਹਾ ਜਾਂਦਾ ਹੈ। ਇਸ ਵਾਸਤੇ ਹਰੇਕ ਗੁਰਸਿੱਖ ਲਈ ਇਹ ਜ਼ਰੂਰੀ ਹੈ ਕਿ ਉਹ ਪੰਜੇ ਸੰਸਕਾਰ ਗੁਰਮਤਿ ਅਨੁਸਾਰ ਕਰੇ। ਸਤਿਗੁਰੂ ਦੇ ਹੁਕਮ ਅਨੁਸਾਰ :-

'ਗੁਰਸਿਖ ਮੀਤ ਚਲਹੁ ਗੁਰ ਚਾਲੀ ॥' (੬੬੭)

ਵਾਲਾ ਰਾਹ ਅਪਨਾਉਣਾ ਹਰ ਗੁਰਸਿੱਖ ਪ੍ਰਾਣੀ ਦਾ ਫਰਜ਼ ਬਣ ਜਾਂਦਾ ਹੈ।

ਰੱਖਿਆ ਕਰਿਓ । ਤਾਂ ਹਜ਼ੂਰ ਨੇ ਭਾਈ ਸਾਹਿਬ ਦਾ ਸਸਕਾਰ ਕਰਨ ਤੋਂ ਬਾਅਦ ਉਨ੍ਹਾਂ ਦੀ ਰਾਖ ਆਦਿ ਨੂੰ ਬਿਆਸਾ ਦਰਿਆ ਵਿਚ ਜਲ ਪਰਵਾਹ ਕਰ ਦਿੱਤਾ ।

ਕਲਗੀਧਰ ਪਿਤਾ ਜੀ ਨੇ ਖਾਲਸੇ ਵਾਸਤੇ ਸਦਾ ਲਈ ਇਹ ਪੱਕੀ ਮਰਯਾਦਾ ਕਾਇਮ ਕਰ ਦਿੱਤੀ ਹੈ ਕਿ ਮ੍ਰਿਤਕ ਦੀ ਚਿਖਾ ਨਹੀਂ ਫੋਲਣੀ, ਕੱਚੇ ਧਾਗੇ ਨਹੀਂ ਬੰਨ੍ਹਣੇ, ਕਿੱਲੀਆਂ ਗੱਡ ਕੇ ਚੌਥਾ ਆਦਿ ਨਹੀਂ ਕਰਨਾ* ਕਈ ਗੰਗਾ ਲਿਜਾ ਕੇ ਫੁੱਲ ਪਾਉਂਦੇ ਹਨ ਪਰ ਇਹ ਸਾਰੀਆਂ ਸੰਸਾਰਕ ਰੀਤੀਆਂ ਹਨ । ਖਾਲਸਾ ਇਨ੍ਹਾਂ ਰਸਮਾਂ ਤੋਂ ਉੱਚਾ ਹੈ । ਹਜ਼ੂਰ ਫੁਰਮਾਉਂਦੇ ਹਨ :

'ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥' (੧੧੯੬)

ਦੁਨੀਆਂ ਦੇ ਅਧਮ (ਨੀਚ) ਆਦਮੀ ਗਤੀਆਂ ਕਰਾਉਂਦੇ ਅਤੇ ਮੱਧਮ ਗੰਗਾ ਆਦਿ ਵਿਚ ਫੁੱਲ ਪਾਉਂਦੇ ਹਨ ਪਰ ਖਾਲਸਾ ਪੰਥ ਉੱਤਮ ਹੋਣ ਕਰ ਕੇ ਇਨ੍ਹਾਂ ਰੀਤੀਆਂ ਤੋਂ ਪਰੇ ਹੈ ।

'ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥' (੯੨੩)

ਪਰ ਕਈ ਮਨਮਤੀਏ ਲੋਕ ਸਮਝ ਦੀ ਘਾਟ ਹੋਣ ਕਰਕੇ ਇਸ ਪੰਗਤੀ ਦੇ ਗਲਤ ਅਰਥ ਕੱਢਦੇ ਹਨ-ਉਹ ਕਹਿੰਦੇ ਹਨ ਕਿ 'ਹਰਿ ਸਰਿ' ਨਾਮ ਗੰਗਾ ਦਾ ਹੈ ਪਰ ਅਸਲ ਵਿਚ ਹਰਿ ਨਾਮ ਹਰੀ ਦਾ ਹੈ 'ਹਰਿ ਸਰਿ' ਇਕੱਠਾ ਨਾਮ ਗੰਗਾ ਦਾ ਵੇਦਾਂ ਜਾਂ ਕੋਸ਼ਾਂ ਵਿਚ ਕਿਤੇ ਵੀ ਨਹੀਂ ਆਇਆ । ਹਰਿ ਨਾਮ ਪ੍ਰਮੇਸ਼ਰ ਦਾ ਹੈ ਅਤੇ ਖਾਲਸੇ ਦਾ ਸੰਬੰਧ ਕੇਵਲ ਇਕ ਵਾਹਿਗੁਰੂ ਦੇ ਨਾਲ ਹੀ ਹੈ ਅਤੇ ਹਰ ਸਿੰਘ ਦਾ ਨਿਸ਼ਾਨਾ ਉਸ ਵਾਹਿਗੁਰੂ (ਹਰਿ) ਵਿਚ ਅਭੇਦ ਹੋਣ ਦਾ ਹੈ ।

'ਹਰਿ ਸਰਿ ਵਸੈ ਹਉਮੈ ਮਾਰਿ ॥' (੧੨੮)

---

*ਫੁੱਲ ਨਹੀਂ ਚੁਗਣੇ । ਸਗੋਂ ਅਧਸੀਆਂ ਸਾਰੀ ਰਾਖ ਇਕੱਠੀ ਕਰਕੇ ਕੀਰਤਪੁਰ ਸਾਹਿਬ ਜਾਂ ਗੋਇੰਦਵਾਲ ਸਾਹਿਬ ਦਰਿਆ ਭੇਟ ਕਰਨੀ । ਜੇਕਰ ਇਸ ਤਰ੍ਹਾਂ ਨਾ ਹੋ ਸਕੇ ਤਾਂ ਲਾਗੇ ਕਿਸੇ ਦਰਿਆ ਜਾਂ ਨਹਿਰ ਵਿਚ ਪਰਵਾਹ ਦੇਣੀਆਂ ਚਾਹੀਦੀਆਂ ਹਨ ।

ਕਰਨਾ, ਕਾਣਾ ਮੰਨਣਾ ਹੈ। ਪਾਨ ਕੋਲ ਬੈਠ ਕੇ ਪ੍ਰਵਾਰ ਨੇ ਸਣਨਾ। ਗੰਥੀ ਸਿੰਘ ਦੀ ਸੇਵਾ ਚੰਗੀ ਤਰ੍ਹਾਂ ਕਰਨੀ ਹੈ। ਭੋਗ ਸਮੇਂ ਸੋਹਣੇ ਬਸਤਰ ਤੇ ਮਾਇਆ ਭੇਟ ਕਰਨੀ ਹੈ।

ਜਿੱਥੇ ਮ੍ਰਿਤਕ ਨੇ ਸਰੀਰ ਛੱਡਿਆ ਹੋਵੇ ਓਥੇ ਹਰ ਰੋਜ਼ ਹੀ ਪਾਠ ਸਵੇਰੇ ਸਹਸਕ੍ਰਿਤੀ ਦੇ ਸਲੋਕ ਤੇ ਸ਼ਾਮ ਨੂੰ ਜੈਤਸਰੀ ਦੀ ਵਾਰ ਦੇ ਦੋ ਸਲੋਕਾਂ ਦੀ ਕਥਾ ਕਰਨੀ ਚਾਹੀਦੀ ਹੈ। ਜਿਸ ਕਰਕੇ ਪ੍ਰਾਣੀ ਨੂੰ ਸੱਚਖੰਡ ਵਿਖੇ ਨਿਵਾਸ ਮਿਲਦਾ ਹੈ। ਜੇਕਰ ਕਥਾ ਵਾਚਕ ਨਾ ਹੋਵੇ ਤਾਂ ਜੈਤਸਰੀ ਦੀ ਵਾਰ ਤੇ ਸਹਸਕ੍ਰਿਤੀ ਦਾ ਪਾਠ ਕਰਨਾ ਚਾਹੀਦਾ ਹੈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਵੈਰਾਗਮਈ ਸ਼ਬਦਾਂ ਦਾ ਕੀਰਤਨ ਕੀਤਾ ਜਾਵੇ। ਉਥੇ ਹਰ ਰੋਜ਼ ਰਹਰਾਸਿ ਸਾਹਿਬ ਤੇ ਕੀਰਤਨ ਸੋਹਿਲਾ ਦਾ ਪਾਠ ਜ਼ਰੂਰ ਹੋਵੇ।

'ਭਗਤ ਰਤਨਾਵਲੀ' ਵਿਚ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ ਸਿੱਖਾਂ ਨੇ ਪੰਜਵੇਂ ਪਾਤਸ਼ਾਹ ਜੀ ਪਾਸੋਂ ਮ੍ਰਿਤਕ ਦੇ ਭੋਗ ਸੰਬੰਧੀ ਪੁੱਛਿਆ ਤਾਂ ਹਜ਼ੂਰ ਨੇ ਜੋ ਫੁਰਮਾਇਆ ਉਹ ਇਸ ਪ੍ਰਕਾਰ ਹੈ :—

'ਸੱਚੇ ਪਾਤਸ਼ਾਹ ! ਅੱਗੇ ਜੇ ਕੋਈ ਹੁਕਮ ਸਤਿ ਹੁੰਦਾ ਸੀ, ਤਾਂ ਅਸੀਂ ਪੰਡਿਤਾਂ ਨੂੰ ਬੁਲਾਇ ਕੇ ਗਰੁੜ ਪੁਰਾਣ ਵਚਾਂਵਦੇ ਸਾਂ, ਤੇ ਦਸਗਾਤ੍ਰ ਕਰਾਂਵਦੇ ਸਾਂ, ਤੇ ਹੁਣ ਪੰਡਿਤ ਨਹੀਂ ਆਂਵਦੇ। ਕਹਿੰਦੇ ਹੈਨ ਜੇ ਧਾਗਾ ਤੇ ਲੰਗੋਟ ਰੱਖੋ ਤੇ ਦਸਗਾਤ੍ਰ ਕਰੋ ਤਾਂ ਅਸੀਂ ਆਵਨੇ ਹਾਂ, ਜਿਵੇਂ ਹੁਕਮ ਹੋਵੇ ਤਿਵੈ ਕੀਚੈ। ਵਚਨ ਤੇ ਦਸਤਖ਼ਤ ਹੋਏ– ਤੁਸਾਂ ਸਿਦਕ ਤੇ ਤਕੜੇ ਰਹਿਣਾ (ਗੁਰੂ) ਗ੍ਰੰਥ ਜੀ ਦਾ ਭੋਗ ਪਵਾਣਾ ਤੇ ਪੰਜਵੇਂ ਪਾਤਸ਼ਾਹ ਜੀ ਦੇ ਸਹਸਕ੍ਰਿਤੀ ਸਲੋਕਾਂ ਦੀ ਕਥਾ ਸਿਖਾਂ ਥੀਂ ਸੁਣਨੀ। ਪ੍ਰਾਣੀ ਦਾ ਭੀ ਸੱਚਖੰਡ ਵਿਚ ਵਾਸਾ ਹੋਵੇਗਾ ਤੇ ਤੁਸਾਂ ਨੂੰ ਭੀ ਗਿਆਨ ਪ੍ਰਾਪਤ ਹੋਵੇਗਾ, ਸਿਦਕ ਜੇਹਾ ਤੇ ਨਾਮ ਜੇਹਾ ਪਦਾਰਥ ਕੋਈ ਨਹੀਂ।'

ਅੰਤਮ ਸਮੇਂ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ–ਮਹਾਰਾਜ ਜੀ ! ਚੜ੍ਹਾਈ ਕਰਨ ਤੋਂ ਬਾਅਦ ਮੈਨੂੰ ਮਟੀਆਂ ਵਿਚ ਨਾ ਪਾਇਓ, ਮੇਰੀ

ਕੀਰਤਨ ਸੋਹਿਲਾ ਪੜ੍ਹਨਾ ਪਰ ਸਿਰ ਦੀ ਖੋਪਰੀ ਭੰਨਣੀ, ਕਪਾਲ ਕਿਰਿਆ ਕਰਨ ਆਦਿ ਮਨ੍ਹਾ ਹੈ।

ਸ਼ਮਸ਼ਾਨ ਭੂਮੀ ਵਿਚੋਂ ਸਿੱਧਾ ਗੁਰਦੁਆਰੇ ਸਾਹਿਬ ਪਹੁੰਚ ਕੇ ਇਸ਼ਨਾਨ ਕਰਨਾ ਚਾਹੀਦਾ ਹੈ, ਕੜਾਹ ਪ੍ਰਸਾਦਿ ਦੀ ਦੇਗ ਤਿਆਰ ਕਰਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲਿਆਂਦੀ ਜਾਵੇ। ਉਪਰੰਤ ਅਲਾਹਣੀਆਂ (ਪੰਜ ਸ਼ਬਦ) ਸਾਰ ਸ਼ਬਦ* ਕੀਰਤਨ ਸੋਹਿਲਾ ਉਪਰੰਤ ਅਨੰਦੁ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਪੜ੍ਹ ਕੇ ਅਰਦਾਸ ਕਰ ਕੇ ਦੇਗ ਵਰਤਾਈ ਜਾਵੇ।

'ਸੈਯਾ ॥ ਮੂਏ ਹੀ ਸਿਖ ਬਾਂਧਵ ਕੋ, ਨਿਤ ਰੋਵਤ ਨਾਹਿ, ਕੜਾਹ ਕਰਾਵਹਿ।
ਅਨੰਦ ਪੜ੍ਹੈ ਸਭ ਸ਼ੋਕ ਤਜਹਿ ਸਿਖ, ਪੀਟੈ ਨਾਰਿ ਨ, ਸ਼ਬਦ ਪੜ੍ਹਾਵਹਿ।
ਸੰਤ ਸੰਬੂਹਨ ਸਿਖਨ, ਦੇਇ ਖੁਵਾਇ ਸੁ ਭੇਟ ਚੜ੍ਹਾਵਹਿ।
ਵੇਦ ਕੀ ਰੀਤਿ ਕੋ ਤਿਆਗ ਕਰੇ,ਨਹਿ ਕ੍ਰਿਆ ਮਾਨਸ ਸਿਖ ਸਤਾਵਹਿ।੩੦।'
(ਮੁਕਤਨਾਮਾ ਭਾਈ ਸਾਹਿਬ ਸਿੰਘ ਜੀ)

ਮ੍ਰਿਤਕ ਪ੍ਰਾਣੀ ਦੇ ਨਮਿੱਤ ਸਹਿਜ ਪਾਠ ਕਰੌਣਾ ਹੋਵੇ ਤਾਂ ਉਸੇ ਦਿਨ ਪ੍ਰਾਰੰਭ ਕੀਤਾ ਜਾਵੇ ਅਤੇ ਜੇਕਰ ਅਖੰਡ ਪਾਠ ਵੀ ਕਰੌਣਾ ਹੋਵੇ ਤਾਂ ਅਠਵੇਂ ਦਿਨ ਪ੍ਰਾਰੰਭ ਕਰਕੇ ਸਹਿਜ ਪਾਠ ਜਾਂ ਅਖੰਡ ਪਾਠ ਦਾ ਭੋਗ ਦਸਵੇਂ ਦਿਨ ਹੀ ਪਾਇਆ ਜਾਵੇ। ਤੇਰੀਆ ਜਾਂ ਸਤਾਰੀਆ ਨਹੀਂ ਕਰਨਾ। ਸੂਦਰ ਚਾਲ੍ਹੀਆ, ਵੈਸ਼ ਸਤਾਰੀਆ, ਖੱਤ੍ਰੀ ਤੇਰੀਆ, ਬ੍ਰਹਮਣ ਬਾਰ੍ਹੀਆ, ਕਰਦੇ ਹਨ ਪਰ ਖਾਲਸਾ ਸ਼੍ਰੋਮਣੀ ਹੈ ਇਸ ਲਈ ਦੁਸਹਿਰਾ ਹੀ ਕਰਨਾ ਗੁਰੂ ਕੀ ਆਗਿਆ ਹੈ। ਮਾਈਆਂ ਨੇ ਰੋਣਾ ਪਿਟਣਾ ਜਾਂ ਸਿਆਪਾ ਨਹੀਂ

---

*ਆਸਾ ਮਹਲਾ ੧ ॥
'ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥' (੩੫੮)
ਸੂਹੀ ਮਹਲਾ ੫ ॥
'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥' (੭੪੭)
ਮਾਰੂ ਮਹਲਾ ੫ ॥
'ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥' (੧੦੦੦)

ਗਲ ਵਿਚ ਪਰਨਾ ਤੇ ਕਮਰਕਸਾ ਕੱਸ ਕੇ ਦੁਸਰਾ ਕਛਹਿਰਾ ਪਰਨਾ ਸੁੱਕਾ ਲੈ ਕੇ ਲੱਕ ਨਾਲ ਬੰਨ੍ਹਣਾ। ਕੰਘਾ ਕੇਸਾਂ ਵਿਚ ਹੋਵੇ ਅਤੇ ਬਸਤਰ ਨਵੇਂ ਹੋਣੇ ਚਾਹੀਦੇ ਹਨ, ਚੰਗੀ ਤਰ੍ਹਾਂ ਸੀਤੇ ਹੋਣ :-

'ਕਿਰਿਆ ਸਹਿਤ ਸਿਖ ਸਸਕਾਰੇ।'

ਸਸਕਾਰ ਕਰਨ ਜਾਣ ਦੀ ਤਿਆਰੀ ਕਰਦੇ ਸਮੇਂ ਪ੍ਰਾਣੀ ਦੀ ਦੇਹ ਨੂੰ ਬੇਬਾਣ ਰਾਹੀਂ ਗੁਰਦੁਆਰੇ ਸਾਹਿਬ ਲਿਜਾ ਕੇ, ਉਸ ਦਾ ਸਿਰ ਗੁਰਦੁਆਰੇ ਸਾਹਿਬ ਵੱਲ ਕਰਕੇ ਅਤੇ ਸਿਰ ਵੱਲ ਖਲੋ ਕੇ ਮ੍ਰਿਤਕ ਪਾਸੋਂ ਹੋਈਆਂ ਭੁੱਲਾਂ ਅਤੇ ਗਲਤੀਆਂ ਬਖਸ਼ਾਉਣ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਪਵਿੱਤਰ ਚਰਨ ਕੰਵਲਾਂ ਵਿਚ ਅਰਦਾਸ ਕਰਨੀ ਹੈ।

ਸ਼ਮਸ਼ਾਨ ਭੂਮੀ ਨੂੰ ਜਾਂਦਿਆਂ ਵਡਹੰਸ ਦੀ ਵਾਰ ਦਾ ਜਾਂ ਵੈਰਾਗਮਈ ਸ਼ਬਦਾਂ ਦਾ ਕੀਰਤਨ ਕਰਦੇ ਜਾਣਾ ਹੈ ਅਤੇ ਰਾਗੀ ਸਿੰਘ ਪਉੜੀ ਖਲੋ ਕੇ ਪੜ੍ਹਨ। ਮਿਰਤਕ ਦਾ ਸੀਸ ਅਗਲੇ ਪਾਸੇ ਹੋਵੇ, ਉਸ ਤੋਂ ਅੱਗੇ ਕੀਰਤਨੀਏ ਤੋਰੇ ਜਾਣੀਦੇ ਹਨ। ਰਸਤੇ ਅਧ-ਮਾਰਗ ਵਿਚ ਬੇਬਾਣ ਰੱਖਣਾ, ਘੜੀ ਭੰਨਣੀ, ਰੋਣਾ ਪਿੱਟਣਾ, ਪਾਣੀ ਡੋਲ੍ਹਣਾ, ਤਿਨਕੇ ਤੋੜਨੇ, ਮੱਥਾ ਟੇਕਣਾ, ਕੋਈ ਭਾਂਡਾ ਰੇੜ੍ਹਨਾ ਆਦਿ ਮਨਮੱਤ ਹੈ। ਗੁਰਸਿੱਖਾਂ ਨੇ ਇਹ ਭੁੱਲ ਕੇ ਵੀ ਨਹੀਂ ਕਰਨਾ।

'ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥'
(੭੪੭)

ਚਿਖਾ ਲੱਕੜਾਂ ਦੀ ਬਣਾਈ ਜਾਵੇ ਜਿਸ ਵਿਚ ਗੋਹੇ ਆਦਿ ਦੀ ਵਰਤੋਂ ਨਾ ਕੀਤੀ ਜਾਵੇ। ਹੋ ਸਕੇ ਤਾਂ ਚੰਦਨ ਦੀ ਲੱਕੜੀ ਤੇ ਦੇਸੀ ਘਿਉ ਵਿਚ ਪਾਇਆ ਜਾਵੇ। ਰਾਗੀ ਸਿੰਘ ਉੱਚੀ ਜਗ੍ਹਾ ਤੇ ਸਿਰ੍ਹਾਣੇ ਵੱਲ ਬੈਠ ਕੇ ਕੀਰਤਨ ਕਰਨ, ਮ੍ਰਿਤਕ ਦਾ ਸਰੀਰ ਚਿਖਾ ਤੇ ਰੱਖ ਕੇ ਇਕ ਸਿੰਘ ਜਪੁ ਜੀ ਸਾਹਿਬ ਦਾ ਪਾਠ ਸਿਰ੍ਹਾਣੇ ਵੱਲ ਖਲੋ ਕੇ ਕਰੇ ਅਤੇ ਬਾਕੀ ਦੇ ਚਿਖਾ ਸਵਾਰਨ। ਪਾਠ ਵੀ ਨਾਲ ਬੋਲ ਕੇ ਸਾਰੇ ਕਰਨ। ਪਾਠ ਕਰਨ ਮਗਰੋਂ ਅਰਦਾਸ ਕਰਕੇ ਚੰਡਾ ਲਾਇਆ ਜਾਵੇ। ਕੀਰਤਨ ਹੁੰਦਾ ਰਹੇ। ਜਦੋਂ ਸਰੀਰ ਦਾ ਅੱਧਾ ਸਸਕਾਰ ਹੋ ਜਾਵੇ ਕੀਰਤਨ ਦੀ ਸਮਾਪਤੀ ਕਰਕੇ,

ਹੋਵੇ ਤਾਂ ਇੱਕੀਵੀਂ ਅਸਟਪਦੀ :-

'ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥' (੨੯੦)

ਦਾ ਪਾਠ ਸੁਨਾਉਣਾ ਚਾਹੀਦਾ ਹੈ। ਪ੍ਰਾਣੀ ਦੇ ਦੇਹ ਤਿਆਗਣ ਸਮੇਂ ਜਾਂ ਮਗਰੋਂ ਰੋਣਾ ਨਹੀਂ, ਧਾਹਾਂ ਨਹੀਂ ਮਾਰਨੀਆਂ ਉਸ ਨੂੰ ਮੰਜੇ ਤੋਂ ਭੁੰਜੇ ਨਹੀਂ ਉਤਾਰਨਾ ਸਗੋਂ ਗੁਰੂ ਕੀ ਬਾਣੀ ਦਾ ਜਿੰਨਾ ਪਾਠ ਹੋਵੇ ਕਰੋ। ਗੁਰਬਾਣੀ ਦਾ ਕੀਰਤਨ ਕਰਨਾ ਚਾਹੀਦਾ ਹੈ। ਕਈ ਮਨਮਤੀਏ ਲੋਕ ਪ੍ਰਾਣੀ ਦੇ ਦੇਹ ਛੱਡਣ ਤੋਂ ਮੰਜੇ ਉੱਤੋਂ ਉਤਾਰ ਕੇ ਉਸ ਦੇ ਹੱਥ ਤੇ ਦੀਵਾ ਜਗਾਉਂਦੇ ਹਨ ਕਿ ਪ੍ਰਲੋਕ ਵਿਚ ਚਾਨਣ ਹੋਵੇਗਾ ਪਰ ਉਹ ਤਾਂ ਹਵਾ ਚੱਲਣ ਤੋਂ ਝੱਟ ਓਥੇ ਹੀ ਬੁਝ ਜਾਂਦਾ ਹੈ ਪ੍ਰਲੋਕ ਵਿਚ ਉਸ ਨੇ ਕੀ ਪ੍ਰਕਾਸ਼ ਕਰਨਾ ਹੈ ?

ਗੁਰਮਤਿ ਅਨੁਸਾਰ :-

'ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥' (੩੫੮)

'ਸਤਿਗੁਰ ਸਬਦਿ ਉਜਾਰੋ ਦੀਪਾ ॥' (੮੨੧)

ਗੁਰੂ ਕਾ ਸ਼ਬਦ ਹੀ ਗੁਰਸਿੱਖਾਂ ਲਈ ਦੀਪਕ ਹੈ ਜੋ :-

'ਡੋਲੈ ਵਾਉ ਨ ਵਡਾ ਹੋਇ ॥' (੮੭੮)

ਉਪਰੋਤ ਇਸ਼ਨਾਨ ਦਹੀਂ ਜਾਂ ਸਾਬਣ ਨਾਲ ਕਰਾਇਆ ਜਾਵੇ ਅਤੇ ਪੰਜੇ ਕਕਾਰ ਸਰੀਰ ਤੋਂ ਦੂਰ ਨਹੀਂ ਕਰਨੇ :-

'ਜੋ ਕਛ ਬਿਨਾ ਮ੍ਰਿਤਕ ਹੋਵੈ ਤੋ ਅਗਤੀ ਜਾਵੇ ਕਿਉਂਕਿ ਸਿੰਘ ਕੋ ਕਹਾ ਹੈ ਏਕ ਪਾਉਚਾ ਨਿਚੋੜ ਕੇ ਏਕ ਪਾਵੈ।

'ਸਿਖ ਮ੍ਰਿਤ ਹੋਇ ਤੋ ਕਛ ਪਹਿਰਾ ਕਰ ਸ਼ਨਾਨ ਕਰਾ ਕਰ ਦਸਤਾਰ ਸਜਾ ਕਰ ਉਸ ਸਮੇਂ ਜਪੁਜੀ ਪੜਤਾ ਰਹੇ।'

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਇਸ਼ਨਾਨ ਕਰਾਉਂਦਿਆਂ ਹੋਇਆਂ ਜਪੁ ਜੀ ਸਾਹਿਬ ਦਾ ਪਾਠ ਜ਼ਰੂਰ ਕਰਦੇ ਰਹਿਣਾ ਅਤੇ ਮ੍ਰਿਤਕ ਦਾ ਕਛਹਿਰਾ ਬਦਲਦੇ ਸਮੇਂ ਇਕ ਪਹੁੰਚਾ ਉਤਾਰ ਕੇ ਦੂਸਰਾ ਪਹੁੰਚਾ ਪਾਇਆ ਜਾਵੇ ਤੇ ਪੰਜੇ ਕਕਾਰ ਗਾਤਰੇ ਕ੍ਰਿਪਾਨ, ਤੇੜ ਕਛਹਿਰਾ, ਗਲ ਵਿਚ ਕੁੜਤਾ (ਚੋਲਾ), ਸਿਰ ਤੇ ਦਸਤਾਰ,

ਚਲੇ ਗਏ ।

'ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥' (੮੫੫)

ਇਕ ਵਾਹਿਗੁਰੂ, ਸਤਿਗੁਰੂ ਆਪ ਜਾਂ ਉਹਨਾਂ ਦੇ ਸਿਮਰਨ ਭਜਨ ਵਿਚ ਲੀਨ ਪਿਆਰੇ ਸਦਾ ਅਮਰ ਹਨ, ਹੋਰ ਸਭ ਕਾਲ ਦੇ ਅਧੀਨ ਹਨ ।

'ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ ॥
ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥' (੮੫੫)

ਮਰਨ ਤੋਂ ਮਗਰੋਂ ਉਸ ਜੀਵ ਦੀ ਕਲਿਆਣ ਵਾਸਤੇ ਵੱਖ ਵੱਖ ਧਰਮਾਂ ਵਾਲੇ ਆਪੋ ਆਪਣੀ ਮਰਯਾਦਾ ਅਨੁਸਾਰ ਸਰੀਰ ਦੀ ਅੰਤਮ ਕ੍ਰਿਆ ਕਰਦੇ ਹਨ ਅਤੇ ਰੂਹ ਦੀ ਕਲਿਆਣ ਲਈ ਕਈ ਪ੍ਰਕਾਰ ਦੀਆਂ ਰਸਮਾਂ ਕਰਦੇ ਹਨ ।

ਜਿਸ ਤਰ੍ਹਾਂ ਹਿੰਦੂ ਤੇ ਸਿੱਖ ਮ੍ਰਿਤਕ ਸਰੀਰ ਨੂੰ ਚਿਖਾ ਵਿਚ ਸਾੜਦੇ ਹਨ । ਮੁਸਲਮਾਨ ਤੇ ਇਸਾਈ ਮੁਰਦਿਆਂ ਨੂੰ ਕਬਰਾਂ ਵਿਚ ਦਫਨਾਉਂਦੇ ਹਨ ਅਤੇ ਪਾਰਸੀ ਮੁਰਦਿਆਂ ਨੂੰ ਪੰਛੀਆਂ ਦੇ ਖਾਣ ਲਈ ਉੱਚੇ ਥਾਂ ਹੱਗਣ (ਬਣੇ ਹੋਏ ਖੂਹ) ਉੱਪਰ ਟੰਗ ਦਿੰਦੇ ਹਨ ਅਤੇ ਕਈ ਜਲ ਪ੍ਰਵਾਹ ਕਰ ਦੇਂਦੇ ਹਨ । ਪ੍ਰਾਣੀ ਦੀ ਰੂਹ ਦੀ ਸ਼ਾਂਤੀ ਲਈ ਹਿੰਦੂ ਲੋਕ ਸਰਾਧ, ਹੱਥ ਉੱਤੇ ਦੀਵਾ ਜਗਾਉਣਾ, ਗਯਾ ਜਾ ਕੇ ਪਿੰਡ ਭਰਾਉਣੇ ਆਦਿਕ ਕ੍ਰਿਆ ਕਰਦੇ ਹਨ । ਮਸਲਮਾਨ ਲੋਕ ਪ੍ਰਾਣੀ ਦੇ ਭਲੇ ਲਈ ਦਆ ਦੀ ਨਿਮਾਜ਼ ਪੜ੍ਹਦੇ ਹਨ ।

ਗੁਰਮਤਿ ਅਨੁਸਾਰ ਜਦੋਂ ਕੋਈ ਪ੍ਰਾਣੀ ਚੜ੍ਹਾਈ ਕਰਨ ਲੱਗੇ ਜੇ ਉਹ ਅੰਮ੍ਰਿਤਧਾਰੀ ਹੈ, ਰਹਿਤ-ਮਰਯਾਦਾ ਵਿਚ ਪ੍ਰਪੱਕ ਹੈ ਫਿਰ ਤਾਂ ਬਹੁਤ ਹੀ ਚੰਗਾ ਹੈ ਪਰ ਅੰਮ੍ਰਿਤ ਛਕ ਕੇ ਜੇ ਉਸ ਨੇ ਕੋਈ ਬੱਜਰ ਕੁਰਹਿਤ ਕੀਤੀ ਹੋਵੇ ਤਾਂ ਉਸ ਨੂੰ ਪੰਜਾਂ ਪਿਆਰਿਆਂ ਤੋਂ ਫਿਰ ਅੰਮ੍ਰਿਤ ਛਕਾਉਣਾ ਚਾਹੀਦਾ ਹੈ । ਅੰਤਲੇ ਸਮੇਂ ਉਸਦੇ ਪਾਸ ਗੁਰਬਾਣੀ ਦਾ ਪਾਠ ਕਰਦਾ ਰਹਿਣਾ ਚਾਹੀਦਾ ਹੈ । ਜੇ ਕੋਈ ਆਦਮੀ ਬਹੁਤਾ ਸੰਸਾਰਕ ਧੰਦਿਆਂ ਵਿਚ ਫਸਿਆ ਹੋਵੇ ਤਾਂ ਉਸ ਕੋਲ ਸੁਖਮਨੀ ਸਾਹਿਬ ਦਾ ਪਾਠ, ਜੇ ਅਤਿਅੰਤ ਸਮਾਂ ਨੇੜੇ ਪ੍ਰਤੀਤ ਹੋਵੇ ਤਾਂ ਸੁਖਮਨੀ ਸਾਹਿਬ ਦੀ ਦੂਜੀ ਅਸਟਪਦੀ :-

'ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥' (੨੬੪)

ਦਾ ਪਾਠ ਕਰੇ ਅਤੇ ਜੇ ਬਜ਼ੁਰਗ ਹੋਵੇ ਸਿਮਰਨ ਅਭਿਆਸ ਕਮਾਈ ਵਾਲਾ

ਜੋ ਜਨਮਿਆ ਹੈ ਉਸ ਨੇ ਮਰਨਾ ਜ਼ਰੂਰ ਹੈ, ਜੋ ਘੜਿਆ ਹੈ ਸੋ ਭੱਜਣਾ ਹੈ।

ਤੀਸਰਾ ਇਸ ਦਾ ਨਾਮ ਸੰਸਾਰ ਜੋ ਪ੍ਰਣੇਮ ਭਾਵ ਨੂੰ ਪ੍ਰਾਪਤ ਹੋਵੇ ਭਾਵ ਬਦਲਦਾ ਜਾਵੇ, ਇਕ ਰਸ ਨਾ ਰਹੇ। ਭਾਵ ਨਾਸ਼ ਨੂੰ ਪ੍ਰਾਪਤ ਹੋਣ ਵਾਲਾ, ਪਹਿਲਾਂ ਬਾਲਕ ਫਿਰ ਕਿਸ਼ੋਰ ਫਿਰ ਜਵਾਨ ਅਵਸਥਾ ਫਿਰ ਪ੍ਰੌਢਿਆ, ਬ੍ਰਿਧ ਤੇ ਅੰਤ ਨੂੰ ਸਮਾਪਤੀ।

ਸੋ ਜੋ ਵੀ ਸੰਸਾਰ ਵਿਚ ਜਨਮ ਧਾਰ ਕੇ ਆਇਆ ਉਸ ਨੇ ਪ੍ਰਾਰਬਧ ਦੀ ਸਮਾਪਤੀ ਤੋਂ ਮਰਨਾ ਜ਼ਰੂਰ ਹੈ :-

'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥' (੪੭੪)

'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥' (੯੩੬)

'ਪਉੜੀ ॥ ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥
ਹਟ ਪਟਣ ਬਾਜਾਰ ਹੁਕਮੀ ਢਹਸੀਓ ॥
ਪਕੇ ਥੰਕ ਦੁਆਰ ਮੂਰਖੁ ਜਾਣੈ ਆਪਣੇ ॥
ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥
ਤਾਜੀ ਰਥ ਤੁਖਾਰ ਹਾਥੀ ਪਾਖਰੇ ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥' (੧੪੧)

ਰਾਹੀ ਦੀ ਮੁਸਾਫਰਖਾਨੇ, ਬ੍ਰਿਛ ਤੇ ਪੰਛੀ ਦੀ, ਬੇੜੀ ਦੇ ਪੂਰ, ਬੱਦਲ ਦੀ ਛਾਂ, ਧੂਏਂ ਦੇ ਬੱਦਲ, ਰਾਤ ਦੇ ਸੁਪਨੇ, ਬ੍ਰਿਛ ਦੀ ਛਾਂ ਤਰ੍ਹਾਂ ਇਹ ਸੰਸਾਰ ਨਾਸ਼ਵੰਤ ਹੈ। ਇਸ ਵਿਚ ਅਮੀਰ, ਗਰੀਬ, ਰਾਜਾ, ਪਰਜਾ, ਧਨੰਤਰ ਵਰਗੇ ਵੈਦ, ਅਫਲਾਤੂ ਵਰਗੇ ਫਿਲਾਸਫਰ, ਹਰਣਾਖਸ ਵਰਗੇ ਵਰ ਲੈਣ ਵਾਲੇ, ਰਾਵਣ ਵਰਗੇ ਵੱਡ-ਪਰਵਾਰੀ ਕਾਲ ਨੂੰ ਪਾਵਿਆਂ ਨਾਲ ਬੰਨ੍ਹਣ ਵਾਲੇ :-

'ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ ॥'
(ਦਸਮ ੪੫)

ਵੱਡੇ ਵੱਡੇ ਪੈਗੰਬਰ ਅਵਤਾਰ ਵੀ ਸਮੇਂ ਆਏ ਤੋਂ ਪ੍ਰਲੋਕ ਨੂੰ

੫. ਅੰਤਮ ਸੰਸਕਾਰ

'ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥' (੫੯੫)

'ਇਕਿ ਹੋਏ ਅਸਵਾਰ ਇਕਨਾ ਸਾਖਤੀ ॥
ਇਕਨੀ ਬਧੇ ਭਾਰ ਇਕਨਾ ਤਾਖਤੀ ॥' (੧੪੨)

'ਇਕਨ੍ਹਾ ਲਾਦਿਆ ਇਕਿ ਲਾਦ ਚਲੇ ਇਕਨ੍ਹਾ ਬਧੇ ਭਾਰ ॥
ਇਕਨ੍ਹਾ ਹੋਈ ਸਾਖਤੀ ਇਕਨ੍ਹਾ ਹੋਈ ਸਾਰ ॥
ਲਸਕਰ ਸਣੇ ਦਮਾਮਿਆ ਛੁਟੇ ਬੰਕ ਦੁਆਰ ॥
ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ ॥' (੧੨੪੪)

ਇਹ ਦੁਨੀਆਂ ਜਿਸ ਦਾ ਦੂਜਾ ਨਾਮ ਜਗਤ ਜਾਂ ਸੰਸਾਰ ਹੈ ਜਿਸ ਦੀਆਂ ਦੋ ਨੀਂਹਾਂ ਹਨ, ਇਕ ਜੰਮਣ ਦੀ ਇਕ ਮਰਣ ਦੀ। ਸਗੋਂ ਜਿਸ ਦੀ ਮਰਨ ਦੀ ਨੀਂਹ ਪਹਿਲਾਂ ਰੱਖੀ ਜਾਵੇ।

'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥' (੧੩੭੭)

ਕ੍ਰਿਆਮਾਣ ਕਰਮਾਂ ਤੋਂ ਸੰਚਤ ਬਣੇ ਉਨ੍ਹਾਂ ਤੋਂ ਅੱਗੇ ਪ੍ਰਾਰਬਧ ਬਣੀ ਉਹ ਮੱਥੇ ਤੇ ਅਗੰਮੀ ਕਲਮ ਦੁਆਰਾ ਪ੍ਰਮੇਸ਼ਰ ਨੇ ਲਿਖ ਦਿੱਤੀ।

'ਲਿਖੁ ਦਾਤਿ ਜੋਤਿ ਵਡਿਆਈ ॥' (੯੮੯)

'ਇਨਿ ਘਾਲੇ ਸਭ ਦਿਵਸ ਸਾਸ ਨਹ ਬਦਨ ਘਟਨ ਤਿਲੁ ਸਾਰ ॥' (੨੫੪)

ਜਿੰਨੇ ਸਾਲ, ਮਹੀਨੇ, ਦਿਨ, ਘੜੀ, ਪਲ, ਸਵਾਸ ਜਿਉਣਾ ਹੈ। ਜਿੰਨੀ ਦਾਤ, ਬੁੱਧੀ, ਪ੍ਰਤਾਪ, ਵਡਿਆਈ, ਵਿੱਦਿਆ, ਧਨ, ਪਦਾਰਥ ਪ੍ਰਾਪਤ ਹੋਣਾ ਹੋਵੇ ਉਹ ਮੱਥੇ ਤੇ ਲਿਖ ਕੇ ਮੌਤ ਦਾ ਦਿਨ ਲਿਖ ਕੇ ਫਿਰ ਜੀਵ ਨੂੰ ਸੰਸਾਰ ਵਿਚ ਪ੍ਰਮੇਸ਼ਰ ਭੇਜਦਾ ਹੈ।

'ਮਰਣੁ ਲਿਖਾਇ ਮੰਡਲ ਮਹਿ ਆਏ ॥' (੬੮੬)

ਮਰਣ ਦੀ ਨੀਂਹ ਪਹਿਲਾਂ ਰੱਖ ਕੇ ਫਿਰ ਜੰਮਣ ਦੀ ਨੀਂਹ ਪ੍ਰਮੇਸ਼ਰ ਰੱਖਦਾ ਹੈ ਇਸ ਵਾਸਤੇ ਇਸ ਦਾ ਨਾਮ ਦੁਨੀਆਂ ਹੈ।

ਦੂਸਰਾ ਇਸ ਦਾ ਨਾਮ ਜਗਤ (ਜ) ਉਤਪਤ ਭਾਵ ਪੈਦਾ ਤੇ (ਗਤ) ਨਾਸ਼ ਹੋਣ ਵਾਲਾ ਭਾਵ :-

'ਜੋ ਜਨਮੈ ਸੋ ਜਾਨਹੁ ਮੂਆ ॥' (੩੫੭)

ਅਤੇ ਨਾਨਕਿਆਂ ਦੀ ਇਜ਼ਤ ਵਧਾਉਣੀ। ਸਦਾ ਸ਼ਰਮ, ਲੱਜਿਆ, ਨਿੰਮ੍ਰਤਾ ਦਾ ਹੀ ਘੁੰਡ ਰੱਖਣਾ। ਮਾਪਿਆ ਦੇ ਘਰ ਨਾਲੋਂ ਹੁਣ ਸਹੁਰੇ ਘਰ ਨੂੰ ਉੱਚਾ ਮੰਨ ਕੇ ਉਸ ਦੀ ਤਰੱਕੀ ਕਰਨੀ। ਸਹੁਰੇ ਘਰ ਸੇਵਾਦਾਰ ਬਣ ਕੇ ਸੱਚਾ ਮਾਣ ਪ੍ਰਾਪਤ ਕਰਨਾ। ਪਤੀ ਦੀ ਆਗਿਆ ਬਿਨਾਂ ਕਿਧਰੇ ਨਹੀਂ ਜਾਣਾ। ਲੋਕਾਂ ਦੇ ਕੋਲ ਜਾ ਕੇ ਆਪਣੇ ਘਰ ਦਾ ਭੇਤ ਨਹੀਂ ਦੇਣਾ। ਘਰ ਘਰ ਜਾ ਕੇ ਕਿਸੇ ਪ੍ਰਕਾਰ ਚੁਗਲੀ ਨਿੰਦਿਆ ਨਹੀਂ ਕਰਨੀ। ਮੋਟੀ ਸੰਗਤ ਤੋਂ ਬਚ ਕੇ ਗੁਰਮਤਿ ਵਿਚ ਪਰਪੱਕ ਰਹਿਣਾ। ਟੂਣੇ ਟਾਮਣ, ਧਾਗੇ, ਤਵੀਤ, ਮੜ੍ਹੀ, ਮਸਾਣੀ, ਭੈਰੋਂ, ਭੂਤ, ਦੇਵੀ, ਦੇਵਤਿਆਂ ਦੇ ਵਹਿਮ ਵਿਚ ਨਹੀਂ ਫਸਣਾ। ਹਮੇਸ਼ਾਂ ਸਤਿਗੁਰੂ ਜੀ ਤੇ ਭਰੋਸਾ ਰੱਖਣਾ ਤੇ ਸਦਾ ਇਸ ਸਿੱਖਿਆ ਦੇ ਧਾਰਨੀ ਹੋਣਾ ਹੈ। ਤਾਂ ਹੀ ਸਤਿਗੁਰੂ ਮਹਾਰਾਜ ਜੀ ਖੁਸ਼ ਹੋਣਗੇ।

'ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥' (੧੩੮੪)

ਉਪ੍ਰੋਕਤ ਤਿੰਨ ਵੇਸ ਹੇ ਭੈਣ! ਧਾਰਨ ਕਰ। ਨਿੰਮ੍ਰਤਾ, ਸਹਾਹਨਾ, ਮਿੱਠਾ ਬੋਲਣਾ ਤਾਂ ਦੁਨਿਆਵੀ ਪਤੀ ਵੀ ਤੇ ਪ੍ਰਮੇਸ਼ਰ ਪਤੀ ਵੀ ਵੱਸ ਆ ਜਾਵੇਗਾ। ਦਿਲ ਦੀ ਸਫਾਈ ਦਾ ਹੀ ਵੇਸ ਹੋਣਾ ਚਾਹੀਦਾ ਹੈ। ਓਹੀ ਇਸਤ੍ਰੀ ਘਰ ਵਿਚ ਪ੍ਰਮਾਣੀਕ ਸਤਿਕਾਰ ਯੋਗ ਮੰਨੀ ਜਾ ਸਕਦੀ ਹੈ ਜਿਸ ਵਿਚ ਇਹ ਗੁਣ ਹੋਣ।

ਦੁਖ-ਭੰਜਨੀ ਬੇਰੀ ਵਾਲੀ ਜਗ੍ਹਾ ਕਾਂ ਹੰਸ ਬਣਦੇ ਦੇਖ ਕੇ ਉਸੇ ਛੱਪੜੀ ਵਿਚ ਪਿੰਗਲਾ ਇਸ਼ਨਾਨ ਕਰ ਕੇ ਕੰਚਨ ਵੱਤ ਦੇਹੀ ਵਾਲਾ ਬਣ ਗਿਆ। ਉਸ ਦੇ ਸਿਦਕ ਨੂੰ ਭਾਗ ਲੱਗਾ। ਜਿਸ ਬੀਬੀ ਦੀ ਅਵਸਥਾ ਐਸੀ ਬਣ ਚੁੱਕੀ ਸੀ :-

'ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥
ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੇ ਸਹ ਨਾਲੇ ॥' (੧੪੨੪)

ਬੀਬੀ ਵੀਰੋ ਜੀ ਦੇ ਅਨੰਦ ਕਾਰਜ ਸਮੇਂ ਝਬਾਲ ਪਿੰਡ ਪਹੁੰਚ ਕੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਅਤੇ ਮਾਤਾ ਦਮੋਦਰੀ ਜੀ ਦਾ ਬੀਬੀ ਪ੍ਰਤੀ ਸੁਭ ਉਪਦੇਸ਼ :-

ਸਤਿਗੁਰੂ ਪਿਤਾ ਜੀ ਵਲੋਂ :-ਚੌਪਈ ॥

'ਸੁਨ ਬੀਬੀ ! ਮੈਂ ਤੁਝਹਿ ਸੁਨਾਊਂ। ਪਤਿ ਕੀ ਮਹਿਮਾ ਕਹਿ ਤਕ ਗਾਊਂ।
ਪਤੀ ਕੀ ਸੇਵਾ ਕਰਨੀ ਸਫਲੀ। ਪਤਿ ਬਿਨ ਔਰ ਕਰੈ ਸਭ ਨਿਫਲੀ ॥੧੦੮॥
ਯਾ ਤੇ ਪਤਿ ਕੀ ਸੇਵ ਕਰੀਜੈ। ਪਾਦ ਪਖਾਰ ਇਸ਼ਨਾਨ ਕਰੀਜੈ।
ਗੁਰ ਜਨ ਕੀ ਇੱਜ਼ਤ ਬਹੁ ਕਰਨੀ। ਸਾਸ ਸੇਵ ਰਿਦ ਮਾਂਹਿ ਸੁ ਧਰਨੀ॥੧੦੯॥'

ਮਾਤਾ ਜੀ ਵਲੋਂ :-ਚੌਪਈ ॥

'ਸੁਨ ਪੁਤ੍ਰੀ ! ਪ੍ਰਾਨਨ ਤੇ ਪਯਾਰੀ। ਜਿਸ ਤੇ ਬੇਸ ਬਿਤੇ ਸੁਖਕਾਰੀ।
ਕੁਲ ਕੀ ਬਾਤ ਚਿੱਤ ਮੇਂ ਧਰਨੀ। ਖੋਟੀ ਸੰਗਤਿ ਨਹੀਂ ਸੁ ਕਰਨੀ ॥੧੧੩॥
ਪ੍ਰਾਤੈ ਉਠ ਕਰ ਮੱਜਨ ਕਰੀਯੋ। ਗੁਰ ਬਾਨੀ ਕੋ ਮੁਖ ਤੇ ਰਰੀਯੋ।
ਪੁਨਾ ਔਰ ਵਿਹਾਰ ਜੋ ਹੋਈ। ਬਲੋ ਸੰਭਾਲਹੁ ਨੀਕੇ ਸੋਈ ॥੧੧੪॥
ਮ ਢਿਗ ਉਪਾਲੰਭ ਨਹੀਂ ਆਵੇ। ਐਸੀ ਭਾਂਤ ਸਰਬ ਸੁਖ ਪਾਵੈ ॥'

(ਸ੍ਰੀ ਗੁਰ ਬਿਲਾਸ ਪਾ: ੬, ਧਿਆਏ ੧੧, ਪੰਨਾ ੨੮੭)

ਹਰੇਕ ਬੀਬੀ ਲਈ ਇਹ ਜ਼ਰੂਰੀ ਹੈ ਕਿ ਇਸ ਸਿੱਖਿਆ ਨੂੰ ਗ੍ਰਹਿਣ ਕਰ ਕੇ ਘਰ ਦੀ ਸਭ ਵਸਤੂ ਨੂੰ ਸੰਭਾਲ ਕੇ ਰੱਖਣਾ ਹੈ। ਹੱਟੀ, ਭੱਠੀ ਤੇ ਕਮਾਈ ਨਹੀਂ ਰੜ੍ਹਨੀ। ਅਮਾਨਤ ਵਿਚ ਖਿਆਨਤ ਨਹੀਂ ਕਰਨੀ। ਸੱਚਾ ਪਜ਼ਾਨਚੀ ਬਣ ਕੇ ਘਰ ਦੇ ਪ੍ਰਬੰਧ ਨੂੰ ਸੰਭਾਲਣਾ ਹੈ। ਸਾਰੇ ਕੰਮ ਨੂੰ ਸੁਚੱਜੇ ਢੰਗ ਨਾਲ ਚਲਾਉਣਾ ਹੈ। ਸਹੁਰੇ ਘਰ ਜਾ ਕੇ ਆਪਣੇ ਮਾਤਾ ਪਿਤਾ, ਭੈਣਾਂ ਭਰਾਵਾਂ

ਨੱਥ ਤੱਸੇ ਪਾ ਕੇ ਸੰਨ੍ਹਿਆ ਜਾਂਦਾ ਹੈ ਪਰ ਜੋ ਆਜ਼ਾਦ ਹੋਵੇ ਉਹ ਦੇ ਕੁਝ ਨਹੀਂ ਹੁੰਦਾ। ਜਦੋਂ ਮੁਸਲਮਾਨ ਹਿੰਦੂਆਂ ਦੀਆਂ ਲੜਕੀਆਂ ਫੜ ਕੇ ਲਿਜਾਂਦੇ ਤਾਂ ਆਪਣੇ ਦੇਸ਼ ਵਿਚ ਲਿਜਾ ਕੇ ਲੋਹੇ ਦੇ ਛੱਲੇ ਕੰਨਾਂ ਨੱਕਾਂ ਵਿਚ ਪਾਉਂਦੇ ਇਹ ਗੁਲਾਮੀ ਦੀ ਨਿਸ਼ਾਨੀ ਸੀ। ਹੌਲੀ ਹੌਲੀ ਲੋਕਾਂ ਦੇ ਸੁਭਾਅ ਪੈਣ ਤੇ ਸੋਨੇ ਦੇ ਤਗਮੇ ਬਣਾ ਕੇ ਪਾਉਣ ਲੱਗ ਪਏ। ਏਸੇ ਪ੍ਰਕਾਰ ਹੀ ਤੀਆਂ ਸਾਵੇਂ ਦੀ ਕੁਰੀਤੀ ਵੀ ਮੁਸਲਮਾਨਾ ਨੇ ਹੀ ਤਰੀ ਹੈ। ਗਹਣੇ ਪਾ ਕੇ ਇਸਤ੍ਰੀਆਂ ਨੇ ਜਾਣਾ, ਗੰਦੀਆਂ ਬੋਲੀਆਂ ਪਾਉਣੀਆਂ ਅਤੇ ਨਾਚ ਕਰਨਾ। ਮੁਸਲਮਾਨ ਓਥੋਂ ਸੁੰਦਰ ਸੁੰਦਰ ਲੜਕੀਆਂ ਚੁਣ ਕੇ ਫੜ ਕੇ ਲੈ ਜਾਂਦੇ ਸਨ। ਓਹੋ ਹੀ ਦੁਰਾਚਾਰੀ ਰੀਤੀ ਸਾਡੇ ਦੇਸ਼ ਵਿਚ ਅਜੇ ਵੀ ਕਿਤੇ ਕਿਤੇ ਪ੍ਰਚੱਲਤ ਹੈ ਜਿਸ ਵਿਚ ਲੜਕੀਆਂ ਸਾਵਣ ਦੇ ਮਹੀਨੇ ਚਿਕੱਠੀਆਂ ਹੋ ਕੇ ਨੱਚਦੀਆਂ ਟੱਪਦੀਆਂ, ਗੰਦੇ ਗੀਤ ਤੇ ਬੋਲੀਆਂ ਪਾਉਂਦੀਆਂ ਹਨ। ਓਥੇ ਹੀ ਕਈ ਜਾ ਕੇ ਸੁਣਦੇ ਅਤੇ ਦੇਖਦੇ ਹਨ। ਇਹ ਕੁਰੀਤੀ ਬੜੀ ਸ਼ਰਮਸਾਰ ਹੈ ਜੋ ਕਿ ਸਾਡੇ ਮੱਥੇ ਤੇ ਭਾਰੀ ਕਲੰਕ ਹੈ, ਜਿਸ ਨੂੰ ਹਟਾਉਣਾ ਬੜਾ ਜ਼ਰੂਰੀ ਹੈ।

ਸੁਭ ਗੁਣ ਹੀ ਗਹਿਣੇ ਹਨ ਜਿਨ੍ਹਾਂ ਦੇ ਧਾਰਨ ਤੋਂ ਲੋਕ ਪ੍ਰਲੋਕ ਵਿਚ ਮੁੱਖ ਉਜਲਾ ਹੁੰਦਾ ਹੈ :—

'ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥'(੩੫੯)

'ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਸਭਾਇ ਰੀ ॥' (੪੦੦)

'ਸਗਲ ਗੁਣਾ ਗੁਣ ਉਤਮੋ ਭਰਤਾ ਦੂਰਿ ਨ ਪਿਖੁ ਰੀ ॥' (੪੦੦)

'ਜਨ ਨਾਨਕ ਅੰਤਿ ਵਾਰ ਨਾਮੁ ਗਹਣਾ ॥' (੩੭੫)

ਸਾਡੀ ਮਾਤਾ ਗੰਗਾ ਜੀ ਦੇ ਬੇਨਤੀ ਕਰਨ ਤੋਂ ਸਤਿਗੁਰੂ ਅਰਜਨ ਮਾਹਿਬ ਜੀ ਨੇ 'ਬਾਵਨ ਅਖਰੀ' ਗੁਰਬਾਣੀ ਦਾ ਪਹਿਲਾ ਤੇ ਸਮਾਪਤੀ ਦਾ ਇਕੋ ਹੀ ਸਲੋਕ ਉਚਾਰਿਆ ਇਹ ਇਕ ਡੱਬਾ ਹੈ ਜਿਸ ਦੇ ਇਹ ਦੋ ਢੱਕਣ ਹਨ ਵਿਚ ਸਾਰੀ ਬਾਣੀ ਸ਼ੋਭਾ ਰੂਪ ਗਹਿਣਾ ਹੈ ਲੋਕ ਪ੍ਰਲੋਕ ਵਿਚ ਨਾਲ ਰਹਿਣ ਵਾਲਾ ਹੈ।

ਜਿਵੇਂ ਪੱਟੀ ਵਾਲੇ ਹਾਜੇ ਦੁਲੀ ਚੰਦ ਦੀ ਲੜਕੀ ਬੀਬੀ ਰਾਜ ਕੌਰ ਨੇ ਆਪਣੇ ਪਿੰਗਲੇ ਪਤੀ ਦੀ ਪ੍ਰਮੇਸ਼ਰ ਰੂਪ ਜਾਣ ਕੇ ਸੇਵਾ ਕੀਤੀ। ਸਤਿਗੁਰੂ ਜੀ ਨੇ ਉਸ ਦੇ ਸਤ ਨੂੰ ਭਾਗ ਲਾਇਆ। ਅੰਮ੍ਰਿਤਸਰ ਸਾਹਿਬ ਜਾ ਕੇ

'ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ॥
ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥' (੧੦੮੮)

ਝੂਠ ਬੋਲਣ ਵਾਲੀ ਪਤੀ ਨੂੰ ਨਹੀਂ ਭਾਉਂਦੀ :-

'ਪਿਰ ਮਾਰਿ ਸੋਹੈ ਨਾਰਿ ਜੋ ਪਿਰ ਭਾਵਏ ਜੀਉ ॥
ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥
ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥
ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥' (੬੮੬)

ਕਈ ਬੀਬੀਆਂ ਗਹਿਣਿਆਂ ਦੀ ਸੁੰਦਰਤਾ ਦਿਖਾ ਕੇ ਪਤੀ ਨੂੰ ਪ੍ਰਸੰਨ ਕਰਨ ਦਾ ਨਿਰਾਰਥ ਯਤਨ ਕਰਦੀਆਂ ਰਹਿੰਦੀਆਂ ਹਨ। ਜਿਨ੍ਹਾਂ ਗਹਿਣਿਆਂ ਦੇ ਪਾਉਣ ਵਿਚ ਅਨੇਕ ਤਰ੍ਹਾਂ ਦੇ ਦੋਸ਼ ਹਨ। ਇਕ ਤਾਂ ਸ਼ੌਕੀਨੀ ਆਉਂਦੀ ਹੈ। ਆਪਣੇ ਅਤੇ ਦੂਜੇ ਵੇਖਣ ਵਾਲੇ ਦੇ ਮਨ ਵਿਚ ਵਿਕਾਰ ਪੈਦਾ ਕਰਦੇ ਹਨ। ਗਹਿਣਿਆਂ ਦੀ ਛਣਕਾਰ ਸੁਣ ਕੇ ਦੇਖ ਕੇ ਚੋਰ ਡਾਕੂ ਨੱਕ ਕੰਨਾਂ ਤੋਂ ਬੁੱਚਿਆਂ ਕਰ ਜਾਂਦੇ ਹਨ। ਜਿੱਥੇ ਕੰਨਿਆਂ ਦਾ ਦਾਨ ਕਰਨਾ ਬੜਾ ਭਾਰੀ ਪੁੰਨ ਹੈ ਓਥੇ ਗਹਿਣੇ ਪਾਉਣ ਨਾਲ ਭਾਰੀ ਅਪਰਾਧ ਵੀ ਸਿਰ ਚੜ੍ਹ ਜਾਂਦਾ ਹੈ।

ਜਿਵੇਂ ਦੱਛ ਪਰਜਾਪਤ ਨੇ ਆਪਣੀ ਲੜਕੀ ਗਹਿਣਿਆਂ ਤੋਂ ਬਿਨਾਂ ਅਣਬਿਧ ਵਿਆਹੀ ਉਸ ਨੂੰ ਦੱਛ ਪਰਜਾਪਤ ਪਦਵੀ ਦੀ ਪਰਾਪਤੀ ਹੋਈ। ਫਿਰ ਉਸ ਨੇ ਸੋਚਿਆ ਜੇਕਰ ਮੇਰੇ ਘਰ ਬਹੁਤੀਆਂ ਲੜਕੀਆਂ ਹੋਣ, ਉਨ੍ਹਾਂ ਦੀ ਸ਼ਾਦੀ ਕਰਕੇ ਬ੍ਰਹਮਾ ਦੀ ਪਦਵੀ ਦਾ ਅਧਿਕਾਰੀ ਹੋਵਾਂ। ਦਸ ਹਜ਼ਾਰ ਲੜਕੀ ਏਸ ਦੇ ਘਰ ਹੋਈ। ਓਸੇ ਤਰ੍ਹਾਂ ਸ਼ਾਦੀ ਦੀ ਤਿਆਰੀ ਕੀਤੀ। ਬ੍ਰਹਮਾ ਨੂੰ ਆਪਣੀ ਪਦਵੀ ਖਈ ਜਾਣ ਦਾ ਫਿਕਰ ਪੈ ਗਿਆ। ਉਸ ਨੇ ਨਾਰਦ ਮੁਨਿ ਨੂੰ ਸਿਖਾ ਕੇ ਭੇਜਿਆ ਕਿ ਇੰਝ ਕਹਿ, ਕੰਨਿਆਂ ਦਾ ਦਾਨ ਖਾਲੀ ਨਹੀਂ ਕਰਨਾ ਚਾਹੀਦਾ ਹੈ ਅੰਗ ਛੇਦ ਕੇ ਗਹਿਣੇ ਵੀ ਪਾਉਣੇ ਚਾਹੀਦੇ ਹਨ। ਇਵੇਂ ਹੀ ਕੀਤਾ। ਜੋ ਕੰਨਿਆਂ ਦਾ ਦਾਨ ਦਾ ਫਲ ਸੀ ਗਹਿਣੇ ਪਾਉਣੇ ਕਰਕੇ ਓਨਾ ਹੀ ਪਾਪ ਹੋ ਗਿਆ। ਇਸ ਕਰਕੇ ਓਹੀ ਪਦਵੀ ਰਹੀ ਬ੍ਰਹਮਾ ਨਾ ਬਣ ਸਕਿਆ।

ਗਹਿਣੇ ਗੁਲਾਮੀ ਦੀ ਨਿਸ਼ਾਨੀ ਹਨ ਜੋ ਪਸ਼ੂ ਰੱਖਿਆ ਹੋਵੇ ਉਸ ਨੂੰ

ਸ੍ਰੀ ਮੁਖ ਵਾਕ :-

'ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥' (੧੫)

'ਸਵੈਯਾ ॥ ਭੋਰ ਹੁਤੇ ਗਰਜੈ ਲਰਜੈ ਬਰਜੈ ਸਭ ਲੋਗ ਰਹੈ ਨਹਿ ਠਾਨੀ ॥
ਸਾਸੁ ਕੇ ਤ੍ਰਾਸ ਨ ਆਵਤ ਸ੍ਵਾਸ ਦੁਆਰਨ ਤੇ ਫਿਰਿ ਜਾਤਿ ਜਿਠਾਨੀ ॥
ਪਾਗ ਪਹੇਲਿਨ ਬਾਸ ਗਰਜੋ ਬਨ ਲੋਗ ਭਏ ਸਭ ਹੀ ਠਕਵਾਨੀ ॥
ਪਾਨੀ ਕੇ ਮਾਂਗਤ ਪਾਥਰ ਮਾਰਤ ਨਾਰ ਕਿਧੌ ਘਰ ਨਾਹਰ ਆਨੀ ॥'
(ਦਸਮ ੮੬੬)

ਜੋ ਪਾਣੀ ਦੇ ਮੰਗਿਆਂ ਅੱਗੋਂ ਪਤੀ ਨੂੰ ਪੱਥਰ ਮਾਰਦੀ ਹੈ ਉਹ ਇਸਤਰੀ ਹੈ ਕਿ ਜੰਗਲ ਦੀ (ਨਾਹਰ) ਸ਼ਰਨਾਂ ਲਿਆਂਦੀ ਹੈ। ਜੋ ਪਾੜ ਕੇ ਖਾਵੇ।

ਕੇਵਲ ਉਪਰੋਂ ਚੰਗੇ ਲਟਰ ਪਟਰ ਵਾਲੇ ਬਸਤ੍ਰ ਪਹਿਨਣ ਨਾਲ ਪਤੀ ਦੀ ਪ੍ਰਸੰਨਤਾ ਨਹੀਂ ਹੋ ਸਕਦੀ ਜੇ ਅੰਦਰੋਂ ਖੋਟਿਆਈ ਰੱਖੇ। ਪਤੀ ਦਾ ਮਨ ਵਿਚ ਪਿਆਰ ਨਾ ਹੋਵੇ, ਦਿਲ ਦੀ ਸਫਾਈ ਨਾ ਹੋਵੇ, ਪਤੀ ਨਾਲ ਛਲ ਕਰਨਾ ਚਾਹੇ ਤਾਂ ਪਤੀ ਵੱਸ ਕਿਵੇਂ ਹੋਵੇਗਾ ? ਜੈਸੇ ਮਟੀ ਅੱਗੇ ਅਰਦਾਸ ਕਰਦੀ ਸੀ ਪਤੀ ਅੰਨ੍ਹਾ ਹੋ ਜਾਵੇ ਤੇ ਪੰਡਿਤਾਂ ਨੂੰ ਨਿਉਂਦਾ ਛਕਾਵਾਂ। ਏਸ ਦੀ ਕੀਤੀ ਹੋਈ ਕਮਾਈ ਖੁੱਲ੍ਹੀ ਉਡਾਵਾਂ। ਘਰ ਬਰਬਾਦ ਕੀਤਾ ਸੀ। ਜੇ ਇਸਤ੍ਰੀ ਸੂਈ ਵੀ ਤੋਰ ਦੀ ਜਾਵੇ ਤਾਂ ਘਰ ਵਿਚ ਕੱਖ ਨਹੀਂ ਰਹਿ ਸਕਦਾ। ਜੇ ਖੁੱਲ੍ਹਾ ਹੱਟੀ ਭੱਠੀ ਤੇ ਸੁੱਟੇ ਫੇਰ ਤਾਂ ਘਰ ਦੀ ਮਿੱਟੀ ਵੀ ਵਿਕ ਜਾਂਦੀ ਹੈ। ਜੈਸੇ ਪਤੀ ਸਤੀ ਵਿਚ ਫਰਕ ਪੈ ਗਿਆ, ਘਰ ਵਾਲੀ ਚੋਰੀ ਚੂਰੀ ਖਾਵੇ। ਪਤੀ ਨੇ ਪੁੱਛਿਆ, 'ਕੀ ਖਾਂਦੀ ਹੈਂ ?' ਤਾਂ ਕਹਿੰਦੀ :-

'ਇਹ ਚੋਹਲਾ ਚਰਖੇ ਚੱਕੀ ਦਾ। ਘਰ ਵਾਲੇ ਨੂੰ ਨਹੀਂ ਦੱਸੀ ਦਾ।'

ਕਹਿੰਦਾ ਚੰਗਾ। ਉਸ ਨੇ ਮਠਿਆਈਆਂ ਖਾਣੀਆਂ ਸ਼ੁਰੂ ਕਰ ਦਿੱਤੀਆਂ। ਰੋਟੀ ਲੈ ਕੇ ਗਈ, ਕਹਿੰਦੀ, ਕੀ ਖਾਂਦੇ ਹੋ ?' ਕਹਿੰਦਾ :-

ਇਹ ਚੋਹਲਾ ਹਲ ਪੰਜਾਲੀ ਦਾ।
ਘਰ ਵਾਲੀ ਨੂੰ ਨਹੀਂ ਵਿਖਾਲੀ ਦਾ।
ਰਲ ਮਿਲ ਕੇ ਝੁੱਗਾ ਗਾਲੀ ਦਾ।'

ਨਹੀਂ।' ਪਰ ਬਾਰ ਬਾਰ ਕਹਿਣ ਤੋਂ ਇਕ ਦਿਨ ਸ਼ੇਰ ਉਸ ਤ੍ਰਿਖਾਣ ਦੇ ਨਾਲ ਹੀ ਉਸ ਦੇ ਘਰ ਆ ਗਿਆ। ਕੁਛ ਹਨੇਰਾ ਹੋ ਗਿਆ ਸੀ। ਤ੍ਰਿਖਾਣ ਦੇ ਘਰ ਵਾਲੀ ਹਰ ਰੋਜ਼ ਨਰਾਜ਼ ਹੁੰਦੀ ਸੀ ਕਿ ਤੂੰ ਸਾਰੀ ਦਿਹਾੜੀ ਜੰਗਲ ਵਿਚ ਲਾਹ ਆਉਂਦਾ ਹੈਂ ਹੋਰ ਕੰਮ ਨਹੀਂ ਕਰਦਾ। ਅੱਜ ਵੀ ਉਹ ਨਰਾਜ਼ ਹੋਈ ਬੈਠੀ ਸੀ। ਜਦੋਂ ਇਹ ਘਰ ਪਹੁੰਚਾ ਤਾਂ ਕਹਿਣ ਲੱਗਾ, 'ਅੱਜ ਨਾ ਕੋੜਾ ਬੋਲੀਂ, ਮੇਰਾ ਮਿੱਤ੍ਰ ਨਾਲ ਆਇਆ ਹੈ।' ਪੁੱਛਣ ਲੱਗੀ, ਉਹ ਕਉਣ ਹੈ?' ਤਾਂ ਦੱਸਿਆ, 'ਸ਼ੇਰ ਹੈ।' ਤਾਂ ਮੱਥੇ ਵੱਟ ਪਾ ਕਹਿੰਦੀ, 'ਤੇਰੀ ਕੁੱਤਿਆਂ ਬਿੱਲਿਆਂ ਨਾਲ ਹੀ ਪ੍ਰੀਤੀ ਰਹੀ।'

ਇਹ ਸੁਣ ਕੇ ਸ਼ੇਰ ਬੜਾ ਦੁਖੀ ਹੋਇਆ। ਕਹਿਣ ਲੱਗਾ, 'ਮੇਰਾ ਦੋਸਤ ਤਾਂ ਹੈਂ ਜੇ ਮੇਰੇ ਸਿਰ ਵਿਚ ਕੁਹਾੜਾ ਮਾਰੇਂ।' 'ਅੱਗੋਂ ਤ੍ਰਿਖਾਣ ਝਿਜਕਿਆ ਕਹਿਣ ਲੱਗਾ, 'ਮੈਨੂੰ ਘਰ ਆਏ ਦੀ ਤੁਹਾਡੀ ਸੇਵਾ ਕਰਨੀ ਚਾਹੀਦੀ ਹੈ ਕਿ ਉਲਟਾ ਕੁਹਾੜਾ ਮਾਰਾਂ।' ਤਾਂ ਸ਼ੇਰ ਨੇ ਕਿਹਾ, 'ਮੇਰੀ ਖੁਸ਼ੀ ਏਸੇ ਵਿਚ ਹੈ, ਨਹੀਂ ਤਾਂ ਨਰਾਜ਼ ਹੋਵਾਂਗਾ।' ਕੁਛ ਡਰਦੇ ਨੇ ਤੇ ਕੁਛ ਬਚਨ ਮੰਨ ਕੇ, ਕੁਹਾੜਾ ਮਾਰਿਆ, ਜ਼ਖ਼ਮ ਹੋਇਆ। ਸ਼ੇਰ ਖੁਸ਼ ਹੋ ਕੇ ਇਹ ਕਹਿ ਕੇ ਵਾਪਸ ਮੁੜ ਗਿਆ, 'ਚਉਥੇ ਦਿਨ ਨੂੰ ਆਵੀਂ।' ਜਦੋਂ ਇਹ ਤ੍ਰਿਖਾਣ ਗਿਆ ਤਾਂ ਸ਼ੇਰ ਨੇ ਕਿਹਾ, 'ਵੇਖ, ਮੇਰੇ ਸਿਰ ਵਿਚ ਜ਼ਖ਼ਮ ਹੈ?' ਪਰ ਜ਼ਖ਼ਮ ਪੂਰਾ ਮਿਟ ਚੁੱਕਾ ਸੀ। ਤਾਂ ਕਿਹਾ, 'ਜ਼ਖ਼ਮ ਦਾ ਤਾਂ ਨਿਸ਼ਾਨ ਵੀ ਨਹੀਂ ਰਿਹਾ ਸਾਰਾ ਰਾਜ਼ੀ ਹੋ ਗਿਆ ਹੈ।' ਤਾਂ ਸ਼ੇਰ ਨੇ ਕਿਹਾ, 'ਵੇਖ ਲੈ, ਕੁਹਾੜੇ ਦਾ ਜ਼ਖ਼ਮ ਤਾਂ ਹਾਜ਼ੀ ਹੋ ਗਿਆ ਹੈ ਪਰ ਤੇਰੀ ਘਰ ਵਾਲੀ ਦੀ ਤਰਕ (ਸੋਲੀ) ਦਾ ਜ਼ਖ਼ਮ ਸਾਰੀ ਉਮਰ ਉਸੇ ਤਰ੍ਹਾਂ ਹੀ ਦੁੱਖ ਦੇਂਦਾ ਰਹੇਗਾ।'

ਸੋ ਕਿਸੇ ਨੂੰ ਤਰਕ ਮਾਰਨੀ, ਫਿੱਕਾ ਬੋਲਣਾ ਬਹੁਤ ਬੁਰਾ ਹੈ। ਸਦਾ ਮਿੱਠਾ ਬੋਲਣਾ ਚਾਹੀਦਾ ਹੈ।

'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥' (੪੭੩)

ਇਸ ਕਰਕੇ ਤਰਕ (ਬੋਲੀ) ਨਹੀਂ ਮਾਰਨੀ ਚਾਹੀਦੀ ਕਿ ਤੂੰ ਤਾਂ ਕੰਗਾਲ ਹੈਂ, ਮੈਂ ਕਿੱਥੇ ਤੇਰੇ ਨਾਲ ਵਿਆਹੀ ਗਈ? ਮਨ ਤਾਂ ਕੱਚੇ ਦੁੱਧ ਦੀ ਨਿਆਈਂ ਹੈ। ਤਰਕਵੀਂ ਬੋਲੀ ਮਾਰਨ ਰੂਪ ਕਾਂਜੀ ਦੀ ਛਿੱਟ ਪੈਣ ਤੋਂ ਇਕ ਵਾਰੀਂ ਫਟਿਆ, ਫਿਰ ਜੁੜੇਗਾ ਨਹੀਂ। ਕਿਸੇ ਸਿਆਣੇ ਨੇ ਕਿਹਾ ਹੈ :-

'ਸਭ ਕਿਛੁ ਟੂਟੇ ਜੁੜਤ ਹੈਂ ਜਾਨ ਲੇਹੁ ਮਨ ਮਿਤ।
ਇਹ ਦੁਏ ਟੂਟੇ ਨਾ ਜੁੜੇ ਇਕ ਸੀਸ ਇਕ ਚਿਤ।'

ਗਿਣਿਆ ਜਾਂਦਾ ਹੈ। ਜੋ ਬਿਨਾਂ ਦਾੜ੍ਹੀ ਦੇ ਹੈ (ਉਹ) ਸ਼ੈਤਾਨ ਹੈ, ਉਸ ਦਾ ਵਿਸਾਹ ਨਹੀਂ ਕਰਨਾ ਚਾਹੀਏ। ਸੁਣ ਕੇ ਸਭ ਸਭਾ ਅਸਚਰਜ ਹੋ ਕੇ ਧੰਨ ਧੰਨ ਕਹਿਣ ਲੱਗੀ। ਹਜ਼ੂਰ ਕਿਹਾ, 'ਸ਼ਾਬਾਸ਼ ਪੁੱਤ੍ਰੀ! ਖੰਡੇ ਦਾ ਅੰਮ੍ਰਿਤ ਛਕ ਨਿਹਾਲ ਹੋ, ਫਿਰ ਚੌਰਾਸੀ ਦਾ ਗੇੜਾ ਨਹੀਂ ਹੋਵੇਗਾ।' ਅੰਮ੍ਰਿਤ ਛਕ ਕੇ ਉਧਰੀ ਸੀ।

ਫਿਰ ਹਜ਼ੂਰ ਨੇ ਦਾੜ੍ਹੀ ਦੀ ਹੋਰ ਉਪਮਾ ਆਪਣੀ ਰਸਨਾ ਤੋਂ ਕਹੀ:—

ਫਾਰਸੀ : 'ਸਿੱਖੋ ਦਾੜ੍ਹੀ ਤਾਰੀਫ਼ ਕੇਸ ਸੁਮਾਰ ਬਾਲਤਣਹ॥
ਬਗੈਰ ਦਾੜ੍ਹੀ ਬਦਨ ਚਸ਼ਮ ਨ ਦੀਦਮਹਿ॥'
(ਗੁ: ਪ੍ਰ: ਸੂ: ਗ੍ਰੰਥ ਰਿਤੁ ੪ ਅੰਸੂ ੬)

ਕਾਵ ਸਿੱਖੋ! ਦਾੜ੍ਹੀ ਦੀ ਸਿਫ਼ਤ ਨੇ ਕਿ ਜਿਸ ਦੇ ਆਇਆਂ ਆਦਮੀ ਮਰਦ ਕਹਾਉਂਦਾ ਹੈ ਤੇ ਨਿਰੇ ਕੇਸ ਤਾਂ ਬਾਲਪੁਣੇ ਵਿਚ ਗਿਣਤੀ ਹੁੰਦੀ ਹੈ ਮਨੁੱਖ ਦੀ। ਦਾੜ੍ਹੀ ਤੋਂ ਬਿਨਾਂ ਜੋ ਮੂੰਹ ਹੈ (ਭਾਵ ਦਾੜ੍ਹੀ ਮੁੰਨੇ ਨੂੰ) ਅਸੀਂ ਅੱਖੀਂ ਨਹੀਂ ਵੇਖਣਾ ਚਾਹੁੰਦੇ।

ਸੋ ਕਦੇ ਭੀ ਇਸਤਰੀ ਮਰਦ ਦਾ ਮੂੰਹ ਨ ਫਿਟਕਾਰੇ-ਮਰਦ ਕਦੇ ਦਾਹੜਾ ਕੇਸ ਨ ਮੁਨਾਵੇ।

ਕੋੜੇ ਬਚਨ ਬੋਲਣ ਕਰ ਕੇ ਹੀ ਸਾਰਾ ਵਿਗਾੜ ਪੈਂਦਾ ਹੈ। ਸ਼ਸਤ੍ਰਾਂ ਦੇ ਜ਼ਖ਼ਮ ਤਾਂ ਮਿਟ ਸਕਦੇ ਹਨ ਪਰ ਬੋਲੀ ਦੇ ਘਾਵ ਨਹੀਂ ਮਿਟ ਸਕਦੇ।

ਸਾਖੀ :—ਤ੍ਰਿਖਾਣ ਤੇ ਸ਼ੇਰ ਦੀ

ਇਕ ਤ੍ਰਿਖਾਣ ਜੰਗਲ ਵਿਚ ਹਰ ਰੋਜ਼ ਲੱਕੜਾਂ ਲੈਣ ਜਾਇਆ ਕਰੇ ਉਸ ਦੀ ਇਕ ਸ਼ੇਰ ਨਾਲ ਪ੍ਰੀਤੀ ਪੈ ਗਈ। ਇਕ ਦਿਨ ਆਪਸ ਵਿਚ ਬਚਨ ਬਿਲਾਸ ਕਰਦੇ ਤੇ ਲੱਕੜਾਂ ਵੱਢਦੇ ਨੂੰ ਬਹੁਤ ਹਨੇਰਾ ਹੋ ਗਿਆ। ਠੰਢ ਦੀ ਰੁੱਤ ਸੀ। ਮੀਂਹ ਨਾਲ ਠੱਕਾ ਵਗਣ ਕਰ ਕੇ ਬਤੀ ਨੰਦ ਨੇ ਗਈ, ਘਰ ਦੂਰ ਸੀ। ਸ਼ੇਰ ਨੇ ਕਿਹਾ, 'ਅੱਜ ਰਾਤ ਮੇਰੇ ਘਰ (ਘੁਰਨੇ) ਵਿਚ ਹੀ ਕੱਟ ਲਉ, ਸਵੇਰੇ ਜਾਇਓ, ਖੇਚਲ ਨਾ ਸਹਾਰੋ।' ਏਸੇ ਤਰ੍ਹਾਂ ਹੀ ਕੀਤਾ। ਬਹੁਤ ਪਿਆਰ ਆਪਸ ਵਿਚ ਵਧ ਗਿਆ।

ਇਕ ਦਿਨ ਉਹ ਤ੍ਰਿਖਾਣ ਸ਼ੇਰ ਨੂੰ ਕਹਿਣ ਲੱਗਾ, 'ਮੇਰੇ ਘਰ ਵਿਚ ਵੀ ਚਰਨ ਪਾਉ, ਮੈਂ ਵੀ ਪ੍ਰੇਮ ਨਾਲ ਸੇਵਾ ਕਰਾਂ।' ਤਾਂ ਸ਼ੇਰ ਨੇ ਆਖਿਆ, 'ਅਸੀਂ ਜੰਗਲ ਦੇ ਬਾਦਸ਼ਾਹ ਜੰਗਲ ਵਿਚ ਹੀ ਫੱਬਦੇ ਹਾਂ-ਘਰਾਂ ਵਿਚ

ਹਜ਼ੂਰ ਫੁਰਮਾਇਆ, 'ਸ਼ਾਬਾਸ਼ ਪੁੱਤ੍ਰੀ ! ਪਰ ਤੂੰ ਇਹ ਗੁਣ ਕਿਵੇਂ ਧਾਰਨ ਕੀਤਾ ?' ਤਾਂ ਉਸ ਮਾਈ ਹੱਥ ਜੋੜ ਕੇ ਬੇਨਤੀ ਕੀਤੀ–ਜੀ ਹਜ਼ੂਰ ! ਮੇਰਾ ਪਿਤਾ ਆਗਰੇ ਨਗਰ ਵਿਚ ਵਸਦਾ ਸੀ। ਬਾਦਸ਼ਾਹ ਦਾ ਦੀਵਾਨ ਸੀ, ਬੜਾ ਧਨ ਪਦਾਰਥ ਤੇ ਸਤਿਕਾਰ ਸੀ। ਅਸੀਂ ਸੱਤੇ ਉਸ ਦੀਆਂ ਧੀਆਂ ਹੀ ਸਾਂ ਪੁੱਤਰ ਕੋਈ ਨਹੀਂ ਸੀ। ਪ੍ਰਮੇਸ਼ਰ ਦੇ ਹੁਕਮ ਨਾਲ ਮੇਰਾ ਪਿਤਾ ਚੜ੍ਹਾਈ ਕਰ ਗਿਆ। ਜਦੋਂ ਬਾਦਸ਼ਾਹ ਨੇ ਸਾਡੇ ਪਿਤਾ ਦਾ ਮਰਨਾ ਸੁਣਿਆ ਤਾਂ ਸਾਡੇ ਘਰ ਤੇ ਪੁਲਿਸ ਦੀ ਚੌਕੀ ਬਿਠਾ ਦਿੱਤੀ ਅਤੇ ਹੁਕਮ ਦਿੱਤਾ, 'ਘਰ ਦੀ ਸਾਰੀ ਜਾਇਦਾਦ ਜਬਤ ਕਰ ਲਉ।' ਪਰ ਸਾਡੀ ਮਾਤਾ ਦੇ ਘਰ ਅੱਠਵਾਂ ਬਾਲਿਕ ਹੋਣ ਵਾਲਾ ਸੀ। ਬਾਦਸ਼ਾਹ ਨੇ ਕਿਹਾ, 'ਜੇ ਤਾਂ ਪੁੱਤ੍ਰ ਜਨਮੇਂ ਤਾਂ ਸਭ ਪਹਿਰਾ ਉਠਾ ਦਿਉ। ਜੇ ਲੜਕੀ ਜੰਮੇਂ ਤਾਂ ਘਰ ਦੀਆਂ ਸਭ ਵਸਤੂਆਂ ਜਬਤ ਕਰਕੇ ਸਰਕਾਰੀ ਬਣਾ ਲਉ।' ਅਸੀਂ ਸੱਤੇ ਲੱਗੀਆਂ ਪ੍ਰਮੇਸ਼ਰ ਨੂੰ ਅਰਾਧਣ ਕਿ ਸਾਡੇ ਘਰ ਸਾਡਾ ਵੀਰ ਜਨਮੇ। ਵਾਹਿਗੁਰੂ ਦੀ ਬਖ਼ਸ਼ਿਸ਼ ਹੋਈ ਘਰ ਵਿਚ ਪੁੱਤ੍ਰ ਜਨਮਿਆ। ਬੜੀਆਂ ਖੁਸ਼ੀਆਂ ਹੋਈਆਂ।

'ਪਾਤਿਸਾਹ ਜਬ ਸੁਨਿਬੋ ਕੀਨ। ਕਰਹੁ ਖਲਾਸੀ ਆਇਸੁ ਦੀਨ।'
ਪਹਿਲੇ ਤਰ੍ਹਾਂ ਰੜ੍ਹੀਨਾ ਦੇ ਦਿਤਾ, ਪਹਿਰਾ ਉਠਾ ਦਿੱਤਾ ਬੜਾ ਸਤਿਕਾਰ ਕੀਤਾ। ਅਸੀਂ ਸੱਤਾਂ ਹੀ ਭੈਣਾਂ ਨੇ ਕਿਹਾ,

'ਧੰਨ ਮਰਦ ਕੀ ਸ਼ਮਸ਼ ਬਿਸਾਲਾ।'

ਧੰਨ ਹੈ ਮਰਦ ਦੀ ਦਾੜ੍ਹੀ ਜਿਸ ਕਰਕੇ ਇਹ ਸਭ ਪਦਾਰਥ ਮਿਲੇ ਹਨ। ਅਸੀਂ ਮਨਾਨੀਆਂ ਭਾਵੇਂ ਮੱਤ ਮਾਂ ਪਰ ਕਿਸੇ ਕੰਮ ਨਹੀਂ ਸਾ, ਇਕੋ ਮਰਦ ਹੈ ਜਿਸ ਦੀ ਐਨੀ ਕਦਰ ਹੈ। ਇਸ ਦਾੜ੍ਹੀ ਤੋਂ ਚੰਗੀ ਹੋਰ ਕੋਈ ਚੀਜ਼ ਦੁਨੀਆਂ ਵਿਚ ਨਹੀਂ। ਸਾਰੇ ਜਪ, ਤਪ, ਜੋਗ ਇਸ ਦਾੜ੍ਹੀ ਨਾਲ ਰਲਦੇ ਹਨ। ਇਸ ਲੋਕ ਦੀ ਕਚਹਿਰੀ ਤੇ ਦਰਗਾਹ ਵਿਚ ਧੰਨ ਹੈ ਮਰਦ ਦੀ ਦਾਹੜੀ ਜੋ ਸੋਭਾ ਵਾਲੀ ਹੋ ਕੇ ਪਰਵਾਨ ਹੁੰਦੀ ਹੈ। ਦਸਤਾਰ ਤੇ ਦਾੜ੍ਹੇ ਤੋਂ ਬਿਨਾਂ ਤਾਂ ਮਰਦ ਵੀ ਇਸਤ੍ਰੀ ਪ੍ਰਤੀਤ ਹੁੰਦਾ ਹੈ।

'ਮਰਦ ਬਿਨਾ ਸ਼ਮਸ਼ ਦਸਤਾਰ। ਇਨ ਬਿਨ ਔਰਤ ਪਰਹਿ ਨਿਹਾਰ॥'

'ਦਾੜ੍ਹੀ ਬੰਦਗੀ ਐਨ ਖੁਦਾਇ ਦੀਦਾਰ ਸੁਮਾਰਹਿ॥
ਬਗੈਰ ਦਾੜ੍ਹੀ ਸ਼ੈਤਾਨ ਬਿਸਾਹਸ ਨ ਕਰਦਮਨਿ॥'

ਭਾਵ ਦਾੜ੍ਹੀ ਰੱਖਣੀ ਖ਼ੁਦਾ ਦੀ ਬੰਦਗੀ (ਭਗਤੀ) ਦੇ ਤੁੱਲ ਹੈ। ਦਾੜ੍ਹੀ ਵਾਲੇ ਦਾ ਦੀਦਾਰ (ਦਰਸ਼ਨ) ਖ਼ੁਦਾ ਦਾ ਵਾਹਿਗੁਰੂ ਦਾ ਹੂ-ਬਹੂ ਦਰਸ਼ਨ

ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਖੋਲ੍ਹ ਕੇ ਦਿਖਾਇਆ ਕਿ ਇਸ ਦੇ ਵਿਚ ਕੋਈ ਚੀਜ਼ ਨਹੀਂ ਕੇਵਲ ਚੁੱਪ ਕਰੌਣ ਦਾ ਸਾਧਨ ਹੀ ਸੀ। ਜਦੋਂ ਤੂੰ ਅੱਗੋਂ ਨਹੀਂ ਬੋਲਦੀ ਰਹੀ ਤਾਂ ਤੇਰੀ ਸੱਸ ਵੀ ਲੜਨੋ ਹਟ ਗਈ ਹੈ।

'ਨਿਵਣੁ ਸੁ ਅਖਰੁ ਖਵਣੁ ਗੁਣੁ' :-ਸੋ ਕਉੜੇ ਵਾਕ ਸਹਾਰ ਕੇ ਚੁੱਪ ਕਰ ਰਹਿਣਾ ਹੀ ਤਵੀਤ ਹੈ ਲੜਾਈ ਬੰਦ ਕਰਨ ਵਾਸਤੇ।

ਜਿਹਬਾ ਮਣੀਆ ਮੰਤੁ :-ਜੋ ਜ਼ਬਾਨ ਤੋਂ ਮਿੱਠੇ ਬਚਨ ਬੋਲਣੇ ਹਨ ਇਹੀ ਸ੍ਰੇਮਣੀ ਮੰਤ੍ਰ ਹੈ ਪਤੀ ਨੂੰ ਵੱਸ ਕਰਨ ਵਾਲਾ।

'ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥' (੧੭)
'ਮਿਠਾ ਬੋਲਹਿ ਨਿਵਿ ਚਲਹਿ ਸੇਜੈ ਤਵੈ ਕਰਾਤੁ ॥' (੩੧)
'ਮਿਠਾ ਬੋਲਨਿ ਨਿਵ ਚਲਣ ਹਥਹੁੰ ਦੇ ਕੈ ਭਲਾ ਮਨਾਏ।'
(ਵਾਰ ੮, ਪਉੜੀ ੨੪)

'ਜਿਉ ਪੁਰਖੈ ਘਰਿ ਭਗਤੀ ਨਾਰਿ ਨੈ ਅਤਿ ਲੋਚੈ ਭਗਤੀ ਭਾਇ ॥
ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ ॥' (੧੪੧੩)
'ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥' (੧੩੮੪)

ਜਿਸ ਇਸਤ੍ਰੀ ਵਿਚ ਇਹ ਮਹਾਨ ਗੁਣ ਆ ਗਿਆ ਹੈ ਉਸ ਵਿਚ ਸੁੱਕੇ ਦਰਖ਼ਤਾਂ ਨੂੰ ਹਰੇ ਕਰਨ ਦੀ ਸ਼ਕਤੀ ਹੋ ਜਾਂਦੀ ਹੈ।

ਸਾਖੀ :-ਮਰਦ ਦਾ ਮੁੰਹ ਨਾ ਫਿਟਕਾਰਨਾ

ਇਕ ਦਿਨ ਸ੍ਰੀ ਅਨੰਦਪੁਰ ਸਾਹਿਬ ਖਾਲਸੇ ਦੇ ਭਰਪੂਰ ਸਜੇ ਹੋਏ ਦੀਵਾਨ ਵਿਚ ਕਲਗੀਧਰ ਸੱਚੇ ਪਾਤਿਸ਼ਾਹ ਜੀ ਸਭ ਸੰਗਤਾਂ ਨੂੰ ਪਵਿੱਤ੍ਰ ਦਰਸ਼ਨ ਦੇ ਕੇ, ਅੰਮ੍ਰਿਤ ਸ੍ਰੀਖੇ ਸ਼ੁਭ ਬਚਨ ਸੁਣਾ ਕੇ ਨਿਹਾਲ ਕਰ ਰਹੇ ਸਨ ਹਜ਼ਾਰਾਂ ਸਿੱਖ ਸੰਗਤਾਂ ਦਰਸ਼ਨ ਕਰ, ਮਨੋਕਾਮਨਾ ਪੂਰੀਆਂ ਕਰ, ਨਿਹਾਲ ਹੋ ਰਹੀਆ ਸਨ। ਤਾਂ ਹਜ਼ੂਰ ਦਾ ਬਚਨ ਹੋਇਆ, 'ਕਈ ਐਸੀ ਇਸਤ੍ਰੀ ਹੈ ਜਿਸ ਨੇ ਕਦੇ ਮਰਦ ਦਾ ਮੁੰਹ ਨਾ ਫਿਟਕਾਰਿਆ ਹੋਵੇ।'

'ਅਸ ਇਸਤਰੀ ਕੋ ਸੰਗਤ ਮਾਹੀ ? ਮਰਦ ਨਹੀ ਫਿਟਕਾਰਿਓ ਜਾਹੀ ॥'

ਇਹ ਸੁਣ ਸਭ ਸੰਗਤਾਂ ਚੁੱਪ ਹੋ ਗਈਆਂ ਕੁਛ ਸਮੇਂ ਮਗਰੋਂ ਇਕ 'ਕਾਜਾਨ' ਨਾਮੇ ਮਾਈ ਨੇ ਬੇਨਤੀ ਕੀਤੀ, 'ਜੀ ਹਜ਼ੂਰ' !

'ਸੱਚੇ ਪਾਤਿਸ਼ਾਹ ! ਮੈ ਦੀਨ। ਮਰਦ ਨ ਕਬ ਫਿਟਕਾਰਨ ਕੀਨ।
ਅਪਨਾ ਪੁਤ੍ਰ ਨ ਝਿਰਕਿਓ ਕਬਹੀ।ਜਾਤ ਮਰਦ ਕੀ ਲਖ ਬਡ ਸਭਹੀ ॥'

'ਨੈਹਰ ਕੁਟੰਬ ਤਜ ਬਜਾਨੇ ਸਸੁਰਾਰ ਜਾਇ,
ਗੁਨਨ ਕੈ ਕੁਲਾ ਬਧੂ ਬਿਰਦ ਕਹਾਵਈ ॥
ਪੂਰਨ ਪਤਿਬ੍ਰਤਾ ਅਉ ਗੁਰੁ ਜਨ ਸੇਵਾ ਭਾਇ,
ਗ੍ਰਿਹ ਮੈ ਗ੍ਰਿਹੇਸੁਰ ਸੁਜਸ ਪ੍ਰਗਟਾਵਈ ॥
ਅੰਤ ਕਾਲ ਜਾਇ ਪ੍ਰਿਯ ਸੰਗ ਸਹਗਾਮਿਨੀ ਹੋਇ,
ਲੋਕ ਪ੍ਰਲੋਕ ਬਿਖੈ ਊਚ ਪਦ ਪਾਵਈ ॥
ਗੁਰਮੁਖਿ ਮਾਰਗ ਭੈ ਭਾਇ ਨਿਰਬਾਹੁ ਕਰੈ,
ਧੰਨ ਗੁਰੁ ਸਿੱਖ ਆਦਿ ਅੰਤ ਠਹਰਾਵਈ ॥੧੧੯॥'
(ਕਬਿੱਤ ਸ੍ਵਯੇ)

ਜੋ (ਪਦਾਰਥ) ਸਹਾਰਨ ਸ਼ਕਤੀ ਹੋਣੀ ਹੈ, ਪਤੀ ਘਬਰਾਏ ਹੋਏ ਤੋਂ ਕਰੜਾ ਸ਼ਬਦ ਨਿਕਲ ਜਾਵੇ ਉਸ ਨੂੰ ਸਹਾਰ ਲੈਣਾ ਇਹ ਟੂਣਾ ਹੈ ਵੱਸ ਕਰਨ ਵਾਸਤੇ।

ਇਕ ਘਰ ਵਿਚ ਨੂੰਹ ਸੱਸ ਹਰ ਰੋਜ਼ ਲੜਿਆ ਕਰਨ। ਇਕ ਸਿਆਣੇ ਮਹਾਤਮਾ ਉਸੇ ਘਰ ਮਧੂਕੜੀ ਮੰਗਣ ਗਏ। ਤਾਂ ਨੂੰਹ ਕਹਿਣ ਲੱਗੀ 'ਮਹਾਤਮਾ ਜੀ! ਮੇਰੀ ਸੱਸ ਮੇਰੇ ਨਾਲ ਲੜਨੋਂ ਹਟ ਜਾਵੇ ਕੋਈ ਐਸਾ ਜਤਨ ਦੱਸੋ।' ਤਾਂ ਸੰਤਾਂ ਨੇ ਤਾਂਬਾ ਲੈ ਕੇ ਕੁੱਟ ਕੇ ਤਵੀਤ ਦੀ ਸ਼ਕਲ ਦਾ ਬਣਾ ਕੇ (ਜਿਸ ਦੇ ਵਿਚ ਕੁਛ ਵੀ ਨਹੀਂ ਸੀ) ਦੇ ਦਿੱਤਾ ਤੇ ਕਿਹਾ, 'ਹੇ ਬੀਬੀ! ਜਦੋਂ ਤੇਰੀ ਸੱਸ ਹਰ ਰੋਜ਼ ਦੀ ਤਰ੍ਹਾਂ ਲੜਨ ਲੱਗੇ, ਤਾਂ ਤੂੰ ਇਸਨੂੰ ਮੂੰਹ ਵਿਚ ਦੇਦਾਂ ਥੱਲੇ ਰੱਖ ਕੇ ਘੁੱਟਿਆ ਕਰੀਂ ਉਹ ਜਿਵੇਂ ਜਿਵੇਂ ਬੋਲੇ ਤੂ ਤਿਵੇਂ ਤਿਵੇਂ ਹੋਰ ਘੁੱਟੀਂ ਤਾਂ ਉਸ ਤੇ ਇਸਦਾ ਅਸਰ ਪਵੇਗਾ-ਜੇ ਮੂੰਹ ਖੋਲ੍ਹਿਆ ਤਾਂ ਤੇਰੇ ਤੇ ਉਲਟਾ ਪਵੇਗਾ।'

ਉਸ ਬੀਬੀ ਨੇ ਸਤ ਬਚਨ ਕਹਿ ਕੇ ਲੈ ਲਿਆ। ਉਸ ਦੀ ਸੱਸ ਜਦੋਂ ਲੜਨ ਲੱਗੇ ਤਾ ਉਹ ਬਣੌਟੀ ਤਵੀਤ ਝੱਟ ਮੂੰਹ ਵਿਚ ਰੱਖ ਕ ਦੇਦਾ ਥੱਲੇ ਘੁੱਟ ਕੇ ਦੱਬਿਆ ਕਰੇ। ਜਦੋਂ ਉਸ ਤੋਂ ਬੋਲਿਆ ਨਾ ਜਾਏ ਤਾਂ ਦੋ ਤਿੰਨ ਦਿਨਾਂ ਵਿਚ ਉਸ ਦੀ ਸੱਸ ਵੀ ਘੱਟ ਲੜਨ ਲੱਗੀ ਕਿ ਮੇਰੀ ਨੂੰਹ ਅੱਗੋਂ ਨਹੀਂ ਬੋਲਦੀ ਮੈਂ ਕਿਉਂ ਲੜਾਂ? ਚੌਥੇ ਕੁ ਦਿਨ ਫਿਰ ਮਹਾਤਮਾ ਗਏ ਤਾਂ ਉਹ ਸੀਸ਼ੀ ਕਹਿੰਦੀ, 'ਜੀ! ਤਵੀਤ ਵਿਚ ਬੜੀ ਸ਼ਕਤੀ ਹੈ।' ਮਹਾਤਮਾ ਕਹਿੰਦੇ ਦਸ ਦਿਨ ਹੋਰ ਵਰਤ। ਤਾਂ ਦਸਾਂ ਦਿਨਾਂ ਵਿਚ ਉਸ ਦੀ ਸੱਸ ਪੂਰੀ ਤਰ੍ਹਾਂ ਲੜਨੋਂ ਹਟ ਗਈ, ਘਰ 'ਚ ਸ਼ਾਂਤੀ ਹੋ ਗਈ ਤਾਂ ਮਹਾਤਮਾ

'ਕਾਮੁ ਕ੍ਰੋਧੁ ਲੋਕੁ ਮੋਹੁ ਮਿਟਾਵੈ ਛੁਟਨੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥'
(੩੭੭)

ਭਾਈ ਗੁਰਦਾਸ ਜੀ ਇਸਤ੍ਰੀ ਦਾ ਪਤੀ ਪ੍ਰਤੀ ਪ੍ਰੇਮ ਦੱਸਦੇ ਹਨ :-

'ਜੋਈ ਪ੍ਰਿਅ ਭਾਵੈ ਤਾਹਿ ਦੇਖ ਐ ਦਿਖਾਵੈ ਆਪ,
ਦ੍ਰਿਸਟ ਦਰਸ ਮਿਲ ਸੋਭਾ ਦੈ ਸੁਹਾਵਈ ॥
ਜੋਈ ਪ੍ਰਿਅ ਭਾਵੈ ਮੁਖ ਬਚਨ ਸੁਨਾਵੈ ਤਾਹਿ,
ਸਬਦਿ ਸੁਰਤਿ ਗੁਰ ਗਿਆਨ ਉਪਜਾਵਈ ॥
ਜੋਈ ਪ੍ਰਿਅ ਕਾਵੈ ਦਹਦਿਸ ਪ੍ਰਗਟਾਵੈ ਤਾਹਿ,
ਸੋਈ ਬਹੁ ਨਾਇਕ ਕੀ ਨਾਇਕਾ ਕਹਾਵਈ ॥
ਜੋਈ ਪ੍ਰਿਅ ਭਾਵੈ ਸਿਹਜਾਸਨ ਮਿਲਾਵੈ ਤਾਹਿ,
ਪ੍ਰੇਮ ਰਸ ਬਸ ਕਰ ਅਪਿਓ ਪੀਆਵਈ ॥੨੦੮॥'

'ਜੋਈ ਪ੍ਰਿਅ ਭਾਵੈ ਤਾਹਿ ਸੁੰਦਰਤਾ ਨੈ ਸੁਹਾਵੈ,
ਸੋਈ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ ॥
ਜੋਈ ਪ੍ਰਿਅ ਭਾਵੈ ਤਾਹਿ ਬਾਨਕ ਬਧੂ ਬਨਾਵੈ,
ਸੋਈ ਬਨਿਤਾ ਕਹਾਵੈ ਰੰਗ ਕੈ ਰੰਗੀਲੀ ਹੈ ॥
ਜੋਈ ਪ੍ਰਿਅ ਭਾਵੈ ਤਾ ਕੀ ਸਬੈ ਕਾਮਨਾ ਪੁਜਾਵੈ,
ਸਈ ਕਾਮਨੀ ਕਹਾਵੈ ਸੀਲ ਕੈ ਸੁਸੀਲੀ ਹੈ ॥
ਜੋਈ ਪ੍ਰਿਅ ਭਾਵੈ ਤਾਹਿ ਪ੍ਰੇਮ ਰਸ ਲੈ ਪੀਆਵੈ,
ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ ॥੨੦੯॥'

'ਨੈਹਰ ਕੁਆਰ ਕੰਨਿਯਾ ਲਾਡਲੀ ਕੈ ਮਾਨਿਯਤ,
ਬਯਾਹੇ ਸਸੁਰਾਰ ਜਾਇ ਗੁਨਨ ਕੋ ਮਾਨੀਐ ॥
ਬਨਜ ਬਿਉਹਾਰ ਲਗ ਜਾਤ ਹੈ ਬਿਦੇਸ ਪ੍ਰਾਨੀ,
ਕਹੀਐ ਸਪੂਤ ਲਾਭ ਲਭਤ ਕੈ ਆਨੀਐ ॥
ਜੈਸੇ ਤਉ ਸੰਗ੍ਰਾਮ ਸਮੈ ਪਰ ਦਲ ਮੈ ਅਕੇਲੋ ਜਾਇ,
ਜੀਤ ਆਵੈ ਜੋਧੀ ਗੁਰੋ ਗੁਰਤ ਬਖਾਨੀਐ ॥
ਮਾਨਸ ਜਨਮ ਪਾਇ ਚਰਨ ਸਰਨ ਗੁਰ,
ਸਾਧ ਸੰਗ ਮਿਲੈ ਗੁਰ ਦ੍ਵਾਰ ਪਹਿਚਾਨੀਐ ॥੧੧੮॥'

ਪਤੀ ਤੋਂ ਵਿਛੜ ਕੇ ਬੜਾ ਦੁਖ ਹੁੰਦਾ ਹੈ। ਕਈ ਇਸਤਰੀਆਂ ਪਤੀ ਨੂੰ ਵੱਸ ਕਰਨ ਲੱਗਿਆਂ ਐਸੇ ਟੂਣੇ ਟਾਮਣ ਕਰਦੀਆਂ ਹਨ ਕਿ ਪਤੀ ਨੂੰ ਪਾਗਲ ਕਰਕੇ ਸਾਰੀ ਉਮਰ ਵਾਸਤੇ ਕੁਚੱਜੀਆਂ ਸੁਹਾਗ-ਭਾਗ ਤੋਂ ਹੱਥ ਧੋ ਬਹਿੰਦੀਆਂ ਹਨ। ਬਾਬਾ ਫਰੀਦ ਜੀ ਪਾਸੋਂ ਇਕ ਇਸਤ੍ਰੀ (ਔਰਤ) ਨੇ ਪਤੀ ਨੂੰ ਵੱਸ ਕਰਨ ਦਾ ਤਰੀਕਾ ਪੁੱਛਿਆ :-

'ਕਵਣੁ ਸੁ ਅਖਰੁ ਕਵਣ ਗੁਣੁ ਕਵਣੁ ਸੁ ਮਨੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥' (੧੩੮੪)

ਤਾਂ ਭਗਤ ਫਰੀਦ ਜੀ ਨੇ ਉੱਤਰ ਦਿੱਤਾ :-

'ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਨੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥' (੧੩੮੪)

ਜੋ ਨਿਮ੍ਰਤਾ ਧਾਰਨ ਕਰਨੀ ਹੈ, ਉੱਚ ਜਾਤੀ ਆਦਿ ਦਾ ਹੰਕਾਰ ਨਹੀਂ ਕਰਨਾ। ਇਹ ਜੰਤ੍ਰ ਦੇ ਅੱਖਰ ਹਨ। ਹੰਕਾਰ ਕਰਕੇ ਪਤੀ ਤੋਂ ਵਿਛੋੜਾ ਪੈ ਜਾਂਦਾ ਹੈ। ਫੇਰ ਸਾਰੀ ਉਮਰ ਅੱਖਾਂ ਵਿਚ ਘਸੁੰਨ ਦੇ ਕੇ ਰੋਣਾ ਹੀ ਪੱਲੇ ਰਹਿ ਜਾਂਦਾ ਹੈ।

'ਸੇਮੜੀਆ ਸੋਇੰਨ ਹੀਰੇ ਲਾਲ ਜੜੰਦੀਆ ॥
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥' (੧੧੦੨)

ਜਿਵੇਂ ਹਜ਼ਰਤ ਮੁਹੰਮਦ ਸਾਹਿਬ ਦੀ ਲੜਕੀ ਬੀਬੀ ਫਾਤਮਾ, ਹਜ਼ਰਤ ਅਲੀ (ਮੁਹੰਮਦ ਸਾਹਿਬ ਦੇ ਚਾਰ ਯਾਰਾਂ ਵਿਚੋਂ ਜੋ ਇਕ ਸੀ) ਦੇ ਨਾਲ ਵਿਆਹੀ ਸੀ। ਇਸ ਹੰਕਾਰ ਕਰਕੇ ਪਤੀ ਨੂੰ ਕੁਝ ਨਾ ਸਮਝੇ ਕਿ ਮੈਂ ਪੈਗੰਬਰ ਸਾਹਿਬ ਦੀ ਧੀ ਹਾਂ। ਉਸ ਨੇ ਤੰਗ ਆ ਕੇ ਮੁਹੰਮਦ ਸਾਹਿਬ ਨੂੰ ਕਿਹਾ, 'ਮੇਰਾ ਨਿਕਾਹ ਕਾਹਦਾ ਕੀਤਾ ਹੈ ਤੁਸੀਂ ਤਾਂ ਮੈਨੂੰ ਸੂਲੀ ਤੇ ਟੰਗ ਦਿੱਤਾ ਹੈ। ਐਸੇ ਨਿਕਾਹ ਨਾਲੋਂ ਤਾਂ ਮੈਂ ਐਵੇਂ ਹੀ ਚੰਗੀ ਸੀ? ਮੁਹੰਮਦ ਸਾਹਿਬ ਨੇ ਬੀਬੀ ਫਾਤਮਾ ਨੂੰ ਕਿਹਾ. 'ਮੈਂ ਤੈਨੂੰ ਬਹਿਸ਼ਤ ਦੀਆਂ ਚਾਬੀਆਂ ਦਿੱਤੀਆਂ ਸਨ ਪਰ ਤੂੰ ਗੁਆ ਲਈਆਂ ਹਨ ਉਹ ਬੀਬੀ ਕਦੂਰੀ ਲੈ ਗਈ ਹੈ ਉਸ ਦੇ ਘਰੋਂ ਜਾ ਕੇ ਲੱਭ ਲੈ।' ਜਦੋਂ ਫਾਤਮਾ ਨੇ ਜਾ ਕੇ ਕਦੂਰੀ ਤੋਂ ਪੁੱਛਿਆ ਤਾਂ ਉਸ ਜੁਆਬ ਦਿੱਤਾ, 'ਪਤੀ ਦੀ ਜੋ ਆਗਿਆ ਮੰਨਣੀ ਹੈ ਸੇਵਾ ਕਰਨੀ ਹੈ, ਇਹੀ ਬਹਿਸ਼ਤ ਦੀਆਂ ਚਾਬੀਆਂ ਹਨ।' ਇਹ ਸੁਣ ਕੇ ਪਤੀ ਦੀ ਸੇਵਾ ਕਰਨ ਲੱਗੀ ਤਾਂ ਹਸਨ ਹੁਸੈਨ ਪੁੱਤ੍ਰ ਹੋਏ ਸਨ।

'ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥' (੧੮੫)

'ਡਖਣੇ ਮ: ੫ ॥ ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ ॥੧॥' (੫੫੦੦)

ਜਿਵੇਂ ਸੀਤਾ ਜੀ ਨੇ ਸ੍ਰੀ ਰਾਮਚੰਦਰ ਜੀ ਨੂੰ ਬਣ ਨੂੰ ਜਾਣ ਸਮੇਂ ਆਪਣਾ ਪਿਆਰ ਵਿਖਾਇਆ ਤੇ ਨਾਲ ਹੀ ਗਈ ਸੀ।

ਸੀਤਾ ਵਾਚ ਰਾਮ ਸੋ ॥ ਸੋਰਠਾ ॥

'ਮੈ ਨ ਚਹੋ ਗੀਅ ਸੰਗਿ ਨੈਸੋਝੀ ਢੂਮ ਜੀਅ ਹੈ ਪਰੋ ॥
ਤਨਕ ਨ ਮੋਰਉ ਅੰਗਿ ਅੰਗਿ ਤੇ ਹੋਇ ਅਨੰਗ ਕਿਨ ॥'
(ਦਸਮ ੨੦੬)

ਮਨੋਹਰ ਛੰਦ :-

'ਸੂਲ ਸਹੋਂ ਤਨ ਸੂਕ ਰਹੈ ਪਰ ਸੀ ਨ ਕਹੋਂ ਸਿਰ ਸੂਲ ਸਹੋਂਗੀ ॥
ਬਾਘ ਬੁਕਾਰ, ਫਨੀਨ ਫੁਕਾਰ ਸੁ ਸੀਸ ਗਿਰ ਪਰ ਸੀ ਨ ਕਹੋਂਗੀ ॥
ਬਾਸ ਕਹਾ ਬਨਬਾਸ ਭਲੋ ਨਹੀਂ ਬਾਸ ਤਜੋ ਪੀਯ ਪਾਇ ਗਹੋਂਗੀ ॥
ਹਾਸ ਕਹਾ ਇਹ ਉਦਾਸ ਸਮੈ ਗ੍ਰਿਹ ਆਸ ਰਹੋ ਪਰ ਮੈਂ ਨ ਰਹੋਂਗੀ ॥'
(ਦਸਮ ੨੦੭)

'ਇਹ ਜਗ ਗੂਅਰੋ ਕਾ ਧਉਲਹਰਿ ਕਿਹ ਕੇ ਆਸੇ ਰਾਮ ॥
ਰਘੁਬਰ ਬਿਨੁ ਸੀਅ ਨ ਜੀਐ ਸੀਅ ਬਿਨ ਜੀਐ ਨ ਰਾਮ ॥'
(ਦਸਮ ੨੫੩)

ਏਨਾ ਪ੍ਰੇਮ ਸੀ। ਜਦ ਹਨੂੰਮਾਨ ਖਬਰ ਲੈ ਕੇ ਆਇਆ ਸ੍ਰੀ ਰਾਮਚੰਦਰ ਜੀ ਨੇ ਪੁੱਛਿਆ, 'ਸੀਤਾ ਜੀਉਂਦੀ ਹੈ ਸਾਥੋਂ ਵਿਛੜਕੇ।' ਤਾਂ ਉਸ ਕਿਹਾ, 'ਨਾ-ਮਾਤਰ ਹੀ ਜੀਉਂਦੀ ਹੈ।'

ਸਾਖੀ :-ਪਤੀ ਦੇ ਪਿਆਰ ਵਿਚ ਰੋਟੀਆਂ ਲਈ ਜਾਂਦੀ ਇਸਤ੍ਰੀ ਨਿਮਾਜ਼ ਪੜ੍ਹਦੇ ਕਾਜ਼ੀ ਦੇ ਅੱਗੋਂ ਦੀ ਲੰਘੀ ਅਤੇ ਕਾਜ਼ੀ ਨੇ ਕਿਹਾ ਕਿ ਮੇਰੀ ਨਿਮਾਜ਼ ਕਜ਼ਾਅ ਕਰ ਦਿੱਤੀ ਹੈ। ਕਾਜ਼ੀ ਨੇ ਉਸ ਇਸਤ੍ਰੀ ਦੇ ਕੋਰੜੇ ਮਾਰੇ ਪਰ ਉਹ ਬੋਲੀ ਨਹੀਂ। ਵਾਪਸ ਆਈ ਤੋਂ ਕਾਜ਼ੀ ਨੇ ਮੁਆਫੀ ਮੰਗੀ ਤਾਂ ਕਹਿੰਦੀ ਮੈਨੂੰ ਤਾਂ ਪਤਾ ਨਹੀਂ ਕਦੋਂ ਮੈਨੂੰ ਕੋਰੜੇ ਮਾਰੇ ਸੀ। ਮੇਰਾ ਦੁਨਿਆਵੀ ਪਤੀ ਨਾਲ ਏਨਾ ਪਿਆਰ ਹੈ ਕਿ ਤੇਰੇ ਕੋਰੜੇ ਮਾਰਿਆਂ ਦੀ ਪੀੜ ਦਾ ਪਤਾ ਨਹੀਂ ਲੱਗਾ। ਤੇਰਾ ਖ਼ੁਦਾ ਅੱਲਾ ਤਾਲਾ ਨਾਲ ਕੀ ਪਿਆਰ ਹੈ ਕਿ ਮੇਰੇ ਅੱਗੋਂ ਦੀ ਲੰਘਣ ਤੋਂ ਹੀ ਤੇਰੀ ਨਿਮਾਜ਼ ਕਜ਼ਾਅ ਹੋ ਗਈ ਹੈ? ਪਤੀ ਦੇ ਦਰਸ਼ਨ ਕਰਕੇ ਹੀ ਸਾਵਿੱਤਰੀ ਜੈਸੀ ਪਤਨੀਆਂ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ।

'ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥' (੧੩੦੬)

'ਜੀਨ ਪਿਰੁ ਏਹਿ ਨ ਆਖੀਅਨਿ ਬਨਨਿ ਇਕਨੇ ਹੋਇ ॥'

ਏਕਤਾ ਤਾਂ ਹੀ ਮੰਨੀ ਜਾਏਗੀ :-

'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ '(੭੮੮)

'ਦੋਹਰਾ ॥ ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ ॥
ਇਹ ਖਟ ਲਖਣ ਜਬ ਮਿਲੈ ਤਬ ਹੀ ਮਿਲਿਓ ਪਛਾਣ ॥'

ਅਤੇ ਸਲਾਹ-ਮਸ਼ਵਰੇ ਵੀ ਐਸੇ ਕਰਨੇ ਚਾਹੀਦੇ ਹਨ :-

'ਸਿਖ ਸਿਖਣੀ ਮਿਲ ਬਹਿਹੰ ਚਰਚਾ ਕਰਹਿ ਅਪਾਰ ॥
ਭਜਨ ਸਿਖਾਵਹਿ ਪੁਤ੍ਰ ਕਉ ਨਿਤ ਭਜ ਬਾਰੰ ਬਾਰ ॥੩੦॥'

(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

'ਇਸਤ੍ਰੀ ਪੁਰਖੈ ਅਤਿ ਨੇਹੁ ਸਨਿ ਮੰਦੁ ਪਕਾਇਆ ॥
ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥
ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥
ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥
ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥' (੧੨੫੦)

ਦਹਾ ਨੂੰ ਇਕ ਦੂਜੇ ਦੀ ਸਲਾਹ ਨਾਲ ਸਾਰੇ ਕੰਮ ਕਰਨੇ ਚਾਹੀਦੇ ਹਨ। ਜਿਵੇਂ :-

'ਸਭ ਕਾਮ ਕੇ ਆਦਿ ਵੀਚਾਰ ਭਲੋ ॥'
'ਬੰਧਨ ਸਉਦਾ ਅਣਵੀਚਾਰੀ ॥' (੪੧੬)

ਪਤੀ ਸਤੀ ਦਾ ਆਪਸ ਵਿਚ ਅਤੁੱਟ ਪਿਆਰ ਹੋਣਾ ਚਾਹੀਦਾ ਹੈ। ਜਿਹੋ ਜਿਹਾ ਸਮਾਂ ਦੁਖ ਸੁਖ ਦਾ ਆ ਬਣੇ ਨਾਲ ਸਾਥ ਦੇਣਾ ਚਾਹੀਦਾ ਹੈ :-

'ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥
ਮ: ੫ ॥ ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ ॥
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥
ਮ: ੫ ॥ ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ ॥
ਕਾਜਲੁ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ॥੩॥'(੧੦੯੪)

'ਮ: ੫ ॥ ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ ॥
ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਪੰਲੀਐ ॥੨॥
ਮ: ੫ ॥ ਸਜਣ ਸਚੁ ਪਰਖਿ ਮੁਖਿ ਅਲਾਵਣੁ ਬੋਥਰਾ ॥
ਮੰਨ ਮਝਾਹੂ ਲਖਿ ਤੁਧਹੁ ਦੂਰਿ ਨਾ ਸੁ ਪਿਰੀ॥੩॥'(੧੧੦੦)

'ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥' (੪੮੯)
'ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥' (੬੭੧)

'ਮਾਨਸਰ ਤਿਆਗ ਆਨ ਸਰ ਜਾਇ ਬੈਠੇ ਹੰਸੁ,
ਖਾਇ ਜਲ ਜੰਤ ਹੰਸ ਬੰਸਹਿ ਲਜਾਵਈ ॥
ਸਲਿਲ ਬਿਛੋਹ ਭਏ ਜੀਅਤ ਨ ਰਹੈ ਜਉ ਮੀਨ,
ਕਪਟ ਸਨੇਹ ਕੈ ਸਨੇਹੀ ਨ ਕਹਾਵਈ ॥
ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ,
ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ ॥
ਚਰਨ ਕਮਲ ਅਲਿ ਗੁਰਸਿਖ ਮੋਖ ਹੁਇ,
ਆਨ ਦੇਵ ਸੇਵਕ ਹੁਇ ਮੁਕਤਿ ਨ ਪਾਵਈ ॥੪੬੨॥'

'ਲੋਗ ਬੇਦ ਗਯਾਨ ਉਪਦੇਸ ਹੈ ਪਤਿਬ੍ਰਤਾ ਕਉ,
ਮਨ ਬਚ ਕ੍ਰਮ ਸ੍ਵਾਮੀ ਸੇਵਾ ਅਧਿਕਾਰ ਹੈ ॥
ਨਾਮ ਇਸਨਾਨ ਦਾਨ ਸੰਜਮ ਨ ਜਾਪ ਤਾਪ,
ਤੀਰਥ ਬ੍ਰਤ ਪੂਜਾ ਨੇਮ ਨਤਕਾਰ ਹੈ ॥
ਹੋਮ ਜੱਗ ਭੋਗ ਨਈਬੇਦ ਨਹੀਂ ਦੇਵੀ ਦੇਵ ਸੇਵ,
ਰਾਗ ਨਾਦ ਬਾਦ ਨ ਸੰਬਾਦ ਆਨ ਦੁਆਰ ਹੈ ॥
ਤੈਸੁ ਗੁਰਸਿਖਨ ਮੈਂ ਏਕ ਟੇਕ ਹੀ ਪ੍ਰਧਾਨ
ਆਨ ਗਯਾਨ ਧਯਾਨ ਸਿਮਰਨ ਬਿਚਾਰ ਹੈ ॥੪੮੨॥'

(ਕਬਿੱਤ ਸ੍ਵਯੇ)

ਉਪਰੋਕਤ ਸਿੱਖਿਆ ਐਸੀ ਲਾਭਦਾਇਕ ਹੈ ਜਿਸ ਦੇ ਗ੍ਰਹਿਣ ਕਰਨ ਨਾਲ ਪ੍ਰਮਾਰਥ ਸਿੱਧੀ ਹੋ ਸਕਦੀ ਅਤੇ ਵਿਵਹਾਰਕ ਸਿੱਧੀ ਵਾਸਤੇ ਪਤੀ ਸਤੀ ਵਿਚ ਬੇਹੱਦ ਪਿਆਰ ਅਤੇ ਏਕਤਾ ਹੋਣੀ ਚਾਹੀਦੀ ਹੈ।

ਗ੍ਰਿਹਸਤ ਆਸ਼ਰਮ ਇਕ ਗੱਡੀ ਦੀ ਤਰ੍ਹਾਂ ਹੈ ਜਿਵੇਂ-ਗੱਡੀ ਦੋ ਸਾਬਤ ਪਹੀਆਂ ਤੋਂ ਬਿਨਾਂ ਚੱਲ ਨਹੀਂ ਸਕਦੀ, ਪੰਛੀ ਪਰਾਂ (ਖੰਭਾਂ) ਤੋਂ ਬਿਨਾਂ ਉਡਾਰੀਆਂ ਲਾ ਕੇ ਅਕਾਸ਼ ਦੀ ਸੈਰ ਦੇ ਅਨੰਦ ਨੂੰ ਨਹੀਂ ਮਾਣ ਸਕਦਾ ਇਸੇ ਤਰ੍ਹਾਂ ਪਤੀ-ਪਤਨੀ ਦੀ ਏਕਤਾ ਅਤੇ ਮਿਲਵਰਤਨ ਤੋਂ ਬਿਨਾਂ ਗ੍ਰਿਹਸਤ ਦਾ ਕਾਰ-ਵਿਹਾਰ ਸੁਖਦਾਸ਼ਿਕ ਚੱਲ ਨਹੀਂ ਸਕਦਾ। ਪਤੀ ਸਤੀ ਦੇ ਕੇਵਲ ਦੁਨਿਆਵੀ ਵਿਹਾਰ ਲਈ ਮਿਲ ਕੇ ਬੈਠ ਜਾਣ ਨਾਲ ਏਕਤਾ ਨਹੀਂ ਮੰਨੀ ਜਾ ਸਕਦੀ।

ਮਾਤਾ ਪਿਤਾ ਅਤੇ ਪੁੱਤਰ ਨੇ ਸ਼ਿਵਜੀ ਦੀ ਉਪਾਸ਼ਨਾ ਕਰਕੇ ਖੁਸ਼ ਕੀਤਾ ਤਾਂ ਮਾਤਾ ਨੇ ਵਰ ਮੰਗਿਆ ਕਿ ਮੈਂ ਸੁੰਦਰ ਇਸਤ੍ਰੀ ਬਣਾਂ ਤੇ ਉਹ ਬਣ ਗਈ ਅਤੇ ਇਕ ਰਾਜਾ ਜ਼ਬਰਦਸਤੀ ਨਾਲ ਲੈ ਗਿਆ। ਪਤੀ ਨੇ ਵਰ ਮੰਗਿਆ ਕਿ ਉਹ ਜੋ ਸਾਨੂੰ ਛੱਡ ਗਈ ਹੈ ਸੂਰੀ ਬਣੇ, ਉਹ ਝੱਟ ਸੂਰੀ ਬਣ ਗਈ। ਪੁੱਤਰ ਨੇ ਵਰ ਮੰਗਿਆ ਕਿ ਅਸੀਂ ਪਹਿਲਾਂ ਵਾਂਗ ਹੀ ਠੀਕ ਹਾਂ ਤਾਂ ਉਹ ਸੂਰੀ ਤੋਂ ਇਸਤ੍ਰੀ ਬਣੀ। ਇਸ ਤਰ੍ਹਾਂ ਕਈ ਖਾਲੀ ਹਾਂ ਰਹਿ ਜਾਂਦੇ ਹਨ। ਦੇਵਤਿਆਂ ਦੀ ਪੂਜਾ ਦਾ ਇਹ ਫਲ ਹੁੰਦਾ ਹੈ।

'ਜੈਸਾ ਸੇਵੈ ਤੈਸੋ ਹੋਇ ॥' (੨੨੩)

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨ ਉਹੁ ਛਾਹ ਉਡਾਵੈ ॥
'ਮਹਾ ਮਾਈ ਕੀ ਪੂਜਾ ਕਰੈ ॥ ਧੈ ਨਰਿ ਨਾਰ ਹੋਇ ਅਉਤਰੈ ॥' (੮੭੪)
'ਮਾਟੀ ਕੋ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥' (੩੩੨)
'ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥' (੩੩੨)

ਕਈ ਲੋਕ ਐਸੇ ਵੀ ਹਨ ਜੋ ਪੱਥਰ ਨੂੰ ਦੇਵਤਾ ਜਾਣ ਕੇ ਪੂਜਦੇ ਹਨ ਉਹਨਾਂ ਬਾਰੇ ਵੀ ਕਿਹਾ ਹੈ :–

'ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥' (੧੧੬੦)

'ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨ ਹਠ ਤੀਰਥ ਜਾਹਿ ॥
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥' (੧੩੭੧)

'ਨਾਵਹਿ ਧੋਵਹਿ ਪੂਜਹਿ ਸੈਲਾ ॥
ਬਿਨੁ ਹਰਿ ਰਾਤੇ ਮੈਲੇ ਮੈਲਾ ॥' (੯੦੪)

'ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ ॥' (੩੩੨)
'ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥' (੫੨੫)
'ਜੇ ਏਹ ਮੂਰਤਿ ਸਾਰੀ ਹੈ ਤਉ ਗੜ੍ਹਣਹਾਰੇ ਖਾਉ ॥' (੪੭੯)
'ਪਥਰ ਕੀ ਬੇੜੀ ਜੇ ਚੜੈ ਭਰਨਾਲਿ ਬੁਡਾਵੈ ॥' (੪੨੦)
'ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥' (੫੫੬)

ਸੋ ਆਗਿਆ ਹੈ :–'ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥
ਐਸੀ ਸੇਵ ਦਰਗਹ ਸੁਖੁ ਪਾਵਉ ॥' (੧੧੫੮)

ਗੁਰਾਂ ਦੀ ਪੂਜਾ ਕਿਹੜੀ ਹੈ ?

'ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥' (੪੮੪)

ਨਹੀਂ ਉਠਾਉਂਦੀ ਉਹ ਇੰਦਰ ਦੀ ਉਮਰ ਤੱਕ ਸਵਰਗ ਵਿਚ ਪਤੀ ਸਮੇਤ ਵਸਦੀ ਹੈ। ਪਤੀ ਉਸ ਦੇ ਆਸਰੇ ਟਿਕਦਾ ਹੈ।

ਪੱਲਾ ਫੜਣ ਵੇਲੇ ਬੀਬੀ ਵਲੋਂ ਪ੍ਰਣ ਕੀਤਾ ਜਾਂਦਾ ਹੈ ਕਿ :-

'ਜੇਕਰ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥' (੩੨੨)

ਕਿ ਜੇ ਤੂੰ ਹੇ ਪਤੀ! ਮੇਰਾ ਹੱਥ ਪਕੜਦਾ ਹੈਂ ਤਾਂ ਜ਼ਿੰਦਗੀ ਭਰ ਤੈਨੂੰ ਉੱਕਾ ਹੀ ਕਦੇ (ਦੁਖ ਸੁਖ ਵਿਚ) ਵੀ ਨਹੀਂ ਛੱਡਾਂਗੀ।

ਭੁਝੰਗੀ (ਪਤੀ) ਵਲੋਂ ਪ੍ਰਣ :

'ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥' (੩੭੨)

ਜਿਵੇਂ ਪ੍ਰਮੇਸ਼ਰ ਨੂੰ ਛੱਡਣ ਵਾਲੇ ਦੁਰਜਨ ਨਰਕਾਂ ਦੇ ਦੁੱਖ ਵਿਚ ਪੈਂਦੇ ਹਨ-ਇਉਂ ਜੇ ਤੈਨੂੰ ਬੇਗੁਨਾਹੀਂ ਨੂੰ ਛੱਡਾਂ ਤਾਂ ਨਰਕਾਂ ਦੇ ਦੁੱਖ ਵਿਚ ਪਵਾਂ।

੫. ਪੂਜਾ

ਪੂਜਾ ਨਾਨ੍ਹਾ ਪ੍ਰਕਾਰ ਦੀਆਂ ਹਨ:-

'ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥'
(ਦਸਮ ੩੪)

ਹਿੰਦੂਆਂ ਵਿਚ ਬੁੱਤ ਦੀ ਪੂਜਾ ਕਰਨੀ ਨਾਰਦ ਤੋਂ ਚਲੀ ਹੈ।

'ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ॥' (੧੫੫੬)

ਮੁਸਲਮਾਨ ਵੀ ਮੱਕੇ ਵਿਚ ਪੱਥਰ-ਪੂਜਾ ਹੀ ਕਰਦੇ ਹਨ। ਇਕ ਰਾਜੇ ਨੇ ਪੱਥਰ ਪਿਆ ਦੇਖ ਕੇ ਕਿਹਾ-ਪਾਸੇ ਸੁੱਟ ਦਿਓ। ਸ਼ਹਿਰ ਨੂੰ ਅੱਗ ਲੱਗੀ ਤੇ ਕਾਬ੍ਹੇ ਦਾ ਮੰਦਰ ਕਾਇਮ ਕਰਕੇ ਵਿਚ ਪੱਥਰ ਸਥਾਪਤ ਕੀਤਾ ਸੀ। ਇਬਰਾਹੀਮ ਨੇ ੩੬੦ ਪੱਥਰ ਭੰਨੇ-ਹਣ ਵਾਲਾ ਪੱਥਰ ਮੁਹੰਮਦ ਸਾਹਿਬ ਨੇ ਕਹਿੰਦੇ ਟਿਕਾਇਆ ਹੈ।

'ਕੋਤੇ ਸੂਰ ਚੰਦ ਕਉ ਮਾਨੈ ॥ ਅਗਨ ਹੋਤ੍ਰ ਕਈ ਪਵਨ ਪ੍ਰਮਾਨੈ ॥' (ਦਸਮ ੫੫)

'ਕੋਈ ਪੂਜੈ ਚੰਦ੍ਰ ਸੂਰ ਕੋਈ ਧਰਤ ਆਕਾਸ ਮਨਾਵੈ।'
(ਵਾਰ ੧, ਪਉੜੀ ੧੮)

ਜੇ ਇਸ ਤਰ੍ਹਾਂ ਦੇਵੀ ਦੇਵਤਿਆਂ ਦੀ ਪੂਜਾ ਕਰਾਂਗੇ ਤਾਂ ਪ੍ਰਾਪਤ ਕੁਝ ਨਹੀਂ ਹੋ ਸਕਦਾ।

'ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥' (੬੩੭)

(ਅ) ਇਸਤ੍ਰੀ ਬ੍ਰਤ :-

ਬੀਬੀ ਨੂੰ ਵੀ ਪਤੀਬ੍ਰਤ ਧਰਮ ਵਿਚ ਪੱਕੇ ਰਹਿਣਾ ਅਤੀ ਜ਼ਰੂਰੀ ਹੈ। ਆਪਣੇ ਪਤੀ ਤੋਂ ਬਿਨਾ :-

'ਬਿਨੁ ਪਿਰ ਪੁਰਖੁ ਨ ਜਾਣਈ ਸਚੈ ਗੁਰ ਕੈ ਹੇਤਿ ਪਿਆਰਿ ॥' (੫੪)

'ਠਾਕੁਰੁ ਏਕੁ ਸਬਾਈ ਨਾਰਿ ॥' (੯੩੩)

'ਸਾਹੁਰੁ ਪੀਹਰੁ ਪਲਰੈ ਹੋਇ ਨਿਲਜ ਨਿਲਜਾ ਧੋਵੈ।
ਰਾਵੈ ਜਾਰੁ ਭਤਾਰੁ ਤਜਿ ਖਿੰਜੋਤਾਣਿ ਖੁਸੀ ਕਿਉ ਹੋਵੈ।
ਸਮਝਾਈ ਨ ਸਮਝਈ ਮਰਣੇ ਪਰਣੇ ਲੋਕ ਵਿਗੋਵੈ।
ਧਿਰਿ ਧਿਰਿ ਮਿਲਦੇ ਮਿਹਣੇ ਹੁਇ ਸਰਮਿੰਦੀ ਅੰਝੂ ਰੋਵੈ।
ਪਾਪ ਕਮਾਣੇ ਪਕਤੀਐ ਨਾਨਿ ਕਾਨਿ ਚੀਬਾਨਿ ਖਲੋਵੈ।
ਮਰੈ ਨ ਜੀਵੈ ਦੁਖ ਸਹੈ ਰਹੈ ਨ ਘਰ ਵਿਚਿ ਪਰ ਘਰ ਜੋਵੈ।
ਦੁਬਿਧਾ ਅਵਗੁਣ ਹਾਰ ਪਰੋਵੈ ॥੬॥' (ਵਾਰ ੩੩)

ਏਸ ਨਿਗ੍ਹਾ ਨਾਲ ਸਾਰਿਆਂ ਨੂੰ ਤੱਕਣਾ ਹੈ :

'ਸਗਲ ਗੁਣਾ ਗੁਣ ਉਤਮੋ ਭਰਤਾ ਦੁਰਿ ਨ ਪਿਖੁ ਰੀ ॥' (੪੦੦)

ਜੋ ਏਸ ਬ੍ਰਤ ਵਿਚ ਪੱਕੀਆਂ ਰਹਿੰਦੀਆਂ ਹਨ ਉਹਨਾਂ ਅੰਦਰ ਬੇਅੰਤ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਜਿਵੇਂ ਮਾਈ ਸੇਵਾਂ ਆਪਣੇ ਸਤ ਦੇ ਬਲ ਨਾਲ ਹਰ ਰੋਜ਼ ਗੋਇੰਦਵਾਲ ਵਿਖੇ ਬਉਲੀ ਸਾਹਿਬ ਦੀ ਸੇਵਾ ਕਰਿਆ ਕਰਦੀ ਸੀ। ਏਸੇ ਤਰ੍ਹਾਂ ਸੀਤਾ ਜੀ ਨੇ ਆਪਣੇ ਸਤ ਦੇ ਬਲ ਕਾਰਨ ਸਵਰਗ ਵਿਚੋਂ ਅੰਮ੍ਰਿਤ ਲਿਆ ਕੇ ਸ੍ਰੀ ਰਾਮਚੰਦਰ ਜੀ ਅਤੇ ਲਛਮਣ ਜੀ ਉਤੇ ਛਿੜਕ ਕੇ ਸੁਰਜੀਤ ਕੀਤਾ ਸੀ। ਏਸੇ ਤਰ੍ਹਾਂ ਬਰਿੰਦਾ ਰਾਖਸ਼ਣੀ ਦੇ ਸਤ ਦੇ ਬਲ ਕਾਰਨ ਜਲੰਧਰ ਦੈਂਤ ਨੂੰ ਦੇਵਤੇ ਜਿੱਤ ਨਾ ਸਕੇ। ਬੀਬੀ ਰਜਨੀ ਆਪਣੇ ਜਤ ਸਤ ਵਿਚ ਕਾਇਮ ਰਹੀ ਅਤੇ ਉਸ ਦਾ ਪਿੰਗਲਾ ਪਤੀ ਰਾਜ਼ੀ ਹੋ ਕੇ ਰਾਜ ਭਾਗ ਦਾ ਮਾਲਕ ਬਣਿਆ।

'ਕਹੁ ਨਾਨਕ ਜਿਨਿ ਪ੍ਰਿਉ ਪ੍ਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹਿ ਪ੍ਰਵਾਨਿਆ ॥' (੧੮੫)

ਵੇਦਾਂ ਵਿਚ ਸਤੀਆਂ ਦਾ ਜ਼ਿਕਰ ਇਸ ਤਰ੍ਹਾਂ ਹੈ :-ਜੋ ਜ਼ਬਾਨ ਨਾਲ ਭੈੜੀਆਂ ਗੱਲਾਂ ਕਿਸੇ ਨਾਲ ਨਹੀਂ ਕਰਦੀ ਉਹ ਪੰਜ ਸੌ ਵਰ੍ਹਾ ਪਤੀ ਸਮੇਤ ਸਵਰਗ ਵਿਚ ਵਸਦੀ ਹੈ। ਜੋ ਸਰੀਰ ਕਰਕੇ ਬਚੀ ਰਹਿੰਦੀ ਹੈ ਮਨ ਭਾਵੇਂ ਅਚੱਲ ਨਹੀਂ ਉਹ ਇਕ ਹਜ਼ਾਰ ਵਰ੍ਹਾ। ਜੋ ਮਨ ਕਰਕੇ ਵੀ ਭੈੜਾ ਸੰਕਲਪ

'ਪਰ ਕੀ ਰਾਤੀ ਨਾਰੀ ਛੋਰ ॥ ਜੋ ਅਪਨੀ ਇੰਦ੍ਰੀ ਤੇ ਨੈਜ ॥' (ਰਤਨਮਾਲਾ)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਭਾਈ ਸੰਤ ਰਾਮ, ਸੁਖਮਨੀ ਸਾਹਿਬ ਦਾ ਨਿੱਤਨੇਮੀ, ਜਹਾਂਗੀਰ ਬਾਦਸ਼ਾਹ ਦਾ ਡਿਉੜੀਦਾਰ ਸੀ। ਸ਼ਹਿਜ਼ਾਦੀ ਨੇ ਸਿੱਖ ਵੱਲ ਤੱਕਿਆ, ਉਸ ਤੇ ਮੋਹਿਤ ਹੋ ਗਈ ਅਤੇ ਕਿਹਾ ਕਿ ਮੈਂ ਇਸ ਸਿੱਖ ਨਾਲ ਨਿਕਾਹ ਕਰਵਾਉਣਾ ਹੈ। ਪਰ ਸਿੱਖ ਬਾਦਸ਼ਾਹ ਦੇ ਕਹਿਣ ਤੇ ਨਵਾਖੀ ਲੈਣੀ ਤੇ ਨਿਕਾਹ ਕਰਵਾਉਣਾ ਨਾ ਮੰਨਿਆ ਅਤੇ ਸੀਸ ਕਤਲ ਕਰਵਾ ਲਿਆ। ਜਦੋਂ ਭਾਈ ਸਾਹਿਬ ਦੇ ਥਾਲ 'ਚ ਰੱਖੇ ਸੀਸ ਨੂੰ ਸ਼ਹਿਜ਼ਾਦੀ ਨੇ ਹੱਥ ਲਾਉਣਾ ਚਾਹਿਆ ਤਾਂ ਸਵਾ ਗਿੱਠ ਸੀਸ ਉਪਰ ਉਠਿਆ:—

'ਸਵਾ ਗਲਿਸਟ ਸਿਰ ਊਠਿਓ ਤਉ ਨਾ ਕਬੂਲੀ ਨਾਰ ॥'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮੌਂਦੇ ਹਨ ਕਿ ਸਾਨੂੰ ਸਾਡੇ ਗੁਰ ਪਿਤਾ ਨਾਵੇਂ ਪਾਤਸ਼ਾਹ ਜੀ ਨੇ ਇਹ ਸਿੱਖਿਆ ਦਿੱਤੀ ਸੀ ਕਿ :—

'ਨਿਜ ਨਾਰੀ ਕੇ ਸਾਥ ਨੇਹ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥' (ਦਸਮ ੮੪੨)

ਸਿੰਘਾਂ ਨੇ ਗਿਲਜਿਆਂ ਪਾਸੋਂ ਤਿੰਨ ਵਾਰੀ ਸੋਲਾਂ ਹਜ਼ਾਰ, ਵੀਹ ਹਜ਼ਾਰ ਅਤੇ ਤੀਹ ਹਜ਼ਾਰ ਹਿੰਦੂ ਲੜਕੀਆਂ ਛੁਡਾਈਆਂ ਜੋ ਸਿੰਘਾਂ ਦੇ ਘਰ ਵਸਣਾ ਚਾਹੁੰਦੀਆਂ ਸਨ—ਪਰ ਸਿੰਘਾਂ ਨੇ ਆਪਣੇ ਧਰਮ ਤੇ ਕਾਇਮ ਰਹਿੰਦਿਆਂ, ਸਾਰੀਆਂ ਉਨ੍ਹਾਂ ਦੇ ਘਰੋ ਘਰੀਂ ਪਹੁੰਚਾਈਆਂ, ਦਲ ਵਿਚ ਨਹੀਂ ਸਨ ਰੱਖੀਆਂ। ਚੌਥੇ ਵਾਲੇ ਹਾਜੇ ਦੀ ਲੜਕੀ ਬਾਬਾ ਦੀਪ ਸਿੰਘ ਜੀ ਆਪ ਛੱਡ ਕੇ ਆਏ ਸਨ। ਜੋ ਐਸਾ ਵਰਤ ਛੱਡ ਕੇ ਖੁੱਲ੍ਹੇ ਵਰਤਦੇ ਹਨ ਤੇ ਕਹਿੰਦੇ ਹਨ ਡਰਪੋਕ ਲੋਕਾਂ ਦੇ ਇਹ ਨਿਯਮ ਬਣਾਏ ਹਨ, ਉਹਨਾਂ ਬਾਰੇ ਸ੍ਰੀ ਮੁੱਖ ਵਾਕ ਹੈ :—

'ਘਰ ਕੀ ਨਾਰਿ ਤਿਆਗੀ ਅੰਧਾ ॥
ਪਰ ਨਾਰੀ ਸਿਉ ਘਾਲੈ ਧੰਧਾ ॥
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥
ਅੰਤ ਕੀ ਬਾਰ ਮੂਆ ਲਪਟਾਨਾ ॥' (੧੧੬੫)

ਸੋ ਏਕਾ ਨਾਰੀ ਜਤੀ ਦਾ ਵਰਤ ਰੱਖਣਾ ਹੈ।

ਨਾਲੇ ਸਿਹਰੇ, ਗਾਨਾ, ਟਾਈ, ਚਾਦਰਾ, ਦਾੜ੍ਹੀ ਬੰਨ੍ਹਣੀ, ਬਸਮਾ ਲਾਉਣਾ ਮਨ੍ਹਾ ਹੈ, ਸਿਰਫ ਸਾਦਾ ਲਿਬਾਸ ਹੀ ਪਹਿਰਨਾ ਹੈ।

ਗੁਰਸਿੱਖਾਂ ਉੱਤੇ ਮੁਸਲਮਾਨ ਏਨਾਂ ਭਰੋਸਾ ਕਰਦੇ ਕਿ ਇਕ ਪਾਸੇ ਭਾਵੇਂ ਸੈਂਕੜੇ ਲੋਕ ਗੱਲ ਕਹਿਣ–ਦੂਜੇ ਪਾਸੇ ਇਕ ਗੁਰਸਿੱਖ ਕਹਿ ਦੇਂਦਾ ਇਉਂ ਨਹੀਂ, ਇਉਂ ਹੈ, ਤਾਂ ਗੁਰਸਿੱਖ ਦੀ ਕਹੀ ਸੱਚੀ ਮੰਨੀ ਜਾਂਦੀ ਸੀ। ਅੱਜ ਕਈ ਚਾਹ ਦੀ ਪਿਆਲੀ ਪਿੱਛੇ ਹੀ ਪੁੱਤਰ ਦਾ ਨੇਮ ਕਰਨ ਤੋਂ ਸੰਕੋਚ ਨਹੀਂ ਕਰਦੇ। ਗੁਰਸਿੱਖ ਨੂੰ ਬਾਣੀ ਪੜ੍ਹਨ ਦਾ, ਅੰਮ੍ਰਿਤ ਵੇਲੇ ਉੱਠਣ ਦਾ, ਨਾਮ ਦਾਨ ਇਸ਼ਨਾਨ ਕਰਨ ਦਾ, ਔਗੁਣਾਂ ਦਾ ਤਿਆਗ ਤੇ ਜਤ ਸਤ ਵਿਚ ਪੱਕੇ ਰਹਿਣ ਦਾ ਨੇਮ ਕਰਨਾ ਚਾਹੀਦਾ ਹੈ।

੪. ਬ੍ਰਤ

ਹਿੰਦੂ ਮੱਤ ਦੇ ਖਿਆਲਾਂ ਦੇ ਲੋਕ ਬ੍ਰਤ ਰੱਖਦੇ ਹਨ। ਕੋਈ ਚੰਦ੍ਰਾਇਣੀ, ਚਉਥ ਕਰਵੇ, ਕ੍ਰਿਸ਼ਨ ਅਸ਼ਟਮੀ, ਰਾਮ ਨੌਮੀ, ਵਾਮਨ ਦੁਆਦਸੀ, ਨਰਸਿੰਘ ਚੌਦੇਂ ਆਦਿ ਦਾ ਕੋਈ ਪੂੰਨਿਆਂ, ਸੰਗਰਾਂਦ, ਮੰਗਲਵਾਰ ਆਦਿਕਾਂ ਦਾ ਵਰਤ ਰੱਖਦਾ ਹੈ। ਇਕਾਦਸੀ ਦੀ ਭੁੱਖ ਦੁਆਦਸੀ ਵਿਚ ਕੱਢਦੇ ਹਨ। ਜੈਸੇ ਮੁਸਲਮਾਨ ਰਮਜ਼ਾਨ ਦਾ ਮਹੀਨਾ ਰੋਜ਼ੇ ਰੱਖਦੇ ਹਨ। ਦਿਹਾੜੀ ਭਰ ਭੱਖੇ ਮਰਦੇ ਹਨ ਅਤੇ ਰਾਤ ਨੂੰ ਜ਼ਿਆਦਾ ਖਾ ਕੇ ਉਂਝ ਤੰਗ ਹੁੰਦੇ ਹਨ। ਵਰਤਾਂ ਵੇਲੇ ਵਿਕਾਰਾਂ ਵਲੋਂ ਸੰਜਮ ਰੱਖਦੇ ਹਨ। ਗੁਰਮਤਿ ਵਿਚ ਅਜੇਹੇ ਵਰਤ ਰੱਖਣ ਦੀ ਆਗਿਆ ਨਹੀਂ ਹੈ। ਇਨ੍ਹਾਂ ਦਾ ਕੋਈ ਵੀ ਲਾਭ ਨਹੀਂ ਹੈ। ਗੁਰਮਤਿ ਦਾ ਵਰਤ ਐਸਾ ਹੈ ਕਿ ਹਮੇਸ਼ਾਂ ਲਈ ਹੀ :–

'ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥' (੪੬੭)

'ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥' (ਦਸਮ)

'ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ ॥'
(ਵਾਰ ੨੮, ਪਉੜੀ ੧੫)

(ੳ) ਪੁਰਸ਼ ਬ੍ਰਤ :–

ਭੁਝੰਗੀ ਨੂੰ ਇਸ ਨਿਯਮ ਵਿਚ ਹਮੇਸ਼ਾਂ ਵਰਤਣਾ ਚਾਹੀਦਾ ਹੈ।

'ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥' (੨੭੪)

'ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੇ ਹੀ ਇਹੁ ਪਰ ਗ੍ਰਿਹੁ ॥' (੪੦੩)

'ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।'
(ਵਾਰ ੨੯, ਪਉੜੀ ੧੧)

'ਏਕਾ ਨਾਰੀ ਜਤੀ ਹੋਏ ਪਰ ਨਾਰੀ ਧੀ ਭੈਣ ਵਖਾਣੈ।'(ਵਾਰ ੨੯, ਪਉੜੀ ੮)

ਮੁਸਲਮਾਨ ਆਦਿ ਸਭ ਦਾ ਵੱਖ ਵੱਖ ਧਰਮ ਹੈ। ਗੁਰਸਿੱਖ ਦਾ ਧਰਮ ਹੈ :—

'ਤਜਿ ਸਭਿ ਭਰਮ ਭਜਹੁ ਪਾਰਬ੍ਰਹਮੁ ॥
ਕਹੁ ਨਾਨਕ ਅਟਲ ਏਹੁ ਧਰਮੁ ॥' (੧੯੬)

ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ ਪੰਜਾਂ ਕਕਾਰਾਂ ਦੀ ਰਹਿਤ ਰੱਖਣੀ, ਚਾਰ ਕੁਰਹਿਤਾਂ ਤੋਂ ਬਚ ਕੇ ਰਹਿਣਾ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਿਨਾ ਕੋਈ ਗੁਰੂ ਨਹੀਂ। ਗੁਰਸਿੱਖ ਦਾ ਧਰਮ ਹੈ—ਜੋ ਪਰਮ ਗੁਰਸਿੱਖਾਂ ਨੂੰ ਜਾਨ ਤੋਂ ਵੀ ਬਹੁਤ ਪਿਆਰਾ ਹੈ। ਹਰ ਰੋਜ਼ ਅਰਦਾਸ ਵਿਚ ਮੰਗ ਹੈ—ਗੁਰਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ। ਭਾਈ ਤਾਰੂ ਸਿੰਘ ਜੀ ਨੇ ਕੇਸ ਨਹੀਂ ਸਨ ਕਤਲ ਹੋਣ ਦਿੱਤੇ ਪਰ ਖੋਪਰਾ ਲੁਹਾ ਲਿਆ ਸੀ।

੩. ਨੇਮ

ਲੋਕ ਤੀਰਥਾਂ ਤੇ ਜਾ ਕੇ ਕਿਸੇ ਨਾ ਕਿਸੇ ਚੀਜ਼ ਦੇ ਛੱਡਣ ਦਾ ਨੇਮ ਕਰਦੇ ਹਨ। ਕੋਈ ਕਹਿੰਦਾ ਹੈ ਮੈਂ ਅੱਜ ਤੋਂ ਕੇਲੇ ਦੀ ਛੱਲੀ ਨਹੀਂ ਖਾਣੀ, ਕੋਈ ਕਹਿੰਦਾ ਹੈ ਮੈਂ ਅੱਜ ਤੋਂ ਤਿੰਨ ਮਹੀਨੇ ਜੁੱਤੀ ਨਹੀਂ ਪਾਉਣੀ ਆਦਿ ਪਰੰਤੂ ਗੁਰਸਿੱਖ ਨੂੰ ਤਾ ਇਹ ਨੇਮ ਕਰਨਾ ਚਾਹੀਦਾ ਹੈ।

ਮਾਰੂ ਮਹਲਾ ੫ ਘਰੁ ੪ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਚਾਦਨਾ ਚਾਦਨੁ ਆਗਲਿ ਪ੍ਰਭ ਜੀਉ ਅੰਤਰਿ ਚਾਦਨਾ ॥੧॥
ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ ॥੨॥
ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥
ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥੫॥
ਲਾਗਨਾ ਲਾਗਨੁ ਨੀਕਾ ਗੁਰਚਰਨੀ ਮਨੁ ਲਾਗਨਾ ॥੬॥
ਇਹ ਬਿਧਿ ਤਿਸਹਿ ਪਰਾਪਤੇ ਜਾਕੈ ਮਸਤਕਿ ਭਾਗਨਾ ॥੭॥
ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ ॥੮॥੧॥
(੧੦੧੮)

'ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥ (੧੨੪੮)

ਸੱਚ ਬੋਲਣ ਦਾ ਨੇਮ ਨਿਬਾਹੇ, ਝੂਠ ਬੋਲਣ ਦਾ ਸੰਜਮ ਕਰੇ। ਪੁਰਾਤਨ

ਅਰਥ :-ਧਨ ਦੇ ਜਾਨ ਨਿੱਸੇਸ਼ਾਨ ਤਨ-ਧਰਮ, ਜੋਰ, ਰਾਜਾ ਤੇ ਅੱਗ। ਉਸ ਮਨੁੱਖ ਤੇ ਮਗਰਲੇ ਤਿੰਨੇ ਨਰਾਜ਼ ਹੁੰਦੇ ਹਨ ਜੋ ਪਹਿਲੇ ਭਾਵ ਧਰਮ ਦਾ ਤਿਆਗ ਕਰੇ ਭਾਵ ਧਰਮ ਅਰਥ ਨਾ ਦੇਵੇ।

ਭਗਤ ਕਬੀਰ ਜੀ ਨੇ ਵੀ ਕਿਹਾ ਹੈ :

'ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥' (੧੩੭੪)

(ੳ) ਦਾਨ :-

ਆਪਣੀ ਧਰਮ ਦੀ ਕ੍ਰਿਤ ਵਿਚੋਂ ਦਸਵੰਧ ਗੁਰੂ ਕਾ ਜਾਣ ਕੇ ਦੇਵੇ।
'ਜੇ ਕੋ ਸਿੰਘ ਪੂਜਾਰੀ ਅਹੈ ॥ ਸੋ ਭੀ ਪੂਜਾ ਬਹੁਤ ਨ ਗਹੈ ॥'
'ਬਹੁਤ ਹੋਏ ਤਾ ਮਹ ਕਹ ਦੇਵੇ ॥' (ਰਹਿਤਨਾਮਾ)

ਭਾਵ ਗਰੀਬ ਦੇ ਮੁੱਖ ਨੂੰ ਗੁਰੂ ਕੀ ਗੋਲਕ ਜਾਣੇ। ਜਿਨ੍ਹਾਂ ਨੇ ਨਾਮ ਜਪਿਆ ਵੰਡ ਕੇ ਛਕਿਆ ਉਹ ਸਰੇਸ਼ਟ ਹਨ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥' (੧੨੪੫)

(ਅ) ਇਸ਼ਨਾਨ :-

ਇਸ਼ਨਾਨ ਕਰਨੇ ਕਰਕੇ ਸਰੀਰ ਦੀ ਸੁੱਧੀ ਹੋ ਜਾਂਦੀ ਹੈ-ਸਰੀਰ ਸਾਵਧਾਨ ਹੋ ਜਾਂਦਾ ਹੈ। ਜਿਹੜੇ ਲੋਕ ਇਸ਼ਨਾਨ ਨਹੀਂ ਕਰਦੇ ਅਤੇ ਕੋਲੋਂ ਟੋਟਕੇ ਜੋੜ ਕੇ ਕਹਿੰਦੇ ਹਨ :-

'ਪੰਜ ਇਸ਼ਨਾਨਾ ਮਹਾਂ ਗਿਆਨਾ, ਨਿਤ ਨ੍ਹਾਉਣ ਚਲਿੱਚਰੀ,
ਛੇਈਂ ਮਹੀਨੀਂ ਕੋਈ ਕੋਈ ਨ੍ਹਾਵੇ, ਸਾਲ ਪਿਛੋਂ ਕੋਈ ਉੱਦਮੀ।'

ਜੋ ਪਾਣੀ ਦੇਖ ਕੇ ਸੰਗਦੇ ਸੰਕੋਚਦੇ ਹਨ, ਨ੍ਹਾਉਂਦੇ ਨਹੀਂ, ਉਨ੍ਹਾਂ ਬਾਰੇ ਗੁਰਬਾਣੀ ਵਿਚ ਫੁਰਮਾਇਆ ਹੈ :-

'ਨਾਨਕ ਜੇ ਸਿਰ ਖਥੇ ਨਾਵਨਿ ਨਾਹੀ ਤਾ ਸਤਿ ਚਟੇ ਸਿਰਿ ਛਾਈ ॥'(੧੫੦)

ਸੋ ਬੁੱਕ ਸੁਆਹ ਦੇ ਉਨ੍ਹਾਂ ਦੇ ਸਿਰ ਵਿਚ ਕਿਹਾ ਹੈ ਜੋ ਸਿਰ ਖੁੱਥੇ ਨਹੋਂਦੇ ਨਹੀਂ ਹਨ। ਸੋ ਇਸ਼ਨਾਨ ਕਰਨਾ ਬੜਾ ਜ਼ਰੂਰੀ ਹੈ।

੨. ਧਰਮ

ਧਰਮ ਦੋ ਤਰ੍ਹਾਂ ਦਾ ਹੈ-ਇਕ ਤਾਂ ਸਾਧਾਰਨ ਧਰਮ ਜੋ ਸਭ ਦਾ ਸਾਂਝਾ ਹੈ ਭਾਵ ਪ੍ਰਮੇਸ਼ਰ ਨੂੰ ਚੇਤੇ ਕਰਨਾ, ਧਰਮ ਦੀ ਕਿਰਤ ਅਤੇ ਮਾਨਵਤਾ ਦੀ ਸੇਵਾ। ਦੂਜਾ ਅਸਾਧਾਰਨ (ਖਾਸ) ਧਰਮ ਹੈ ਜੋ ਹਿੰਦੂ

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖੁ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੇ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥' (੩੦੫)

'ਗੁਰਮੁਖਿ ਨਾਮੁ ਦਾਨੁ ਇਸਨਾਨੁ ॥' (੯੪੨)

ਨਾਮ ਜਪਣੇ ਕਰਕੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ। ਦਾਨ ਕਰਨੇ ਕਰਕੇ ਕਮਾਈ ਸਫਲੀ ਹੁੰਦੀ ਹੈ :-

'ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥'(੧੨੪੫)

'ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥' (੯੫੨)

ਜੈਸੇ ਜਿਸ ਖੂਹ ਵਿਚੋਂ ਪਾਣੀ ਨਾ ਨਿਕਲੇ ਉਸ ਵਿਚ ਜਾਲਾ ਤੇ ਕ੍ਰਿਮ ਪੈ ਕੇ ਜ਼ਹਿਰੀਲਾ ਬਣ ਜਾਂਦਾ ਹੈ ਉਸ ਵਿਚੋਂ ਬਦਬੂ ਆਉਂਦੀ ਹੈ। ਪੀਤਾ ਨਹੀਂ ਜਾਂਦਾ, ਸੇਤ ਨਹੀਂ ਮਿਟਦੀ ਪਰ ਜੇ ਉਸ ਵਿਚੋਂ ਤੋਰ ਜਗ੍ਹਾ ਪਾਣੀ ਨਿਕਲੇ ਤਾਂ ਉਹ ਸਾਫ ਠੰਢਾ ਮਿੱਠਾ ਰਹਿੰਦਾ ਹੈ, ਤੇਹ ਲਾਹ ਕੇ ਸੁੱਖ ਦਿੰਦਾ ਹੈ। ਏਸ ਤਰ੍ਹਾਂ ਗ੍ਰਿਹਸਤ (ਘਰ) ਇਕ ਖੂਹ ਹੈ ਜੋ ਪਦਾਰਥਾਂ ਰੂਪ ਜਲ ਨਾਲ ਭਰਿਆ ਹੈ, ਇਸ ਵਿਚੋਂ ਜੇ ਦਸਵੰਧ ਗੁਰੂ ਅਰਥ ਕੱਢਿਆ ਜਾਵੇ, ਗੁਰਮਤਿ ਪ੍ਰਚਾਰ ਹਿਤ ਗੁਰੂ ਕਾ ਲੰਗਰ, ਗੁਰਦੁਆਰੇ ਸਾਹਿਬ ਦੀ ਸੇਵਾ ਆਦਿ ਤਾਂ ਬਾਕੀ ਦੇ ਪਦਾਰਥ ਵਿਚ ਬਰਕਤ ਪੈਂਦੀ ਹੈ, ਮਨ ਤਨ ਪਵਿੱਤ੍ਰ ਹੁੰਦੇ ਹਨ। ਘਰ ਵਿਚ ਸੁੱਖ ਅਨੰਦ ਰਹਿੰਦਾ ਹੈ। ਨਹੀਂ ਤਾਂ ਪਾਣੀ ਵਿਗੜਨ ਤਰ੍ਹਾਂ:-

'ਜੋ ਬਾਬੇ ਕੇ ਦਾਮ ਨ ਦੈ ਹੈ ॥ ਤਿਨ ਤੇ ਗਹਿ ਬਾਬਰ ਕੇ ਲੈ ਹੈ ॥'

ਮੁਕੱਦਮੇ, ਬੀਮਾਰੀ ਤੇ ਜਾਂ ਚੋਰੀ ਹੋਵੇਗੀ ਜਾਂ ਗੌਰਮਿੰਟ ਖੋਹ ਲਵੇਗੀ ਜਾਂ ਅੱਗ ਲੱਗੇਗੀ ਜਾਂ ਬਰਕਤ ਨਹੀਂ ਜਲੇਗੀ। ਇਸ ਵਾਸਤੇ ਗੁਰੂ ਘਰ ਦਾ ਦਸਵੰਧ ਨੇਕ ਕਮਾਈ ਵਿਚੋਂ ਦੇਣਾ ਜ਼ਰੂਰੀ ਹੈ। ਦਸਵੰਧ ਦੇਣੇ ਕਰਕੇ ਮਾਤਾ ਦੇ ਗਰਭ ਵਿਚ ਕੀਤੇ ਇਕਰਾਰ ਤੇ ਅਮਲ ਹੁੰਦਾ ਹੈ ਜਿਹੜੇ ਦਾਨ ਨਹੀਂ ਕਰਦੇ ਉਹਨਾਂ ਵਾਸਤੇ :-

'ਦੋਹਰਾ-ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ ॥
ਕੋਪੈਂ ਤਾਪੈ ਭ੍ਰਾਤ ਤ੍ਰੈ ਕਰੋਂ ਜੁ ਜੇਸ੍ਰ ਤਯਾਗ ॥ ੨ ॥'

(ਸਾਰਕੁਤਾਵਲੀ ਅਧਿਆਯ ੯)

'ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰ ਕਚੁ ਪਾਜੋ ॥'
(੭੯)

'ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥
ਹਰਿ ਕਪੜੇ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥' (੭੯)

ਬੀਬੀ ਤੇ ਭੁਝੰਗੀ ਨੂੰ ਸਿੱਖਿਆ

ਬੀਬੀਆਂ ਅਤੇ ਭੁਝੰਗੀ ਵਿੱਦਿਆ ਆਦਿ ਗੁਣ ਪ੍ਰਾਪਤ ਕਰਕੇ ਬ੍ਰਹਮਚਾਰੀ ਆਸ਼ਰਮ ਦੇ ਪੰਧ ਨੂੰ ਮੁਕਾ ਕੇ ਜੋ ਸਰਬੋਤਮ ਗ੍ਰਿਹਸਤ ਆਸ਼ਰਮ ਹੈ ਉਸ ਵਿਚ ਪ੍ਰਵੇਸ਼ ਹੋ ਰਹੇ ਹੋਣ ਕਰਕੇ ਉਹਨਾਂ ਤਾਈਂ ਕੁਝ ਖਾਸ ਸਿੱਖਿਆ ਪ੍ਰਦਾਨ ਕਰਨਾ ਜ਼ਰੂਰੀ ਹੈ। ਜਿਸ ਸਿੱਖਿਆ ਦੀ ਲੀਹ ਤੇ ਆਪਣੇ ਆਪ ਨੂੰ ਚਲਾ ਕੇ ਉਹ ਵਿਹਾਰ ਤੇ ਪ੍ਰਮਾਰਥ ਨੂੰ ਸਿੱਧ ਕਰਕੇ ਆਪਣੇ ਜੀਵਨ ਦੀ ਅਸਲੀ ਮੰਜ਼ਲ ਤੇ ਪਹੁੰਚ ਸਕਦੇ ਹੋਣ। ਉਹਨਾਂ 'ਚ ਕਰਨ ਯੋਗ ਕੁਝ ਕਰਤੱਵ ਹਨ, ਜਿਨ੍ਹਾਂ ਨੂੰ ਕਰਮ, ਧਰਮ, ਨੇਮ, ਬ੍ਰਤ, ਪੂਜਾ ਦੇ ਰੂਪ ਵਿਚ ਕਈ ਥਾਈਂ ਹੀ ਸਤਿਗੁਰੂ ਜੀ ਨੇ ਫੁਰਮਾਇਆ ਜਿਸ ਦੇ ਅਨੁਸਾਰੀ ਉਹ ਆਪਣੀ ਜ਼ਿੰਦਗੀ ਨੂੰ ਸੁਖਾਵੀਂ ਬਣਾ ਸਕਦੇ ਹਨ :-

੧. ਕਰਮ

'ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥
ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ ॥'
(ਦਸਮ ੭੧੦)

ਗੁਰਸਿੱਖ ਦੇ ਕਰਨ ਯੋਗ ਜਿਹੜੇ ਕਰਮ ਹਨ ਉਹਨਾਂ ਬਾਰੇ ਸਤਿਗੁਰੂ ਜੀ ਨੇ ਇਉਂ ਫੁਰਮਾਇਆ ਹੈ :-

'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਕਲਕੇ ਉਨਿ ਹਰਿ ਨਾਮੁ ਧਿਆਵੈ ॥
ਉਦਮੁ ਕਰੈ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥

ਜਗਿਆਸੂ ਰੂਪ ਇਸਤ੍ਰੀ ਨੂੰ ਆਪਣੇ ਪਤੀ ਪ੍ਰਮੇਸ਼ਰ ਸਬੰਧੀ ਆਗਿਆਕਾਰੀ ਰਹਿਣ ਵਿਚ ਹੀ ਉਸਦਾ ਕਲਿਆਣ ਹੈ।

ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿਚ ਸਿੰਘਾਂ ਨੇ ਬੇਨਤੀ ਕੀਤੀ, 'ਜੀ! ਕੋਈ ਗੁਪਤ ਰੂਹਾਂ ਪ੍ਰੇਤ ਆਦਿ ਵੀ ਹੁੰਦੀਆਂ ਹਨ ਕਿ ਇਹ ਕਲਪਣਾ ਹੀ ਹੈ?' ਤਾਂ ਹਜ਼ੂਰ ਨੇ ਉਚਾਰਿਆ :—

'ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥' (੨੯੪)

'ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥' (੨੭੬)

ਤਾਂ ਉਸੇ ਵੇਲੇ ਬਹੁਤ ਗੁਪਤ ਰੂਹਾਂ ਪਰਗਟ ਹੋਈਆਂ। ਸਤਿਗੁਰਾਂ ਦੇ ਪੁੱਛਣ ਤੇ ਕਿ ਤੁਸੀਂ ਕਿੰਨੇ ਹੋ? ਤਾਂ ਉਹਨਾਂ ਕਿਹਾ, ਜੀ ਅਸੀਂ ਤਾਂ ਬਹੁਤ ਸੀ ਪਰ ਹੁਣ ਘਟ ਰਹੇ ਹਾਂ। ਕਿਉਂਕਿ ਪਹਿਲਾਂ ਤਾਂ ਜਿਨ੍ਹਾਂ ਦਾ ਵਿਆਹ ਹੁੰਦਾ, ਉਹਨਾਂ ਦੇ ਕੇਸਾਂ ਦੀਆਂ ਲਟਾਂ ਮੁੰਨ ਕੇ ਲਾਹ ਲੈਂਦੇ ਸਾਂ ਤਾਂ ਉਹ ਮਰ ਕੇ ਸਾਡੇ ਵਿਚ ਆ ਰਲਦੇ ਸਨ ਪਰ ਜਦੋਂ ਤੋਂ ਸਤਿਗੁਰੂ ਰਾਮਦਾਸ ਜੀ ਨੇ ਲਾਵਾਂ ਉਚਾਰੀਆਂ ਹਨ ਉਨ੍ਹਾਂ ਦੁਆਰਾ ਵਿਆਹ ਹੁੰਦੇ ਹਨ ਲਟਾਂ ਨਹੀਂ ਕੱਟਦੇ (ਲਾਹੁੰਦੇ) ਇਸ ਲਈ ਉਹ ਸਾਡੇ ਵਿਚ ਨਹੀਂ ਰਲਦੇ—ਇਸ ਕਰਕੇ ਅਸੀਂ ਘਟ ਰਹੇ ਹਾਂ। ਸੋ ਜੋ ਅੰਮ੍ਰਿਤਧਾਰੀ ਸੁਭਾਗ ਜੋੜਾ ਰਹਿਤ ਵਿਚ ਤਿਆਰ-ਪੁਰ-ਤਿਆਰ ਹੋਵੇ ਉਹ ਕਦੇ ਭੂਤ ਪ੍ਰੇਤ ਨਹੀਂ ਬਣੇਗਾ।

ਪੁਰਾਤਨ ਰੀਤੀ ਅਨੁਸਾਰ ਲੋਕ ਆਪਣੀਆਂ ਲੜਕੀਆਂ ਦੇ ਵਿਆਹਾਂ ਲਈ ਕਈ ਸ਼ਰਤਾਂ ਰੱਖਦੇ ਸਨ ਜਿਸਨੂੰ ਸੁਅੰਬਰ ਕਿਹਾ ਜਾਂਦਾ ਸੀ—ਜਿਹੜਾ ਆਦਮੀ ਉਹਨਾ ਸ਼ਰਤਾ ਨੂੰ ਪੂਰੀਆ ਕਰ ਉਸ ਆਦਮੀ ਨਾਲ ਲੜਕੀ ਦੀ ਸ਼ਾਦੀ ਕੀਤੀ ਜਾਂਦੀ ਸੀ। ਜੇ ਲੜਕੀ ਦੀ ਉਮਰ ੧੬ ਸਾਲ ਹੁੰਦੀ ਅਤੇ ਉਸ ਸ਼ਰਤ ਨੂੰ ਇਕ ੫੦ ਸਾਲ ਦਾ ਆਦਮੀ ਪੂਰਾ ਕਰਦਾ ਤਾਂ ਉਸ ਆਦਮੀ ਨਾਲ ਲੜਕੀ ਨੂੰ ਸ਼ਾਦੀ ਕਰਨੀ ਹੀ ਪੈਂਦੀ ਸੀ ਚਾਹੇ ਉਹ ਆਦਮੀ ਸਰੀਰਕ ਤੌਰ ਤੇ ਲੜਕੀ ਦੇ ਯੋਗ ਵੀ ਨਾ ਹੁੰਦਾ। ਪਰ ਸਤਿਗੁਰੂ ਜੀ ਨੇ ਇਹ ਰਿਵਾਜ ਹਟਾ ਕੇ ਇਕੋ ਗੁਰ ਮਰਯਾਦਾ ਪ੍ਰਚੱਲਤ ਕੀਤੀ। ਇਕੋ ਜਿਹੀ ਉਮਰ, ਵਿੱਦਿਆ, ਸਰੂਪ, ਗੁਣ, ਧਰਮ, ਇਸ਼ਟ ਦੇਵ ਇਕ ਹੀ ਹੋਵੇ ਤੇ ਅਨੰਦ ਕਾਰਜ ਧਰਮ ਅਰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਬਿਨਾਂ ਕਿਸੇ ਸ਼ਰਤ ਤੇ ਹੋਵੇ। ਕੋਈ ਪਖੰਡ ਭਰਮ ਵਹਿਮ, ਥਿੱਤ, ਵਾਰ, ਮਹੀਨਾ, ਦਿਨ, ਘੜੀ, ਪਲ, ਨਛੱਤ੍ਰ, ਮਹੂਰਤ, ਲਗਨ, ਸਗਨ ਦੀ ਪ੍ਰਵਾਹ ਨਹੀਂ ਕਰਨੀ। ਕੋਈ ਦਾਜ ਦੇਣਾ ਜਾਂ ਮੰਗਣਾ ਮਨ੍ਹਾ ਹੈ।

ਲਾਵਾਂ ਤੋਂ ਸਿੱਖਿਆ

੧. ਪਹਿਲੀ ਲਾਵ (ਪਉੜੀ) ਵਿਚ ਗ੍ਰਹਿਸਤ ਆਸ਼ਰਮ ਦੀ ਪ੍ਰਵਿਰਤੀ, ਨਿਸ਼ਕਾਮ ਕਰਮ ਅਤੇ ਧਰਮ ਨੂੰ ਦ੍ਰਿੜ੍ਹ ਕਰਨ ਦੀ ਸਿੱਖਿਆ ਦਿੱਤੀ ਹੈ।

'ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ
ਬਲਿਰਾਮ ਜੀਉ ॥' (੭੭੩)

'ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ
ਸਿਮ੍ਰਿਤਿ ਨਾਮੁ ਦ੍ਰਿੜਾਇਆ ॥' (੭੭੩)

੨. ਦੂਸਰੀ ਲਾਵ ਵਿਚ ਸਤਿਗੁਰੂ ਜੀ ਦੁਆਰਾ ਅਕਾਲ ਪੁਰਖ ਦੇ ਮੇਲ ਨਾਲ ਪ੍ਰਾਣੀ ਨੂੰ ਨਿਰਭੈਤਾ ਦੀ ਪ੍ਰਾਪਤੀ ਅਤੇ ਹਉਮੈ ਦੀ ਮੈਲ ਨਵਿਰਤ ਹੋਣ ਨਾਲ ਉਸ ਬ੍ਰਹਮ ਦਾ ਪਸਾਰਾ ਸਾਰਿਆਂ ਵਿਚ ਨਜ਼ਰ ਆਉਣ ਬਾਰੇ ਗੁਰੂ ਸਾਹਿਬ ਜੀ ਨੇ ਉਪਦੇਸ਼ ਬਖ਼ਸ਼ਿਆ ਹੈ।

'ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ ॥'
'ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥'(੭੭੪)

੩. ਤੀਸਰੀ ਲਾਵ ਵਿਚ ਗੁਰੂ ਸਾਹਿਬ ਇਹ ਉਪਦੇਸ਼ ਬਖ਼ਸ਼ਦੇ ਹਨ ਕਿ ਜਿਨ੍ਹਾਂ ਦੇ ਉੱਤਮ ਭਾਗ ਹਨ ਉਨ੍ਹਾਂ ਨੂੰ ਸੰਤਾਂ ਮਹਾਤਮਾ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਮੇਸ਼ਰ ਦੇ ਨਾਮ ਦੀ ਧੁਨ ਪੈਦਾ ਹੋਣ ਤੇ ਮਨ ਵਿਚ ਵੈਰਾਗ ਅਤੇ ਸਦੀਵੀ ਖੇੜਾ ਮਿਲਦਾ ਹੈ।

'ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ ॥'
'ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥'

੪. ਚੌਥੀ ਲਾਵ ਵਿਚ ਸਹਿਜ ਅਵਸਥਾ ਅਤੇ ਪ੍ਰਭੂ-ਪ੍ਰਾਪਤੀ ਸਬੰਧੀ ਬਹੁਤ ਸੁੰਦਰ ਫੁਰਮਾਨ ਹੈ :-

'ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥'
'ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥'

ਇਸੇ ਤਰ੍ਹਾਂ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਅਨੰਦ ਕਾਰਜ ਦੁਆਰਾ ਵਿਵਾਹਤ ਜੋੜੇ ਨੂੰ ਨਿਰੋਲ ਗੁਰਸਿੱਖੀ ਸਬੰਧੀ ਭਰਪੂਰ ਸਿੱਖਿਆ ਅਤੇ ਇਕ ਅਕਾਲ ਪੁਰਖ ਉੱਤੇ ਓਟ ਰੱਖਣ ਲਈ ਸ਼ੁਭ ਪ੍ਰੇਰਨਾ ਮਿਲਦੀ ਹੈ। ਇਸੇ ਤਰ੍ਹਾਂ

ਵੇਦੀ ਦੁਆਲੇ ਲਾਵਾਂ ਪ੍ਰਕਰਮਾਂ ਕਰਨ ਲਈ ਕਿਹਾ ਤਾਂ ਆਪ ਜੀ ਨੇ ਸਾਫ ਇਨਕਾਰ ਕਰ ਦਿੱਤਾ। ਗੁੱਸੇ ਵਿਚ ਆ ਕੇ ਤਾਹੀਏਂ ਪੁਰਾਣੀ ਕੰਧ ਦੇ ਨੇੜੇ ਹਜ਼ੂਰ ਨੂੰ ਬਿਠਾਇਆ ਸੀ ਕਿ ਉੱਪਰ ਕੰਧ ਡਿੱਗ ਪਵੇਗੀ ਪਰ ਹਜ਼ੂਰ ਨੇ ਕਿਹਾ, 'ਇਹ ਕੰਧ ਢਹਿਣ ਵਾਲੀ ਨਹੀਂ ਸਗੋਂ ਸਦੀਆਂ ਤੱਕ ਸਾਡੇ ਵਿਆਹ ਦੀ ਯਾਦ ਕਾਇਮ ਰਹੇਗੀ।' ਸਤਿਗੁਰੂ ਜੀ ਨੇ ਅੱਗ ਦੇ ਦੁਆਲੇ ਪ੍ਰਕਰਮਾਂ ਨਹੀਂ ਕੀਤਾਂਆਂ। ਨਾ ਹੀ ਕੋਈ ਸਿੱਖ ਕਿਸੇ ਬੰਦੇ, ਵੇਦੀ ਜਾਂ ਅੱਗ ਦੇ ਦੁਆਲੇ ਕਦੇ ਕੋਈ ਲਾਵਾਂ ਲਵੇ।

ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਆਪਣੇ ਵਿਆਹ ਤੋਂ ਪਹਿਲਾਂ ਸੱਚਖੰਡ ਵਿਚੋਂ ਮੂਲਮੰਤ੍ਰ ਲੈ ਆਏ ਸਨ ਉਹ ਹਾਂ ਧੁਰ ਕੀ ਬਾਣੀ ਮੂਲਮੰਤ੍ਰ ਇਕ ਕਾਗਜ਼ ਤੇ ਲਿਖ ਕੇ ਬੜੇ ਅਦਬ ਤੇ ਸਤਿਕਾਰ ਨਾਲ ਚੌਂਕੀ ਉੱਪਰ ਰੱਖ ਕੇ ਉਸ ਦੇ ਉਦਾਲੇ ਸਾਡੀ ਮਾਤਾ ਸੁਲੱਖਣੀ ਜੀ ਨਾਲ ਪ੍ਰਕਰਮਾਂ ਕੀਤੀਆਂ। ਇਹ ਮਰਯਾਦਾ ਪ੍ਰਪੱਕ ਕੀਤੀ ਕਿ ਗੁਰੂ ਕੀ ਬਾਣੀ ਤੋਂ ਬਿਨਾਂ ਕਿਸੇ ਬੰਦੇ, ਅੱਗ ਜਾਂ ਵੇਦੀ ਦੁਆਲੇ ਪ੍ਰਕਰਮਾਂ ਨਹੀਂ ਕਰਨੀਆਂ।

ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਬਾਣੀ (ਅਨੰਦੁ ਸਾਹਿਬ) ਆਦਿਕ ਪੜ੍ਹ ਕੇ ਅਨੰਦ ਕਾਰਜ ਕਰਨ ਦੀ ਰੀਤੀ ਹੀ ਪ੍ਰਪੱਕ ਕੀਤੀ ਅਤੇ ਆਪਣੇ ਗੁਰਸਿੱਖ ਭਾਈ ਸੱਚਣ ਸੱਚ ਦਾ ਅਨੰਦ ਕਾਰਜ ਵੀ ਇਸੇ ਤਰ੍ਹਾਂ ਕੀਤਾ।

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਜੇਠਾ ਜੀ, ਭਾਈ ਨਿਗਾਹਾ ਜੀ, ਭਾਈ ਸਾਹਲੋ ਜੀ ਆਦਿ ਮੁਖੀ ਮੁਖੀ ਗੁਰਸਿੱਖਾਂ ਨੇ ਬੇਨਤੀ ਕੀਤੀ। ਤਾਂ ਪਵਿੱਤਰ ਗੁਰਬਾਣੀ ਲਾਵਾਂ ਦਾ ਉਚਾਰਨ ਕੀਤਾ ਅਤੇ ਆਪਣੇ ਗੁਰਸਿਖ ਦੀ ਸਪੁਤ੍ਰੀ ਦਾ ਵਿਆਹ ਦੁਖਭੰਜਨੀ ਬੇਰੀ ਕੋਲ ਸਤਿਗੁਰਾਂ ਨੇ ਆਪ ਇਹ ਲਾਵਾਂ ਬਾਣੀ ਪੜ੍ਹ ਕੇ ਕਰਵਾਇਆ।

ਇਸ ਤੋਂ ਉਪਰੰਤ ਛੇਵੇਂ ਪਾਤਸ਼ਾਹ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਪਿੰਡ ਝਬਾਲ ਵਿਖੇ ਇਸੇ ਮਰਯਾਦਾ ਅਨੁਸਾਰ ਹੋਇਆ। ਓਥੇ ਹਰ ਸਾਲ ਸੈਂਕੜੇ ਹੀ ਗੁਰਸਿੱਖਾਂ ਦੇ ਅਨੰਦ ਕਾਰਜ ਹੁਣ ਤੱਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਉਦਾਲੇ ਪ੍ਰਕਰਮਾਂ ਕਰ ਕੇ ਹੀ ਹੁੰਦੇ ਹਨ।

ਬੀਬੀ ਨੇ ਕਦੇ ਵੀ ਘੁੰਡ ਨਹੀਂ ਕੱਢਣਾ। ਪ੍ਰਕਰਮਾਂ ਕਰਨੀਆਂ ਜ਼ਰੂਰੀ ਹਨ।

'ਹਸਤ ਅਮੋਲ ਗੁਰਦੇਵ ਸੇਵ ਸਫਲ ਕੈ,
ਚਰਨ ਅਮੋਲ ਪਰਦਛਨਾ ਕਰਨ ਕੈ॥' (ਕਬਿੱਤ ਸ੍ਵਯੇ ੧੭)

ਫੇਰ ਗ੍ਰੰਥੀ ਸਿੰਘ ਦੂਜੀ ਲਾਵ ਦਾ ਪਾਠ ਕਰੇ ਅਤੇ ਜਦ ਰਾਗੀ ਸਿੰਘ ਉਸੇ ਲਾਵ ਦਾ ਹੀ ਕੀਰਤਨ ਕਰਨ ਤਾਂ ਭੁਝੰਗੀ ਭੁਝੰਗਣ ਪਹਿਲਾਂ ਵਾਂਗ ਪ੍ਰਕਰਮਾਂ ਕਰ ਕੇ ਮੱਥਾ ਟੇਕ ਕੇ ਸਤਿਗੁਰੂ ਜੀ ਦੇ ਸਨਮੁਖ ਸਜਣ। ਇਸੇ ਪ੍ਰਕਾਰ ਹੀ ਤੀਜੀ ਅਤੇ ਚੌਥੀ ਲਾਵ ਦਾ ਪਾਠ ਤੇ ਕੀਰਤਨ ਕਰਦੇ ਹੋਏ ਪ੍ਰਕਰਮਾਂ ਕਰਨੀਆਂ ਹਨ-ਹਰ ਲਾਵ ਦੇ ਪਾਠ ਪਿਛੋਂ ਗ੍ਰੰਥੀ ਸਿੰਘ ਗੁਰੂ ਮਹਾਰਾਜ ਜੀ ਦੇ ਉੱਪਰ ਅਦਬ ਸਹਿਤ ਰਮਾਲਾ ਪਾ ਦੇਵੇ।

ਪ੍ਰਕਰਮਾਂ ਕਰਨ ਵੇਲੇਗ੍ਰੰਥੀ ਸਿੰਘ ਨੂੰ ਵਿਚੋਂ ਨਹੀਂ ਉਠਾਉਣਾ। ਅਗਿਆਨੀ ਲੋਕ ਇਹ ਨਹੀਂ ਸਮਝਦੇ ਕਿ ਗ੍ਰੰਥੀ ਸਿੰਘ ਤਾਂ ਮਹਾਰਾਜ ਜੀ ਦਾ ਵਜ਼ੀਰ ਹੁੰਦਾ ਹੈ। ਲੜਕੀ ਉਸ ਨਾਲ ਕਿਸੇ ਤਰ੍ਹਾਂ ਵੀ ਨਹੀਂ ਵਿਆਹੀ ਜਾ ਸਕਦੀ ਕਿਉਂਕਿ ਉਹ ਮੰਗਣੇ ਸਮੇਂ ਜਿਸ ਵਿਅਕਤੀ ਨਾਲ ਮੰਗੀ ਗਈ ਸੀ ਅਤੇ ਲਾਵਾਂ ਤੋਂ ਪਹਿਲਾਂ ਪੱਲਾ ਫੜਨ ਵੇਲੇ ਉਹ ਉਸੇ ਹੀ ਵਿਅਕਤੀ ਨਾਲ ਬਚਨ-ਬੱਧ ਹੋ ਚੁੱਕੀ ਹੁੰਦੀ ਹੈ ਕਿ ਹੇ ਪਤੀ! ਤੇਰੇ ਪੱਲੇ (ਲੜ) ਲੱਗੀ ਹਾਂ। ਅਰਦਾਸ ਵੀ ਉਸੇ ਨਾਲ ਵਿਆਹੁਣ ਦੀ ਹੁੰਦੀ ਹੈ ਤਾਂ ਫਿਰ ਗ੍ਰੰਥੀ ਸਿੰਘ ਨਾਲ ਕਿਵੇਂ ਵਿਆਹੀ ਜਾਵੇਗੀ? 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਹੀ ਪ੍ਰਕਰਮਾਂ ਸੁਭਾਗ ਜੋੜੀ ਨੇ ਕਰਨੀਆਂ ਹਨ। ਕਿਸੇ ਮਨੁੱਖ ਜਾਂ ਅੱਗ ਦੀ ਵੇਦੀ ਉਦਾਲੇ ਨਹੀਂ। ਕਈ ਬੈਠਿਆਂ ਹੀ ਅਨੰਦ ਕਾਰਜ ਕਰਨ ਦੀ ਮਨਮੱਤ ਕਰਦੇ ਹਨ। ਇਹ ਭੁੱਲ ਕੇ ਵੀ ਨਹੀਂ ਕਰਨੀ। ਸਤਿਗੁਰੂ ਜੀ ਦੀਆਂ ਪ੍ਰਕਰਮਾਂ ਕਰਨ ਦਾ ਭਾਵ ਹੈ ਕਿ ਅਸੀਂ ਆਪਣੀ ਤਨ ਮਨ ਧਨ ਸਭ ਕੁਝ ਹਜ਼ੂਰ ਤੋਂ ਕੁਰਬਾਨ ਕਰਦੇ ਹਾਂ। ਆਪ ਜੀ ਸਾਖੀ ਬਣੋ। ਲੋਕ ਪ੍ਰਲੋਕ ਵਿਚ ਆਪ ਸਹਾਇਕ ਹੋਵੋ। ਅਸੀਂ ਮਨ ਬਾਣੀ ਸਰੀਰ ਕਰ ਕੇ ਤੁਹਾਡੇ ਦਾਸ ਹਾਂ। ਸੋ ਜੇ ਵਿਆਹ ਵਰਗੇ ਖ਼ੁਸ਼ੀ ਦੇ ਸਮੇਂ ਤੇ ਪ੍ਰਕਰਮਾਂ ਨਹੀਂ ਕਰਨੀਆਂ ਤਾਂ ਹੋਰ ਕਦੋਂ ਕਰਨੀਆਂ ਹਨ।

ਲਾਵਾਂ ਦਾ ਮਹਾਤਮ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਬ੍ਰਾਹਮਣੀ ਸਮਾਜ ਦੀ ਇਹ ਰਵਾਇਤ ਸੀ ਕਿ ਉਹ ਜੋੜੇ ਦਾ ਵਿਆਹ ਵੇਦੀ ਦੁਆਲੇ ਕਰਿਆ ਕਰਦੇ ਸਨ ਪਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਆਹ ਸਮੇਂ ਪੰਡਿਤ ਨੇ

ਤਾਇਆ, ਭਰਾ) ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਏ ਅਤੇ ਰਾਗੀ ਸਿੰਘ ਇਸ ਸ਼ਬਦ ਦਾ ਕੀਰਤਨ ਕਰਨ :-

'ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵੰਞਾਈ ਛੋਡਿਆ ਹਭੁ ਕਿਸੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥' (੯੬੩)

ਇਸ ਵਿਚ ਬੀਬੀ ਵਲੋਂ ਆਪਣੇ ਪਤੀ ਨਾਲ ਪ੍ਰਤੱਗਿਆ (ਪ੍ਰਣ) ਹੈ ਕਿ ਹੇ ਪਤੀ ਜੀ ! ਜੇ ਤੁਸੀਂ ਮੈਨੂੰ ਆਪਣੇ ਲੜ ਲਾਉਂਦੇ ਹੋ, ਮੇਰੀ ਬਾਂਹ ਫੜਦੇ ਹੋ, ਮੈਨੂੰ ਆਪਣੀ ਸੇਵਕਣ ਬਣਾਉਂਦੇ ਹੋ ਤਾਂ ਮੈਂ ਸਤਿਗੁਰਾਂ ਦੇ ਸਨਮੁਖ ਇਹ ਬਚਨ (ਪ੍ਰਣ) ਕਰਦੀ ਹਾਂ ਕਿ ਜੀਵਨ ਦੀ ਹਰ ਔਖੀ ਤੇ ਸੌਖੀ ਘੜੀ ਵਿਚ ਤੁਹਾਡਾ ਸਾਥ ਨਿਭਾਵਾਂਗੀ। ਇਸ ਬਚਨ ਦੀ :-

'ਰੂਖੋ ਰੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਪਿ ਵਿਹਾਤ ॥'(੧੩੦੬)

ਪਾਲਣਾ ਕਰਦੀ ਹੋਈ ਪਤੀ-ਬ੍ਰਤਾ ਧਰਮ ਵਿਚ ਰਹਿ ਕੇ ਜੀਵਨ ਭਰ ਇਕ ਵਜ਼ੀਰ ਤਰ੍ਹਾਂ ਸਾਥ ਨਿਭਾਵਾਂਗੀ। ਉਪਰੰਤ ਇਸ ਸ਼ਬਦ ਦਾ ਕੀਰਤਨ ਹੋਵੇ:-

'ਜੇ ਕਰੁ ਗਹਹਿ ਪਿਆਰੜੇ ਤਧ ਨ ਛੋਡਾ ਮੂਲਿ ॥
ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥' (੩੨੨)

ਇਸ ਵਿਚ ਪਤੀ ਵਲੋਂ ਬਚਨ ਹੈ ਕਿ ਹੇ ਪ੍ਰੀਤਮਾਂ (ਸੁਪਤਨੀ) ! ਜੇ ਤੂੰ ਮੇਰੇ ਲੜ ਲੱਗੀ ਹੈਂ ਮੈਂ ਤੈਨੂੰ ਆਪਣੀ ਜੀਵਨ-ਸਾਥਣ ਸਮਝ ਕੇ ਜ਼ਿੰਦਗੀ ਦੇ ਹਰ ਪੜਾਅ ਵਿਚ ਤੇਰੀ ਸਲਾਹ ਲਵਾਂਗਾ। ਉਮਰ ਭਰ ਤੇਰਾ ਪ੍ਰੇਮ ਨਿਭਾਉਂਦਾ ਹੋਇਆ ਮਤਿਕਾਰ ਕਰਾਂਗਾ। ਜੇ ਤੈਨੂੰ ਬੇਦਸ਼ੀ ਨੂੰ ਛਡਾਂ ਤਾਂ ਨਰਕਾਂ ਦੇ ਘੋਰ ਦੁੱਖਾਂ ਵਿਚ ਪਵਾਂ। ਇਸ ਪ੍ਰਕਾਰ ਇਹ ਪ੍ਰਣ ਪਤੀ ਤੇ ਸਤੀ ਵਲੋਂ ਧਰਮ ਦੇ ਖੇਤਰ ਵਿਚ ਇਕ ਦੂਜੇ ਪ੍ਰਤੀ ਸੁਹਿਰਦ ਜ਼ਿੰਦਗੀ ਜਿਉਣ ਦੇ ਹੁੰਦੇ ਹਨ (ਕਰਵਾਏ ਜਾਂਦੇ ਹਨ)।

ਪਾਠ ਤੇ ਪ੍ਰਕਰਮਾਂ

ਉਪਰੰਤ 'ਸੂਹੀ ਮਹਲਾ ੪ ॥ ਹਰਿ ਪਹਿਲੜੀ ਲਾਵ' (੭੭੩) ਪਹਿਲਾਂ ਇਕ ਪਉੜੀ ਦਾ ਪਾਠ ਗ੍ਰੰਥੀ ਸਿੰਘ ਕਰੇ ਅਤੇ ਜੋੜੀ ਬੈਠੀ ਹੀ ਸੁਣੇ। ਉਪਰੰਤ ਮਹਾਰਾਜ ਜੀ ਤੇ ਰੁਮਾਲਾ ਪਾ ਕੇ ਪਹਿਲੀ ਲਾਵ ਦਾ ਕੀਰਤਨ ਰਾਗੀ ਸਿੰਘ ਕਰਨ ਤੇ ਜੋੜੀ ਸਹਜੇ-ਸਹਜੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਪ੍ਰਕਰਮਾਂ (ਸਤਿਗੁਰੂ ਜੀ ਨੂੰ ਸੱਜੇ ਹੱਥ ਰੱਖ ਕੇ) ਕਰਨ ਅਤੇ ਮੱਥਾ ਟੇਕ ਕੇ ਬੈਠ ਜਾਣ। ਪ੍ਰਕਰਮਾਂ ਬੀਬੀ ਆਪਣੇ ਆਪ ਕਰੇ, ਕਿਸੇ ਪਕੜਨਾ ਨਹੀਂ,

ਕਰਨਾ ਹੈ। ਜੇ ਅੰਮ੍ਰਿਤਧਾਰੀ ਢਾਡੀ ਜਾਂ ਕਵੀਸ਼ਰ ਸਿੰਘ ਨਾਲ ਹੋਣ ਤਾਂ ਬਹੁਤ ਚੰਗੀ ਗੱਲ ਹੈ, ਉਹ ਗੁਰੂ ਕਾ ਜਸ ਕਰਨ।

ਅਨੰਦ ਕਾਰਜ ਦੀ ਰਸਮ

ਭਾਵੇਂ ਖੁੱਲ੍ਹਾ ਚੌੜਾ ਵੱਡਾ ਵੀ ਘਰ ਕਿਉਂ ਨ ਹੋਵੇ, ਮਰਯਾਦਾ ਅਨੁਸਾਰ ਅਨੰਦ ਕਾਰਜ ਗੁਰਦੁਆਰੇ ਸਾਹਿਬ ਹੀ ਹੋਣਾ ਚਾਹੀਦਾ ਹੈ।

'ਗੁਰੂਦੁਆਰੈ ਹਮਰਾ ਵੀਆਹੁ ਜਿ ਹੋਆ
ਜਾਂ ਸਹੁ ਮਿਲਿਆ ਤਾਂ ਜਾਨਿਆ॥' (੩੫੧)

ਜਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਾ ਪ੍ਰਕਾਸ਼ ਸੁੰਦਰ ਅਸਥਾਨ ਤੇ ਕਰਵਾ ਕੇ 'ਆਸਾ ਦੀ ਵਾਰ' ਦਾ ਸੰਪੂਰਨ ਕੀਰਤਨ ਹੋਵੇ।

'ਹਰਿ ਨਾਮੈ ਕੇ ਹੋਵਹੁ ਜੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥' (੧੧੮੫)

ਦੀ ਗੁਰਮਤਿ ਮਰਯਾਦਾ ਅਨੁਸਾਰ ਜਾਵੀਂ (ਭੁਝੰਗੀ ਵਾਲੇ) ਤੇ ਮਾਵੀਂ (ਭੁਝੰਗਣ ਵਾਲੇ) ਅਦਬ ਸਤਿਕਾਰ ਸਹਿਤ ਗੁਰੂ ਕੀ ਹਜ਼ੂਰੀ ਵਿਚ ਸਜਣ। ਭੁਝੰਗੀ (ਲੜਕਾ) ਸੱਜੇ ਪਾਸੇ ਤੇ ਭੁਝੰਗਣ (ਲੜਕੀ) ਖੱਬੇ ਪਾਸੇ ਸਤਿਗੁਰੂ ਜੀ ਦੇ ਸਨਮੁਖ ਬਿਨਾ ਕਿਸੇ ਉਚੇਚੀ ਵਿਛਾਈ ਦੇ ਬੈਠਣ। ਭੁਝੰਗਣ ਨੇ ਨੰਗੇ ਮੂੰਹ ਅਤੇ ਆਪਣੇ ਆਪ ਘਰੋਂ ਤੁਰ ਕੇ ਆ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਮੱਥਾ ਟੇਕ ਕੇ ਬੈਠਣਾ ਹੈ। ਬਹੁਤ ਹੀ ਚੰਗਾ ਹੋਵੇ ਜੇ ਵਿਆਹ ਵਾਲੇ ਭੁਝੰਗੀ ਭੁਝੰਗਣ ਆਪ ਕੀਰਤਨ ਕਰਨ, ਬੀਬੀ ਪੜ੍ਹੇ 'ਹਮ ਘਰਿ ਸਾਜਣ ਆਏ' ਆਦਿਕ। ਭੁਝੰਗੀ ਅਤੇ ਭੁਝੰਗਣ ਨੂੰ ਹਿੰਦੂ ਮੱਤ ਦੀ ਰੀਤੀ ਅਨੁਸਾਰ ਲਾਲ ਰੰਗ ਦੀ ਤੁਲਾਈ ਜਾਂ ਕਿਸੇ ਉਚੇਚੇ ਆਸਣ ਤੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਬਿਠਾਉਣਾ ਮਨਮਤ ਹੈ।

'ਪਉੜੀ॥ ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥
ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥
ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥
ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭ ਲਾਖੀਐ॥' (੯੧)

ਦਾ ਸ਼ਬਦ ਕੀਰਤਨ ਕਰਨਾ ਹੈ। ਲੜਕਾ ਲੜਕੀ ਅਤੇ ਉਹਨਾਂ ਦੋਹਾਂ ਦੇ ਪਿਤਾ ਨੂੰ ਖੜੇ ਕਰਕੇ ਅਨੰਦ ਕਾਰਜ ਅਰੰਭ ਕਰਨ ਦੀ ਗੁਪਤ ਅਰਦਾਸ ਕਰਨੀ ਹੈ। ਸ੍ਰੀ ਮੁਖ ਵਾਕ ਸੁਣ ਕੇ ਲੜਕੀ ਦਾ ਪਿਤਾ (ਮਾਮਾ, ਚਾਚਾ,

ਆਦਿਕ ਸ਼ਬਦਾਂ ਦਾ ਕੀਰਤਨ ਕੀਤਾ ਜਾਵੇ। ਪੰਜਾਂ ਕਕਾਰਾਂ ਦੀ ਰਹਿਤ ਦੀ ਧਾਰਨੀ ਬੀਬੀ ਨੇ ਕਿਸੇ ਕਿਸਮ ਦੇ ਗਹਿਣੇ, ਵੰਗਾਂ ਆਦਿਕ ਨਹੀਂ ਪਹਿਰਨੇ। ਕੰਨ ਤੇ ਨੱਕ ਵਿੰਨ੍ਹਣੇ ਗੁਰੂ ਘਰ ਵਿਚ ਮਨ੍ਹਾ ਹੈ।

'ਬੀਧੇ ਕਾਨ ਨ ਨਾਕ ਕੋ, ਸਤਿਗੁਰ ਕੀ ਮ੍ਰਿਜਾਦ।'

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਜੰਞ ਦਾ ਢੁਕਾਉ

ਲੜਕੇ ਵਾਲੇ 'ਆਸਾ ਦੀ ਵਾਰ' ਦਾ ਕੀਰਤਨ ਅਤੇ ਪਾਠ ਦਾ ਭੋਗ ਪਾ ਕੇ ਜੰਞ ਦੀ ਤਿਆਰੀ ਕਰ ਕੇ, ਅਰਦਾਸ ਕਰ ਕੇ ਚੜ੍ਹਨ। ਜੰਞ ਵਿਚ ਸਿਆਣੇ ਗੁਰਮੁਖ ਅੰਮ੍ਰਿਤਧਾਰੀ ਸਿੰਘ ਹੋਣ. ਜੰਞ ਬਹੁਤੀ ਜ਼ਿਆਦਾ ਨਾ ਹੋਵੇ। ਗੰਦੇ ਰੀਕਾਰਡ, ਵੇਸਵਾ ਨਚੋਣਾ, ਭੰਗੜਾ ਪੌਣਾ, ਨੱਚਣਾ, ਟੱਪਣਾ ਮਨ੍ਹਾ ਹੈ। ਵਾਗਾਂ ਗੁੰਦਣੀਆਂ, ਤੇਲ ਚੜ੍ਹਾਉਣਾ, ਸਿਹਰੇ ਬੰਨ੍ਹਣੇ, ਖਾਰੇ ਨਹੋਣਾ, ਚੱਪਣੀਆਂ ਭੰਨਣੀਆਂ, ਵਟਣਾ ਮਲਣਾ, ਵਾਰ ਕੇ ਪਾਣੀ ਪੀਣਾ, ਜੰਡੀ ਵੱਢਣੀ, ਕਿਸੇ ਜਠੇਰੇ ਜਾਂ ਪੀਰ ਨੂੰ ਮੱਥਾ ਟੇਕਣਾ ਆਦਿ ਮਨਮਤਾਂ ਨਹੀਂ ਕਰਨੀਆਂ। ਸਮੇਂ ਸਿਰ ਲੜਕੀ ਵਾਲੇ ਘਰ ਪਹੁੰਚ ਕੇ ਸਾਰਿਆਂ ਮਿਲ ਕੇ ਆਪਸੀ ਫ਼ਤਹ ਗਜਾਉਣੀ ਹੈ-ਪੈਸੇ ਆਦਿਕ ਨਹੀਂ ਸੁੱਟਣੇ, ਆਪਸੀ ਨਿਰਵਿਘਨ ਮਿਲਾਪ ਲਈ ਅਰਦਾਸ ਕਰਨੀ ਹੈ। ਗੁਰਬਾਣੀ ਦੇ ਸ਼ਬਦ ਕੀਰਤਨ ਕਰਦਿਆਂ ਪਹੁੰਚਣਾ ਜ਼ਰੂਰੀ ਹੈ, ਗੁਰਸਿੱਖਾਂ ਦੀ ਇਹੁ ਮਿਲਣੀ ਹੈ।

'ਹਮ ਘਰਿ ਸਾਜਨ ਆਏ ॥ (੭੨੪)

ਸ਼ਬਦ ਪੜ੍ਹਦਿਆਂ ਜੰਞ-ਘਰ ਵਿਚ ਪ੍ਰਵੇਸ਼ ਕਰਨਾ ਹੈ। ਸਿਠਣੀਆਂ ਦੇਣੀਆਂ, ਜੰਞ ਬੰਨ੍ਹਣੀ ਆਦਿ ਵਿਵਰਜਤ ਹਨ। ਇਹ ਸਲੋਕ ਪੜ੍ਹ ਕੇ ਭੋਜਨ ਪਾਉਣਾ ਹੈ :

'ਸਲੋਕੁ ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥' (੨੬੯)

'ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ ॥
ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ ॥' (੧੦੯੬)

ਉਪਰੰਤ ਅਰਦਾਸ ਕਰਨੀ। ਜੇ ਰਾਤ ਰਹਿਣਾ ਹੋਵੇ ਤਾਂ ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਉਪਰੰਤ ਗੁਰਬਾਣੀ ਦਾ ਕੀਰਤਨ, ਕਥਾ ਵਾਰਤਾ ਕਰਨੀ ਹੈ। ਅੰਮ੍ਰਿਤ ਵੇਲੇ ਇਸ਼ਨਾਨ 'ਆਸਾ ਦੀ ਵਾਰ' ਦਾ ਕੀਰਤਨ

ਲਿਖਿਆ ਹੈ :-

ਬੈਸਨੋ ਅਨੰਨ ਬ੍ਰਹਮੰਨ ਸਾਲਗ੍ਰਾਮ ਸੇਵਾ,
ਗੀਤਾ ਭਗਵਤ ਸੋਤ੍ਰਾ ਏਕਾਕੀ ਕਹਾਵਈ।
ਤੀਰਥ ਧਰਮ ਦੇਵ ਜਾਤ੍ਰਾ ਪੰਡਿਤ ਪੂਛ,
ਕਰਤ ਗਵਨ ਸੋ ਮਹੂਰਤ ਸੁਗਾਵਹੀ।
ਬਾਹਰ ਨਿਕਸ ਗਰਧਬ ਸ੍ਨਾਨ ਸਗਨਿ ਕੈ,
ਸੰਕਾ ਉਪਰਾਜਿ ਕੈ ਬਹੁਰਿ ਘਰਿ ਆਵਹੀ।
ਪਤਿਬ੍ਰਤਾ ਗਹਿ ਰਹਿ ਸਕਤ ਨ ਏਕਾ ਟੇਕ,
ਦੁਬਿਧਾ ਅਛਿਤ ਨ ਪਰਮਪਦ ਪਾਵਹੀ ॥੪੪੭॥'
(ਕਬਿਤ ਸ੍ਵਯੇ)

ਸਜਾ ਖਬਾ ਸਉਣੁ ਨ ਮੰਨਿ ਵਸਾਇਆ।
ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ।
ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ।
ਦੇਵੀ ਦੇਵ ਨ ਸੇਵ ਨ ਪੂਜ ਕਹਾਇਆ।
ਭੰਭਲ ਭੂਸੇ ਖਾਇ ਨ ਮਨ ਭਰਮਾਇਆ।
ਗੁਰਸਿਖ ਸਚਾ ਖੇਤੁ ਬੀਜ ਫਲਾਇਆ ॥੮॥' (ਵਾਰ ੨੦)

'ਸਉਣ ਸਗੁਨ ਬੀਚਾਰਣੇ ਨਉਂਗ੍ਰਹ ਬਾਹਰ ਰਾਸਿ ਵੀਚਾਰਾ।
ਕਾਮਣ ਟੂਣੇ ਅਉਸੀਆਂ ਕਰਣਸੋਨੀ ਪਾਸਾਰ ਪਾਸਾਰਾ।
ਗੱਦੋਂ ਕੁੱਤੇ ਬਿੱਲੀਆਂ ਇੱਲ ਮਲੱਾਲੀ ਗਿਦੜ ਛਾਰਾ।
ਨਾਰਿ ਪੁਰਖ ਪਾਣੀ ਅਗਨਿ ਛਿੱਕ ਪਦ ਵਿਡਕੀ ਵਰਤਾਰਾ।
ਬਿੱਤ ਵਾਰ ਭੱਦ੍ਰਾਂ ਭਰਮ ਦਿਸਾਸੂਲ ਸਹਿਸਾ ਸੰਸਾਰਾ।
ਵਲਛਲ ਕਰ ਵਿਸਮਾਦ ਲਖ ਬਹੁ ਚੁਖੀਂ ਕਿਉਂ ਭਵੈ ਭਤਾਰਾ।
ਗੁਰਮੁਖ ਸੁਖਫਲ ਪਾਰਉਤਾਰਾ ॥ ੮ ॥' (ਵਾਰ ੫)

ਸਮਰਥਾ ਅਨੁਸਾਰ ਅਨੰਦ ਕਾਰਜ ਤੋਂ ਕੁਝ ਦਿਨ ਪਹਿਲਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਅਖੰਡ ਪਾਠ ਜਾਂ ਸਾਧਾਰਨ ਪਾਠ ਹੋਵੇ। ਲੜਕੇ ਵਾਲੇ ਘਰ ਇਸ ਅਨੰਦ-ਮਈ ਕਾਰਜ ਸਮੇਂ ਵਡਹੰਸ ਮਹਲਾ ੪ ਘੋੜੀਆ 'ਦੇਹ ਤੇਜਨੜੀ ਜੀਅ' ਆਦਿ ਬਾਣੀਆਂ ਦਾ ਕੀਰਤਨ ਹੋਵੇ। ਲੜਕੀ ਵਾਲੇ ਘਰ ਵੀ ਇਸੇ ਤਰ੍ਹਾਂ :-

'ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥' (੫੭੨)

ਕੇਵਲ ਕੜਾਹ ਪ੍ਰਸਾਦਿ ਹੀ ਵਰਤਾਉਣਾ ਹੈ। ਉਪਰੰਤ ਛੁਹਾਰਾ ਖਾਣਾ, ਤਿਲਕ ਲਾਉਣਾ, ਗੰਦੇ ਗੀਤ ਗਾਉਣੇ, ਸਿਠਣੀਆਂ ਦੇਣੀਆਂ, ਗੰਦੇ ਰੀਕਾਰਡ ਜਾਂ ਗਾਣੇ ਲਾਉਣੇ ਆਦਿ ਸਭ ਮਨ੍ਹਾ ਹੈ। ਇਹੋ ਜਿਹੇ ਸੁਭਾਗੇ ਸਮੇਂ ਸ਼ਰਾਬ ਪੀਣੀ ਤੇ ਜੀਵ-ਘਾਤ ਆਦਿ ਪਾਪ ਨਹੀਂ ਕਰਨਾ ਚਾਹੀਦਾ।

ਅਨੰਦ ਕਾਰਜ ਜਾਂ ਵਿਵਾਹ

ਵਿਵਾਹ ਸ਼ਬਦ ਦੇ ਅਰਥ ਇਸ ਪ੍ਰਕਾਰ ਹਨ : 'ਵਿ' ਨਾਮ ਹੈ ਪੂਰਬ, ਪਹਿਲਾਂ ਦਾ 'ਵਾਹ' ਨਾਮ ਹੈ ਪ੍ਰਾਪਤੀ ਦਾ ਭਾਵ ਇਸਤ੍ਰੀ ਤੇ ਪਤੀ ਦਾ ਪਹਿਲੀ ਵਾਰ ਇਕ ਦੂਜੇ ਨੂੰ ਪ੍ਰਾਪਤ ਹੋਣਾ (ਮਿਲਣਾ)। ਵਿਵਾਹ ਨੂੰ ਅਨੰਦ ਕਾਰਜ ਵੀ ਕਿਹਾ ਜਾਂਦਾ ਹੈ। 'ਅਨੰਦ' ਖੁਸ਼ੀ ਦਾ ਨਾਮ ਹੈ ਅਰਥਾਤ ਉਹ ਬੇਅੰਤ ਖੁਸ਼ੀ ਜਿਸ ਵਿਚ ਦੋ ਵਿਭੰਨ ਰੂਹਾਂ ('ਅਨੰਦ'='ਦ' ਦ੍ਵੈਤ ਤੋਂ 'ਅਨ' ਰਹਿਤ ਹੋ ਕੇ) :-

'ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥' (੪੩੯)

ਦੋ ਮਿਲਾਪ ਵਿਚ ਮਿਲਦੀਆਂ ਹਨ। ਇਸ ਦਫੈਰ-ਰਹਿਤ ਪ੍ਰਾਪਤੀ ਦੇ ਮਿਲਾਪ ਦਾ ਨਾਮ ਹੀ ਅਨੰਦ ਕਾਰਜ ਕਹਾਉਂਦਾ ਹੈ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥' (੭੮੮)

ਜਿਸ ਸਮੇਂ ਲੜਕੀ ਅਤੇ ਲੜਕਾ ਗ੍ਰਹਿਸਤ ਵਿਚ ਪ੍ਰਵੇਸ਼ ਕਰਨ ਯੋਗ ਹੋ ਜਾਣ ਤਾਂ ਦੋਹਾਂ ਪਾਸਿਆਂ ਦੇ ਸਬੰਧੀਆਂ ਨੂੰ ਗੁਰਮਤਾ ਕਰਕੇ ਬਿਨਾਂ ਕਿਸੇ ਜੋਤਸ਼, ਪੱਤ੍ਰੀ, ਲਗਨ, ਸਗਨ ਦੀ ਵੀਚਾਰ ਕਰਨ ਦੇ ਕੋਈ ਯੋਗ ਦਿਨ ਜੋ ਦੋਹਾਂ ਸਬੰਧੀਆਂ ਨੂੰ ਠੀਕ ਜਚੇ, ਉਹ ਨਿਯਤ ਕਰ ਲੈਣਾ ਚਾਹੀਦਾ ਹੈ।

'ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥' (੯੦੪)
'ਸਗਨ ਅਪਸਗਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥' (੪੦੧)

ਅਰਦਾਸ ਕਰਕੇ ਸ੍ਰੀ ਮੁਖ ਵਾਕ ੴ ਲੈ ਕੇ ਸਾਹੇ ਦੀ ਚਿੱਠੀ ਲਿਖਣੀ ਚਾਹੀਦੀ ਹੈ। ਚਿੱਠੀ ਦਾ ਸਿਰਲੇਖ '੧ ਓ ਸਤਿਗੁਰ ਪ੍ਰਸਾਦਿ' ਹੋਵੇ। ਜਿਸ ਕਰਕੇ ਸਾਰੇ ਸਿਆਣ ਦੂਰ ਤੇ ਸਾਰੇ ਕਾਰਜ ਰਾਸ ਹੋਣ।

ਭਾਈ ਗੁਰਦਾਸ ਜੀ ਨੇ ਵੀ ਥਿੱਤ, ਵਾਰ ਜਾਂ ਕੱਤੇ, ਪੋਹ, ਚੇਤ ਦਾ ਮਹੀਨਾ, ਹੋਲੀਆਂ ਅਤੇ ਨਰਾਤੇ ਆਦਿ ਭਰਮਾਂ ਦਾ ਨਿਵਾਰਨ ਕਰਦੇ

ਕੁੜਮਾਈ ਪੁੰਨ ਅਰਥ ਕਰਨੀ ਹੈ ਭਾਵ ਧੀ ਭੈਣ ਦੇ ਪੈਸੇ ਨਹੀਂ ਲੈਣੇ, ਮੁੱਲ ਨਹੀਂ ਵੇਚਣੀ, ਗੁਰੂ ਕਾ ਹੁਕਮ ਹੈ।

'ਗੁਰੂ ਕਾ ਸਿਖ ਸਾਕ ਸਿਖ ਨਾਲ ਕਰੈ। ਦੇਣ ਲੈਣ ਦਾ ਲਾਲਚ ਨ ਕਰੈ।
ਹਾਣੂ ਦੇਖੈ, ਹੱਡ ਸੁੱਚਾ ਦੇਖੇ। ਮੱਥੇ ਨਾਲ ਮੱਥਾ ਮਿਲਦਾ ਦੇਖ ਲਏ।'

'ਮੂਲ ਜਾਣ ਗਲਾਂ ਕਰੈ, ਹਾਣ ਲਏ ਹਾਣ।'

'ਗੁਰੂ ਕਾ ਸਿਖ ਗਰੀਬ ਸਿਖ ਨਾਲ ਨਾਤਾ ਕਰੈ। ਗੁਰੂ ਨਾਲਿ ਗੰਢ ਪਾਉਂਦਾ ਹੈ।'

(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

ਇਸ ਪ੍ਰਕਾਰ ਧਾਰਮਿਕ ਰਹਿਤ ਬਹਿਤ ਤੋਂ ਇਲਾਵਾ ਲੜਕੀ ਤੇ ਲੜਕੇ ਦਾ ਘਰ, ਸਿੱਖਿਆ, ਵਿੱਦਿਆ, ਗੁਣ, ਰੂਪ, ਰੰਗ, ਗੁਰੂ ਤੇ ਇਸ਼ਟ ਦੀ ਏਕਤਾ ਅਤੇ ਸਰਾਸਰਤਾ ਹੋਣੀ ਜ਼ਰੂਰੀ ਹੈ। ਲੜਕੀ ਤੇ ਲੜਕਾ ਅੰਮ੍ਰਿਤਧਾਰੀ, ਰਹਿਤ ਵਾਲੇ, ਵੱਧ ਤੋਂ ਵੱਧ ਬਾਣੀਆਂ ਦੇ ਨਿੱਤਨੇਮੀ ਅਤੇ ਗੁਰ-ਇਤਿਹਾਸ ਤੋਂ ਜਾਣੂ ਹੋਣੇ ਚਾਹੀਦੇ ਹਨ।

ਲੜਕੀ ਦੀ ਉਮਰ ਲੜਕੇ ਨਾਲੋਂ ਲਗ ਪਗ ਚਾਰ ਕੁ ਸਾਲ ਘੱਟ ਹੋਣੀ ਚਾਹੀਦੀ ਹੈ, ਕੁੜਮਾਈ ਵੇਲੇ ਲੜਕੀ ਵਾਲੇ ਪ੍ਰਵਾਰ ਵਲੋਂ ਇਕ ਦਮੜਾ ਅਤੇ ਗਾਤਰੇ ਵਾਲੀ ਇਕ ਕ੍ਰਿਪਾਨ ਭੇਜੀ ਜਾਵੇ। ਭੁਝੰਗੀ ਵਾਲੇ ਘਰ ਵਲੋਂ ਬੀਬੀ ਵਾਸਤੇ ਇਕ ਰੁਪਈਆ, ਕੜਾ, ਕੰਘਾ, ਕ੍ਰਿਪਾਨ ਕੁੜਮਾਈ ਵਾਸਤੇ ਭੇਜੇ ਜਾਣ। ਮੰਗਣੀ ਵੇਲੇ ਲੜਕੇ ਵਾਲੇ ਯਥਾ ਸ਼ਕਤ ਅਖੰਡ ਪਾਠ ਜਾਂ ਸਾਧਾਰਨ ਪਾਠ ਕਰਵਾ ਕੇ, ਕੜਾਹ ਪ੍ਰਸ਼ਾਦਿ ਦੀ ਦੇਗ ਕਰਵਾ ਕੇ, ਗੁਰਬਾਣੀ ਦਾ ਕੀਰਤਨ ਕਰਵਾਉਣ, ਉਚਾਰਣ :-

'ਰਾਗ ਸੂਹੀ ਮਹਲਾ ੪ ਛੰਤ ਘਰੁ ੧ ੧ ੴ ਸਤਿਗੁਰ ਪ੍ਰਸਾਦਿ ॥
ਸਤਿਗੁਰੁ ਪੁਰਖੁ ਮਿਲਾਇ ਅਵਗੁਣ ਵਿਕਣਾ
ਗੁਣ ਰਵਾ ਬਲਿਰਾਮ ਜੀਉ ॥' (੭੭੨)

'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥' (੯੧)

ਆਦਿ ਸ਼ਬਦ ਪੜ੍ਹ ਕੇ ਅਰਦਾਸ ਕਰਕੇ, ਸ੍ਰੀ ਮੁਖ ਵਾਕ ਸੁਣ ਕੇ ਭੁਝੰਗੀ ਦੀ ਝੋਲੀ ਵਿਚ ਇਕ ਰੁਪਈਆ ਤੇ ਗਾਤਰੇ ਵਾਲੀ ਕ੍ਰਿਪਾਨ ਪਾਉਣ, ਨਾਲ ਇਸ ਸ਼ਬਦ ਦਾ ਕੀਰਤਨ ਹੋਵੇ :-

'ਸੇ ਸੰਜੋਗ ਕਰਹੁ ਮੇਰੇ ਪਿਆਰਾ ॥
ਜਿਤੁ ਰਸਨਾ ਹਰਿ ਨਾਮੁ ਉਚਾਰੇ ॥' (੭੪੩)

ਇਹਨਾਂ (ਬ੍ਰਾਹਮਣਾਂ ਤੇ ਨਾਈਆਂ) ਦੇ ਵਿਹਾਰ ਵਿਚ ਗਿਰਾਵਟ ਆ ਜਾਣ ਕਾਰਨ ਲੋਕਾਂ ਇਹ ਸੁਭ ਕਾਰਜ ਆਪ ਹੀ ਕਰਨੇ ਅਰੰਭ ਦਿੱਤੇ ਜੋ ਕਿ ਗੁਰਮਤਿ ਅਨੁਸਾਰ ਹੋਣੇ ਚਾਹੀਦੇ ਹਨ।

ਅੱਜ ਕੱਲ੍ਹ ਕਈ ਲੋਕ ਗੁਰਮਤਿ ਦੇ ਨਿਯਮਾਂ ਨੂੰ ਛੱਡ ਕੇ ਆਪ-ਹੁਦਰੇ ਤਰੀਕਿਆਂ ਰਾਹੀਂ ਇਹ ਕਾਰਜ ਕਰਨ ਲੱਗ ਪਏ ਹਨ। ਕਈ ਸਿੱਖ ਪੈਸਿਆਂ ਦੇ ਲਾਲਚ ਵਿਚ ਫਸ ਕੇ ਬੇ-ਅੰਮ੍ਰਿਤੀਏ ਲੜਕੇ ਨੂੰ ਵੀ ਰਿਸ਼ਤਾ ਕਰਨੋਂ ਨਹੀਂ ਰੁਕਦੇ, ਇਹ ਯੋਗ ਨਹੀਂ। ਆਪਸੀ ਸੰਬੰਧਾਂ ਦਾ ਆਧਾਰ ਧਰਮ ਤੇ ਗੁਣ ਹੋਣੇ ਚਾਹੀਦੇ ਹਨ। ਪੈਸੇ, ਪਦਾਰਥ ਤੇ ਧਨ ਦਾ ਲੋਭ ਨਹੀਂ ਹੋਣਾ ਚਾਹੀਦਾ। ਗੁਰਮਤਿ ਅਨੁਸਾਰ ਹੁਕਮ ਹੈ ਕਿ ਦੇਵੇਂ ਭੁਝੰਗੀ ਤੇ ਭੁਝੰਗਣ ਜ਼ਰੂਰ ਅੰਮ੍ਰਿਤਧਾਰੀ ਹੋਣ।

'ਕੰਨਿਆ ਦੇਵੈ ਸਿਖ ਕੋ ਲੇਵੈ ਨਹਿ ਕਿਛੁ ਦਾਮ।
ਸੋਈ ਮੇਰਾ ਸਿਖ ਹੈ ਪਹੁਚੈ ਗੁਰ ਕੇ ਧਾਮ।'
(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

'ਗੁਰੂ ਸਿਖ ਕਾ ਖਾਈਐ ਕੰਨਯਾ ਘਰ ਸਿਖ ਸੋਧ।'
ਅਲ ਹਿਣ ਹਿਤ ਕਰ ਵੇਦ ਵਿਧਿ, ਹੋਵਹਿ ਚਿਤ ਪ੍ਰਬੋਧ।'
(ਮੁਕਤਨਾਮਾ ਭਾਈ ਸਾਹਿਬ ਸਿੰਘ ਜੀ)

'ਦੋਹਰਾ॥ ਸਿਖ ਕੋ ਸਿਖ ਪੁਤਰੀ ਦਈ ਸੁਧਾ 'ਸੁਧਾ' ਮਿਲ ਜਾਏ।
ਦਈ ਭਾਦਨੀ ਕੋ ਸੁਤਾ ਅਹਿ ਮੁਖ ਅਮੀ ਚੁਆਏ।'
(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਮੋਨੇ ਨੂੰ ਪੁੱਤਰੀ ਦੇਣੀ ਸੱਪ ਦੇ ਮੂੰਹ ਵਿਚ ਅੰਮ੍ਰਿਤ ਚੋਣ ਦੀ ਨਿਆਈਂ ਹੈ।

'ਬਿਨਾ ਸਿੰਘ ਸਿੰਘ ਦਏ ਸੁਤਾ*, ਅਜਾਤ† ਕਸਾਈ ਸਾਕ।
ਜਮ ਕੰਕਰ ਸੋ ਸਿਖ ਹੈ, ਜਨਮ ਹੋਤ ਸਤ ਕਾਕ‡।'
(ਰਹਿਤਨਾਮਾ ਭਾਈ ਦਯਾ ਸਿੰਘ ਜੀ)

'ਜਿਸਕੋ ਕੁੜਮਾਈ ਕੋਈ ਨ ਕਰੈ, ਤਿਸ ਕੋ
ਪੁਨ ਅਰਥ ਲੋਚਿ ਕਰਿ ਆਪੈ ਕਰੈ।੩।
ਮਨਮੁਖਿ ਤੇ ਜਿਉਂ ਸਿਖ ਹੋਵੈ, ਤਿਉ ਲੋਚਿ
ਕਰਿ ਸਿਖੁ ਕਰੈ ਜੀਉ ਦਾਨ ਏਹੋ ਹੈ।੪।
(ਪ੍ਰਾਚੀਨ ਥੀਤਾਂ ਸ: ਜੀ: ਖੀ: ਮਿੰਘ, ਪੰਨਾ ੩੭੩)

---

*ਪੁੱਤਰੀ †ਬੱਕਰੀ ‡ਕਾਂ।

ਹੋਇਆ ਚਾਵਲ ਨਿਰਵਿਘਨ ਰਹਿੰਦਾ ਹੈ, ਘੁਣ ਨਹੀਂ ਲੱਗਦਾ, ਬਹੁਤ ਚਿਰ ਤੱਕ ਰੱਖਿਆ ਰਹਿੰਦਾ ਹੈ, ਖਰਾਬ ਨਹੀਂ ਹੁੰਦਾ ਪਰ ਛਿਲਕਿਆਂ ਵਿਚੋਂ ਨਿਕਲ ਕੇ ਚਾਵਲ (ਭਗਨ) ਟੋਟੇ ਟੋਟੇ ਹੋ ਜਾਂਦਾ ਹੈ, ਬਦਸ਼ਕਲ ਹੋ ਜਾਂਦਾ ਹੈ, ਸ੍ਵਾਦ ਵਿਚ ਫਰਕ ਪੈ ਜਾਂਦਾ ਹੈ।

'ਜੈਸੇ ਮੱਛ ਕੱਛ ਬਗ ਹੰਸ ਮੁਕਤਾ ਪਖਾਨ,
ਅੰਮ੍ਰਿਤ ਵਿਖੈ ਪ੍ਰਗਾਸ ਉਦਧਿ ਮੈਂ ਜਾਨੀਐ ॥
ਜੈਸੇ ਤਾਰੇ ਤਾਰੀ ਅਉਆਰਸੀ ਸਨਾਹ ਸ਼ਸਤ੍ਰ,
ਏਕ ਸੈ ਅਨੇਕ ਲੋਹ ਰਚਨਾ ਬਖਾਨੀਐ ॥
ਭਾਂਜਨ ਬਿਬਿਧਿ ਜੈਸੇ ਹੋਤ ਏਕ ਮ੍ਰਿਤਕਾ ਸੈ,
ਖੀਰ ਨੀਰ ਬਿੰਜਣਾਦਿ ਅਉਖਧਿ ਸਮਾਨੀਐ ॥
ਤੈਸੇ ਬਹੁ ਦਰਸਨ ਬਰਨ ਆਸ੍ਰਮ ਧਰਮ,
ਸਕਲ ਗ੍ਰਿਹਸਤਿ ਕੀ ਸਾਖਾ ਉਨਮਾਨੀਐ ॥੩੭੫॥'
'ਮਨ ਬਚ ਕ੍ਰਮ ਕੋ ਪਤਿਬ੍ਰਤਾ ਕਰੈ ਜਉ ਨਾਰਿ,
ਤਾਹਿ ਮਨ ਬਚ ਕ੍ਰਮ ਚਾਹਤ ਭਤਾਰ ਹੈ ॥
ਅਭਰਨ ਸ਼ਿੰਗਾਰ ਚਾਰ ਸਿਹਜਾ ਸੰਜੋਗ ਭੋਗ,
ਸਕਲ ਕੁਟੰਬ ਹੀ ਮੈ ਤਾ ਕੋ ਜੈ ਜੈ ਕਾਰ ਹੈ ॥
ਸਹਜ ਆਨੰਦ ਸੁਖ ਮੰਗਲ ਸੁਹਾਗ ਭਾਗ,
ਸੁੰਦਰ ਮੰਦਰ ਛਬਿ ਸੋਭਤ ਸੁਚਾਰ ਹੈ ॥
ਸਤਿਗੁਰ ਸਿਖਨ ਕਉ ਰਾਖਤ ਗ੍ਰਿਸਤ ਮੈਂ,
ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ ਹੈ ॥੪੮੦॥'
(ਕਬਿੱਤ ਸ੍ਵਯੇ)

ਮੰਗਣਾ ਜਾਂ ਕੁੜਮਾਈ

ਮੰਗਣਾ ਜਾਂ ਕੁੜਮਾਈ ਦੀ ਰਸਮ ਨੂੰ ਵੱਖ ਵੱਖ ਇਲਾਕਿਆਂ ਵਿਚ ਵੱਖ ਵੱਖ ਨਾਵਾਂ ਨਾਲ ਉਚਾਰਿਆ ਜਾਂਦਾ ਹੈ-ਜਿਵੇਂ ਕੁੜਮਾਈ ਕਰਨੀ; ਛੁਹਾਰਾ ਪਾਉਣਾ, ਸਗਨ ਪਾਉਣਾ, ਸਗਾਈ ਕਰਨੀ, ਠਾਕਾ ਕਰਨਾ ਆਦਿ। ਮੰਗਣਾ ਗ੍ਰਿਹਸਤ ਧਰਮ ਵਿਚ ਪ੍ਰਵੇਸ਼ ਹੋਣ ਦਾ ਅਰੰਭ ਹੈ। ਭੁਝੰਗੀ ਤੇ ਭੁਝੰਗਣ ਦੀ ਅਤੇ ਉਨ੍ਹਾਂ ਦੇ ਦੋਹਾਂ ਪ੍ਰਵਾਰਾਂ ਦੀ ਆਪਸੀ ਸਾਂਝ ਪੈਂਦੀ ਹੈ। ਪੁਰਾਤਨ ਕਾਲ ਵਿਚ ਬ੍ਰਾਹਮਣ ਜਾਂ ਰਾਜੇ (ਨਾਈ) ਜਾ ਕੇ ਯੋਗਤਾ ਤੇ ਵਿਤ ਅਨੁਸਾਰ ਲੜਕੀ ਅਤੇ ਲੜਕੇ ਦੀ ਮੰਗਣੀ ਕਰਦੇ ਸਨ। ਸਮੇਂ ਦੇ ਬੀਤਣ ਨਾਲ

ਪੈਗੰਬਰ ਆਦਿ ਦੁਨੀਆਂ ਦੇ ਪ੍ਰਸਿੱਧ ਮਹਾਂ ਪੁਰਖ ਵੀ ਗ੍ਰਿਹਸਤੀ ਹੋਏ ਹਨ।

ਗ੍ਰਿਹਸਤ ਦੀ ਮਹਾਨਤਾ ਉਚਿਆਉਣ ਲਈ ਸਮਾਜ ਵਿਚ ਇਸਤਰੀ ਦਾ ਦਰਜਾ ਉੱਚਾ ਦੱਸਿਆ ਹੈ :

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥' (੪੭੩)

ਬ੍ਰਹਮਾ ਦਾ ਰਿਖੀਆਂ ਨੂੰ ਹੁਕਮ ਸੀ ਕਿ ਇਕ ਇਕ ਪੁੱਤਰ (ਗਤੀ ਕਰਾਉਣ ਵਾਲਾ) ਜ਼ਰੂਰ ਪੈਦਾ ਕਰਨਾ ਚਾਹੀਦਾ ਹੈ। ਰਾਜੀਏਂ ਜ਼ਰੂਰ ਵਿਆਹ ਕਰਾਉਂਦੇ ਸਨ।

ਜਦੋਂ ਸਤਿਗੁਰੂ ਜੀ ਅਚਲ ਬਟਾਲੇ ਆਏ ਤਾਂ ਸ਼ਿਵਰਾਤਰੀ ਦਾ ਮੇਲਾ ਸੀ। ਸਿੱਧ ਚਰਚਾ ਵਿਚ ਹਾਰ ਕੇ ਖੁਣਸ ਖਾ ਕੇ ਮਹਾਰਾਜ ਜੀ ਨੂੰ ਕਹਿਣ ਲੱਗੇ :–

'ਖਾਧੀ ਖੁਣਸਿ ਜੋਗੀਸਰਾਂ ਗੋਸ਼ਟਿ ਕਰਨ ਸਭੇ ਉਠ ਆਈ।
ਪੁਛੈ ਜੋਗੀ ਭੰਗਰ ਨਾਥੁ ਤੁਹਿ ਦੂਧ ਵਿਚ ਕਿਉਂ ਕਾਂਜੀ ਪਾਈ।
ਫਿਟਿਆ ਚਾਟਾ ਦੂਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖੁ ਉਤਾਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈ।'

ਸਤਿਗੁਰੂ ਜੀ ਨੇ ਉੱਤਰ ਦਿੱਤਾ :–

'ਨਾਨਕ ਆਖੇ ਭੰਗਰ ਨਾਥ ਤੇਹੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ ॥ ੪੦ ॥' (ਵਾਰ ੧)

'ਤੁਸ ਮੈ ਤੰਦੁਲ ਬੋਏ ਨਿਪਜੈ ਸਹੰਸ ਗਨੰ,
ਦੇਹ ਧਾਰ ਕਰਤ ਹੈ ਪਰਉਪਕਾਰ ਜੀ ॥
ਤੁਸ ਮੈ ਤੰਦੁਲ ਨਿਰਬਿਘਨ ਲਾਗੈ ਨ ਘੁਨ,
ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ ॥
ਤੁਸ ਮੈ ਨਿਕਸ ਹੋਇ ਭਗਨ ਮਲੀਨ ਰੂਪ,
ਗ੍ਰਾਦ ਕਹਵਾਇ ਹਾਥੇ ਰਹੈ ਨ ਸੰਸਾਰ ਜੀ ॥
ਗੁਰ ਉਪਦੇਸ ਗੁਰਸਿਖ ਗ੍ਰਿਹ ਮੈ ਬੈਰਾਗੀ,
ਗ੍ਰਿਹ ਤਜ ਬਨ ਖੰਡ ਹੋਤ ਨ ਉਧਾਰ ਜੀ ॥੮੭॥੧੨੧॥'
(ਕਬਿੱਤ ਸ੍ਵਯੇ)

ਜਿਸ ਤਰ੍ਹਾਂ ਛਿਲਕਿਆਂ ਵਿੱਚ ਹੰਦਾ ਹੋਇਆ ਚਾਵਲ ਬੀਜਿਆ ਜਾਵੇ ਤਾਂ ਉੱਗ ਕੇ ਹਜ਼ਾਰਾਂ ਗੁਣਾਂ ਹੋ ਜਾਂਦਾ ਹੈ ਤੇ ਚਾਵਲ ਰੂਪ ਬਹੁਤ ਦੇਹਾਂ ਧਾਰ ਕੇ ਰੋਜ਼ੀ ਰੂਪ ਪਰਉਪਕਾਰ ਕਰਦਾ ਹੈ। ਛਿਲਕਿਆਂ ਵਿੱਚ ਹੁੰਦਾ

ਜਿਸ ਤਰ੍ਹਾਂ ਸਮੁੰਦਰ ਵਿਚੋਂ ਹੀਰੇ ਜਵਾਹਰਾਤ ਨਿਕਲਦੇ ਹਨ, ਇਉਂ ਗ੍ਰਿਹਸਤ ਵਿਚੋਂ ਹੀ ਸਾਰੇ ਆਸ਼ਰਮ ਨਿਕਲੇ ਹਨ। ਦੂਜੇ ਦ੍ਰਿਸ਼ਟਾਂਤ ਵਿਚ ਕਿਹਾ ਹੈ ਗ੍ਰਿਹਸਤ ਬ੍ਰਿਛ ਦੇ ਮੁੱਢ ਵੱਤ ਹੈ, ਬਾਕੀ ਆਸ਼ਰਮ ਇਸ ਦੀਆਂ ਸ਼ਾਖਾਂ (ਟਹਿਣੀਆਂ) ਹਨ। ਜੈਸੇ ਸ਼ਾਖਾਂ ਮੁੱਢ ਤੋਂ ਹੀ ਪੈਦਾ ਹੁੰਦੀਆਂ ਹਨ ਤੇ ਮੁੱਢ ਤੋਂ ਹੀ ਅਸਰ ਖੁਰਾਕ ਲੈ ਕੇ ਹਰੀਆਂ ਭਰੀਆਂ ਰਹਿੰਦੀਆਂ ਹਨ। ਤੀਜੇ ਦ੍ਰਿਸ਼ਟਾਂਤ ਵਿਚ ਕਿਹਾ ਹੈ ਜਿਸ ਤਰ੍ਹਾਂ ਜਲ ਹੀ ਕਵਲ ਫੁੱਲਾਂ ਨੂੰ ਪੈਦਾ ਕਰਦਾ ਹੈ ਤੇ ਜਲ ਹੀ ਇਹਨਾਂ ਦੀ ਪਾਲਣਾ ਕਰਦਾ ਹੈ, ਜਲ ਤੋਂ ਬਿਨਾਂ ਕਵਲ ਫੁੱਲਾਂ ਦਾ ਜੀਵਨ ਨਹੀਂ ਹੋ ਸਕਦਾ। ਇਸੇ ਤਰ੍ਹਾਂ ਗ੍ਰਿਹਸਤ ਜਲ ਤੋਂ ਹੀ ਬਾਕੀ ਆਸ਼ਰਮ ਪੈਦਾ ਹੋਏ ਹਨ। ਇਹੀ ਪਾਲਣਾ ਕਰਦਾ ਹੈ। ਚੌਥੇ ਖਰਬੂਜੇ ਦੀ ਵੇਲ ਦਾ ਦ੍ਰਿਸ਼ਟਾਂਤ ਦੇ ਕੇ ਕਿਹਾ ਹੈ ਕਿ ਜਿਹੜਾ ਖਰਬੂਜਾ ਵੇਲ ਨਾਲ ਹੀ ਪੱਕੇ ਉਹ ਬਹੁਤ ਮਿੱਠਾ ਤੇ ਸ੍ਵਾਦਲਾ ਹੁੰਦਾ ਹੈ ਤੇ ਦਾਗੀ ਵੀ ਘੱਟ ਹੁੰਦਾ ਹੈ। ਜੋ ਵੇਲ ਨਾਲੋਂ ਤੋੜ ਕੇ ਪਕਾਈਏ, ਉਸ ਦਾ ਸਵਾਦ ਕੌੜਾ ਤੇ ਉਹ ਦਾਗੀ ਹੋ ਜਾਂਦਾ ਹੈ। ਏਸੇ ਤਰ੍ਹਾਂ ਹੀ ਗ੍ਰਿਹਸਤ ਵਿਚ ਰਹਿ ਕੇ ਬੰਦਗੀ ਕਰਨ ਨਾਲ ਜੀਵਨ ਮਿਠਾਸ ਵਾਲਾ ਤੇ ਪੂਰਨ ਪਰਪੱਕ ਹੋ ਜਾਂਦਾ ਹੈ। ਜੋ ਗ੍ਰਿਹਸਤ ਤੋਂ ਵੱਖ ਹੋ ਕੇ ਜੰਗਲ ਵਿਚ ਜਾ ਕੇ ਆਪਣੇ ਜੀਵਨ ਰੂਪ ਖਰਬੂਜੇ ਨੂੰ ਪਕਾਉਣਾ ਚਾਹੁੰਦੇ ਹਨ ਉਹ ਆਪਣੇ ਜੀਵਨ ਨੂੰ ਕੌੜਾ, ਕਰੋਧੀ ਤੇ ਕਲੰਕੀ ਬਣਾ ਕੇ ਪ੍ਰਮਾਰਥ ਦੀ ਖੋਜ ਵਲੋਂ ਖਾਲੀ ਤੇ ਸੱਖਣੇ ਰਹਿ ਜਾਂਦੇ ਹਨ।

ਉਕਤ ਪ੍ਰਮਾਣਾਂ ਤੋਂ ਸਿੱਧ ਹੈ ਕਿ ਗੁਰੂ ਸਾਹਿਬਾਨ, ਭਾਈ ਗੁਰਦਾਸ ਜੀ ਅਤੇ ਭਾਈ ਸੰਤੋਖ ਸਿੰਘ ਜੀ ਨੇ ਕਿਸ ਤਰ੍ਹਾਂ ਗ੍ਰਿਹਸਤ ਆਸ਼ਰਮ ਦੀ ਵਡਿਆਈ ਕਹੀ ਹੈ। ਸਤਿਗੁਰਾਂ ਨੇ ਗ੍ਰਿਹਸਤ ਨੂੰ ਸਰਬੋਤਮ ਧਰਮ ਸਮਝ ਕੇ ਇਸ ਨੂੰ ਅੰਗੀਕਾਰ ਕਰ ਕੇ ਹੋਰ ਵੀ ਅਮਲੀ ਰੂਪ ਵਿਚ ਨਿਵਾਜਿਆ। ਦਸੇ ਸਰੂਪਾਂ ਵਿਚ ਇਕ ਵੀ ਗ੍ਰਿਹਸਤ-ਤਿਆਗੀ ਤੇ ਸੰਨਿਆਸੀ ਨਹੀਂ ਬਣੇ ਹਨ। ਜੇ ਜ਼ਰਾ ਡੂੰਘੀ ਵਿਚਾਰ ਕਰੀਏ ਤਾਂ ਨਿਰਗੁਣ ਬ੍ਰਹਮ ਵੀ ਜਦੋਂ ਸਰਗੁਣ ਸਰੂਪ ਵਿਚ ਆਉਂਦਾ ਹੈ ਤਾ ਗ੍ਰਿਹਸਤੀ ਬਣ ਜਾਂਦਾ ਹੈ। ਜੈਸੇ ਕਿ :-

'ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥' (੭)

ਮਾਇਆ ਸਾਥ ਕਲਪ ਤਿਦਾਤਮ ਸਬੰਧ ਕਰ ਕੇ ਜੁੜਦਾ ਹੈ ਤਾਂ ਬ੍ਰਹਮਾ, ਵਿਸ਼ਨੂੰ, ਸ਼ਿਵ ਜਾਂ ਤਿੰਨ ਗੁਣ ਪੈਦਾ ਹੁੰਦੇ ਹਨ। ਭਾਵ ਮਾਇਆ-ਸਬਲ ਹੋ ਕੇ ਸਾਰੇ ਸੰਸਾਰ ਨੂੰ ਪੈਦਾ ਕਰਦਾ ਹੈ। ਏਹੀ ਉਸ ਦਾ ਗ੍ਰਿਹਸਤੀ ਬਨਣਾ ਹੈ। ਬ੍ਰਹਮਾ ਆਦਿ ਤਿੰਨੇ ਦੇਵਤੇ ਵੀ ਗ੍ਰਿਹਸਤੀ ਹਨ। ਅਵਤਾਰ, ਪੀਰ,

'ਅਨਦਿਨੁ ਕੀਰਤਨੁ ਕੇਵਲ ਬਖਾਨੁ ॥' (੫੨੨)

'ਗ੍ਰਿਹਮਤ ਮਹਿ ਸੋਈ ਨਿਰਬਾਨੁ ॥' (੨੯੭)

ਭਾਈ ਭੇਖਾਰੀ ਆਦਿ ਬੇਅੰਤ ਐਸੇ ਗੁਰਸਿੱਖ ਹੋਏ ਹਨ, ਭਾਈ ਪਾਰੋ ਆਦਿ ਜਿਨ੍ਹਾਂ ਨੇ ਘਰ ਵਿਚ ਨਿਰਲੇਪ ਰਹਿ ਕੇ ਹੀ ਸਤਿਗੁਰਾਂ ਤੋਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ।

ਭਾਈ ਗੁਰਦਾਸ ਜੀ ਵੀ ਗ੍ਰਹਿਸਤ ਨੂੰ ਹੀ ਸਾਰੇ ਆਸ਼ਰਮਾਂ ਤੋਂ ਸਰਬੋਤਮ ਫੁਰਮੋਂਦੇ ਹਨ :-

'ਜੈਸੇ ਸਰ ਸਰਤਾ ਸਕਲ ਮੈ ਸਮੁੰਦਰ ਬਡੋ,
ਮੇਰ ਮੈ ਸੁਮੇਰ ਬਡੋ ਜਗਤ ਵਖਾਨ ਹੈ ॥
ਤਰਵਰ ਬਿਖੈ ਜੈਸੇ ਚੰਦਨ ਬ੍ਰਿਖ ਬਡੋ,
ਪਾਤ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ ॥
ਪੰਛਨਿ ਮੈ ਹੰਸ ਮ੍ਰਿਗ ਰਾਜਨ ਮਹਿ ਸਾਰਦੂਲ,
ਰਾਗਨ ਮੈ ਸ੍ਰੀ ਰਾਗ ਪਾਰਸ ਬਖਾਨ ਹੈ ॥
ਗਿਆਨਨ ਮੈ ਗਿਆਨ ਧਿਆਨਨ ਮੈ ਧਿਆਨ ਗੁਰ,
ਸਗਲ ਧਰਮ ਮੈ ਗ੍ਰਿਹਿਸਤ ਪ੍ਰਧਾਨ ਹੈ ॥੩੭੬॥'

'ਜੈਸੇ ਪ੍ਰਾਤ ਸਮੇਂ ਖਗ ਜਾਤ ਉਡ ਬਿਰਖ ਸੈ,
ਬਹੁਰਿ ਆਇ ਬੈਠਤ ਬਿਰਖ ਹੀ ਪੈ ਆਇ ਕੈ ॥
ਚੀਟੀ ਚੀਟਾ ਬਿਲਾ ਸੈ ਨਿਕਸਿ ਧਰ ਗਵਨ ਕੈ,
ਬਹੁਰੋ ਪੈਸਤ ਜੈਸੇ ਬਿਲਾ ਹੀ ਮੇਂ ਜਾਇ ਕੈ ॥
ਲਰ ਕੈ ਲਰਕ ਰੂਠ ਜਾਤ ਤਾਤ ਮਾਤ ਸਠ,
ਭੂਖ ਲਾਗੈ ਤਿਆਗੈ ਹਠ ਆਵੈ ਪਛਤਾਇ ਕੈ ॥
ਤੈਸੇ ਗ੍ਰਿਹ ਤਿਆਗ ਭਾਗ ਜਾਤ ਉਦਾਸ ਬਾਸ,
ਆਸਰੋ ਤਕਤ ਪੁਨਾ ਗ੍ਰਹਸਤ ਕੋ ਪਾਇ ਕੈ ॥੫੪੮॥'
(ਕਬਿੱਤ ਸੁਯੇ)

'ਲੋਕ ਵੇਦੁ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।
ਗੁਰਮੁਖਿ ਸੁਖ ਫਲ ਨਿਹਚਉ ਨਾਰੀ ॥੧੬॥' (ਵਾਰ ੫)

'ਹੋਇ ਅਤੀਤੁ ਗ੍ਰਿਹਸਤ ਤਜ ਫਿਰ ਉਨਹੂ ਕੇ ਘਰ ਮੰਗਨ ਜਾਈ।
ਬਿਨ ਦਿਤੇ ਕਿਛ ਹਥ ਨ ਆਈ ॥ ੪੦ ॥' (ਵਾਰ ੧)

ਸਤਿਗੁਰਾਂ ਨੇ ਗ੍ਰਹਿਸਤ ਆਸ਼ਰਮ ਨੂੰ ਹੀ ਸਭ ਤੋਂ ਮਹੱਤਮੀ ਕਿਹਾ ਹੈ ਦ੍ਰਿਸ਼ਟਾਂਤ (ਉਪਮਾਵਾਂ) ਕਹੇ ਹਨ ਕਿ ਗ੍ਰਹਿਸਤ ਆਸ਼ਰਮ ਸਮੁੰਦਰ ਵੱਤ ਹੈ।

'ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ
ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ ਪੁਹਪ ਮਧਿ
ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ
ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥' (੬੮੪)

ਸਤਿਗੁਰੂ ਜੀ ਜਦੋਂ ਨੇ ਖੰਡਾਂ ਵਿਚ ਵਿਚਰ ਕੇ, ਧੁਰ ਕੀ ਬਾਣੀ ਰਾਹੀਂ ਤਪ ਰਹੇ ਸੰਸਾਰੀ ਜੀਵਾਂ ਨੂੰ ਠਾਰ ਰਹੇ ਸਨ ਤਾਂ ਭੱਦ ਖੰਡ ਦਾ ਰਾਜਾ ਕੋਲ ਨਾਭ ਸੇਵਕ ਬਣਿਆ। ਜਿਸ ਨੇ ਬੇਨਤੀ ਕੀਤੀ–ਹੇ ਮਹਾਰਾਜ ਜੀ! ਜੋ ਚਾਰ ਆਸ਼ਰਮ ਹਨ ਉਨ੍ਹਾਂ ਵਿਚੋਂ ਉੱਤਮ ਕਿਹੜਾ ਹੈ? ਤਾਂ ਹਜ਼ੂਰ ਨੇ ਫੁਰਮਾਇਆ ਕਿ ਗ੍ਰਹਿਸਤ ਆਸ਼ਰਮ ਹੀ ਸਭ ਤੋਂ ਉੱਤਮ ਹੈ। ਏਸੇ ਕਰਕੇ ਸਤਿਗੁਰੂ ਜੀ ਦਸ ਸਰੂਪ ਧਾਰ ਕੇ :–

'ਘਰ ਬਾਹੀ ਹੋਇ ਵਰਤਿਆ ਘਰ ਕਾਰੀ ਸਿਖ ਪੈਰੀਂ ਪਾਯਾ।'
(ਵਾਰ ੬, ਪਉੜੀ ੨)

ਆਪ ਗ੍ਰਹਿਸਤ ਵਿਚ ਨਿਰਲੇਪ ਰਹੇ ਤੇ ਗੁਰਸਿੱਖਾਂ ਨੂੰ ਵੀ ਘਰ ਵਿਚ ਹੀ ਰਹਿ ਕੇ ਨਿਰਲੇਪ ਰਹਿਣ ਦਾ ਉਪਦੇਸ਼ ਬਖ਼ਸ਼ਿਆ ਤੇ ਕਿਹਾ :–

'ਜੋਗੁ ਨ ਭਗਵੀ ਕਪਤੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥' (੧੪੨੦)
'ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ॥'(੧੦੭੦)

'ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ ॥' (੯੪੯)
'ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥' (੨੬)
'ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥' (੧੧੦੩)
'ਰੇ ਮਨ ਐਸੇ ਕਰਿ ਸੰਨਿਆਸਾ ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥'
(ਦਸਮ ੭੦੯)

ਸਤਿਗੁਰ ਜੀ ਨੇ ਇਸ ਤਰੀਕੇ ਨਾਲ ਘਰ ਵਿਚ ਹੀ ਸਾਰੀਆਂ ਬਖ਼ਸ਼ਿਸ਼ਾਂ ਕੀਤੀਆਂ ਹਨ :

'ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥' (੬੬੧)
'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨ੍ਹਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥' (੫੨੨)

'ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥'(੪੬੯)
ਜਤ ਦੀ ਜੁਗਤੀ ਜਾਣੇ ਤੋਂ ਬਿਨਾ ਕਾਰਣ ਵੈਰਾਗ ਚਿੱਲਾ ਪੈ ਜਾਂਦਾ ਹੈ।

'ਫਿਰਦੀ ਫਿਰਦੀ ਦਹਦਿਸਾ ਜਲ ਪਰਬਤ ਬਨਰਾਇ ॥
ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥' (੩੨੨)

ਬੇਅੰਤ ਐਸੇ ਰਿਖੀ, ਮਿਨੀ, ਸ੍ਰਿੰਙੀ ਰਿਖੀ, ਜੈਮਨ ਮੁਨੀ, ਨਾਰਦ ਆਦਿ ਹੋਏ, ਜਿਨ੍ਹਾਂ ਨੂੰ ਮਨ ਦੀ ਐਸੀ ਅਵਸਥਾ ਹੋਣ ਦੇ ਕਾਰਨ ਪਛਤਾਉਣਾ ਪਿਆ ਤਾਂ ਹੀ ਹਜ਼ੂਰ ਨੇ ਫੁਰਮਾਇਆ ਹੈ :-

'ਇਸੁ ਭੇਖੈ ਧਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥' (੫੮੭)

ਘਰ ਬਾਰ ਨੂੰ ਛੱਡ ਕੇ ਜੰਗਲ ਵਿਚ ਜਾਣ ਦੀ ਤਾਂ ਲੋੜ ਹੈ ਜੇਕਰ ਰੱਬ ਬਾਹਰ ਕਿਤੇ ਬਨ ਵਿਚ ਕੁਟੀਆ ਬਣਾਈ ਬੈਠਾ ਹੋਵੇ। ਜਦ ਉਸ ਨੂੰ ਪ੍ਰਾਪਤ ਅੰਦਰੋਂ ਹੀ ਕਹਿਲਾ ਹੈ ਸ਼ਬਦ ਵਿਚ ਸੁਰਤ ਜੋੜ ਕੇ, ਫਿਰ ਬਾਹਰ ਜਾਣ ਦੀ ਕੀ ਲੋੜ ਹੈ ? ਤਾਂ ਹੀ ਜੰਗਲ ਵਿਚ ਭਟਕਣ ਨੂੰ ਭਗਤ ਫਰੀਦ ਜੀ ਨੇ ਨਿਰਾਰਥ ਕਿਹਾ ਹੈ :-

'ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥' (੧੩੭੮)

ਹਿਰਦੈ ਕਮਲ ਮਹਿ ਹਰਿ ਕਾ ਬਾਸ ॥' (੩੪੪)

'ਪ੍ਰੀਤਮੁ ਬਸਤ ਰਿਦ ਮਹਿ ਖੋਰ ॥' (੧੧੨੧)

ਹਉਮੈ ਦੀ ਨਵਿਰਤੀ ਹੋਣ ਤੋਂ ਨਾਮ ਦੇ ਰਿਦੇ ਵਿਚ ਵੱਸਣ ਤੋਂ ਹੀ ਉਸਦੀ ਪ੍ਰਾਪਤੀ ਹੋਣੀ ਹੈ।

'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥' (੫੬੦)

'ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥' (੪੭੪)

'ਜਬ ਹਮ ਹੋਤੇ ਤਬ ਤੂ ਨਾਹੀ ॥ ਅਬ ਤੂਹੀ ਮੈ ਨਾਹੀ ॥' (੬੫੭)

'ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥'
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥' (੧੩੭੫)

ਜਦੋਂ :-'ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥' (੧੫)

ਆਦਿਕ ਬਾਹਰਲੇ ਸਾਰੇ ਰਸਾਂ ਤੋਂ ਨਿਰਾਸ ਹੋਣ ਕਰਕੇ ਵਾਹਿਗੁਰੂ ਨਾਮ, ਅੰਦਰ ਰਿਦੇ ਵਿਚ ਵੱਸ ਕੇ ਪ੍ਰਕਾਸ਼ ਕਰੇਗਾ। ਓਦੋਂ ਅੰਦਰੋਂ ਹੀ ਪ੍ਰਮੇਸ਼ਰ ਸਾਖਿਆਤ ਹੋ ਜਾਵੇਗਾ। ਲੋੜ ਹੈ ਰਮਾਂ ਤੋਂ ਨਿਰਲੇਪ ਰਹਿਕੇ ਮਨ ਵਿਚ ਨਾਮ ਨੂੰ ਵਸਾਉਣ ਦੀ, ਨਾ ਕਿ ਜੰਗਲ ਵਿਚ ਐਵੇਂ ਭਟਕਣ ਦੀ।

੪. ਅਨੰਦ ਕਾਰਜ ਸੰਸਕਾਰ

ਪੁਰਾਤਨ ਲੋਕਾਂ ਨੇ ਕਾਰਜ ਸਿੱਧੀ ਵਾਸਤੇ ਮਨੁੱਖੀ ਸਮਾਜ ਨੂੰ ਬ੍ਰਾਹਮਣ, ਖੱਤਰੀ, ਵੈਸ ਤੇ ਸੂਦ ਚਾਰ ਵਰਨਾਂ ਵਿਚ ਵੰਡਿਆ ਅਤੇ ਮਨੁੱਖੀ ਉਮਰ ਨੂੰ ਵੱਗ ਤੋਂ ਵੱਗ ਸੌ ਸਾਲ ਦੀ ਉਮਰ ਦਾ ਅੰਦਾਜ਼ਾ ਲਾ ਕੇ ਬ੍ਰਹਮਚਾਰੀ, ਗ੍ਰਹਿਸਤੀ ਬਾਨਪ੍ਰਸਤੀ ਤੇ ਸੰਨਿਆਸੀ ਚਾਰ ਆਸ਼ਰਮਾਂ ਵਿਚ ਵੰਡਿਆ । ਪੁਰਾਣੀ ਸਭਿਅਤਾ ਨੇ ਬ੍ਰਹਮਚਾਰੀ, ਗ੍ਰਹਿਸਤੀ, ਬਾਨਪ੍ਰਸਤੀ ਤੇ ਸੰਨਿਆਸੀ ਨੂੰ ਹੀ ਮਹਾਨਤਾ ਦਿੱਤੀ ਸੀ ਕਿ ਸੰਨਿਆਸ ਧਾਰ ਕੇ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ । ਗ੍ਰਹਿਸਤ ਆਸ਼ਰਮ ਨੂੰ ਬਾਕੀ ਆਸ਼ਰਮਾਂ ਨਾਲੋਂ ਮਾੜਾ ਤੇ ਗਲੀਚ ਜਾਣ ਕੇ ਪ੍ਰਮਾਰਥ ਦੇ ਰਸਤੇ ਵਿਚ ਇਕ ਖੁੱਭਣ, ਜਿੱਲ੍ਹਣ, ਪਾਣੀ ਦੀ ਘੁੰਮਣਘੇਰੀ ਤਰ੍ਹਾਂ ਭਾਰੀ ਰੁਕਾਵਟ ਵਾਲਾ ਜਾਣਿਆ ਕਿ ਇਸ ਵਿਚ ਫਸੇ ਮਨੁੱਖ ਨੂੰ ਉੱਕਾ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ ।

ਇਸੇ ਹੀ ਭਰਮ ਤੇ ਵਹਿਮ ਦੀ ਪ੍ਰੇਰਨਾ ਨੇ ਭਰਥਰੀ ਅਤੇ ਗੋਪੀ ਚੰਦ ਵਰਗੇ ਰਾਜਿਆਂ ਨੂੰ ਹਾਜ ਭਾਗ ਦੇ ਸੁੱਖ ਤੋਂ ਵਾਂਝਾ ਕਰ ਕੇ, ਕੰਨ ਪਾੜਵਾ ਕੇ, ਜੰਗਲ ਵਿਚ ਜਾਣ ਲਈ ਮਜਬੂਰ ਕਰ ਦਿੱਤਾ । ਬਨਵਾਸੀ ਬਣ ਕੇ ਗਲ ਵਿਚ ਖਫਣੀ, ਹੱਥ ਵਿਚ ਡੰਡਾ, ਮੋਢੇ ਤੇ ਝੋਲੀ ਪਾ ਕੇ, ਭਿੱਖਿਆ ਮੰਗ ਮੰਗ ਕੇ ਅਖੀਰ ਉਨ੍ਹਾਂ ਨੂੰ ਦੁਖੀ ਹੋ ਕੇ ਰੋਣਾ ਹੀ ਪਿਆ ।

'ਰੋਵਹਿ ਰਾਜੇ ਕੰਨ ਪੜਾਇ ॥
ਘਰਿ ਘਰਿ ਮਾਗਹਿ ਭੀਖਿਆ ਜਾਇ ॥' (੯੫੪)

ਮੰਦ ਵੈਰਾਗ ਜਾਂ ਕਾਰਨ ਵੈਰਾਗ ਦੀ ਹਾਲਤ ਵਿਚ ਘਰ ਤਿਆਗ ਕੇ ਜੰਗਲ ਦੇ ਫਲ ਫੁੱਲ ਖਾਣ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਤਾਂ ਕੀ ਹੋਣੀ ਹੈ, ਵਿਕਾਰ ਵੀ ਨਹੀਂ ਮਿਟਦੇ ?

'ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੇਦਾ ॥
ਅਜਹੁ ਬਿਕਾਰੁ ਨ ਛੋਡਈ ਪਾਪੀ ਮਨੁ ਮੰਦਾ ॥' (੮੫੫)

'ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥'
(੧੦੧੨)

'ਮਾਈ ਮਾਗਤ ਤ੍ਰੈ ਲੋਭਾਵਹਿ ॥' (੯੦੩)

ਦੀ ਹਾਲਤ ਬਣੀ ਰਹਿੰਦੀ ਹੈ ।

ਖਾਲਸੇ ਵਿਚ ਸਤਿਗੁਰੂ ਜੀ ਦੇ ਭਜਨ ਸਿਮਰਨ ਕਰਨ ਦੀ ਅਤੇ ਜੋਗ ਵਿਚ ਜੂਝਣ ਦੀ ਹਿੰਮਤ ਆਈ। ਇਹੋ ਹੀ ਕਾਰਨ ਸੀ ਕਿ ਸਿੰਘ ਭੁੱਖੇ ਤਿਹਾਏ ਵੀ ਹਿੰਮਤ ਨਹੀਂ ਸਨ ਹਾਰਦੇ। ਹਿੰਮਤ ਹੋਣ ਕਰਕੇ ਹੀ ਮੀਰ ਮੰਨੂੰ ਦੇ ਸਮੇਂ ਸਿੰਘਾਂ ਦਾ ਇਹ ਅਖਾਣ ਪ੍ਰਸਿੱਧ ਹੋਇਆ :-

'ਮੰਨੂੰ ਸਾਡੀ ਦਾਤਣੀ ਅਸੀਂ ਮੰਨੂੰ ਚੇ ਸੋਏ।
ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।'

ਦਿਆਲੂ ਹੀ ਧਰਮੀ ਤੇ ਧਰਮੀ ਹੀ ਹਿੰਮਤੀ ਹੋ ਸਕਦਾ ਹੈ। ਤੜਕੇ ਇਸ਼ਨਾਨ, ਧਰਮ ਦੀ ਕ੍ਰਿਤ, ਪਰਉਪਕਾਰ, ਧਾਰਮਿਕ ਜੰਗ ਜੁੱਧ ਕਰ ਕੇ ਸਿੰਘ ਤਾਹੀਏਂ ਹਰ ਸਮੇਂ ਚੜ੍ਹਦੀ ਕਲਾ ਵਿਚ ਰਹੇ ਹਨ।

੪. ਪਿਆਰੇ ਮਹਕਮ ਸਿੰਘ ਜੀ ਦੇ ਪਵਿੱਤਰ ਸੀਸ ਭੇਟ ਕਰਨ ਤੋਂ ਸਿੰਘਾਂ ਦੇ ਮਨ ਇਕਾਗਰ ਹੋ ਕੇ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿਚ ਮੋਹਕਮ (ਇਸਥਿਤ) ਹੋਏ, ਟਿਕੇ, ਭਟਕਣ ਤੋਂ ਬਚੇ, ਚੰਚਲਤਾਈ ਨਿਵਿਰਤ ਹੋਈ ਤੇ ਗੰਭੀਰਤਾ ਆਈ। ਮੋਹ ਕਮ (ਘੱਟ) ਹੋ ਗਿਆ ਅਤੇ ਖਾਲਸਾ ਤਿਆਗੀ ਤੇ ਸਿਸ਼ੋਨੀ ਬਣ ਗਿਆ। ਤਾਂਹੀਓਂ ਤਾਈ ਸੁਬੇਗ ਸਿੰਘ ਜੀ ਆਪਣੇ ਪੁੱਤਰ ਸ਼ਾਹਬਾਜ਼ ਸਿੰਘ ਨੂੰ ਆਪਣੀਆਂ ਅੱਖਾਂ ਨਾਲ ਚਰਖੜੀ ਤੇ ਚੜ੍ਹਦਾ ਸ਼ਹੀਦ ਹੁੰਦਾ ਵੇਖ ਕੇ ਡੋਲੇ ਨਹੀਂ ਸਗੋਂ ਖੁਸ਼ ਹੋਏ। ਮਾਈਆਂ ਬੀਬੀਆਂ ਨੇ ਆਪਣੇ ਬੱਚੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਵਾਏ, ਨੇਜਿਆਂ ਤੇ ਟੰਗਾਏ, ਗਲਾਂ ਵਿਚ ਹਾਰ ਪ੍ਰੋਅ ਕੇ ਪੁਵਾਏ, ਮੋਹ ਨਹੀਂ ਕੀਤਾ ਪਰ ਸਿੱਖੀ ਸਿਦਕ ਕੇਸਾ ਸਵਾਸਾ ਨਾਲ ਨਿਭਾਇਆ।

੫. ਪਿਆਰੇ ਸਾਹਿਬ ਸਿੰਘ ਜੀ ਦੇ ਸੀਸ ਕੁਰਬਾਨ ਕਰਨ ਦਾ ਫਲ 'ਸਾਹਿਬ' ਮਾਲਿਕ ਦੀ ਪ੍ਰਾਪਤੀ, ਪ੍ਰਮੇਸ਼ਰ ਦੀ ਪ੍ਰਾਪਤੀ ਹੈ।

ਜਿਥੇ ਦਇਆ ਹੈ ਉਥੇ ਹੀ ਧਰਮ ਹੈ। ਦਿਆਲੂ ਪੁਰਖ ਹੀ ਧਰਮੀ ਹੋ ਸਕਦਾ ਹੈ ਅਤੇ ਧਰਮੀ ਪੁਰਖ ਹੀ ਨਿਰਾਰਥ ਭਜਨ ਵਾਲਾ, ਪਰਉਪਕਾਰੀ ਤੇ ਹਿੰਮਤ ਵਾਲਾ ਹੁੰਦਾ ਹੈ। ਪਾਪੀਆਂ, ਡਾਕੂਆਂ ਚੋਰਾਂ ਵਿਚ ਐਸੀ ਹਿੰਮਤ ਨਹੀਂ ਹੁੰਦੀ। ਜਿਥੇ ਹਿੰਮਤ ਹੈ ਉਥੇ ਮੋਹਕਮਤਾਈ ਹੈ, ਉਥੇ ਹੀ ਮਨ ਇਸਥਿਤ ਹੁੰਦਾ ਹੈ। ਦਇਆ, ਧਰਮ, ਹਿੰਮਤ ਭਾਵ ਉੱਦਮ ਅਤੇ ਮਨ ਇਸਥਿਤ ਵਾਲਿਆਂ ਨੂੰ ਸਾਹਿਬ ਦੀ ਪ੍ਰਾਪਤੀ ਹੁੰਦੀ ਹੈ। ਤਾਹੀਏਂ ਖਾਲਸਾ ਮਾਲਿਕ ਵਾਹਿਗੁਰੂ ਦੀ ਪ੍ਰਾਪਤੀ ਕਰ ਕੇ ਗੁਰੂ ਦਾ ਰੂਪ ਹੈ। ਜਿਵੇਂ ਪ੍ਰਮੇਸ਼ਰ ਨੇ ਪੰਜਾਂ ਤੱਤਾਂ ਤੋਂ ਸ੍ਰਿਸ਼ਟੀ ਸਾਜੀ ਹੈ, ਇਵੇਂ ਪੰਜਾਂ ਗੁਣਾਂ ਤੋਂ ਸਤਿਗੁਰੂ ਜੀ ਨੇ ਖਾਲਸਾ ਪੰਥ ਸਾਜਿਆ। ਪੰਚਾਇਤੀ ਅਸੂਲ ਕਾਇਮ ਕੀਤਾ।

ਸ੍ਰੀ ਚਮਕੌਰ ਸਾਹਿਬ ਦੇ ਜੰਗ ਵਿਚ ਸ਼ਹੀਦ ਹੋਏ।

ਪੰਜਾਂ ਪਿਆਰਿਆਂ ਦੇ ਪਿਛਲੇ ਜਨਮਾਂ ਬਾਰੇ ਭਾਈ ਚਉਪਾ ਸਿੰਘ ਜੀ ਛਿੱਬਰ ਰਹਿਤਨਾਮੇ ਵਿਚ ਇਉਂ ਲਿਖਦੇ ਹਨ :-

'ਦਯਾ ਸਿੰਘ ਵਾਸੀ ਲਾਹੌਰ ਦੀ ਛਤ੍ਰੀ ਬੰਸ। ਸਾਹਿਬ ਸਿੰਘ, ਦਛਣਿ, ਸੈਨ ਕੇ ਜਨਮ ਥਾ। ਹਿੰਮਤ ਸਿੰਘ ਪੁਰੀ ਜਗੰਨ ਨਾਥ ਫੰਦਕ ਕੇ ਜਨਮ ਥਾ। ਧਰਮ ਸਿੰਘ ਘਰ ਹਸਤਨਾਪੁਰ ਦੇ ਵਾਸੀ ਧੰਨੇ ਕੇ ਜਨਮ ਥਾ। ਪੰਜਵੇਂ ਮੁਹਕਮ ਸਿੰਘ, ਨਾਮਦੇਵ ਕੇ ਜਨਮ ਥਾ।'

ਪੰਜਾਂ ਪਿਆਰਿਆਂ ਦੇ ਨਾਂਵਾਂ ਤੋਂ ਸਿੱਖਿਆ

੧. ਪਿਆਰੇ ਦਯਾ ਸਿੰਘ ਜੀ ਦੇ ਪਵਿੱਤਰ ਸੀਸ ਦੇਣ ਤੋਂ ਖਾਲਸੇ ਵਿਚ ਸਤਿਗੁਰੂ ਜੀ ਦੀ ਬਖਸ਼ਿਸ਼ ਦੁਆਰਾ 'ਦਇਆ' ਆਈ। ਮਜ਼ਲੂਮਾਂ ਦੀ ਸਹਾਇਤਾ, ਦੁਖੀ ਗ਼ਰੀਬ ਵੇਖ ਕੇ ਉਸ ਤੇ ਤਰਸ ਕਰਨਾ, ਦਿਲ ਪਸੀਜਣਾ। ਮੁਸਲਮਾਨਾਂ ਵਲੋਂ ਅਣਗਿਣਤ ਤਸ਼ੱਦਦ ਅਤੇ ਜ਼ੁਲਮ ਹੋਣ ਦੇ ਬਾਵਜੂਦ ਵੀ ਜਦੋਂ ਕਦੇ ਮੈਦਾਨਿ-ਜੰਗ ਵਿਚ ਉਹਨਾਂ ਦੀਆਂ ਔਰਤਾਂ ਜਾਂ ਬੱਚੇ ਸਿੰਘਾਂ ਦੇ ਹੱਥ ਲੱਗੇ ਤਾਂ ਇਹਨਾਂ ਨੇ ਖਜਾਏ ਸਰੀਰਕ ਕਸ਼ਟ ਦੇਣ ਜਾਂ ਇੱਜ਼ਤ ਲੁੱਟਣ ਦੇ ਉਹਨਾਂ ਨੂੰ ਆਪਣੀ ਨਿਗਰਾਨੀ ਹੇਠ ਸੁਰੱਖਿਅਤ ਰੱਖ ਕੇ ਘਰੋ ਘਰੀਂ ਪਹੁੰਚਾਇਆ। ਅਹਿਮਦ ਸ਼ਾਹ ਅਬਦਾਲੀ ਵਲੋਂ ਪੰਦਰਾਂ ਪੰਦਰਾਂ ਹਜ਼ਾਰ ਹਿੰਦੂ ਔਰਤਾਂ ਤੇ ਬੱਚੇ ਕੈਦੀ ਬਨਾਉਣ ਤੇ ਉਹਨਾਂ ਨੂੰ ਆਪ ਕੁਰਬਾਨੀ ਦੇ ਕੇ ਛੁੜਾਉਣਾ ਸਿੰਘਾਂ ਦੀ ਜਿਉਂਦੀ ਜਾਗਦੀ ਮੂੰਹੋਂ ਬੋਲਦੀ 'ਦਇਆ' ਦੀ ਜਾਦੂਗਰੀ ਤਸਵੀਰ ਹੈ।

'ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥' (੪੬੮)

੨. ਪਿਆਰੇ ਧਰਮ ਸਿੰਘ ਜੀ ਦੇ ਪਵਿੱਤਰ ਸੀਸ ਦੇਣ ਤੋਂ ਖਾਲਸਾ ਪੰਥ ਵਿਚ ਧਰਮ ਵਿਚ ਦ੍ਰਿੜ ਤੇ ਪ੍ਰਪੱਕ ਰਹਿਣ ਦੀ ਸਿੱਖਿਆ ਮਿਲੀ। ਕਰਤੱਵ (ਫ਼ਰਜ਼) ਦੀ ਅਦਾਇਗੀ ਦੀ ਸਿੱਖਿਆ ਵੀ ਇਸ ਤੋਂ ਹੀ ਮਿਲਦੀ ਹੈ।

'ਧੌਲ ਧਰਮੁ ਦਇਆ ਕਾ ਪੂਤੁ॥' (੩)

ਧਰਮ ਦਇਆ ਦਾ ਹੀ ਪੁਤ੍ਰ ਹੈ। ਦਿਆਲੂ ਪੁਰਸ਼ ਹੀ ਧਰਮੀ ਹੋ ਸਕਦਾ ਹੈ। ਕਸਾਈ ਦੇ ਪਾਸ ਧਰਮ ਕਿੱਥੇ? ਸੋ ਖਾਲਸੇ ਨੇ ਧਰਮ ਕੇਸਾਂ ਸ੍ਵਾਸਾਂ ਨਾਲ ਨਿਭਾਇਆ ਤੇ ਨਿਭਾਉਣਾ ਹੈ। ਸਿਰ ਭਾਵੇਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ।

੩. ਪਿਆਰੇ ਹਿੰਮਤ ਸਿੰਘ ਜੀ ਦੇ ਪਵਿੱਤਰ ਸੀਸ ਭੇਟ ਕਰਨ ਕਰਕੇ

ਹੋਇਆ । ੧੩ ਸਾਲ ਦੀ ਉਮਰ ਵਿਚ ਸਨ ਜਦੋਂ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆ ਰਹੇ । ਸੰਮਤ ੧੭੬੫ ਬਿ: ਅੱਸੂ ਅੰਮਾਵਸ ਨੂੰ ਅਬਚਲ ਨਗਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਜੋਤੀ ਜੋਤਿ ਸਮਾਏ ।

੨. ਪਿਆਰੇ ਧਰਮ ਸਿੰਘ ਜੀ :-ਭਗਤ ਧੰਨੇ ਜੀ ਦੇ ਅਵਤਾਰ ਸਨ । ਪਿਤਾ ਪਰਮ ਸੁਖ ਅਤੇ ਮਾਤਾ ਅਨੰਤੀ ਜੀ ਸੀ । ਦਿੱਲੀ ਸ਼ਹਿਰ ਦੇ ਵਸਨੀਕ ਜੱਟ ਸਨ । ੧੭੨੭ ਬਿ: ਵੈਸਾਖ ੧੩ ਨੂੰ ਸੋਮਵਾਰ ਵਾਲੇ ਦਿਨ ਪਹਿਰ ਰਾਤ ਗਈ ਜਨਮ ਹੋਇਆ । ੨੫ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆ ਰਹੇ । ਸੰਮਤ ੧੭੬੮ ਬਿ: ਅਬਚਲ ਨਗਰ ਸਚਖੰਡ ਹਜ਼ੂਰ ਸਾਹਿਬ ਵਿਖ ਜਤਾਂ ਜੋਤ ਸਮਾਏ ।

੩. ਪਿਆਰੇ ਹਿੰਮਤ ਸਿੰਘ ਜੀ :-ਚੱਤ੍ਰ ਭੁਜੀ ਨੂੰ ਪਕੜਨ ਵਾਲੇ ਫੰਧਕ ਦਾ ਅਵਤਾਰ ਸਨ । ਪਿਤਾ ਮਾਲ ਦੇਉ ਅਤੇ ਮਾਤਾ ਲਾਲ ਦੇਈ ਸੀ । ਜਗਨ ਨਾਥ ਪੁਰੀ ਵਿਚ ਇਹ ਝੀਵਰ ਸਨ । ੧੭੨੧ ਬਿ: ਜੇਠ ੧੫ ਨੂੰ ਜਨਮ ਹੋਇਆ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੇਵਾ ਵਿਚ ਇਨ੍ਹਾਂ ਦੇ ਮਾਤਾ ਪਿਤਾ ਰਹਿੰਦੇ ਸਨ, ਬਾਬੇ ਬਕਾਲੇ ਜਨਮੇ । ੧੭੬੧ ਬਿ: ਵਿਚ ਸਾਹਿਬਜ਼ਾਦਿਆਂ ਦੇ ਨਾਲ ਹੀ ਸ੍ਰੀ ਚਮਕੌਰ ਸਾਹਿਬ ਵਿਖੇ ਧਰਮ ਜੁੱਧ ਵਿਚ ਸ਼ਹੀਦ ਹੋਏ ।

੪. ਪਿਆਰੇ ਮੋਹਕਮ ਸਿੰਘ ਜੀ :-ਭਗਤ ਨਾਮਦੇਵ ਜੀ ਦੇ ਅਵਤਾਰ ਸਨ । ਪਿਤਾ ਜਗਜੀਵਨ ਰਾਇ ਜੀ ਮਾਤਾ ਸੰਭਲੀ ਜੀ । ਦੁਵਾਰਕਾ ਵਾਸੀ ਨਾਮਾ ਵੰਸੀ (ਛੀਂਬੇ ਗੋਤ ਦੇ) ਸਨ । ੧੭੩੬ ਬਿ: ੫ ਚੇਤ ਨੂੰ ਜਨਮ ਹੋਇਆ । ੧੫ ਸਾਲ ਦੀ ਉਮਰ ਵਿਚ ਮਾਤਾ ਪਿਤਾ ਦੇ ਸਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆ ਰਹੇ । ਸੰਮਤ ੧੭੬੧ ਬਿ: ਨੂੰ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦ ਹੋ ਕੇ ਜਾਗਤ ਜੋਤ ਵਿਚ ਲੀਨ ਹੋਏ ।

੫. ਪਿਆਰੇ ਸਾਹਿਬ ਸਿੰਘ ਜੀ :-ਆਪ ਸੈਨ ਭਗਤ ਦੇ ਅਵਤਾਰ ਸਨ । ਪਿਤਾ ਗੁਰਨਰੈਣ, ਮਾਤਾ ਦਾ ਨਾਮ ਅਨਕੰਪਾ ਜੀ ਸੀ । ਸੰਮਤ ੧੭੨੨ ਬਿ: ੧੫ ਮੱਘਰ ਨੂੰ ਜਨਮੇ । ਬਿਦਰਪੁਰੀ ਦੇ ਵਾਸੀ ਸਨ । ਗੋਤ ਨਾਈ (ਰਾਜੇ) ਸੀ । ਮਾਤਾ ਪਿਤਾ ਨੇ ਇਨ੍ਹਾਂ ਨੂੰ ੧੧ ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਭੇਟਾ ਕੀਤਾ । ਸੰਮਤ ੧੭੬੧ ਬਿ: ਵਿਚ

'ਮੋਹੁ ਅਰੁ ਭਰਮੁ ਤਜਹੁ ਤੁਮ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥'(੩੫੬)

'ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥
ਰਸਨਾ ਰਾਮ ਰਸਾਇਨੁ ਪੀਜੈ ॥' (੧੧੬੪)

'ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥' (੯੧੮)

'ਬਾਬਾ ਹੋਰੁ ਖਾਣਾ ਖੁਸੀ ਖੁਆਰ ॥
ਜਿਤੁ ਖਾਧੈ ਤਨਿ ਪੀੜੀਐ ਮਨ ਮਹਿ ਚਲਹਿ ਵਿਕਾਰ ॥'

'ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥' (੧੬)

'ਝੂਠਾ ਮਦੁ ਮੁਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥' (੫੫੪)

ਸਵੈਯਾ ॥

'ਜੋ ਗੁਰ ਵਾਕਨ ਕੋ ਤਜ ਕੈ, ਪੁਨ ਅਉਰਨ ਵਾਕ ਰਿਦੈ ਜੁ ਲਿਆਵੈ ।
ਲੋਕ ਪਰਲੋਕ ਮੈਂ ਠਉਰ ਨਹੀਂ, ਤਿਨ ਸੋ ਨਰਕਾਂਤਰ ਬੀਚ ਭ੍ਰਮਾਵੈ ।
ਤਾਂ ਨਰ ਸੋ ਯਮ ਧਾਮ ਭਰਉਂ, ਦਿਨ ਰਾਤ ਹਮੇਸ਼ਹਿ ਸੋ ਦਖ ਪਾਵੈ ।
ਆਵਨ ਜਾਵਨ ਬੀਚ ਫਿਰਹਿ, ਯਮ ਕੀ ਸਦ ਹੀ ਪੁਨ ਚੋਟਨ ਖਾਵੈ ।੨੫।'
(ਤਨਖਾਹਨਾਮਾ ਭਾਈ ਨੰਦ ਲਾਲ ਸਿੰਘ ਜੀ)

ਸਤਿਗੁਰੂ ਜੀ ਦਾ ਹੁਕਮ ਹੈ :-ਨ ਕਰੈ ਪੰਜ ਕੰਮ-

੧. ਪਰ ਦਰਬ ਨ ਹਿਰੈ ੨. ਪਰ ਇਸਤਰੀ ਨ ਰਵੈ ੩. ਪਰ ਨਿੰਦਾ ਨਾ ਕਰੈ ੪. ਜੂਆ ਨ ਖੇਲੈ ੫. ਮਦੁ ਮਾਸੁ ਨ ਖਾਇ ।
(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

'ਮਨ ਚੰਚਲ ਨਾ ਜਾਇ ਤਮਾਸੇ। ਜੂਏ ਜਾਇ ਨ ਖੇਲੇ ਪਾਸੇ ।' (ਰਹਿਤਨਾਮਾ)

'ਗੁਰੂ ਕੀ ਸਿਖਣੀ ਮਰਦ ਦਾ ਮੂੰਹ ਨ ਫਿਟਕਾਰੇ ।
ਗੁਰ ਕੀ ਸਿਖਣੀ ਸਾਧ ਸੰਗਤਿ ਵਿਚ ਮੱਥਾ ਕਜਿ ਬੈਠੇ ।'
(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

ਪੰਜਾਂ ਪਿਆਰਿਆਂ ਦੇ ਨਾਮ ਤੇ ਜਨਮ

੧. ਪਿਆਰੇ ਦਯਾ ਸਿੰਘ ਜੀ :-ਆਪ ਲਉ ਦਾ ਅਵਤਾਰ ਸਨ। ਪਿਤਾ ਮਈਆ ਰਾਮ ਮਾਤਾ ਸੋਭਾਦੇਈ ਸੀ। ਲਾਹੌਰ ਦੇ ਰਹਿਣ ਵਾਲੇ ਛੱਤਰੀ ਸਨ। ੧੭੨੫ ਬਿ: ਨੂੰ ਫੱਗਣ ਦੀ ਸੰਗਰਾਂਦ ਅੰਮ੍ਰਿਤ ਵੇਲੇ ਐਤਵਾਰ ਜਨਮ

੧੬. ਸਰਬ ਸਾਂਝਾ ਉਪਦੇਸ਼ :—

'ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੇ ਏਕ ਸਬਦੰ ਜੇ ਕੋ ਜਾਣੈ ਭੇਉ ॥' (੪੬੯)

'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥
(੭੪੭)

'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥' (੧੪੧)

'ਗੁਰਮੁਖਿ ਨਾਮੁ ਦਾਨੁ ਇਸਨਾਨੁ ॥' (੯੪੨)

'ਸਚਾ ਸਾਕੁ ਨ ਵਿਛੜੈ ਸਾਧ ਸੰਗਤਿ ਗੁਰ ਭਾਈ ਭਤਾ ।'
(ਵਾਰ ੩੯, ਪਉੜੀ ੧੯)

ਅਸਲ ਵਿਚ ਗਰਸਿੱਖ ਲਈ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸਾਰੀ ਬਾਣੀ ਹੀ ਸਿੱਖਿਆ ਰੂਪ ਹੈ। ਹਰ ਗੁਰਸਿੱਖ ਦਾ ਫਰਜ਼ ਹੈ ਕਿ ਇਨ੍ਹਾਂ ਸਿੱਖਿਆਵਾਂ ਤੇ ਚੱਲ ਕੇ ਆਪਣਾ ਲੋਕ ਪ੍ਰਲੋਕ ਸਫਲ ਕਰੇ।

ਨਾ ਕਰਨ ਯੋਗ ਕਰਮ

ਚਾਰ ਕੁਰਹਿਤਾਂ ਤੋਂ ਛੁੱਟ ਹੋਰ ਕੁਕਰਮ ਜੋ ਸਤਿਗੁਰੂ ਜੀ ਦੀ ਆਗਿਆ ਦੇ ਉਲਟ ਕੀਤੇ ਜਾਣ ਉਹਨਾਂ ਕਰਮਾਂ ਨੂੰ ਨਿਖਿੱਧ ਕਿਹਾ ਜਾਂਦਾ ਹੈ। ਜਿਨ੍ਹਾਂ ਦੇ ਕਰਨ ਨਾਲ ਮਨੁੱਖ ਦਾ ਜੀਵਨ ਭਾਵ ਆਚਰਨ ਗਿਰ ਜਾਂਦਾ ਹੈ ਅਤੇ ਉਸ ਨੂੰ ਲੋਕ ਪ੍ਰਲੋਕ ਵਿਚ ਸ਼ਰਮਿੰਦਾ ਹੋਣਾ ਪੈਂਦਾ ਹੈ। ਸਤਿਗਰਾਂ ਨੇ ਗਰਸਿੱਖਾਂ ਦੇ ਜੀਵਨ ਨੂੰ ਚੰਗੀ ਤਰ੍ਹਾਂ ਨਿਯਮ ਬੱਧ ਕੀਤਾ ਹੈ। ਨਾ ਕਰਨ ਯੋਗ ਕੰਮਾਂ ਨੂੰ ਤਿਸਕਾਰਿਆ ਹੈ ਅਤੇ ਗੁਰਸਿੱਖਾਂ ਨੂੰ ਇਨ੍ਹਾਂ ਤੋਂ ਵਿਵਰਜਤ ਕੀਤਾ ਹੈ। ਜਿਵੇਂ ਸ਼ਰਾਬ, ਜੂਆ, ਚੋਰੀ, ਯਾਰੀ, ਠੱਗੀ, ਝੂਠ, ਚੁਗਲੀ, ਨਿੰਦਾ, ਧੱਕਾ, ਧਿੰਙੋਜੋਰੀ ਆਦਿ ਮੰਦੇ ਕੰਮ ਨਹੀਂ ਕਰਨੇ :—

'ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥' (੧੦੧੮)

'ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਉ ॥' (੮੦੨)

'ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥' (੧੨੭੯)

੯. ਜਨੇਊ ਵਾਲੇ ਨੂੰ :-

'ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥' (੪੭੧)

੧੦. ਕਾਜ਼ੀ ਨੂੰ :-

'ਕਾਜੀ ਸੋ ਜੋ ਉਲਟੀ ਕਰੈ ॥ ਗੁਰਪਰਸਾਦੀ ਜੀਵਤੁ ਮਰੈ ॥' (੬੬੨)

੧੧. ਮੁਸਲਮਾਨ ਨੂੰ :-

'ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥' (੧੪੧)

'ਮੁਸਲਮਾਣੁ ਸੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥' (੧੦੮੪)

੧੨. ਸਿੱਧ ਨੂੰ :-

'ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥' (੬)

੧੩. ਰਾਜੇ ਨੂੰ :-

'ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥' (੧੨੪੦)

੧੪. ਸੁਨਿਆਰੇ ਨੂੰ :-

'ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥' (੮)

੧੫. ਢਾਡੀ ਨੂੰ :-

'ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ ॥' (੩੨੩)

੧. ਛੱਤ੍ਰੀ ਨੂੰ :—

'ਖਤ੍ਰੀ ਸੋ ਜੋ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥' (੧੪੧੧)

੨. ਜ਼ਿਮੀਂਦਾਰ ਨੂੰ :—

'ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥' (੫੯੫)

'ਹਲੁ ਹਲੇਮੀ ਹਾਲੀ ਚਿਤੁ ਚੇਤਾਵਤੁ ਵਖਤ ਸੰਜੋਗੁ ॥
ਨਾਉ ਬੀਜ ਬਖਸੀਸ ਬੋਹਲ ਦੁਨੀਆ ਸਗਲ ਦਰੋਗ ॥
ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ ॥' (੯੫੫)

੪. ਦੁਕਾਨਦਾਰ ਨੂੰ :—

'ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸਨੋ ਰਖੁ ॥' (੫੯੫)

੫. ਵਪਾਰੀ ਨੂੰ :—

'ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨੁ ਹਸੁ ॥' (੫੯੫)

'ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੋ ਸਾਹੁ ਸੁਜਾਣੁ ਹੈ ਲੇਸੀ ਵਸਤੁ ਸਮਾਲਿ ॥' (੨੨)

੬. ਨੌਕਰੀ ਵਾਲੇ ਨੂੰ :—

'ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮ ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥' (੫੯੬)

੭. ਪੜ੍ਹਾਉਣ ਵਾਲੇ ਨੂੰ :—

'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥' (੧੬)

੮. ਵੈਦ ਨੂੰ :—

'ਵੈਦਾ ਵੈਦੁ ਸੁ ਵੈਦ ਤੂ ਪਹਿਲਾਂ ਰੋਗੁ ਪਛਾਣੁ ॥' (੧੨੭੯)

ਜੇ ਕੋਈ ਗੁਰੂ ਨਾਲਹੁ ਕੁਲਦਾ ਹੋਵੈ ਤਾਂ ਸਮਝਾਵਣਾ ਆਪਣੀਅਹੁ ਧਿਰਹੁ ਆਖਣਾ। ਜੇ ਮੰਨੇ ਨਾਹੀ ਤਾਂ ਓਹ ਜਾਣੈ, ਏਹੁ ਆਖਣਾ ਗੁਰੂ ਕਾ ਹੈ। ਜੇ ਕੋਈ ਸਿਖੁ ਉਦਾਸੀ ਕਰੈਗਾ ਤਾਂ ਉਸ ਕਾ ਬੁਰਾ ਹੋਵੈਗਾ ! ਜੇ ਸਿਖਹੁ ! ਗ੍ਰਿਸਤੇ ਵਿਚ ਅਰਾਧੈਗਾ ਤਿਸ ਪ੍ਰਮੇਸਰ ਗੁਰੂ ਸੁਖੀ ਰਖੇਗਾ। ਧਰਮ ਕੀ ਕਿਰਤ ਕਰਮ, ਦੇਵਣਹਾਰ ਗੁਰੂ ਬਾਬਾ ਹੈ, ਸਿਖਾਂ ਕੀ ਸੇਵਾ ਕਰਣੀ, ਆਪਣਾ ਆਪੁ ਕਿਛੁ ਨਾਹੀ ਜਣਾਵਣਾ, ਦੋਵੇ ਮਿਰੇ (ਲੋਕ ਪ੍ਰਲੋਕ) ਗੁਹੂ ਲੋ ਸਉਂਪਣੇ, ਅਲਿਪਤੁ (ਨਿਰਲੇਪ) ਰਹਣਾ, ਗੁਰੂ ਕਾ ਆਖਣਾ ਹੈ।'

ਬੀਬੀ ਰੂਪ ਕੋਰ ਵਾਲੀ ਪੋਥੀ ਜੋ ਕਰਤਾਰਪੁਰ ਪਈ ਹੈ, ਵਿਚ ਸ੍ਰੀ ਗੁਰੂ ਅਮਰ ਦਾਸ ਜੀ ਵੱਲੋਂ ਇਸ ਤਰ੍ਹਾਂ ਸਿਖਿਆ ਦਾਇਕ ਸਾਖੀਆਂ ਅਤੇ ਬਚਨ ਲਿਖੇ ਹਨ :-

'ਸਾਖੀ-ਗੁਰੂ ਆਖਿਆ-ਪਰਦਰਬੁ ਨਾਹੀ ਹਿਰਣਾ ਚੁਰਾਉਣਾ, ਜੂਐ ਨਹੀਂ ਖੇਲਣਾ, ਪਰ ਗ੍ਰਿਹਿ ਨਹੀਂ ਜਾਣਾ, ਪਰ ਨਿੰਦਾ ਨਾਹੀ ਕਰਣੀ, ਮੱਛੀ ਮਾਸ ਨਹੀਂ ਖਾਣਾ, ਮਦੁ (ਸ਼ਰਾਬ) ਨਹੀਂ ਪੀਵਣਾ, ਇਤਨੀਆਂ ਗੱਲਾਂ ਸਿੱਖਾਂ ਨੋ ਮੁਸ਼ਕਲ ਨਹੀਂ ਹੈਨਿ ।੧੯।'

'ਗੁਰੂ ਅਰਜਣ ਬੋਲਿਆ, ਆਪਣੀ ਕਿਰਤ ਸਭ ਕੋਈ ਕਰੇ, ਏਹ ਗੱਲ ਗੁਰੂ ਨੋ ਖੁਸੀ ਆਂਵਦੀ ਹੈ ਪਰ ਭੋ ਵਿਚ ਕਾਰ ਕਰਣੀ। ਇਉਂ ਨਾਹੀਂ ਕਰਣੀ, ਖੁਸਿ ਖੋਹਿ ਅੰਦਰਿ ਆਣਿ ਵਾੜਨੀ, ਧਰਮ ਕੀ ਕੀਰਤਿ ਕਰਣੀ, ਦੇਵਣਹਾਰ ਗੁਰ ਬਾਬਾ ਹੈ ।੨੫।'

'ਜਾ ਸਿੱਖ ਗੁਰੂ ਕੇ ਜਾਵੈ, ਤਾਂ ਦੁਆਰੈ ਜਾਇ ਕੈ ਗੁਰੂ ਕੇ ਦਰਸਨ ਬਾਝੁ ਚਿਤੁ ਹੋਰਥੈ ਰਖੈ ਨਾਹੀ, ਲੋਚਾ ਆਪਣੀ ਦਰਸਨ ਵਿਚਿ ਰਖੈ, ਦਰਸਨੁ ਅਘਾਇ (ਰੱਜ ਕੇ) ਦੇਖੈ। ਅਤੈ ਉਪਦੇਸੁ ਸੁਣੈ ਅਤੇ ਪਰਸਾਦੁ ਪਾਇ ਅਤੈ ਸਹਜੈ ਦੈ ਘਰਿ ਵਿਦਿਆ ਹੋਵੈ ਤਾਂ ਉਸ ਸਿਖ ਦੇ ਕੰਮ ਸੰਪੂਰਨੁ ਹੋਵਨਿ ।੩੦।'

ਸਾਂਝਾ ਉਪਦੇਸ਼

ਸਤਿਗੁਰੂ ਸਾਹਿਬ ਜੀ ਨੇ ਸਾਰਿਆਂ ਮਤਾਂ ਮਤਾਂਤਰਾਂ ਵਾਲਿਆਂ ਨੂੰ ਆਪੋ ਆਪਣੇ ਰਾਹ ਵੀ ਦਿਖਾਏ :-

੧. ਬ੍ਰਾਹਮਣ ਨੂੰ :-

ਬੰਧਨ ਤੋੜੈ ਹੋਵੈ ਮੁਕਤੁ ॥ ਸੋਈ ਬ੍ਰਹਮਣੁ ਪੂਜਣ ਜੁਗਤੁ ॥' (੧੪੧੧)

ਚੌਪਈ ॥

'ਵਿਸਾਹ ਪ੍ਰੀਤਿ ਗੁਰਸਬਦ ਜੁ ਧਰੇ।
ਗੁਰ ਕਾ ਦਰਸ਼ਨ ਨਿਤ ਉਠ ਕਰੇ।੧੨।
ਗਿਆਨ ਸ਼ਬਦ ਗੁਰ ਸੁਣੇ ਸੁਣਾਇ।
ਜਪੁਜੀ ਜਾਪ ਪੜ੍ਹੇ ਚਿਤ ਲਾਇ।
ਗੁਰਦਵਾਰਨ ਕਾ ਦਰਸ਼ਨ ਕਰੀਂਹ।
ਪਰ ਦਾਰਾ ਕਾ ਤਿਆਗ ਜੋ ਕਰਹਿ।੧੩।
ਗੁਰ ਸਿਖ ਸੇਵ ਕਰੇ ਚਿਤ ਲਾਇ।
ਆਪਾ ਮਨ ਕਾ ਸਗਲ ਮਿਟਾਇ।
ਇਨ ਕਰਮਨ ਮਹਿ ਜੋ ਪਰਧਾਨ।
ਸਿਖ ਰੂਪ ਮੇਰਾ ਪਹਿਚਾਨ।੧੪।'

ਦੋਹਰਾ ॥

'ਐਸੇ ਗੁਰਸਿਖ ਮਾਨ ਹੈ, ਸੇਵਾ ਕਰੇ ਜੋ ਕੋਇ।
ਤਨ ਮਨ ਧਨ ਪੁੰਨ ਅਰਪ ਕੈ, ਸੋ ਮੁਝ ਸੇਵਾ ਹੋਇ।੫੫।
ਐਸੇ ਗੁਰਸਿਖ ਸੇਵ ਕੀ, ਮੋਹਿ ਪਹੂਚੇ ਆਇ।
ਸੁਨਹੁ ਨੰਦ! ਚਿਤ ਦੇਇ ਕਰਿ, ਮੁਕਤਿ ਬੈਕੁੰਠੈ ਪਾਇ।੧੬।'

(ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

ਪੁਰਾਤਨ ਹੱਥ-ਲਿਖਤ ਭਾਈ ਪੋਥੇ ਵਾਲੀ ਬੀੜ ਵਿਚ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਇਸ ਤਰ੍ਹਾਂ ਉਪਦੇਸ਼ ਕੀਤਾ ਗਿਆ ਹੈ :-

'ਗੁਰੂ ਕਾ ਆਖਣਾ ਹੈ, ਅੰਨ ਬਹੁਤੀ ਭੁਖੈ ਲਗੀ ਜੇਵਣਾ (ਖਾਵਣਾ), ਭਰੇ ਤੇ ਭਰਣਾ ਨਾਹੀ, ਅੰਨੁ ਛਡਣਾ ਭੀ ਨਾਹੀ, ਸਵਣਾ ਤਾਂ ਜਾਂ ਬਹੁਤੀ ਨੀਂਦ ਆਵੈ, ਨੀਂਦਿ ਕਗੈਰ ਸਵਣਾ ਨਾਹੀ, ਗਫਲਾਈ (ਮੁਮਤੀ) ਹੈ। ਦੇਹੀ ਕਉ ਬਹੁਤ ਦੁਖ ਭੀ ਨਾਹੀ ਦੇਵਣਾ, ਅਕੈ ਬਾਣੀ ਗਾਵਣੀ, ਅਕੈ ਗੁਰੂ ਦੀਆਂ ਗੱਲਾਂ ਬੋਲਣੀਆਂ, ਅਕੈ ਕਿਸੈ ਦਿਆਂ ਬੁਲਾਇਆ ਬੋਲਣਾਂ, ਸ਼ਬਦੁ ਗਾਵਣਾਂ, ਕੂੜ ਨਾਹੀ ਬੋਲਣਾ, ਜੋ ਇਨ੍ਹਾਂ ਗੱਲਾਂ ਨੋ ਮਨੈ (ਮਨ) ਨਾਲ ਰਖੈਗਾ, ਸੋ ਮਹਾਪਰਖ ਹੋਵੇਗਾ, ਉਸ ਕਾ ਲੇਖਾ ਸਗਲਾ ਨਿਬਤੇਗਾ; ਓਸ ਕੀ ਕੁਲ ਕਾ ਉਧਾਰੁ ਹੋਵੇਗਾ, ਉਸ ਕੇ ਸੰਗੀ ਸਗਲੇ ਤਰਹਿੰਗੇ, ਸਤਿ ਕਰਿ ਮੰਨਣਾ, ਗੁਰੂ ਕਾ ਆਖਣਾ ਹੈ।

ਜੋ ਗੁਰੂ ਕੀ ਗੋਲਕ ਚੁਰਾਵੇ, ਮੁਖੋਂ ਝੂਠ ਬੋਲੇ, ਕਾਰ ਭੇਟਾ ਗੁਰੂ ਕੀ ਸੁੱਖਣਾ ਮੰਨਤ ਚੁਰਾਵੇ ਉਹ ਸਿਖ ਗੁਰੂ ਨੂੰ ਨਹੀਂ ਭਾਉਂਦਾ।

'ਇਕ ਦਿਨ ਭਾਈ ਨੰਦ ਲਾਲ ਸਿੰਘ ਜੀ ਬੋਲਿਆ, 'ਜੁ ਗਰੀਬ ਨਿਵਾਜ! ਸਿਖਾਂ ਪੁਤ੍ਰਾਂ ਨੂੰ ਕਉਣ ਕਰਮ ਕਰਨੇ ਜੋਗਿ ਹੈਨਿ ?'

ਤਬ ਗੁਰੂ ਗੋਬਿੰਦ ਸਿੰਘ ਕਹਿਆ, 'ਜੋ ਮੇਰਾ ਸਿਖੁ ਹੋਵੈਗਾ ਸੋ ਖਾਲਸੇ ਥੀਂ ਬਗੈਰੁ ਹੋਰਥੈ ਪ੍ਰਤੀਤਿ ਨਾ ਕਰਸੀ ਅਤੇ ਜਿਥੈ ਸਬਦੁ ਹੋਵੈ ਤਿਥੈ ਪੂਜਾ ਕਰਨੀ। ਹੋਰੁ ਮੜ੍ਹੀ ਮਸਾਣੀ ਨਹੀਂ ਜਾਵਣਾ। ਪੰਡਤ ਪਾਂਧੇ ਮੀਏਂ ਮਹਤੇ ਦੀ ਮਤ ਨਹੀਂ ਲੈਣੀ! ਅਤੇ ਜੋ ਮੇਰਾ ਹੋਸੀ ਹੋਰ ਸਬਦਿ ਥੀਂ ਸਿਵਾਇ ਕਰਮ ਕਿਰਿਆ, ਭਦਣੁ, ਉਸਤ੍ਰਾ ਨਹੀਂ ਲਾਵਣਾ। ਗਾਇਤ੍ਰੀ, ਤਰਪਣ, ਪੂਜਾ, ਅਰਚਾ, ਧੋਤੀ ਬੰਨ੍ਹ ਕੇ ਸਿਰਿ ਨੰਗੇ ਖਾਵਣਾ ਨਾਹੀ। ਨੰਗੀ ਬੋਦੀ ਬ੍ਰਾਹਮਣ ਅਗੈ ਬੈਠਣਾ ਨਾਹੀ। ਜੋ ਕੋਈ ਸਿਖੁ ਗੁਰੂ ਕਾ ਹੋਸੀ ਸੋ ਇਤਨੀਆਂ ਵਸਤੂਆਂ ਦੇ ਨੇੜੇ ਨਾ ਆਵਸੀ।

ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ। ਪਰਾਈ ਧੀਅ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ। ਪਰਾਈ ਵਸਤੂ ਨਹੀਂ ਚੁਰਾਣੀ। ਪਰਾਈ ਬਖੀਲੀ ਨਹੀਂ ਕਰਨੀ। ਸਭਨਾਂ ਰੋਗਾਂ ਕਾ ਦਾਰੂ ਨਾਮ ਹੈ ਅਤੇ ਨਿੰਦਕ ਦਾ ਦਾਰੂ ਕੋਈ ਨਹੀਂ।'

'ਨਿੰਦਕ ਝੂਠਾ ਮਾਰੀਐ ਸਾਹਿਬ ਦੇ ਦਰਬਾਰਿ।
ਨਿੰਦਕ ਖਰਾ ਹੈਰਾਨੁ ਹੈ ਕੋਇ ਨ ਸੁਣੇ ਪੁਕਾਰ।'

(ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

ਚਿਤ ਉਪਦੇਸ ਗੁਰੂ ਕਾ ॥ ਚੌਪਈ ॥

'ਮੇਰਾ ਸੋ ਜੋ ਰਹਿਤ ਰਹਾਵੈ।
ਪਹਿਰ ਰਾਤ ਇਸਨਾਨ ਕਰਾਵੈ।
ਬਾਣੀ ਗੁਰੂ ਕੀ, ਅਦਰ ਨ ਪਾਠ।
ਪੜ੍ਹਹਿ ਗੁਰਮੁਖਿ ਤਿਆਗੈ ਠਾਠ।੯।'

'ਬਿਨ ਬੂਝੇ ਦੇਵਨ ਕੋ ਜਜੈ। ਮੈਂ ਛੋਡਾ ਸੋ ਸਿਖ ਮਮ ਤਜੈ।
ਮੇਰਾ ਸਿਖ ਜੁ ਤੀਰਥ ਜਾਵਹਿ। ਦੇਇ ਅਤਿਥੀ ਕੋ ਭੋਗ ਭੁਗਾਵੈ।੨੩।'
'ਰਹਹਿ ਏਕਾਂਤ ਪ੍ਰੀਤਿ ਜਮ ਦੂਰ। ਮਮ ਵਿਚਾਰ ਸੋ ਨਿਤ ਭਰਪੂਰ।
ਸਿਖ ਭੁਗਾਵੈ ਮੇਰਾ ਸਿਖ। ਕੇਸੁ ਭੇਖ ਨਹਿ ਮੇਰਾ ਪਿਖ।੨੫।'

(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

ਗੁਰੂ ਸਾਹਿਬ ਦਾ ਹੁਕਮ ਹੈ :-

'ਜਿਥੇ ਧਰਮ ਦੇ ਸਿੱਖੀ ਦੇ ਅਥਵਾ ਪਰਉਪਕਾਰ ਵਾਸਤੇ ਤੁਰਕਾਂ ਨਾਲ ਜੁੱਧ ਕਰਨਗੇ, ਉਥੇ ਮੇਰਾ ਸਿਖਾਂ ਦੇ ਵਿਚ ਦੀਦਾਰ ਹੋਸੀ। ਜਿਥੇ ਸਬਦ ਪਾਠ ਚਰਚਾ, ਕੀਰਤਨ ਹੋਵੈ, ਸੋ ਮੇਰਾ ਰੂਪ ਜਾਣੋ। ਜੋ ਮੇਰੇ ਬਚਨਾ ਉਪਰਿ ਚਲਣਗੇ ਸੋ ਖਾਲਸਾ। ਜੋ ਵੰਡਿ ਖਾਣਗੇ; ਸੋ ਮੇਰੀ ਦੇਹਿ। ਜੋ ਸਿਦਕਵਾਨ ਤੇ ਰਹਿਤਵਾਨ ਹੋਸਨ, ਜੋ ਮੇਰੇ ਹੋਸਨ, ਸੋ ਮੇਰੇ ਰੋਮ ਰੋਮ ਹੈਨਿ ਅਤੇ ਵਾਧਾ ਧਰਮ ਦਾ ਕਰਨਾ, ਮਲੇਛਾਂ ਦੇ ਨਾਸ ਵਾਸਤੇ।'

'ਸ਼ਸਤ੍ਰਧਾਰੀ ਸਿਖ ਕੈਸਾ ਹੋਵੈ ? ਨਾਲੇ ਦਾ ਜਤੀ ਹੋਵੈ, ਹੱਥਾਂ ਦਾ ਸਖੀ ਹੋਵੈ। ਸ਼ਸਤ੍ਰ ਦਾ ਵਿਸਾਹੁ ਨਾ ਕਰੈ। ਕਾਵੇ (ਜੰਗਲ ਮੈਦਾਨ) ਬੈਠੇ: ਦੂਜੇ ਸਿੰਘ ਨੂੰ ਸਸਤ੍ਰ ਦੇ ਨਰਿ ਮਜ਼ੇ ਨਰੈ, ਚੂੜ-ਚੂਸਮਣ ਦੇਖੇ, ਉਠਿ ਖੜਾ ਹੋਇ! ਸੋਚਿ ਕਰਨਿ ਬੈਠੇ ਤਾਂ ਭੀ ਸੁਚੇਤ ਹੋਇ ਬੈਠੇ, ਉਂਧਾ ਨਾ ਹੋਵੈ। ਜੈਸੇ ਜਾਨਵਰ ਦਾਣੇ ਭੀ ਚੁਗਦਾ ਹੈ; ਅਤੇ ਤੱਕਦਾ ਭੀ ਰਹਿੰਦਾ ਹੈ।'

'ਗੁਰੂ ਕਾ ਸਿੱਖ, ਗੀਤ, ਟੱਪੇ, ਖਿਆਲ ਦੁਨੀਆਂ ਦੇ ਨਾ ਸੁਣੇ।'

'ਮੇਰੇ ਮੋਹਨ ਸਵਨੀ ਇਹ ਨ ਸੁਨਾਇ॥'
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਇ॥' (੮੨੦)

'ਗੁਰੂ ਕਾ ਸਿਖ, ਦੁਨੀਆਂ ਦੇ ਰਸਾਂ ਕਸਾਂ ਵਿਚ ਨਾ ਪਵੈ।'

'ਰਾਰਾ ਰਸੁ ਨਿਰਸ ਕਰਿ ਜਾਨਿਆ॥' (੩੪੨)

'ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥' (੧੫)

'ਗੁਰ ਕਾ ਸਿਖ ਗੰਦ ਵਾਕੀ ਨਾ ਹੋਵੈ।'

'ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥' (੧੫)

'ਗੁਰ ਕਾ ਸਿਖ ਸਨਬੰਧੀਆਂ ਨੂੰ ਗੁਰਮਤਿ ਧਰਮ ਦਾ ਉਪਦੇਸ ਕਰੈ।
ਗੁਰ ਕਾ ਸਿਖ ਚੋਰੀ ਯਾਰੀ ਨਾ ਕਰੈ ਜੂਆ ਨਾ ਖੇਡੈ।'

'ਚੋਰ ਜਾਰ ਜੂਆਰ ਪੀੜੇ ਘਾਣੀਐ॥' (੧੨੮੮)
(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

'ਹੁਕਮ ਦੇਖਿ ਕਾਰ ਨਹੀਂ ਰਾਖੈ। ਗੋਲਕ ਗੋਪ ਮਿਥਿਆ ਮੁਖ ਭਾਖੈ।
ਕਾਰ ਭੇਟ ਸੁਖ ਮੰਨਤ ਚੁਰਾਵੈ। ਐਸਾ ਸਿਖ ਗੁਰ ਨਹਿ ਭਾਵੈ।੯।'
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਭਾਵ ਗੁਰੂ ਕਾ ਹੁਕਮ ਦੇਖ ਕੇ ਕਾਰ ਭੇਟਾ ਨਾ ਰੱਖੇ ਹਾਜ਼ਰ ਕਰ ਦੇਵੇ

ਭਾਈ ਚਉਪਾ ਸਿੰਘ ਜੀ ਛਿੱਬਰ ਗੁਰਸਿੱਖ ਦੀ ਰਹਿਣੀ, ਬਹਿਣੀ, ਕਹਿਣੀ ਤੇ ਮਹਿਣੀ ਖਾਰੇ ਖੜੇ ਸੁੰਦਰ ਸ਼ਬਦਾਂ ਵਿਚ ਲਿਖਦੇ ਹਨ :-

'ਸਿਖੀ ਕੇਸਾਂ ਸ੍ਵਾਸਾਂ ਕੀ, ਚਰਚਾ (ਪਰਚਾ) ਸ਼ਬਦ ਕਾ, ਫਲ ਸੰਗਤਿ ਕਾ, ਬੀਜ ਕਰਮਾਂ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਹਥਿਆਰ ਜਤ ਕਾ, ਵਾਕ ਸਤ ਕਾ, ਭਾਗ ਪੂਰਬ ਕਾ, ਜਸ ਦੇਗ ਕਾ, ਰਾਜ ਤੇਗ ਕਾ, ਪੂਜਾ ਅਕਾਲ ਕੀ ਦੂਜਾ ਸ਼ਸਤਰ ਕੀ, ਸਾਖ ਪੁੰਨ ਕੀ, ਖੁਸ਼ਬੋਈ ਸਿਖੀ ਕੀ, ਸੋਭਾ ਸੇਵਾ ਕੀ, ਸ਼ੀਰੀਂ ਬਚਨ ਕੀ, ਲਾਜ ਲੋਣ ਕੀ, ਹਿਯਾਉ ਅਖੀਂ ਕਾ, ਘੁੰਡ ਪਰ ਨਾਰਿ ਕਾ, ਗ੍ਰਿਹਸਤ ਭਲੀ ਨਾਰਿ ਕਾ, ਨਾਰਿ ਭਲੀ ਕੁਲ ਕੀ, ਰਹਿਣਾ ਹਜੂਰਿ ਕਾ, ਮੰਨਣਾ ਕੁਲ ਕਾ, ਹੁਕਮ ਗੁਰੂ ਕਾ, ਸੇਵਕੀ ਸਿਖ ਕੀ, ਆਗਿਆ (ਗੁਰੂ) ਗ੍ਰੰਥ ਸਾਹਿਬ ਕੀ, ਦੀਦਾਰ ਖਾਲਸੇ ਕਾ, ਜਾਮਣਾ ਹਰਿ ਜਸ ਕਾ, ਇਸ਼ਨਾਨ ਕੇਸਾਂ ਕਾ, ਤਿਆਗਣਾ ਵਿਕਾਰਾਂ ਕਾ, ਵਰਤਣ ਸੁਚੇਤੀ ਕੀ, ਬੋਲਣਾ ਮ੍ਰਿਜਾਦਾ ਕਾ, ਰਹਿਤ ਰਿਦੇ ਕੀ, ਬਿਬੇਕ ਮੰਨਣ ਕਾ, ਸੇਵਾ ਸਿਖ ਕੀ, ਸਿਖ ਗੁਰੂ ਕਾ, ਪ੍ਰੀਤਿ ਗੁਰ-ਭਾਈ ਕੀ, ਟਹਿਲ ਮਾਤਾ ਪਿਤਾ ਕੀ, ਪੜ੍ਹਨਾ ਸ਼ੌਕ ਕਾ, ਗਾਵਣਾ ਕੰਠ ਕਾ, ਜੀਤਣਾ ਮਨ ਕਾ, ਸਿਰਦਾਰੀ ਟਹਿਲ ਕੀ, ਭਾਉ ਅੰਦਰ ਕਾ, ਵੰਡਿ ਖਾਣਾ ਹੋਂਦੇ ਦਾ, ਚਿਤਵਣਾ ਭਲਿਆਈ ਕਾ, ਮਾਰਨਾ ਪਾਪਾਂ ਕਾ, ਵਰਤਣ ਜੁਗਤਿ ਕੀ, ਅਮਲ ਪ੍ਰਸਾਦਿ ਕਾ, ਪ੍ਰਸਾਦਿ ਕੜਾਹ ਕਾ, ਜੁਧ ਜੁਟੇ ਕਾ, ਬਲ ਸਬਕ ਕਾ, ਵਾਧਾ ਧਰਮ ਕਾ, ਨਾਤਾ ਸਿਖੀ ਕਾ, ਤ੍ਰਿਸ਼ਨਾ ਭਜਨ ਕੀ।'

'ਗੁਰੂ ਕਾ ਸਿਖ, ਗੁਰਮੁਖੀ ਅੱਖਰਾਂ ਦਾ ਅਦਬ ਕਰੇ, ਪੈਰਾਂ ਹੇਠ ਨਾ ਆਵਣ; ਪੁੜਾਂਆਂ ਨਾ ਬਨੇ, ਗੁਰੂ ਕਾ ਸਿਖ ਨੰਗਾ ਜਲ ਵਿਚ ਨਾ ਨ੍ਹਾਵੇ। ਗੁਰੂ ਕਾ ਸਿਖ ਬਾਣੀ ਕੰਠ ਕਰੇ।' (ਰਹਿਤਨਾਮਾ ਭਾਈ ਚਉਪਾ ਸਿੰਘ ਜੀ)

'ਨਹੀਂ ਦਦੁਸਾਰ ਪਿਤਾ ਪਿਤਾਮਾ ਪਰਪਿਤਾਮਾ,
ਸੱਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ ॥
ਨਹੀਂ ਨਲਸਾਰ ਮਾਤਾ ਪਰਮਾਤਾ ਬ੍ਰਿਧਮਾਤਾ,
ਮਾਮੂ ਮਾਮੀ ਮਾਸੀ ਮੌਸਾ ਬਿਬਿਧ ਬਿਖਯਾਤਾ ਹੈ ॥
ਨਹੀਂ ਸਸੁਰਾਰ ਸਾਸ ਸਸੁਰਾ ਸਾਰ ਅਉ ਸਾਰੀ,
ਨਹੀਂ ਬਿਰਤੀਸੁਰ ਔ ਜਾਚਿਕ ਨ ਦਾਤਾ ਹੈ ॥
ਅਸਨ ਬਸਨ ਧਨ ਧਾਮ ਕਾਹੂ ਮੈਂ ਨ ਦੇਖਯੋ,
ਜੈਸਾ ਗੁਰਸਿੱਖ ਸਾਧ ਸੰਗਤਿ ਕੋ ਨਾਤਾ ਹੈ ॥੬੬॥੧੦੦॥'
(ਕਬਿੱਤ ਸ੍ਵਯੇ)

ਕੁਰਬਾਣੀ ਤਿਨਾ ਗੁਰਸਿਖਾ ਭਾਇ ਭਗਤਿ ਗੁਰਪੂਰਬ ਕਰੰਦੇ ।
ਗੁਰ ਸੇਵਾ ਫਲੁ ਸੁਫਲੁ ਫਲੰਦੇ ॥ ੨ ॥' (ਵਾਰ ੧੨)

ਇੰਦ੍ਰਿਆਂ ਨੂੰ ਉਪਦੇਸ਼

ਤੀਜੇ ਪਾਤਸ਼ਾਹ ਜੀ ਵੱਖ ਵੱਖ ਇੰਦ੍ਰਿਆਂ ਨੂੰ ਉਪਦੇਸ਼ ਬਖਸ਼ਦੇ ਹਨ :—

(੧) ਨੇਤ੍ਰਾਂ ਨੂੰ :—

'ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥' (੯੨੨)

(੨) ਕੰਨਾਂ ਨੂੰ :—

'ਏ ਸ੍ਰਵਣਹੁ ਮੀਰਹ ਸਾਚੇ ਸੁਨਣੇ ਨ ਪਠਾਇ ॥' (੯੨੨)

(੩) ਰਸਨਾ ਨੂੰ :—

'ਏ ਰਸਨਾ ਤੂ ਅਨਰਸਿ ਰਾਚਿ ਰਹੀ
ਤੇਰੀ ਪਿਆਸ ਨ ਜਾਇ ॥' (੯੨੧)

'ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥' (੫੧੭)

(੪) ਹੱਥਾਂ ਪੈਰਾਂ ਨੂੰ :—

'ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਚਿੰਦੁਤੀਏ
ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥' (੫੪੭)

'ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ ।'
(ਵਾਰ ੨੭, ਪਉੜੀ ੧੦)

'ਗੁਰਸਿਖੀ ਦਾ ਸਿਖਣਾ ਸਬਦਿ ਸੁਰਤਿ ਮਤਿ ਸੰਗਤਿ ਸਿਖੈ ।
ਗੁਰਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝੈ ਲਿਖੈ ।
ਗੁਰਸਿਖੀ ਦਾ ਸਿਮਰਣੋ ਸਤਿਗੁਰੁ ਮੰਤੁ ਕੋਲੂ ਰਸੁ ਇਖੈ ।
ਗੁਰਸਿਖੀ ਦਾ ਵਰਤਮਾਨੁ ਚੰਦਨ ਵਾਸੁ ਨਿਵਾਸੁ ਬਰਿਖੈ ।
ਗੁਰਸਿਖੀ ਦਾ ਬੁਝਣਾ ਬੁਝਿ ਅਬੁਝਿ ਹੋਵੈ ਲੈ ਭਿਖੈ ।
ਸਾਧ ਸੰਗਤਿ ਗੁਰਸਬਦੁ ਸੁਣ ਨਾਮੁ ਦਾਨੁ ਇਸਨਾਨੁ ਸਰਿਖੈ ।
ਵਰਤਮਾਨ ਲੰਘ ਭੂਤ ਭਵਿਖੈ ॥੫॥' (ਵਾਰ ੨੮)

ਨਹੀਂ ਕਰਨਾ :-

'ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥ ੧੯ ॥' (੪੭੩)

'ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥
ਰਸਨਾ ਰਾਮ ਰਸਾਇਨੁ ਪੀਜੈ ॥' (੧੧੬੪)

ਗੁਰਸਿੱਖ ਏਕ ਮੇਕ ਰਮ ਮਹਿਮਾ ਅਨੰਤ,
ਅਗਮ ਅਪਾਰੁ ਗੁਰੁ ਮਹਿਮਾ ਨਿਧਾਨ ਹੈ ॥
ਗੁਰਸਿੱਖ ਏਕ ਮੇਕ ਬੋਲ ਕੋ ਨ ਤੋਲ ਮੋਲ,
ਸ੍ਰੀ ਗੁਰੁ ਸ਼ਬਦ ਅਗਿਮਿਤ ਗਯਾਨ ਧਯਾਨ ਹੈ ॥
ਗੁਰਸਿੱਖ ਏਕ ਮੇਕ ਦ੍ਰਿਸਟਿ ਦ੍ਰਿਸਟਿ ਤਾਰ,
ਸ੍ਰੀ ਗੁਰੁ ਕਟਾਛ ਕ੍ਰਿਪਾ ਕੋ ਨ ਪ੍ਰਮਾਨ ਹੈ ॥
ਗੁਰਸਿੱਖ ਏਕ ਮੇਕ ਪਲ ਸੰਗ ਰੰਗ ਰਸ,
ਅਬਿਗਤਿ ਗਤਿ ਸਤਿਗੁਰ ਨਿਰਬਾਨ ਹੈ ॥੩੯॥੭੩॥
(ਕਬਿੱਤ ਸ੍ਵਯੇ)

'ਗੁਰ ਚੇਲਾ ਚੇਲਾ ਗੁਰੂ ਗੁਰੁਸਿਖ ਸੁਣਿ ਗੁਰਸਿਖੁ ਸਦਾਵੈ।
ਇਕ ਮਨਿ ਇਕੁ ਅਰਾਧਣਾ ਬਾਹਰਿ ਜਾਦਾ ਵਰਜਿ ਰਹਾਵੈ।
ਹੁਕਮੀ ਬੰਦਾ ਹੋਇਕੈ ਖਸਮੈ ਦਾ ਭਾਣਾ ਤਿਸੁ ਭਾਵੈ।
ਮੂਰਦਾ ਹੋਇ ਮੁਰੀਦ ਸੋਇ ਕੋ ਵਿਹਲਾ ਗੁਹਿ ਗੋਰਿ ਸਮਾਵੈ।
ਪੈਰੀ ਪੈ ਪਾਖਾਕੁ ਹੋਇ ਪੈਰਾ ਉਪਰਿ ਸੀਸੁ ਧਰਾਵੈ।
ਆਪੁ ਗਵਾਏ ਆਪੁ ਹੋਇ ਦੂਜਾ ਭਾਉ ਨ ਨਦਰੀ ਆਵੈ।
ਗੁਰੁਸਿਖੀ ਗੁਰੁਸਿਖ ਕਮਾਵੈ ॥ ੧੬ ॥' (ਵਾਰ ੨੮)

ਭਾਈ ਗੁਰਦਾਸ ਜੀ ਹੁਕਮ ਰਜਾਈ 'ਚ ਚੱਲਣ ਵਾਲਿਆਂ ਅਤੇ ਰਹਿਤਵਾਨਾਂ ਤੋਂ ਕੁਰਬਾਨ ਜਾਂਦੇ ਹਨ :-

'ਕੁਰਬਾਣੀ ਤਿਨਾ ਗੁਰਸਿਖਾ ਪਿਛਲਿ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨਾ ਗੁਰਸਿਖਾ ਅੰਮ੍ਰਿਤ ਵੇਲੇ ਸਰਿ ਨ੍ਹਾਵੰਦੇ।
ਕੁਰਬਾਣੀ ਤਿਨਾ ਗੁਰਸਿਖਾ ਸਾਧ ਸੰਗਤਿ ਚਲਿ ਜਾਇ ਜੜੇਂਦੇ।
ਕੁਰਬਾਣੀ ਤਿਨਾ ਗੁਰਸਿਖਾ ਗੁਰਬਾਣੀ ਨਿਤਿ ਗਾਇ ਸੁਣੰਦੇ।
ਕੁਰਬਾਣੀ ਤਿਨਾ ਗੁਰਸਿਖਾ ਮਨ ਮੇਲੀ ਕਰਿ ਮੇਲਿ ਮਿਲੰਦੇ।

'ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ,
ਸੋ ਗੁਰਸਿਖੁ ਗੁਰੂ ਮਨਿ ਭਾਵੈ ॥' (੩੦੫)

'ਕਾਮ ਕ੍ਰੋਧੁ ਹੰਕਾਰ ਲੋਭ ਹਠ, ਮੋਹ ਨ ਮਨ ਸੋ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹ ਪਾਵੈ ॥'
(ਦਸਮ ੭੦੯)

'ਗੁਰਸਿਖਾ ਦਾ ਕਰਮੁ ਇਹੁ ਗੁਰ ਫੁਰਮਾਏ ਗੁਰਸਿਖ ਕਰਣਾ ।'
(ਵਾਰ ੨੮, ਪਉੜੀ ੧੦)

ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਗੁਰਸਿੱਖ, ਗੁਰੂ ਕੀ ਸਿੱਖਿਆ ਨੂੰ ਸੁਣ ਕੇ ਨਿਸਚਾ ਕਰ ਕੇ ਅਤੇ ਸਿੱਖਿਆ ਨੂੰ ਅਪਣਾਅ ਕੇ ਗੁਰਸਿੱਖੀ ਨੂੰ ਕਮਾ ਸਕਦਾ ਹੈ :-

'ਸੁਣਿਆ ਮੰਨਿਆ ਮਨਿ ਕੀਤਾ ਭਾਉ ॥' (੪)
'ਮੰਨੈ ਤਰੈ ਤਾਰੇ ਗੁਰੁਸਿਖ ॥' (੩)

ਕਿਸੇ ਦਾ ਬੁਰਾ ਨਹੀਂ ਚਿਤਵਣਾ :-

'ਪਰ ਕਾ ਬੁਰਾ ਨ ਰਾਖਹੁ ਚੀਤ ॥
ਤੁਮ ਕਉ ਦੁਖੁ ਨਹੀ ਭਾਈ ਮੀਤ ॥' (੩੮੬)

'ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥' (੧੩੮੧)

ਕਿਸੇ ਨਾਲ ਰੋਸ ਨਹੀਂ ਕਰਨਾ :-

'ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥' (੨੫੯)

'ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜਮੈ ਕੀਆ ਸਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥' (੪੩੩)

ਗੁਰਸਿੱਖ ਦਾ ਸੁਭਾਵ ਐਸਾ ਹੋਣਾ ਚਾਹੀਦਾ ਹੈ :-

'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥' (੪੭੦)

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਚਾਲੀਐ ॥' (੪੮੮)

ਕਿਸੇ ਨੂੰ ਮੰਦਾ ਨਹੀਂ ਬੋਲਣਾ ਅਤੇ ਕਿਸੇ ਨਾਲ ਐਵੇਂ ਵਾਦ-ਵਿਵਾਦ

ਕਾਵ-ਕਾਈ ਗੁਰਦਾਸ ਜੀ ਅੰਮ੍ਰਿਤ ਵੇਲੇ ਉੱਠ ਕੇ ਭਜਨ ਸਿਮਰਨ ਕਰਨ ਬਾਰੇ, ਮਿੱਠਾ ਬੋਲਣ, ਨੀਵੇਂ ਰਹਿਣ, ਥੋੜ੍ਹਾ ਸੌਣ, ਥੋੜ੍ਹਾ ਖਾਣ ਅਤੇ ਘੱਟ ਬੋਲਣ ਬਾਰੇ ਲਿਖਦੇ ਹਨ ਕਿ ਐਸੇ ਗੁਣ ਧਾਰਨ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਮਨੁੱਖ ਆਪਣੇ ਰੋਜ਼ਾਨਾ ਜੀਵਨ ਨੂੰ ਬਹੁਤ ਸੁਖਾਵਾਂ ਤੇ ਖੁਸ਼ੀ-ਭਰਪੂਰ ਬਣਾ ਸਕਦਾ ਹੈ।

ਦਹਰਾ-'ਸ਼ਸਤ੍ਰ ਧਾਰ ਕੋ ਖਾਇਬੋ, ਇਹ ਛਤ੍ਰਨ ਕੀ ਰੀਤਿ।
ਬਿਪ੍ਰ ਸੰਤੋਖੀ ਦਾਨ ਭਲ, ਖਾਵਹਿ ਭਜਹਿ ਸੁਮੀਤ।੪੪।
ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ।
ਰਹਿਤ ਪਿਆਰੀ ਮੋਹਿ ਕੋ, ਸਿਦਕ ਪਿਆਰਾ ਆਹਿ।੪੫।
ਰਹਿਣੀ ਸਤਿਗੁਰ ਸਿਖ ਕੀ, ਕਹੀ ਸੁ ਹਿਤ ਚਿਤ ਲਾਇ।
ਪੜਹਿ ਸੁਨਹਿ ਭਗਤੀ ਲਹਹਿ, ਮੁਕਤਿ ਗੁਰੂ ਘਰਿ ਜਾਇ।੪੬।'
(ਸੋ ਸਾਖੀ, ਨੰ: ੪੫)

ਪੰਜ ਪਿਆਰਿਆਂ ਦੀ ਸੇਵਾ ਵਿਚ ਲੱਗਣ ਵਾਲਾ ਸਿੰਘ ਤਿਆਰ-ਪੁਰ-ਤਿਆਰ ਚੜ੍ਹਦੀ ਕਲਾ ਵਾਲਾ ਹੋਣਾ ਚਾਹੀਦਾ ਹੈ।

'ਪਹੁਲ ਦੇਵਣ ਵਾਲਾ ਸਿਖ ਕਾਮੀ, ਕ੍ਰੋਧੀ, ਮਾਨੀ, ਵਿਕਾਰੀ ਨਾ ਹੋਵੈ। ਰਹਿਤਵਾਨ ਹੋਵੈ। ਆਪ ਗੁਰੂ ਨ ਸਦਾਏ।' (ਰ: ਭਾਈ ਚਉਪਾ ਸਿੰਘ ਜੀ)

ਸਿੱਖਿਆ

ਸਤਿਗੁਰਾਂ ਦੇ ਉਪਦੇਸ਼, ਹੁਕਮਾਂ ਤੇ ਸਿੱਖਿਆ ਨੂੰ ਮਨਿ ਕੇ ਉਸ ਅਨੁਸਾਰ ਚੱਲਣ ਅਤੇ ਉਸ ਤੇ ਵੀਚਾਰ ਕਰਨ ਨੂੰ ਹੀ 'ਸਿੱਖਿਆ' ਆਖਦੇ ਹਨ :-

'ਸਿਖੀ ਸਿਖਿਆ ਗੁਰ ਵੀਚਾਰਿ॥' (੪੬੫)

ਜਿਹੜਾ ਗੁਰਸਿੱਖ ਦਸਾਂ ਪਾਤਸ਼ਾਹੀਆਂ ਦੁਆਰਾ ਦਿੱਤੀ ਸਿੱਖਿਆ ਤੇ ਅਮਲ ਕਰਦਾ ਹੈ-ਉਹ ਗੁਰਸਿੱਖ ਕਹਾਉਣ ਦਾ ਹੱਕਦਾਰ ਹੈ :-

'ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ॥੧॥' (੬੬੭)
'ਗਰਿ ਕਹਿਆ ਸਾ ਕਾਰ ਕਮਾਵਹੁ॥' (੯੩੩)
'ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥
ਗੁਰਿ ਕੀ ਆਗਿਆ ਮਨ ਮਹਿ ਸਹੈ॥' (੨੮੬)

'ਕਹੈ ਕਬੀਰ ਨਿਰੰਜਨ ਧਿਆਵਉ ॥
ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥' (੩੨੭)

ਜਿਵੇਂ ਕੁਦਰਤੀ ਚੀਜ਼ਾਂ ਵੀ ਨਿਯਮ ਅਨੁਸਾਰ ਚੱਲ ਰਹੀਆਂ ਹਨ ਇਸੇ ਤਰ੍ਹਾਂ ਮਨੁੱਖ ਨੂੰ ਵੀ ਪ੍ਰਮੇਸ਼ਰ ਦੇ ਭਾਣੇ ਅਨੁਸਾਰ ਹੀ ਚੱਲਣਾ ਚਾਹੀਦਾ ਹੈ :-

'ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥' (੧੩੮੨)

ਦਸਵੇਂ ਸਰੂਪ ਵਿਚ ਰਹਿਤ-ਮਰਯਾਦਾ ਨੂੰ ਹੋਰ ਵੀ ਦ੍ਰਿੜ੍ਹ ਤੇ ਪ੍ਰਪੱਕ ਕੀਤਾ ਹੈ ਜੋ ਬਚਨ ਰਹਿਤਨਾਮੇ ਵਿਚ ਆਉਂਦੇ ਹਨ :-

'ਰਹਿਣੀ ਰਹੈ ਸੋਈ ਸਿਖ ਮੇਰਾ । ਉਹ ਸਾਹਿਬ ਮੈ ਉਸਕਾ ਚੇਰਾ ।'
'ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ ।
ਸਿਖ ਪਿਆਰਾ ਨਾਹਿ ਮਮ ਰਹਿਤ ਪਿਆਰੀ ਆਹਿ ।'
'ਖਾਲਸਾ ਸੋਇ ਸ਼ਸਤ੍ਰ ਕਉ ਧਾਰੈ । ਖਾਲਸਾ ਸੋਇ ਦੁਸ਼ਟ ਕਉ ਮਾਰੈ ।੩੧।'
'ਸ਼ਸਤ੍ਰਹੀਣ ਕਬਹੂ ਨਹਿ ਹੋਈ । ਰਹਿਤਵਾਨ ਸਿੰਘ ਹੈ ਸੋਈ ॥'
'ਰਹਤ ਰਹਤ ਰਹ ਜਾਇ ਬਿਕਾਰਾ । ਰਹਤ ਧਰਮ ਸਿੰਘਨ ਕੋ ਸਾਰਾ ।
ਰਹਤ ਬਿਨਾ ਸਦਗਤਿ ਨਹਿ ਹੋਈ । ਰਹਤ ਬਿਨਾ ਭਲ ਕਹੈ ਨ ਕੋਈ ।੮੭।
ਰਹਤ ਬਿਨਾ ਨਹਿ ਸਿੰਘ ਕਹਾਵੈ । ਰਹਤ ਬਿਨਾ ਦਰ ਚੋਟਾਂ ਖਾਵੈ ।
ਰਹਤ ਬਿਨਾ ਜਗ ਮੋ ਭਰਮਾਈ । ਰਹਤ ਬਿਨਾ ਨਰ ਨਰਕੇ ਜਾਈ ।੮੮।
ਰਹਤ ਬਿਨਾ ਤਨਖਾਹੀ ਜਾਨੋ । ਰਹਤ ਬਿਨਾ ਜੜ ਭੂਤ ਬਖਾਨੋ ।
ਰਹਤ ਬਿਨਾ ਸੁਖ ਕਬਹੂ ਨ ਲਹੈ । ਤਾਂ ਤੇ ਰਹਤ ਸੁ ਦ੍ਰਿੜ ਕਰ ਗਹੈ ।੮੯।'

ਸਤਿਗੁਰੂ ਜੀ ਨੇ ਖਾਲਸੇ ਨੂੰ ਸਾਰੇ ਮੱਤਾਂ ਤੋਂ ਨਿਆਰੇ ਰਹਿਣ ਦੀ ਆਗਿਆ ਕੀਤੀ ਹੈ :-

'ਜਬ ਲਗ ਖਾਲਸਾ ਰਹੈ ਨਿਆਰਾ,
ਤਬ ਲਗ ਤੇਜ ਦੀਓ ਮੈ ਸਾਰਾ ।
ਜਬ ਇਹ ਗਹਿ ਬਿਪਰਨ ਕੀ ਰੀਤ,
ਮੈਂ ਨਾ ਕਰੂੰ ਇਨ ਕੀ ਪ੍ਰਤੀਤ ।'
'ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ ।
ਮਿਠਾ ਬੋਲਣੁ ਨਿਵ ਚਲਣੁ ਹਸਹੁ ਦੇ ਕੈ ਭਲਾ ਮਨਾਏ ।
ਥੋੜਾ ਸਵਣਾ ਖਾਵਣਾ ਥੋੜਾ ਬੋਲਣੁ ਗੁਰਮਤਿ ਪਾਏ ।'
(ਵਾਰ ੨੮, ਪਉੜੀ ੧੫)

ਕੈ ਵਿਚਿ ਜੋਧ ਮਹਾਬਲ ਸੂਰ ॥ ਕੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ
ਸਚੁ ਏਕੁ ॥' (੪੬੪)

ਹੁਕਮ ਕੀਤਾ ਕਿ ਸਾਡਾ ਰਿਸ਼ਤੇਦਾਰ, ਮਿੱਤਰ, ਦੋਸਤ, ਭਾਈ ਉਹੋ ਹੀ ਹੈ ਜੋ ਰਹਿਤ ਵਿਚ ਰਹੇ, ਭਾਣਾ ਮੰਨੇ :–

'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥'
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥' (੬੦੧)

ਨਾਲ ਇਹ ਵੀ ਕਿਹਾ ਕਿ ਐਸਾ ਕੰਮ ਨਹੀਂ ਕਰਨਾ ਜਿਸ ਕਰਕੇ ਪਿਆਰੇ ਵਾਹਿਗੁਰੂ ਨਾਲੋਂ ਵਿਛੋੜਾ ਪਵੇ :–

'ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥'(੫੬੦)

ਉਹੋ ਕਾਰ ਕਰੋ ਜਿਸ ਕਰਕੇ ਸਾਹਿਬ ਨਾਲ ਬਣ ਆਵੇ ਤੇ ਦਰਗਾਹ ਵਿਚ ਮੁੱਖ ਉੱਜਲਾ ਹੋਵੇ :–

ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥' (੩੬੭)

ਅਤੇ ਪਛਤਾਉਣਾ ਨਾ ਪਵੇ :—

'ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥' (੯੧੮)
'ਐਸੀ ਕਲਾ ਨ ਮੇੜੀਐ ਜਿਤੁ ਦਰਗਹ ਗਇਆ ਜਾਈਐ ॥'(੪੬੬)
'ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮਡੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥' (੧੩੮੧)

ਬਹੁਤਿਆਂ ਨਾਲੋਂ ਇਕੋ ਇਕ ਪ੍ਰਮਾਤਮਾਂ ਦਾ ਧਿਆਨ ਧਰੋ ਜਿਸ ਕਰਕੇ ਪਾਰ ਉਤਾਰਾ ਹੋਵੇ :—

'ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥
ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ ॥
ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥
ਐਸੇ ਮਰਹੁ ਜਿ ਬਹੁਰਿ ਨ ਮਰਨਾ ॥' (੩੨੭)
'ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥
ਐਸੀ ਰਹਤ ਰਹਹੁ ਹਰਿ ਪਾਸਾ ॥

੭. ਨਿਗ੍ਹਾ :—ਪੰਜਾਂ ਪਿਆਰਿਆਂ ਦੇ ਦਸ ਨੇਤ੍ਰਾਂ ਦੁਆਰਾ ਦਸਾਂ ਹੀ ਪਾਤਸ਼ਾਹੀਆਂ ਦੀ ਦ੍ਰਿਸ਼ਟੀ ਅੰਮ੍ਰਿਤ ਵਿਚ ਪੈਂਦੀ ਹੈ, ਤੇ ਦਸਾਂ ਹੀ ਸਤਿਗੁਰਾਂ ਦੇ ਹਸਤ-ਕੰਵਲ ਨਾਲ ਲੱਗਦੇ ਹਨ। ਗੁਰਬਾਣੀ ਦੇ ਪਾਠ ਨਾਲ ਜਲ ਅੰਮ੍ਰਿਤ ਬਣਦਾ ਹੈ। ਗੁਰਬਾਣੀ ਤੇ ਨਾਮ ਨਾਲ ਹੀ ਸ਼ਕਤੀ ਭਰੀ ਜਾਂਦੀ ਹੈ।

'ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪਾਵਹੁ ਭਾਈ ॥' (੩੧੮)
'ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤ ਨਾਹਿ ॥' (੧੨੩੮)

ਕੇਵਲ ਨਾਮ ਹੀ, ਗੁਰਬਾਣੀ ਹੀ, ਮਿੱਠੀ ਅੰਮ੍ਰਿਤ ਧਾਰ ਹੈ :

'ਸਾਚੀ ਬਾਣੀ ਮੀਠੀ ਅੰਮ੍ਰਿਤਧਾਰ ॥
ਜਿਨਿ ਪੀਤੀ ਤਿਸੁ ਮਨ ਦੁਆਰ ॥' (੧੨੭੫)

ਉਸੇ ਗੁਰਬਾਣੀ ਦਾ ਪਾਠ ਕਰਕੇ ਹੀ ਅੰਮ੍ਰਿਤ ਤਿਆਰ ਹੁੰਦਾ ਹੈ। ਗੁਰਬਾਣੀ ਪੜ੍ਹਨ ਤੋਂ ਬਿਨਾਂ ਖੰਡਾ ਫੇਰਨ ਤੋਂ ਅੰਮ੍ਰਿਤ ਨਹੀਂ ਬਣ ਜਾਂਦਾ।

ਰਹਿਤ

ਜੀਵਨ-ਮਰਯਾਦਾ, ਨਿਤਕਰਮ, ਸ਼ੁਭ ਕੰਮ ਜੋ ਮਨੁੱਖ ਨੂੰ ਗੁਰਮੁਖਤਾਈ ਵੱਲ ਲਿਜਾਂਦੇ ਹਨ 'ਰਹਿਤ' ਅਖਵਾਉਂਦੇ ਹਨ। 'ਗੁਰਸਿੱਖ' ਸ਼ਬਦ ਦਾ ਅਰਥ ਵੀ ਇਹੋ ਹੀ ਹੈ ਕਿ ਗੁਰੂ ਦੀ ਸਿੱਖਿਆ ਤੇ ਚੱਲਣ ਵਾਲੇ ਭਾਵ ਰਹਿਤ ਰੱਖਣ ਵਾਲੇ ਸਿੱਖ। ਕਲਿਆਣ ਵੀ ਉਹੋ ਹੀ ਗੁਰਸਿੱਖ ਪਾ ਸਕਦੇ ਹਨ ਜੋ ਗੁਰੂ ਦੀ ਸਿੱਖਿਆ ਸੁਣ ਕੇ ਕਮਾਉਣ :—

'ਸੁਨਤ ਕਹਤ ਰਹਤ ਗਤਿ ਪਾਵਹੁ ॥' (੨੮੯)
'ਰਹਤ ਰਹਤ ਰਹਿ ਜਾਹਿ ਬਿਕਾਰਾ ॥
ਗੁਰ ਪੂਰੇ ਕੈ ਸਬਦਿ ਅਪਾਰਾ ॥' (੨੫੯)

ਕੁਦਰਤ ਨੇ ਹਰ ਚੀਜ਼ ਪੰਜੇ ਤੱਤ, ਚੰਦ, ਸੂਰਜਾਦਿਕ ਸਭ ਨਿਯਮ ਤੇ ਭੈ ਵਿੱਚ ਰੱਖੇ ਹਨ।

'ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦ ਫਿਰੈ ਸਿਰ ਭਾਰਿ ॥ ਭੈ ਵਿਚਿ ਜਾਸਾ ਧਰਮ ਦੁਆਰ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥

'ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਨੈ;
ਹਰਿ ਰੂਪੁ ਨਦਰੀ ਆਇਆ ॥' (੯੨੨)

ਦ੍ਵੈਤ ਭਾਵ ਵਾਲੀ ਨਿਗ੍ਹਾ ਨਾ ਰਹੇ।

੩. ਕੇਸਾਂ ਵਿਚ ਅੰਮ੍ਰਿਤ :-ਇਸ ਕਰਕੇ ਪਾਇਆ ਜਾਂਦਾ ਹੈ ਕਿ ਅੰਮ੍ਰਿਤਧਾਰੀ ਮਾਈ ਭਾਈ ਦੀ ਬੁੱਧ ਉੱਜਲ ਹੋਵੇ, ਮਨ ਨੀਵਾਂ, ਮੱਤ ਉੱਚੀ ਹੋਵੇ। ਸਿਰ ਅੱਜ ਤੋਂ ਗੁਰੂ ਸਾਹਿਬ ਦਾ ਹੋ ਚੁਕਾ ਹੈ। ਕਿਸੇ ਮਨੁੱਖ, ਭੂਤ, ਪ੍ਰੇਤ, ਮੜ੍ਹੀ, ਮਸਾਣੀ ਅੱਗੇ ਨਾ ਝੁਕੇ।

ਅੰਮ੍ਰਿਤ ਸਮੱਗਰੀ ਤੋਂ ਸਿੱਖਿਆ

ਜਿਵੇਂ ਪੰਜਾਂ ਪਿਆਰਿਆਂ ਦੇ ਨਾਮ ਤੋਂ ਅਮੋਲਕ ਸਿੱਖਿਆਵਾਂ ਮਿਲਦੀਆਂ ਹਨ ਤਿਵੇਂ ਬਾਟਾ, ਸੁਨਹਿਰਾ, ਪਤਾਸੇ, ਜਲ ਅਤੇ ਖੰਡੇ ਆਦਿਕ ਪਿੱਛੇ ਵੀ ਕਈ ਸਿੱਖਿਆਦਾਇਕ ਕਾਰਨ ਹਨ :

੧. ਸੁਨਹਿਰਾ :-ਜਿਵੇਂ ਸੁਨਹਿਰਾ ਅਹਿੱਲ, ਅਚੱਲ ਅਤੇ ਇਸਥਿਤ ਰਹਿੰਦਾ ਹੈ ਇਵੇਂ ਆਪਣੇ ਮਨ ਨੂੰ ਦ੍ਰਿੜ੍ਹ ਪ੍ਰਪੱਕ ਤੇ ਸਥਿਰ ਰੱਖਣਾ ਹੈ। ਏਸੇ ਤਰ੍ਹਾਂ ਨਿਸਚਾ ਰੂਪੀ ਸੁਨਹਿਰਾ ਰੱਖਣਾ ਹੈ।

੨. ਕੰਬਲ :-ਉੱਨ ਦਾ ਭੂਰਾ ਪਵਿੱਤ੍ਰਤਾ ਵਾਸਤੇ ਹੇਠਾਂ ਵਿਛਾਈਦਾ ਹੈ।

੩. ਸਰਬ ਲੋਹ ਦਾ ਬਾਟਾ :-ਸਾਰੀਆਂ ਧਾਤਾਂ ਵਿਚੋਂ ਸਖ਼ਤ, ਸਸਤੀ ਅਤੇ ਮੋਹਦੇ ਨੂੰ ਤਾਕਤ ਪਹੁੰਚਾਉਣ ਵਾਲੀ ਧਾਤ ਹੈ।

੪. ਜਲ :-ਸ਼ਾਂਤੀ ਵਾਸਤੇ ਹੈ, ਨਿੰਮ੍ਰਤਾ ਧਾਰਨ ਕਰਨੀ ਹੈ।

੫. ਪਤਾਸੇ :-ਮਿਠਾਸ, ਪਿਆਰ, ਪ੍ਰੇਮ ਅਤੇ ਸਹਿਨਸ਼ੀਲਤਾ ਪੈਦਾ ਕਰਨ ਵਾਸਤੇ ਪਾਈਦੇ ਹਨ।

੬. ਖੰਡਾ :-ਦੋ-ਧਾਰਾ ਖੰਡਾ ਫੇਰਨ ਵੇਲੇ ਜਿਹੜੀ ਖੰਡੇ ਦੀ ਧਾਰ ਆਪਣੇ ਵੱਲ ਨੂੰ ਖਿੱਚਣੀ ਹੈ ਇਸ ਦਾ ਮਤਲਬ ਹੈ ਕਿ ਪ੍ਰਮੇਸ਼ਰ ਦਾ ਪ੍ਰੇਮ ਆਪਣੇ ਵੱਲ ਖਿੱਚਣਾ ਹੈ। ਜਿਹੜੀ ਦੂਜੇ ਪਾਸੇ ਨੂੰ ਜ਼ੋਰ ਨਾਲ ਘਸਾ ਕੇ ਚਲਾਉਣੀ ਹੈ ਇਸ ਦਾ ਮਤਲਬ ਹੈ ਕਿ ਵਿਕਾਰਾਂ ਅਤੇ ਔਗੁਣਾਂ ਦਾ ਤਿਆਗ ਕਰਨਾ ਹੈ। ਅਥਵਾ ਆਪਣੇ ਵੱਲ ਨੂੰ ਖੰਡੇ ਦੀ ਧਾਰ ਲਿਆਉਣ ਸਮੇਂ ਆਪਣੇ ਅੰਦਰਲੇ ਵਿਕਾਰ ਕੱਟਣੇ, ਦੂਜੇ ਪਾਸੇ ਨੂੰ ਧਾਰ ਤੋਂ ਧਰਮ ਦੇ ਵਿਰੋਧੀ ਪ੍ਰਤੱਖ ਦੁਸ਼ਮਨ ਨਾਸ ਕਰਨੇ ਹਨ, ਇਹ ਦਲੇਰੀ ਧਾਰਨ ਕਰਨੀ ਹੈ।

'ਸਿਖ ਹੋਇ ਜੋ ਕਰਤ ਕ੍ਰੋਧ। ਕੰਨਿਆ ਮੂਲਿ ਨ ਦੇਵਹਿ ਸੋਧ।
ਧੀ ਭੈਣ ਕਾ ਪੈਸਾ ਖਾਇ। ਗੋਬਿੰਦ ਸਿੰਘ ਧੱਕੇ ਜਮ ਲਾਇ।੧੧।'
(ਤਨਖਾਹਨਾਮਾ ਭਾਈ ਨੰਦ ਲਾਲ ਸਿੰਘ ਜੀ)

'ਜੋ ਗੁਰੂ ਕਾ ਸਿਖ ਹੋਇ, ਕੰਨਿਆ ਦੇ ਪੈਸੇ ਨ ਖਾਏ।'
(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

੪. ਸਿਰ ਗੁੰਮ :—ਵਿਚੋਂ ਵਿਚੋਂ ਸਿਰ ਮੁਨਾਉਣ ਵਾਲੇ ਅਤੇ ਚੁਫੇਰਿਓਂ ਉਪਰੋਂ ਵਾਲ ਰੱਖਣ ਵਾਲੇ।

'ਸਿਰ ਗੁੰਮਨ ਕੇ ਮੁਖ ਨਹੀਂ ਲਾਗੋ।
ਪਾਂਚਨ ਕੋ ਸਭ ਸੰਗ ਤਿਆਗੋ।
ਮਰਨ ਪਰਨ ਤਿਨ ਕੇ ਕਛੁ ਹੋਵੈ।
ਤਹਾਂ ਸਿਖ ਨਹੀ ਜਾਇ ਖਲੋਵੈ॥ ੧੯॥'
(ਸ੍ਰੀ ਗੁਰੁ ਸੋਭਾ ਕਵਿ ਸੈਨਾਪਤਿ)

੫. ਮੋਨੇ :—ਸਿਰ ਮੂੰਹ ਤੋਂ ਸਾਰੇ ਕੇਸ ਮੁਨਾ ਦੇਣ ਵਾਲੇ, ਮੁਹੰਮਦ ਦਾ ਪੌਲਾ ਫਿਰਾਉਣ ਵਾਲੇ। ਇਨ੍ਹਾਂ ਪੰਜਾਂ ਨਾਲ ਖਾਲਸੇ ਨੇ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ। ਇਨ੍ਹਾਂ ਵਿਚੋਂ ਜੇ ਕੋਈ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਤਿਆਰ-ਪੁਰ-ਤਿਆਰ ਹੋ ਜਾਵੇ ਤਾਂ ਉਹ ਸਾਡਾ ਗੁਰਭਾਈ ਹੈ, ਉਸ ਨਾਲ ਸਦਾ ਵਰਤਣਾ ਹੈ।

ਅੰਮ੍ਰਿਤ ਤੋਂ ਸਿੱਖਿਆ

੧. ਮੁੱਖ ਵਿਚ ਅੰਮ੍ਰਿਤ :—ਸਤਿਗੁਰੂ ਸਾਹਿਬ ਜੀ ਨੇ ਵਿਛੜਿਆਂ ਨੂੰ ਮੇਲਣ ਵਾਸਤੇ ਅਤੇ ਚੌਰਾਸੀ ਲੱਖ ਜੂਨਾਂ ਤੋਂ ਬਚਾਉਣ ਵਾਸਤੇ ਮੁੱਖ ਵਿਚ ਅੰਮ੍ਰਿਤ ਪਾਇਆ ਹੈ। ਮੁੱਖ ਤੇ ਰਸਨਾ ਪਵਿੱਤਰ ਹੋਵੇ। ਛਕਣ ਤੋਂ ਹਿਰਦਾ ਪਵਿੱਤ੍ਰ ਹੋਵੇ।

੨. ਨੇਤ੍ਰਾਂ ਵਿਚ ਅੰਮ੍ਰਿਤ :—ਇਸ ਵਾਸਤੇ ਪਾਇਆ ਜਾਂਦਾ ਹੈ ਕਿ ਨਿਗ੍ਹਾ ਪ੍ਰਮੇਸ਼ਰ ਨਾਲ ਜੁੜੀ ਰਹੇ।

'ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ॥' (੮੪੫)

ਦਸ਼ਮਣ ਸਾਹਮਣੇ ਅੱਖਾਂ ਨੀਵੀਆਂ ਨਾ ਹੋਣ, ਭੈੜੀ ਦ੍ਰਿਸ਼ਟੀ ਨਾ ਹੋਵੇ, ਸਾਰਿਆਂ ਵਿਚ ਪ੍ਰਮੇਸ਼ਰ ਦੀ ਜੋਤ ਦਿਸੇ :

'ਜੋ ਦੀਸੈ ਸੋ ਤੇਰਾ ਰੂਪੁ॥' (੭੨੪)

੫. ਗੰਗੂ ਸ਼ਾਹੀਏ (ਹਿੰਦਾਲੀਏ) :—ਨੌਵੇਂ ਪਾਤਸ਼ਾਹ ਜੀ ਤੇ ਗੋਲੀ ਚਲਾਉਣ ਵਾਲੇ ਸ਼ੀਂਹੇਂ ਮਸੰਦ ਅਤੇ ਗੰਗੂ ਸ਼ਾਹ ਜਿਸ ਨੇ ਸਰਹੰਦ ਦੇ ਸੂਬੇ ਵਜੀਰ ਖਾਂ ਪਾਸੋਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਇਆ ਸੀ। ਇਸ ਨਿਮਕ-ਹਰਾਮੀ ਦੀ ਬੰਸ ਦਾ ਖ਼ਾਲਸੇ ਨੇ ਵਿਸਾਹ ਨਹੀਂ ਕਰਨਾ।

ਇਸ ਪ੍ਰਕਾਰ ਖਾਲਸਾ ਜੀ! ਇਨ੍ਹਾਂ ਪੰਜਾਂ ਦਾ ਖਾਲਸੇ ਨੇ ਕਦੀ ਵੀ ਵਿਸਾਹ ਨਹੀਂ ਕਰਨਾ। ਜੇ ਇਨ੍ਹਾਂ ਵਿਚੋਂ ਕੋਈ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਲਵੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੇ ਦ੍ਰਿੜ੍ਹ ਨਿਸ਼ਚਾ ਕਰੇ ਤਾਂ ਉਹ ਸਾਡਾ ਗੁਰਭਾਈ ਹੈ।

ਪੰਜਾਂ ਨਾਲ ਮੇਲ ਨਹੀਂ ਕਰਨਾ

ਭਾਵ ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ।

੧. ਨਸ਼ੀਮਾਰ :—ਤਮਾਕੂ, ਸਿਗਰਟ, ਨਸਵਾਰ, ਜਰਦਾ ਅਤੇ ਖੈਣੀ ਆਦਿ (ਜਿਸ ਵਸਤੂ ਵਿਚ ਤਮਾਕੂ ਦੀ ਰਤੀ ਵੀ ਅੰਸ ਪੈਂਦੀ ਹੈ) ਵਰਤਣ ਵਾਲਿਆਂ ਨਾਲ ਕਦੇ ਮਿਲਾਪ ਨਹੀਂ ਕਰਨਾ।

੨. ਕੁੜੀ ਮਾਰ :—ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਵਾਲੇ।

'ਬ੍ਰਹਮਣ ਕੈਲੀ ਘਾਤੁ ਕੰਵਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋਤੁ ਬਦੀਆ ਸਦਾ ਸਦਾ ਅਕਮਾਨੁ॥' (੧੪੧੩)

'ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ।
ਹੋਇ ਸਿਖ ਵਰਤਨ ਕਰਹਿ, ਅੰਤ ਕਰੇਗੁ ਖੁਆਰ।'
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

'ਕੁੜੀ ਮਾਰ ਆਦਿ ਹੈਂ ਜੇਤੇ। ਮਨ ਤੇ ਦੂਰ ਤਿਆਗੋ ਤੇਤੇ।'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

੩. ਲੜਕੀਆਂ ਵੇਚਣ ਵਾਲੇ :—ਰੁਪਏ ਲੈ ਕੇ ਲੜਕੀਆਂ ਦੇ ਵਿਆਹ ਕਰਨ ਵਾਲੇ।

'ਸਾਈਂ ਪੁਤ੍ਰੀ ਜਜਮਾਨ ਕੀ ਸਾ ਤੇਰੀ,
ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥' (੪੩੫)

'ਮਸੰਦ ਮਸੰਦੀਏ ਦੇ ਮਰਣੇ ਪਰਣੇ, ਗੁਰੁ ਕੇ ਸਿਖ ਨਾਹੀ ਬੈਠਣਾ।'

'ਮਸੰਦ ਅਰੁ ਮਸੰਦੀਏ ਨਾਲਿ ਮਿਲਾਪੁ ਨਾਹੀ ਕਰਣਾ, ਹੋਰ ਵਧੀਕ ਦਿਕਤਿ ਨਾਹੀ ਕਰਣੀ, ਪਿਆਰ ਕਰਣਾ। ਜੋ ਸਿਖ ਮਿਲੈ ਸੋ ਮੇਲਿ ਲੈਣਾ।'

੩. ਧੀਰ ਮੱਲੀਏ :—ਬਾਬਾ ਗੁਰਦਿੱਤਾ ਜੀ ਦਾ ਵੱਡਾ ਸਪੁੱਤਰ ਅਤੇ ਸ੍ਰੀ ਗੁਰੁ ਹਰਿਰਾਏ ਸਾਹਿਬ ਜੀ ਦੇ ਵੱਡੇ ਭਰਾਤਾ ਧੀਰ ਮੱਲ ਨੇ ਸੱਤਵੇਂ ਪਾਤਸ਼ਾਹ ਜੀ ਨਾਲ ਈਰਖਾ ਕਰਕੇ ਛੇਵੇਂ ਪਾਤਸ਼ਾਹ ਜੀ ਦੇ ਹੁੰਦਿਆਂ ਹੋਇਆਂ ਹੀ ਸ੍ਰੀ ਕੀਰਤਪੁਰ ਸਾਹਿਬ ਵਿਚ ਵੱਖਰੀ ਗੁਰੂ-ਪੁਣੇ ਦੀ ਗੱਦੀ ਲਾ ਲਈ। ਸਤਿਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਨੇ ਚੌਰ ਖੋਹ ਲਿਆ ਅਤੇ ਧੱਕੇ ਮਾਰ ਕੇ ਕੀਰਤਪੁਰ ਸਾਹਿਬ ਤੋਂ ਕੱਢ ਦਿੱਤਾ। ਫਿਰ ਦੁਬਾਰਾ ਨੌਵੇਂ ਪਾਤਿਸ਼ਾਹ ਜੀ ਦੇ ਵਿਰੁੱਧ ਬਾਬੇ ਬਕਾਲੇ ਗੁਰਤਾ-ਗੱਦੀ ਦਾ ਪਖੰਡ ਰਚਿਆ ਅਤੇ ਸ਼ੀਂਹੇਂ ਮਸੰਦ ਤੋਂ ਗੁਰੂ ਸਾਹਿਬ ਤੇ ਗੋਲੀ ਚਲਵਾਈ।

'ਕਰਤ ਰਹਯੋ ਜਬ ਧੀਰ ਮੱਲ, ਤਬਿ ਗੁਰ ਪਰਿ ਕਛੁ ਰੋਸ॥
ਕਹਯੋ ਜੋ ਬਰਤੈ ਤਾਂਹਿ ਸੋ, ਲਗੈ ਤਿਸੋ ਸਿਖ ਦੋਸ॥'
(ਸ੍ਰੀ ਗੁਰੁ ਪੰਥ ਪ੍ਰਕਾਸ਼, ਪੰਨਾ ੮੨੩)

ਇਸ ਵਾਸਤੇ ਖਾਲਸੇ ਨੇ ਧੀਰ ਮੱਲੀਆਂ ਦਾ ਵਿਸਾਹ ਨਹੀਂ ਕਰਨਾ।

੪. ਰਾਮਰਾਈਏ :—ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਸਪੁੱਤਰ ਰਾਮਰਾਏ ਨੇ ਅੱਠਵੇਂ ਤੇ ਨੌਵੇਂ ਪਾਤਸ਼ਾਹ ਜੀ ਨਾਲ ਅਕਾਰਨ ਈਰਖਾ ਕਰਕੇ ਆਪਣੇ ਹੀ ਮਸੰਦ ਬਣਾ ਲਏ ਸਨ। ਇਸਨੇ ਔਰੰਗਜ਼ੇਬ ਨੂੰ ਖੁਸ਼ ਰੱਖਣ ਵਾਸਤੇ ਧੁਰ ਕੀ ਬਾਣੀ ਦੇ ਅੱਧੇ ਅੱਖਰ 'ਮਿਟੀ ਮੁਸਲਮਾਨ ਕੀ, ਨੂੰ 'ਮਿਟੀ ਬੇਈਮਾਨ ਕੀ' ਕਹਿ ਕੇ ਜ਼ਬਾਨੀ ਬਦਲਿਆ ਸੀ। ਸੱਤਵੇਂ ਪਾਤਸ਼ਾਹ ਜੀ ਨੇ ਇਸ ਨੂੰ ਗੁਰੂ ਘਰ ਵਿਚੋਂ ਸਦਾ ਲਈ ਛੇਕ ਦਿੱਤਾ ਅਤੇ ਕਿਹਾ ਕਿ ਸਾਡਾ ਕੋਈ ਵੀ ਸਿੱਖ ਇਸ ਨਾਲ ਮਿਲਾਪ ਨਾ ਕਰੇ। ਇਸ ਪ੍ਰਕਾਰ ਡੇਹਰਾਦੂਨ ਵਾਲੇ ਰਾਮਰਾਈਏ ਗੁਰੂ ਘਰ ਵਿਚੋਂ ਖਾਰਜ ਹਨ, ਖ਼ਾਲਸੇ ਨੇ ਇਹਨਾਂ ਨਾਲ ਮਿਲਾਪ ਨਹੀਂ ਕਰਨਾ। ਇਹਨਾਂ ਨੂੰ ਕੋਈ ਪੂਜਾ ਨਹੀਂ ਦੇਣੀ।

'ਰਹਿਤ ਏਹੀ ਹੈ ਜੋ ੧. ਮਸੰਦੀਏ ੨. ਧੀਰ ਮੱਲੀਏ ੩. ਰਾਮਰਾਈਏ ੪. ਸਿਰ ਮੁੰਡਤ; ਇਹਨਾਂ ਨਾਲ ਵਰਤਣਾ ਨਹੀਂ।'
(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਛੁਡਾਇਆ। ਐਸੇ ਪਾਪੀਆਂ ਨੂੰ ਮੀਣੇ ਕਿਹਾ ਹੈ।

ਦਸਵੇਂ ਪਾਤਸ਼ਾਹ ਜੀ ਜਦੋਂ ਮਾਲਵੇ ਵਿਚ ਆਏ ਤਾਂ ਕੌਲ ਸੋਢੀ ਨੇ ਬੇਨਤੀ ਕੀਤੀ, 'ਮਹਾਰਾਜ ਜੀ! ਅਸੀਂ ਗੁਰੂ ਘਰ ਤੋਂ ਵਿਛੜੇ, ਆਪ ਜੀ ਨਾਲ ਕਿਸ ਤਰ੍ਹਾਂ ਮਿਲ ਸਕਦੇ ਹਾਂ?' ਸਤਿਗੁਰੂ ਜੀ ਨੇ ਫੁਰਮਾਇਆ, 'ਜੇ ਅੰਮ੍ਰਿਤ ਛਕ ਲਵੋ ਤਾਂ ਅਸੀਂ ਮੇਲ ਸਕਦੇ ਹਾਂ।' ਮੀਣਿਆਂ ਵਿਚੋਂ ਜੇ ਕੋਈ ਅੰਮ੍ਰਿਤ ਛਕ ਲਵੇ ਤਾਂ ਉਹ ਸਾਡਾ ਗੁਰਭਾਈ ਹੈ।

ਭਾਈ ਚਉਪਾ ਸਿੰਘ ਜੀ ਛਿੱਬਰ ਆਪਣੇ ਰਹਿਤਨਾਮੇ ਵਿਚ ਇਨ੍ਹਾਂ ਦੇ ਮੇਲ ਤੋਂ ਸਿੰਘਾਂ ਨੂੰ ਵਿਵਰਜਿਤ ਕਰਦੇ ਹਨ :—

'ਜੋ ਸਿਖ ਗੁਰੂ ਕਾ ਹੋਵੈ ਪੰਜਾਂ ਨਾਲ ਨਾਤਾ ਨਾ ਕਰੈ। ਵਰਤਣ ਭੀ ਨਾ ਕਰੈ–ਪਹਿਲੇ ਮੀਣੇ, ਦੂਜੇ ਰਾਮਰਾਈਏ, ਤੀਜੇ ਕੁੜੀ ਮਾਰ, ਚੌਥੇ ਭੱਦਣੀ (ਮੌਨੇ), ਪੰਜਵੇਂ ਮਸੰਦ। ਭਾਵੇਂ ਗੁਰੂ ਕੇ ਸਬੰਧੀ ਹੈਨਿ, ਤਾਂ ਭੀ ਇਹ ਨਿੰਦਾ ਕਰਕੇ ਦੁਸਟ ਹੋਇ ਹੈਨਿ। ਜੈਸੇ ਦਰਖਤ ਵਿਚਹੁ ਫਲ, ਪਤ੍ਰ, ਟਾਸ (ਟਾਹਣੇ) ਨਿਕਲਦੇ ਹੈਨਿ ਅਤੇ ਕੰਡੇ ਭੀ ਵਿਚਹੁ ਹੀ ਨਿਕਲਦੇ ਹੈਨਿ। ਸ ਏਹੁ ਕੰਡੇ ਹੈਨਿ।'

੨. ਮਸੰਦ :–ਸਤਿਗੁਰਾਂ ਦੇ ਨਾਮ ਤੇ ਉਗਰਾਹੀ ਕਰਕੇ ਗੁਰੂ ਘਰ ਦੀ ਕਾਰ-ਭੇਟਾ ਆਪਣੇ ਕਬਜ਼ੇ ਵਿਚ ਕਰਨ ਵਾਲੇ, ਜੋ ਨਿਜੀ ਸੁਆਰਥ ਲਈ ਵਰਤਦੇ ਸਨ। ਇਨ੍ਹਾਂ ਦਾ ਜੀਵਨ ਵਿਭਚਾਰੀ ਤੇ ਪਾਪੀ ਬਣ ਚੁੱਕਾ ਸੀ। ਸਿੱਖ ਸੰਗਤਾਂ ਤੇ ਬੜਾ ਜ਼ੁਲਮ, ਧੱਕਾ ਤੇ ਮਨ ਮਰਜ਼ੀ ਕਰਨ ਲੱਗ ਪਏ ਸਨ। ਦਸਾਂ ਪਾਤਸ਼ਾਹ ਜੀ ਨੇ ਇਹਨਾਂ ਮਗਰਮੱਛਾਂ ਤੋਂ ਸਿੱਖ ਸੰਗਤਾਂ ਨੂੰ ਛੁਡਾ ਕੇ ਸਿੱਧਾ ਆਪਣੇ ਨਾਲ ਸਬੰਧ ਪਾਇਆ ਸੀ। ਉਹਨਾਂ ਪਾਪੀਆਂ ਨੂੰ ਗੁੜ ਦੇ ਕੜਾਹੇ ਉਬਾਲ ਕੇ, ਉੱਪਰ ਪਾ ਪਾ ਕੇ, ਸਾੜ ਕੇ, ਭੰਨ ਦੇ ਕੇ ਪਵਿੱਤਰ ਕੀਤਾ ਸੀ।

ਕਾਸ਼ੀ ਪ੍ਰਹਿਲਾਦ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਫੁਰਮੰਦੇ ਹਨ :

'ਕਾਰ ਭੇਟ ਸੁਖ ਮੰਨਤ ਕਰ; ਜੋ ਸਿਖ ਚਿਤ ਭਰਮਾਇ,
ਸੋ ਸਾਕਤ ਪਾਪੀ ਸਦਾ, ਬਿਕਟ ਰੂਪ ਹੁਇ ਜਾਇ।੧੯।
ਕੁੜੀ ਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ,
ਲਖੇ ਜੁ ਇਨ ਕੇ ਨਾਥ ਕਾ, ਜਨਮ ਗਵਾਵਹਿ ਬਾਦ।੨੦।'

ਹੁਕਮਨਾਮੇ ਦੇ ਬਚਨ ਹਨ :–

'ਮਸੰਦਾਂ ਨੋ ਮੰਨਣਾ ਨਾਹੀ, ਗੁਰੂ ਸੰਗਤ ਕੀ ਬਹੁੜੀ ਕਰੇਗਾ।'

'ਹੈ ਅਨੰਦਪਰ ਪਰਮ ਸੁਹਾਵਨ। ਅੰਮ੍ਰਿਤਸਰ ਸੁਭ ਸਭ ਮਨ ਭਾਵਨ।
ਹਰਿਮੰਦਰ ਪਟਨੇ ਮੈਂ ਜੋਈ। ਦੱਖਣਿ ਅਬਚਲ ਨਗਰ ਸੋ ਹੋਈ।੧੭।
ਅਵਰ ਜਹਾਂ ਲਗ ਗੁਰ ਅਸਥਾਨ। ਪੂਰਬ ਉੱਤਰ ਪੱਛਮ ਮਾਨ।
ਤਹਾਂ ਜਾਇ ਪ੍ਰਕਰਮਾਂ ਕਰੈ। ਜਥਾ ਸਕਤਿ ਕੁਛ ਭੇਟਾ ਧਰੈ।੧੮।'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਜਦੋਂ ਵੀ ਕੋਈ ਅੰਮ੍ਰਿਤਧਾਰੀ ਸਿੰਘ ਸਿੰਘਣੀ ਪਹਿਲੀ ਵਾਰ ਕਿਸੇ ਤਖ਼ਤ ਸਾਹਿਬ ਦੇ ਦਰਸ਼ਨਾਂ ਨੂੰ ਜਾਵੇ ਤਾਂ ਸਵਾ ਰੁਪਿਆ ਗੋਲਕ ਭੇਟ ਅਤੇ ਸਵਾ ਰੁਪਏ ਦਾ ਕੜਾਹ ਪ੍ਰਸ਼ਾਦ ਕਰਾਵੇ।

ਖ਼ਾਲਸੇ ਦੇ ਚਾਰ ਰੰਗ

੧. ਨੀਲਾ ੨. ਚਿੱਟਾ ੩. ਕਾਲਾ ੪. ਖੱਟਾ।

ਇਹ ਚਾਰ ਰੰਗ ਪਹਿਰਨੇ ਹਨ। ਬਾਕੀ ਰੰਗ ਭੜਕੀਲੇ ਹੋਣ ਕਰਕੇ ਵਿਕਾਰੀ ਬਣਾਉਂਦੇ ਹਨ ਇਸ ਲਈ ਮਨ੍ਹਾ ਹਨ। ਬੀਬੀਆਂ ਨੇ ਲਾਲ ਰੰਗ ਅਤੇ ਸਿੰਘਾਂ ਨੇ ਹੈਦਰੀ (ਹਰਾ) ਰੰਗ ਕਦੇ ਨਹੀਂ ਪਹਿਰਨਾ।

ਪੰਜਾਂ ਦਾ ਵਿਸਾਹ ਨਹੀਂ ਕਰਨਾ

ਇਨ੍ਹਾਂ ਪੰਜਾਂ ਦਾ ਵਿਸਾਹ, ਯਕੀਨ, ਭਰੋਸਾ ਨਹੀਂ ਕਰਨਾ ਕਿਉਂਕਿ ਇਹ ਗੁਰੂ ਘਰ ਤੋਂ ਬੇਮੁੱਖ ਹਨ ਤੇ ਗੁਰੂ ਕੀ ਕਾਰ ਭੇਟਾ ਚੁਰਾਉਣ ਵਾਲੇ ਨਿਮਕ-ਹਰਾਮੀ ਹਨ। ਇਨ੍ਹਾਂ ਦੀ ਕੁਸੰਗਤ ਕਰਕੇ ਮਨ ਕਿਤੇ ਗੁਰੂ ਘਰ ਤੋਂ ਬੇਮੁੱਖ ਨਾ ਹੋ ਜਾਵੇ :

੧. ਮੀਣੇ :-ਸਤਿਗੁਰੂ ਰਾਮਦਾਸ ਜੀ ਨੇ ਪ੍ਰਿਥੀਏ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਅਕਾਰਨ ਵੈਰ ਕਰਨ ਕਰਕੇ ਮੀਣੇ ਕਹਿ ਕੇ ਛੱਡ ਦਿੱਤਾ ਸੀ।

'ਤਿਉ ਦਰਗਹ ਮੀਣਾ ਮਾਰੀਐ ਕਰ ਕੂੜ ਕੁਪੱਤਾ ॥੨॥' (ਵਾਰ ੩੬)

'ਸਤਿਗੁਰ ਸੱਚਾ ਪਾਤਸ਼ਾਹੁ ਮੁਹਿ ਕਾਲੈ ਮੀਣਾ ॥੧॥' (ਵਾਰ ੩੬)

'ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ ॥੫॥' (ਵਾਰ ੩੬)

ਪ੍ਰਿਥੀਏ ਦੀ ਉਲਾਦ ਕੌਣੇ ਵਾਲੇ ਸੋਢੀ ਜਿਸ ਨੇ ਬ੍ਰਹਮਣ ਤੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਜ਼ਹਿਰ ਦਿਵੌਣ ਦਾ ਪਾਪ ਕਰਨ ਦੀ ਕੋਸ਼ਿਸ਼ ਕੀਤੀ, ਦਾਈ ਦੇ ਅਸਥਨਾਂ ਨੂੰ ਜ਼ਹਿਰ ਲਾ ਕੇ ਭੇਜੀ, ਸਪੇਲੇ ਤੋਂ ਸੱਪ

ਕਹਿੰਦੇ, 'ਮਿਰਗੀ ਵੀ ਸਾਡੇ ਹਕਮ ਦੀ ਬੱਧੀ ਸੀ, ਹੁਣੇ ਆਈ ਲੈ।' ਝੱਟ ਮਿਰਗੀ ਪਈ ਬਾਰੀ ਵਿਚੋਂ ਥੱਲੇ ਸਿਰ ਪਰਨੇ ਡਿੱਗ ਕੇ ਉਥੇ ਹੀ ਮਰ ਗਿਆ। ਤੀਜੇ, ਚਉਥੇ, ਪੰਜਵੇਂ ਸਤਿਗੁਰਾਂ ਨੇ ਧੁਰ ਕੀ ਬਾਣੀ ਵਿਚ ਮਨਾਹੀ ਕੀਤੀ ਹੈ।

ਮਹਾਨ ਪਾਤਸ਼ਾਹ ਅਸਮੇਧ ਤੇ ਅਸਮੇਧਹਾਰਾ ਨੇ ਸ਼ਰਾਬ ਪੀ ਕੇ ਆਪਣਾ ਰਾਜ ਭਾਗ ਗਵਾਇਆ।

੫੬ ਕ੍ਰੋੜ ਯਾਦਵ ਸ਼ਰਾਪ ਪੀ ਕੇ ਆਪਸ ਵਿਚ ਲੜ ਕੇ ਢਾਈ ਪਹਿਰਾਂ ਵਿਚ ਮਰ ਗਏ ਸਨ।

ਸ਼ਰਾਬ ਪੀ ਕੇ ਗੰਦੀਆਂ ਗਲੀਆਂ ਵਿਚ ਡਿੱਗਦੇ, ਕੁੱਤੇ ਮੂੰਹ ਚੱਟਦੇ, ਆਪਸ ਵਿਚ ਲੜਾਈਆਂ, ਜੇਲ੍ਹਾਂ ਦੀਆਂ ਕੈਦਾਂ, ਵੈਰ ਵਧਣੇ, ਪੁਲਿਸ, ਡਾਕਟਰ, ਵਕੀਲਾਂ ਦੇ ਬੇਅਰਥ ਖਰਚ ਤੋਂ ਵੱਧ ਕੁਛ ਪ੍ਰਾਪਤੀ ਨਹੀਂ ਕਰਦੇ।

ਖ਼ਾਲਸੇ ਦੇ ਤਖ਼ਤ

੧. ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

੨. ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ (ਬਿਹਾਰ) (ਦਸਵੇਂ ਪਾਤਸ਼ਾਹ ਜੀ ਦਾ ਅਵਤਾਰ ਅਸਥਾਨ।)

੩. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, (ਖਾਲਸੇ ਦਾ ਜਨਮ ਅਸਥਾਨ)।

੪. ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਜਿੱਥੇ '੧ ੳ' ਤੋਂ ਲੈ ਕੇ 'ਅਠਾਰਹ ਦਸ ਬੀਸ' ਤੱਕ ਭਾਵ ਸੰਪੂਰਨ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' (ਸਮੇਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ) ਕੰਠੋਂ ਉਚਾਰਨ ਕਰਕੇ ਭਾਈ ਮਨੀ ਸਿੰਘ ਜੀ ਨੂੰ ਲਿਮਾਰੀ ਲਾ ਕੇ ਲਿਖਵਾਏ। ਨਾਲ ਅਰਥ ਪੜ੍ਹਾ ਕੇ ਗੁਰਬਾਣੀ ਦੇ ਅਰਥਾਂ ਦੀ ਟਕਸਾਲ ਚਲਾਈ। ਗੁਰੂ ਕੀ ਕਾਂਸ਼ੀ ਨਾਮ ਰੱਖਿਆ।)

੫. ਤਖ਼ਤ ਅਬਚਲ ਨਗਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) (ਜਿੱਥੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਦਸਵੇਂ ਪਾਤਸ਼ਾਹ ਜੀ ਨੇ ਸਦਾ ਵਾਸਤੇ ਚਵਰ ਤਖ਼ਤ ਛਤ੍ਰ ਦੇ ਮਾਲਿਕ ਬਣਾ ਕੇ ਗੁਰਤਾ-ਗੱਦੀ ਅਤੇ ਤਖ਼ਤ ਉਤੇ ਸਥਾਪਨ ਕੀਤਾ, ਆਪ ਸੱਚਖੰਡ ਗਏ।)

ਜਾਂਦੀ ਹੈ ਤੇ ਪੀਣਾ ਕੋਈ ਪਾਪ ਨਹੀਂ। ਜਾਂ ਇਹ ਚੀਜ਼ਾਂ ਵੀ ਨਾ ਵਰਤੀਆਂ ਜਾਣ ?

ਉੱਤਰ :-ਕਈ ਚੀਜ਼ਾਂ ਐਸੀਆਂ ਹਨ ਜੇ ਵੱਖਰੀਆਂ ਵੱਖਰੀਆਂ ਹੋਣ ਤਾਂ ਬੜੀਆਂ ਲਾਭਦਾਇਕ ਹਨ ਪਰ ਜੇ ਉਹ ਇਕੱਠੀਆਂ ਕਰ ਦੇਈਏ ਤਾਂ ਅਤਿਅੰਤ ਦੁਖਦਾਇਕ ਬਣ ਜਾਂਦੀਆਂ ਹਨ ਜੋ ਵਰਤਣੇ ਜੋਗ ਨਹੀਂ ਰਹਿੰਦੀਆਂ। ਜਿਵੇਂ ਦਹੀਂ ਵਿਚ ਗੋਹਾ ਪਾ ਕੇ ਭਾਦਰੋਂ ਦੇ ਮਹੀਨੇ ਵਿਚ ਰੱਖੀਏ ਤਾਂ ਉਸ ਵਿਚ ਜ਼ਹਿਰੀਲੇ ਠੂਹੇਂ ਹੀ ਠੂਹੇਂ ਪੈਦਾ ਹੋ ਜਾਂਦੇ ਹਨ ਜੋ ਡੰਗ ਮਾਰ ਕੇ ਅਤਿਅੰਤ ਦੁਖ ਦੇਂਦੇ ਹਨ। ਦਹੀਂ ਕਿੱਡੀ ਪਵਿੱਤਰ ਚੀਜ਼ ਹੈ ਜਿਸ ਵਿਚੋਂ ਮੱਖਣ ਤੇ ਘਿਉ ਨਿਕਲਦਾ ਹੈ। ਗੋਹਾ ਵੀ ਮਾੜੀ ਚੀਜ਼ ਨਹੀਂ, (ਸਿੰਘਾ ਤੋਂ ਬਿਨਾਂ) ਆਪਾ ਲੋਕ ਪਵਿੱਤਰਤਾ ਲਈ ਘਰਾਂ ਵਿਚ ਫੇਰਦੇ ਹਨ ਪਰ ਦੋਵੇਂ ਰਲਾ ਮਿਲਾ ਦੇਈਏ ਤਾਂ ਕਿੱਡੇ ਜ਼ਹਿਰੀਲੇ ਠੂਹੇਂ ਪੈਦਾ ਹੁੰਦੇ ਹਨ। ਏਸੇ ਤਰ੍ਹਾਂ ਪਾਣੀ, ਗੁੜ ਤੇ ਕਿੱਕਰ ਦਾ ਸੱਕ ਇਕੱਲੇ ਇਕੱਲੇ ਤਾਂ ਚੰਗੇ ਹਨ ਪਰ ਜੇ ਰਲ ਜਾਣ ਤਾਂ ਕੁਰੀਤੀਆਂ ਦੀ ਜੜ੍ਹ ਬਣ ਜਾਂਦੇ ਹਨ। ਇਸ ਵਾਸਤੇ ਇਹ ਸ਼ਰਾਬ ਨਹੀਂ ਪੀਣੀ।

ਸਤਿਗੁਰੂ ਨਾਨਕ ਦੇਵ ਜੀ ਪਾਸ ਸਿੱਧ ਕਈ ਵਾਰੀ ਸ਼ਰਾਬ ਦੇ ਪਿਆਲੇ ਦੀ ਸਿਫ਼ਤ ਕਰਕੇ ਪ੍ਰੇਰਦੇ ਰਹੇ। ਸਤਿਗੁਰੂ ਜੀ ਨੇ ਇਸ ਦਾ ਖੰਡਨ ਹੀ ਕੀਤਾ। ਗਿਆਨ ਸ਼ਰਾਬ ਦੇ ਧਾਰਨੀ ਬਣਨ ਦੀ ਹੀ ਆਗਿਆ ਦਿੱਤੀ ਹੈ :-

'ਗੁੜੁ ਕਰਿ ਗਿਆਨੁ ਧਿਆਨ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥' (੩੬੦)

'ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥' (੯੬੯)

ਸਾਖੀ ਚੌਧਰੀ ਮਲੂਕ ਦਾਸ ਦੀ

ਸਤਿਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਦੇ ਚੌਧਰੀ ਮਲੂਕ ਦਾਸ ਦੇ ਬੇਨਤੀ ਕਰਨ ਤੋਂ ਕਿ ਕਿਰਪਾ ਕਰਕੇ ਮੇਰੀ ਮਿਰਗੀ ਦੀ ਬੀਮਾਰੀ ਹਟਾਓ। ਤਾਂ ਹੁਕਮ ਕੀਤਾ ਕਿ ਸ਼ਰਾਬ ਕਦੇ ਨਾ ਪੀਵੀਂ। ਉਸ ਨੇ ਸੱਤ ਸਾਲ ਨਾ ਪੀਤੀ। ਮਿਰਗੀ ਨਹੀਂ ਪਈ ਪਰ ਅੱਠਵੇਂ ਸਾਲ ਸਾਵਣ ਦੇ ਮਹੀਨੇ ਵਰਖਾ ਪੈ ਰਹੀ ਸੀ, ਇਸਨੇ ਸਲਾਹ ਪੀ ਕੇ, ਕੁੱਪਰ ਮਾਰ ਕੇ ਖਾਧਾ, ਮਤ ਮਾਰੀ ਗਈ। ਹਜ਼ੂਰ ਦਾ ਦੀਵਾਨ ਸਜਿਆ ਹੋਇਆ ਸੀ, ਚੁਬਾਰੇ ਦੀ ਬਾਰੀ ਵਿਚ ਬੈਠ ਕੇ ਕਹਿਣ ਲੱਗਾ, 'ਤਪਾ ਜੀ! ਅੱਜ ਨਹੀਂ ਰਿਹਾ ਗਿਆ।' ਹਜ਼ੂਰ

'ਗੁਰੂ ਕਾ ਸਿਖ ਸ਼ਰਾਬ ਨਾਹ ਪੀਵੈ।'

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

ਭਾਈ ਕੇਸਰ ਸਿੰਘ ਜੀ ਛਿੱਬਰ 'ਬੰਸਾਵਲੀ ਨਾਮਾ' ਵਿਚ ਇਉਂ ਲਿਖਦੇ ਹਨ :-

'ਸ਼ਰਾਬ, ਤੰਮਾਕੂ, ਜੂਆ, ਚੋਰੀ, ਯਾਰੀ, ਇਨ ਸੋ ਹੇਤ ਨ ਕਰੈ।
ਕੁਸੰਗਤ ਮੰਦੀ ਸਭ ਪਰਹਰੈ।' (੩੨੮)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਅਤੇ ਸਮਕਾਲੀ ਇਤਿਹਾਸਕਾਰ ਮੁਹਸਨ ਫ਼ਾਨੀ ਸਤਿਗੁਰੂ ਜੀ ਦੇ ਹੁਕਮਨਾਮੇ ਬਾਰੇ ਆਪਣੀ ਪੁਸਤਕ ਵਿਚ ਇਹ ਅੱਖਰ ਲਿਖਦਾ ਹੈ :-

'ਗੁਰੂ ਨਾਨਕ ਨੇ ਆਪਣੇ ਸਿਖਾਂ ਨੂੰ ਮਾਸ ਖਾਣ ਅਤੇ ਸ਼ਰਾਬ ਪੀਣ ਦੀ ਸਖਤ ਮਨਾਹੀ ਕੀਤੀ ਸੀ। ਉਹਨਾਂ ਨੇ ਆਪ ਵੀ ਕਿਸੇ ਹਾਲਤ ਵਿਚ ਮਾਸ ਨਹੀਂ ਸੀ ਖਾਧਾ। ਉਹਨਾਂ ਨੇ ਆਪਣੇ ਸਿੱਖਾਂ ਨੂੰ ਵੀ ਹੁਕਮ ਦਿੱਤਾ ਸੀ ਕਿ ਕਿਸੇ ਜੀਵ ਦੀ ਹਿੰਸਾ ਨਹੀਂ ਕਰਨੀ। ਜਦ ਗੁਰੂ ਅਰਜਨ ਦੇਵ ਜੀ ਨੂੰ ਇਹ ਦੱਸਿਆ ਗਿਆ ਕਿ ਕੁਝ ਸਤਿਸੰਗੀ ਵੱਡੇ ਹਜ਼ੂਰ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਉਪਰ ਦੱਸੇ ਉਪਦੇਸ਼ਾਂ ਦੀ ਸਖਤੀ ਨਾਲ ਪਾਲਣਾ ਨਹੀਂ ਕਰਦੇ ਤਾਂ ਉਹਨਾਂ ਨੇ ਇਹ ਉਪਰੋਕਤ ਹੁਕਮ ਦੁਹਰਾਇਆ ਅਤੇ ਆਖਿਆ ਕਿ ਗੁਰੂ ਨਾਨਕ ਜੀ ਨੇ ਕਦੇ ਵੀ ਇਹਨਾਂ ਵਸਤੂਆਂ ਦੀ ਆਗਿਆ ਨਹੀਂ ਦਿੱਤੀ ਅਤੇ ਉਚੇਚੇ ਹੁਕਮ ਦੁਆਰਾ ਇਨ੍ਹਾਂ ਵਸਤੂਆਂ ਤੋਂ ਬਚਣ ਦੇ ਕਰੜੇ ਹੁਕਮ ਜਾਰੀ ਕੀਤੇ।

(ਦਬਿਸਤਾਨੇ ਮੁਜਾਹਿਬ ਭਾਗ ੨, ਪੰਨਾ ੨੪੯, ਹੱਥ ਲਿਖਤ)

'ਸੁਰਾਪਾਨਿ ਤੇ ਹਾਨਿ ਮਤਿ ਕਰ ਹੈਂ ਕਾਮ ਬਿਹੋਸ ॥'

ਭਾਵ ਸ਼ਰਾਬ ਪੀਣ ਨਾਲ ਅਕਲ ਮਾਰੀ ਜਾਂਦੀ ਹੈ ਤੇ ਆਦਮੀ ਕਾਮਦੇਵ ਦੇ ਵੱਸ ਹੋ ਕੇ ਕਮਲਾ ਹੋ ਜਾਂਦਾ ਹੈ।

ਪ੍ਰਸ਼ਨ :-ਕਈ ਸ਼ਰਾਬ ਦੇ ਪਿਆਰੇ ਆਮ ਕਹਿ ਦਿੰਦੇ ਹਨ ਕਿ ਸ਼ਰਾਬ ਗੁੜ, ਪਾਣੀ ਅਤੇ ਕਿੱਕਰ ਦੇ ਸੱਕ ਤੋਂ ਬਣਦੀ ਹੈ। ਗੁੜ ਵੀ ਖਾਣ ਵਾਲੀ ਮਿੱਠੀ ਚੀਜ਼ ਹੈ ਜੋ ਰੋਜ਼ ਖਾਂਦੇ ਹਾਂ। ਕਿੱਕਰ ਦੀ ਦਾਤਨ ਮੂੰਹ ਦੀ ਸਫਾਈ ਲਈ ਰੋਜ਼ ਕਰਦੇ ਹਾਂ ਅਤੇ ਪਾਣੀ ਪੀਣ ਬਿਨਾ ਜੀਵ ਰਹਿ ਨਹੀਂ ਸਕਦੇ। ਇਸ ਲਈ ਸ਼ਰਾਬ ਵੀ ਇਨ੍ਹਾਂ ਤਿੰਨਾਂ ਚੀਜ਼ਾਂ ਤੋਂ ਤਿਆਰ ਕੀਤੀ

ਪਵਿੱਤਰ ਗੁਰਬਾਣੀ ਵਿਚ ਭਗਤ ਰਵਿਦਾਸ ਜੀ ਤਾੜਨਾ ਕਰਦੇ ਹਨ ਕਿ ਸ਼ਰਾਬ ਭਾਵੇਂ ਗੰਗਾ ਜਲ ਦੀ ਧਣੀ ਹੋਵੇ ਪ੍ਰਮੇਸ਼ਰ ਦੇ ਪਿਆਰੇ ਸੰਤ ਭਗਤ ਇਸ ਨੂੰ ਕਦੇ ਵੀ ਨਹੀਂ ਵਰਤਦੇ। ਸ਼ਰਾਬ ਦੇ ਬਰਾਬਰ ਹੋਰ ਕੋਈ ਵਸਤੂ ਅਪਵਿੱਤਰ ਨਹੀਂ ਅਤੇ ਗੰਗਾ ਜਲ ਨਾਲ ਰਲਣ ਨਾਲ ਵੀ ਇਹ ਪਵਿੱਤਰ ਨਹੀਂ ਹੋ ਸਕਦੀ :–

'ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
(੧੨੯੩)

ਰਾਖਸ਼ ਬੁੱਧੀ ਵਾਲੇ ਮਨੁੱਖ ਸ਼ਰਾਬ ਦਾ ਸੇਵਨ ਕਰਦੇ ਹਨ। ਇਸ ਦੇ ਪੀਣ ਕਰਕੇ ਕਾਮਵਾਸ਼ਨਾ ਵਧ ਜਾਂਦੀ ਹੈ ਅਤੇ ਫਿਰ ਮਨੁੱਖ ਮੋਹਨੀ ਦੀ ਭਾਲ ਕਰਦਾ ਹੈ। ਸ਼ਰਾਬ ਅਤੇ ਸੁੰਦਰੀ ਦਾ ਆਪਸ ਵਿਚ ਚੋਲੀ ਦਾਮਨ ਦਾ ਸੰਬੰਧ ਹੈ ਜਿਸ ਕਰਕੇ ਜੀਵਨ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ :–

'ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥' (੫੫੩)

'ਸਲੋਕੁ ਮਰਦਾਨਾ ੧ ॥

'ਕਲਿ ਕਲਵਾਲੀ ਕਾਮੁ ਮਦੁ ਮਾਣੂਆ ਪੀਵਣਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥' (੫੫੩)

'ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥' (੪੭੬)

ਕਲਗੀਧਰ ਪਿਤਾ ਜੀ ਫੁਰਮਾਉਂਦੇ ਹਨ–ਇਕ ਸ਼ਰਾਬੀ ਹੋਵੇ, ਦੂਜਾ ਜਵਾਨ ਅਵਸਥਾ ਹੋਵੇ, ਤੀਸਰਾ ਘਰ ਵਿਚ ਧਨ ਹੋਵੇ ਤਾਂ ਫਿਰ ਪਾਪ ਕਰਨ ਤੋਂ ਬਿਨਾਂ ਕਿਵੇਂ ਬਚ ਸਕਦਾ ਹੈ? ਤਾਂ ਹੀ ਬਚ ਸਕਦਾ ਹੈ ਜੇਕਰ (ਨਾਮ) ਸਾਰਿਆਂ ਵਿਚ ਰਮਿਆ ਹੋਇਆ ਪ੍ਰਮੇਸ਼ਰ ਹੀ ਬਚਾਵੇ :–

'ਏਕ ਮਦੀ ਦੂਜੇ ਤਰੁਨ ਤੀਜੇ ਅਤਿ ਧਨ ਧਾਮ ॥
ਪਾਪ ਕਰੇ ਬਿਨ ਕਿਜੋਂ ਬਚੈ ਬਚੈ ਬਚਾਵੈ ਰਾਮ ॥' (ਦਸਮ ੧੦੭੭)

ਰਹਿਤਨਾਮਿਆਂ ਵਿਚ ਵੀ ਸ਼ਰਾਬ ਸੇਵਨ ਦਾ ਖੰਡਨ ਕੀਤਾ ਗਿਆ ਹੈ :–

'ਪਰ ਨਾਰੀ, ਜੂਆ, ਅਸਤਿ, ਚੋਰੀ, ਮਦੁਰਾ ਜਾਨ।
ਪਾਚ ਐਬ ਯਹ ਜਗਤ ਮੈ ਤਜੈ ਸੁ ਸਿੰਘ ਸੁਜਾਨ।'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਸ਼ਰਾਬ

ਗੁਰਮਤਿ ਅਨੁਸਾਰ ਸ਼ਰਾਬ ਪੀਣੀ ਬਿਲਕੁਲ ਮਨ੍ਹਾ ਹੈ। ਸ਼ਰਾਬ ਦੇ ਅਰਥ ਹਨ (ਸਰ+ਆਬ=ਸ਼ਰਾਰਤ+ਪਾਣੀ) ਭਾਵ ਸ਼ਰਾਰਤ ਦਾ ਪਾਣੀ। ਜੋ ਸਾਰੀਆਂ ਸ਼ਰਾਰਤਾਂ, ਕੁਰੀਤੀਆਂ, ਬਦਫੈਲੀਆਂ ਅਤੇ ਮਨਮਤ ਦੀ ਜੜ੍ਹ ਹੈ। ਤੀਸਰੇ ਪਾਤਸ਼ਾਹ ਜੀ ਦਾ ਕਥਨ ਹੈ ਕਿ ਸ਼ਰਾਬ ਪੀਣ ਨਾਲ ਮੱਤ ਮਾਰੀ ਜਾਂਦੀ ਹੈ। ਦਿਮਾਗ ਵਿਚ ਪਾਗਲਪਨ ਆ ਜਾਂਦਾ ਹੈ। ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ। ਖਸਮ ਵਿਸਰ ਜਾਂਦਾ ਹੈ ਅਤੇ ਸ਼ਰਾਬੀ ਨੂੰ ਮਾਲਕ ਦੀ ਦਰਗਾਹ ਵਿਚੋਂ ਧੱਕੇ ਪੈਂਦੇ ਹਨ :-

ਸਲੋਕ ਮ: ੩ ॥

'ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥' (੫੫੪)

ਖੋਟੀ ਮੱਤ ਵਾਲੇ ਜੋ ਸ਼ਰਾਬ ਪੀਂਦੇ ਹਨ-ਉਹ ਵੇਸਵਾ ਦੇ ਪਤੀ ਹਨ ਅਤੇ ਉਨ੍ਹਾਂ ਦੀ ਬੁੱਧੀ ਵਿਸ਼ਿਆਂ ਵਿਚ ਲਿਬੜੀ ਹੋਈ ਕਮਲੀ ਹੈ।

'ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥' (੩੯੯)

ਭਗਤ ਕਬੀਰ ਜੀ ਲਸਣਿਆਂ ਵਿਰੁਧ ਇਉਂ ਲਿਖਦੇ ਹਨ :-

'ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥' (੧੩੭੭)

ਅੰਮ੍ਰਿਤਧਾਰੀ ਸਿੰਘ ਨੂੰ ਸ਼ਰਾਬ ਵੱਲ ਤੱਕਣਾ ਵੀ ਨਹੀਂ ਚਾਹੀਦਾ :-

'ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਤਾਉ ਧਰੇ ॥' (੨੬੦)

ਸ਼ਰਾਬ ਪੀਣ ਨਾਲ ਬੁੱਧੀ ਭਰਿਸ਼ਟ ਹੋ ਜਾਂਦੀ ਹੈ, ਪ੍ਰਭੂ ਵਿਸਰ ਜਾਂਦਾ ਹੈ। ਦੁਰਲੱਭ ਮਨੁੱਖਾ ਜਨਮ ਅਕਾਰਥ ਚਲਾ ਜਾਂਦਾ ਹੈ ਅਤੇ ਉਹ ਬੇਸਮਝੀ ਤੋਂ ਕੰਮ ਲੈਂਦੇ ਹਨ।

'ਪ੍ਰਾਣ ਸੁਪ ਦਾਤਾ ਜੀਅ ਸੁਪ ਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਧ ॥
ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥
ਰੇ ਨਰ ਐਸੀ ਕਰਹਿ ਇਆਨਧ ॥ (੧੦੦੧)

ਸਿੰਘਾਂ ਨੂੰ ਕਰੜਾਈ ਨਾਲ ਵਰਜਿਆ ਅਤੇ ਕਿਹਾ ਕਿ ਅਸੀਂ ਖ਼ਾਲਸਾ ਪੰਥ ਉੱਚੇ ਆਦਰਸ਼ ਵਾਲਾ ਸਰਬ ਸ਼ਰੋਮਣੀ ਸਾਜਿਆ ਹੈ। ਇਸ ਲਈ ਅਜਿਹਾ ਮੰਦ ਕਰਮ ਕਦੇ ਵੀ ਨਹੀਂ ਕਰਨਾ :-

'ਪੁਨ ਸਿੰਘਨ ਬੂਝੈ ਗੁਨਖਾਨੀ। ਬ੍ਰਿੰਦ ਤੁਰਕ ਭੋਗੈਂ ਹਿੰਦਵਾਨੀ।
ਸਿੰਘ ਬਦਲਾ ਲੇ ਭਲਾ ਜਨਾਏ। ਕਿਉਂ ਗੁਰ ਸ਼ਾਸਤ੍ਰ ਬਹਜਿ ਹਟਾਏ।
ਸੁਨਿ ਸਤਿਗੁਰ ਬੋਲੇ ਤਿਸ ਬੇਰੇ। ਹਮ ਲੇ ਜਾਨੇ ਪੰਥ ਉਚੇਰੇ।
ਨਹੀ ਅਧੋਗਤਿ ਬਿਖੈ ਪੁਚਾਵਹਿ। ਯਾਂ ਤੇ ਕਲਮਲ ਕਰਨ ਹਟਾਵਹਿ।'

(ਗੁਰੁ ਪ੍ਰਤਾਪ ਸੂਰਜ, ਰੁਤ ੬, ਅੰਸੂ ੨੦)

ਖ਼ਾਫ਼ੀ ਖ਼ਾਨ ਮੁਸਲਮਾਨ ਲਿਖਾਰੀ ਬੜਾ ਮਤਅੱਸਬੀ ਸੀ ਜੋ ਕਿ ਆਪਣੀ ਪੁਸਤਕ ਵਿਚ ਸਿੰਘਾਂ ਦੀ ਨਿੰਦਾ ਕਰਦਾ ਹੈ ਅਤੇ ਇਥੋਂ ਤੱਕ ਕਹਿੰਦਾ ਹੈ ਕਿ ਇਹ ਸਗ (ਕੁੱਤੇ) ਹਨ। ਪਰ ਉਹ ਲਿਖਦਾ ਹੈ ਕਿ ਮੇਰੀ ਕਲਮ ਇਹ ਲਿਖਣੋਂ ਸੰਕੋਚ ਨਹੀਂ ਕਰਦੀ ਕਿ ਇਹਨਾਂ ਵਿਚ ਦੋ ਬਹੁਤ ਵੱਡੇ ਗੁਣ ਹਨ :-

(੧) ਸਿੰਘ ਝੂਠ ਨਹੀਂ ਬੋਲਦੇ।

(੨) ਜੰਗ ਵਿਚ ਜੇ ਸਾਡੀਆਂ ਬਹੂ-ਬੇਟੀਆਂ ਸਿੰਘਾਂ ਦੇ ਹੱਥ ਆ ਜਾਣ ਤਾਂ ਉਹਨਾਂ ਦੇ ਇਹ ਕਹਿਣ ਤੇ ਵੀ ਕਿ ਸਿੰਘੋ ਸਾਨੂੰ ਆਪਣੇ ਦਲਾਂ ਵਿਚ ਰੱਖ ਲਉ, ਸਿੰਘ ਉਹਨਾਂ ਦੀ ਇੱਜ਼ਤ ਆਬਰੂ ਨਹੀਂ ਲੁੱਟਦੇ, ਸਗੋਂ ਸਤਿਕਾਰ ਨਾਲ ਘਰ ਪਹੁੰਚਾ ਦੇਂਦੇ ਹਨ। ਇਸ ਲਈ ਉਹਨਾਂ ਨੂੰ ਸ਼ੇਰ ਹੀ ਕਹਿਣਾ ਚਾਹੀਦਾ ਹੈ। ਜਦੋਂ ਮੁਸਲਮਾਨ ਹਿੰਦੂਆਂ ਦੀਆਂ ਬਹੂ-ਬੇਟੀਆਂ ਲੁੱਟ ਕੇ, ਬੰਨ੍ਹ ਕੇ ਬੇ-ਪਤੀ ਕਰ ਕੇ ਗ਼ਜ਼ਨੀ ਨੂੰ ਲਿਜਾ ਰਹੇ ਸਨ ਤਾਂ ਸਿੰਘਾਂ ਨੂੰ ਪਤਾ ਲੱਗਣ ਤੋਂ ਬੱਲੋ ਹੈਡ ਨੇੜੇ ਉਹਨਾਂ ਦਾ ਮੁਕਾਬਲਾ ਕਰ ਕੇ ਤੁਰਕ ਮਾਰ ਭਜਾਏ ਤੇ ਸਭ ਲੜਕੀਆਂ ਘਰੋ ਘਰੀਂ ਪਹੁੰਚਾਈਆਂ। ਚੰਬੇ ਵਾਲੇ ਰਾਜੇ ਦੀ ਸੁੰਦਰ ਕੁਆਰੀ ਨੌਜਵਾਨ ਲੜਕੀ ਨੂੰ ਬਾਬਾ ਦੀਪ ਸਿੰਘ ਜੀ ਸ਼ਹੀਦ ਸਿੰਘਾਂ ਸਮੇਤ ਨਾਲ ਜਾ ਕੇ ਉਸ ਦੇ ਘਰ ਛੱਡ ਕੇ ਆਏ। ਭਾਵੇਂ ਉਹ ਸਭ ਲੜਕੀਆਂ ਕਹਿੰਦੀਆਂ ਸਨ ਕਿ ਸਿੰਘੋ ਅਸੀਂ ਉਹਨਾਂ ਆਪਣੇ ਬੇਅਣਖੇ ਨਿਲੱਜ ਭਰਾਵਾਂ, ਪਿਉ ਤੇ ਪਤੀਆਂ ਦੇ ਪਾਸ ਨਹੀਂ ਜਾਣਾ ਚਾਹੁੰਦੀਆਂ-ਜਿਨ੍ਹਾਂ ਨੇ ਆਪਣੇ ਹੱਥੀਂ ਸਾਨੂੰ ਇਹਨਾਂ ਜ਼ਾਲਮਾਂ ਨੂੰ ਫੜਾਇਆ ਸੀ। ਪਰ ਸਿੰਘਾਂ ਕਿਹਾ, 'ਬੀਬੀਓ! ਅਸੀਂ ਅੰਮ੍ਰਿਤਧਾਰੀ ਸਿੰਘ ਹਾਂ। ਅਸੀਂ ਜਤ ਸਤ ਵਿਚ ਪੱਕੇ ਰਹਿਣਾ ਹੈ। ਤੁਹਾਨੂੰ ਦਲਾਂ ਵਿਚ ਨਹੀਂ ਰੱਖਣਾ।' ਐਸਾ ਪੁਰਾਤਨ ਸਿੰਘਾਂ ਦਾ ਸਿਦਕ ਸੀ। ਉੱਚਾ ਜੀਵਨ ਸੀ। ਧੰਨ ਐਸੇ ਸਿੰਘ ਸਨ।

'ਮਾਇ ਭੈਣ ਜੋ ਆਵਹਿ ਸੰਗਤ । ਦ੍ਰਿਸ਼ਟਿ ਬੁਰੀ ਦੇਖਹਿ ਤਿਸ ਪੰਗਤਿ ।
ਸ਼ਤਿਸੰਗ ਜਾਇ ਕਰਿ ਚਿਤ ਡੁਲਾਵਹਿ। ਈਹਾਂ ਊਹਾਂ ਠਉਰ ਨ ਪਾਵਹਿ ।੩।'
(ਤਨਖਾਹਨਾਮਾ ਭਾਈ ਨੰਦ ਲਾਲ ਸਿੰਘ ਜੀ)

'ਨਿਜ ਨਾਰੀ ਸੌਂ ਪ੍ਰੀਤਿ ਲਗਾਵੈ ।
ਨਾਮ ਦਾਨ ਇਸਨਾਨ ਧਰਮ ਦੀ ਕਿਰਤ ਕਮਾਵੈ । (੩੧੮)
(ਬੰਸਾਵਲੀਨਾਮਾ ਭਾਈ ਕੇਸਰ ਸਿੰਘ ਜੀ ਛਿੱਬਰ)

'ਅਰ ਸਭ ਤੇ ਵਡੀ ਰਹਿਤ ਏਹੁ ਹੈ ਜੋ ਮਿਥਿਆ ਨਾ ਬੋਲੇ ।
ਮਰਦੁ ਹੋਇ ਕੇ ਪਰਨਾਰੀ ਕਾ ਸੰਗ ਨਾ ਕਰੇ,
ਇਸਤ੍ਰੀ ਹੋਇ ਕੈ ਪਰਾਏ ਮਰਦ ਨੋ ਨਾ ਦੇਖੇ।
(ਰਹਿਤਨਾਮਾ ਪਰੇਮ ਸੁਮਾਰਗ)

'ਪਰ ਕੀ ਰਮਤੀ ਨਾਰੀ ਛੋਰ। ਜੋ ਅਪਨੀ ਇੰਦ੍ਰੀ ਹੈ ਠੋਰ।' (ਰਤਨ ਮਾਲਾ)

ਵਿਸ਼ਨੂੰ ਨੂੰ ਬਿੰਦ੍ਰਾ ਰਾਖਸ਼ਣੀ ਦਾ ਸਤ ਭੰਗ ਕਰਨ ਕਰਕੇ ਠਾਕਰ ਪੱਥਰ ਬਣਨਾ ਪਿਆ। ਅਨਸੂਆ ਦਾ ਸਤ ਭੰਗ ਕਰਨ ਤਿੰਨੇ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਗਏ ਉਸ ਤੋਂ ਡਰਦੇ ਹੀ ਬੋਹੜ (ਬਰੋਟਾ), ਪਿੱਪਲ ਤੇ ਨਿੰਮ ਬਣੇ ਸਨ।

ਇਸਤ੍ਰੀ ਨੂੰ ਵੀ ਉਪਦੇਸ਼ ਦਿੱਤਾ ਹੈ ਕਿ ਪਰਾਏ ਮਰਦ ਦਾ ਸੰਗ ਨਾ ਕਰੇ :-

ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ।
ਪੁਤੁ ਜਣੈ ਜੋ ਵੇਸੁਆ ਨਾਨਕਿ ਦਾਦਕਿ ਨਾਉ ਨ ਕਈ।
ਨਕਿ ਸਵਾਰਿ ਸੀਗਾਰਿਆ ਰਾਗ ਰੰਗ ਛਲਿ ਛਲੈ ਛਲੋਈ।
ਘੰਡਾ ਹੇੜੁ ਅਹੇੜੀਆ ਮਾਣਸ ਮਿਰਗ ਵਿਣਾਹੁ ਸਥੋਈ।
ਇਥੈ ਮਰੈ ਹਰਾਮ ਹੋਇ ਅਗੈ ਦਰਗਹ ਮਿਲੈ ਨ ਢੋਈ।
ਢੁਮੀਆ ਢੁਸਟੁ ਢੁਸਾਜਰਾ ਜਾਣ ਗੁਆਢੀਆ ਮੇਮੀ ਸੋਈ।
ਵਿਗੜੇ ਆਪਿ ਵਿਗਾੜੈ ਲੋਈ ।।੯।। (ਵਾਰ ੩੩)

ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਜਿਵੇਂ ਮੁਸਲਮਾਨ ਹਿੰਦੂਆਂ ਦੀਆਂ ਬਹੂ-ਬੇਟੀਆਂ ਨਾਲ ਜ਼ਬਰਦਸਤੀ ਕਰਦੇ ਹਨ ਉਹਨਾਂ ਦੀ ਬੇਪਤੀ ਕਰਦੇ ਹਨ-ਇਸੇ ਤਰ੍ਹਾਂ ਜੰਗ ਵਿਚ ਜੇਕਰ ਮਸਲਮਾਨਾਂ ਦੀਆਂ ਧੀਆਂ ਭੈਣਾਂ ਸਾਡੇ ਕਬਜ਼ੇ ਵਿਚ ਆ ਜਾਣ ਤਾਂ ਅਸੀਂ ਵੀ ਬਦਲਾ ਲੈ ਲਿਆ ਕਰੀਏ ? ਤਾਂ ਕਲਗੀਧਰ ਪਿਤਾ ਜੀ ਨੇ ਇਸ ਕੁਰੀਤੀ ਤੋਂ

'ਸੁਰਮਾਦਿਕ ਸ਼ਿੰਗਾਰ ਨਹਿੰ ਨਹਿੰ ਪਰ ਤਰੁਨੀ ਸੰਗਿ।
ਯਥਾਰਥ ਇਸਤ੍ਰੀ ਤਯਾਗ ਨਹਿੰ, ਗੁਰ ਕੇ ਧਯਾਨ ਅਭੰਗ।'
'ਜਗਤ ਮੇਂ ਮਾਯਾ ਕਾ ਸੰਗ ਤਯਾਗ ਕਰ ਰਹੈ,
ਇਸਤ੍ਰੀ ਕੋ ਦੇਖਣ ਨ ਭਾਗੇ।
ਇਸਤ੍ਰੀ ਕੋ ਦਰਸਨ ਤਜੈ, ਰਕਤ ਬਸਤਰ ਤਜੈ,
ਮਨ ਕੋ ਅਸਥੰਭ ਰਖੈ।'
'ਇਸਤ੍ਰੀ, ਪੁਤ੍ਰੀ, ਬਹਿਨ, ਮਾਤਾ, ਇਕ ਸੇ ਕਿਸੀ ਦੂਸਰੇ ਕੀ ਸੇ,
ਸਿਖ ਸੰਗਤ ਕਰੇ ਘੋਰ ਨਰਕ ਮੈਂ ਜਾਇ।'

ਪਾਂਚ ਕਰਮ ਨ ਕਰੇ, ਸੋ ਜੀਵਨ ਮੁਕਤ ਹੈ :–

੧. ਪਰ-ਧਨ, ੨. ਪਰ-ਇਸਤ੍ਰੀ, ੩. ਪਰ-ਨਿੰਦਾ, ੪. ਜੂਆ, ੫. ਮਦਰਾ, ਅਤੇ–'ਮਿਥਿਆ ਨ ਬੋਲੈ, ਪਰ ਨਾਰੀ ਤਯਾਗੈ।'

(ਰਹਿਤਨਾਮਾ ਭਾਈ ਦਯਾ ਸਿੰਘ ਜੀ)

'ਵੱਡੀ ਮਾਂ ਕਰ ਦੇਖਣੀ, ਹਾਣ ਦੀ ਭੈਣ ਕਰ ਦੇਖਣੀ।
ਪਰਾਈ ਧੀਅ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ।'

(ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

ਖਾਲਸਾ ਸੋਇ ਮਾਨ ਜੋ ਤਿਆਗੈ। ਖਾਲਸਾ ਸੋਇ ਪਰ ਤ੍ਰਿਆ ਤੇ ਭਾਗੈ।
ਖਾਲਸਾ ਸੋਇ ਪਰਦ੍ਰਿਸਟਿ ਤਿਆਗੈ। ਖਾਲਸਾ ਸੋਇ ਨਾਮ ਰਤ ਲਾਗੈ।

ਚੌਪਈ ॥

ਅਪਨੇ ਬਰਣ ਹੁਇ ਹੈ ਜੋਈ। ਬਰੁਣ ਸਸੁਰ ਕਾ ਹੋਇ ਹੈ ਸੋਈ।
ਤਿਨ ਕੁਲ ਕੀ ਕੰਨਯਾ ਪਰਣਾਵੈ। ਧਰੇ ਪਯਾਰ ਤਾਂ ਨੇਹੁ ਬਢਾਵੈ।੨੮।
ਮੁਸਲੀ ਡੂਮਣਿ ਦੂਤੀ ਚੇਲੀ। ਬਿਭਚਾਰਨਿ ਜੋ ਫਿਰਹਿ ਇਕੇਲੀ।
ਅਟਰ ਜੋ ਆਨ ਚਰਣ ਕੀ ਨਾਹਿ। ਇਨ ਸੋਂ ਸਿੰਘ ਨ ਕਰੇ ਪਿਆਰ।੨੯।
ਪਯਾਰ ਕਰੈ ਹੋਵਹਿ ਕੁਲ ਹਾਨੀ। ਤਾਂ ਤੇ ਇਨ ਕੋ ਤਜੈ ਗਯਾਨੀ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

'ਵਾਹਿਗੁਰੂ ਬਿਨ ਕਹੇ ਜੁ ਪਾਵਹਿ।
ਵੇਸਵਾ ਦੁਆਰੇ ਸਿਖ ਜੋ ਜਾਵਹਿ।
ਪਰ ਇਸਤ੍ਰੀ ਸਿਉ ਨੇਹੁ ਲਗਾਵਹਿ।
ਗੋਬਿੰਦ ਸਿੰਘ ਵਹੁ ਸਿਖ ਨ ਭਾਵਹਿ।੨੨।'

ਔਗੀ ਨਾਇਕਾ ਸੈ ਦੀਨਤਾ ਕੈ ਦੁਹਾਗਨਿ ਕਲੀ
ਪਤਿਤ ਪਾਵਨ ਪ੍ਰਿਅ ਪਾਇ ਲਾਇ ਲੇਤ ਹੈ॥
ਐਸੀ ਨਾਇਕਾ ਸੈ ਭਲੇ ਬਿਰਹਾ ਬਿਓਗ ਸੋਗ
ਲਗਨ ਸਗਨ ਸੋਧੈ ਸਰਧਾ ਸਹਿਤ ਹੈ॥
ਐਸੀ ਨਾਇਕਾ ਸੈ ਮਾਤ ਗਰਭ ਹੀ ਗਲੀ ਭਲੀ
ਕਪਟ ਸਨੇਹ ਦੁਬਿਧਾ ਜਿਉ ਰਾਹੁ ਕੇਤੁ ਹੈ॥੪੫੦॥'
(ਕਬਿੱਤ ਸੂਯੇ)

ਅਜੇਹੀ ਇਸਤਰੀ ਨਾਲੋਂ ਕੁਆਰੀ ਕੰਨਿਆਂ ਹੀ ਚੰਗੀ ਸੁਪਾਤ੍ਰ ਹੈ ਜੋ ਇਸ ਆਸ ਦੀ ਪਿਆਸੀ ਨੈ ਕਿ ਮਾਪੇ ਇਕ ਨਾਲ ਵਿਆਹ ਕਰ ਦੇਣਗੇ ਭਾਵ ਇਕ ਨਾਲ ਵਿਆਹੇ ਜਾਣ ਦੀ ਇੱਛਾਵਾਨ ਹੈ। ਅਜੇਹੀ ਇਸਤਰੀ ਨਾਲੋਂ ਉਹ ਦੁਹਾਗਣੀ ਹੀ ਚੰਗੀ ਹੈ, ਜਿਸ ਦੀ ਦੀਨਤਾ ਨੂੰ ਦੇਖ ਕੇ ਪਤਿਤ ਪਾਵਨ ਪਤੀ ਚਰਨਾਂ ਨਾਲ ਲਾ ਲੈਂਦਾ ਹੈ। ਅਜੇਹੀ ਇਸਤਰੀ ਨਾਲੋਂ ਉਹ ਚੰਗੀ ਹੈ ਜੋ ਵਿਛੋੜੇ ਦੇ ਦੁੱਖ ਕਰਕੇ ਸੋਗ ਨੂੰ ਨਾਸ ਕਰਨ ਲਈ ਸ਼ਰਧਾ ਤੇ ਪ੍ਰੇਮ ਨਾਲ ਅੰਸੀਆ ਪਾਉਂਦੀ ਹੋਈ ਅਰਜ਼ਾ ਕਰਦੀ ਹੈ। ਅਜੇਹੀ ਇਸਤਰੀ ਨਾਲੋਂ ਮਾਤਾ ਦੇ ਗਰਭ ਵਿਚ ਹੀ ਗਲ ਗਈ ਹੋਈ ਚੰਗੀ, ਜੋ ਕਪਟ ਤੇ ਸਨੇਹ ਵਾਲੀ ਰਾਹੂ ਕੇਤੂ ਵਾਂਗੂ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੋ ਕੇ ਦੁਬਿਧਾ ਵਿਚ ਵਰਤ ਰਹੀ ਹੈ।

'ਓੜਕ ਕੀਤੋਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ।
ਚਾਰੇ ਬੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
ਲੋਕਾਂ ਨੋ ਸਮਝਾਇਦਾ ਦੇਖਿ ਸੁਰਸਤੀ ਰੂਪ ਲੋਭਾਣਾ।
ਚਾਰੇ ਬੇਦ ਗਵਾਇਕੈ ਗਰਬੁ ਗਰੂਰੀ ਕਰਿ ਪਛੁਤਾਣਾ।
ਅਕਥ ਕਥਾ ਨੇਤ ਨੇਤ ਵਖਾਣਾ॥੭॥' (ਵਾਰ ੧੨)

ਬ੍ਰਹਮਾ ਜੀ ਚਾਰੇ ਵੇਦਾਂ ਦੇ ਉਚਾਰਨ ਵਾਲੇ ਆਪਣੀ ਲੜਕੀ ਸੁਰਸਤੀ ਤੇ ਮੋਹਤ ਹੋ ਕੇ ਰੋਹਣੀ ਨਾਮੇ ਪੁੱਤ੍ਰ ਪੈਦਾ ਕਰਨ ਵਾਲੇ ਨੂੰ, ਅੰਤ ਨੂੰ ਪਛਤਾਉਣਾ ਪਿਆ ਸੀ। ਇਸ ਵਾਸਤੇ :-

'ਪਰ ਬੇਟੀ ਕੋ ਬੇਟੀ ਜਾਨੈ॥ ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨਿ ਇਸਤ੍ਰੀ ਸੋਂ ਰਤਿ ਹੋਈ। ਰਹਿਤਵੰਤ ਸਿੰਘ ਹੈ ਸੋਈ।'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਜਿਵੇਂ ਥੋੜ੍ਹੀ ਜਿਹੀ ਜ਼ਹਿਰ ਖਾਣ ਤੋਂ ਮਨੁੱਖ ਝੱਟ ਮਰ ਜਾਂਦਾ ਹੈ, ਸਾਲਾਂ ਤੋਂ ਪਾਲੀ ਦੇਹ ਦੀ ਸੋਭਾ ਕ੍ਰਾਂਤੀ ਮੁਰਝਾ ਜਾਂਦੀ ਹੈ। ਜਿਵੇਂ ਗਊਆਂ ਮੱਝਾਂ ਚੋ ਕੇ ਦੁੱਧ ਭਾਂਡੇ ਵਿਚ ਰੱਖੀਏ ਪਰ ਥੋੜ੍ਹੀ ਜਿਹੀ ਕਾਂਜੀ ਪੈਣ ਤੋਂ ਸਾਰਾ ਫੁੱਟ ਕੇ ਖ਼ਰਾਬ ਹੋ ਜਾਂਦਾ ਹੈ। ਜਿਵੇਂ ਕੂੜਾਂ ਮਣ ਰੂੰ ਨੂੰ ਛੋਟੀ ਜਿਹੀ ਅੱਗ ਦੀ ਚਿੰਗਾਰੀ ਸਾੜ ਕੇ ਸੁਆਹ ਕਰ ਦੇਂਦੀ ਹੈ, ਏਸੇ ਤਰ੍ਹਾਂ ਪਰ-ਇਸਤਰੀ ਨਾਲ ਵਿਭਚਾਰ ਸਭ ਖ਼ਜ਼ਾਨੇ ਪੁੰਨ ਮਹਿਮ ਅਵਸਥਾ ਤੇ ਖ਼ੁਸ਼ੀ ਨੂੰ ਨਾਸ ਕਰਦਾ ਹੈ।

ਗੁਰਸਿੱਖ ਨੂੰ ਚਾਹੀਦਾ ਹੈ :-

'ਪਰ ਤ੍ਰਿਆ ਦੀਰਘ ਸਮਾਨਿ ਲਘੁ ਜਾਵਦੇਕ
ਜਨਨੀ ਭਗਨੀ ਸੁਤਾ ਰੂਪ ਕੈ ਨਿਹਾਰੀਐ ॥
ਪਰਦਹਧਾ ਸਹਿ ਗਊ ਮਾਸ ਤੁਲਿ ਜਾਨਿ ਰਿਦੈ
ਕੀਜੈ ਨ ਸੁਪਰਸ ਅਪਰਸ ਸਿਧਾਰੀਐ ॥
ਘਟਿ ਘਟਿ ਪੂਰਨ ਬ੍ਰਹਮ ਜੋਤਿ ਓਤ ਪੋਤਿ
ਅਵਗੁਨ ਗੁਨ ਕਾਹੂ ਕੋ ਨ ਰਿਦ ਮੈ ਬੀਚਾਰੀਐ ॥
ਗੁਰ ਉਪਦੇਸ਼ ਮਨ ਪਾਵਤ ਖਰਸਿ ਰਾਖੇ
ਪਰ ਧਨ ਪਰ ਤਨ ਪਰ ਦੂਖਨਾ ਨਿਵਾਰੀਐ ॥੫੪੭॥'

(ਕਬਿੱਤ ਸੁਯੇ)

ਬਿਗਾਨੀਆਂ ਇਸਤਰੀਆਂ ਵੱਡੀਆਂ, ਬਰਾਬਰ ਦੀਆਂ ਤੇ ਛੋਟੀਆਂ ਨੂੰ ਮਾਤਾ, ਭੈਣ ਤੇ ਪੁੱਤ੍ਰੀ ਰੂਪ ਕਰਕੇ ਵੇਖਣਾ ਕਰੀਏ। ਪਰਾਇਆ ਧਨ ਗਊ ਦੇ ਮਾਸ ਦੇ ਤੁੱਲ ਹੈ, ਉਸ ਵਿਚ ਮਨ ਨੂੰ ਨਹੀਂ ਲੱਗਣ ਦੇਣਾ।

'ਜੇਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ।
ਗਨਿਕਾ ਉਧਰੀ ਆਖੀਐ ਪਰ ਘਰਿ ਜਾਇ ਨ ਲਈਐ ਪੰਗਾ।'

(ਵਾਰ ੨੧, ਪਉੜੀ ੯)

ਜੇ ਕ੍ਰਿਸ਼ਨ ਜੀ ਨੂੰ ਮਾਰਨ ਗਈ ਪੂਤਨਾ ਮੁਕਤ ਹੋ ਗਈ ਤਾਂ ਬੱਚਿਆਂ ਨੂੰ ਜ਼ਹਿਰ ਪਿਆਉਣਾ ਚੰਗਾ ਨਹੀਂ। ਜੇ ਗਨਿਕਾ ਵੇਸਵਾ ਮਹਾਤਮਾ ਦੀ ਸੰਗਤ ਕਰਕੇ ਮੁਕਤ ਹੋ ਗਈ ਤਾਂ ਪਰਾਏ ਘਰ ਜਾ ਕੇ ਵਿਕਾਰ ਦਾ ਪੰਗਾ ਲੈਣਾ (ਕਲੰਕ ਖੱਟਣਾ) ਤਾਂ ਚੰਗਾ ਨਹੀਂ।

'ਐਸੀ ਨਾਇਕਾ ਸੈ ਕੁਆਰ ਪਾਤ੍ਰ ਹੀ ਸੁਪਾਤ੍ਰ ਭਲੀ
ਆਸ ਪਿਆਸੀ ਮਾਤਾ ਪਿਤਾ ਏਕੈ ਨਾਹ ਦੇਤ ਹੈ ॥

ਅਸਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥੫੩॥'
(ਦਸਮ ੮੪੨)

ਪਰਾਇਆ ਧਨ ਪੱਥਰ ਦੀ ਨਿਆਈਂ ਹੈ ਅਤੇ ਪਰਾਈ ਇਸਤ੍ਰੀ ਮਾਤਾ ਦੇ ਬਰਾਬਰ ਹੈ :

'ਹ ਪਰ ਧਨ ਪਾਹਨ ਤੁੱਲ, ਤ੍ਰਿਯਾ ਪਰ ਮਾਤ ਹਮਾਰੇਂ ॥੫੮॥
(ਦਸਮ ੮੪੨)

ਭਾਈ ਗੁਰਦਾਸ ਜੀ ਨੇ ਵੀ ਪਰ ਨਾਰੀ ਤੋਂ ਬਚਣ ਵਾਸਤੇ ਇਸ ਤਰ੍ਹਾਂ ਉਪਦੇਸ਼ ਦਿੱਤਾ ਹੈ :–

'ਚੇਮਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।'
(ਵਾਰ ੨੯, ਪਉੜੀ ੧੧)

'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ ।'
(ਵਾਰ ੬, ਪਉੜੀ ੮)

'ਵਡਾ ਕੁਕਰਮੀ ਆਖੀਐ, ਧੀ ਭੈਣਹੁ ਸੰਗੈ ।'
(ਵਾਰ ੩੫, ਪਉੜੀ ੧੪)

'ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ।'
(ਵਾਰ ੧੨, ਪਉੜੀ ੪)

'ਧ੍ਰਿਗੁ ਲੋਇਣ ਗੁਰ ਦਰਸ ਵਿਣੁ, ਵੇਖੈ ਪਰ ਤਰਣੀ ।'
(ਵਾਰ ੨੭, ਪਉੜੀ ੧੦)

'ਦੁਹ ਨਾਰੀ ਦਾ ਦੂਲਹਾ, ਦੁਹ ਮੁਨਸਾ ਦੀ ਨਾਰਿ ਵਿਣਸੈ ।'
(ਵਾਰ ੩੩, ਪਉੜੀ ੭)

'ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤਿ ਤਾਤ
ਗਾਤਿ ਮੁਰਝਾਤਿ ਪ੍ਰਤਿਪਾਲੀ ਬਰਖਨ ਕੀ ॥
ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੈ
ਹੋਤ ਭਸਮਾਤ ਛਿਨ ਮੈ ਅਕਰਖਨ ਕੀ ॥
ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ
ਪਰਤਿ ਕਾਂਜੀ ਕੀ ਬੂੰਦ ਬਾਤ ਨ ਰਖਨ ਕੀ ॥
ਤੈਸੇ ਪਰ ਤਨ ਪਰ ਧਨ ਦੂਖਨਾ ਬਿਕਾਰ ਕੀਏ
ਹਰੈ ਨਿਧਿ ਸੁਕ੍ਰਿਤ ਸਹਜਿ ਹਰਖਣ ਕੀ ॥੫੦੬॥'
(ਕਬਿੱਤ ਸ੍ਵਯੇ)

'ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥
ਬੁਰਾ ਭਲਾ ਨਹੀ ਸੁਝੀ ਹੇ ॥' (੨੧੩)

ਗੁਰਮਤਿ ਅਨੁਸਾਰ ਪਰ-ਇਸਤ੍ਰੀ ਗਮਨ ਸਿੰਘ ਵਾਸਤੇ ਬਿਲਕੁਲ ਹੀ ਮਨ੍ਹਾ ਹੈ। ਪਰਾਈ ਇਸਤ੍ਰੀ ਦਾ ਰੂਪ ਵਿਕਾਰ ਵਾਲੀ ਨਿਗ੍ਹਾ ਨਾਲ ਕਦੇ ਵੀ ਨਹੀਂ ਦੇਖਣਾ।

'ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥'' (੨੭੪)

ਜੋ ਪਰਾਈ ਇਸਤ੍ਰੀ ਨਾਲ ਵਿਭਚਾਰ ਕਰਦੇ ਹਨ–ਤੱਤੇ ਥੰਮ੍ਹਾਂ ਨਾਲ ਲਾਏ ਜਾਂਦੇ ਹਨ :–

'ਤਪਤ ਸੰਮ੍ਹ ਗਲਿ ਲਾਤਿਆ ॥' (੧੪੯)

'ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥' (੧੩੬੨)

'ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥' (੧੦੬੫)

ਬਿਗਾਨੇ ਘਰ ਵਿਭਚਾਰ ਲਈ ਜਾਣਾ ਸੱਪ ਦੇ ਨਾਲ ਮੇਲ ਕਰਨ ਦੀ ਨਿਆਈਂ ਹੈ।

'ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥' (੪੦੩)

ਸ੍ਰੀ ਅਨੰਦਪੁਰ ਸਾਹਿਬ ਵਿਖੇ ਜਦੋਂ ਅਨੂਪ ਕੌਰ ਕਾਮ ਵਿਚ ਉਤੇਜਿਤ ਹੋਈ ਨੇ ਇਖ਼ਲਾਕ ਤੋਂ ਗਿਰੇ ਹਾਵ ਭਾਵ ਕਰਕੇ ਵਿਖਾਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਸ ਨੂੰ ਉਪਦੇਸ਼ਣ ਵਾਸਤੇ ਇਹ ਬਚਨ ਉਚਾਰੇ–

ਛੰਦ :–ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਧਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥
ਪਰ ਨਾਰੀ ਕੇ ਹੇਤ 'ਸੀਸ ਦਸ' ਸੀਸ ਗਵਾਯੋ ॥
ਹੋ ਪਰ ਨਾਰੀ ਕੇ ਹੇਤ ਕਟਕ ਕਵਹਨ ਕੇ ਘਾਯੋ ॥੫੨॥
ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥

ਜੋ ਪਰਾਈਆਂ ਇਸਤ੍ਰੀਆਂ ਨੂੰ ਮਾੜੀ ਨਿਗ੍ਹਾ ਨਾਲ ਤੱਕਦੇ ਹਨ ਅੰਤ ਉਨ੍ਹਾਂ ਨੂੰ ਕਰੜੀ ਸਜ਼ਾ ਮਿਲਦੀ ਹੈ।

'ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥
ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥' (੩੫੫)

ਕਾਮ ਇਕ ਐਸੀ ਚੀਜ਼ ਹੈ ਜੋ ਨਰਕਾਂ ਵਿਚ ਪੈਣ ਅਤੇ ਜੂਨਾਂ ਵਿਚ ਭਟਕਣ ਦਾ ਕਾਰਨ ਬਣਦਾ ਹੈ।

'ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥' (੧੩੫੮)

'ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥'(੧੧੬੫)

ਇੰਦ੍ਰ ਦੇਵਤੇ ਦੇ ਅਹਿਲਿਆ ਦੇ ਸੁੰਦਰ ਸਰੂਪ ਤੇ ਲੁਭਾਏਮਾਨ ਹੋਣ ਅਤੇ ਮੰਦ ਕਰਮ ਕਰਨ ਤੇ ਗੌਤਮ ਰਿਖੀ ਦੇ ਸਰਾਪ ਕਾਰਨ ਸਰੀਰ ਤੇ ਹਜ਼ਾਰ ਭਗਾਂ ਹੋਈਆਂ ਅਤੇ ਅੰਤ ਨੂੰ ਪਛਤਾਉਣਾ ਪਿਆ।

'ਪ੍ਰਭਾਤੀ ਮਹਲਾ ੧ ਦਖਣੀ ॥

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥' (੧੩੪੩)

'ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦਖ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥'(੪੦੩)

ਸੀਤਾ ਜੀ ਦੇ ਚੁਰਾਉਣ ਤੇ ਮੂਰਖ ਰਾਵਣ ਦੀ ਐਸੀ ਦੁਰਦਸ਼ਾ ਹੋਈ ਕਿ ਰਾਜ ਭਾਗ ਤੇ ਜਾਨ ਗਵਾ ਬੈਠਾ।

'ਭੂਲੋ ਰਾਵਣੁ ਮੁਗਧੁ ਅਚੇਤਿ ॥ ਲੁਟੀ ਲੰਕਾ ਸੀਸ ਸਮੇਤਿ ॥' (੨੨੪)

'ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥'
(੧੧੫੮)

'ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥
ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ ॥
ਕਾਮਿ ਬਿਰੂਧਉ ਰਹੈ ਨ ਠਾਇ ॥' (੨੨੨)

'ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥' (੧੧੮੭)

ਖਾਣ ਵਾਲੀ ਦਾ ਤਾਂ ਇਹ ਹਾਲ ਹੋਇਆ। ਜੇਹੜੇ ਮੇਰੇ ਗਲ ਵਿਚ ਛੁਰੀਆਂ ਮਾਰ ਕੇ ਮਾਸ ਖਾਂਦੇ ਹਨ ਉਹਨਾਂ ਦਾ ਕੀ ਹਾਲ ਹੋਵੇਗਾ ?

'ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ।
ਹਸਿ ਹਸਿ ਬੋਲੈ ਕੁਹੀਦੀ ਖਾਧੇ ਅੱਕੁ ਹਾਲ ਇਹ ਹੋਆ।
ਮਾਸ ਖਾਣ ਗਲ ਛੁਰੀ ਦੇ ਹਾਲ ਤਿਨਾੜਾ ਕਉਣੁ ਅਲੋਆ।'

(ਵਾਰ ੩੭, ਪਉੜੀ ੨੫)

ਰਹਿਤਨਾਮਿਆਂ ਦੀ ਰੀਤੀ ਅਨੁਸਾਰ ਕੁੱਠਾ, ਮੁਸਲਮਾਨਾਂ ਦੇ ਕਲਮੇ ਵਾਲਾ ਕੋਹਿਆ ਮਾਸ ਖਾਣ ਦੀ ਇਜਾਜ਼ਤ ਨਹੀਂ। ਜੋ ਖਾਏਗਾ ਉਹ ਬੱਜਰ ਕੁਰਹਿਤੀਆ ਹੈ, ਦੁਬਾਰਾ ਅੰਮ੍ਰਿਤ ਛਕ ਕੇ ਰਹਿਤ ਵਿਚ ਤਿਆਰ-ਪੁਰ-ਤਿਆਰ ਹੋਣਾ ਪਵੇਗਾ।

'ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ ਖਾਕੂ।
ਇਨ ਕੀ ਓਰ ਨ ਕਬਹੂ ਦੇਖੈ। ਰਹਿਤਵੰਤ ਜੋ ਸਿੰਘ ਬਿਸੇਖੈ।੩੦।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਇਸੇ ਤਰ੍ਹਾਂ ਭਾਈ ਚਉਪਾ ਸਿੰਘ ਜੀ ਵੀ ਕੁੱਠਾ ਖਾਣ ਵਾਲਿਆਂ ਦਾ ਖੰਡਨ ਕਰਦੇ ਹਨ :—

'ਕੁਠਾ ਖਾਇ ਸੋ ਨੀਚ ਤਨਖਾਹੀਆ।'

ਗੁਰੂ ਕੇ ਪਿਆਰੇ ਸਿਮਰਨ ਭਜਨ ਕਰਨ ਵਾਲੇ ਸਿੱਖ ਕੜਾਹ ਪ੍ਰਸ਼ਾਦਿ ਨੂੰ ਅੰਮ੍ਰਿਤ ਰੂਪ ਕਰ ਕੇ ਛਕਦੇ ਹਨ। ਮਾਸ ਖਾਣ ਦੀ ਜ਼ਰੂਰਤ ਹੀ ਨਹੀਂ ਸਮਝਦੇ। ਅੰਮ੍ਰਿਤ ਛਕਣ ਤੇ ਗੁਰਬਾਣੀ ਪੜ੍ਹਨ ਦੀ ਬਰਕਤ ਦਾ ਸਦਕਾ ਉਨ੍ਹਾਂ ਗੁਰੂ ਦੇ ਪਿਆਰਿਆਂ ਦਾ ਸਰੀਰ ਪਾਪਾਂ ਵਿਕਾਰਾਂ ਦੀ ਮੈਲ ਤੋਂ ਰਹਿਤ ਅਤੇ ਮਨ ਸਦਾ ਅਡੋਲ ਤੇ ਕਵਲ ਫੁੱਲ ਵਾਂਗ ਖਿੜਿਆ ਰਹਿੰਦਾ ਹੈ।

੪. ਹਰਾਮ (ਪਰ-ਇਸਤ੍ਰੀ)

ਗੁਰਮਤਿ ਅਨੁਸਾਰ ਸਿੰਘ ਵਾਸਤੇ ਪਰ-ਇਸਤ੍ਰੀ ਦੀ ਸੰਗਤ ਕਰਨੀ ਅਤੇ ਇਸਤ੍ਰੀ ਵਾਸਤੇ ਪਰਾਏ-ਪੁਰਸ਼ ਦੀ ਸੰਗਤ ਕਰਨੀ ਬੱਜਰ ਕੁਰਹਿਤ ਹੈ। ਪਤੀ ਸਤੀ ਨੇ ਜਤ ਸਤ ਵਿਚ ਕਾਇਮ ਰਹਿਣਾ ਹੈ, ਇਸ ਮਰਯਾਦਾ ਦੇ ਉਲਟ ਨਹੀਂ ਚੱਲਣਾ। ਜਿਨ੍ਹਾਂ ਜਿਨ੍ਹਾਂ ਨੇ ਇਸ ਮਰਯਾਦਾ ਵਿਚ ਫ਼ਰਕ ਪਾਇਆ ਉਨ੍ਹਾਂ ਦੀ ਇਉਂ ਦੁਰਦਸ਼ਾ ਹੋਈ :—

'ਸਲੋਕ ਮ: ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥' (੯੫੩)

ਦੇ ਕਾਰਨ ਤੇਰੇ ਸੌ ਪੁੱਤਰ ਮਰੇ ਹਨ। ਸੋ ਇਸ ਵਾਸਤੇ ਜੀਵਾਂ ਨੂੰ ਮਾਰਨ ਦਾ ਫਲ ਭੁਗਤਣਾ ਹੀ ਪੈਂਦਾ ਹੈ।

'ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥' (੧੩੭੫)

'ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥' (੪੭੧)

ਐਸਾ ਖਾਣਾ ਕੀ ਖਾਣਾ ਜਿਸ ਦੇ ਖਾਣ ਕਰਕੇ ਮਨ ਵਿਚ ਵਿਕਾਰ ਪੈਦਾ ਹੋਣ ਅਤੇ ਮਨ ਵੱਸ ਨਾ ਆਵੇ ?

'ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥' (੫੬)

'ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥ (੯੪੯)

ਹਰ ਵੇਲੇ ਪ੍ਰਮੇਸ਼ਰ ਦੇ ਭੈ ਵਿਚ ਰਹਿ ਕੇ ਆਪਣਾ ਸਰੀਰ ਸੁਕਾ ਕੇ ਕਮਜ਼ੋਰ ਕਰਨਾ ਹੈ। ਲੋਭ ਦੀ ਰੱਤ ਖੂਨ ਵਿਚੋਂ ਨਿਕਲ ਜਾਵੇ, ਇਹੀ ਮਾਸ ਖਾਣਾ ਮੰਨਿਆ ਹੈ। ਖਾਖਾ ਦੀਪ ਸਿੰਘ ਜੀ ਨੇ ੮੭ ਸਾਲ ਦੀ ਉਮਰ ਵਿਚ ਜ਼ੁਲਮ ਨੂੰ ਨਾਸ ਕਰਨ ਲਈ ਜਿਵੇਂ ਬੜੀ ਬਹਾਦਰੀ ਨਾਲ ਜੰਗ ਕੀਤਾ, ਇਸ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ। ਉਨ੍ਹਾਂ ਕਦੇ ਵੀ ਮਾਸ ਨਹੀਂ ਸੀ ਛਕਿਆ। ਜੇ ਮਾਸ ਨੂੰ ਹੀ ਤਾਕਤ ਦਾ ਮੁੱਖ ਸਾਧਨ ਮੰਨ ਲਈਏ ਤਾਂ ਫਿਰ ਉਹ ਏਨੇ ਬਹਾਦਰ ਕਿਉਂ ਸਨ ? ਉਨ੍ਹਾਂ ਨੇ ਕੱਚੇ ਬੇਰ ਖਾ ਖਾ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਚਾਰ ਸਰੂਪ ਲਿਖੇ ਜੋ ਚਹੁੰ ਤਖ਼ਤਾਂ ਤੇ ਬਿਰਾਜਮਾਨ ਹਨ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਫੁਰਮਾਉਂਦੇ ਹਨ ਕਿ ਪਰਾਇਆ ਹੱਕ ਮੁਸਲਮਾਨ ਵਾਸਤੇ ਸੂਰ ਦੇ ਬਰਾਬਰ ਅਤੇ ਹਿੰਦੂਆਂ ਵਾਸਤੇ ਗਊ ਦੇ ਮਾਸ ਖਾਣ ਦੇ ਬਰਾਬਰ ਹੈ।

'ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥' (੧੪੧)

'ਮਹਾ ਕਸਾਬਿ ਛੁਰੀ ਸਟਿ ਪਾਈ ॥' (੮੯)

ਕਸਾਈ ਬੱਕਰੀ ਨੂੰ ਕੋਂਹਦਾ ਹੈ। ਮਾਸ ਨੂੰ ਲੂਣ ਲਾ ਕੇ ਸੀਖ ਉੱਤੇ ਪਰੋਂਦਾ ਹੈ। ਬੱਕਰੀ ਕੋਹੀ ਦੀ ਹੋਈ ਹੱਸ ਹੱਸ ਕੇ ਬੋਲਦੀ ਹੈ ਕਿ ਮੇਰਾ ਅੱਕ

ਉਹ ਗਰਮ ਗਰਮ ਹੱਥੋਂ ਛੱਟ ਗਈ ਤਾਂ ਉਸ ਦੇ ਚੋਲੇ ਤੇ ਲਹੂ ਦੀਆਂ ਛਿੱਟਾਂ ਪੈਣ ਕਰਕੇ ਕਹਿਣ ਲੱਗਾ ਕਿ ਮੇਰਾ ਚੋਲਾ ਪਲੀਤ (ਅਪਵਿੱਤ੍ਰ) ਹੋ ਗਿਆ ਹੈ। ਉਸ ਪ੍ਰਤੀ ਸਤਿਗੁਰੂ ਜੀ ਨੇ ਫੁਰਮਾਇਆ :-

'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ ॥' (੧੪੦)

'ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ ॥੧॥' (੧੩੫੦)

ਜਿਸ ਦਾ ਭਾਵ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਜੇ ਲਹੂ ਦੀ ਇਕ ਬੂੰਦ ਨਾਲ ਤੇਰਾ ਜਾਮਾ ਪਲੀਤ ਹੋ ਸਕਦਾ ਹੈ ਤਾਂ ਮਾਸ ਖਾਣ ਨਾਲ ਤੇਰਾ ਅੰਤਹਕਰਣ (ਹਿਰਦਾ) ਕਦੇ ਵੀ ਸ਼ੁੱਧ ਨਹੀਂ ਰਹਿ ਸਕਦਾ। ਜਿਵੇਂ ਬ੍ਰਹਮਣ ਮੂੰਹੋਂ ਤਾਂ ਵੇਦ ਬਾਣੀ ਮਿੱਠੀ ਸੁਰ ਨਾਲ ਪੜ੍ਹਦਾ ਹੈ ਪਰ ਜੀਵਾਂ ਨੂੰ ਕੁੰਹਦਾ (ਮਾਰਦਾ) ਸੰਗਦਾ ਨਹੀਂ, ਮੱਛੀਆਂ ਨੂੰ ਜਲ ਤੋਰੀਆਂ ਕਹਿ ਕੇ ਪਕੜਦਾ ਹੈ, ਉਹਨਾਂ ਨੂੰ ਵੀ ਗੁਰਬਾਣੀ ਵਿਚ ਝਾੜ ਪਾਈ ਹੈ :

'ਸੋਦੁ ਪਤੇ ਮੁਖਿ ਮੀਠੀ ਬਾਣੀ ॥
ਜੀਆਂ ਕੁਹਤ ਨ ਸੰਗੈ ਪਰਾਣੀ ॥' (੨੦੧)

ਭਗਤ ਕਬੀਰ ਜੀ ਨੂੰ ਕਿਸੇ ਨੇ ਸ਼ਿਕਾਰ ਲਈ ਨਾਲ ਚੱਲਣ ਵਾਸਤੇ ਆਖਿਆ ਤਾਂ ਭਗਤ ਜੀ ਨੇ ਉੱਤਰ ਦਿੱਤਾ :-

'ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮਿਤੁ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥' (੧੩੭੪)

ਮਾਸ ਖਾਣ ਕਰਕੇ ਭਗਤੀ ਤੋਂ ਮਨ ਆਲਸੀ ਹੁੰਦਾ ਹੈ ਅਤੇ ਵਿਕਾਰ ਫੁਰਦੇ ਹਨ। ਦੂਜਾ ਪਾਪਾਂ ਦਾ ਭਾਗੀ ਹੁੰਦਾ ਹੈ। ਜੋ ਕਿਸੇ ਜੀਵ ਨੂੰ ਮਾਰੇਗਾ, ਉਸ ਦਾ ਲੇਖਾ ਉਸ ਨੂੰ ਜ਼ਰੂਰ ਭੁਗਤਣਾ ਪਵੇਗਾ।

ਧ੍ਰਿਤਰਾਸ਼ਟਰ ਨੇ ਸ੍ਰੀ ਕ੍ਰਿਸਨ ਭਗਵਾਨ ਜੀ ਨੂੰ ਪੁੱਛਿਆ ਕਿ ਮੈਨੂੰ ਮੇਰੇ ੧੦੧ ਜਨਮਾਂ ਦਾ ਗਿਆਨ ਹੈ, ਜਿਨ੍ਹਾਂ ਵਿਚ ਮੈਂ ਚੱਕਰਵਰਤੀ ਰਾਜਾ ਰਿਹਾ ਹਾਂ ਅਤੇ ਕੋਈ ਪਾਪ ਨਹੀਂ ਕੀਤਾ ਪਰ ਮੇਰੇ ੧੦੦ ਪੁੱਤਰ ਮਰਨ ਦਾ ਕੀ ਕਾਰਨ ਹੈ? ਤਾਂ ਭਗਵਾਨ ਜੀ ਨੇ ਦੱਸਿਆ ਕਿ ਤੇਰੇ ੧੦੭ਵੇਂ ਜਨਮ ਵਿਚ ਨਿਤ ਮਾਸ ਖਾਣ ਦਾ ਆਦੀ ਹੋਣ ਕਰਕੇ ਤੈਨੂੰ ਮੀਰ ਸ਼ਿਕਾਰੀਆਂ ਨੇ ਮੀਂਹ ਦੇ ਕਾਰਨ ਬਾਹਰੋਂ ਸ਼ਿਕਾਰ ਨਾ ਮਿਲਣ ਕਰਕੇ, ਘਰ ਵਿਚ ਪਾਲੇ ਹੋਏ ਹੰਸਾਂ ਦੇ ਸੌ ਬੱਚੇ ਇਕ ਇਕ ਕਰਕੇ ਖੁਵਾਏ ਸਨ। ਹੰਸ ਹੰਸਣੀ ਦੇ ਸਰਾਪ ਅਤੇ ਪਾਪ

ਡਾਕਟਰਾਂ ਦੀ ਰਾਇ ਹੈ ਕਿ ਕੇਸ ਚਮੜੀ ਦੀਆਂ ਡੂੰਘੀਆਂ ਤੈਹਾਂ ਵਿਚ ਹਣ ਕਰਕ ਇਹ ਸਰੀਰ ਤੋਂ ਸ਼ਕਤੀ ਲੈਂਦੇ ਹਨ। ਇਨ੍ਹਾਂ ਦੇ ਬਾਰ ਬਾਰ ਕੱਟਣ ਤੇ ਇਹ ਹੋਰ ਜ਼ਿਆਦਾ ਸ਼ਕਤੀ ਸਰੀਰ ਵਿਚੋਂ ਲੈਂਦੇ ਰਹਿੰਦੇ ਹਨ ਜਿਸ ਕਰ ਕੇ ਮਨੁੱਖ ਸ਼ਕਤੀ-ਹੀਣ ਹੋ ਜਾਂਦਾ ਹੈ।

ਸੋ ਹੋਰ ਧਰਮਾਂ ਅਨੁਸਾਰ ਵੀ ਰੋਮਾਂ ਦੀ ਬੇਅਦਬੀ ਕਰਨੀ ਮਨ੍ਹਾ ਹੈ, ਪ੍ਰੰਤੂ ਗੁਰਮਤਿ ਅਨੁਸਾਰ ਇਹ ਕੁਰਹਿਤ ਕਰਨ ਨਾਲ ਗੁਰਸਿੱਖ ਪਤਿਤ ਹੋ ਜਾਂਦਾ ਹੈ। ਇਸ ਲਈ ਹਰ ਗੁਰਸਿੱਖ ਵਾਸਤੇ ਸਰੀਰ ਦੇ ਕਿਸੇ ਵੀ ਅੰਗ ਤੋਂ ਰੋਮਾਂ ਦੀ ਬੇਅਦਬੀ ਕਰਨੀ ਸਖਤ ਮਨ੍ਹਾ ਹੈ।

੩. ਹਲਾਲ (ਕੁੱਠਾ)

ਮੁਸਲਮਾਨਾਂ ਦੇ ਕਲਮੇ ਨਾਲ ਜਿਬ੍ਹਾ ਕੀਤੇ ਭਾਵ ਕੋਹ ਕੋਹ ਕੇ ਮਾਰੇ ਹੋਏ ਜਾਨਵਰ ਦੇ ਮਾਸ ਨੂੰ 'ਕੁੱਠਾ' ਕਿਹਾ ਜਾਂਦਾ ਹੈ–ਜਿਸ ਦੇ ਖਾਣ ਦੀ ਗੁਰੂ ਘਰ ਵਿਚ ਸਖਤ ਮਨਾਹੀ ਹੈ, ਬੱਜਰ ਕੁਰਹਿਤ ਹੈ, ਪਤਿਤ ਕਰਦੀ ਹੈ, ਬੁੱਧੀ ਪਸ਼ੂ ਵਰਗੀ ਹੋ ਜਾਂਦੀ ਹੈ। ਜਿਸ ਨੂੰ ਕੋਈ ਮਾਰ ਕੇ ਖਾਵੇ ਉਸੇ ਜੂਨ ਵਿਚ ਪੈਣਾ ਪੈਂਦਾ ਹੈ। ਦਿਲ ਪ੍ਰੇਮ ਤੋਂ ਵਾਂਝਾ ਰਹਿੰਦਾ ਹੈ ਤੇ ਮਾਲ ਪੁਸ਼ਟ ਹੋ ਕੇ ਭੋਗਾਂ ਨੂੰ ਬਹੁਤ ਚਾਹੁੰਦਾ ਹੈ।

'ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥' (੪੭੨)

ਹਿੰਦੂ ਗਲ ਵਿਚ ਜਨੇਊ ਪੈਣ ਦੀ ਖੁਸ਼ੀ ਵਿਚ ਬੱਕਰੇ ਨੂੰ ਕੋਹ ਕੋਹ ਕੇ ਖਾਂਦੇ ਸਨ, ਜੇ ਕੋਈ ਪੁੱਛੇ ਅੱਜ ਕੀ ਕਾਰਨ ਹੈ ਬੱਕਰਾ ਮਾਰ ਕੇ ਰਿੰਨ੍ਹਿਆ ਹੈ ਤਾਂ ਸਾਰੇ ਕਹਿੰਦੇ ਸਨ ਕਿ ਅੱਜ ਜਨੇਊ ਪਾਇਆ ਹੈ। ਇਸ ਵਾਸਤੇ ਹਜ਼ੂਰ ਨੇ ਇਸਨੂੰ ਤਾਹੀਏਂ ਠੁਕਰਾਇਆ ਸੀ।

'ਕੁਹਿ ਬਕਰਾ ਰਿੰਨਿ ਖਾਇਆ, ਮਤੁ ਕੋ ਆਖੈ ਪਾਇ ॥' (੪੭੧)

'ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥' (੧੩੭੫)

ਜਿਹੜੇ ਬੱਕਰਿਆਂ ਅਤੇ ਹੋਰ ਜੀਵਾਂ ਤਾਈਂ ਕੋਹ ਕੋਹ ਕੇ ਮਾਰਦੇ ਤੇ ਖਾਂਦੇ ਹਨ ਅੰਤ ਉਹਨਾ ਨੂੰ ਇਸ ਦਾ ਹਿਸਾਬ ਕਿਤਾਬ ਦੇਣਾ ਹੀ ਪੈਣਾ ਹੈ।

ਜਦੋਂ ਕਾਜ਼ੀ ਨੇ ਸੁਲਤਾਨਪੁਰ ਵਿਚ ਕੁੱਕੜੀ ਜਿਬ੍ਹਾ (ਮਾਰੀ) ਕੀਤੀ

'ਜਬ ਪਹਿਲੇ ਸਭ ਸ੍ਰਿਸਟਿ ਉਪਾਈ। ਤਬ ਹੀ ਮਾਨੁਖ ਦੇਹਿ ਬਨਾਈ।
ਤਨ ਇਸ ਕੇ ਸਿਰ ਕੇਸ ਜੁ ਦੀਨੋ। ਸੋ ਇਹ ਤਨ ਸ਼ਿਗਾਰਹਿ ਕੀਨੋ।੭੯।
ਦਾੜ੍ਹਾ ਮੁਛ ਸਿਰ ਕੇਸ ਬਨਾਈ। ਹੈ ਇਹ ਦ੍ਰਿੜ ਜਿਹ ਪ੍ਰਭੂ ਰਜ਼ਾਈ।
ਮੇਟ ਰਜਾਇ ਜੁ ਸੀਸ ਮੁੰਡਾਵੈ। ਕਹੁ ਤੇ ਜਗ ਕੈਸੇ ਹਰਿ ਪਾਵੈ।੮੦।
ਪਾਖਹੁ ਬਿਨ ਬਿਹੰਗ ਜਿਮ ਹੋਈ। ਊਰਬ ਬਿਨਾ ਭੇਡ ਜਿਮ ਕੋਈ।
ਬਮਨ ਬਿਨਾ ਨਾਗ ਹੈ ਜੈਸੇ। ਕੇਸਨ ਬਿਨ ਹੋਯ ਨਰ ਤੈਸੇ।੮੧।
ਕੇਸਨ ਨਰ ਧਾਰੇ ਹੈ ਜਬ ਹੀ। ਪੂਰਨ ਰੂਪ ਹੋਇ ਹੈ ਤਬ ਹੀ।
ਕੇਸ ਏਕ ਪੁਨ ਰਹਤ ਜੁ ਪਾਈ। ਤਾ ਕੀ ਮਹਿਮਾ ਕਹੀ ਨਾ ਜਾਈ।੮੨।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

'ਗੁਰ ਕੀ ਛਾਪ ਸਿਰ ਕੀ ਪਾਹੁਲ, ਦੇਇ ਉਤਾਰ ਸੋ ਬੇਮੁਖ ਜਾਨਹੁ।
ਬੇਟੇ ਕੋ ਬੰਧੁ ਕੋ ਛਾਪ ਮੁੰਡਾਵਤ, ਜਮਦੂਖ ਭੋਗ ਕੇ ਪ੍ਰੇਤ ਪਛਾਨਹੁ।
ਸਾਕ ਤਜੈ ਤਿਹ ਖਾਨ ਤਜੈ, ਜੋ ਪਾਲਹਿ ਤਾਸ ਪਾਪੀ ਹੀ ਮਾਨਹੁ।
ਗੋਬਿੰਦ ਸਿੰਘ ਨਿਸੰਗ ਕਹਹਿ ਇਹ,
ਬੇਮੁਖ ਤਿਆਗਿ ਕਿਉਂ ਪਾਪ ਨਮਾਨੋਂ।੩੧।'

(ਮੁਕਤਿਨਾਮਾ ਭਾਈ ਸਾਹਿਬ ਸਿੰਘ ਜੀ)

'ਨਾਈ ਦਾ ਹਥ ਸੀਸ ਚਿਹਰੇ ਨ ਲਗਾਣਾ ਪਾਵੈ।
ਕੇਸਾਧਾਰੀ ਗੁਰੂ ਦਾ ਪੰਥ ਕਹਾਵੈ।
ਪਾਹ ਲਾਇਕੇ ਜੰਗ ਚੜ੍ਹਾਇਆ।
ਪਾਹੁ ਬਣੀ ਪਾਹੁਲ, ਰੰਗ ਕੇਸ ਬਣਾਇਆ।੩੨੪।'

(ਬੰਸਾਵਲੀਨਾਮਾ ਭਾਈ ਕੇਸਰ ਸਿੰਘ ਜੀ ਛਿੱਬਰ)

'ਪਾਂਚ ਕੀ ਕੁਸੰਗਤਿ ਤਜਿ ਸੰਗਤ ਸੋਂ ਪ੍ਰੀਤ ਕਰੈ,
ਦਯਾ ਔਰ ਧਰਮ ਧਾਰ ਤਿਆਗ ਸਭ ਲਾਲਸਾ।
ਹੁੱਕਾ ਨਾ ਪੀਵੇ ਸੀਸ ਦਾੜ੍ਹੀ ਨ ਮੁੰਡਾਵੈ,
ਸੋ ਤੋ ਵਾਹਗੁਰੂ ਵਾਹਗੁਰੂ ਗੁਰੂ ਜੀ ਕਾ ਖਾਲਸਾ।੩੦।'

(ਸ੍ਰੀ ਗੁਰ ਸੋਭਾ ਕਵਿ ਸੈਨਾਪਤਿ)

'ਮੜੀ ਦੇਵ ਗੋਰਲ ਤਜੈ, ਔਰ ਨ ਪੰਥ ਪੁਜਵਾਇ।
ਕਰੇ ਕੇਸ ਕੋ ਕਲਪ ਨ, ਕਾਮ ਕ੍ਰੋਧ ਦੋ ਤਯਾਗ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਸੰਗਤ ਭਦਰ ਮਤ ਕਰੋ, ਪੁਰ ਨ ਲਾਵਉ ਸੀਸ ।
ਮਾਤ ਪਿਤਾ ਕੋਈ ਮਰੈ ਸਤਿਗੁਰ ਕਹੀ ਹਦੀਸ ॥੨੪॥'

(ਸ੍ਰੀ ਗੁਰ ਸੋਭਾ ਕਵੀ ਸੈਨਾਪਤਿ)

ਭਾਈ ਸੰਤੋਖ ਸਿੰਘ ਜੀ ਚੂੜਾਮਣਿ ਆਪਣੀ ਲਿਖਤ 'ਸ੍ਰੀ ਗੁਰੂ ਪ੍ਰਤਾਪ 'ਸੂਰਜ ਗ੍ਰੰਥ' ਵਿਚ ਰੋਮ ਕੱਟਣ ਵਾਲਿਆਂ ਬਾਰੇ ਲਿਖਦੇ ਹਨ :

'ਸੁੰਦਰ ਸਰੂਪ ਤੇ ਕੁਰੂਪ ਬਨ ਰੰਡੇ ਹੋਤ,
ਜੈਸੇ ਭੂਪ ਦੰਡ ਦੇਤ ਨੈਕ ਨ ਸ਼ਰੱਮ ਹੈ ।
ਮਲ ਮੂਤ ਬਾਸਨ ਮਲੀਨ ਤੇ ਮਲੀਨ ਮਹਾਂ,
ਸ਼ਿਸ਼ਨੂ ਲਗੱਤ ਉਚ ਨੀਚ ਕੇ ਚਰੱਮ ਹੈ ।
ਪਾਕ ਮੱਖ ਮੁੰਡ ਕੈ ਨਿਪਾਨ ਕੋ ਰਿਰਾਵੈ ਲਿੱਤ,
ਆਗੈ ਕਰਿ ਦੇਤ ਜੈਸੇ ਰਾਂਡ ਕੋ ਕਰੱਮ ਹੈ ।
ਸ਼ੋਭਾ ਲੋਕ ਗੱਤ, ਪ੍ਰਲੋਕ ਕੀ ਬਿਗਾਰੇ ਮੂਢ,
ਮੁੰਡਨ ਕਰਾਇ ਫੇਰ ਭਾਖਤੇ ਧਰੱਮ ਹੈ ।'

(ਰੁੱਤ ੫, ਅੰਸੂ ੨੯)

'ਵਾਲ ਵਧਾਇਆ ਪਾਈਐ ਬੜ ਜਟਾਂ ਪਲਾਸੀ ।'

(ਵਾਰ ੩੬, ਪਉੜੀ ੧੪)

ਗੁਰਮਤਿ ਵਿਚ ਜਟਾਂ ਬਨਾਉਣੀਆਂ ਵੀ ਮਨ੍ਹਾਂ ਹਨ ।

ਸਾਰੇਦੜੇ ਜੈਨੀ ਸਿਰ ਦੇ ਕੇਸ ਭੇਡਾਂ ਵਾਗ ਪਟੇਂਦੇ ਹਨ, ਇਸ਼ਨਾਨ ਨਹੀਂ ਕਰਦੇ । ਉਹਨਾਂ ਬਾਰੇ ਸ੍ਰੀ ਮੁਖ ਵਾਕ ਹੈ :–

'ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤਿ ਚਟੇ ਸਿਰਿ ਛਾਈ ॥੧॥'

(੧੫੦)

ਤਾਵ ਜੇ ਸਿਰ ਖੁੱਥੇ ਕੇਸ ਪਟੇਣ ਵਾਲੇ ਐਸੀ ਗਲਤੀ ਕਰਦੇ ਹਨ, ਫਿਰ ਨਹੀਂਦੇ ਵੀ ਨਹੀਂ, ਉਨ੍ਹਾਂ ਦੇ ਸਿਰ ਵਿਚ ਸੱਤ ਜਾਂ ਸੌ ਚਟੇ (ਬੇੜੀ ਵਿਚੋਂ ਪਾਣੀ ਕੁਲੰਜਣ ਵਾਲੇ) ਸੁਆਹ ਦੇ ਭਰ ਕੇ ਪਾਉ । ਜਾਂ ਸੱਤ ਬੁੱਕ ਭਰ ਕੇ ਸੁਆਹ ਦੇ ਪਾਓ ।

ਭਾਈ ਦੇਸਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਕੇਸਾ ਦੀ ਉਪਮਾ ਕਰਦੇ ਲਿਖਦੇ ਹਨ :–

ਅਸੀਂ ਕੱਢ ਲੈਂਦੇ ਹਾਂ।'

'ਕਾਢੀ ਨਰਕ ਤੇ ਧੂਹ ॥੧॥' (੧੨੨੭)

ਇਸ ਦਾ ਦਾੜ੍ਹਾ ਬੜਾ ਲੰਮਾ ਲੰਮਾ ਸੀ। ਉਸ ਨੇ ਆਪਣੇ ਹੱਥਾਂ ਵਿਚ ਪਕੜ ਕੇ ਕਿਹਾ, 'ਹਜ਼ੂਰ! ਮੇਰੀ ਦਾੜ੍ਹੀ ਵੇਖ ਕੇ ਦਾੜ੍ਹੀਓਂ ਫੜ ਕੇ ਕੱਢ ਲਿਆ ਜੇ।' ਤਾਂ ਹਜ਼ੂਰ ਆਪਣੇ ਮੁੱਖ ਅੱਗੇ ਰੁਮਾਲ ਰੱਖ ਕੇ ਬਹੁਤ ਹੱਸੇ। ਭਾਈ ਢਾਨੇ ਨੇ ਕਿਹਾ, 'ਅੰਤ ਨੂੰ ਚਿਖਾ ਵਿਚ ਕੇਸ ਤਾਂ ਇਉਂ ਸੜ ਜਾਣੇ ਹਨ ਜਿਵੇਂ ਸੁੱਕੇ ਘਾਹ ਦਾ ਪੂਲਾ ਤੇ ਹੱਡ ਇਉਂ ਸੜਨਗੇ ਜਿਵੇਂ ਲੱਕੜਾਂ ਦੀ ਪੰਡ :-

'ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥
ਕੇਸ ਜਲੇ ਜੈਸੇ ਘਾਸ ਕਾ ਪੂਲਾ ॥' (੮੭੦)

ਪਰਲੋਕ ਵਿਚ ਕੇਸਾਂ ਦੀ ਨਿਸ਼ਾਨੀ ਕਿਵੇਂ ਰਹੇਗੀ? ਜਦੋਂ ਏਥੇ ਹੀ ਜਲ ਗਏ।' ਤਾਂ ਸਤਿਗੁਰੂ ਜੀ ਨੇ ਕਿਹਾ, 'ਪ੍ਰਲੋਕ ਦੀ ਹਾਲਤ ਦਿਖਾ ਦੇਈਏ।' ਤਾਂ ਕਹਿੰਦਾ, 'ਜੀ! ਸਤਿ ਬਚਨ, ਹੋਰ ਕੀ ਚਾਹੀਦਾ ਹੈ।' ਤਾਂ ਸਤਿਗੁਰੂ ਜੀ ਨੇ ਇਸ ਦੇ ਮੱਥੇ ਤੇ ਤੀਰ ਰੱਖ ਕੇ, ਨੇਤ੍ਰ ਬੰਦ ਕਰਵਾ ਕੇ, ਪ੍ਰਲੋਕ ਦੀ ਹਾਲਤ ਦਿਖਾਈ। ਤਾ ਕੀ ਵੇਖਿਆ?

'ਬਿਨ ਕੇਸਾਂ ਸਿਰ ਕੁਟੀਅਨ ਚਿੰਘਾਰੇ ਕੋਣ ਛੁਡਾਇ ਹੈ॥'

(ਮਾਲ ਕੌਸੀਏ ਦੀ ਵਾਰ ਦਸਮ ਲਿਖਤ ਬੀੜ ਬਾਬਾ ਦੀਪ ਸਿੰਘ ਜੀ ਸ਼ਹੀਦ ਪਟਨਾ ਸਾਹਿਬ ਵਾਲੀ।)

ਤਾਂ ਕੰਬ ਕੇ ਕਹਿਣ ਲੱਗਾ, 'ਜੀ! ਮੈਂ ਕੇਸ ਜ਼ਰੂਰ ਰੱਖੂੰ, ਮੈਨੂੰ ਖੰਡੇ ਦੇ ਅੰਮ੍ਰਿਤ ਦੀ ਦਾਤ ਜ਼ਰੂਰ ਬਖਸ਼ੋ।' ਹਜ਼ੂਰ ਨੇ ਪੰਜ ਪਿਆਰਿਆਂ ਦੁਆਰਾ ਅੰਮ੍ਰਿਤ ਛਕਾ ਕੇ ਨਾਮ ਭਾਈ ਦਾਨ ਸਿੰਘ ਰੱਖਿਆ ਜਿਸਨੇ ਮਾਲਵੇ ਦੀ ਸਿੱਖੀ ਰੱਖ ਵਿਖਾਈ ਸੀ। ਸੋ ਕੇਸ ਰੱਖਣੇ ਬੜੇ ਜ਼ਰੂਰੀ ਹਨ। ਕਿਸੇ ਸਬੰਧੀ ਦੇ ਮਹਨ ਤੋਂ ਭੱਦਣ ਨਹੀਂ ਕਰਵਾਉਣਾ।

'ਭੱਦਨ ਤਿਆਗ ਕਰੋ ਰੇ ਭਾਈ। ਸਭ ਸਿਖਨ ਯਹ ਬਾਤ ਸੁਨਾਈ ॥੨੧॥
ਮਾਤਿ ਪਿਤਾ ਮਰੇ ਜੋ ਕੋਈ। ਤਉ ਭੀ ਕਰਤ ਨ ਭਦਣ ਹੋਈ।
ਮਾਤ ਪਿਤਾ ਗੋਬਿੰਦ ਹਮਾਰਾ। ਏ ਸੰਸਾਰੀ ਝੂਠ ਪਸਾਰਾ ॥੨੨॥
ਤਾ ਪਰ ਭਦਣ ਭੂਲ ਨਾ ਕੀਜੈ। ਯਹ ਉਪਦੇਸ ਸਤਿ ਕਰ ਲੀਜੈ।
ਭਦਰ ਭਰਮ ਧਰਮ ਕਿਛ ਨਾਹੀ। ਨਿਹਚੈ ਜਾਨੋ ਸੰਤ ਮਨ ਮਾਹੀ ॥੨੩॥

ਜੇ ਮੂੰਹ ਸਿਰ ਮੂੰਨਣ ਤੋਂ ਕਲਿਆਣ ਪ੍ਰਾਪਤ ਹੁੰਦੀ ਹੈ ਤਾਂ ਭੇਡਾਂ ਤਾਂ ਹਰ ਛੰ ਮਹੀਨੀਂ ਮੂੰਨੀ ਦੀਆਂ ਹਨ-ਉਹ ਕੋਈ ਵੀ ਮੁਕਤ ਕਿਉਂ ਨਹੀਂ ਹੁੰਦੀਆਂ। ਭਾਵ ਕੇਸ ਮੂੰਨਣ ਕਰਕੇ ਮੁਕਤ ਤਾਂ ਕਿਧਰੇ ਪ੍ਰਮੇਸ਼ਰ ਦੀ ਹੁਕਮ-ਅਦੂਲੀ ਕਰਕੇ ਚੌਰਾਸੀ ਦਾ ਗੇੜਾ ਗਲ ਪੈਂਦਾ ਹੈ।

'ਨਾ ਸਤਿ ਮੂੰਡ ਮੁਡਾਈ ਕੇਸੀ' (੯੫੨)

ਮੂੰਹ ਤੇ ਕੇਸਾਂ ਦੇ ਮੂੰਨਣੇ ਕਰਕੇ ਸਤ ਸਰੂਪ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ। ਸਿੱਖੀ ਦੀ ਪ੍ਰਤੱਖ ਨਿਸ਼ਾਨੀ ਹੀ ਕੇਸ ਹਨ ਕਿਉਂਕਿ ਬਾਕੀ ਤਕਰੀਬਨ ਸਾਰਾ ਜਗਤ ਕੇਸਾਂ ਦੀ ਬੇਅਦਬੀ ਕਰ ਰਿਹਾ ਹੈ। ਇਕੋ ਇਕ ਖ਼ਾਲਸਾ ਪੰਥ ਹੀ ਅਕਾਲ ਪੁਰਖ ਦੀ ਅਮਾਨਤ ਨੂੰ ਸਹੀ ਸਲਾਮਤ ਸਾਂਭ ਕੇ ਰੱਖਦਾ ਹੈ। ਇਸੇ ਕਰਕੇ ਹੀ ਗੁਰੂ ਸਾਹਿਬ ਨੇ ਕੇਸਾ ਬਾਰੇ ਦਹਰਾ ਹਦਾਇਤ ਕੀਤੀ ਹੈ। ਰਹਿਤ ਵਿਚ ਕੇਸਾਂ ਦੇ ਰੱਖਣ ਤੇ ਜ਼ੋਰ ਦਿੱਤਾ ਹੈ ਅਤੇ ਕੁਰਹਿਤ ਵਿਚ ਕੇਸਾਂ ਦੇ ਮੂੰਨਣ ਦਾ ਬਿਲਕੁਲ ਖੰਡਨ ਕੀਤਾ ਹੈ। ਇਸੇ ਕਰ ਕੇ ਸਾਰੇ ਸਿੱਖ ਜਗਤ ਵਿਚ ਹਰ ਰੋਜ਼ ਦੋ ਵੇਲੇ ਅਰਦਾਸ ਕੀਤੀ ਜਾਂਦੀ ਹੈ ਕਿ 'ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ।' ਅਨੇਕਾਂ ਹੀ ਸਿੰਘ ਸਿੰਘਣੀਆਂ ਨੇ ਕੁਰਬਾਨੀਆਂ ਕੀਤੀਆਂ ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਜਿਵੇਂ ਭਾਈ ਤਾਰੂ ਸਿੰਘ ਜੀ ਨੇ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ ਪਰ ਮੁਸਕ੍ਰਾਉਂਦਿਆਂ ਹੋਇਆਂ ਖੋਪਰਾ ਭਾਵੇਂ ਉਤਰਵਾ ਲਿਆ। ਭਾਈ ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜੀ ਪਿਤਾ-ਪੁੱਤਰ ਚਰਖੜੀ ਚੜ੍ਹ ਗਏ। ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾ ਲਏ ਪਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੀ।

ਪਿੰਡ ਅਬਲੂ (ਫਰੀਦਕੋਟ) ਦਾ ਰਹਿਣ ਵਾਲਾ ਇਕ ਵਿਅਕਤੀ 'ਦਾਨਾ' ਨਾਮੇ ਜੋ ਕਿ ਕੇਸ ਮੂੰਨਾਉਂਦਾ ਅਤੇ ਤਮਾਕੂ ਪੀਂਦਾ ਸੀ, ਕਲਗੀਧਰ ਪਿਤਾ ਜੀ ਦੇ ਦਰਸ਼ਨਾਂ ਲਈ ਦੀਨੇ ਨਗਰ ਆਇਆ। ਸਿਖੀ ਦੀ ਜਾਚਨਾ ਕੀਤੀ ਤਾਂ ਹਜ਼ੂਰ ਨੇ ਕਿਹਾ, 'ਭਾਈ! ਤਮਾਕੂ ਪੀਣਾ ਛੱਡ ਦੇ।' ਉਸ ਬੇਨਤੀ ਕੀਤੀ, 'ਹਜ਼ੂਰ! ਜੇ ਤਮਾਕੂ ਨਾ ਪੀਵਾਂ ਤਾਂ ਆਫਰ ਜਾਂਦਾ ਹਾਂ।' ਸਤਿਗੁਰਾਂ ਨੇ ਕਿਹਾ, 'ਨਹੀਂ ਆਫਰੇਂਗਾ।' ਤਾਂ ਹੁਕਮ ਮੰਨ ਕੇ ਝੱਟ ਹੀ ਤਮਾਕੂ ਛੱਡ ਦਿੱਤਾ। ਫੇਰ ਸਤਿਗੁਰੂ ਸਾਹਿਬ ਨੇ ਕਿਹਾ, 'ਕੇਸ ਰੱਖ।' ਉਸ ਬੇਨਤੀ ਕੀਤੀ, 'ਜੀ! ਇਹਨਾਂ ਕੇਸਾਂ ਦੀ ਕੀ ਲੋੜ ਹੈ?' ਸਤਿਗੁਰੂ ਜੀ ਨੇ ਕਿਹਾ, 'ਭਾਈ! ਜੇ ਕਿਸੇ ਕਾਰਨ ਸਿੱਖ ਨਰਕਾਂ ਵਿਚ ਪੈ ਜਾਵੇ ਤਾਂ ਕੇਸਾਂ ਦੀ ਨਿਸ਼ਾਨੀ ਵੇਖ ਕੇ

੨. ਹਜਾਮਤ

ਕੇਸਾਂ ਦੇ ਮੁਨਾਉਣ ਨੂੰ ਹਜਾਮਤ ਕਿਹਾ ਜਾਂਦਾ ਹੈ। ਗੁਰਮਤਿ ਵਿਚ ਕੇਸਾਂ ਦੇ ਮੁੰਨਣ ਦੀ ਸਖਤ ਮਨਾਹੀ ਹੈ। ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਕਿਤੋਂ ਵੀ ਕੇਸਾਂ ਜਾਂ ਰੋਮਾਂ ਦੀ ਬੇਅਦਬੀ ਨਹੀਂ ਕਰਨੀ। ਜਿਵੇਂ ਕੇਸ ਰੱਖਣੇ ਜ਼ਰੂਰੀ ਰਹਿਤ ਮੰਨਿਆ ਗਿਆ ਹੈ, ਏਸੇ ਪ੍ਰਕਾਰ ਕੇਸਾਂ ਦੀ ਕਿਸੇ ਪ੍ਰਕਾਰ ਦੀ ਬੇਅਦਬੀ ਨੂੰ ਸਤਿਗੁਰੂ ਜੀ ਵੱਲੋਂ ਬੱਜਰ ਕੁਰਹਿਤ ਦੱਸਿਆ ਗਿਆ ਹੈ। ਕੇਸ ਅਕਾਲ ਪੁਰਖ ਦੀ ਮੋਹਰ ਅਤੇ ਭਾਣਾ ਮੰਨਣ ਦੀ ਨਿਸ਼ਾਨੀ ਹਨ। ਕੇਸਾਂ ਨੂੰ ਕਟਾਉਣਾ, ਮੁਨਾਉਣਾ, ਪੁਟਾਉਣਾ, ਘਸਾਉਣਾ, ਦਵਾਈ ਆਦਿ ਨਾਲ ਉਤਾਰਨਾ ਬਿਲਕੁਲ ਮਨ੍ਹਾ ਹੈ। ਜਿਸ ਤਰ੍ਹਾਂ ਮਾਤਾ ਦੇ ਗਰਭ ਤੋਂ ਜੋ ਸਾਬਤ ਸੂਰਤ ਪ੍ਰਮੇਸ਼ਰ ਨੇ ਸਾਨੂੰ ਬਖਸ਼ੀ ਹੈ ਅਖੀਰਲੇ ਸਵਾਸਾਂ ਤੱਕ ਉਸੇ ਤਰ੍ਹਾਂ ਹੀ ਰਹਿਣਾ ਜ਼ਰੂਰੀ ਹੈ। ਫਿਰ ਉਹ ਜੀਵਨ ਬੜਾ ਹੀ ਬੇਕੀਮਤਾ ਹੈ।

'ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓਰਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋਰਿ ॥' (੧੩੭੨)

ਭਾਵ :-ਭਗਤ ਕਬੀਰ ਜੀ ਫੁਰਮੋਂਦੇ ਹਨ ਜਿਵੇਂ ਮਾਤਾ ਦੇ ਗਰਭ ਤੋਂ ਮੁੱਢ ਤੋਂ ਸਰੀਰ ਪੈਦਾ ਹੋਇਆ ਜੇ ਓਸੇ ਤਰ੍ਹਾਂ ਸਾਬਤ ਸੂਰਤ (ਦਾੜ੍ਹਾ, ਕੇਸ, ਰੋਮ ਕੱਟਿਆਂ ਤੋਂ ਬਿਨਾ) ਰਹਿ ਕੇ ਅਖੀਰ ਤੱਕ (ਰਹਿਤ) ਨਿਭ ਜਾਵੇ ਤਾਂ ਫਿਰ ਇਸ ਦੇ ਬਰਾਬਰ ਤੇ (ਹੀਰਾ) ਮਨੁੱਖਾ ਜਨਮ ਤਾਂ ਕੀ ਕ੍ਰੋੜਾਂ (ਰਤਨ) ਦੇਵਤਿਆਂ ਦੀਆਂ ਦੇਹਾਂ ਵੀ ਨਹੀਂ ਪੱਜ ਸਕਦੀਆਂ। ਐਸੀ ਇਹ ਬੇਕੀਮਤੀ ਦਾਤ ਜ਼ਰੂਰੀ ਹੈ।

'ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥' (੧੩੬੯)

ਭਗਤ ਕਬੀਰ ਜੀ ਮੂੰਹ ਮੁੰਨਣ ਵਾਲਿਆਂ ਨੂੰ ਨੋਤ ਕਾਤਨਾ ਕਰਦੇ ਹਨ।

ਹੇ ਅਣਜਾਣ ਪੁਰਖ ! ਆਪਣੇ ਮਨ ਦੇ ਮੰਦੇ ਸੰਕਲਪਾਂ ਨੂੰ ਵਿਚਾਰ ਦੀ ਕੈਂਚੀ ਨਾਲ ਤਾਂ ਮੁੰਨਿਆ ਨਹੀਂ, ਇਹ ਦਾਹੜਾ ਕੇਸ ਕਿਸ ਵਾਸਤੇ ਮੁੰਨੇ ਹਨ ? ਜੋ ਪਾਪ ਕੀਤਾ ਹੈ ਉਹ ਤਾਂ ਮਨ ਨੇ ਕੀਤਾ ਹੈ (ਪਰ ਭੰਨ ਮੂੰਹ ਨੂੰ ਦੇ ਦਿੱਤਾ) ਮੁੰਨ ਬਿਅਰਥ ਹੀ ਮੂੰਹ ਨੂੰ ਦਿੱਤਾ ਜੋ ਕਿ ਵੱਡਾ ਪਾਪ ਹੈ।

'ਮੂੰਡ ਮੁੰਡਾਏ ਜੋ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥'(੩੨੪)

ਹੋਈ। ਸੋ ਇਹ ਗਊ ਦਾ ਖ਼ੂਨ ਹੈ।

(੨) ਪੌਰਾਣਿਕ ਮੱਤ ਅਨੁਸਾਰ ਕਲਜੁਗ ਵਿਚ ਗੋਮੇਧ ਯੱਗ ਕਰਨਾ ਮਨ੍ਹਾ ਹੈ। ਪੱਛਮ ਵਿਚ ਇਹ ਯੱਗ ਕਿਸੇ ਨੇ ਕੀਤਾ, ਉੱਥੇ ਗੋਮੇਧ ਕੁੰਡ ਤੋਂ ਤਮਾਕੂ ਉੱਗਿਆ ਸੀ। ਭਾਵ ਗਊ ਹੱਤਿਆ ਕਰਨ ਕਰਕੇ ਐਸੀ ਪਾਪ ਦੀ ਇਕ ਬੂਟੀ ਪੈਦਾ ਹੋਈ ਸੀ ਅਤੇ ਉਥੋਂ ਲਿਆ ਕੇ ਰਾਜੇ ਅਜਮੇਰ ਸ਼ਾਹ ਨੇ ਭਾਰਤ ਵਰਸ਼ ਵਿਚ ਪਰਵਿਰਤ ਕੀਤੀ ਸੀ।

(੩) ਇਕ ਵੇਰ ਸ਼ਿਵਜੀ ਅਤੇ ਪਾਰਬਤੀ ਤੁਰੇ ਜਾ ਰਹੇ ਸਨ ਤਾਂ ਰਸਤੇ ਵਿਚ ਕਲਜੁਗ ਵੱਛੀ ਦਾ ਰੂਪ ਧਾਰਨ ਕਰ ਕੇ ਚਿੱਕੜ ਵਿਚ ਖੁੱਭਿਆ ਬੈਠਾ ਸੀ। ਸ਼ਿਵਜੀ ਨੂੰ ਪਾਰਬਤੀ ਨੇ ਵੱਛੀ ਬਾਹਰ ਕੱਢਣ ਤੇ ਮਜਬੂਰ ਕੀਤਾ। ਜਦ ਬਾਹਰ ਕੱਢਣ ਲਈ ਸ਼ਿਵਜੀ ਨੇ ਉਸ ਦੇ ਕੰਨਾਂ ਨੂੰ ਹੱਥ ਪਾਇਆ ਅਤੇ ਪਾਰਬਤੀ ਨੇ ਪੂਛ ਤੋਂ ਫੜਿਆ ਤਾਂ ਉਸ ਦੇ ਕੰਨ ਤੇ ਪੂਛ ਪੁੱਟੇ ਗਏ। ਪਾਰਬਤੀ ਨੇ ਬਹੁਤ ਪਸਚਾਤਾਪ ਕੀਤਾ। ਸ਼ਿਵਜੀ ਨੇ ਪੂਛ ਨੂੰ ਗਾਰੇ ਵਿਚ ਦੱਬ ਕੇ ਉੱਪਰ ਕੰਨ ਲਾ ਦਿੱਤੇ ਅਤੇ ਆਖਿਆ ਕਿ ਇਸ ਤੋਂ ਇਕ ਅਜੇਹੀ ਭ੍ਰਿਸ਼ਟ ਬੂਟੀ ਪੈਦਾ ਹੋਵੇਗੀ ਜਿਸ ਦੇ ਸੇਵਨ ਤੋਂ ਧਰਮ ਜਾਂਦਾ ਰਹੇਗਾ। ਇਹ ਪੈਦਾ ਹੋਣ ਵਾਲੀ ਬੂਟੀ ਤਮਾਕੂ ਹੀ ਸੀ।

(੪) ਅੱਜ ਕੱਲ੍ਹ ਦੇ ਨਵੇਂ ਖੋਜੀਆਂ ਅਨੁਸਾਰ ਵੀ ਪੱਛਮ ਵਿਚੋਂ ਇਹ ਬੂਟੀ ਹਿੰਦੁਸਤਾਨ ਵਿਚ ਆਈ। ਜਦੋਂ ਸਪੇਨ ਦੇ ਰਹਿਣ ਵਾਲੇ ਕੋਲੰਬਸ ਨੇ ਅਮਰੀਕਾ ਦੇਸ਼ ਲੱਭਿਆ ਸੀ ਤਾਂ ਉਸ ਦੇ ਸਾਥੀ ਅਮਰੀਕਾ ਵਿਚੋਂ ਇਹ ਬੂਟੀ ਲਿਆਏ ਸਨ। ਸਪੇਨ ਤੋਂ ਮਗਰੋਂ ਇਹ ਯੂਰਪ ਦੇ ਹੋਰ ਦੇਸ਼ਾਂ ਵਿਚ ਫੈਲੀ ਅਤੇ ਹਿੰਦੁਸਤਾਨ ਵਿਚ ਤਮਾਕੂ ਜਹਾਂਗੀਰ ਦੇ ਸਮੇਂ 'ਸਰ ਤਾਮਸ ਰੋ' ਲਿਆਇਆ। ਜਹਾਂਗੀਰ ਨੇ ਇਸਦਾ ਤਬਾਹਕੁਨ ਅਸਰ ਦੇਖ ਕੇ ਬੜੀ ਸਖ਼ਤ ਸਜ਼ਾ ਨਿਯੁਕਤ ਕੀਤੀ। ਤਮਾਕੂ ਪੀਣ ਵਾਲੇ ਨੂੰ ਗਧੇ ਉੱਤੇ ਚੜ੍ਹਾ ਕੇ ਪਿੱਛੇ ਨੂੰ ਕਾਲਾ ਮੂੰਹ ਕਰਕੇ ਬਿਠਾਇਆ ਜਾਂਦਾ ਤੇ ਸਾਰੇ ਸ਼ਹਿਰ ਵਿਚ ਫੇਰਿਆ ਜਾਂਦਾ ਸੀ।

ਏਸੇ ਤਰ੍ਹਾਂ ਰੂਸ, ਈਰਾਨ, ਸਪੇਨ, ਸਵਿਟਜ਼ਰਲੈਂਡ ਆਦਿ ਦੇਸ਼ ਵੀ ਇਸ ਦੀ ਰੋਕ ਲਈ ਯਤਨ ਕਰਦੇ ਰਹੇ ਪਰ ਸਫਲ ਨਾ ਹੋ ਸਕੇ। ਉਪ੍ਰੋਕਤ ਧਾਰਮਿਕ, ਸੱਭਿਆਚਾਰਕ, ਪੌਰਾਣਿਕ ਤੇ ਵਿਗਿਆਨਕ ਦਲੀਲਾਂ ਤੋਂ ਅਸੀਂ ਇਸ ਸਿੱਟੇ ਉੱਪਰ ਪੁੱਜਦੇ ਹਾਂ ਕਿ ਤਮਾਕੂ ਸੇਵਨ ਸਰਬ ਪੱਖਾਂ ਤੋਂ ਨੁਕਸਾਨਦਾਇਕ ਤੇ ਤਬਾਹਕੁਨ ਹੈ।

ਨਾਲ ਹਮੇਸ਼ਾਂ ਬਲਗਮ ਦਾ ਰੋਗ ਠਹਿਰ ਜਾਂਦਾ ਹੈ।

ਡਾ: ਰਸਬਰਨ :-ਤਮਾਕੂ ਦਾ ਜ਼ਹਿਰ ਦੰਦਾਂ ਨੂੰ ਹਾਨੀ ਪਹੁੰਚਾਂਦਾ ਹੈ।

ਡਾ: ਕੈਲਨ :-ਮੈਂ ਜਿੰਨੇ ਬਦਹਜ਼ਮੀ ਦੇ ਰੋਗੀ ਦੇਖੇ ਹਨ, ਉਹ ਸਭ ਤਮਾਕੂ-ਨੋਸ਼ ਸਨ।

ਡਾ: ਫੋਰਬਸ ਇੰਜਸ (ਮਾਨਸਿਕ ਰੋਗਾਂ ਦੇ ਮਾਹਰ) :-ਮੈਂ ਪਾਗਲਪਨ ਦੇ ਰੋਗਾਂ ਦੇ ਕਾਰਨਾਂ ਨੂੰ ਇਸ ਤਰ੍ਹਾਂ ਵੰਡਦਾ ਹਾਂ: ਸ਼ਰਾਬ, ਤਮਾਕੂ, ਖ਼ਾਨਦਾਨੀ।

ਡਾ: ਸੈਲਵਾਨ :-ਤਮਾਕੂ ਮੈਨੂੰ ਕਦੇ ਜੜ੍ਹ ਤੇ ਸੁਸਤ ਕੀਤੇ ਬਿਨਾਂ ਨਾ ਰਿਹਾ। ਇਸ ਨਾਲ ਮੇਰੀ ਮਜ਼ਮੂਨਾਂ ਨੂੰ ਛਾਂਟਨ ਤੇ ਚੰਗੇ ਵਿਚਾਰਾਂ ਨੂੰ ਪ੍ਰਗਟ ਕਰਨ ਦੀ ਸ਼ਕਤੀ ਗੁੰਮ ਹੋ ਜਾਂਦੀ ਸੀ। ਦੁਨੀਆਂ ਦੇ 95% ਕੈਂਸਰ ਦੇ ਰੋਗੀ ਤਮਾਕੂ ਪਾਨ ਕਰਨ ਵਾਲੇ ਹੁੰਦੇ ਹਨ।

ਏਸੇ ਪ੍ਰਕਾਰ ਹੋਰ ਅਣਗਿਣਤ ਡਾਕਟਰਾਂ ਦੀਆਂ ਰਾਵਾਂ ਹਨ।

ਕਿਸੇ ਵੀ ਧਾਰਮਿਕ ਅਸਥਾਨ ਤੇ ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਤਮਾਕੂ ਲਿਜਾਣ ਦੀ ਸਖ਼ਤ ਮਨਾਹੀ ਹੈ। ਰਮਜ਼ਾਨ ਦੇ ਮਹੀਨੇ ਭਾਵ ਰੋਜ਼ਿਆਂ ਦੇ ਦਿਨਾਂ ਵਿਚ ਮੁਸਲਮਾਨ ਤਮਾਕੂ ਨਹੀਂ ਪੀਂਦੇ ਤੇ ਨਾ ਹੀ ਮਸੀਤ ਵਿਚ ਵੜਨ ਦੇਂਦੇ ਹਨ। ਹਿੰਦੂ ਮੱਤ ਦੇ ਧਾਰਮਿਕ ਸ਼ਾਸਤ੍ਰਾਂ, ਮੁਸਲਮਾਨਾਂ ਦੀਆਂ ਕਤੇਬਾਂ, ਈਸਾਈਆਂ ਦੀ ਅੰਜੀਲ ਅਤੇ ਗੁਰਮਤਿ ਵਿਚ ਸਭ ਥਾਂ ਜਗਤ ਜੂਠ (ਤਮਾਕੂ) ਨੂੰ ਨਿੰਦਿਆ ਹੈ। ਕਿਸੇ ਪੀਰ, ਪੈਗੰਬਰ, ਅਵਤਾਰ ਨੇ ਨਹੀਂ ਵਰਤਿਆ। ਸਤਿਗੁਰਾਂ ਨੇ ਤਾਂ ਕੱਸਰ ਕੁਰਹਿਤ ਕਹਿ ਕੇ ਵਿਵਰਜਿਤ ਕੀਤਾ ਹੈ। ਤਮਾਕੂ ਪੀਣ ਵਾਲੇ ਦੇ ਹੱਥੋਂ ਪਾਣੀ ਆਦਿਕ ਲੈ ਕੇ ਨਹੀਂ ਪੀਣਾ। ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ।

ਤਮਾਕੂ ਦੀ ਪੈਦਾਇਸ਼

ਤਮਾਕੂ ਦੇ ਪੈਦਾ ਹੋਣ ਬਾਰੇ ਬਹੁਤ ਵੱਖ ਵੱਖ ਰਾਵਾਂ ਹਨ :-

(੧) ਇਹ ਭੈੜੀ ਬੂਟੀ ਕਾਮਧੇਨ ਗਊ ਦੇ ਪੈਰਾਂ ਵਿਚੋਂ ਖ਼ੂਨ ਨਿਕਲਣ ਤੋਂ ਪੈਦਾ ਹੋਈ। ਜਦੋਂ ਸਹੰਸਰਬਾਹੂ ਨੇ ਜਮਦਗਨੀ ਤੋਂ ਇਹ ਗਊ ਖੋਹਣੀ ਚਾਹੀ ਤਾਂ ਉਸ ਨੇ ਮੰਤ੍ਰਾਂ ਦੇ ਬਲ ਨਾਲ ਸਵਰਗ ਨੂੰ ਉਡਾਈ ਸੀ। ਸਹੰਸਰਬਾਹੂ ਨੇ ਤੀਰ ਮਾਰੇ, ਗਊ ਦੇ ਪੈਰਾਂ ਵਿਚ ਵੱਜਣ ਤੋਂ ਖ਼ੂਨ ਨਿਕਲ ਕੇ ਧਰਤੀ ਉੱਤੇ ਡਿੱਗਿਆ, ਜਿੱਥੇ ਜਿੱਥੇ ਇਹ ਡਿੱਗਿਆ ਉੱਥੇ ਤਮਾਕੂ ਦੀ ਬੂਟੀ ਪੈਦਾ

ਲੈਂਦਾ ਪਰ ਜਦ ਉਸ ਨੂੰ ਧੋਖੇ ਨਾਲ ਤਮਾਕੂ ਪਿਆਇਆ ਗਿਆ ਤਾਂ ਉਸ ਦੇ ਸਾਰੇ ਮੰਤ੍ਰ ਜਿਨ੍ਹਾਂ ਨਾਲ ਆਪਣੇ ਜਤ ਸਤ ਦੀ ਰਾਖੀ ਕਰਦਾ ਸੀ, ਸਭ ਨਾਸ ਹੋ ਗਏ।

ਤਮਾਕੂ ਬਾਰੇ ਵਿਗਿਆਨੀਆਂ ਦੇ ਵਿਚਾਰ

ਵਿਗਿਆਨੀ ਡਾਕਟਰਾਂ ਅਨੁਸਾਰ ਵੀ ਇਹ ਬਹੁਤ ਭੈੜੀ ਚੀਜ਼ ਹੈ। ਇੰਗਲੈਂਡ ਦੇ ਪ੍ਰੋਫੈਸਰ ਨੇ ਆਪਣੇ ਵਿਦਿਆਰਥੀਆਂ ਦੇ ਚਾਰ ਗਰੁਪ ਬਣਾਏ। ਕੁਝ ਚਿਰ ਬਾਅਦ ਜਦੋਂ ਪ੍ਰੀਖਿਆ ਕੀਤੀ ਤਾਂ ਜਿਹੜੇ ਤਮਾਕੂ ਨਹੀਂ ਸਨ ਪੀਂਦੇ ਉਹ ਸਭ ਤੋਂ ਅੱਵਲ ਰਹੇ ਅਤੇ ਜੋ ਪੀਂਦੇ ਸਨ ਉਹ ਸਭ ਤੋਂ ਘੱਟ ਨੰਬਰ ਲੈਣ ਵਾਲੇ ਚੌਥੇ ਦਰਜੇ ਵਿਚ ਹਨੇ। ਲੰਡਨ ਦੇ ਇਕ ਡਾਕਟਰ ਦਾ ਕਥਨ ਹੈ ਕਿ ਤਮਾਕੂ ਸਿਰਫ ਸਰੀਰ ਨੂੰ ਹੀ ਦੁਖਦਾਈ ਨਹੀਂ ਸਗੋਂ ਵਿਦਿਆਰਥੀਆਂ ਦੇ ਗਿਆਨ ਅਤੇ ਬੁੱਧੀ ਦੇ ਵਾਧੇ ਵਿਚ ਵੀ ਰੋਕ ਪਾਉਂਦਾ ਹੈ।

ਇੰਗਲੈਂਡ ਦੇ ਪ੍ਰਸਿੱਧ ਡਾਕਟਰ ਸਰ ਪੀ. ਤਸਲਾਨੂ. ਰਿਚਰਡਸਨ ਤਮਾਕੂ ਬਾਰੇ ਇਉਂ ਲਿਖਦੇ ਹਨ :-

(੧) ਜਿੰਦ ਦਾ ਰੂਪ ਲਹੂ ਹੈ ਤੇ ਤਮਾਕੂ ਉਸ ਵਿਚ ਮਲੀਨਤਾ ਪੈਦਾ ਕਰਦਾ ਹੈ।

(੨) ਮੇਹਦੇ ਨੂੰ ਲਿਰਥਲ ਕਰਕੇ ਪਾਚਨ ਸ਼ਕਤੀ (ਹਜ਼ਮ-ਸ਼ਕਤੀ) ਵਿਗਾੜ ਦਿੰਦਾ ਹੈ।

(੩) ਦਿਲ ਨੂੰ ਆਲਸੀ ਬਣਾਉਂਦਾ ਹੈ ਤੇ ਉਸ ਵਿਚ ਵਿਗਾੜ ਪੈਦਾ ਕਰਦਾ ਹੈ।

(੪) ਪੰਜੇ ਗਿਆਨ ਇੰਦ੍ਰਿਆਂ ਨੂੰ ਸੁਸਤ ਤੇ ਨਿਕੰਮਾਂ ਕਰਦਾ ਹੈ।

(੫) ਦਿਮਾਗ ਵਿਚ ਬਹੁਤ ਸਾਰੇ ਦੁਖਦਾਈ ਮਾਦਿਆਂ ਨੂੰ ਇਕੱਠਾ ਕਰਦਾ ਹੈ।

(੬) ਨਾੜੀਆਂ ਅਤੇ ਪੱਠਿਆਂ ਤੇ ਇਸ ਦਾ ਬਹੁਤ ਬੁਰਾ ਅਸਰ ਪੈਂਦਾ ਹੈ।

(੭) ਗਲੇ ਤੇ ਨਾਸਾਂ ਵਿਚ ਗਰਮੀ ਤੇ ਖ਼ੁਸ਼ਕੀ ਇਕੱਠੀ ਕਰ ਦੇਂਦਾ ਹੈ।

(੮) ਫੇਫੜਿਆਂ ਵਿਚ ਅਜੇਹੇ ਘਾਉ ਪੈਦਾ ਕਰ ਦਿੰਦਾ ਹੈ, ਜਿਸ

ਇਸ ਵਿਚ ਜ਼ਰਾ ਵੀ ਸੰਦੇਹ ਨਹੀਂ।

'ਬ੍ਰਹਮਣਾ : ਖਯਤ੍ਰਿਯਾ, ਵੈਸ਼ਯਾ : ਸ਼ੂਦ੍ਰਸ੍ਤਥਾ ਮੁਨਿ ਸਤੱਮ।
ਸ੍ਵਪਚ : ਸਦ੍ਰਸ਼ਾ ਗਯੇਯਾਸ੍ਤਮਾਖੂ ਪਾਨ ਮਾਤ੍ਰ ਤ:।'

ਅਰਥਾਤ :-(ਬ੍ਰਹਮਾ ਜੀ ਕਹਿੰਦੇ ਹਨ) ਹੇ ਨਾਰਦ! ਖਤ੍ਰੀ, ਵੈਸ਼ ਅਤੇ ਇਹ ਚਾਰੇ ਵਰਨ ਤਮਾਕੂ ਪੀਣ ਨਾਲ ਚੰਡਾਲ ਦੇ ਬਰਾਬਰ ਹੋ ਜਾਂਦੇ ਹਨ।

ਇਸੇ ਪ੍ਰਕਾਰ ਸਕੰਧ ਪੁਰਾਣ ਵਿਚ ਤਮਾਕੂ ਦੀ ਨਿਖੇਧੀ ਬਾਰੇ ਬਹੁਤ ਕੁਝ ਲਿਖਿਆ ਹੋਇਆ ਹੈ। ਜਿਸ ਦਾ ਭਾਵ ਹੇਠਾਂ ਦਰਜ ਕਰਦੇ ਹਾਂ :-

'ਹੇ ਨਾਰਦ! ਇਹ ਸਭ ਲੋਕ ਇਕ ਤਮਾਕੂ ਪੀਣ ਕਰਕੇ ਧਰਮ ਤੋਂ ਭ੍ਰਿਸ਼ਟ ਹੋ ਕੇ ਘੋਰ ਰੌਰਵ ਨਾਮੀ ਨਰਕ ਵਿਚ ਪੈਂਦੇ ਹਨ। ਇਸ ਵਿਚ ਜ਼ਰਾ ਭੀ ਸੰਦੇਹ ਨਹੀਂ।' 'ਇਸ ਘੋਰ ਕਲਿਜੁਗ ਵਿਚ ਵਰਣਾਸ਼੍ਰਮ ਇਸ ਨਾਲ ਪ੍ਰੀਤੀ ਕਰ ਕੇ ਨਰਕ ਅਗਨੀ ਦੇ ਭਾਗੀ ਹੋ ਰਹੇ ਹਨ।'

'ਅਭੱਖ ਮਾਸ (ਗਊ ਮਾਸ ਆਦਿ) ਖਾਣ ਨਾਲ, ਨ ਰਮਣ ਯੋਗ ਇਸਤ੍ਰੀ (ਚੇਤਵਾ ਦਾ ਪਹਾਦੀ ਇਸਤ੍ਰੀ) ਨਾਲ ਸੰਗ ਕਰਨ ਨਾਲ ਅਤੇ ਸ਼ਰਾਬ ਪੀਣ ਨਾਲ ਜਿਤਨਾ ਪਾਪ ਲੱਗਦਾ ਹੈ, ਉਤਨਾ ਪਾਪ ਇਕੱਲੇ ਤਮਾਕੂ ਪੀਣ ਨਾਲ ਹੁੰਦਾ ਹੈ।'

'ਤਮਾਕੂ ਪੀਣ ਵਾਲੇ ਦੇ ਪ੍ਰਯਾਗ ਆਦਿ ਤੀਰਥਾਂ ਤੇ ਕੀਤੇ ਹੋਏ ਕ੍ਰੋੜਾਂ ਇਸ਼ਨਾਨ ਨਿਸਫਲ ਜਾਂਦੇ ਹਨ।'

'ਬਿਜੀਆ ਪਾਨ ਕਲਪ ਮੇਕੰਤੂ ਦਸ ਕਲਪੰਤੂ॥
ਨਾਗਨੀ ਸਹੰਸ ਰੇਸੂ ਧੂਮਰ ਸੰਖਯਾ ਨ ਵਿਦਿਯਤੇ॥
ਬਿਜੀਆ ਏਕ ਕਲਪੰਤੇ ਦੋਇ ਕਲਪੰਤੇ ਨਾਗਨੀ॥
ਵਾਹਨੇ ਸਹੰਸਹ ਕਲਪੰਤੇ ਧੂਮਹ ਪਾਨ ਨ ਵਿਦਿਯਤੇ॥'

(ਮੰਨੂ ਸਿਮ੍ਰਤੀ)

ਇਕ ਬ੍ਰਹਮਣ ਸਾਧੂ ਦੇ ਨਾਲ ਅਜਮੇਰ ਸ਼ਾਹ ਮੁਸਲਮਾਨ ਰਾਜੇ ਦੀ ਲੜਕੀ ਦੀ ਜ਼ਬਰਦਸਤੀ ਸ਼ਾਦੀ ਕੀਤੀ ਗਈ ਪਰ ਉਹ ਸਾਧੂ ਆਪਣੇ ਧਰਮ ਨੂੰ ਨਾਸ਼ ਨਹੀਂ ਸੀ ਕਰਨਾ ਚਾਹੁੰਦਾ। ਰਾਤ ਨੂੰ ਜਦ ਉਹ ਲੜਕੀ ਕਾਮ-ਵਸ ਹੋ ਕੇ ਸਾਧੂ ਕੋਲ ਆਉਣ ਦਾ ਹੀਆ ਕਰਦੀ ਤਾਂ ਉਹ ਸਾਧੂ ਵੇਦ ਮੰਤ੍ਰਾਂ ਦੇ ਬਲ ਨਾਲ ਆਪਣੇ ਦੁਆਲੇ ਲੋਹੇ ਦਾ ਕੋਟ ਬਣਾ

'ਤਨਕ ਤੰਮਾਕੂ ਸੇਵੀਏ ਦੇਵ ਪਿਤ੍ਰ ਤਜਿ ਜਾਇ।
ਪਾਨੀ ਤਾਂ ਕੇ ਹਾਥ ਕੋ ਮਦਰਾ ਸਮ ਅਘ ਦਾਇ ॥੨੨॥
ਮਦਰਾ ਦਹਿਤਾ ਸਪਤਿ ਕੁਲ ਭੰਗ ਦਹੈ ਤਨ ਏਕ।
ਸਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ ॥੨੩॥
ਤਜੈ ਤੰਮਾਕੂ ਮਨੁਖ ਕਲਿ ਉਧਰਿਆ ਦਰਿ ਪਰਵਾਨ।
ਪੂਰੀ ਪਰੀ ਤਿਸ ਭਾਵਨਾ ਸਫਲ ਕਮਾਈ ਮਾਨਿ ॥੨੪॥'

(ਗੁ: ਪ੍ਰ: ਸੂ: ਰੁੱਤ ੫, ਅੰਸੂ ੨੯)

ਭਾਵ :-ਥੋੜ੍ਹਾ ਜਿੰਨਾ ਵੀ ਤਮਾਕੂ ਵਰਤਣ ਕਰ ਕੇ ਦੇਵਤੇ ਤੇ ਪਿਤਰ ਉਸ ਦਾ ਸਾਥ ਛੱਡ ਜਾਂਦੇ ਹਨ। ਉਸ ਦੇ ਹੱਥੋਂ ਲੈ ਕੇ ਪੀਤਾ ਪਾਣੀ ਸ਼ਰਾਬ ਦੇ ਬਰਾਬਰ ਪਾਪ ਦੇਣ ਵਾਲਾ ਹੈ। ਸ਼ਰਾਬ ਸੱਤ ਕੁਲਾਂ, ਕੰਜ ਇਕ ਸਰੀਰ, ਤਮਾਕੂ ਸੌ ਕੁਲਾਂ ਤੇ ਨਿੰਦਾ ਅਨੇਕ ਕੁਲਾਂ ਦਾ ਨਾਸ਼ ਕਰਦੀ ਹੈ। ਇਸ ਵਾਸਤੇ ਗੁਰਮਤਿ ਵਿਚ ਤਮਾਕੂ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ-ਇਸ ਨੂੰ ਭੁੱਲ ਕੇ ਵੀ ਕਦੀ ਨਹੀਂ ਵਰਤਣਾ।

ਤਮਾਕੂ ਬਾਰੇ ਹਿੰਦੂ ਮੱਤ ਦੇ ਗ੍ਰੰਥਾਂ ਦੇ ਪ੍ਰਮਾਣ

ਹਿੰਦੂ ਧਰਮ ਦੇ ਪੁਰਾਤਨ ਗ੍ਰੰਥਾਂ ਵਿਚ ਤਾਂ ਤਮਾਕੂ-ਨੋਸ਼ੀ ਨੂੰ ਮਹਾਨ ਪਾਪ ਮੰਨਿਆ ਗਿਆ ਹੈ। ਜਿਵੇਂ ਕਿ :-

(੧) ਪਦਮ ਪੁਰਾਣ :-

'ਧੂਮ੍ਰ ਪਾਨੰ ਰਤੋ ਵਿਪ੍ਰੋ ਦਾਨੰ ਕੁਰਵੰਤਿ ਯੇ ਨਰਾ:।
ਦਾਤਾਰੋ ਨਰਕੰ ਯਾਤੀ ਬ੍ਰਾਹਮਣੇ ਗ੍ਰਾਮ ਸੂਕਰ:॥'

ਅਰਥਾਤ :-ਧੂੰਆਂ (ਤਮਾਕੂ) ਪੀਣ ਵਾਲੇ ਬ੍ਰਹਮਣ ਨੂੰ ਜੋ ਆਦਮੀ ਦਾਨ ਕਰਦਾ ਹੈ, ਉਹ ਦਾਨੀ ਨਰਕਾਂ ਨੂੰ ਜਾਂਦਾ ਹੈ ਤੇ ਉਹ ਬ੍ਰਹਮਣ, ਮਰ ਕੇ ਪਿੰਡ ਦਾ ਸੂਰ ਬਣਦਾ ਹੈ, ਨਿਆਣੀਆਂ ਸਾਫ ਕਹਦਾ ਹੈ।

(੨) ਸਕੰਧ ਪੁਰਾਣ ਅਧਿਆਇ ੬੬ :-

'ਯਸ੍ਤੁਮਾਖੂ ਪਿਵੇਤ ਸੋ ਅਪਿ ਸ੍ਵਾਸ੍ਮਾਂਨਿਰਯੋ ਪਤਤੇ
ਨਾਰਦਾਤ੍ ਨ ਸੰਦੇਹ : ਸਤਯੰ ਸਤਯੰ ਮਯੋਦਤਮ।'

ਅਰਥਾਤ :-ਹੇ ਨਾਰਦ! ਜੋ ਪੁਰਸ਼ ਤੰਮਾਕੂ ਪੀਵੇਗਾ, ਉਹ ਕੁੰਭੀ ਪਾਨ ਆਦਿ ਨਰਕਾਂ ਵਿਚ ਅਵੱਸ਼ ਹੀ ਸੜੇਗਾ। ਇਹ ਮੇਰਾ ਕਹਿਣਾ ਸੱਚ ਹੈ,

ਚੁੰਚ ਮਾਰਾ । ਤਬ ਸਿੰਘ ਗੁਰੋਂ ਪਾਸ ਆਇਆ, 'ਕਹਾ ਮਹਾਰਾਜ ! ਦਹੀਂ ਖਰਾਬ ਹੋਇ ਗਯਾ ਹੈ । ਸਾਹਬੋਂ ਕਹਾ, ਮੈਂ ਜਾਨਤਾ ਥਾ ਕਿਸੀ ਹੁੱਕੇ ਫੂਕਣੇ ਵਾਲੇ ਦਾ ਹਾਥ ਲਗਾ ਹੈ ਇਸ ਤੇ ਬਚਾ ਕਰਾ ਦੀਆ ।'

'ਜੇ ਧੂਮ ਪਾਨ ਕਰੇ ਤਾਂ ਪਚੀਸ ਰੁਪਏ ਤੇ ਸਰੋਤਰ ਪਚਾਸ ਮਾਰੇ ਪੁਨਾ ਅੰਮ੍ਰਿਤ ਛਕਾਵੈ ਤੇ ਸੁਧ ਹੋ ।'

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਹੋਰ ਵੀ ਬਚਨ ਆਉਂਦੇ ਹਨ :—

'ਕੁਠਾ ਹੁੱਕਾ ਚਰਸ ਤੰਮਾਕੂ ॥ ਗਾਂਜਾ ਟੋਪੀ ਤਾੜੀ ਖਾਕੂ ॥
ਇਨ ਕੀ ਓਰ ਨ ਕਬਹੂ ਦੇਖੇ ॥ ਰਹਤਵੰਤ ਜੋ ਸਿੰਘ ਬਿਸੇਖੇ ॥'
'ਭਾਂਗ ਤੰਮਾਕੂ ਨਿਕਟ ਨ ਜਾਵੈ । ਤਿਨ ਤੇ ਭੀ ਸੁਚਿ ਦੇਗ ਕਰਾਵੈ ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

'ਬਿਖਿਆ ਕਿਰਿਆ ਭੱਦਨ ਤਯਾਗੋ ॥'

(ਗੁਰਬਿਲਾਸ ਪਾਤਸ਼ਾਹੀ ੧੦, ਅਧਯਾਯ ੧੧)

'ਗੁਰੂ ਕਾ ਸਿਖ ਬਿਖਿਆ ਨ ਪੀਵੈ ! ਭਾਵੇਂ ਸਹਿਜਧਾਰੀ ਹੋਵੈ,
ਤਾਂ ਭੀ ਨਾ ਵਰਤੇ ! ਨਾ ਨਸਵਾਰ ਲੇਵੇ ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

'ਤਮਾਕੂ ਕੇ ਬਰਤਬੇ ਹੈ ਜਾਪ ਤਾਪ ਸਕ ਨਾਸ ॥
ਜਿਉ ਚਿਨਗਾਰੀ ਅਗਨ ਕੀ ਪਰਤ ਪੁਰਾਨੇ ਘਾਸ ॥
ਤਜੇ ਤਮਾਕੂ ਪੁਰਖ ਕਲਿ ਉਧਰਿਆ ਦਰ ਪ੍ਰਵਾਨ ॥
ਪੂਰੀ ਭਈ ਤਿਸ ਭਾਵਨੀ ਸਫਲ ਕਮਾਈ ਜਾਨ ॥'

(ਸ੍ਰੀ ਗੁਰ ਸੋਭਾ ਕਵੀ ਸੈਨਾਪਤਿ)

ਇਸ ਤਰ੍ਹਾਂ ਤਮਾਕੂ ਵਰਤਣ ਨਾਲ ਸਾਰੇ ਜਪ ਤਪ ਨਾਸ਼ ਹੋ ਜਾਂਦੇ ਹਨ ।

'ਹੁੱਕਾ ਤਿਆਗੈ ਹਰਿ ਗੁਨ ਗਾਵੈ ।
ਇਛਾ ਭੋਜਨ ਹਰਿ ਰਸੁ ਪਾਵੈ ।'
'ਹੁੱਕਾ ਨ ਪੀਵੈ ਸੀਸ ਦਾੜੀ ਨ ਮੁਡਾਵੈ ।
ਸੋ ਤੋ ਵਾਹਿਗੁਰੂ ਵਾਹਿਗੁਰੂ ਜਾਂ ਕਾ ਖਾਲਸਾ ।੩੦।'

(ਸ੍ਰੀ ਗੁਰ ਸੋਭਾ ਕਵੀ ਸੈਨਾਪਤਿ)

ਪ੍ਰਵਾਰ ਦਾ ਹੀ ਨਾਸ ਕਰਦਾ ਹੈ।

'ਬਿਖਿਆ ਲੇ ਡੁਬੀ ਪਰਵਾਰੁ॥' (੩੨੮)

ਜਿਵੇਂ ਇਸਤ੍ਰੀ ਨੂੰ ਮਾਹਵਾਰੀ ਆਉਣ ਤੇ ਏਨਾ ਗਲੀਚ ਮੰਨਿਆ ਗਿਆ ਹੈ ਕਿ ਓਨੇ ਦਿਨ ਉਹ ਚੌਂਕੇ ਵਿਚ ਨਹੀਂ ਵੜ ਸਕਦੀ ਪਰ ਤਮਾਕੂ ਵਾਲੇ ਹਰ ਵੇਲੇ ਉਸ ਤੋਂ ਵੀ ਵੱਧ ਅਪਵਿੱਤ੍ਰ ਰਹਿੰਦੇ ਹਨ।

'ਜਿਉ ਜਰੂ ਸਿਰਨਾਵਣੀ ਆਵੈ ਵਾਰ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥' (੪੭੨)

'ਸੁਣ ਗੁਰਸਿੱਖ ਕੀ ਰਹਿਤ ਕੋ ਤਜੇ ਤਮਾਕੂ ਸੰਗ॥
ਮਰਣੀ ਮਰੈ ਤੋ ਅਤਿ ਭਲਾ ਜਗਤ ਜੂਠ ਨਹਿ ਅੰਗ॥'

ਗੁਰੂ ਕਾ ਸਿੱਖ ਮਰ ਭਾਵੇਂ ਜਾਵੇ ਪਰ ਤਮਾਕੂ ਨੂੰ ਹੱਥ ਵੀ ਨਾ ਛੁਹਾਵੇ। ਹੁੱਕਾ, ਸਿਗਰਟ, ਬੀੜੀ, ਨਸਵਾਰ, ਖੈਣੀ, ਚਰਸ, ਪਾਨ, ਜਰਦਾ, ਬੀੜਾ, ਬਤੀਆ ਆਦਿ ਜਿਸ ਵਿਚ ਤਮਾਕੂ ਦੀ ਥੋੜ੍ਹੀ ਜਿਹੀ ਵੀ ਅੰਸ਼ ਪੈਂਦੀ ਹੈ ਉਸ ਨੂੰ ਜੇ ਹੱਥ ਵੀ ਛੋਹ ਜਾਵੇ ਤਾਂ ਸਣੇਂ ਕਪੜੇ, ਸਣੇਂ ਕੇਸੀਂ ਇਸ਼ਨਾਨ ਕੀਤਾ ਜਾਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਘੋੜਾ ਵੀ ਤਮਾਕੂ ਵਾਲੇ ਖੇਤ ਵਿਚੋਂ ਦੀ ਨਹੀਂ ਸੀ ਲੰਘਿਆ। ਰਹਿਤਨਾਮੇ ਦੇ ਬਚਨ :-

'ਹੁਕਮ ਪ੍ਰਮੇਸਰ ਦੇ ਸਾਥਿ ਗੁਰੂ ਕਾ ਆਖਣਾ ਹੈ, ਜੋ ਸਿਖ ਮੇਰਾ ਹੋਵੈ ਤਿਸਨੂੰ ਤਮਾਕੂ ਪੀਣਾ ਅਤੇ ਨਸਵਾਰ ਚੜ੍ਹਾਣੀ ਅਜੇਹੀ ਹੈ, ਜੈਸੇ ਗਊ ਮਾਸ ਖਾਇਆ ਤੇ ਤਮਾਕੂ ਇਕੋ ਜਿਹਾ ਹੈ। ਗੁਰੂ ਕਾ ਬਚਨ ਹੈ, ਜੋ ਕੋਈ ਮੇਰਾ ਸਿੱਖ ਹੋਸੀ ਸੋ ਏਨ੍ਹਾਂ ਬਚਨਾਂ ਤੇ ਪ੍ਰਤੀਤ ਕਰਸੀ ਅਤੇ ਮੇਰੇ ਪਾਸੋਂ ਬੇਮੁਖ ਹੋਵੇਗਾ, ਜੋ ਇਨ੍ਹਾਂ ਬਚਨਾਂ ਨੂੰ ਨਾ ਮੰਨੇਗਾ। ਜੋ ਸਤਿ ਸਤਿ ਕਰ ਮੰਨੇਗਾ ਸੋ ਨਿਹਾਲ ਹੋਵੇਗਾ।'

(ਸਾਖੀ ਰਹਿਤ ਕੀ ਭਾਈ ਨੰਦ ਲਾਲ ਸਿੰਘ ਜੀ)

'ਸੂਹਾ ਪਹਿਨ ਲਏ ਨਸਵਾਰ। ਗੋਬਿੰਦ ਸਿੰਘ ਜਮ ਕਰੈ ਖੁਆਰ।'

(ਤਨਖਾਹਨਾਮਾ ਭਾਈ ਨੰਦ ਲਾਲ ਸਿੰਘ ਜੀ)

ਏਸੇ ਤਰ੍ਹਾਂ ਭਾਈ ਦਯਾ ਸਿੰਘ ਜੀ ਤਮਾਕੂ ਬਾਰੇ ਇਕ ਛੋਟੀ ਜਿਹੀ ਸਾਖੀ ਲਿਖਦੇ ਹਨ :-

'ਏਕ ਸਿਖ ਨੇ ਦਹੀ ਰਾਖਾ ਥਾ ਕੇਸੀ ਇਸ਼ਨਾਨ ਲੀਏ, ਕਾਕ ਨੇ

ਚਾਰ ਬੱਜਰ ਕੁਰਹਿਤਾਂ

ਗੁਰੂ, ਵੇਦ, ਸ਼ਾਸਤਰ ਤੋਂ ਉਲਟ ਨਖਿੱਧ ਕਰਮਾਂ ਨੂੰ ਕੁਰਹਿਤਾਂ ਕਿਹਾ ਜਾਂਦਾ ਹੈ। ਗੁਰਮਤਿ ਅਨੁਸਾਰ ਕਰਨ ਵਾਲੇ ਕਰਮਾਂ ਨੂੰ ਰਹਿਤਾਂ ਕਿਹਾ ਜਾਂਦਾ ਹੈ। ਹਰ ਅੰਮ੍ਰਿਤਧਾਰੀ ਸਿੰਘ ਵਾਸਤੇ ਜਿਵੇਂ ਪੰਜ ਕਕਾਰ ਰੱਖਣੇ ਜ਼ਰੂਰੀ ਹਨ ਉਸੇ ਤਰ੍ਹਾਂ ਹੀ ਚਾਰ ਬੱਜਰ ਕੁਰਹਿਤਾਂ ਤੋਂ ਹਮੇਸ਼ਾਂ ਬਚ ਕੇ ਰਹਿਣਾ ਵੀ ਅਤਿਅੰਤ ਜ਼ਰੂਰੀ ਹੈ। ਕਿਸੇ ਇਕ ਕੁਰਹਿਤ ਕਰਨ ਵਾਲੇ ਨੂੰ ਵੀ ਸਿੱਖੀ ਤੋਂ ਪਤਿਤ ਸਮਝਿਆ ਜਾਂਦਾ ਹੈ। ਜਿੰਨਾ ਚਿਰ ਉਹ ਪੰਜਾਂ ਪਿਆਰਿਆਂ ਕੋਲ ਪੇਸ਼ ਹੋ ਕੇ, ਤਨਖਾਹ ਲੁਵਾ ਕੇ, ਦੁਬਾਰਾ ਅੰਮ੍ਰਿਤ ਛਕ ਕੇ ਤਿਆਰ-ਪੁਰ-ਤਿਆਰ ਨਹੀਂ ਹੁੰਦਾ ਓਨਾ ਚਿਰ ਬਖ਼ਸ਼ਿਆ ਨਹੀਂ ਜਾ ਸਕਦਾ। ਜਿਵੇਂ 'ਪੰਜ ਕੱਕਿਆਂ' ਦੇ ਧਾਰਨੀ ਹੋਣਾ ਹੈ ਉਸੇ ਤਰ੍ਹਾਂ 'ਚਾਰ ਹਾਹਿਆਂ' ਤੋਂ ਵੀ ਬਚਕੇ ਰਹਿਣਾ ਹੈ ਜੋ ਹੇਠ ਲਿਖੇ ਹਨ :—

'ਹਰਫ ਹਕਾਇਤ ਅਸਤ ਅਜੀ ਪੰਜ ਕਾਫ॥
ਬਿਦਾ ਨੰਦ ਬਾਵਰ ਨ ਗੋਯਮ ਖਿਲਾਫ॥੩॥
ਹੁੱਕਾ ਹਜਾਮਤ ਹਲਾਲੋ ਹਰਾਮ॥
ਬਾਰੀਸ਼ੇ ਹਿਨਾ ਕਰਦ ਰੂ ਸਿਆਹ ਫਾਮ॥੪॥'

(ਅਸਫੱਟਕ ਸ੍ਰਯੇ)

੧. ਹੁੱਕਾ (ਤਮਾਕੂ)

ਜਿਸ ਦਾ ਨਾਮ ਜਗਤ ਜੂਠ, ਬਿਖਿਆ ਆਦਿ ਲੈ ਕੇ ਇਸ ਦਾ ਬੜਾ ਭਾਰੀ ਨਿਖੇਧ ਕੀਤਾ ਹੈ। ਤਮਾਕੂ ਵਰਤਣ ਤੋਂ ਸਾਰੇ ਪੁੰਨ ਨਾਸ ਹੋ ਕੇ ਜੀਵ ਨਰਕਾਂ ਦੇ ਭੋਗਣ ਦਾ ਅਧਿਕਾਰੀ ਬਣ ਜਾਂਦਾ ਹੈ। ਸਤਿਗੁਰੂ ਰਾਮਦਾਸ ਜੀ ਨੇ ਗੁਰਸਿੱਖਾਂ ਨੂੰ ਇਸ ਦੀ ਅਤਿਅੰਤ ਮਨਾਹੀ ਕੀਤੀ ਹੈ :

'ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥' (੭੨੬)

ਪਾਨ ਚੱਬਣ, ਸੁਪਾਰੀ ਖਾਣ, ਬੀੜੀਆਂ ਪੀਣ, ਖੈਣੀਆਂ ਅਤੇ ਤਮਾਕੂ ਦੇ ਬੀੜੇ ਮੂੰਹ ਵਿਚ ਚੱਬਣ ਜਾਂ ਹੋਰ ਕੋਈ ਚੀਜ਼ ਜਿਸ ਵਿਚ ਇਹ ਭੈੜੀ ਚੀਜ਼ ਪੈਂਦੀ ਹੈ, ਵਰਤਣ ਵਾਲੀਆਂ ਰੂਹਾਂ ਨੂੰ, ਜਿੰਦਾਂ ਨੂੰ ਜਮਦੂਤ ਪਕੜ ਕੇ ਨਰਕਾਂ ਨੂੰ ਲਿਜਾਂਦੇ ਹਨ ਅਤੇ ਭਗਤ ਕਬੀਰ ਜੀ ਇਥੋਂ ਤੱਕ ਕਹਿੰਦੇ ਹਨ ਕਿ ਤਮਾਕੂ ਪੀਣ ਵਾਲਾ ਇਕ ਵਿਅਕਤੀ ਹੀ ਨਹੀਂ ਸਗੋਂ ਸਾਰੇ

'ਕੰਘਾ ਦੋਨੋ ਵਕਤ ਕਰੇ, ਪਾਗ ਚੁਨੇ ਨਰ ਸਾਂਧਸੀ।'

(ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ)

'ਕੰਘਾ ਕਰਦ ਦਸਤਾਰ ਸਜਾਵੈ। ਇਹੀ ਰਹਤ ਸਿੰਘ ਸੋ ਭਾਵੈ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਸੋ ਸਵੇਰੇ ਅਤੇ ਸ਼ਾਮ ਦੋਨੋਂ ਵਕਤ ਕੇਸ ਵਾਹ ਕੇ ਇਕ ਇਕ ਪੇਚ ਕਰਕੇ ਦਸਤਾਰ ਸਜਾਉਣੀ ਅਤੇ ਇਕ ਇਕ ਪੇਚ ਕਰਕੇ ਦਸਤਾਰ ਲਾਹੁਣੀ ਹੈ। ਕੰਘਾ ਸਦਾ ਸਾਬਤ ਰੱਖਣਾ, ਜੇ ਇਕ ਦੰਦਾ ਵੀ ਟੁੱਟ ਜਾਵੇ ਤਾਂ ਨਵਾਂ ਕੰਘਾ ਲੈ ਕੇ ਕੇਸਾਂ ਵਿਚ ਰੱਖਣਾ।

'ਸਾਬਤ ਸੂਰਤ ਸਿਧਾ ਦਾਹੜਾ। ਕਾਠ ਦਾ ਕੰਘਾ ਕੇਸੀਂ ਚਾਹੜਾ।'

ਕੰਘਾ ਡਿੱਗਣ ਦੇ ਡਰ ਤੋਂ ਦਸਤਾਰਾ ਘੁੱਟ ਕੇ ਬੰਨ੍ਹਣਾ ਚਾਹੀਦਾ ਹੈ। ਜੇਕਰ ਕੰਘਾ ਡਿੱਗ ਪਵੇ ਤਾਂ ਹੋਰ ਕੰਘਾ ਲੈ ਕੇ ਅਰਦਾਸ ਕਰ ਕੇ ਜਪੁ ਜੀ ਸਾਹਿਬ ਦਾ ਪਾਠ ਕਰਕੇ ਫੇਰ ਕੋਈ ਲੰਗਰ ਜਾਂ ਜਲ ਛਕਣਾ ਚਾਹੀਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੀਰ ਬੁੱਧੂ ਸ਼ਾਹ ਦੀ ਕੁਰਬਾਨੀ ਤੇ ਖੁਸ਼ ਹੋ ਕੇ ਉਸ ਨੂੰ ਸਣੇ ਕੇਸੀਂ ਕੰਘਾ ਬਖਸ਼ਿਆ ਜਿਸ ਦੇ ਅੱਜ ਤੱਕ ਵੀ ਦਰਸ਼ਨ ਹੁੰਦੇ ਹਨ। ਦਸਵੇਂ ਪਾਤਸ਼ਾਹ ਜੀ ਦੇ ਇਕ ਚੰਦਨ ਦੇ ਕੰਘੇ ਦੇ ਦਰਸ਼ਨ ਹਰ ਰੋਜ਼ ਤਖ਼ਤ ਸ੍ਰੀ ਪਟਨਾ ਸਾਹਿਬ ਕਰਵਾਏ ਜਾਂਦੇ ਹਨ।

ਜਿਵੇਂ ਕੰਘਾ ਆਪਣਾ ਆਪ ਚਿਰਵਾ ਕੇ ਸਭ ਤੋਂ ਸ਼ਰੋਮਣੀ ਬਣ ਕੇ ਸੀਸ ਤੇ ਸਭ ਤੋਂ ਉੱਚੀ ਥਾਂ ਸਜਦਾ ਹੈ ਏਸੇ ਤਰ੍ਹਾਂ ਆਪਾ ਭਾਵ ਮੇਟ ਕੇ ਸਭ ਦੇ ਚਰਨਾਂ ਦੀ ਧੂੜ ਬਣ ਕੇ ਹੀ ਉੱਚਿਆਂ ਹੋਣਾ ਹੈ।

'ਸਭਹੂ ਤਲੈ ਤਲੈ ਸਭ ਊਪਰਿ॥' (੮੨੦)

ਜਿਸ ਤਰ੍ਹਾਂ ਕੰਘਾ ਕੇਸਾਂ ਨੂੰ ਸਾਫ ਕਰ ਕੇ, ਟੁੱਟੇ ਕੇਸਾਂ ਨੂੰ ਕੱਢਦਾ ਹੈ ਇਵੇਂ ਵੀਚਾਰ ਰੂਪੀ ਕੰਘਾ ਮਨ ਵਿਚ ਦੋਨੋਂ ਵਕਤ ਫੇਰਨਾ ਹੈ। ਕਿ ਅੱਜ ਕਿੰਨੇ ਚੰਗੇ ਕੰਮ ਕੀਤੇ ਅਤੇ ਕਿੰਨੇ ਔਗੁਣਾਂ ਦਾ ਤਿਆਗ ਕੀਤਾ? ਸਾਫ ਕੇਸਾਂ ਤਰ੍ਹਾਂ ਚੰਗੇ ਗੁਣਾਂ ਨੂੰ ਧਾਰਨਾ ਅਤੇ ਟੁੱਟੇ ਕੇਸਾਂ ਦੀ ਤਰ੍ਹਾਂ ਅਉਗੁਣਾਂ ਦਾ ਤਿਆਗ ਦਿਨੇ ਰਾਤ ਖਾਲਸੇ ਨੇ ਕਰਨਾ ਹੈ।

ਸਿੰਘਾਂ ਨੂੰ ਇਹ ਫ਼ਿਕਰ ਮਾਰਦੇ ਹਨ ਕਿ ਸਿੰਘਾਂ ਦੇ ਬਾਰਾਂ ਵੱਜ ਗਏ ?

ਉੱਤਰ :-ਜੰਗ ਦੇ ਦਿਨਾਂ ਵਿਚ ਮੁਸਲਮਾਨੀ ਲੁਟੇਰਿਆਂ ਦੀ ਸੈਨਾ ਜਦ ਰਾਤ ਨੂੰ ਆਰਾਮ ਕਰ ਰਹੀ ਹੁੰਦੀ ਤਾਂ ਸਿੰਘ ਰਾਤ ਦੇ ਬਾਰਾਂ ਵਜੇ ਉਹਨਾਂ ਉੱਪਰ ਹਮਲਾ ਕਰਦੇ । ਗਰਮੀ ਦੇ ਦਿਨਾਂ ਵਿਚ ਠੰਢੀਆਂ ਥਾਵਾਂ ਤੇ ਸਰਦਖਾਨਿਆਂ ਵਿਚ ਬੇਫਿਕਰ ਹੋ ਕੇ ਅਰਾਮ ਕਰਨ ਸਮੇਂ ਮੁਸਲਮਾਨਾਂ ਤੇ ਹਮਲਾ ਕਰਦੇ ।

ਜਦੋਂ ਪੂਹਲੇ ਪਿੰਡ ਦੇ ਮੁਸਲਮਾਨ ਮਾਛੀ ਰਹੀਮ ਬਖ਼ਸ਼ ਦੀ ਲੜਕੀ ਨੂਰਾਂ ਨੂੰ ਕਸੂਰ ਦਾ ਮੁਸਲਮਾਨ ਨਵਾਬ ਜ਼ਬਰਦਸਤੀ ਚੁੱਕ ਕੇ ਲੈ ਗਿਆ ਤਾਂ ਭਾਈ ਤਾਰੂ ਸਿੰਘ ਜੀ ਨੇ ਆਪਣੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਉਸ ਦੀ ਗੜ੍ਹੀ ਤੇ ਰਾਤ ਦੇ ੧੨ ਵਜੇ ਹਮਲਾ ਕਰ ਕੇ ਬੀਬੀ ਨੂਰਾਂ ਨੂੰ ਉਸ ਜ਼ਾਲਮ ਦੇ ਪੰਜੇ ਵਿਚੋਂ ਛੁਡਾ ਕੇ ਲਿਆਂਦਾ । ਜਿਸ ਤੋਂ ਪ੍ਰਭਾਵਤ ਹੋ ਕੇ ਉਸ ਸਾਰੇ ਮੁਸਲਮਾਨੀ ਪ੍ਰਵਾਰ ਨੇ ਅੰਮ੍ਰਿਤ ਛਕਿਆ ।

ਇਕ ਬ੍ਰਾਹਮਣ ਦੀ ਨਵੀਂ ਵਿਆਹੀ ਪਤਨੀ ਨੂੰ ਕਸੂਰ ਦੇ ਪਠਾਣਾਂ ਨੇ ਰਸਤੇ ਵਿਚ ਖੋਹ ਲਿਆ-ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਆ ਕੇ ਸਿੰਘਾਂ ਪਾਸ ਫਰਿਆਦ ਕੀਤੀ । ਸਿੰਘਾਂ ਨੇ ਰਾਤ ਬਾਰਾਂ ਵਜੇ ਹਮਲਾ ਕਰ ਕੇ ਵਾਪਿਸ ਲਿਆ ਕੇ ਦਿੱਤੀ ।

ਏਸੇ ਤਰ੍ਹਾਂ ਹਿੰਦੂ ਬਹੂ-ਬੇਟੀਆਂ ਨੂੰ ਮੁਸਲਮਾਨ ਧਾੜਵੀਆਂ ਪਾਸੋਂ ਸਿੰਘਾਂ ਨੇ ਕਈ ਵਾਰ ਰਾਤ ਦੇ ਸਮੇਂ ਬਾਰਾਂ ਵਜੇ ਹਮਲੇ ਕਰ ਕੇ ਛੁਡਾ ਕੇ ਉਹਨਾਂ ਨੂੰ ਆਪੋ ਆਪਣੀ ਘਰੀਂ ਪਹੁੰਚਾਇਆ ਸੀ ।

੫. ਕੰਘਾ

ਕੇਸਾਂ ਨੂੰ ਸਦਾ ਸਾਫ ਰੱਖਣ ਵਾਸਤੇ ਕਾਠ (ਲੱਕੜ) ਦਾ ਕੰਘਾ ਕੇਸਾ ਵਿਚ ਰੱਖਣਾ ਬਹੁਤ ਜ਼ਰੂਰੀ ਹੈ । ਸਾਇੰਸ ਦੇ ਨਿਯਮ ਅਨੁਸਾਰ ਲੱਕੜ ਦਾ ਕੰਘਾ ਕੇਸਾਂ ਵਿਚਲੀ ਪੈਦਾ ਹੋਈ ਬਿਜਲੀ ਨੂੰ ਸ਼ਾਂਤ ਰੱਖਦਾ ਹੈ-ਹਨ੍ਹੇਰੇ ਵਿਚ ਕੇਸ ਵਾਹੁਣ ਤੋਂ ਪਤਾ ਲੱਗਦਾ ਹੈ ਕਿ ਕੇਸਾਂ ਵਿਚੋਂ ਚਮਕਦੀਆਂ ਤਾਰਾਂ ਵਾਂਗੂ ਪ੍ਰਕਾਸ਼ ਨਿਕਲਦਾ ਹੈ। ਲੋਹੇ, ਦੰਦ ਜਾਂ ਮਸਾਲੇ ਦਾ ਕੰਘਾ ਨਹੀਂ ਵਰਤਣਾ। ਕੇਸਾਂ ਦੀ ਸਫਾਈ ਵਾਸਤੇ ਦੋਨੋਂ ਵਕਤ ਕੰਘਾ ਕਰਨਾ ਅਤੀ ਜ਼ਰੂਰੀ ਹੈ ।

੬. ਪ੍ਰਸ਼ਨ :–ਕੇਸਾਂ ਵਿਚ ਜੂੰਆਂ ਪੈ ਜਾਂਦੀਆਂ ਹਨ, ਇਸ ਕਰ ਕੇ ਕੇਸ ਮੁੰਨਾਉਣੇ ਚਾਹੀਦੇ ਹਨ ?

ਉੱਤਰ :–ਇਹ ਗੱਲ ਠੀਕ ਹੈ ਕਿ ਸਫਾਈ ਨਾ ਕਰਨ ਕਰ ਕੇ ਜੂੰਆਂ ਪੈ ਜਾਂਦੀਆਂ ਹਨ। ਮੈਲ ਹੋਣ ਕਰ ਕੇ ਜੂੰਆਂ ਕੇਸਾਂ ਵਿਚ, ਕਪੜਿਆਂ ਵਿਚ ਅਤੇ ਚਮ-ਜੂੰਆਂ ਸਰੀਰ ਉੱਤੇ ਵੀ ਪੈ ਜਾਂਦੀਆਂ ਹਨ। ਤਾਂ ਤੇ ਕਪੜੇ ਨਹੀਂ ਪਾਉਣੇ ਚਾਹੀਦੇ ਅਤੇ ਚਮ-ਜੂੰਆਂ ਕਾਰਨ ਸਰੀਰ ਦੀ ਚਮੜੀ (ਮਾਸ) ਕੱਟ ਦੇਣੀ ਚਾਹੀਦੀ ਹੈ ਜਿਸ ਕਰਕੇ ਜੂੰਆਂ ਤੋਂ ਬਚਿਆ ਜਾ ਸਕੇ।

ਇਹ ਇਕ ਬਹਾਨਾ ਹੈ ਜਿਵੇਂ ਸਰੀਰ ਅਤੇ ਕਪੜੇ ਸਾਫ਼ ਰੱਖਣ ਕਰ ਕੇ ਜੂੰਆਂ ਨਹੀਂ ਪੈਂਦੀਆਂ, ਏਵੇਂ ਕੇਸ ਸਾਫ਼ ਰੱਖਣ ਕਾਰਨ ਕੇਸਾਂ ਵਿਚ ਕਦੇ ਵੀ ਜੂੰਆਂ ਨਹੀਂ ਪੈ ਸਕਦੀਆਂ। ਏਸ ਕਰਕੇ ਦਸਵੇਂ ਪਾਤਸ਼ਾਹ ਜੀ ਨੇ ਸਾਨੂੰ ਇਕ ਕਕਾਰ ਕੰਘਾ ਬਖ਼ਸ਼ਿਆ ਤਾਂ ਕਿ ਕੇਸਾਂ ਦੀ ਸਫਾਈ ਕੀਤੀ ਜਾਵੇ।

੭. ਪ੍ਰਸ਼ਨ :–ਕਈ ਇਹ ਪ੍ਰਸ਼ਨ ਕਰਦੇ ਹਨ ਕਿ ਜੇ ਤੁਸੀਂ ਸਰੀਰ ਨੂੰ ਸਾਬਤ ਸੂਰਤ ਰੱਖਣਾ ਹੈ ਤਾਂ ਸਰੀਰ ਦੇ ਅੰਗਾਂ, ਨਹੁੰਆਂ ਨੂੰ ਕਿਉਂ ਕੱਟਦੇ ਹੋ ?

ਉੱਤਰ :–ਨਹੁੰਆਂ ਦੇ ਦੋ ਭਾਗ ਹਨ, ਇਕ ਜਿਉਂਦਾ ਅਤੇ ਇਕ ਮੁਰਦਾ। ਜਿਉਂਦਾ ਭਾਗ ਲਹੂ ਦਾ ਅੰਗ ਹੈ। ਨਹੁੰਆਂ ਦੇ ਮੁਰਦੇ ਭਾਗ ਨੂੰ ਉਤਾਰਿਆ ਜਾਂਦਾ ਹੈ ਨਾ ਕਿ ਜਿਉਂਦੇ ਨੂੰ। ਕੇਸਾਂ ਦੇ ਵੀ ਦੋ ਭਾਗ ਹਨ ਇਕ ਮੁਰਦਾ ਤੇ ਇਕ ਜਿਉਂਦਾ। ਜੋ ਕੇਸ ਜੜ੍ਹੋਂ ਉੱਖੜ ਜਾਂਦੇ ਹਨ ਜਾਂ ਸੁਤੇ ਸਿਧ ਟੁੱਟ ਜਾਂਦੇ ਹਨ ਉਹ ਕੰਘੇ ਦੇ ਨਾਲ ਹੀ ਆ ਜਾਂਦੇ ਹਨ। ਜੋ ਜਿਉਂਦੇ ਹਨ ਉਹਨਾਂ ਨੂੰ ਪੁੱਟਣ ਸਮੇਂ ਦਰਦ ਹੋਣ ਤੋਂ ਸਾਫ ਹੀ ਪਤਾ ਲੱਗ ਜਾਂਦਾ ਹੈ। ਸੋ ਜੇਕਰ ਮੁਰਦਾ ਨਹੁੰਆਂ ਨੂੰ ਨਾ ਉਤਾਰੀਏ ਤਾਂ ਉਹ ਘਸ ਘਸ ਕੇ ਜਾਂ ਅੜ ਕੇ ਆਪਣੇ ਆਪ ਹੀ ਉੱਤਰ ਜਾਣਗੇ, ਕੰਮ ਵਿਚ ਦਿੱਕਤ ਪੇਸ਼ ਕਰਨਗੇ ਅਤੇ ਜ਼ਖਮ ਕਰ ਦੇਣਗੇ। ਜੇਕਰ ਮੁਰਦਾ ਨਹੁੰਆਂ ਨੂੰ ਉਤਾਰਨ ਸਮੇਂ ਜਿਉਂਦਾ ਨਹੁੰ ਕੱਟਿਆ ਜਾਵੇ ਤਾਂ ਦਰਦ ਹੋਣ ਤੋਂ ਝੱਟ ਹੀ ਮਹਿਸੂਸ ਹੋ ਜਾਂਦਾ ਹੈ ਕਿ ਗਲਤੀ ਹੋਈ ਹੈ। ਸੋ ਜਿਵੇਂ ਮਨੁੱਖ ਦੇ ਮੁਰਦਾ ਸਰੀਰ ਨੂੰ ਜ਼ਰੂਰ ਹੀ ਸਾੜਨਾ ਪੈਂਦਾ ਹੈ, ਇਸੇ ਤਰ੍ਹਾਂ ਮੁਰਦਾ ਨਹੁੰਆਂ ਨੂੰ ਉਤਾਰਨਾ ਜ਼ਰੂਰੀ ਹੈ ਤੇ ਵਧੇ ਨਹੁੰਆਂ ਵਿਚ ਮੈਲ ਫਸ ਜਾਂਦੀ ਹੈ ਜੋ ਧੋਣ ਨਾਲ ਵੀ ਸਾਫ ਨਹੀਂ ਹੁੰਦੀ ਅਤੇ ਬੀਮਾਰੀ ਦਾ ਕਾਰਨ ਬਣਦੀ ਹੈ।

੮. ਪ੍ਰਸ਼ਨ :–ਕਈ ਇਨਸਾਨੀਅਤ ਤੋਂ ਗਿਰੇ ਆਦਮੀ ਕੇਸਾਧਾਰੀ

ਸਜ਼ਾ ਹੈ ਜਿਵੇਂ ਕਿ ਪਹਿਲਾਂ ਪ੍ਰਮਾਣ ਆ ਚੁੱਕੇ ਹਨ।

੩. ਪ੍ਰਸ਼ਨ :–ਕੇਸਾਂ ਨਾਲ ਗਰਮੀ ਲੱਗਦੀ ਹੈ ?

ਉੱਤਰ :–ਅਗਿਆਨਤਾ ਕਰਕੇ ਇਹ ਇਕ ਵਹਿਮ ਹੈ ਕਿ ਕੇਸਾਂ ਨਾਲ ਜ਼ਿਆਦਾ ਗਰਮੀ ਲੱਗਦੀ ਹੈ। ਜੇ ਠੀਕ ਤਰ੍ਹਾਂ ਵੇਖੀਏ ਤਾਂ ਕੁਦਰਤ ਨੇ ਦਿਮਾਗ ਦੀ ਰੱਖਿਆ ਲਈ ਗਰਮੀਆਂ ਅਤੇ ਸਰਦੀਆਂ ਵਿਚ ਦਿਮਾਗ ਨੂੰ ਲੋੜੀਂਦਾ ਤਾਪਮਾਨ ਦੇਣ ਲਈ ਇਕ ਮਹਾਨ ਬਖ਼ਸ਼ਿਸ਼ ਕੀਤੀ ਹੈ। ਕੇਸ ਗਰਮੀ ਅਤੇ ਸਰਦੀ ਦੇ ਕੁਚਾਲਕ ਹਨ ਜਿਸ ਕਰਕੇ ਜ਼ਿਆਦਾ ਗਰਮੀ ਅਤੇ ਸਰਦੀ ਨੂੰ ਮਨੁੱਖਤਾ ਦੇ ਘਰ ਦਿਮਾਗ ਤੱਕ ਨਹੀਂ ਪਹੁੰਚਣ ਦਿੰਦੇ। ਗਰਮੀਆਂ ਵਿਚ ਗਰਮੀ ਅਤੇ ਸਰਦੀਆਂ ਵਿਚ ਸਰਦੀ ਤੋਂ ਬਚਾਉਂਦੇ ਹਨ।

੪. ਪ੍ਰਸ਼ਨ :–ਕੇਸਾਂ ਨਾਲ ਮੱਤ ਮਾਰੀ ਜਾਂਦੀ ਹੈ ?

ਉੱਤਰ :–ਸੰਸਾਰ ਦੀਆਂ ਸਾਰੀਆਂ ਧਾਰਮਿਕ ਪੁਸਤਕਾਂ ਵੇਦ, ਸ਼ਾਸਤਰ ਆਦਿਕਾਂ ਦੇ ਕਰਤੇ ਸਾਰੇ ਕੇਸਾਧਾਰੀ ਹੀ ਹੋਏ ਹਨ ਅਤੇ ਇਹ ਧਾਰਮਿਕ ਗ੍ਰੰਥ ਜੋ ਗਿਆਨ ਦੇ ਅਣਮੁੱਲ ਖਜ਼ਾਨੇ ਹਨ–ਸਿਰਾਂ ਚੰਗੀ ਮੱਤ ਅਤੇ ਸੁਲਝੇ ਦਿਮਾਗ ਦੇ ਨਹੀਂ ਲਿਖੇ ਜਾ ਸਕਦੇ। ਸਵਾਮੀ ਬਾਲਮੀਕ ਜੀ ਜੋ ਕੇਸਾਧਾਰੀ ਸਨ–ਉਹਨਾਂ ਨੇ ਸਾਰੀਆਂ ਘਟਨਾਵਾਂ ਹੋਣ ਤੋਂ ਪਹਿਲਾਂ ਹੀ ਰਮਾਇਣ ਰਚ ਦਿੱਤੀ ਸੀ। ਭਾਰਤ ਦੇ ਨੋਬਲ ਪ੍ਰਾਈਜ਼ ਵਿਜੇਤਾ ਡਾ: ਰਾਬਿੰਦਰ ਨਾਥ ਟੈਗੋਰ ਜੀ ਕੇਸਾਧਾਰੀ ਸਨ। ਕੀ ਨੋਬਲ ਪ੍ਰਾਈਜ਼ ਗਿਆਨ ਤੋਂ ਹੀਣੇ ਪੁਰਸ਼ਾਂ ਨੂੰ ਮਿਲਦਾ ਹੈ ? ਇਸ ਤੋਂ ਪ੍ਰਤੱਖ ਸਾਬਤ ਹੁੰਦਾ ਹੈ ਕਿ ਆਦਮੀ ਦੇ ਦਿਮਾਗ ਨੂੰ ਅਰੋਗ ਅਤੇ ਤਾਜ਼ਾ ਰੱਖਣ ਵਿਚ ਕੇਸਾਂ ਦਾ ਸਭ ਤੋਂ ਜ਼ਿਆਦਾ ਹੱਥ ਹੈ।

੫. ਪ੍ਰਸ਼ਨ :–ਸਫਾਈ ਵਾਸਤੇ ਸਾਬਣ ਆਦਿ ਦਾ ਫਾਲਤੂ ਖ਼ਰਚ ਹੁੰਦਾ ਹੈ ?

ਉੱਤਰ :–ਬਾਕੀ ਸਰੀਰਕ ਅੰਗਾਂ ਵਾਂਗ ਕੇਸਾਂ ਦੀ ਸਫਾਈ ਤਾਂ ਜ਼ਰੂਰੀ ਹੀ ਹੈ। ਜੇ ਸਰੀਰ ਦੇ ਹੋਰ ਅੰਗਾਂ ਤੇ ਖਰਚ ਮਹਿਸੂਸ ਨਹੀਂ ਹੁੰਦਾ ਤਾਂ ਕੇਸਾਂ ਵਾਸਤੇ ਕਿਉਂ ? ਮੋਨੇ ਪੁਰਸ਼ਾਂ ਨੂੰ ਹਰ ਦੂਜੇ ਤੀਜੇ ਦਿਨ ਹਜਾਮਤ ਕਰਾਉਣੀ ਪੈਂਦੀ ਹੈ ਜਿਸ ਦਾ ਖਰਚ ਕੇਸਾਂ ਦੀ ਸਫਾਈ ਦੇ ਖਰਚ ਨਾਲੋਂ ਕਿਤੇ ਵੱਧ ਹੈ। ਜੇਕਰ ਸਫਾਈ ਦੇ ਖ਼ਰਚ ਤੋਂ ਡਰਨਾ ਹੈ ਤਾਂ ਕਪੜੇ ਆਦਿਕ ਵੀ ਨਹੀਂ ਧੋਣੇ ਚਾਹੀਦੇ।

ਇਸ ਪ੍ਰਸ਼ਨ ਦੇ ਮੁਤਾਬਿਕ ਚੋਰ ਉਲਟਾ ਈਮਾਨਦਾਰ ਨੂੰ ਕਹਿੰਦਾ ਹੈ ਕਿ ਤੂੰ ਚੋਰੀ ਕਿਉਂ ਨਹੀਂ ਕਰਦਾ ? ਜੋ ਕੁਦਰਤੀ ਚੀਜ਼ ਸਰੀਰ ਦੀ ਰਚਨਾ ਵਿਚ ਹੈ, ਕੁਦਰਤ ਦੀ ਰਜ਼ਾਅ ਵਿਚ ਹੀ ਪੈਦਾ ਹੋਈ ਹੈ, ਉਸ ਨੂੰ ਕੱਟਣਾ, ਭੰਨਣਾ, ਤੋੜਣਾ ਮੂਰਖਤਾਈ ਹੈ।

ਅਸਲੀਅਤ ਵਿਚ ਵੇਖਿਆ ਜਾਵੇ ਤਾਂ ਕੇਸ ਸਰੀਰ ਦੇ ਸਾਰੇ ਅੰਗਾਂ ਨਾਲੋਂ ਹੌਲੇ ਹਨ। ਜੇ ਭਾਰ ਸਮਝ ਕੇ ਹੀ ਕੱਟਦੇ ਹਨ ਤਾ ਸਰੀਰ ਦੇ ਹੋਰ ਅੰਗ ਨੱਕ, ਕੰਨਾਂ ਦੇ ਛੱਜੇ ਆਦਿਕ ਕਿਉਂ ਨਹੀਂ ਕੱਟਦੇ ?

੨. ਪ੍ਰਸ਼ਨ :-ਦਾਹੜੀ ਨੂੰ ਕਿਹੜੇ ਡੱਡੇ ਲੱਗਣੇ ਹਨ ?

ਉੱਤਰ :-ਜੇਕਰ ਦਾਹੜੀ ਰੱਖਣ ਨਾਲ ਕੁਝ ਨਹੀਂ ਲੱਗਦਾ ਤਾਂ ਮੁਨਾਉਣ ਨਾਲ ਉਹਨਾ ਦੇ ਮੂੰਹ ਤੇ ਕੀ ਅੰਗੂਰ ਲੱਗਦੇ ਹਨ ? ਇਹ ਸਿਰਫ ਹੁੱਜਤਾਂ ਹੀ ਹਨ। ਦਾਹੜੀ ਤੇ ਕੇਸਾਂ ਦੇ ਕਈ ਲਾਭ ਪਿੱਛੇ ਦਸ ਚੁੱਕੇ ਹਾਂ। ਅਮਰੀਕਾ ਦੇ ਪ੍ਰਸਿੱਧ ਡਾਕਟਰ ਮੈਕਡਾਨਲਡ ਅਨੁਸਾਰ ਦਾਹੜੀ ਮੁੱਛਾਂ ਅਤੇ ਕੇਸ ਬਾਰ ਬਾਰ ਕਟਵਾਉਣ ਕਰਕੇ ਚੇਹਰੇ ਦਾ ਸੁਹੱਪਣ ਘਟ ਜਾਂਦਾ ਹੈ। ਬਲੇਡ ਅਤੇ ਉਸਤਰਿਆਂ ਦੀ ਰਗੜ ਨਾਲ ਸਰੀਰ ਨਾੜੀਆਂ ਮੁੜਦਾ ਹੋ ਜਾਂਦੀਆਂ ਹਨ। ਦਾਹੜੀ ਤੇ ਮੁੱਛਾਂ ਨਾਲ ਆਦਮੀ ਈਮਾਨਦਾਰ ਤੇ ਸਿਆਣਾ ਪ੍ਰਤੀਤ ਹੁੰਦਾ ਹੈ। ਜੇ ਕਿਸੇ ਦੀ ਦਾਹੜੀ ਨੂੰ ਹੱਥ ਲਾਇਆ ਜਾਵੇ ਤਾਂ ਉਹ ਕਿੰਨੀ ਬੇਇਜ਼ਤੀ ਸਮਝਦਾ ਹੈ ਕਿ ਮੇਰੀ ਇਜ਼ਤ ਨੂੰ ਹੱਥ ਪਾਇਆ ਹੈ। ਪਰੰਤੂ ਅੱਜ ਕੱਲ੍ਹ ਹਰ ਰੋਜ਼ ਬਾਰ ਬਾਰ ਆਪ ਜਾ ਕੇ ਦਾੜ੍ਹੀਆਂ ਮੁੰਨਾਉਣੀਆਂ ਕਿਹੜੀ ਇੱਜ਼ਤ ਹੈ ? ਭੇਡਾ ਤਾ ਛੇ ਮਹੀਨੇ ਬਾਅਦ ਮੁੰਨੀਆਂ ਜਾਂਦੀਆਂ ਹਨ ਪਰ ਹੁਣ ਭੇਡਾਂ ਨਾਲੋਂ ਵੀ ਵਧ ਕੇ ਆਪਣੇ ਆਪ ਨੂੰ ਹਰ ਰੋਜ਼ ਮੁੰਨਾਉਂਦੇ ਹਨ।

ਸਾਰੇ ਭਾਰਤ ਵਿਚ ਹਰ ਸਾਲ ਰਾਮਲੀਲ੍ਹਾ ਕਰਨ ਸਮੇਂ ਸ੍ਰੀ ਰਾਮਚੰਦਰ ਜੀ ਅਤੇ ਪੁਰਾਤਨ ਰਿਖੀਆਂ ਮੁਨੀਆਂ ਦਾ ਰੂਪ ਬਣਨ ਵਾਸਤੇ ਬਨਾਉਟੀ ਕੇਸ ਬਜ਼ਾਰੋਂ ਮੁੱਲ ਲਿਆਉਣੇ ਪੈਂਦੇ ਹਨ ਤਾਂ ਕਿ ਸ੍ਰੀ ਰਾਮਚੰਦਰ ਜੀ ਅਤੇ ਹੋਰ ਰਿਖੀਆਂ ਦੀ ਅਸਲੀ ਤਸਵੀਰ ਲੋਕਾਂ ਸਾਹਮਣੇ ਪੇਸ਼ ਕੀਤੀ ਜਾਵੇ। ਫਿਰ ਆਪ ਵੀ ਕੇਸ ਰੱਖ ਹੀ ਕਿਉਂ ਨਹੀਂ ਲੈਂਦੇ ? ਹਿੰਦੂ ਧਰਮ ਵਿਚ ਕੇਸ ਕਟਵਾਉਣੇ ਸੋਗ ਦੀ ਨਿਸ਼ਾਨੀ ਹੈ। ਉੱਤਰ ਪ੍ਰਦੇਸ਼ ਵਿਚ ਤਾਂ ਹੁਣ ਵੀ ਆਪਣੇ ਸਨੇਹੀਆਂ ਦੀ ਮੌਤ ਤੇ ਸਿਰ ਮੰਨਾਉਂਦੇ ਹਨ। ਸਮਝ ਨਹੀਂ ਆਉਂਦੀ ਕਿ ਸਾਡੇ ਦਾੜ੍ਹੀ ਕੇਸ ਮੁੰਨਾਉਣ ਵਾਲੇ ਕਿਸ ਮਾਤਮੀ ਮੌਸਮ ਦੀ ਉਡੀਕ ਕਰਦੇ ਹਨ। ਕੇਸ ਕਟਵਾਉਣਾ ਤਾਂ ਹਿੰਦੂ ਗ੍ਰੰਥਾਂ ਵਿਚ ਮੌਤ ਨਾਲੋਂ ਵੀ ਘਿਨਾਉਣੀ

ਏਸੇ ਤਰ੍ਹਾਂ ਬੁੱਲ੍ਹ ਕੱਟੇ ਜਾਣ ਤਾਂ 'ਖੰਡਾ' ਆਦਮੀ ਵੀ ਸੋਹਣਾ ਨਹੀਂ ਲੱਗੇਗਾ। ਕੁਦਰਤ ਨੇ ਮਨੁੱਖ ਨੂੰ ੮੪ ਲੱਖ ਜੂਨਾਂ ਵਿਚੋਂ ਸਭ ਤੋਂ ਸ਼ਰੇਮਣੀ ਸਾਬਤ ਸੂਰਤ ਤੇ ਸਰੇਸ਼ਟ ਪਦਵੀ ਬਖ਼ਸ਼ੀ ਹੈ।

ਜੋ ਮਨੁੱਖ ਅਮਾਨਤ ਵਿਚ ਖਿਆਨਤ ਕਰਦਾ ਹੈ ਅੰਤ ਉਸ ਦੀ ਹਾਰ ਹੁੰਦੀ ਹੈ ਜਿਵੇਂ ਸਾਰੀ ਉਮਰ ਵਾਲ ਕੱਟੀ ਜਾਂਦੇ ਹਨ ਅੰਤ ਤੱਕ ਹੋਰ ਨਵੇਂ ਉੱਗਦੇ ਰਹਿੰਦੇ ਹਨ ਜਿਸ ਨੂੰ ਮਨੁੱਖ ਆਪਣੀ ਮਰਜ਼ੀ ਅਨੁਸਾਰ ਰੋਕ ਨਹੀਂ ਸਕਦਾ, ਇਸ ਤਰ੍ਹਾਂ ਅਖੀਰ ਤੱਕ ਮਨੁੱਖ ਦੀ ਹਾਰ ਅਤੇ ਕੁਦਰਤ ਦੀ ਜਿੱਤ ਹੁੰਦੀ ਹੈ।

ਪ੍ਰਸ਼ਨ-ਉੱਤਰ

ਕਈ ਬੇ-ਸਮਝ ਅਕਲ ਦੀ ਕਮੀ ਹੋਣ ਕਰਕੇ ਅਤੇ ਜਿਨ੍ਹਾਂ ਦਾ ਨਿਸ਼ਾਨਾ ਹਰ ਚੀਜ਼ ਨੂੰ ਗ਼ਲਤ ਦੱਸਣਾ ਹੈ ਉਹ ਵੀਰ ਕਕਾਰਾਂ ਅਤੇ ਕੇਸ, ਦਾੜ੍ਹੇ ਸਬੰਧੀ ਅਨੇਕਾਂ ਢੁੱਚਰਾਂ ਘੜਦੇ ਹਨ ਜੋ ਬਿਲਕੁਲ ਮਨਮਤ, ਨਿਰਮੂਲ ਤੇ ਥੋਥੀਆਂ ਹੁੰਦੀਆਂ ਹਨ ਅਤੇ ਉਹ ਇਹਨਾਂ ਠੀਕ ਚੀਜ਼ਾਂ ਨੂੰ ਆਪਣੀ ਮਨਮਤ ਅਨੁਸਾਰ ਗ਼ਲਤ ਦੱਸਦੇ ਹਨ, ਐਸੇ ਮਨੁੱਖਾਂ ਵਾਰੇ ਗੁਰੂ ਸਾਹਿਬ ਵਾਣੀ ਵਿਚ ਫ਼ੁਰਮਾਉਂਦੇ ਹਨ :-

'ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ॥
ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ॥
ਸੂਤੇ ਕਉ ਜਾਗਤੁ ਕਹੈ, ਜਾਗਤ ਕਉ ਸੂਤਾ॥
ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ॥
ਆਵਤ ਕਉ ਜਾਤਾ ਕਹੈ, ਜਾਤੇ ਕਉ ਆਇਆ॥
ਪਰ ਕੀ ਕਉ ਅਪੁਨੀ ਕਹੈ, ਅਪੁਨੋ ਨਹੀ ਭਾਇਆ॥
ਮੀਠੇ ਕਉ ਕਉੜਾ ਕਹੈ, ਕਉੜੇ ਕਉ ਮੀਠਾ॥
ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ॥' (੨੨੯)

੧. ਪ੍ਰਸ਼ਨ :-ਆਮ ਮਨੁੱਖ ਇਹ ਗ਼ਲਤ ਪ੍ਰਸ਼ਨ ਕਰਦੇ ਹਨ ਕਿ-ਤੁਸੀਂ ਕੇਸ ਕਿਉਂ ਰੱਖਦੇ ਹੋ, ਇਹ ਤਾਂ ਵਾਧੂ ਭਾਰ ਹਨ ?

ਉੱਤਰ:-ਉਹਨਾਂ ਵੀਰਾਂ ਦਾ ਇਹ ਸਵਾਲ ਹੀ ਗ਼ਲਤ ਹੈ-ਇਹ ਤਾਂ ਉਹ ਗੱਲ ਹੋਈ ਕਿ 'ਉਲਟਾ ਚੋਰ ਕੋਤਵਾਲ ਕੋ ਡਾਂਟੇ' ਚਾਹੀਦਾ ਤਾਂ ਇਹ ਸੀ ਕਿ ਈਮਾਨਦਾਰ ਬੰਦਾ ਚੋਰ ਨੂੰ ਆਖੇ ਕਿ ਤੂੰ ਚੋਰੀ ਕਿਉਂ ਕੀਤੀ ?

ਖਾਲਸਾ ਸਜਦਾ ਹੀ ਕੇਸਾਂ ਨਾਲ ਹੈ। ਕੇਸ ਮਨੁੱਖ ਦਾ ਤਾਜ ਹਨ। ਕੇਸਾਂ ਨਾਲ ਹੀ ਮਨੁੱਖ ਸ਼ਭਨੀਕ, ਚੰਗੇ ਪ੍ਰਭਾਉ ਵਾਲਾ ਤੇ ਰੁਅਬ-ਦਾਬ ਵਾਲਾ ਬਣਦਾ ਹੈ। ਜਿਵੇਂ ਰਾਜੇ ਮਹਾਰਾਜਿਆਂ ਨੂੰ ਤਾਜ ਪਹਿਨਣ ਕਰ ਕੇ ਵੱਡੇ ਹੋਣ ਦਾ ਮਾਣ ਪ੍ਰਾਪਤ ਹੈ ਇਵੇਂ ਖਾਲਸੇ ਨੂੰ ਕੇਸਾਂ ਕਰਕੇ ਉੱਚੀ ਪਦਵੀ 'ਸਰਦਾਰੀ' ਪ੍ਰਾਪਤ ਹੈ। ਗੁਰੂ ਕਾ ਸਿੰਘ ਭਾਵੇਂ ਕਿੰਨਾਂ ਵੀ ਨਿਰਧਨ ਜਾਂ ਕਮਜ਼ੋਰ ਹੋਵੇ ਹਰ ਕੋਈ ਸਰਦਾਰ ਜੀ, ਕਹਿ ਕੇ ਸਤਿਕਾਰਦਾ ਹੈ।

ਬਹੁਤ ਸਾਰੇ ਕੁਦਰਤ ਤੋਂ ਮੁਨਕਰ ਲੋਕ ਇਹ ਸੁਆਲ ਕਰਦੇ ਹਨ ਕਿ ਕੇਸ ਕਿਉਂ ਰੱਖਦੇ ਹੋ ? ਪਰ ਉਹਨਾਂ ਨੂੰ ਪੁੱਛਿਆ ਜਾਵੇ ਕਿ ਤੁਸੀਂ ਕੇਸ ਕਿਉਂ ਮੁੰਨਾਉਂਦੇ ਹੋ ? ਕਿਉਂਕਿ ਕੇਸ ਪ੍ਰਮਾਤਮਾ ਵਲੋਂ ਬਖ਼ਸ਼ੀ ਹੋਈ ਦਾਤ ਹੈ–ਇਹ ਅਸੀਂ ਕੋਈ ਨਕਲੀ ਚੀਜ਼ ਧਾਰਨ ਨਹੀਂ ਕੀਤੀ। ਸਗੋਂ ਪ੍ਰਮਾਤਮਾ ਦਾ ਬਖ਼ਸ਼ਿਆ ਹੋਇਆ ਜਿਉਂ ਦਾ ਤਿਉਂ ਸਰੂਪ ਹੈ। ਵਾਹਿਗੁਰੂ ਵੱਲੋਂ ਦਿੱਤੀ ਹੋਈ ਅਮਾਨਤ ਹੈ ਜਿਸ ਤੂੰ ਸੰਭਾਲ ਕੇ ਰੱਖਣਾ ਸਾਡਾ ਮਨੁੱਖੀ ਫਰਜ਼ ਹੈ। ਅਮਾਨਤ ਵਿਚ ਖਿਆਨਤ ਪਾਉਣਾ ਬਹੁਤ ਵੱਡਾ ਪਾਪ ਹੈ! ਬੇਮੁਖ ਲੋਕਾਂ ਦਾ ਇਹ ਪੁੱਛਣਾ ਇਕ ਚੋਰ ਦੀ ਨਿਆਈਂ ਹੈ ਜੋ ਕਿ ਈਮਾਨਦਾਰ ਆਦਮੀ ਨੂੰ ਪੁੱਛੇ ਕਿ ਤੂੰ ਚੋਰੀ ਕਿਉਂ ਨਹੀਂ ਕਰਦਾ ? ਜਦ ਕਿ ਉਸ ਦਾ ਫਰਜ਼ ਬਣਦਾ ਸੀ ਕਿ ਉਹ ਆਪਣੀ ਇਸ ਬੁਰੀ ਆਦਤ ਨੂੰ ਆਪ ਤਿਆਗਦਾ।

ਕੁਦਰਤ ਦੀ ਪੈਦਾ ਕੀਤੀ ਹੋਈ ਹਰ ਚੀਜ਼ ਅਸਲੀ ਹੈ ਪਰ ਜਦ ਆਦਮੀ ਆਪਣੀ ਮਰਜ਼ੀ ਅਨੁਸਾਰ ਕੁਦਰਤੀ ਚੀਜ਼ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਦ ਉਹ ਅਸਲੀ ਤੋਂ ਨਕਲੀ ਬਣ ਜਾਂਦਾ ਹੈ। ਜਿਵੇਂ ਵੱਖ ਵੱਖ ਧਰਮਾਂ ਦੇ ਕੁਝ ਬੱਚਿਆਂ ਦਾ ਪਾਲਣ ਪੋਸਣ ਐਸੇ ਵਾਤਾਵਰਣ ਵਿਚ ਕੀਤਾ ਜਾਵੇ ਕਿ ਉਨ੍ਹਾਂ ਦੇ ਸਰੀਰ ਦੇ ਅੰਗਾਂ ਵਿਚ ਕੋਈ ਦਖ਼ਲ-ਅੰਦਾਜ਼ੀ ਨਾ ਹੋਵੇ ਤਾਂ ਕੁਝ ਸਮੇਂ ਬਾਅਦ ਜਦ ਓਹ ਜੁਆਨ ਹੋਣਗੇ ਤਾਂ ਹਰ ਮਨੁੱਖ ਉਹਨਾਂ ਨੂੰ ਸਿੱਖਾਂ ਦੇ ਬੱਚੇ ਹੀ ਆਖੇਗਾ।

ਕੇਸ, ਦਾੜ੍ਹਾ ਮਰਦ ਦੀ ਨਿਸ਼ਾਨੀ ਤੇ ਸ਼ਖ਼ਸੀਅਤ ਦਾ ਨਿਖਾਰ ਹਨ। ਜਿਸ ਔਰਤ ਦੇ ਦਾਹੜੀ ਹੋਵੇ ਉਹ ਕਿੰਨੀ ਬਦਸੂਰਤ ਲੱਗਦੀ ਹੈ। ਜਿਸ ਆਦਮੀ ਦੇ ਦਾਹੜੀ ਨਾ ਹੋਵੇ ਤਾਂ ਖੋਦਾ ਆਦਮੀ ਵੀ ਸੋਭਾ ਨਹੀਂ ਪਾਉਂਦਾ। ਇਸੇ ਤਰ੍ਹਾਂ ਕੁਦਰਤ ਦੇ ਬਣਾਏ ਅੰਗਾਂ ਵਿਚੋਂ ਜੇ ਕਿਸੇ ਦਾ ਨੱਕ ਕੱਟਿਆ ਜਾਵੇ ਤਾਂ ਉਹ 'ਨੱਕ ਵੱਢਿਆ' ਆਦਮੀ ਕਿੰਨਾਂ ਕਰੂਪ ਲੱਗੇਗਾ, ਅਤੇ ਜੇ ਕਿਸੇ ਦਾ ਕੰਨ ਕੱਟਿਆ ਜਾਵੇ ਤਾਂ 'ਬੁੱਚਾ' ਆਦਮੀ ਕਿੰਨਾ ਭੱਦਾ ਲੱਗੇਗਾ।

ਵੰਡ ਕੀਤੀ, ਅਸੀਂ ਭੁਲਣਹਾਰ ਤੇਰੀ ਕੀਤੀ ਨੂੰ ਦਰੁਸਤ ਕਰਨ ਦੀ ਗਲਤੀ ਕਰਦੇ ਹਾਂ। ਜੇਕਰ ਹਦਵਾਣਾ ਉਪਰੋਂ ਮੇਰੇ ਸਿਰ ਵਿਚ ਵਜਦਾ ਤਾ ਮੇਰਾ ਕੀ ਹਾਲ ਹੁੰਦਾ?'

'ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥'(੭੨੨)

'ਜੋ ਹੁਕਮੁ ਨ ਬੁਝੈ ਖਸਮ ਦਾ ਸੋਈ ਨਰੁ ਕਚਾ ॥' (੧੦੯੪)

ਵਾਹਿਗੁਰੂ ਨੇ ਆਪ ਸਿਰ-ਬਸਿਰ ਸਭ ਕੁਝ ਬਣਾਇਆ ਅਤੇ ਸਰੀਰ ਦੀ ਠੀਕ ਵੰਡ ਕਰਦਿਆਂ ਅੱਖਾਂ ਉੱਚੇ ਥਾਂ ਲਾਈਆਂ ਤਾਂ ਕਿ ਦੂਰੋਂ ਵੇਖ ਸਕੇ, ਕੰਨ ਉੱਚੇ ਤਾਂ ਕਿ ਦੂਰੋਂ ਆਵਾਜ਼ ਸੁਣ ਸਕੇ, ਨੱਕ ਉੱਚਾ ਤਾਂ ਕਿ ਸਾਫ ਹਵਾ ਲੈ ਸਕੇ, ਮੂੰਹ ਉੱਚਾ ਤਾਂ ਕਿ ਆਵਾਜ਼ ਉੱਚੀ ਹੋ ਸਕੇ।

ਜੇਕਰ ਵਾਹਿਗੁਰੂ ਇਹ ਸਾਰੇ ਅੰਗ ਗਿੱਟਿਆਂ ਕੋਲ ਲਾ ਦਿੰਦਾ ਤਾਂ ਮਨੁੱਖ ਉੱਚੀਆਂ ਚੀਜ਼ਾਂ ਕਿਵੇਂ ਵੇਖਦਾ, ਕਿਵੇਂ ਸੁਣਦਾ, ਕਿਵੇਂ ਸਾਹ ਲੈਂਦਾ, ਆਵਾਜ਼ ਉੱਚੀ ਕਿਵੇਂ ਕਰਦਾ? ਸਾਰੇ ਅੰਗਾਂ ਵਿਚ ਮਿੱਟੀ, ਧੂੜ, ਗੰਦਗੀ ਅਤੇ ਬਦਬੋ ਪੈਂਦੀ। ਇਸ ਕਰਕੇ ਜੋ ਦਾਤ ਵਾਹਿਗੁਰੂ ਨੇ ਦਿੱਤੀ ਸਭ ਠੀਕ ਹੈ ਅਤੇ ਹਰ ਤਰ੍ਹਾਂ ਬੇ-ਮਿਸਾਲ ਹੈ। ਪ੍ਰਮਾਤਮਾ ਨੇ ਮਨੁੱਖ ਨੂੰ ਐਸਾ ਪੂਰਨ ਸਰੂਪ ਬਖ਼ਸ਼ਿਆ ਜੋ ਇਸ ਧਰਤੀ ਤੇ ੮੪ ਲੱਖ ਜੂਨਾਂ ਵਿਚੋਂ ਸਭ ਤੋਂ ਉੱਤਮ ਹੈ।

'ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥' (੨੭੪)

ਜਿਵੇਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪੰਜ ਤੱਤਾਂ ਦਾ ਸਰੀਰ ਬਣਿਆ ਹੈ ਤੇ ੨੫ ਪ੍ਰਕ੍ਰਿਤੀਆਂ ਬਣੀਆਂ ਹਨ, ਮਨੁੱਖ ਨੂੰ ਪੁੱਛਦੇ ਹਨ ਕਿ ਛੇਵਾਂ ਤੱਤ ਬਣਾ ਕੇ ਵਿਖਾ :-

'ਪੰਜ ਤਤੁ ਕਰਿ ਤੁਪੁ ਸ੍ਰਿਸਟਿ ਸਭ ਸਾਜੀ,
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ (੭੩੬)

ਉਹ ਕਦੇ ਵੀ ਨਹੀਂ ਬਣਾ ਸਕਦਾ।

ਏਸੇ ਤਰ੍ਹਾਂ ਕੇਸ ਕੱਟਣ ਵਾਲਿਆਂ ਨੂੰ ਪੁੱਛੀਏ ਕਿ ਸਰੀਰ ਦੇ ਕੇਸਾਂ, ਰੋਮਾਂ ਨੂੰ ਜਿਵੇਂ ਕੱਟਦੇ ਹੋ, ਆਪਣੇ ਕੋਲੋਂ ਸਰੀਰ ਦਾ ਕਈ ਨਵਾ ਅੰਗ ਬਣਾ ਕੇ ਤਾਂ ਵਿਖਾਓ ਜੋ ਕੁਦਰਤੀ ਅੰਗਾਂ ਵਾਂਗ ਕੰਮ ਕਰੇ?'

ਦੇਸ਼ ਨੂੰ ਅਜ਼ਾਦੀ ਦਿਵਾਉਣ ਵਿਚ, 'ਸੋਨੇ ਕੀ ਚਿੜੀਆ' ਦੇ ਲੁਟੇਰੇ ਅਤੇ ਹਿੰਦੂਆਂ ਦੀਆਂ ਬਹੂ-ਬੇਟੀਆਂ ਨੂੰ ਚੁੱਕ ਕੇ ਲਿਜਾਣ ਵਾਲਿਆਂ ਦੇ ਮੂੰਹ ਭੰਨਣ ਵਿਚ ਸਭ ਤੋਂ ਵੱਧ ਹਿੱਸਾ ਦਸਵੇਂ ਪਾਤਸ਼ਾਹ ਜੀ ਦੇ ਘਰੋਂ ਸਾਜੇ ਤਿਆਰ-ਪੁਰ-ਤਿਆਰ ਪੰਜ ਕਕਾਰੀ ਖਾਲਸੇ ਦਾ ਹੈ। ਜਿਨ੍ਹਾਂ ਆਪਾ ਵਾਰ ਕੇ ਹਿੰਦ ਦੀ ਹਰ ਤਰ੍ਹਾਂ ਰੱਖਿਆ ਕੀਤੀ। ਇਨ੍ਹਾਂ ਬਹਾਦਰੀਆਂ ਨੂੰ ਮੁੱਖ ਰੱਖਦੇ ਹੋਏ ਸੁਲਝੇ ਤੇ ਸਿਆਣੇ ਪੰਡਿਤ ਮਦਨ ਮੋਹਨ ਮਾਲਵੀਆ ਨੇ ਕਿਹਾ ਸੀ, 'ਜੇਕਰ ਅਸੀਂ ਹਿੰਦੁਸਤਾਨ ਨੂੰ ਛੇਤੀ ਆਜ਼ਾਦ ਕਰਾਉਣਾ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਘੱਟ ਤੋਂ ਘੱਟ ਹਰ ਹਿੰਦੂ ਪਰਵਾਰ ਵਿਚੋਂ ਇਕ ਲੜਕੇ ਨੂੰ ਸਿੰਘ ਜ਼ਰੂਰ ਸਜਾਈਏ।'

ਅੰਗਰੇਜ਼ਾ ਵਾਗ ਅੱਜ ਕੱਲ੍ਹ ਵੀ ਜੇ ਸਰਕਾਰ ਅਤੇ ਮਾਪੇ ਇਹ ਸਮਝਣ ਕਿ ਦਸਮੇਸ਼ ਜੀ ਦੇ ਬਖ਼ਸ਼ੇ ਅੰਮ੍ਰਿਤ ਨੂੰ ਪੰਜ ਕਕਾਰ ਦੇ ਧਾਰਨੀ ਹੋਣ ਤੇ ਕੁਰਹਿਤਾਂ ਤੋਂ ਬਚਣ ਕਰਕੇ ਸਿੰਘ ਏਨੀਆਂ ਬਹਾਦਰੀਆਂ ਤੇ ਹਿੰਦ ਦੀ ਰਾਖੀ ਕਰ ਸਕਦੇ ਹਨ ਤਾਂ ਕਿਉਂ ਨਾ ਸਕੂਲਾਂ ਤੇ ਕਾਲਜਾਂ ਵਿਚ ਇਹ ਜ਼ਰੂਰੀ ਕਰਾਰ ਦਿੱਤਾ ਜਾਵੇ ਕਿ ਹਰ ਸਿੱਖ ਬੱਚੇ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ? ਮਾਪੇ ਆਪ ਅੰਮ੍ਰਿਤ ਛਕਣ ਤੇ ਆਪਣੇ ਬੱਚਿਆਂ ਨੂੰ ਅੰਮ੍ਰਿਤਧਾਰੀ ਬਨਾਉਣ ਜਿਸ ਕਰਕੇ ਆਉਣ ਵਾਲੀ ਪੀੜ੍ਹੀ ਪੂਰੀ ਦੀ ਪੂਰੀ ਬਿਨਾਂ ਕਿਸੇ ਜਦੋ-ਜਹਿਦ ਦੇ ਆਪਣੇ ਆਪ ਵਿਚ ਹੀ ਇਕ ਬਹਾਦਰ ਫ਼ੌਜ ਦੇ ਰੂਪ ਵਿਚ ਉਭਰ ਕੇ ਸਾਹਮਣੇ ਆ ਸਕਦੀ ਹੈ ਜੋ ਹਰ ਤਰ੍ਹਾਂ ਪੰਥ, ਦੇਸ਼, ਕੌਮ ਦੀ ਰੱਖਿਆ ਵਿਚ ਸਹਾਈ ਹੋਵੇਗੀ।

ਮਨਘੜਤ ਵਿਚਾਰਾਂ ਦੇ ਉੱਤਰ

ਇਕ ਵਾਰੀ ਇਕ ਮਨੁੱਖ ਬੋਹੜ ਦੇ ਦਰੱਖਤ ਹੇਠ ਪਿਆ ਆਪਣੀ ਤੁੱਛ ਬੁੱਧੀ ਅনুਸਾਰ ਕਾਦਰ ਦੀ ਕੁਦਰਤ ਨੂੰ ਗਲਤ ਵੀਚਾਰਨ ਲੱਗਾ, 'ਹੇ ਪ੍ਰਮਾਤਮਾ! ਤੂੰ ਗਲਤ ਵੰਡ ਕੀਤੀ ਕਿ ਇੰਨੇ ਵੱਡੇ ਬੋਹੜ ਦੇ ਦਰੱਖਤ ਨੂੰ ਨਿੱਕੀਆਂ ਨਿੱਕੀਆਂ ਗੋਹਲਾਂ ਲਾਈਆਂ ਇਨਸਾਫ਼ ਨਹੀਂ ਕੀਤਾ, ਇਸ ਦੇ ਉਲਟ ਕਮਜ਼ੋਰ, ਨਿਰਬਲ ਧਰਤੀ ਤੇ ਲੇਟਣ ਵਾਲੀ ਨਿੱਕੀ ਜਿਹੀ ਹਦਵਾਣੇ ਦੀ ਵੇਲ ਨੂੰ ਦਸ ਦਸ ਬਾਰਾਂ ਬਾਰਾਂ ਸੇਰ ਦੇ ਹਦਵਾਣੇ ਲਾ ਦਿੱਤੇ।'

ਇੰਨੇ ਵਿਚ ਹਵਾ ਦੇ ਬੁੱਲੇ ਨਾਲ ਉਪਰੋਂ ਗੋਹਲ ਡਿੱਗੀ, ਜ਼ੋਰ ਨਾਲ ਨੱਕ ਤੇ ਵੱਜਣ ਕਰ ਕੇ ਬਹੁੜੀ ਕਰਨ ਲੱਗਾ, 'ਹੇ ਵਾਹਿਗੁਰੂ! ਤੂੰ ਠੀਕ

(੬) ਦਾੜ੍ਹੀ ਤੇ ਮੁੱਛਾਂ ਮਰਦਪੁਣੇ ਦੀ ਨਿਸ਼ਾਨੀ ਅਤੇ ਚੇਹਰੇ ਦੀ ਸੁੰਦਰਤਾ ਹਨ।

(੭) ਸਾਹ ਨਾਲ ਮਨੁੱਖੀ ਸਰੀਰ ਅੰਦਰ ਹਵਾ ਪ੍ਰਵੇਸ਼ ਕਰਦੀ ਹੈ। ਸਰੀਰਕ ਤੰਦਰੁਸਤੀ ਲਈ ਇਸ ਹਵਾ ਦਾ ਸਾਫ਼ ਹੋਣਾ ਡਾਕਟਰੀ ਅਸੂਲ ਅਨੁਸਾਰ ਅਤੀ ਜ਼ਰੂਰੀ ਹੈ। ਨੱਕ ਵਿਚਲੇ ਵਾਲ, ਸਾਹ ਰਾਹੀਂ ਅੰਦਰ ਜਾਣ ਵਾਲੀ ਹਵਾ ਨੂੰ ਪੁਣ-ਛਾਣਕੇ ਅੰਦਰ ਜਾਣ ਦਿੰਦੇ ਹਨ। ਇਸ ਤਰ੍ਹਾਂ ਇਹ ਇਕ ਫਿਲਟਰ ਵਾਂਗ ਸਰੀਰਕ ਮਸ਼ੀਨਰੀ ਲਈ ਸਹਾਇਕ ਸਿੱਧ ਹੁੰਦੇ ਹਨ। ਨਵੀਂ ਖੋਜ ਅਨੁਸਾਰ ਇਹ ਰੋਮ ਫਲੂ, ਤਪਦਿਕ, ਦਮੇਂ ਅਤੇ ਛੂਤ-ਛਾਤ ਦੀਆਂ ਭਿਆਨਕ ਬਿਮਾਰੀਆਂ ਤੋਂ ਬਚਾ ਕੇ ਰੱਖਦੇ ਹਨ ਕਿਉਂਕਿ ਜਰਮਾਂ ਨੂੰ ਰਸਤੇ ਵਿਚ ਰੋਕ ਲੈਂਦੇ ਹਨ।

ਕੇਸਾਂ ਬਾਰੇ ਕੁਝ ਜ਼ਰੂਰੀ ਵਿਚਾਰਾਂ

ਜੋ ਵੀ ਸਿਆਣਾ ਮਨੁੱਖ ਹੈ ਉਹ ਹਰ ਚੀਜ਼ ਦਾ ਕਾਰਨ ਲੱਭਦਾ ਹੈ ਇਹ ਚੀਜ਼ ਕਦੋਂ, ਕਿਵੇਂ ਤੇ ਕਿਉਂ ਬਣੀ ਅਤੇ ਇਸ ਦਾ ਫਾਇਦਾ ਕੀ ਹੈ? ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਤੋਂ ਮਗਰੋਂ ਜਦ ਅੰਗਰੇਜ਼ਾਂ ਦਾ ਰਾਜ ਆ ਗਿਆ ਤਾਂ ਉਹਨਾਂ ਨੇ ਵਿਚਾਰ ਕੀਤੀ ਕਿ ਸਿੱਖ ਏਨੇ ਬਹਾਦਰ ਕਿਉਂ ਹਨ? ਸਿੱਖਾਂ ਦੇ ਰਸਮੋਂ-ਰਿਵਾਜ ਦੇਖ ਕੇ ਪਤਾ ਲੱਗਾ ਕਿ ਇਨ੍ਹਾਂ ਦੀ ਬਹਾਦਰੀ ਦਾ ਕਾਰਨ ਅੰਮ੍ਰਿਤ ਛਕਣਾ, ਪੰਜਾਂ ਕਕਾਰਾਂ ਦੇ ਧਾਰਨੀ ਹੋਣਾ, ਰਹਿਤ ਵਿਚ ਪ੍ਰਪੱਕ ਹੋਣਾ ਤੇ ਕੁਰਹਿਤਾਂ ਤੋਂ ਬਚਣਾ ਹੈ। ਅੰਗਰੇਜ਼ਾਂ ਨੇ ਸਿੱਖਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਇਹ ਸੋਚਦਿਆਂ ਕਿ ਜੋ ਆਪਣੇ ਗੁਰੂ ਦਾ ਵਫ਼ਾਦਾਰ ਨਹੀਂ ਉਹ ਹੋਰ ਕਿਸੇ ਦਾ ਵਫ਼ਾਦਾਰ ਕਿਵੇਂ ਹੋ ਸਕਦਾ ਹੈ? ਫ਼ੌਜ ਵਿਚ ਸਿੱਖਾਂ ਵਾਸਤੇ ਅੰਗਰੇਜ਼ ਅਫਸਰਾਂ ਨੇ ੧੯ ਮਾਰਚ ੧੮੫੫ ਈ: ਨੂੰ ਇਹ ਹੁਕਮ ਜਾਰੀ ਕਰ ਦਿਤਾ ਕਿ ਹਰ ਸਿੱਖ ਸਿਪਾਹੀ ਖੰਡੇ ਦਾ ਅੰਮ੍ਰਿਤ ਛਕੇ, ਸਿੰਘ ਬਣੇ, ਰਹਿਤ ਵਿਚ ਪ੍ਰਪੱਕ ਰਵ੍ਹੇ। ਕੁਰਹਿਤ ਕਰਨ ਵਾਲੇ ਨੂੰ ਸਜ਼ਾ ਦੇ ਤੌਰ ਤੇ ਕੋਰਟ ਮਾਰਸ਼ਲ ਕੀਤਾ ਜਾਵੇਗਾ। ਇਸੇ ਕਾਰਨ ਸਿੰਘਾਂ ਨੇ ਅੰਗਰੇਜ਼ਾਂ ਦਾ ਵੱਡੀਆਂ ਲੜਾਈਆਂ ਵਿਚ ਅੱਗੇ ਹੋ ਕੇ ਸਾਥ ਦਿੱਤਾ। ਕਾਣੇ ਅੰਗਰੇਜ਼ਾਂ ਨੂੰ ਸਿੱਖੀ ਨਾਲ ਕੋਈ ਹਿਤ ਨਹੀਂ ਸੀ ਪਰ ਉਹਨਾਂ ਆਪਣੇ ਨਿੱਜੀ ਸੁਆਰਥ ਕਾਰਨ ਸਿੱਖੀ ਮਰਯਾਦਾ ਨੂੰ ਪ੍ਰਫੁੱਲਤ ਰੱਖਿਆ।

ਕੇਸਾਂ ਦੇ ਲਾਭ

(੧) ਜਿਵੇਂ ਬਰਫ਼ ਨੂੰ ਖੁਰਨ ਤੋਂ ਬਚਾਉਣ ਵਾਸਤੇ ਉਸ ਨੂੰ ਤੂੜੀ, ਬੋਰੀ ਜਾਂ ਮੋਟੇ ਗਰਮ ਕਪੜਿਆਂ ਵਿਚ ਲਪੇਟ ਕੇ ਰੱਖਣਾ ਜ਼ਰੂਰੀ ਹੈ। ਏਸੇ ਤਰ੍ਹਾਂ ਠੰਢ ਤੋਂ ਬਚਾਉਣ ਵਾਸਤੇ ਵੀ ਗਰਮ ਕਪੜੇ ਦੀ ਲੋੜ ਜ਼ਰੂਰੀ ਹੈ। ਸਿਰ ਦੀ ਖੋਪੜੀ ਅੰਦਰ ਪਏ ਹੋਏ ਨਰਮ ਦਿਮਾਗ਼ ਦੀ ਹਿਫਾਜ਼ਤ ਵਾਸਤੇ ਕੁਦਰਤ ਨੇ ਕੇਸਾਂ ਰੂਪੀ ਐਸਾ ਪਰਦਾ ਬਖ਼ਸ਼ਿਆ ਹੈ ਜੋ ਕਿ ਸਰਦੀ ਤੇ ਗਰਮੀ ਤੋਂ ਹਰ ਸਮੇਂ ਦਿਮਾਗ਼ ਦੀ ਰਾਖੀ ਕਰਦਾ ਹੈ। ਦਸਤਾਰ ਇਸ ਦੀ ਮਦਦ ਕਰਨ ਵਿਚ ਹੋਰ ਵੀ ਸਹਾਈ ਹੁੰਦੀ ਹੈ।

(੨) ਸਿਹ ਜੋ ਸੂਖਮ ਅੰਗ ਹੈ। ਮੀਂਹ, ਹਨੇਰੀ, ਝੱਖੜ, ਗਰਮੀ, ਸਰਦੀ ਤੋਂ ਕੇਸ ਬਚਤ ਕਰਦੇ ਹਨ। ਢਾਲ ਦੀ ਨਿਆਈਂ ਹਨ, ਭਾਵੇਂ ਹਥਿਆਰ ਕਿੰਨਾ ਵੀ ਤੇਜ਼ ਕਿਉਂ ਨਾ ਹੋਵੇ ਕੇਸਾਂ ਦੀ ਮੋਟੀ ਤਹਿ ਅਤੇ ਦਸਤਾਰ ਹਥਿਆਰ ਦੇ ਵਾਰ ਨੂੰ ਸਿਰ ਤੱਕ ਪਹੁੰਚਣ ਤੋਂ ਰੋਕਦੇ ਹਨ। ਇਹ ਕੁਦਰਤ ਨੇ ਢਾਲ ਬਖ਼ਸ਼ੀ ਹੈ ਜੋ ਹਰ ਸਮੇਂ ਰੱਖਿਆ ਕਰਦੀ ਹੈ।

(੩) ਜਿਵੇਂ ਸਰੀਰ ਦੇ ਅਹਾਰ ਵਾਸਤੇ ਹੋਰ ਜ਼ਰੂਰੀ ਤੱਤਾਂ ਦੀ ਲੋੜ ਹੈ। ਉਹਨਾਂ ਵਿਚੋਂ ਵਿਟਾਮਿਨ 'ਡੀ' ਬਹੁਤ ਜ਼ਰੂਰੀ ਹੈ ਜੋ ਸਰੀਰਕ ਤਾਕਤ ਵਾਸਤੇ ਲਾਭਦਾਇਕ ਹੈ ਇਹ ਵਿਟਾਮਿਨ 'ਡੀ' ਸੂਰਜ ਦੁਆਰਾ ਰੋਮਾਂ ਵਿਚ ਬਣਕੇ ਖ਼ੂਨ ਵਿਚ ਪੁੱਜਦਾ ਹੈ। ਸਰੀਰਕ ਤਾਕਤ ਵਿਚ ਸਹਾਈ ਹੁੰਦਾ ਹੈ। ਇਸ ਰਸਾਇਣਕ ਪਦਾਰਥ ਬਿਨਾਂ ਸਰੀਰ ਦੇ ਅੰਗਾਂ ਦਾ ਵਾਧਾ ਰੁਕ ਜਾਂਦਾ ਹੈ। ਰੋਮਾਂ ਦੀ ਬੇਅਦਬੀ ਕਰਨ ਵਾਲੇ ਇਸ ਕੁਦਰਤੀ ਖ਼ਜ਼ਾਨੇ ਨੂੰ ਨਾ ਪ੍ਰਵਾਨਦੇ ਹੋਏ ਬਾਰ ਬਾਰ ਠੁਕਰਾਉਂਦੇ ਹਨ ਜੋ ਅਨੇਕਾਂ ਯਤਨ ਕਰਨ ਅਤੇ ਰੁਪੈ ਖਰਚ ਕਰਨ ਤੇ ਵੀ ਪ੍ਰਾਪਤ ਨਹੀਂ ਹੋ ਸਕਦੇ।

(੪) ਭਰਵੱਟੇ ਮੁੜ੍ਹਕੇ ਆਦਿ ਨੂੰ ਅੱਖਾਂ ਵਿਚ ਨਹੀਂ ਪੈਣ ਦਿੰਦੇ। ਜਿਵੇਂ ਬੂਹੇ ਬਾਰੀਆਂ ਅਤੇ ਰੋਸ਼ਨਦਾਨਾਂ ਉੱਪਰ ਅਸੀਂ ਵਾਧੇ ਵਧਾ ਕੇ ਧੁੱਪ ਤੇ ਬਾਰਸ਼ ਤੋਂ ਬਚਾਉਂਦੇ ਹਾਂ ਇਸੇ ਤਰ੍ਹਾਂ ਭਰਵੱਟੇ ਅੱਖਾਂ ਬਚਾਉਣ ਵਾਸਤੇ ਢੱਕਣ ਦਾ ਕੰਮ ਕਰਦੇ ਹਨ।

(੫) ਝਿਮਣੀਆਂ ਅੱਖਾਂ ਵਿਚ ਮਿੱਟੀ ਦੇ ਕਣ, ਧੂੜ, ਗਰਦਾ, ਕੱਖ ਅਤੇ ਨਿੱਕੇ ਜੀਵ ਆਦਿ ਪੈਣ ਤੋਂ ਬਚਾਉਂਦੀਆਂ ਹਨ।

ਇਸ ਤਰ੍ਹਾਂ ਸ੍ਰੀ ਰਾਮਚੰਦਰ ਜੀ ਨੇ ਆਖਿਆ ਕਿ ਬ੍ਰਹਮਣ ਨੂੰ ਮਾਰਨਾ ਠੀਕ ਨਹੀਂ ਇਸ ਦੇ ਕੇਸ ਕੱਟ ਦਿੱਤੇ ਜਾਣ ਜ ਕਿ ਮੱਤ ਨਾਲੋਂ ਵੀ ਵੱਧ ਸਜ਼ਾ ਸਮਝੀ ਗਈ।

ਛੱਤਰੀਆਂ ਵਿਚ ਕੇਸ ਕਟਾਉਣ ਦਾ ਇਹ ਵੀ ਕਾਰਨ ਹੈ :-

ਜਦੋਂ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੇ ਸਸਪਾਲ ਨਾਲ ਜੰਗ ਕਰਕੇ ਰੁਕਮਣੀ ਨੂੰ ਵਿਆਹ ਲਿਆਂਦਾ ਅਤੇ ਉਸ ਦੇ ਭਰਾ ਰੁਕਮੱਈਏ ਦੇ ਵਿਰੋਧ ਕਰਨ ਤੇ ਜਦ ਕ੍ਰਿਸ਼ਨ ਭਗਵਾਨ ਉਸ ਦਾ ਸਿਰ ਕੱਟਣ ਲੱਗੇ ਤਾਂ ਰੁਕਮਣੀ ਦੀ ਬੇਨਤੀ ਕਰਨ ਤੇ ਉਸ ਦਾ ਜੂੜਾ (ਕੇਸ) ਕੱਟ ਕੇ ਛੱਡ ਦਿੱਤਾ। ਭਾਵ ਕੇਸ ਉਤਾਰਨਾ ਹੀ ਸੀਸ ਕੱਟਣੇ ਦੀ ਸਜ਼ਾ ਦੇ ਬਰਾਬਰ ਸੀ। ਜਿਸ ਤੇ ਕ੍ਰਿਸ਼ਨ ਜੀ ਦੇ ਭਰਾ ਬਲਭੱਦਰ ਜੀ ਨੇ ਰੁਕਮੱਈਏ ਦੇ ਕੇਸ ਕੱਟਣ ਤੇ ਬੜਾ ਪਸਚਾਤਾਪ ਕੀਤਾ ਅਤੇ ਕਿਹਾ ਕਿ ਕ੍ਰਿਸ਼ਨ ਜੀ! ਤੁਸੀਂ ਘਾਟੇ ਵਾਲਾ ਕੰਮ ਕੀਤਾ ਹੈ ਇਹ ਸੂਰਮਾ ਸੀ, ਕੇਸ ਕੱਟਣ ਦੀ ਬਜਾਏ ਇਸ ਦਾ ਸੀਸ ਕੱਟ ਦਿੰਦੇ। ਦਸਮ ਗ੍ਰੰਥ ਵਿਚ ਦਸਵੇਂ ਪਾਤਸ਼ਾਹ ਜੀ ਨੇ ਵੀ ਇਸ ਕਾਂਡ ਨੂੰ ਇਸੇ ਤਰ੍ਹਾਂ ਦਰਸਾਇਆ ਹੈ :-

ਬਲਭਦ੍ਰ ਬਾਚ ॥ ਦੋਹਰਾ ॥

'ਭ੍ਰਾਤ ਤ੍ਰੀਆ ਕੋ ਰਨ ਬਿਖੈ ਕਾਨ੍ਹ ਜੀਤ ਜੋ ਲੀਨ॥
ਸੀਸ ਮੂੰਡ ਤਾ ਕੋ ਦਯੋ ਕਹਯੋ ਕਾਜ ਘਟ ਕੀਨ ॥੨੦੦੬॥'(ਦਸਮ ਪੋਥੀ)

ਭਗਵਤ ਪੁਰਾਣ ਦੇ ਪਹਿਲੇ ਸਕੰਧ ਵਿਚ ਇਹ ਸਾਖੀ ਹੈ ਕਿ ਜਿਸ ਵੇਲੇ ਅਰਜੁਨ, ਅਸਵਥਾਮਾ ਦਾ ਸੀਸ ਉਤਾਰਨ ਲੱਗਾ ਤਾਂ ਕ੍ਰਿਸ਼ਨ ਜੀ ਨੇ ਬ੍ਰਹਮ ਹੱਤਿਆ ਦਾ ਪਾਪ ਲੱਗਣ ਕਰਕੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਅਤੇ ਸੀਸ ਕੱਟਣ ਦੀ ਬਜਾਏ ਕੇਸ ਕਟਵਾ ਦਿੱਤੇ। ਇਹੋ ਮਸ਼ਵਰਾ ਯੁਧਿਸ਼ਟਰ ਨੇ ਦਿੱਤਾ।

ਮਹਾਂ ਭਾਰਤ ਵਿਚ ਦੱਸਿਆ ਹੈ ਕਿ ਸੋਮਰਾਜ ਨੇ ਦੇਵਤਿਆਂ ਦੇ ਆਚਾਰੀਯ ਬ੍ਰਹਸਪਤੀ ਦੀ ਘਰ ਵਾਲੀ ਤਾਰਾ ਨੂੰ ਕੱਢ ਕੇ ਘਰ ਵਸਾ ਲਿਆ ਇਸ ਗਲਤੀ ਕਾਰਨ ਦੇਵਤਿਆਂ ਨੇ ਉਸ ਨੂੰ ਕੇਸ ਮੁੰਡਨ ਦੀ ਸਜ਼ਾ ਦਿੱਤੀ।

ਮਹਾਂ ਭਾਰਤ ਵਿਚ ਜ਼ਿਕਰ ਹੈ ਕਿ ਉਤਮਾ ਨਾਮੀ ਬ੍ਰਹਮਣ ਦੀ ਇਸਤ੍ਰੀ ਭੱਦਰਾਂ ਨਾਲ ਜਦੋਂ ਵਰਨਦੇਵ ਨੇ ਇਹ ਖੋਟਾ ਕੁਕਰਮ ਕੀਤਾ ਤਾਂ ਉਸ ਦੇ ਵੀ ਪਾਪ ਕਰਨ ਦੇ ਦੰਡ ਵਜੋਂ ਕੇਸ ਕਤਲ ਕੀਤੇ ਗਏ।

ਨੇ ਪ੍ਰਗਟ ਹੋ ਕੇ ਵਿਸ਼ਨੂੰ ਜੀ ਨੂੰ ਅਰਹੰਤ ਦਾ ਅਵਤਾਰ ਧਾਰ ਕੇ ਦੈਂਤਾਂ ਦਾ ਨਾਸ ਕਰਨ ਲਈ ਕਿਹਾ।

'ਧਰ ਅਰਹੰਤ ਦੇਵ ਕੋ ਰੂਪਾ ॥ ਨਾਸ ਕਰੋ ਅਸੁਰਨ ਕੇ ਭੂਪਾ ॥੭॥'

ਤਾਂ ਵਿਸ਼ਨੂੰ ਜੀ ਨੇ ਅਰਹੰਤ ਦਾ ਅਵਤਾਰ ਧਾਰਿਆ ਅਤੇ ਵੇਦਾਂ ਦੀ ਰੀਤੀ ਦੇ ਉਲਟ ਦੈਂਤਾਂ ਵਿਚ ਪ੍ਰਚਾਰ ਅਰੰਭਿਆ ਜਿਸ ਵਿਚ ਉਨ੍ਹਾਂ ਦੇ ਕੇਸ ਕਤਲ ਕਰਕੇ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕੀਤਾ। ਕਿਉਂਕਿ ਵੇਦ ਮੰਤ੍ਰ ਤਦ ਹੀ ਫਲੀ ਭੂਤ ਹੁੰਦਾ ਹੈ ਜੇ ਮੰਤ੍ਰ ਪੜ੍ਹਨ ਵਾਲਾ ਸਾਬਤ ਸੂਰਤ ਹੋਵੇ ਭਾਵ ਸਰੀਰ ਦੇ ਕਿਸੇ ਅੰਗ ਤੋਂ ਰੋਮ ਨਾ ਲੁਹਾਏ ਹੋਣ ਨਹੀਂ ਤਾਂ ਮੰਤ੍ਰ ਦਾ ਜਾਪ ਉਲਟ ਅਸਰ ਕਰਦਾ ਹੈ।

'ਸਭਹੂੰ ਹਾਥ ਮੋਚਨਾ ਦੀਏ ॥ ਸਿਖਾ ਹੀਣ ਦਾਨਵ ਬਹੁ ਕੀਏ ॥
ਸਿਖਾ ਹੀਣ ਕੋਈ ਮੰਤ੍ਰ ਨ ਫੁਰੈ ॥ ਜੋ ਕੋਈ ਜਪੈ ਉਲਟ ਤਿਹ ਪਰੈ ॥੧੦॥'
(ਦਸਮ ੧੮੩)

ਇਸ ਤੋਂ ਹੀ ਸਰੇਵੜਿਆਂ ਦਾ ਮੱਤ ਸੰਸਾਰ ਵਿਚ ਪ੍ਰਗਟ ਹੋਇਆ ਜਿਸ ਵਿਚ ਕੇਸਾਂ ਨੂੰ ਪੁੱਟਣ, ਸੁਆਹ ਆਦਿ ਨਾਲ ਬਿਅਦਬੀ ਕਰਨ ਦੀ ਖੋਟੀ ਰੀਤੀ ਪ੍ਰਚਲਤ ਹੋਈ।

ਗ੍ਰੰਥਾਂ ਵਿਚ ਇਸ ਮੁੰਡਨ ਸੰਸਕਾਰ ਦੀ ਪੂਰਨ ਹਮਾਇਤ ਕੀਤੀ ਤਾਂ ਕਿ ਇਸ ਢਹਿੰਦੀ ਕਲਾ ਦੇ ਪੱਖ ਤੇ ਪਰਦਾ ਪਾਇਆ ਜਾ ਸਕੇ।

ਰਮਾਇਣ ਦੇ ਪ੍ਰਸੰਗ ਅਨੁਸਾਰ ਬ੍ਰਹਮਣ ਪਰਸਰਾਮ ਦੇ ਪਿਤਾ ਜਗਦਮਨੀ ਰਿਖੀ ਨੂੰ ਸਹੰਸਰ ਬਾਹੂ ਛੱਤਰੀ ਨੇ ਕਤਲ ਕਰ ਦਿੱਤਾ। ਪਰਸਰਾਮ ਨੇ ਪਿਤਾ ਦੇ ਬਦਲੇ ਦੀ ਭਾਵਨਾਂ ਵਿਚ ਸਾਰੇ ਛੱਤਰੀਆਂ ਦਾ ਬੀਜ ਨਾਸ ਕਰਨ ਦਾ ਪ੍ਰਣ ਕਰ ਲਿਆ ਅਤੇ ਮਵਾ ਮਣ ਦਾ ਕੁਹਾੜਾ ਲੈ ਕੇ ਜਿਥੇ ਕਿਸੇ ਛੱਤਰੀ ਨੂੰ ਦੇਖਦਾ ਮਾਰ ਦਿੰਦਾ। ਬਹੁਤੇ ਛੱਤਰੀਆਂ ਨੇ ਆਪਣੀਆਂ ਜਾਨਾਂ ਬਚਾਉਣ ਖ਼ਾਤਰ ਕੇਸ ਕਟਾਉਣੇ ਸ਼ੁਰੂ ਕਰ ਦਿੱਤੇ ਅਤੇ ਇਕ ਬੋਦੀ ਰੱਖਣ ਲੱਗ ਪਏ। ਪਰਸਰਾਮ ਜਦ ਸ੍ਰੀ ਰਾਮਚੰਦਰ ਜੀ ਤੇ ਲਛਮਣ ਨੂੰ ਮਾਰਨ ਲੱਗਾ ਤਾਂ ਸ੍ਰੀ ਰਾਮਚੰਦਰ ਜੀ ਤੋਂ ਲਛਮਣ ਨੇ ਆਗਿਆ ਮੰਗੀ ਕਿ :-

'ਕਹੋ ਬਾਂਧ ਡਾਰੋਂ, ਕਹੋ ਦੇਸ ਦੇ ਨਿਕਾਰੋ,
ਕਾਹੋ ਬਾਰਧ ਉਤਾਰੋ, ਕਹੋ ਜੂਰਾ ਕਾਟ ਲੀਜੀਏ।'

ਹੁਕਮ ਅਦੂਲੀ ਹੈ :–

'ਜਟਾ ਮੁਕਟੁ ਤਨਿ ਭਸਮ ਲਗਾਈ, ਬਸਤ੍ਰ ਛੋਡਿ ਤਨਿ ਨਗਨੁ ਭਇਆ ॥'

'ਰਾਮ ਨਾਮ ਬਿਨੁ ਸਾਂਤਿ ਨ ਆਵੈ, ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥'

(੧੧੨੭)

'ਕਰ ਮੋ ਨਖ ਸਿਰ ਜਟਾ ਸਵਾਰੀ ॥ ਪ੍ਰਭੁ ਕੀ ਕ੍ਰਿਆ ਕਛੂ ਨ ਬਿਹਾਰੀ ॥੨੨॥'

(ਦਸਮ ੫੬)

'ਜਟਾ ਨ ਸੀਸ ਧਾਰਿਹੋ ॥ ਨ ਮੁੰਦ੍ਰਕਾ ਸੁ ਧਾਰਿਹੋ ॥' (ਦਸਮ ੫੭)

ਪਹਿਲੇ ਪਹਿਲ ਕਰਮਯੋਗੀ ਸੰਸਾਰੀ ਜੀਵਨ ਨੂੰ ਤਿਆਗ ਕੇ ਸੰਨਿਆਸੀ ਬਣਦੇ ਤੇ ਮੁੰਡਨ ਕਰਾਉਂਦੇ ਸਨ। ਏਸੇ ਤਰ੍ਹਾਂ ਜੋਨਾਂ ਤੇ ਬੋਧੀ ਕਰਦੇ ਸਨ। ਇਸ ਤੋਂ ਬਿਨਾਂ ਮਾਪਿਆਂ ਦੀ ਮੌਤ ਤੇ ਮੁੰਡਨ ਦਾ ਰਿਵਾਜ ਸੀ ਜੋ ਕਿ ਸੋਗ ਦੀ ਰਸਮ ਨੂੰ ਪ੍ਰਗਟ ਕਰਦਾ ਸੀ ਇਸੇ ਤਰ੍ਹਾਂ ਮੌਨਿਆਂ ਤੇ ਰੋਡਿਆਂ ਦੀ ਗਿਣਤੀ ਵਧਦੀ ਗਈ। ਫਿਰ ਭਾਰਤ ਵਿਚ ਮੁਸਲਮਾਨ ਹਮਲਾਵਰ ਆਏ ਜੋ ਕੇਸ ਤੇ ਦਾੜ੍ਹੀ ਰੱਖਣਾ ਆਪਣਾ ਗੌਰਵ ਸਮਝਦੇ ਸਨ। ਉਹਨਾਂ ਹਿੰਦੂਆਂ ਨੂੰ ਦਾੜ੍ਹੀ ਤੇ ਕੇਸ ਮੁੰਨਣ ਲਈ ਮਜਬੂਰ ਕੀਤਾ। ਮਗਰੋਂ ਫ਼ੈਸ਼ਨ ਦੇ ਰੂਪ ਵਿਚ ਉਹਨਾਂ ਨੇ ਰਿਵਾਜ਼ ਹੀ ਬਣਾ ਲਿਆ, ਜੋ ਅੱਜ ਕੱਲ੍ਹ ਵੀ ਉਨ੍ਹਾਂ ਵਿਚ ਪ੍ਰਚੱਲਤ ਹੈ।

ਪਰ ਗੁਰਸਿੱਖ ਅਣਖ, ਗੈਰਤ, ਗੌਰਵਤਾ ਅਤੇ ਬਹਾਦਰੀ ਵਾਲੇ ਸੂਰਮੇਂ ਕਦੇ ਕੇਸ ਦਾੜ੍ਹਾ ਨਹੀਂ ਮੁਨੌਂਦੇ।

ਇਕ ਵਾਰ ਦੇਵਤਿਆਂ ਦੇ ਤੇਜ ਪ੍ਰਤਾਪ ਨੂੰ ਵਧਦਿਆਂ ਵੇਖ ਕੇ ਦੈਂਤਾਂ ਦੇ ਮਨ ਵਿਚ ਈਰਖਾ ਪੈਦਾ ਹੋਈ ਅਤੇ ਉਹਨਾਂ ਨੇ ਆਪਣੇ ਗੁਰੂ ਪਾਸ ਬੇਨਤੀ ਕੀਤੀ ਕਿ ਸਾਨੂੰ ਐਸਾ ਉਪਾਅ ਦੱਸੋ ਜਿਸ ਨਾਲ ਸਾਡਾ ਤੇਜ ਪ੍ਰਤਾਪ ਦੇਵਤਿਆਂ ਨਾਲੋਂ ਵਧੇ। ਤਾਂ ਉਹਨਾਂ ਦੇ ਗੁਰੂ ਨੇ ਵੇਦ ਮਰਯਾਦਾ ਅਨੁਸਾਰ ਯੱਗ ਕਰਨ ਦੀ ਸਲਾਹ ਦਿੱਤੀ।

'ਤੁਮਹੂੰ ਕਰੋ ਜੱਗ ਆਰੰਭਨ ॥ ਬਿਜੈ ਹੋਇ ਤੁਮਰੀ ਤਾ ਤੇ ਰਣ ॥'

ਦੈਂਤਾਂ ਦੇ ਜੱਗ ਕਰਨ ਤੇ ਦੇਵਤਿਆਂ ਨੂੰ ਆਪਣੀ ਪ੍ਰਭਤਾ ਤੇ ਜਾਨ ਦਾ ਖਤਰਾ ਕਾਸਣ ਲੱਗਾ ਅਤੇ ਉਹਨਾਂ ਨੇ ਵਿਸ਼ਨੂੰ ਪਾਸ ਹੱਥ ਜੋੜ ਕੇ ਬੇਨਤੀ ਕੀਤੀ ਤੇ ਕਿਹਾ ਕਿ ਆਪ ਕ੍ਰਿਪਾ ਕਰਕੇ ਸਾਨੂੰ ਇਸ ਔਕੜ ਤੋਂ ਬਚਾਓ। ਵਿਸ਼ਨੂੰ ਜੀ ਨੇ ਅਕਾਲ ਪੁਰਖ ਦੀ ਅਰਾਧਨਾ ਕੀਤੀ ਤਾਂ ਭਗਵਾਨ

ਕੇਸ ਮੁੰਡਨ ਦਾ ਰਿਵਾਜ

ਮਹਾਂ ਭਾਰਤ ਦੇ ਇਤਿਹਾਸ ਤੋਂ ਕਾਫੀ ਸਮਾਂ ਪਿਛੋਂ ਰਾਜਾ ਨੰਦ ਨਾਮ ਦਾ ਇਕ ਸੂਦਰ ਰਾਜਾ ਹੋਇਆ । ਜਿਸ ਨੇ ਕਈ ਖੱਤਰੀ ਰਾਜਿਆਂ ਨੂੰ ਹਰਾ ਕੇ ਅਧੀਨ ਕੀਤਾ ਅਤੇ ਦੇਸ਼-ਨਿਕਾਲੇ ਦਿੱਤੇ । ਤੰਗ ਆ ਕੇ ਉਨ੍ਹਾਂ ਰਾਜਿਆਂ ਨੇ ਰਾਜਾ ਨੰਦ ਦਾ ਰਾਜ ਭਾਗ ਤੇ ਮਾਨਦਾਨ ਨਸ਼ਟ ਕਰਨ ਵਾਸਤੇ ਬ੍ਰਾਹਮਣਾਂ ਨੂੰ ਲਾਲਚ ਦੇ ਕੇ ਬਰਨੀਆਂ ਕਰਾਉਣ ਦਾ ਯਤਨ ਕੀਤਾ । ਜਦੋਂ ਰਾਜਾ ਨੰਦ ਨੂੰ ਪਤਾ ਲੱਗਾ :

'ਬਿਪ੍ਰਨ ਤੇ ਬਰਨੀ ਕਰਵਾਏ । ਮੇਰੇ ਰਾਜ ਦੇਹ ਬਿਨਸਾਏ ।
ਦੂਰ ਦੂਰ ਮੰਤਰ ਜਾਪ ਦਿਜ ਕਰੈ । ਮੌਤ ਰਾਜ ਤੇਜ ਸਭ ਹਰੈ ।'

ਤਾਂ ਰਾਜੇ ਨੇ ਆਪਣੇ ਵਜ਼ੀਰਾਂ ਨੂੰ ਪੁੱਛਿਆ ਕਿ ਇਨ੍ਹਾਂ ਬ੍ਰਾਹਮਣਾਂ ਨੂੰ ਕਿਵੇਂ ਮਾਰਿਆ ਜਾਵੇ ? ਇਹ ਫੈਸਲਾ ਕੀਤਾ ਗਿਆ ਕਿ ਸਾਰੇ ਵਿਦਵਾਨ ਬ੍ਰਹਮਣਾਂ ਦਾ ਮੁੰਡਨ ਕੀਤਾ ਜਾਵੇ (ਕੇਸ ਕਟਾਏ ਜਾਣ) ਤਾਂ ਇਹ ਸ਼ਕਤੀ ਹੀਨ ਹੋ ਕੇ ਮਰ ਜਾਣਗੇ ।

'ਦਿਜਬਰ ਬਿਦਿਆ ਜਿੱਤ ਪ੍ਰਬੀਨਾ । ਸਭ ਕੋ ਕੀਜੈ ਕੇਸ ਬਹੀਨਾ ।
ਸੂਦਰ ਛਾਪ ਆਪਨੀ ਦੇਹੁ ਲਾਏ । ਮੁੰਡੇ ਸੀਸ ਮੰਤ੍ਰ ਨਿਫਲਾਏ ।
ਬਰਨੀ ਬਿਧ ਨ ਕਿਸ ਕੀ ਹੋਇ । ਅਨਿਕ ਉਪਾਵ ਕਰੇ ਜੇ ਕੋਇ ।'

ਰਾਜੇ ਨੇ ਇਹ ਸਲਾਹ ਪ੍ਰਵਾਨ ਕਰ ਲਈ ਅਤੇ ਦੱਛਣਾ ਦੇਣ ਦੇ ਬਹਾਨੇ ਸਾਰੇ ਮਹਾਨ ਪੰਡਿਤਾਂ ਨੂੰ ਸੱਦ ਲਿਆ ।

'ਸੁਣ ਮਹਿਪਤ ਕੇ ਮਨ ਮਹਿ ਭਾਈ । ਜਹਿੰ ਕਹਿੰ ਤੇ ਦਿਜ ਲੀਏ ਬੁਲਾਈ ।
ਨਿਜ ਬਲ ਕਰਕੇ ਸਿਰ ਮੁੰਡਾਏ । ਸਮਸ ਸਮੇਤ ਕੇਸ਼ ਬਿਨਸਾਏ ।'

ਇਸ ਤਰ੍ਹਾਂ ਸਾਰਿਆਂ ਦੇ ਕੇਸ ਮੁਨਵਾ ਦਿੱਤੇ ।

'ਕਵੀਅਨ ਤੇ ਸਲੋਕ ਬਨਵਾਏ । ਬਹੁ ਗ੍ਰੰਥ ਮਹਿ ਦੀਏ ਲਖਾਏ ।
ਸਭ ਜਗ ਮੂੰਡ ਭਏ ਬਿਪਰ ਜਬ । ਇਹ ਭੀ ਧਰਮ ਬਖਾਨਤ ਭਏ ਤਬ ।'

ਤਾਂ ਇਨ੍ਹਾਂ ਸਾਰਿਆਂ ਨੇ ਸਲਾਹ ਕਰਕੇ ਆਪਣੀ ਮਨ ਮਰਜ਼ੀ ਦੀ ਇਕ ਨਵੀਂ ਰਸਮ ਮੰਡਨ ਸੰਸਕਾਰ ਕਾਇਮ ਕੀਤੀ ।

ਜਿਵੇਂ ਕੇਸਾਂ ਨੂੰ ਕਟਾਉਣਾ ਪ੍ਰਮੇਸ਼ਰ ਦੇ ਹੁਕਮ ਦੀ ਉਲੰਘਣਾ ਹੈ ਇਵੇਂ ਹੀ ਕੇਸਾਂ ਦੀਆਂ ਜਟਾਂ ਆਦਿਕ ਬਣਾਉਣੀਆਂ ਵੀ ਵਾਹਿਗੁਰੂ ਦੀ

ਯਹੂਦੀਆਂ ਦੇ ਰਹਿਬਰ ਹਜ਼ਰਤ ਮੂਸਾ ਜੀ ਨੇ ਇਸਰਾਈਲੀਆਂ ਨੂੰ ਆਪਣੇ ਕੇਸ ਤੇ ਦਾੜ੍ਹੀ ਦੀ ਬੇਅਦਬੀ ਨਾ ਕਰਨ ਬਾਰੇ ਉਪਦੇਸ਼ ਦਿੱਤਾ।

ਇਨ੍ਹਾਂ ਗੱਲਾਂ ਤੋਂ ਸਿੱਧ ਹੁੰਦਾ ਹੈ ਕਿ ਈਸਾਈ ਮੱਤ ਜੋ ਕਿ ਆਪਣੀ ਧਾਰਮਿਕ ਪੁਸਤਕ ਬਾਈਬਲ ਤੇ ਅਤਿ ਸ਼ਰਧਾ ਕਰਦੇ ਹਨ, ਵਿਚ ਵੀ ਕੇਸਾਂ ਦੇ ਰੱਖਣ ਬਾਰੇ ਬਾਰ ਬਾਰ ਸੰਕੇਤ ਦਿੱਤਾ ਗਿਆ ਹੈ। ਇਸ ਲਈ ਕੇਸ ਰੱਖਣੇ ਬਹੁਤ ਜ਼ਰੂਰੀ ਹਨ। ਕਿਸੇ ਵੀ ਪ੍ਰਕਾਰ ਇਨ੍ਹਾਂ ਨੂੰ ਕਟਾਉਣਾ ਨਹੀਂ ਚਾਹੀਦਾ।

(ਹ) ਵਿਗਿਆਨ ਅਤੇ ਕੇਸ

ਅਮਰੀਕਾ ਦੇ ਮਨੋਵਿਗਿਆਨੀ ਪ੍ਰੋਫੈਸਰ ਰਾਬਰਟ ਪਿਲਗ੍ਰਿਨੀ ਨੇ ਲਿਖਿਆ ਹੈ ਕਿ ਜਿਤਨਾ ਕੋਈ ਸਾਬਤ ਸੂਰਤ ਰਵ੍ਹੇਗਾ ਉਤਨਾ ਹੀ ਮਰਦ, ਬਜ਼ੁਰਗ, ਦਰਸ਼ਨੀ, ਆਤਮ ਵਿਸ਼ਵਾਸ਼ੀ, ਸਾਹਸੀ, ਉਦਾਰ, ਅਡੋਲ ਅਤੇ ਮਿਹਨਤੀ ਹੋਵੇਗਾ। ਕੇਸ ਕੱਟਣ ਕਰਕੇ ਸਰੀਰ ਦੀ ਸ਼ਕਤੀ ਖੀਣ ਹੁੰਦੀ ਹੈ। ਕੇਸ ਸਰੀਰ ਵਿਚ ਕਾਫ਼ੀ ਡੂੰਘੇ ਹੁੰਦੇ ਹਨ ਜੋ ਮੂਲ ਢੀਆਂ ਸਰੀਕ ਨਾੜੀਆਂ ਤੋਂ ਸ਼ਕਤੀ ਤੇ ਸਮੱਗਰੀ ਲੈਂਦੇ ਰਹਿੰਦੇ ਹਨ।

ਕੇਸ ਸਰੀਰ ਦਾ ਅਨਿੱਖੜਵਾਂ ਅੰਗ ਹੈ। ਸਰਬ ਸਰੀਰਕ ਅੰਗਾਂ ਵਾਂਗ ਇਹਨਾਂ ਵਿਚ ਵੀ ਹੇਠ ਲਿਖੇ ਤੱਤ ਸਮਿਲਤ ਹਨ :-

ਨਾਈਟਰੋਜਨ-੧੭, ਹਾਈਡਰੋਜਨ-੬,
ਕਾਰਬਨ-੫੦, ਸਲਫਰ-੫,
ਔਕਸੀਜਨ-੨੮,

ਅਤੇ ਇਸ ਤੋਂ ਇਲਾਵਾ ਚੂਨਾ ਅਤੇ ਅਗਨੀ ਵੀ ਥੋੜ੍ਹੀ ਮਾਤ੍ਰਾ ਵਿਚ ਪਾਏ ਜਾਂਦੇ ਹਨ।

ਸਿੱਖ ਧਰਮ ਤੋਂ ਇਲਾਵਾ ਦੂਸਰੇ ਧਰਮਾਂ ਦੇ ਮਹਾਨ ਸਾਹਿਤਕਾਰ, ਮਹਾਨ ਸਿਆਸਤਦਾਨ, ਵਿਗਿਆਨਕ, ਬਹਾਦਰ, ਧਾਰਮਿਕ ਨੇਤਾ :- ਆਰਕੀਮੀਡੀਜ਼, ਜੁਲੀਅਸ ਸੀਜ਼ਰ, ਕੋਲੰਬਸ, ਇਬਰਾਹਿਮ ਲਿੰਕਨ, ਸੁਕਰਾਤ, ਫਰੈਂਕਲਿਨ, ਨਿਪੋਲੀਅਨ, ਸ਼ੈਕਸਪੀਅਰ, ਲੂਥਰ, ਲੂਈ ਪੈਸਚਰ, ਕਾਰਲ ਮਾਰਕਸ, ਵਾਲਟੇਅਰ, ਕਰੋਮਵਿਲ, ਐਡੀਸਨ ਆਦਿ ਸਾਰੇ ਕੇਸਾਧਾਰੀ ਹੋਏ ਹਨ।

(ਸ) ਈਸਾਈ ਮੱਤ ਅਤੇ ਕੇਸ

ਭਾਰਤੀ ਧਰਮ ਗ੍ਰੰਥਾਂ ਵਾਂਗ ਈਸਾਈ ਮੱਤ ਦੇ ਪੈਰੋਕਾਰਾਂ ਨੇ ਕੁਦਰਤ ਦਾ ਪਹਿਲਾ ਮਨੁੱਖ ਹਜ਼ਰਤ ਆਦਮ ਨੂੰ ਮੰਨਿਆ ਹੈ। ਬਾਈਬਲ ਵਿਚ ਉਸ ਦੀ ਫੋਟੋ ਦੇ ਕੇ ਲਿਖਿਆ ਹੈ ਕਿ ਪ੍ਰਮਾਤਮਾ ਨੇ ਹਜ਼ਰਤ ਆਦਮ ਨੂੰ ਆਪਣਾ ਖਾਸ ਰੂਪ ਬਖ਼ਸ਼ਿਆ, ਜਿਸ ਦਾ ਸਿੱਧਾ ਮਤਲਬ ਹੈ ਕਿ ਈਸਾਈ ਅਕਾਲ ਪੁਰਖ ਨੂੰ ਕੇਸਾਧਾਰੀ ਤਸਲੀਮ ਕਰਦੇ ਹਨ। ਈਸਾ ਨੂੰ ਸੂਲੀ ਚੜ੍ਹਾਉਣ ਸਮੇਂ ਜੋ ਸਰਕਾਰੀ ਡਾਇਰੀ ਉਪਲਬਧ (ਪ੍ਰਾਪਤ) ਹੈ, ਤੋਂ ਵੀ ਈਸਾ ਜੀ ਦਾ ਕੇਸਾਧਾਰੀ ਸਰੂਪ ਹੋਣਾ ਹੋਰ ਨਿਖਰਦਾ ਹੈ। ਈਸਾ ਜੀ ਦੇ ਸਿਰ ਤੇ ਲੰਮੇ ਕੇਸ ਅਤੇ ਸੰਘਣੀ ਦਾੜ੍ਹੀ ਦਾ ਜ਼ਿਕਰ ਵੀ ਇਸ ਵਿਚ ਮਿਲਦਾ ਹੈ।

ਬੁਖਾਰੀ ਨੇ ਕਿਤਾਬ 'ਬਦਾਅਲਖਲਕ' ਵਿਚ ਹਜ਼ਰਤ ਯਸੂਹ ਮਸੀਹ ਦੇ ਸੁੰਦਰ ਕੇਸਾਂ ਦੀ ਸਿਫਤ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੇ ਵਾਲ ਘੁੰਗਰਾਲੇ, ਛਾਤੀ ਚੌੜੀ ਅਤੇ ਰੰਗ ਸੁਰਖ ਲਾਲ ਸੀ।

ਇਸੇ ਤਰ੍ਹਾਂ ਹਜ਼ਰਤ ਮੁਹੰਮਦ ਸਾਹਿਬ ਸੁਪਨੇ ਰਾਹੀਂ ਦੇਖੇ ਗਏ ਈਸਾ ਜੀ ਦੀ ਸ਼ਕਲ ਸੂਰਤ ਬਿਆਨ ਕਰਦੇ ਹਨ ਕਿ ਮੇਰੇ ਲੋਕਾਂ ਕੋਲੋਂ ਪੁੱਛਣ ਤੇ ਉਨ੍ਹਾਂ ਉੱਤਰ ਦਿੱਤਾ : 'ਇਹ ਮਰੀਅਮ ਦਾ ਪੁੱਤਰ ਈਸਾ ਹੈ। ਜਿਸ ਦੇ ਮੋਢਿਆਂ ਉੱਤੇ ਸੁੰਦਰ ਲੰਮੇ ਤੇ ਸਿੱਧੇ ਵਾਲ ਲਟਕ ਰਹੇ ਸਨ।'

ਈਸਾਈ ਮੱਤ ਅਨੁਸਾਰ ਉਨ੍ਹਾਂ ਦੇ ਧਾਰਮਿਕ ਗ੍ਰੰਥ ਬਾਈਬਲ, ਜਿਸ ਨੂੰ ਕਿ ਉਹ ਅਸਮਾਨੀ ਕਿਤਾਬ ਸਿੱਧ ਕਰਦੇ ਹਨ, ਵਿਚ ਕਈ ਥਾਈਂ ਕੇਸਾਂ ਦੀ ਵਡਿਆਈ ਕੀਤੀ ਹੈ। ਬਾਈਬਲ ਦੇ ਜੱਜਿਜ਼ ਕਾਂਡ ੧੩-੧੬ ਵਿਚ ਜ਼ੋਰਹ ਦੇ ਰਹਿਣ ਵਾਲਾ ਸੈਮਸਨ ਜੋ ਕਿ ਬਹੁਤ ਤਾਕਤਵਰ ਸੂਰਮਾ ਸੀ—ਦਾ ਬਿਨਾਂ ਹਥਿਆਰਾਂ ਦੇ ਸ਼ੇਰ ਮਾਰਨ ਦਾ ਜ਼ਿਕਰ ਆਉਂਦਾ ਹੈ। ਜਿਸ ਨੇ ਖੋਤੇ ਦੀ ਹੱਡੀ ਨਾਲ ਤਕਰੀਬਨ ਇਕ ਹਜ਼ਾਰ ਆਦਮੀ ਦਾ ਖਾਤਮਾ ਕੀਤਾ। ਦੁਸ਼ਮਨਾਂ ਦੇ ਕਬਜ਼ੇ ਵਿਚ ਆ ਜਾਣ ਤੇ ਵੀ ਸੰਗਲ ਤੋੜ ਕੇ ਬਾਹਰ ਨਿਕਲ ਗਿਆ। ਇਸ ਦਾ ਪ੍ਰੇਮ ਇਕ ਦਲਾਇਲਾ ਨਾਮੀ ਔਰਤ ਨਾਲ ਸੀ, ਜਿਸ ਨੇ ਲਾਲਚ ਵਿਚ ਆ ਕੇ ਦੁਸ਼ਮਨਾਂ ਨੂੰ ਭੇਤ ਦੱਸ ਦਿੱਤਾ ਕਿ ਇਸ ਦੀ ਬਹਾਦਰੀ ਦਾ ਕਾਰਨ ਕੇਸ ਨਾ-ਮੁਨੇਂਡੇ ਹਨ। ਜਿਸ ਕਰਕੇ ਉਸ ਇਸਤ੍ਰੀ ਨੇ ਸੈਮਸਨ ਦੇ ਸੁੱਤੇ ਪਿਆਂ ਕੇਸ ਕੱਟ ਦਿੱਤੇ ਤਾਂ ਉਸ ਦੀ ਸਾਰੀ ਸ਼ਕਤੀ ਜਾਂਦੀ ਰਹੀ ਅਤੇ ਦੁਸ਼ਮਨਾਂ ਨੇ ਕੈਦ ਕਰਕੇ ਉਸ ਦੀਆਂ ਅੱਖਾਂ ਕੱਢ ਦਿੱਤੀਆਂ।

ਹੈ ਕਿ ਕੇਸ ਰੱਖਣ ਬਿਨਾਂ ਹੱਜ ਨਹੀਂ ਹੋ ਸਕਦਾ ਜਿਵੇਂ ਕਿ :-

'ਵਾਸਤਿਮੁਲ ਹਜ ਵਲ ਉਮਰਤਾ ਲਿਲਾਹਫਇਨ ਓਹਸਿਰ ਤੁਮਫੂਸਮ ਤੈਸਰਾ ਮਿਲਨ ਹਦਯੇ ਵਲਾ ਤਾਹਲੇ ਕੂ ਰੋਉਸਾ ਕੁਮ।

(ਸਿ: ਕ: ਸੂਰਤ ਬਕਰ, ਰਕੂ ੨੪ ਆਇਤ ੧੯੫)

ਅਰਥ :-ਪੂਰਨ ਕਰੋ ਹਜ ਨੂੰ ਤੇ ਉਮਰਾ ਨੂੰ ਵਾਸਤੇ ਅੱਲਾ ਦੇ ਪਾਸ! ਜੇ ਘੇਰੇ ਜਾਉ ਤੁਸੀਂ ਪਸ! ਜੋ ਕੁਝ ਪ੍ਰਾਪਤ ਹੋ ਸਕੇ ਕੁਰਬਾਨੀ ਤੋਂ, ਤੇ ਨਾ ਮੁਨਾਓ ਸਿਰਾਂ ਆਪਣਿਆਂ ਨੂੰ।

ਇਸ ਤੋਂ ਸਾਬਤ ਹੈ ਕਿ ਮੁਸਲਮਾਨਾਂ ਦੇ ਅਸਥਾਨਾਂ ਦੀ ਜ਼ਿਆਰਤ ਕੇਸਾਧਾਰੀ ਹੀ ਕਰ ਸਕਦਾ ਹੈ।

ਪੁਸਤਕ 'ਕਬਰੋਂ ਕੇ ਗੈਬੀ ਨਵਿਸਤੇ' ਵਿਚ ਖ਼ੂਾਜਾ ਹਸਨ ਨਿਜ਼ਾਮੀ 'ਦੇਹਲਵੀ' ਹਜ਼ਰਤ ਮੁਹੰਮਦ ਸਾਹਿਬ ਜੀ ਦੇ ਸਰੀਰਕ ਲਿਬਾਸ ਬਾਰੇ ਲਿਖਦੇ ਹਨ :-

'ਛੋਟਾ ਜਿਹਾ ਕੱਦ ਤੇ ਲੰਮੇ ਲੰਮੇ ਵਾਲ ਪੁਲ੍ਹੇ ਸਿਰ ਤੇ ਪਗੜੀ ਬੰਨ੍ਹੀ ਹੱਥ ਵਿਚ ਲੱਕੜੀ.....।'

ਜਿਸ ਤੋਂ ਪਤਾ ਲੱਗਦਾ ਹੈ ਕਿ ਮੁਹੰਮਦ ਸਾਹਿਬ ਕੇਸਾਂ ਦੇ ਸਤਿਕਾਰ ਵਾਸਤੇ ਦਸਤਾਰ ਵੀ ਸਜਾਉਂਦੇ ਰਹੇ ਹਨ।

ਮੁਹੰਮਦ ਸਾਹਿਬ ਦੇ ਕੇਸਾਧਾਰੀ ਹੋਣ ਦਾ ਪੱਕਾ ਸਬੂਤ ਅੱਜ ਕੱਲ੍ਹ ਵੀ ਕਸ਼ਮੀਰ ਵਿਚ ਪਏ ਮੁਹੰਮਦ ਸਾਹਿਬ ਦੇ ਕੇਸਾਂ ਤੋਂ ਮਿਲਦਾ ਹੈ। ਜਿਨ੍ਹਾਂ ਦੇ ਗੁੰਮ ਹੋ ਜਾਣ ਕਾਰਨ ਕੁਝ ਸਮਾਂ ਪਹਿਲਾਂ ਹਿੰਦ ਸਰਕਾਰ ਨੂੰ ਬਹੁਤ ਯਤਨਾਂ ਨਾਲ ਲੱਭਣੇ ਪਏ।

ਕੁਰਾਨ ਸ਼ਰੀਫ਼ ਵਿਚ ਕਈ ਥਾਵਾਂ ਤੇ ਕੇਸਾਂ ਦੀ ਕੀਰਤੀ ਕੀਤੀ ਗਈ ਹੈ। ਸੂਫੀ ਮੁਸਲਮਾਨਾਂ ਨੇ ਵੀ (ਭਾਵੇਂ ਉਹ ਸ਼ਰ੍ਹਾ-ਸ਼ਰਈਅਤ ਦੇ ਅਖਾਉਤੀ ਬੰਧਨਾਂ ਤੋਂ ਮੁਕਤ ਸਨ) ਖ਼ੁਦਾ ਦੀ ਸਾਬਤ ਸੂਰਤ ਨੂੰ ਬਰਕਰਾਰ ਰੱਖਿਆ। ਮੁਸਲਮਾਨੀ ਮਜ਼ਹਬ ਦਾ ਇਹ ਭਵਿਖਵਾਸੀ ਵਿਸ਼ਵਾਸ਼ (ਕਿ ਕਿਆਮਤ ਵਾਲੇ ਦਿਨ ਮੁਸਲਮਾਨ ਕੇਸਾਂ ਤੋਂ ਫੜ ਕੇ ਕਬਰਾਂ ਵਿਚੋਂ ਉਠਾਏ ਜਾਣਗੇ) ਵੀ ਅੰਤਮ ਸਵਾਸਾਂ ਤੱਕ ਕੇਸਾਧਾਰੀ ਰਹਿਣ ਦਾ ਵਿਸ਼ਵਾਸ਼ ਦੁਆਉਂਦਾ ਹੈ।

ਅਰਥ :–ਰਾਜਾ ਅਥਵਾ ਰਾਜਾ ਕਾ ਪੁੱਤਰ ਬ੍ਰਾਹਮਣ ਜਾਂ ਜਿਸ ਨੇ ਸ਼ਾਸਤ੍ਰ ਪੜ੍ਹੇ ਹੂਏ ਹੋਂ ਇਨਕੋ ਮੁੰਡਨ ਨਾ ਬਤਾ ਕਰ ਕੇਵਲ ਪ੍ਰਾਸ਼ਚਤ ਬਤਾ ਦੇ।

ਭਾਵ :–ਇਸ ਤੋਂ ਸਿੱਧ ਹੁੰਦਾ ਹੈ ਕਿ ਐਸ਼ਵਰਜਵਾਨ, ਪ੍ਰਤਾਪੀ ਤੇ ਵੇਦਾਂ ਦੇ ਗਯਾਤਾ ਮਨੁੱਖਾਂ ਦੇ ਲਈ ਕੇਸਾਂ ਦਾ ਰੱਖਣਾ ਜ਼ਰੂਰੀ ਹੈ ਤੇ ਇਨ੍ਹਾਂ ਨੂੰ ਆਪਣੇ ਕੇਸਾਂ ਦੀ ਰੱਖਿਆ ਜ਼ਰੂਰ ਕਰਨੀ ਚਾਹੀਦੀ ਹੈ।

ਏਸੇ ਤਰ੍ਹਾਂ ਪ੍ਰਾਸ਼ਰ ਸਿਮ੍ਰਤੀ ਅ: ੯ ਮੰਤ੍ਰ ਪੜ ਵਿਚ ਵੀ ਮੰਤ੍ਰ ਦੇ ਸਾਰੇ ਅੱਖਰ ਜਿਉਂ ਦੇ ਤਿਉਂ ਲਿਖੇ ਹਨ।

੧੦. ਗੋਤਮ ਸਿਮ੍ਰਤੀ

प्रकीर्ण केश..... (ਅ: ੧੦)

ਅਰਥ :–ਖੁਲ੍ਹੇ ਕੇਸੋਂ ਵਾਲੇ ਕੋ ਨਾ ਮਾਰੇ।

ਭਾਵ :–ਛੱਤਰੀਆਂ (ਫੌਜੀਆਂ) ਦੇ ਸਿਰ ਤੇ ਕੇਸ ਹੁੰਦੇ ਸਨ।

੧੧. ਮਾਨਵ ਧਰਮ ਸ਼ਾਸਤਰ

मार्गबासा : संहृतकेशो भैक्षाचार्य : वृत्तिः (ਮੰਤ੍ਰ ੨)

ਅਰਥ :–ਮਿਰਗ ਚਰਮ ਓੜ੍ਹੇ, ਸਭ ਕੇਸ ਰੱਖੇ, ਭਿੱਖਯਾ ਮੰਗ ਕੇ ਖਾਵੇ।

ਭਾਵ :–ਏਥੇ ਵੀ ਬਾਨਪ੍ਰਸਤੀ ਲਈ ਕੇਸਾਂ ਦਾ ਰੱਖਣਾ ਆਵੱਸ਼ਕ ਦੱਸਿਆ ਹੈ।

ਹਿੰਦੂ ਮੱਤ ਅਨੁਸਾਰ ਉਪਰੋਕਤ ਧਾਰਮਿਕ ਗ੍ਰੰਥਾਂ ਦੇ ਪ੍ਰਮਾਣਾਂ ਤੋਂ ਸਿੱਧ ਹੈ ਕਿ ਪ੍ਰਮੇਸ਼ਰ ਆਪ ਕੇਸਾਧਾਰੀ ਹੈ ਤੇ ਉਸ ਨੂੰ ਮਿਲਣ ਵਾਸਤੇ ਕੇਸ ਰੱਖਣੇ ਜ਼ਰੂਰੀ ਹਨ।

(ੲ) ਮੁਸਲਮਾਨੀ ਧਰਮ ਅਨੁਸਾਰ ਕੇਸ

ਮੁਸਲਮਾਨਾਂ ਵਿਚ ਬਾਬਾ ਆਦਮ ਤੋਂ ਲੈ ਕੇ ਇਬਰਾਹੀਮ, ਇਸਰਾਈਲ, ਖ਼੍ਵਾਜਾ ਖਿਜਰ, ਦਾਨੀਏਲ, ਯੂਸਫ਼, ਦਾਉਦ ਤੇ ਸੁਲੇਮਾਨ ਆਦਿ ਪੈਗੰਬਰਾਂ ਦੇ ਕੇਸਾਧਾਰੀ ਹੋਣ ਦੀਆਂ ਗਵਾਹੀਆਂ ਮਿਲਦੀਆਂ ਹਨ। ਹਜ਼ਰਤ ਮੁਹੰਮਦ ਸਾਹਿਬ ਨੇ ਕੇਸਾਂ ਦੀ ਮਹੱਤਤਾ ਨੂੰ ਇਥੋਂ ਤੱਕ ਦਰਸਾਇਆ

केशेषुगृह्णतोहस्तौ छेदयेदऽविचारयन् ॥
पादयोर्दाढिकायां च ग्रीवायांवृषणेषुच ॥ (ਅ: ੮ ਮੰ: ੨੮੩)

ਭਾਵ ਅਰਥ :-ਹੰਕਾਰ ਨਾਲ ਕੇਸਾਂ ਤੋਂ ਫੜਨ ਵਾਲਾ, ਜੋ ਕੇਸਾਂ ਦੀ ਬੇਅਦਬੀ ਕਰਦਾ ਹੈ ਉਸ ਦੇ ਬਿਨਾਂ ਕੁਝ ਸੋਚੇ ਸਮਝੇ ਦੋਵੇਂ ਹੱਥ ਕਟਵਾ ਦੇਵੇ ਜੇ ਸਰੀਰ ਦੇ ਕਿਸੇ ਹੋਰ ਅੰਗ ਤੋਂ ਫੜਦਾ ਤਾਂ ਵੀਚਾਰਨ ਦਾ ਸਮਾਂ ਸੀ। ਇਸ ਲਈ ਉਸ ਦਾ ਅਪਰਾਧ ਨਾ ਮਹਾਰੇ ਜਾਣ ਜੋਗਾ ਤੇ ਨਾਂ ਬਖਸ਼ੇ ਜਾਣ ਜੋਗਾ ਹੈ ਕਿ ਫੋਰਨ ਹੱਥ ਵੱਢੇ ਜਾਣ ਦੀ ਸਜ਼ਾ ਦਿੱਤੀ।

ਏਸੇ ਤਰ੍ਹਾਂ ਮੰਨੂੰ ਸਿਮ੍ਰਤੀ ਦੇ ਹੋਰ ਮੰਤ੍ਰ ਮੰਨੂੰ ਅ: ੬ ਮੰ: ੨ ਅਤੇ ਬਾਨਪ੍ਰਸਤ ਆਸ਼ਰਮ ਵਿਚ ਵੀ ਬਨਸਪਤਿ ਸਿਰ ਤੇ ਕੇਸ ਰੱਖਣ ਬਾਰੇ ਜ਼ਿਕਰ ਆਉਂਦਾ ਹੈ ਜਿਸ ਤੋਂ ਸਪਸ਼ਟ ਤੌਰ ਤੇ ਸਿੱਧ ਹੋ ਜਾਂਦਾ ਹੈ ਕਿ ਪ੍ਰਮਾਤਮਾਂ ਦੀ ਪ੍ਰਾਪਤੀ ਲਈ ਕੇਸਾਧਾਰੀ ਹੋਣਾ ਅਤਿਅੰਤ ਜ਼ਰੂਰੀ ਹੈ।

੮. ਵਸ਼ਿਸ਼ਟ ਸਿਮ੍ਰਤੀ

ब्रह्मण सुवर्णं हरपत प्रकीर्य्य केशान ॥ (ਵਸ਼ਿਸ਼ਟ ਅ: ੨੦)

ਅਰਥ :-ਬ੍ਰਾਹਮਣ ਕਾ ਧਨ ਚੁਰਾਨੇ ਵਾਲਾ ਕੇਸ ਖੋਲ੍ਹ ਕਰ ਰਾਜਾ ਕੇ ਪਾਸ ਦੌੜਤਾ ਚਲਾ ਜਾਵੇ।

ਭਾਵ :-ਚੰਗੇ ਮੰਦੇ ਸਭ ਦੇ ਸਿਰ ਤੇ ਕੇਸ ਹੁੰਦੇ ਸਨ ਅਤੇ ਹੋਣੇ ਚਾਹੀਦੇ ਹਨ।

नग्नो भुंडा कपाली (ਵਸ਼ਿਸ਼ਟ ਅ: ੧੬)

ਅਰਥ :-ਝੂਠੀ ਗਵਾਹੀ ਦੇਣ ਵਾਲਾ ਨੰਗਾ ਸਿਰ ਮੁਨਾਏ, ਅੰਨ੍ਹਾ ਤੇ ਭੁੱਖ ਨਾਲ ਵਿਆਕੁਲ ਹੋ ਖੋਪਰੀ ਹੱਥ ਵਿਚ ਲੈ ਸ਼ਤਰੂਆਂ ਦੀ ਕੁਲ ਵਿਚ ਭਿੱਖਜਾ ਮੰਗਦਾ ਫਿਰੇਗਾ।

ਭਾਵ :-ਜਿਹੜਾ ਆਦਮੀ ਝੂਠੀ ਗਵਾਹੀ ਦੇਂਦਾ ਹੈ ਉਹ ਅਗਲੇ ਜਹਾਨ ਇਸ ਪਾਪ ਦੇ ਬਦਲੇ ਸਿਰਮੁੰਨਾ ਹੋਵੇਗਾ। ਇਸ ਤੋਂ ਮਲੂਮ ਹੁੰਦਾ ਹੈ ਕਿ ਅਗਲੇ ਜਹਾਨ ਵਿਚ ਵੀ ਪੁੰਨੀਆਂ ਦੇ ਸਿਰ ਉੱਤੇ ਕੇਸ ਹੁੰਦੇ ਹਨ।

੯. ਯਮ

राजा व राजपुत्रो ब्राह्मणे व बहुश्रुत: ॥
अंकुंत्वा वपनं तेषं प्रवश्चित बिनिर्देशेत ॥ (ਯਮ ਮੰ: ੫੬)

ਅਰਥ :-(ਅੰਤਰਾ ਦਿਤਯੇ) ਜਗਤ ਦੇ ਵਿਚਕਾਰ (ਹਿਰਨ ਮਈ) ਜਯੋਤੀ ਮਈ (ਪੁਰਸ਼) ਬ੍ਰਹਮ (ਦ੍ਰਿਯਤੇ) ਵਿਖਾਈ ਦੇਂਦਾ ਹੈ, (ਹਿਰਜਯ ਸਮਸ਼ਰੂ) ਜਿਸ ਦੀ ਦਾੜ੍ਹੀ ਜਯੋਤੀ ਮਈ, (ਹਿਰਜਯ ਕੇਸਾਂ) ਕੇਸ ਜਯੋਤੀ ਮਈ ਹਨ .....

ਭਾਵ :-ਇਸ ਮੰਤ੍ਰ ਵਿਚ ਪ੍ਰਮਾਤਮਾ ਦਾ ਕੇਸਾਂ ਤੇ ਦਾੜ੍ਹੀ ਵਾਲਾ ਹੋਣਾ ਬਿਆਨ ਕੀਤਾ ਗਿਆ ਹੈ ਜਿਸ ਬ੍ਰਹਮ ਨੂੰ ਵੇਦਾਂ ਵਿਚ ਕੇਸਾਧਾਰੀ ਵਰਣਿਤ ਕੀਤਾ ਗਿਆ ਹੈ ਉਸ ਨੂੰ ਈਸ਼ਵਰਵਾਦੀ ਖੋਜਕਾਰਾਂ ਨੇ ਵੀ ਦਾੜ੍ਹੀ ਤੇ ਮੁਛਹਿਰਿਆਂ ਸਹਿਤ ਡਿੱਠਾ ਹੈ। ਇਸ ਤੋਂ ਪ੍ਰਮਾਤਮਾ ਦੇ ਸਿਰ ਉੱਤੇ ਕੇਸ ਤੇ ਮੁੱਖ ਤੇ ਦਾੜ੍ਹੀ ਹੋਣ ਬਾਰੇ ਸਪਸ਼ਟ ਸਬੂਤ ਮਿਲਦਾ ਹੈ।

੬. ਗ੍ਰਭੋਪਨਿਸ਼ਦ

धृतिदीक्षा शान्तोपश्च बुधीन्द्रियाणि यज्ञपत्रणि
कर्मोन्द्रियाणि हवींविशिर कपालं केशादर्भामुखमन्तर्वेदि: ॥ (ਮੰ: ੧੧)

ਅਰਥ :-ਧੀਰਜਤਾ, ਸੰਤੋਖ ਤੇ ਦੀਖਯਾ ਦੀ ਕਲਪਨਾ ਕਰੇ, ਗਿਆਨ ਇੰਦ੍ਰੀਆਂ ਨੂੰ ਯੱਗ ਦੇ ਪਾਤਰ ਸਮਝੇ, ਕਰਮ ਇੰਦ੍ਰੀਆਂ ਦੀ ਅਹੂਤੀ ਹੋਵੇ, ਸਿਰ ਦੇ ਕਪਾਲ ਨੂੰ ਪਾਤਰ ਜਾਣੇ, ਸਿਰ ਦੇ ਕੇਸਾਂ ਨੂੰ ਕੁਸ਼ਾ ਜਾਣੇ ਤੇ ਮੂੰਹ ਨੂੰ ਯਗ ਵੇਦੀ ਸਮਝੇ।

ਭਾਵ :-ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਯੱਗ ਕਰਨ ਵਾਲੇ ਧਰਮੀ ਪੁਰਸ਼ਾਂ ਵਾਸਤੇ ਕੇਸਾਧਾਰੀ ਹੋਣਾ ਜ਼ਰੂਰੀ ਹੈ। ਵੇਦਾਂ ਤੇ ਯਕੀਨ ਰੱਖਣ ਵਾਲਾ ਹਰ ਮਨੁੱਖ ਜੋ ਮੁਕਤੀ ਦਾ ਖ਼ਾਹਸ਼ਮੰਦ ਹੈ ਉਸ ਵਾਸਤੇ ਕੇਸ ਧਾਰਨ ਕਰਨੇ ਜ਼ਰੂਰੀ ਹਨ।

੭. ਮੰਨੂ ਸਿਮ੍ਰਤੀ

केशग्रहान्प्रहारांश्च शिरस्येतान्विवर्जयेत् ॥
शिर: स्नातश्च तैलेन नाङ्गं किंचिदपि स्पृशेत् ॥ (ਮਨੂੰ ਅੰ: ੪ ਮੰ: ੮੩)

ਭਾਵ ਅਰਥ :-ਕੇਸਾਂ ਦੀ ਪਵਿਤ੍ਰਤਾ ਰੱਖਣ ਵਾਸਤੇ ਕੇਸਾਂ ਤੋਂ ਪਕੜਨਾ ਤੇ ਮਾਰਨਾ ਇਹ ਕੰਮ ਨਾ ਕਰੇ। ਕੇਸਾਂ ਨੂੰ ਤੇਲ ਲਾ ਕੇ ਹੋਰ ਅੰਗਾਂ ਨੂੰ ਹੱਥ ਨਾ ਲਾਵੇ। ਜੇ ਕੋਈ ਕੇਸਾਂ ਦੀ ਬੇਅਦਬੀ ਕਰੇ ਤਾਂ ਉਸ ਨੂੰ ਦੰਡ ਮਿਲਣਾ ਚਾਹੀਦਾ ਹੈ।

शिरोमेधीर्यज्ञो मुखंत्किपि : केशाश्चश्मश्रूणि ।
राजामेश्राणो अमृतञ्च सम्राट्चशमिराड्भ्यानम ॥ (ਯਜੂ: ਅ: ੨੦ ਮੰ: ੫)

ਭਾਵ :-ਇਨ੍ਹਾਂ ਸਤਰਾਂ ਵਿਚ ਰਾਜਾ ਦੇ ਗੁਣ ਅਤੇ ਕੇਸ, ਦਾੜ੍ਹੀ ਤੇ ਮੁੱਛਾਂ ਦੀ ਉਪਮਾ ਕਥਨ ਕੀਤੀ ਹੈ।

मशाकानकेशौरिन्द्रङ्ग स्वपसम्बहेन..... (ਯਜੂ: ਅ: ੨੫ ਮੰ: ੫)

ਅਰਥ.-ਹੇ ਇਲਮਾਨੋ ! ਸਿਰ ਦੇ ਵਾਲਾਂ ਤੋਂ ਐਸਵਰਯ ਨੂੰ ਪ੍ਰਾਪਤ ਹੋਵੋ।

ਭਾਵ :-ਕੇਸਾਂ ਤੋਂ ਐਸ਼ਵਰਯ ਪ੍ਰਾਪਤ ਹੈ।

आदित्यान् श्मश्रुभिः पन्थान.. ... (ਯਜੂ: ਅ: ੨੦ ਮੰ: ੧)

ਭਾਵ :-ਵਿਦਵਾਨ ਪੁਰਸ਼ਾਂ ਦੇ ਮੂੰਹ ਤੇ ਦਾੜ੍ਹੀ ਹੋਣੀ ਜ਼ਰੂਰੀ ਹੈ।

੪. ਅਥਰਵ ਵੇਦ

यदाकेशानस्थि स्नाव मांस मज्जानमाभरत (ਅਥਰਵ ਕਾਂ: ੧੧ ਸੂ: ੪ ਮੰਤ੍ਰ ੧੧)

ਅਰਥ :-(ਯਦਾ) ਜਦ ਕੇਸ਼ੋਨ ਕੇਸ਼ੋ (ਅਸਥਿ) ਹੱਡੀ (ਸਨਾਵ) ਸੂਖਮ ਨਾੜੀ ਮਾਸ ਮੱਜਾ ਕੋ ਉਸ ਨੇ ਲਾ ਕਰ ਧਰਾ ਔਰ ਪੈਰੋਂ ਵਾਲਾ ਸਰੀਰ ਬਨਾ ਕਰ ਕੌਨ ਸੇ ਸਥਾਨ ਮੇਂ ਓਸ (ਪ੍ਰਾਣਵਰ) ਨੇ ਪ੍ਰਵੇਸ਼ ਕੀਆ।

ਭਾਵ :-ਕੇਸ, ਹੱਡੀ, ਸੂਖਮ ਨਾੜੀ, ਲੱਤਾਂ ਆਦਿ ਸਰੀਰ ਦੇ ਜ਼ਰੂਰੀ ਅੰਗ ਹਨ ਅਤੇ ਇਕੋ ਜਿਹੇ ਅੰਗ ਹਨ।

कुतः केशन कुतः स्नानकुता (ਅਥਰਵ ਮ: ੧੧ ਸੂ: ੮ ਮੰ: ੧੨)

ਅਰਥ:-(ਕੁਤ.) ਕਿਸ ਸੇ (ਕਿਸ ਉਪਾ ਦੇ ਕਾਰਨ ਸੇ ਪ੍ਰਾਣੀਉਂ ਕੇ) ਕੇਸ਼ੋਂ ਕੋ (ਕੁਤ:) ਕਹਾਂ ਸੇ ਸੂਖਮ ਨਾੜੀਓਂ, ਕਹਾਂ ਸੇ ਹੱਡੀਓਂ ਕੋ ਉਸ ਨੇ ਲਾ ਕਰ ਧਰਾ। ਅੰਗੋਂ, ਜੋੜੋਂ, ਮੱਜਾ ਔਰ ਮਾਸ ਕੋ ਕਰਤਾ ਨੇ ਕਹਾਂ ਸੇ ਲਾ ਕਰ ਧਰਾ।

ਭਾਵ :-ਇਸ ਮੰਤ੍ਰ ਵਿਚ ਵੀ ਕੇਸਾਂ ਨੂੰ ਸਰੀਰ ਦੇ ਦੂਸਰੇ ਅੰਗਾਂ ਦੀ ਬਰਾਬਰਤਾ ਦਿੱਤੀ ਹੈ :

੫. ਛਾਂਦੋਗਯ ਉਪਨਿਸ਼ਦ

अथयदेवैतदादित्यस्य शुक्लंभाः सैवसाऽथयन्नीलं परः
कृष्णं उदनस्तत्सामाथयएषोऽन्तरादित्ये हिरण्यः पुरूषोदश्यते
हिरण्यश्म श्रुहिरण्यकेश आप्राणखात्सर्वणव सवर्णं ॥
(ਅ: ੧ ਪ੍ਰ: ੧ ਖੰਡ ੬ ਪ੍ਰਵਾਕ ੬)

हिरिण्म श्रु: शुचिदन्नुश्रुरनि भृष्टतविषि: (ਰਿਗ ਮੰ: ੫ ਸੂ: ੭ ਮੰ: ੭)

ਅਰਥ :–ਜੋ (ਹਿਰਿ ਸਮ ਸ਼ੁਰੂ) ਸਵਰਨ ਕੇ ਤੁਲ ਦਾੜੀ ਔਰ ਮੁੱਛਾਂ ਹਨ।

ਭਾਵ :–ਇਨ੍ਹਾਂ ਸਤਰਾਂ, ਵਿਚ ਦਾੜ੍ਹਾ ਤੇ ਮੁਛਹਿਰਿਆਂ ਨੂੰ ਸੋਨੇ ਵਾਂਗ ਤੇਜ਼ ਪ੍ਰਤਾਪ ਵਾਲੇ ਦੱਸਿਆ ਗਿਆ ਹੈ।

दिवोवराहमरूषं कपर्दिनंत्वेषं रूपं नमसानि ह्वयामहे (ਰਿਗ ਮ: ੧ ਸੂ: ੧੧੪ ਮੰ:੫)

ਅਰਥ :–ਹਰ ਲੋਗ ਅੰਨ ਔਰ ਸੇਵਾ ਸੇ ਜੋ ਹਾਥ ਮੇ ਰੋਗ ਨਿਵਾਰਕ ਔਸ਼ਧੀ ਔਰ ਗ੍ਰਹਿਣ ਕਰਨੇ ਯੋਗ ਸਾਧਨੋ ਕੋ ਧਾਰਨ ਕਰਤਾ ਹੂਆ ਘਰ, ਸੁਖ ਕਵਚ ਪ੍ਰਕਾਸ਼ ਸੁਸ਼ਤ੍ਰ ਅਸਤਟ ਆਦਿਕ ਕੋ ਹਮਾਰੇ ਲੀਏ (ਯਸਤ) ਨਯਾਮ ਸੇ ਰਖੇ ਉਸ (ਕਪਰ ਦਿਨ) ਜਟਾ ਜੂਟ ਬ੍ਰਹਮਚਾਰੀ ਵੇਦ ਵਿਦਵਾਨ ਵ ਵਿਦਯਾ ਨਿਆਏ ਪ੍ਰਕਾਸ਼ਤਵਿਓ ਹਾਹ ...

ਭਾਵ :–ਇਹ ਮੰਤ੍ਰ ਜ਼ਾਹਿਰ ਕਰਦਾ ਹੈ ਕਿ ਬ੍ਰਹਮਚਾਰੀ, ਵੇਦ, ਵਿਦਵਾਨ, ਸ਼ਸਤਰ ਅਸਤ੍ਰ ਧਾਰੀ ਦੇ ਸਿਰ ਤੇ ਕੇਸ ਹੋਣੇ ਜ਼ਰੂਰੀ ਹਨ।

त्वामग्ने अतिभि पूर्व्यविश: शोचिष्केशं गृहपति निषेदिरे

(ਰਿਗ ਮੰ: ੫ ਸੂ: ੮ ਮੰ: ੨)

ਅਰਥ :–ਹੇ ਗ੍ਰਹਸਤੀ ! ਜੋ (ਵਿਸ਼:) ਪ੍ਰਜਾਏਂ (ਅਤਿਥਿਮ) ਸਦਾ ਉਪਦੇਸ਼ ਦੇਨੇ ਕੇ ਲੀਏ ਘੂਮਤੇ ਹੂਏ ਕੇ ਸੁਦਰਸ਼ (ਪੂਰਵਯਮ) ਪ੍ਰਾਚੀਨੋਂ ਸੇ ਕੀਏ ਗਏ ਵਿਦਵਾਨ ਔਰ (ਸੋਚਿਸ ਕੇਸ਼ਮ) ਕੇਸ਼ੋ ਕੇ ਸੁਦਰਸ਼ ਨਿਆਏ ਵਿਉਹਾਰ ਸੇ ਪ੍ਰਕਾਸ਼ੋਂ ਸੇ ਯੁਕਤ ਬੜੀ ਬੁੱਧੀ ਵਾਲੇ ਹੈਂ... ..

ਭਾਵ :–ਇਸ ਵਿਚ ਉਪਦੇਸ਼ਕਾਂ ਦੇ ਸਿਰ ਤੇ ਕੇਸ ਹੋਣੇ ਦਰਸਾਏ ਗਏ ਹਨ।

੩. ਯਜੁਰ ਵੇਦ

आत्मन्नुपस्थे न वृकस्य लोममुखेश्मश्रूणि न व्याघ्रलोम ।
केशो न शीर्षन्यशसेश्रियैशिखासिङ्ग हस्यलोमत्विषिरिन्द्रि ॥

(ਯ: ਅ: ੧੬ ਮੰ: ੬੨)

ਅਰਥ :–ਹੇ ਇਨਸਾਨ ! ਜਿਸ ਦੇ ਆਤਮਾ ਵਿਚ ਸਮੀਪ ਸਿਥਤ ਹੋਣ ਵਿਚ ਭੇੜੀਆਂ ਦੇ ਵਾਲਾਂ ਦੇ ਸਮਾਨ, ਬਾਘ ਦੇ ਵਾਲਾਂ ਸਮਾਨ ਮੂੰਹ ਤੇ ਦਾੜ੍ਹੀ ਮੁੱਛਾਂ, ਸਿਰ ਤੇ ਕੇਸ ਸ਼ੇਰ ਦੇ ਵਾਲਾਂ ਵਾਂਗ ਕਾਂਤੀ, ਤਥਾ ਸ਼ੂਕਰ ਇੰਦ੍ਰੀਆਂ ਸ਼ੁੱਧ ਹਨ, ਉਹ ਕੀਰਤੀ ਤੇ ਲੱਛਮੀ ਦੇ ਪ੍ਰਾਪਤ ਕਰਨ ਵਿਚ ਸਮਰਥ ਹੁੰਦੇ ਹਨ।

ਹਿੰਦੂ ਮੱਤ ਦੇ ਸਭ ਤੋਂ ਮੁਢਲੇ ਧਾਰਮਿਕ ਗ੍ਰੰਥ ਵੇਦਾਂ ਵਿਚ ਵੀ ਕੇਸਾਂ ਨੂੰ ਮਹਾਨਤਾ ਦਿੱਤੀ ਗਈ ਹੈ :-

੧. ਸ਼ਾਮ ਵੇਦ

आत्वासहस्र माशतं युक्तरथे हिरण्ययेय ।।
ब्रह्मयुजोसरयन्द्र केशनो वहन्तु सोमपीतये ॥

[ਸ਼ਾਮ ਪੂ: ਪ੍ਰ: ੬ ਅ: ੩ ਦ: ੧੪ ਮੰ: ੧੪]

ਅਰਥ:-(ਇੰਦਰ) ਸੂਰਜ ! (ਹਿਰਯਏ) ਤੇਜੋਮਈ (ਰਥੇ) ਰਥਵਤ ਰਮਣੀਯ ਪਿੰਡ ਮੇਂ ਜੁੜੇ ਹੂਏ ਔਰ (ਬ੍ਰਹਮ ਯੁਜ:) ਬ੍ਰਹਮ ਕੇ ਜੋੜੇ ਹੂਏ (ਕੇਸ਼ਨ:) ਕੇਸ਼ ਕੇ ਤੁਲ ਪ੍ਰਕਾਸ਼ ਕੀ ਧਾਰੋਂ ਵਾਲੇ ।

ਭਾਵ:-ਸੂਰਜ ਦੇਵਤਾ ਦੇ ਕੇਸਾਂ ਦਾ ਵਰਨਣ ਹੈ ।

आत्वाब्रह्मयुजाहरीवहतामिन्द्र केशना उपब्राह्मणिन: शृणु

[ਸ਼ਾਮ ਉ: ਪ੍ਰ: ੧ ਅ: ੧ ਮੰ: ੬]

ਅਰਥ :-(ਇੰਦਰ) ਪ੍ਰਮੇਸ਼ਰ (ਕੇਸ਼ਨਾ) ਵ੍ਰਤਿ ਰੂਪ ਕੇਸ਼ੋ ਵਾਲੇ (ਬ੍ਰਹਮਯੁਜਾ) ਬ੍ਰਹਮ ਮੇਂ ਯੋਗ ਕਰਨੇ ਵਾਲੇ (ਹਰੀ) ਆਤਮਾ ਔਰ ਮਨ ਦੋਨੋਂ (ਤਵਾ) ਆਪ ਕੋ (ਆਵਹਤਾਮ ਪ੍ਰਾਪਤ ਹੋਂ) (ਨ:) ਹਮਾਰੇ (ਬ੍ਰਹਮਾਨ) ਵੇਦੋਕਤ ਸਤੋਤਰੋਂ ਹੋ (ਉਪਸ੍ਰਿਨ) ਸਵੀਕਾਰ ਕੀਜੀਏ ।

ਭਾਵ:-ਇਸ ਮੰਤ੍ਰ ਵਿਚ ਈਸ਼ਵਰ ਦੀ ਉਸਤਤ 'ਕੇਸਾਂ ਵਾਲੇ' ਕਹਿ ਕੇ ਕੀਤੀ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਕੇਸ ਅਤੀ ਜਰੂਰੀ ਅਤੇ ਦੱਤੇ ਗੁਣਾਂ ਵਾਲੀ ਚੀਜ਼ ਹਨ ।

੨. ਰਿਗ ਵੇਦ

आत्वा ब्रह्मयुजाहरीवहतामिन्द्र केशना उपब्राह्मणि न:शृणु (ਰਿਗ ੮-੧੭-੨)

ਅਰਥ :-(ਇੰਦਰ) ਪ੍ਰਮੇਸ਼ਵਰ ! (ਕੇਸਨਾ) ਵ੍ਰਤਿ ਰੂਪ ਕੇਸ਼ ਵਾਲੇ (ਬ੍ਰਹਮਯੁਜਾ) ਬ੍ਰਹਮ ਮੇਂ ਯੋਗ ਕਰਨੇ ਵਾਲੇ (ਹਰੀ) ਆਤਮਾ ਔਰ ਮਨ ਦੋਨੋਂ (ਤਵਾ) ਆਪ ਕੋ (ਆਵਹਤਾਮ) ਪ੍ਰਾਪਤ ਹੋ (ਨ:) ਹਮਾਰੇ (ਬ੍ਰਹਮਾਨ) ਵੇਦੋਕਤ ਸਤੋਤਰੋਂ ਕੋ (ਉਪਸ੍ਰਿਨ) ਸਵੀਕਾਰ ਕੀਜੀਏ ।

ਭਾਵ :-ਇਸ ਮੰਤ੍ਰ ਵਿਚ ਪ੍ਰਮੇਸ਼ਰ ਦੇ ਕੇਸਾਧਾਰੀ ਹੋਣ ਦੇ ਗੁਣ ਦੀ ਮਹਿਮਾਂ ਕੀਤੀ ਗਈ ਹੈ ।

ਕਦੇ ਕਦੇ ਮਮਤਾ ਵਿਚ ਮਾਤਾ ਨਾਲ ਗਿਲਾ ਵੀ ਕਰਦੇ :–

'ਮਈਆ ਮੇਰੀ ਕਬ ਬਢੇਗੀ ਚੋਟੀ।
ਇਤੀ ਬਾਰ ਮੈਂ ਦੂਧ ਪਿਲਾਇਆ ਯਹ ਅਭੀ ਭੀ ਛੋਟੀ।'

ਇਸ ਤੋਂ ਇਲਾਵਾ ਅਨੇਕਾਂ ਹੀ ਉਦਾਹਰਣਾਂ ਮਿਲਦੀਆਂ ਹਨ ਜਿਵੇਂ ਤੁਲਸੀ ਦਾਸ ਜੀ ਰਮਾਇਣ ਵਿਚ ੧੯੭ ਚੌਪਈ ਬਾਲ-ਕਾਂਡ ਵਿਚ ਕਥਨ ਕਰਦੇ ਹਨ ਕਿ ਸ੍ਰੀ ਰਾਮਚੰਦਰ ਜੀ ਨੇ ਬਨਬਾਸ ਜਾਣ ਲੱਗਿਆਂ ਆਪ ਅਤੇ ਲਛਮਣ ਨੇ ਬੋਹੜ ਦੇ ਦੁੱਧ ਨਾਲ ਜਟਾਵਾਂ ਬਣਾਈਆਂ ਤਾਂ ਸ੍ਰੀ ਸੁਮੰਤ ਜੀ ਨੇ ਦੁੱਖ ਮਨਾਇਆ ਤੇ ਉਹਨਾਂ ਦੇ ਨੇਤਰਾਂ ਵਿਚ ਜਲ ਆ ਗਿਆ :–

'ਸਕਲ ਸੌਚ ਕਰ ਰਾਮ ਨਹਾਵਾ। ਸੁਚ ਸੁਜਾਨ ਬਟ ਖੀਰ ਮੰਗਾਵਾ।
ਅਨੁਜ ਸਹਿਤ ਸਿਰ ਜਟਾ ਬਨਾਇ*। ਦੇਖ ਸੁਮੰਤ ਨੈਨ ਛਲ ਛਾਇ।'

ਸ੍ਰੀ ਰਾਮਚੰਦਰ ਜੀ ਦੀ ਮਾਤਾ ਨੇ ਕਈ ਤਰ੍ਹਾਂ ਨਾਲ ਉਹਨਾਂ ਦੇ ਕੇਸ ਸੁਧਾਰੇ :–

'ਚਿਕਨੇ ਕਚ ਕੁੰਚਤ ਗਭੁਆਰੇ ॥ ਬਹੁ ਪ੍ਰਕਾਰ ਰਚ ਮਤ ਸਵਾਰੇ ॥'

ਇਸ ਤੋਂ ਸਿੱਧ ਹੁੰਦਾ ਹੈ ਕਿ ਹਿੰਦੂ ਧਰਮ ਦੇ ਅਵਤਾਰ ਵੀ ਕੇਸਾਂ ਨਾਲ ਕਿੰਨਾ ਪਿਆਰ ਤੇ ਸਤਿਕਾਰ ਕਰਦੇ ਸਨ। ਜਿਸ ਦੀਆਂ ਉਦਾਹਰਣਾਂ ਅੱਗੇ ਦਿੱਤੀਆਂ ਹਨ :–

ਹਿੰਦੂ ਮੱਤ ਅਨੁਸਾਰ ਜਦੋਂ ਕੋਈ ਕਿਸੇ ਦੇਵਤੇ ਦੀ ਅਰਾਧਣਾ ਕਰਦਾ ਹੈ ਤਾਂ ਸਰਾਧਾਂ ਦੇ ਸਮੇਂ ਉਨ੍ਹਾਂ ਨੂੰ ਕੇਸ ਮਨੌਣ ਦੀ ਪੂਰੀ ਮਨਾਹੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਵਡ ਵਡੇਰੇ ਬਜ਼ੁਰਗ ਸਿਰ ਮੁੰਨਿਆਂ ਦਾ ਖਾਣਾ ਪੀਣਾ ਚੰਗਾ ਨਹੀਂ ਸੀ ਸਮਝਦੇ ਅਤੇ ਦੇਵੀ ਦੇਵਤਿਆਂ ਦੇ ਸਨਮੁਖ ਹੋਣ ਲਈ ਕੇਸਾਧਾਰੀ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਪ੍ਰਮੇਸ਼ਰ ਦੇ ਸਨਮੁਖ ਹੋਣ ਵਾਸਤੇ ਕੇਸ ਦਾੜ੍ਹਾ ਰੱਖਣੇ ਜ਼ਰੂਰੀ ਹਨ।

---

*ਜੰਗਲ ਵਿਚ ਕੇਸਾਂ ਦੀ ਸੰਭਾਲ ਨਾ ਹੋ ਸਕਣ ਕਾਰਨ ਭਗਵਾਨ ਰਾਮਚੰਦਰ ਜੀ ਨੇ ਪਵਿੱਤਰ ਕੇਸਾਂ ਦੀਆਂ ਜਟਾਵਾਂ ਬਣਾਉਣੀਆਂ ਪ੍ਰਵਾਨ ਕੀਤੀਆਂ ਪਰ ਸਰੀਰ ਤੋਂ ਅਲੱਗ ਕਰਨਾ ਰੱਬੀ ਹੁਕਮ ਦੇ ਉਲਟ ਸਮਝਿਆ। ਜਟਾਵਾਂ ਬਣਾਉਣੀਆਂ ਵੀ ਪ੍ਰਮੇਸਰ ਦੇ ਹੁਕਮ ਦੇ ਉਲਟ ਹਨ, ਜਿਸ ਕਰ ਕੇ ਸੁਮੰਤ ਜੀ ਦੇ ਅੱਖਾਂ ਵਿਚ ਜਲ ਆ ਗਿਆ।

ਬਰਾਬਰ ਜਾਨਣਾ ਕਰੋ :-

'ਛਾਪ ਗੁਰੂ ਕੀ ਗੁਰ ਸਮ ਜਾਨਹਿ।
ਗੁਰ ਸਮ ਅਦਬ ਕੇਸ ਕੋ ਠਾਨਹਿ।'

(ਗੁ: ਪ੍ਰ: ਸੂ: ਰੁੱਤ ੩, ਅੰਸੂ ੫੦)

ਗੁਰਮਤਿ ਅਨੁਸਾਰ ਕੇਸਾਂ ਨੂੰ ਕਲਫ ਲਾਉਣਾ, ਰੰਗ ਚੜ੍ਹਾਉਣਾ, ਮਨ੍ਹਾ ਹੈ :-

'ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥' (੪੬੫)

'ਬਾਰੀਸ਼ੇ ਹਿਨਾ ਕਰਦ ਰੂ ਸਿਆਹ ਫਾਮ ॥'

(ਅਸਫੋਟਕ ਸ੍ਵਯੇ)

ਭਾਵ ਕਲਫ ਨਾਲ ਚੇਹਰੇ ਦਾ ਦਾੜ੍ਹੇ ਦਾ ਰੰਗ ਕਾਲਾ ਕਰਨਾ ਮਨ੍ਹਾ ਹੈ ਕਿਉਂਕਿ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਹੈ।

ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਰੋਮਾਂ ਨੂੰ ਕਟਾਉਣਾ, ਪਟਾਉਣਾ, ਘਸਾਉਣਾ, ਦਵਾਈ ਨਾਲ ਲਾਹੁਣਾ, ਧੋਲੇ ਚੁਗਣਾ ਬਿਲਕੁਲ ਮਨ੍ਹਾ ਹੈ। ਗਾਚਨੀ ਜਾਂ ਸਵਾਹ ਆਦਿ ਨਾਲ ਕੇਸੀਂ ਇਸ਼ਨਾਨ ਨਹੀਂ ਕਰਨਾ। ਨੰਗੇ ਸਿਰ ਦਾਤਨ ਕਰਨੀ, ਜੰਗਲ ਪਾਣੀ ਜਾਣਾ, ਲੰਗਰ ਛਕਣਾ, ਗ੍ਰਿਹਸਤ ਆਦਿ ਵਿਹਾਰ ਕਰਨਾ ਵੀ ਮਨ੍ਹਾ ਹਨ।

(ਅ) ਹਿੰਦੂ ਮੱਤ ਵਿਚ ਕੇਸਾਂ ਦੀ ਮਹਾਨਤਾ

ਹਿੰਦੂਆਂ ਦੇ ਧਾਰਮਿਕ ਗ੍ਰੰਥਾਂ ਵੇਦਾਂ, ਉਪਨਿਸ਼ਦਾਂ ਅਤੇ ਸਿੰਮ੍ਰਤੀਆਂ ਵਿਚ ਵੀ ਕੇਸਾਂ ਦੀ ਮਹਾਨਤਾ ਤੋਂ ਬਿਨਾ ਇਨ੍ਹਾਂ ਦਾ ਪੂਰਨ ਸਤਿਕਾਰ ਕਰਨ ਦਾ ਵੀ ਹੁਕਮ ਕੀਤਾ ਗਿਆ ਹੈ। ਸਾਰੇ ਅਵਤਾਰ ਬਾਵਨ, ਪਰਸਰਾਮ, ਸ੍ਰੀ ਰਾਮਚੰਦਰ ਜੀ, ਸ੍ਰੀ ਕ੍ਰਿਸ਼ਨ ਭਗਵਾਨ ਜੀ, ਕਪਲ ਤੇ ਬੁੱਧ ਆਦਿ ਸਾਰੇ ਕੇਸਾਧਾਰੀ ਸਨ। ਸਾਰੇ ਹੀ ਰਿਸ਼ੀ ਮੁਨੀ ਕੱਸ਼ਪ, ਵਸ਼ਿਸ਼ਟ ਜੀ, ਵਿਸ਼ਵਾ-ਮਿੱਤਰ ਜੀ, ਭਾਰਦਵਾਜ ਜੀ, ਅਗਸਤ ਜੀ, ਦੁਰਬਾਸ਼ਾ ਜੀ, ਬਾਲਮੀਕ ਜੀ, ਵੇਦ ਬਿਆਸ ਜੀ ਆਦਿਕ ਸਾਰੇ ਜਟਾ ਜੂਟ ਭਾਵ ਕੇਸਾਧਾਰੀ ਹੋਏ ਹਨ। ਹਿੰਦੂ ਮੱਤ ਦੇ ਅਵਤਾਰ ਰਿਸ਼ੀ ਮੁਨੀ ਪ੍ਰਮਾਤਮਾ ਨੂੰ ਵੀ 'ਕੇਸ਼ਵ' ਦੇ ਨਾਮ ਨਾਲ ਪੁਕਾਰਦੇ ਸਨ। ਸ੍ਰੀ ਕ੍ਰਿਸ਼ਨ ਜੀ ਤਾਂ ਬਾਲ ਵਰੇਸ ਵਿਚ ਹੀ ਆਪਣੇ ਕੇਸ ਲੰਬੇ ਕਰਨ ਵਾਸਤੇ ਦੁੱਧ ਨਾਲ ਕੇਸੀਂ ਇਸ਼ਨਾਨ ਕਰਦੇ ਹੁੰਦੇ ਸੀ ਅਤੇ

ਦੋਹਰਾ–'ਪ੍ਰਿਥਮੈ ਤਿਖੀ ਸਮਾਨ ਹੈ, ਜਟਾ ਜੂਟ ਵਯਵਹਾਰ।
ਅਰਥ ਵਰਣ ਪੁਨ ਪਾਹੁਲੀ, ਚਰਨੀ ਪ੍ਰੇਮੀ ਸਾਰ।
ਭੇਖ ਕੇਸ ਧਰਿ ਆਨ ਸਿਖ, ਪੂਜਤ ਤੁਛਨ ਦੇਵ।
ਤਾਹਿ ਨ ਪਾਨੀ ਦੀਜੀਏ, ਮੇਰਾ ਸਿਖ ਸੁ ਸੇਵ।
ਕੇਸਾਧਾਰੀ ਭੇਖੀਆ, ਜੀਵਨ ਕੇ ਤਿਨ ਕਾਜ।
ਧਰੇ ਕੇਸ ਚੰਡਾਲ ਸਮ, ਦੀਆ ਦਾਨ ਤਿਸ ਬਾਦ।'
'ਏਕਸ ਕੇਸੀ ਜਾਣੀਐ, ਦੂਜਾ ਕਹਉ ਬਿਕੇਸ।
ਬੇਕੇਸੀ ਮੁੰਡੀ ਕੁਸੰਗਤਿ, ਗੁਰੂ ਪਿਆਰੇ ਕੇਸ।

(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

'ਏਕ ਪਾਖ ਬੀਤੇ ਹੈ ਜਬ ਹੀ।
ਦਧੀ ਸੋਂ ਕੇਸ ਨ੍ਹਵਾਵੈ ਤਬ ਹੀ।
ਕੇਸਨ ਧੂਪ ਦੇਇ ਸੁਚ ਪਾਵਨ।
ਹੈ ਇਹ ਗੁਰ ਕੀ ਮੋਹਰ ਸੁਹਾਵਨ।੬੯।'

(ਰਹਿਤਨਾਮਾ ਕਾਈ ਦੇਸਾ ਸਿੰਘ ਜੀ)

ਭਾਈ ਨੰਦ ਲਾਲ ਸਿੰਘ ਜੀ ਗਜ਼ਲ ਨੰ: ੨ ਵਿਚ ਦਸਮੇਸ਼ ਪਿਤਾ ਜੀ ਦੇ ਕੇਸਾਂ ਦੀ ਸਿਫਤ ਇਸ ਤਰ੍ਹਾਂ ਕਰਦੇ ਹਨ :–

'ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖਸਾਰਿ ਮਾ।
ਹਰ ਦੋ ਆਲਮ ਕੀਮਤੇ ਯਕ ਤਾਰ ਮੂਏ ਯਾਰਿ ਮਾ।'

ਭਾਵ ਸਾਰੇ ਦੀਨ ਤੇ ਦੁਨੀਆਂ ਓਸ ਅਪੱਛਰਾਂ ਵਰਗੇ ਚੇਹਰੇ ਵਾਲੇ ਦੀ ਫਾਹੀ ਵਿਚ ਹਨ। ਦੋਵੇਂ ਲੋਕ ਸਾਡੇ ਯਾਰ ਦੇ ਕੇਸਾਂ ਦੀ ਇਕ ਤਾਰ ਦਾ ਮੁੱਲ ਹਨ।

ਭਾਈ ਨੰਦ ਲਾਲ ਸਿੰਘ ਜੀ ਤਨਖਾਹਨਾਮੇ ਰਾਹੀਂ ਦਸਵੇਂ ਪਾਤਸ਼ਾਹ ਜੀ ਦੇ ਹੁਕਮ ਨੂੰ ਦਰਸਾਉਂਦੇ ਹਨ–

'ਬਚਨ ਹੈ ਸ੍ਰੀ ਗੁਰੂ ਜੀ ਕਾ ਜੋ ਕੋਈ ਸਿਖ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁੱਕੀ; ਔਰ ਜੋ ਮੋਨਾ ਸਿੱਖ ਹੋਇ ਜਾਇ ਤਿਸ ਕੀ ਜੜ੍ਹ ਹਰੀ।'

ਇਥੋਂ ਤੱਕ ਹੀ ਨਹੀਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਕੇਸਾਂ ਦਾ ਅਦਬ ਗੁਰੂ ਦੇ ਬਰਾਬਰ ਕਰੋ, ਇਹ ਗੁਰੂ ਕੀ ਮੋਹਰ ਹਨ ਤੇ ਗੁਰੂ ਦੇ

'ਹੇ ਮੋਰ ਆਗਿਆ ਸੁਨੋ ਲੈ ਪਿਆਰੇ। ਬਿਨਾ ਤੇਗ ਕੇਸੰ ਦਿਵੋਂ ਨ ਦਿਦਾਰੇ।
ਇਹੀ ਮੋਰ ਬੰਨਾ ਮੰਨੋਗਾ ਸੁ ਜੋਈ। ਤਿਸੰ ਇਛ ਪੂਰੰ ਸਭੋ ਜਾਨ ਸਈ।'

'ਜਬ ਪਹਿਲੇ ਸਭ ਸ੍ਰਿਸਟਿ ਉਪਾਈ। ਤਬਿ ਹੀ ਮਾਨੁਖ ਦੇਹਿ ਬਨਾਈ।
ਤਨ ਇਸ ਕੇ ਸਿਰ ਕੇਸ ਜੁ ਦੀਨੋ। ਸੋ ਇਹ ਤਨ ਸ਼ਿੰਗਾਰਹਿ ਕੀਨੋ।
ਦਾੜ੍ਹਾ ਮੂਛ ਸਿਰ ਕੇਸ ਬਨਾਈ। ਹੈ ਇਹ ਦ੍ਰਿੜ ਜਿਹ ਪ੍ਰਭੂ ਰਜਾਈ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

'ਬੁਧਿ ਕਾ ਨਿਹਚਲ ਇਹ ਕੇਸ ਧਾਰੇ, ਕੇਸਾਂ ਕਾ ਬੜਾ ਅਦਬ ਹੈ। ਕੇਸ ਮਾਤਾ ਕਾ ਸਰੂਪ ਹੈ ਜਹਾਂ ਕੇਸਾਂ ਕਾ ਜਲ ਪੜੇ ਸੋ ਅਸਥਾਨ ਸਰੀਰ ਈ ਪਵਿੱਤਰ ਹੋਤਾ ਹੈ। ਸਿੰਘਾਂ ਕੇ ਚਰਨੋਂ ਕਾ ਜਲ ਪੜੇ ਰਿਧ ਸਿਧ ਪਿਛੇ ਫਿਰੈ ਅੰਤ ਕੋ ਗਤੀ ਕਰੈ। ਜੂੜਾ ਮੀਮ ਕੇ ਮਧ ਭਾਗ ਮੈਂ ਰਾਖੈ ਔਰ ਪਾਗ ਬੜੀ ਬਾਂਧੈ ਕੇਸ ਢਾਂਪ ਰਖੈ, ਕੰਘਾ ਦੂੰ ਕਾਲ ਕਰੈ ਪਾਗ ਚੁਨ ਕਰ ਬਾਂਧੈ, ਕਛ ਪਾਚ ਗਜ਼ ਵ ਢਾਈ ਗਜ਼ ਕੁ ਹੋ। ਚੌਥੇ ਦਿਨ ਕੇਸੀ ਸਨਾਨ ਕਰੈ।'

(ਰਹਿਤਨਾਮਾ ਭਾਈ ਦਯਾ ਸਿੰਘ ਜੀ)

'ਗੁਰੂ ਕਾ ਸਿਖ ਦੇਹੀ ਦੇ ਰੋਮ ਨਾ ਲੁਹਾਏ, ਗਿਰਸਤੀ ਹੋਇ ਤਾਂ ਭੀ ਪਾਕੀ ਹੁਕੀ ਨ ਕਰਾਏ।'

'ਗੁਰੂ ਕਾ ਸਿਖ ਕੇਸਾਂ ਦਾ ਪਾਲਣਾ ਕਰੈ। ਦੋ ਵਕਤ ਕੰਘਾ ਹੋਵੈ, ਧੋਵੈ ਦਹੀਂ ਨਾਲ, ਮੈਲਾ ਹੱਥ ਨ ਲਾਏ। ਜੀਉ ਨ ਪਵਣੇ ਦੇਵੇ। ਸੁਚੇਤ ਰਹੈ। ਗੁਰੂ ਕਾ ਸਿਖ, ਕੇਸ ਮੁਹਰ ਨਿਸ਼ਾਨੀ ਸਿਖੀ ਦੀ ਜਾਣੇ।

ਜੇ ਪਾਹੁਲ ਬਿਨਾ ਕੇਸ ਰਖੇ, ਸੋ ਭੰਗ ਭਗਤੀਏ ਜਾਣਨਾ, ਨਿਗੁਰਾ ਉਸ ਦੀ ਗੱਲ ਚਤੁਰਾਈ ਸਭ ਝੂਠੀ। ਸਾਖ (ਗੁਰੂ) ਗ੍ਰੰਥ ਸਾਹਿਬ ਜੀ ਦੀ–
'ਜਿਉ ਨਿਗੁਰਾ ਬਹੁ ਬਾਤਾ ਜਾਣੈ, ਓਹੁ ਹਰਿ ਦਰਗਹਿ ਹੈ ਭ੍ਰਸਟੀ॥' (੫੨੮)
ਗੁਰੂ ਕਾ ਸਿਖ ਕੇਸ ਦਾੜੀ ਛੰਨੀਆਂ ਨਾਈਆਂ ਦਾ ਪਾਣੀ ਸਿਰ ਨਾ ਪਵਾਏ। ਗੁਰੂ ਕਾ ਸਿਖ ਜੰਞੂ ਟਿਕੇ ਦੀ ਕਾਣ ਨ ਕਰੈ।

'ਕੇਸਾਧਾਰੀ ਨੂੰ ਜੰਞੂ ਟਿੱਕਾ ਕੇਸ ਹੈਨਿ।'

(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

ਭਾਈ ਸਾਹਿਬ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ ਕਿ ਕੇਸਾਧਾਰੀਆਂ ਦਾ ਜੀਵਨ ਰਿਖੀਆਂ ਵਰਗਾ ਉੱਚਾ ਹੁੰਦਾ ਹੈ :–

ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਸਿੰਘਾਂ ਦੇ ਕੇਸਾਧਾਰੀ ਹੋਣ ਕਰਕੇ ਬਹਾਦਰੀ ਦਾ ਜ਼ਿਕਰ ਕਰਦੇ ਹਨ :-

'ਨਿਜ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਨਵ ਪਨਿਤਿ ਪਕੜਿਓ ਹਥਿਆਰਾ।'

(ਵਾਰ ੪੧, ਪਉੜੀ ੧੫)

ਭੰਗਾਣੀ ਦੇ ਜੁੱਧ ਵਿਚ ਪੀਰ ਬੁੱਧੂ ਸ਼ਾਹ ਨੇ ਆਪਣੇ ਚਾਰ ਪੁੱਤਰ ਤੇ ੫੦੦ ਮੁਰੀਦ (ਚੇਲੇ) ਸ਼ਹੀਦ ਕਰਾਏ। ਦਸਵੇਂ ਪਾਤਸ਼ਾਹ ਜੀ ਉਸ ਤੇ ਪ੍ਰਸੰਨ ਹੋਏ ਅਤੇ ਵਰ ਮੰਗਣ ਲਈ ਕਿਹਾ। ਤਾਂ ਪੀਰ ਬੁੱਧੂ ਸ਼ਾਹ ਨੇ ਬੜੇ ਸਤਿਕਾਰ ਸਹਿਤ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਜੇ ਆਪ ਤਰੁੱਠੇ ਹੋ ਤਾਂ ਆਪਣਾ ਕੇਸਾਂ ਸਮੇਤ ਕੰਘਾ ਦਾਸ ਨੂੰ ਬਖਸ਼ੋ।' ਇਥੋਂ ਸਾਫ਼ ਜ਼ਾਹਰ ਹੈ ਕਿ ਰੱਬ ਦੀ ਰਮਜ਼ ਪਛਾਨਣ ਵਾਲੇ ਇਕ ਮੁਸਲਮਾਨ ਫਕੀਰ ਨੇ ਵੀ ਏਨੀਆਂ ਕੁਰਬਾਨੀਆਂ ਦੇ ਬਦਲੇ ਕੇਸਾਂ ਨੂੰ ਸਭ ਤੋਂ ਉੱਚਾ ਸੁੱਚਾ ਸਮਝਿਆ ਅਤੇ ਸਤਿਕਾਰਿਆ। ਕਲਗੀਧਰ ਪਾਤਸ਼ਾਹ ਦੇ ਉਹ ਕੇਸ ਸਣੇ ਕੰਘਾ ਅੱਜ ਵੀ ਉਸ ਦੀ ਸੰਤਾਨ ਪਾਸ ਸੰਢੌਰੇ ਵਿਖੇ ਮੌਜੂਦ ਹਨ-ਜਿਨ੍ਹਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ।

ਦਸਵੇਂ ਪਾਤਸ਼ਾਹ ਨੇ ਤਾਂ ਕੇਸਾਂ ਨੂੰ ਸਵਾਸਾਂ ਨਾਲ ਤੁਲਨਾ ਦਿੱਤੀ ਹੈ ਕਿ ਜੇ ਕੇਸ ਹਨ ਤਾਂ ਹੀ ਸਵਾਸ ਭਾਉਂਦੇ ਹਨ। ਅੰਤ ਸਾਰੇ ਤੱਕ ਕੇਸਾਂ ਦੀ ਬੇਅਦਬੀ ਨੂੰ ਰੋਕਿਆ। ਇਸੇ ਕਰਕੇ ਹਰ ਰੋਜ਼ ਅਰਦਾਸ ਕੀਤੀ ਜਾਂਦੀ ਹੈ, 'ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇ।' ਜਿਸ ਦੀ ਮਿਸਾਲ ਭਾਈ ਤਾਰੂ ਸਿੰਘ ਨੇ ਕੇਸ ਨਾ ਕੱਟਣ ਦਿੱਤੇ ਪਰ ਆਪਣਾ ਖੋਪਰਾ ਲੁਹਾ ਲਿਆ ਤੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਕਾਈ। ਭਾਈ ਸ਼ਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਚਰਖੜੀਆਂ ਤੇ ਚੜ੍ਹ ਗਏ ਸ਼ਹੀਦ ਹੋਏ ਪਰ ਕੇਸ ਨਹੀਂ ਮੁੰਨਣ ਦਿੱਤੇ। ਏਹੀ ਅਰਦਾਸ ਸਿੱਖ ਕਰਦੇ ਰਹੇ :-

'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।'

ਗੁਰਬਿਲਾਸ ਪਾਤਸ਼ਾਹੀ ੧੦ ਵਿਚ ਭਾਈ ਸੁੱਖਾ ਸਿੰਘ ਜੀ ਲਿਖਦੇ ਹਨ ਕਿ ਦਸਵੇਂ ਪਾਤਸ਼ਾਹ ਦਾ ਹੁਕਮ ਹੈ ਕਿ ਜੋ ਬਿਨਾਂ ਕੇਸਾਂ ਤੇ ਕ੍ਰਿਪਾਨ ਤੋਂ ਹੋਣ ਉਹਨਾਂ ਨੂੰ ਦਰਸ਼ਨ ਨਹੀਂ ਦੇਣਗੇ-

ਤਾਂ ਬਹਾਵਲਪੁਰ ਦਾ ਉੱਚ ਦਾ ਪੀਰ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਸਿੱਖੀ ਅਸੂਲਾਂ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸ ਨੇ ਆਪਣੇ ਸਰੀਰ ਤੋਂ ਰੋਮ ਕਟਾਉਣੇ ਪਾਪ ਸਮਝਿਆ। ਹੁਣ ਤੱਕ ਉਸ ਗੱਦੀ ਦੇ ਪੀਰ ਆਪਣੇ ਸਰੀਰ ਦੇ ਕਿਸੇ ਵੀ ਅੰਗ ਤੋਂ ਰੋਮਾਂ ਦੀ ਬੇਅਦਬੀ ਨਹੀਂ ਕਰਦੇ। ਲਬਾਂ ਕਟਾਉਣਾ ਜੋ ਮੁਸਲਮਾਨੀ ਸ਼ਰ੍ਹਾ ਮੁਤਾਬਕ ਹੈ ਉਸ ਦੀ ਉੱਕਾ ਪ੍ਰਵਾਹ ਨਹੀਂ ਕਰਦੇ। ਉਹ ਹਰ ਰੋਜ਼ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਦੇ ਹਨ।

ਮੱਕੇ ਵਿਚ ਕਾਜ਼ੀ ਰੁਕਨਦੀਨ ਨਾਲ ਚਰਚਾ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਨੂੰ ਸਮਝਾਂਦਿਆਂ ਕਿਹਾ—

'ਸਾਬਤ ਸੁਰਤ ਰੱਬ ਦੀ ਭੰਨੇ ਬੇਈਮਾਨ।
ਦਰਗਹਿ ਢੋਈ ਨ ਮਿਲੈ ਕਾਫਰ ਕੁੱਤਾ ਸ਼ੈਤਾਨ।'

'ਸਾਬਤ ਸੂਰਤ ਰੱਬ ਬਣਾਈ। ਬੇਈਮਾਨ ਨੇ ਭੰਨ ਗਵਾਈ।'

(ਜਨਮ ਸਾਖੀ)

ਸਤਿਗੁਰਾਂ ਨੇ ਕੇਸਾਧਾਰੀ ਹੋਣ ਤੇ ਉਚੇਚਾ ਜ਼ੋਰ ਦਿੱਤਾ ਅਤੇ ਗੁਲਾਮੀ ਦੀ ਨਿਸ਼ਾਨੀ ਟੋਪੀ ਲੁਹਾ ਕੇ ਸਿੱਖਾਂ ਦੇ ਸਿਰ ਦਸਤਾਰ ਸਜਾਈ। ਪਹਿਲਾਂ ਤੁਰਕੀ ਸਭਿਆਚਾਰ ਵਿਚ ਕੇਸ ਦਾੜ੍ਹੀ ਰੱਖਣ ਦਾ ਵਿਸ਼ੇਸ਼ ਗੌਰਵ ਸੀ ਅਤੇ ਉਹ ਇਹ ਗੌਰਵ ਗੁਲਾਮ ਹਿੰਦੂਆਂ ਵਿਚ ਵੇਖਣਾ ਪਸੰਦ ਨਹੀਂ ਸਨ ਕਰਦੇ। ਇਸ ਕਰ ਕੇ ਮੁਸਲਮ ਬਾਦਸ਼ਾਹਾਂ ਨੇ ਉਚੇਚੇ ਹੁਕਮ ਜਾਰੀ ਕੀਤੇ :- 'ਹਿੰਦੂ ਦਾੜ੍ਹਾਂ ਮੁਨਾ ਕੇ ਰੱਖਣ, ਪੱਗ ਦੀ ਥਾਂ ਟੋਪੀ ਲੈਣ, ਘੋੜ-ਸਵਾਰੀ ਨਾ ਕਰਨ, ਸ਼ਸਤਰ ਨਾ ਰੱਖਣ, ਕਿਸੇ ਉਚੇਰੀ ਗੱਲੋਂ ਮੋਮਨਾਂ ਦੀ ਰੀਸ ਨਾ ਕਰਨ ਅਤੇ ਪੰਜ ਫੁੱਟ ਤੋਂ ਉੱਚਾ ਕੋਈ ਤਖ਼ਤ ਨਾ ਬਣਾਵੇ। ਤਮਾਮ ਹਿੰਦੂ, ਮੁਨਸ਼ੀ ਮੁਸੱਦੀਆਂ ਨੂੰ ਕੇਸ ਦਾੜ੍ਹੀ ਮੁਨਾ ਦੇਣੇ ਚਾਹੀਦੇ ਹਨ।'

ਪਰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਐਨ ਇਸ ਦੇ ਉਲਟ ਪੰਜ ਫੁੱਟ ਦੀ ਬਜਾਏ ਸੱਤ ਫੁੱਟ ਉੱਚਾ ਸ੍ਰੀ ਅਕਾਲ ਤਖ਼ਤ ਇਸੇ ਕਰ ਕੇ ਰਚਿਆ। ਇਕ ਦੀ ਬਜਾਏ ਮੀਰੀ ਤੇ ਪੀਰੀ ਦੀਆਂ ਦੋ 'ਸ੍ਰੀ ਸਾਹਿਬਾਂ' ਪਹਿਨੀਆਂ। ਘੋੜਿਆਂ ਤੇ ਹੀ ਸਵਾਰੀ ਕੀਤੀ ਤੇ ਫ਼ੌਜ ਬਣਾਈ, ਇਕ ਦੀ ਥਾਂ ਦੋਨਾਲੀਆਂ ਤੀਨਾਲੀਆਂ ਦਸਤਾਰਾਂ ਸਜਾਈਆਂ, ਸੀਸ ਤੇ ਕਲਗੀ ਤੋੜਾ, ਧੌਂਸੇ ਨਗਾਰੇ, ਅਤੇ ਗੁਰੂ ਘਰ ਦੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜੋ ਕਿ ਸ੍ਵੈ-ਸੁਤੰਤਰਤਾ ਦੇ ਚਿੰਨ੍ਹ ਹਨ।

'ਹੇ ਗੁਰੂ ਨਾਨਕ ਸ਼ਾਹ ਜੀ! ਸੁਣਨਾ ਕਰੋ, ਤੁਸੀਂ ਹਿੰਦੂ ਮੁਸਲਮਾਨ ਦੋਵਾਂ ਨੂੰ ਝੂਠਾ ਕਰ ਦਿੱਤਾ ਹੈ।

ਗੁਰੂ ਨਾਨਕ ਜੀ :–

'ਆਖੀ ਨਾਨਕ ਸ਼ਾਹ ਸਚ, ਸੁਣਹੁ ਬਹਾਓਦੀਨ ਪੀਰ ॥
ਹਿੰਦੂ ਮੁਸਲਮਾਨ ਦੁਇ ਸਿਰ ਗੰਮ ਥੀਏ ਜ਼ਹੀਰ ॥'

ਪੀਰ ਬਹਾਓਦੀਨ ਸੁਣੋ! ਅਸੀਂ ਸੱਚ ਕਹਿੰਦੇ ਹਾਂ ਕਿ ਹਿੰਦੂ ਤੇ ਮੁਸਲਮਾਨ ਦੋਵੇਂ ਕੇਸ ਮੁਨਾ ਕੇ ਜ਼ਹੀਰ (ਦੁਖੀ) ਹੋ ਰਹੇ ਹਨ।

ਬਹਾਓਦੀਨ–'ਬਾਝੋਂ ਰਾਹ ਸ਼ਰੀਅਤੇ, ਕਦੇ ਪਾਕ ਨਾ ਹੋਇ ॥
ਬਾਝੋਂ ਸੁੰਨਤ ਆਦਮੀ, ਦਰਗਹ ਲਬੇ ਨ ਢੋਇ ॥'

ਸ਼ਰ੍ਹਾ ਦੇ ਰਸਤੇ ਤੋਂ ਬਿਨਾਂ ਮਨੁੱਖ ਕਦੇ ਪਵਿੱਤਰ ਨਹੀਂ ਹੋ ਸਕਦਾ ਅਤੇ ਸੁੰਨਤ ਕਰਾਏ ਬਿਨਾਂ ਆਦਮੀ ਨੂੰ ਖ਼ੁਦਾ ਦੀ ਦਰਗਾਹ ਵਿਚ ਢੋਈ ਨਹੀਂ ਮਿਲੇਗੀ।

ਗੁਰੂ ਨਾਨਕ ਜੀ :–

'ਸੱਚੀ ਸੁੰਨਤ ਰੱਬ ਦੀ, ਮੂਏ ਲੈ ਆਇਆ ਨਾਲ।
ਜੋ ਰੱਖੇ ਮੂਏ ਅਮਾਨਤੀ, ਸੋ ਖਾਸਾ ਬੰਦਾ ਘਾਲ।
ਫਿਰ ਗਿਆ ਦਰਗਾਹ ਵਿਚ, ਅੱਗੇ ਰੱਖ ਨੀਸ਼ਾਨ।
ਹੋਰ ਦਰਗਾਹ ਢੋਈ ਨ ਲਹਨ, ਜੋ ਰਾਣੇ ਸ਼ੈਤਾਨ।
ਅੱਵਲ ਸੁਨਤ ਮੂਏ ਹੈ, ਸਿਰ ਤੇ ਰਖੈ ਜੋਇ।
ਪਾਵੈ ਮਰਾਤਵ ਸਯਦੀ, ਵੱਡਾ ਰਖੀਸ਼ਰ ਹੋਇ।
ਰੱਖੇ, ਮੂਏ ਹਲਾਲ ਖਾਏ, ਨਿਕਟ ਹਰਾਮ ਨ ਜਾਇ।
ਸਭ ਜਹਾਨ ਦੀ ਕੀ ਚੱਲੇ, ਤਿਸਤੇ ਡਰੇ ਖੁਦਾਇ।'

ਮਨੁੱਖ ਪ੍ਰਮੇਸ਼ਰ ਦੀ ਸੱਚੀ ਸੁੰਨਤ (ਮੂਏ) ਕੇਸ ਨਾਲ ਲੈ ਕੇ ਆਇਆ ਹੈ ਜੋ ਇਨ੍ਹਾਂ ਨੂੰ ਅਮਾਨਤ ਸਮਝ ਕੇ ਸੰਭਾਲ ਕੇ ਰੱਖਦਾ ਹੈ, ਉਹ ਮਨੁੱਖ ਚੰਗੀ ਕਮਾਈ ਵਾਲਾ ਹੈ। ਪਹਿਲੀ ਸੁੰਨਤ ਕੇਸ ਹਨ ਜੋ ਸਿਰ ਤੇ ਰੱਖੇ ਹਨ। ਜਿਸ ਕਰਕੇ ਸਰਦਾਰੀ ਦਾ ਦਰਜਾ ਪਾਈਦਾ ਹੈ ਅਤੇ ਵੱਡਾ ਰਿਖੀਸ਼ਰ ਹੋਈਦਾ ਹੈ। ਕੇਸ ਰੱਖੇ ਤੇ ਧਰਮ ਦੀ ਕਿਰਤ ਕਰਕੇ ਖਾਵੇ। ਹਰਾਮ ਦੀ ਕਮਾਈ ਦੇ ਨੇੜੇ ਨਾ ਜਾਵੇ। ਦੁਨੀਆਂ ਦੀ ਕੀ ਗੱਲ ਉਸ ਤੋਂ ਪ੍ਰਮਾਤਮਾ ਵੀ ਡਰਦਾ ਹੈ?

ਦੁਨੀਆਂ ਨੂੰ ਤਾਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਮੱਕੇ ਗਏ

ਨੂੰ ਬੇ-ਧਰਮਾ ਕਿਹਾ ਗਿਆ ਹੈ–

'ਮੇਟ ਰਜਾਇ ਜੋ ਸੀਸ ਮੁਡਾਵੈ । ਕਹੁ ਤੇ ਜਗ ਕੈਸੇ ਹਰਿ ਪਾਵੈ ।'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਗੁਰਬਾਣੀ ਵਿਚ ਭਾਣਾ ਮੰਨਣ ਦਾ ਬਹੁਤ ਜ਼ਰੂਰੀ ਉਪਦੇਸ਼ ਵੀ ਗੁਰਸਿੱਖ ਨੂੰ ਦਿੱਤਾ ਗਿਆ ਹੈ :–

'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥' (੬੦੧)

ਸਿੱਖ ਇਤਿਹਾਸ ਦੇ ਰੱਤ ਰੰਗੜੇ ਪੰਨੇ ਸਾਖੀ ਹਨ ਕਿ ਕਿਸ ਪ੍ਰਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਚੌਂਕੜਾ ਲਾ ਕੇ ਵੀ ਭਾਣਾ ਮੰਨਣ ਦਾ ਉਪਦੇਸ਼ ਦਿੱਤਾ :–

'ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕ ਮਾਂਗੈ ॥' (੩੯੪)

'ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥' (੧੮੭)

ਕੇਸ ਵੀ ਅਕਾਲ ਪੁਰਖ ਦੀ ਬਖ਼ਸ਼ਿਸ਼ ਹਨ । ਇਹਨਾਂ ਦੇ ਧਾਰਨੀ ਹੋਣਾ ਵਾਹਿਗੁਰੂ ਦੇ ਭਾਣੇ ਵਿਚ ਰਹਿਣਾ ਹੈ । ਕੇਸਾਂ ਦੀ ਬੇਅਦਬੀ ਪਰਮਾਤਮਾ ਦੀ ਬਖਸ਼ੀ ਅਮਾਨਤ ਵਿਚ ਖਿਆਨਤ ਹੈ–ਉਸ ਵਲੋਂ ਬੇਮੁੱਖਤਾ ਹੈ ।

ਖਾਲਸੇ ਦੇ ਜਨਮ ਅਸਥਾਨ ਨੂੰ 'ਕੇਸਗੜ੍ਹ ਸਾਹਿਬ' ਦਾ ਨਾਮ ਦੇਣਾ ਗੁਰਸਿੱਖੀ ਦੀ ਨੀਂਹ ਹੋਰ ਮਜ਼ਬੂਤ ਕਰਨਾ ਹੈ ਭਾਵ ਇਹੀ ਹੈ ਕਿ ਹਰੇਕ ਸਿੰਘ ਕੇਸ ਦਾੜ੍ਹੇ ਦਾ ਜ਼ਰੂਰ ਧਾਰਨੀ ਹੋਵੇ । ਏਸ ਦ੍ਰਿੜ੍ਹਤਾ ਦਾ ਸਦਕਾ ਹੀ ਭਾਈ ਤਾਰੂ ਸਿੰਘ ਜਿਹੇ ਜੋਧੇ ਖੋਪਰੇ ਲਹਾ ਗਏ, ਭਾਈ ਮਨੀ ਸਿੰਘ ਵਰਗੇ ਸੂਰਬੀਰ ਬੰਦ ਬੰਦ ਕਟਵਾ ਗਏ ਪਰ 'ਕੇਸਗੜ੍ਹ' ਵੱਲ ਕਿਸੇ ਨੂੰ ਕੈਰੀ ਅੱਖ ਨਾ ਕਰਨ ਦਿੱਤੀ ।

ਮੱਕੇ ਵਿਚ ਸਤਿਗੁਰੂ ਨਾਨਕ ਦੇਵ ਜੀ ਨਾਲ ਚਰਚਾ ਕਰਦਿਆਂ ਪੀਰ ਬਹਾਓਦੀਨ ਨੇ ਪ੍ਰਸ਼ਨ ਕੀਤਾ :–

'ਆਖਹਿ ਪੀਰ ਬਹਾਓਦੀਨ ਸੁਣ ਹੋ ਨਾਨਕ ਸ਼ਾਹਿ ॥
ਹਿੰਦੂ ਮੁਸਲਮਾਨ ਦੁਇ ਦਿੱਤੇ ਨੀ ਮੁਢਹੁ ਉਠਾਇ ॥'

'ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥'
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥' (੧੩੭੬)

ਸੋ ਕੇਸ ਰੱਖ ਕੇ ਵਾਹਿਗੁਰੂ ਨੂੰ ਸ੍ਵਾਸ ਸ੍ਵਾਸ ਯਾਦ ਕਰ ਕੇ ਉਸ ਨੂੰ ਪ੍ਰਾਪਤ ਕਰ ਸਕੀਦਾ ਹੈ। ਜਦੋਂ ਸਰਗੁਣ ਸਰੂਪ ਪ੍ਰਗਟ ਹੋ ਗਿਆ ਤਾਂ ਵਾਚ ਅਰਥ ਦਾ ਤਿਆਗ ਕਰ ਕੇ ਨਿਰਗੁਣ ਸਰੂਪ ਦੀ ਲਖਤਾ ਵੀ ਹੋ ਜਾਵੇਗੀ।

ਦੁਨੀਆਂ ਵਿਚ ਹਰ ਮਨੁੱਖ ਆਪਣੇ ਪਿਆਰੇ ਦੇ ਸਤਿਕਾਰ ਕਰਨ ਲਈ ਚਾਅ ਨਾਲ ਆਪਣੀ ਸਭ ਤੋਂ ਕੀਮਤੀ ਚੀਜ਼ ਪੇਸ਼ ਕਰਦਾ ਹੈ ਪਰ ਸਤਿਗੁਰਾਂ ਨੇ ਰੱਬ ਦੇ ਪਿਆਰੇ, ਸਾਧੂਆਂ, ਸੰਤਾਂ ਦੀ ਸੇਵਾ ਕਰਨ ਲਈ ਸਭ ਤੋਂ ਉਚਤਮ ਵਸਤੂ ਕੇਸਾਂ ਨਾਲ ਆਦਰ ਤੇ ਸਤਿਕਾਰ ਕਰਨਾ ਚੰਗਾ ਸਮਝਿਆ :-

'ਦਹਲ ਕਹਉ ਤੇਰੇ ਦਾਸ ਕੀ ਪਗ ਝਾਰਉ ਘਾਲ ॥' (੮੭੦)
'ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥' (੫੦੦)
'ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥'(੯੬੯)
'ਕੇਸਾ ਕਾ ਕਰਿ ਖੀਸਨਾ ਸੰਤ ਚੌਰੁ ਢੁਲਾਵਉ ॥ (੭੪੫)
'ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥' (੭੪੯)

ਜੇ ਕੇਸ ਹੋਣਗੇ ਤਾਂ ਹੀ ਇਹ ਸੱਧਰ ਪੂਰੀ ਹੋਵੇਗੀ ਐਵੇਂ ਨਹੀਂ।

(ੳ) ਗੁਰਮਤਿ ਵਿਚ ਕੇਸਾਂ ਦੀ ਮਹਾਨਤਾ

ਸਿੱਖ ਧਰਮ ਵਿਚ-

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'(੧)

ਦੇ ਸਿਧਾਂਤ ਦੀ ਸਰਬੋਤਮ ਵਡਿਆਈ ਹੈ। ਗੁਰਮਤਿ ਵਿਚ ਕੇਸਾਧਾਰੀ ਜਾਂ ਸਾਬਤ ਸੂਰਤ ਰਹਿਣਾ ਸਤਿਗੁਰੂ ਜੀ ਦਾ ਹੁਕਮ ਹੈ। ਸਿੱਖੀ ਅਤੇ ਕੇਸਾਂ ਦਾ ਰਿਸ਼ਤਾ ਆਤਮਾ ਤੇ ਸਰੀਰ ਵਾਲਾ ਹੈ। ਕੇਸ ਗੁਰਸਿੱਖੀ ਦੀ ਨੀਂਹ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਵੀ ਗੁਰਸਿੱਖ ਨੂੰ :-

'ਸਾਬਤ ਸੂਰਤਿ ਦਸਤਾਰ ਸਿਰਾ ॥' (੧੦੮੪)

ਵਾਲਾ ਸਰੂਪ ਧਾਰਨ ਦਾ ਆਦੇਸ਼ ਦਿੱਤਾ ਗਿਆ ਹੈ। ਕੇਸਾ ਜਾਂ ਰੋਮਾ ਦੀ ਬੇਅਦਬੀ ਕਰਨ ਵਾਲੇ ਅਰਥਾਤ ਸਾਬਤ ਸੂਰਤ ਭੰਨਣ ਤੋੜਨ ਵਾਲੇ

'ਨਿਹਕੰਟਕੁ ਨਿਹਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥
ਮਿਰਤ ਲੋਕ ਪਇਆਲ ਸਮੀਪਤ ਅਮਖਿਰ ਥਾਨੁ ਜਿਸ ਹੈ ਅਭਗਾ ॥'
(੧੦੮੩)

'ਨਿਰੰਕਾਰੁ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗੁ ਮਉਲੋ ॥' (੧੦੮੩)

'ਨਿਰਾਹਾਰੀ ਨਿਰਵੈਰੁ ਸਮਾਇਆ ॥' (੧੦੮੨)

ਇਹ ਨਿਰਗੁਣ ਦਾ ਕਥਨ ਹੈ ਥੱਲੇ ਸਰਗੁਣ ਬਾਰੇ ਫੁਰਮਾਉਂਦੇ ਹਨ :–

'ਧਾਰਿ ਖੇਲੁ ਚਤੁਰਭੁਜੁ ਕਹਾਇਆ ॥
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥' (੧੦੮੨)

ਸਗੋਂ ਸਰਗੁਣ ਸਰੂਪ ਦੇ ਅੰਗ ਪ੍ਰਤੰਗ ਦੱਸਦਿਆਂ ਕੇਸਾਂ ਦੀ ਉਪਮਾ ਹਰੇਕ ਥਾਂ ਹੀ ਕੀਤੀ ਹੈ–

'ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ ਵਾਲਾ ॥' (੫੬੭)

'ਨਿਰਾਹਾਰੀ ਕੇਸਵ ਨਿਰਵੈਰਾ ॥' (੬੮)

ਵਾਹਿਗੁਰੂ ਆਹਾਰ ਰਹਿਤ ਨਿਰਵੈਰ ਪਰ ਕੇਸਾਂ ਵਾਲਾ ਹੈ। ਭਗਤਾਂ ਨੂੰ ਵੀ ਕੇਸਾਧਾਰੀ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਹਨ–

'ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥' (੧੧੬੭)

'ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥' (੧੦੮੨)

ਇਕ ਚਿੰਨ੍ਹ ਦੇ ਚੇਤੇ ਆਉਣ ਤੋਂ ਸਾਰਾ ਸਰੂਪ ਹੀ ਯਾਦ ਆ ਜਾਂਦਾ ਹੈ ਜਿਵੇਂ ਮੁਰਲੀ ਮਨੋਹਰ ਬੰਸਰੀ ਵਾਲਾ ਕਹਿਣ ਤੋਂ ਉਸੇ ਵੇਲੇ ਜੂੜੇ ਵਾਲੇ ਕ੍ਰਿਸ਼ਨ ਭਗਵਾਨ ਜੀ ਦੀ ਯਾਦ ਆ ਜਾਂਦੀ ਹੈ। ਏਸੇ ਤਰ੍ਹਾਂ ਕਲਗੀਆਂ ਵਾਲੇ ਕਹਿਣ ਤੋਂ ਝੱਟ ਹੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਸੋਹਣਾ ਦਾੜ੍ਹੇ ਕੇਸਾਂ ਵਾਲਾ ਸਜਿਆ ਧਜਿਆ ਸਰੂਪ ਸਾਹਮਣੇ ਆ ਜਾਂਦਾ ਹੈ। ਏਵੇਂ ਕੇਸਵ ਦਾ ਨਾਮ ਸੁਣਕੇ ਪ੍ਰਮੇਸ਼ਰ ਚੇਤੇ ਆ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਕੇਸਾਧਾਰੀ ਹੋਣ ਕਰ ਕੇ ਉਸ ਦਾ ਨਾਮ 'ਕੇਸਵ' ਪਿਆ ਹੈ। ਉਸ ਨੂੰ ਮਿਲਣ ਵਾਸਤੇ ਕੇਸੋ ਵਰਗੀ ਹੀ ਸ਼ਕਲ ਸੂਰਤ ਬਣੌਣੀ ਪਵੇਗੀ ਤੇ ਉਸ ਨੂੰ ਹਰ ਵੇਲੇ ਚੇਤੇ ਕਰਨ ਤੋਂ ਹੀ ਉਹ ਮਿਲੇਗਾ।

ਵਾਂਗ ਹਨ। ਜੈਸਾ ਕਿ ਕਾਲੇ ਕੇਸ ਜਵਾਨੀ ਦੀ ਨਿਸ਼ਾਨੀ ਹਨ। ਕੇਸਾਂ ਦਾ ਸਫੈਦ ਹੋਣਾ ਜੀਵਨ ਪੰਧ ਦੀ ਅਖੀਰਲੀ ਮੰਜ਼ਲ ਦਾ ਸੰਕੇਤ ਹੈ। ਕੇਸ ਮਰਦਾਨਗੀ ਨੂੰ ਪ੍ਰਗਟਾਉਂਦੇ ਹਨ। ਕੇਸ ਭਾਵੇਂ ਸਰੀਰ ਤੇ ਹੋਣ ਭਾਵੇਂ ਮੁੱਖ ਤੇ, ਮਨੁੱਖੀ ਸ਼ਖ਼ਸੀਅਤ ਦਾ ਰੂਹਾਨੀ ਨਿਖਾਰ ਹਨ।

ਕੇਸ ਸਾਂਝੀਵਾਲਤਾ ਦੀ ਹਾਮੀ ਭਰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਕੇਸਾਧਾਰੀ ਪੁੱਤ ਕੇਵਲ ਇਕ ਕੇਸਾਧਾਰੀ ਪ੍ਰਮਾਤਮਾ ਦੀ ਪੂਜਾ, ਕੇਵਲ ਇਕ ਹੀ ਕੁਦਰਤੀ ਰੂਪ ਵਿਚ ਇਕੱਤ੍ਰ ਕਰਨ ਦਾ ਸੱਦਾ ਦਿੰਦਾ ਹੈ।

'ਸਾਬਤੁ ਸੂਰਤਿ ਦਸਤਾਰ ਸਿਰਾ ॥' (੧੦੮੪)

ਦਾ ਆਦਰਸ਼ ਸਭ ਨੂੰ ਇਕੋ ਸਰੂਪ ਧਾਰਨ ਕਰਨ ਅਤੇ ਸਭ ਨੂੰ ਇਕੋ ਜਿਹੀ ਜੀਵਨ-ਜਾਚ ਜਲਾਉਣ ਦਾ ਇਕ ਸਰਵੋਤਮ ਉਪਦੇਸ਼ ਹੈ।

ਖਾਲਸਾ ਸਜਦਾ ਹੀ ਕੇਸਾਂ ਨਾਲ ਹੈ। ਕੇਸ ਮਨੁੱਖ ਦਾ ਤਾਜ ਹਨ-ਕੇਸਾਂ ਨਾਲ ਹੀ ਮਨੁੱਖ ਸੋਭਨੀਕ,ਚੰਗੇ ਪ੍ਰਭਾਉ ਵਾਲਾ ਅਤੇ ਰੋਅਬ ਵਾਲਾ ਬਣਦਾ ਹੈ। ਜਿਵੇਂ ਰਾਜੇ ਮਹਾਰਾਜਿਆਂ ਨੂੰ ਤਾਜ ਪਹਿਨਣ ਕਰਕੇ ਵੱਡੇ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਇਵੇਂ ਖਾਲਸੇ ਨੂੰ ਕੇਸਾਂ ਰੂਪੀ ਤਾਜ ਹੋਣ ਕਰ ਕੇ 'ਸਰਦਾਰੀ' ਦੀ ਉੱਚੀ ਪਦਵੀ ਪ੍ਰਾਪਤ ਹੈ। ਗੁਰੂ ਕਾ ਸਿੱਖ (ਦਾੜ੍ਹੇ, ਕੇਸ, ਦਸਤਾਰ ਵਾਲਾ) ਭਾਵੇਂ ਕਿੰਨਾਂ ਵੀ ਨਿਰਧਨ ਜਾਂ ਕਮਜ਼ੋਰ ਹੋਵੇ ਫਿਰ ਵੀ ਉਸ ਨੂੰ ਹਰ ਕੋਈ 'ਸਰਦਾਰ ਜੀ' ਕਹਿ ਕੇ ਸਤਿਕਾਰਦਾ ਹੈ। ਇਹ ਸਰਦਾਰੀਆਂ ਦਸਵੇਂ ਪਾਤਸ਼ਾਹ ਜੀ ਨੇ ਸਰਬੰਸ ਵਾਰ ਕੇ ਅਤੇ ਅਨੇਕ ਸਿੰਘਾਂ ਨੇ ਕੁਰਬਾਨੀਆਂ ਕਰ ਕੇ ਸਾਨੂੰ ਬਖ਼ਸ਼ੀਆ ਜਿਨ੍ਹਾਂ ਨੂੰ ਸਾਭ ਕੇ ਰੱਖਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ।

ਗੁਰੂ ਘਰ ਵਿਚ ਨਿਰਗੁਣ ਤੇ ਸਰਗੁਣ ਦੀ ਏਕਤਾ ਹੈ-ਗੁਰਬਾਣੀ ਵਿਚ ਦੋਹਾਂ ਦੀ ਅਭੇਦਤਾ ਹੈ।

'ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾਧਾਰਿ ਜਿਨਿ ਸਗਲੀ ਮੋਹੀ ॥' (੨੮੭)

'ਨਿਰਗੁਣ ਤੇ ਸਰਗੁਣੁ ਥੀਆ ॥' (੯੪੦)

ਜਿਵੇਂ ਮੂਲਮੰਤ੍ਰ ਵਿਚ ਦੋਹਾਂ ਸਰੂਪਾਂ ਦਾ ਇਕੱਠਾ ਹੀ ਵਰਣਨ ਕੀਤਾ ਹੈ। ਹੋਰ ਸਭ ਗੁਰਬਾਣੀ ਵਿਚ ਵੀ ਏਸ ਤਰ੍ਹਾਂ ਹੀ ਹੈ :-

ਉੱਪਰ ਦੀ ਨਹੀਂ ਲੰਘਣਾ ਚਾਹੀਦਾ। ਕੇਸੀਂ ਇਸ਼ਨਾਨ ਕਰਦੇ ਸਮੇਂ ਕ੍ਰਿਪਾਨ ਕਮਰਕੱਸੇ ਨਾਲ ਅਤੇ ਪਿੰਡੇ ਇਸ਼ਨਾਨ ਕਰਦੇ ਸਮੇਂ ਸੀਸ ਤੇ ਸਜਾਉਣੀ ਚਾਹੀਦੀ ਹੈ। ਕ੍ਰਿਪਾਨ ਦੇ ਨਾਲ ਸਬਜ਼ੀ ਆਦਿਕ ਚੀਰਨਾ ਜਾਂ ਹੋਰ ਕਿਸੇ ਕੰਮ ਲਈ ਵਰਤਣਾ ਇਸ ਦੇ ਸਤਿਕਾਰ ਵਿਚ ਫਰਕ ਪਾਉਣਾ ਹੈ। ਕ੍ਰਿਪਾਨ ਕੇਵਲ ਕੜਾਹ ਪ੍ਰਸ਼ਾਦਿ ਅਤੇ ਲੰਗਰ ਨੂੰ ਭੋਗ ਲਵਾਉਣ ਵਾਸਤੇ ਅਤੇ ਜ਼ੁਲਮ ਦਾ ਨਾਸ ਕਰਨ ਵਾਸਤੇ ਸਰੀਰ ਦੀ ਰੱਖਿਆ ਲਈ ਢਾਲ ਦੇ ਤੌਰ ਤੇ ਵਰਤੀ ਜਾ ਸਕਦੀ ਹੈ।

੪. ਕੇਸ

ਕੇਸ ਸ਼ਬਦ ਵੀ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆਂ ਹੈ। 'ਕੇ' ਦਾ ਭਾਵ 'ਸਿਰ' ਅਤੇ 'ਸ' ਦਾ ਭਾਵ 'ਸੁੰਦਰਤਾ' ਸਿਰ ਦੀ ਸੁੰਦਰਤਾ ਨੂੰ ਵਧਾਉਣ ਵਾਲੇ ਵਾਹਿਗੁਰੂ ਵਲੋਂ ਬਖ਼ਸ਼ੇ ਹੋਏ ਤਾਜ ਨੂੰ ਕੇਸਾਂ ਦੇ ਨਾਮ ਨਾਲ ਸਤਿਕਾਰਿਆ ਜਾਂਦਾ ਹੈ। ਕੇਸ ਆਪਣੇ ਵਲੋਂ ਬਣਾਈ ਕੋਈ ਚੀਜ਼ ਨਹੀਂ, ਸਗੋਂ ਉਸ ਵਾਹਿਗੁਰੂ ਵਲੋਂ ਸਰੀਰ ਦੀ ਸਜਾਵਟ ਅਤੇ ਸਰੀਰ ਦੀ ਹੋਂਦ ਨੂੰ ਕਾਇਮ ਰੱਖਣ ਵਾਸਤੇ ਵਿਗਿਆਨਕ ਤੌਰ ਤੇ ਬਹੁਤ ਹੀ ਲਾਭਦਾਇਕ ਹਨ। ਵਾਹਿਗੁਰੂ ਨੇ ਸਾਨੂੰ ਆਪਣੇ ਵਰਗਾ ਬਣਾਇਆ ਹੈ। ਪ੍ਰਮੇਸ਼ਰ ਵੀ ਕੇਸਾਧਾਰੀ ਹੈ।

'ਨਿਰਾਹਾਰੀ ਕੇਸਵ ਨਿਰਵੈਰਾ ॥' (੯੮)

'ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥' (੧੧੬੭)

ਜਿੰਨੇ ਪੀਰ, ਪੈਗੰਬਰ, ਅਵਤਾਰ, ਰਿਖੀ, ਮੁਨੀ, ਤਪੱਸਵੀ, ਆਚਾਰਯ ਹੋਏ ਹਨ, ਸਭ ਕੇਸਾਧਾਰੀ ਹੋਏ ਹਨ। ਇਹ ਪ੍ਰਮੇਸ਼ਰ ਦੀ ਬਖ਼ਸ਼ਿਸ਼ ਤੇ ਉਸ ਦੇ ਹੁਕਮ ਨਾਲ ਦਾਤ ਮਿਲੀ ਹੈ। ਕੇਸਾਂ ਦੀ ਬੇਅਦਬੀ ਜਾਂ ਵਿਗਾੜਨਾ ਪ੍ਰਮੇਸ਼ਰ ਦੇ ਹੁਕਮ ਦੀ ਅਦੂਲੀ ਕਰਨਾ ਹੈ।

'ਸਾਬਤ ਸੂਰਤਿ ਦਸਤਾਰ ਸਿਰਾ ॥' (੧੦੮੪)

ਸਿਰ ਤੋਂ ਲੈਕੇ ਪੈਰਾਂ ਤੱਕ ਸਾਰੇ ਸਰੀਰ ਨੂੰ ਸਾਬਤ ਰੱਖਣਾ। ਭਾਵ ਅਕਾਲ ਪੁਰਖ ਵਲੋਂ ਬਖਸ਼ੇ ਕੇਸਾਂ ਨੂੰ ਕਾਇਮ ਰੱਖਿਆ ਜਾਵੇ ਇਹਨਾਂ ਦਾ ਅਦਬ ਅਤੇ ਸਤਿਕਾਰ ਕਰਨ ਲਈ ਸੋਹਣੀ ਦਸਤਾਰ (ਪੱਗ) ਸਜਾਈ ਜਾਵੇ।

ਕੇਸ ਸਰੀਰ ਦੇ ਬਾਕੀ ਅੰਗਾਂ ਵਾਂਗ ਵਧਦੇ ਫੁਲਦੇ, ਠੰਢ ਜਾਂ ਗਰਮੀ ਨੂੰ ਮਹਿਸੂਸ ਕਰਦੇ ਹਨ। ਮਨੁੱਖੀ ਜੀਵਨ ਪੰਧ ਵਿਚ ਇਹ ਮੀਲ ਪੱਥਰਾਂ

'ਜੋ ਸਿਖ ਹਥੀਆਰ ਬੰਧਿਕੈ ਦਰਸਨਿ ਆਵੈਗਾ,
ਸੋ ਨਿਹਾਲ ਹੋਗੁ। ਹੁਕਮ ਹੈ।'

ਭਾਈ ਨੰਦ ਲਾਲ ਸਿੰਘ ਜੀ ਤਨਖਾਹਨਾਮੇ ਵਿਚ ਲਿਖਦੇ ਹਨ ਕਿ–

'ਖਾਲਸਾ ਸੋਇ ਜੋ ਚੜ੍ਹਹਿ ਤੁਰੰਗ। ਖਾਲਸਾ ਸੋ ਜੋ ਕਰੈ ਨਿਤ ਜੰਗ।'
'ਖਾਲਸਾ ਸੋਇ ਸ਼ਸਤਰ ਕਉ ਧਾਰੈ। ਖਾਲਸਾ ਸੋਇ ਦੁਸ਼ਟ ਕਉ ਮਾਰੈ ॥੩੧॥'

ਇਸ ਤਰ੍ਹਾਂ ਭਾਈ ਚਉਪਾ ਸਿੰਘ ਜੀ ਛਿਬਰ ਆਪਣੇ ਰਹਿਤਨਾਮੇ ਵਿਚ ਕ੍ਰਿਪਾਨ ਦੇ ਸਤਿਕਾਰ ਸੰਬੰਧੀ ਬਹੁਤ ਸੁੰਦਰ ਲਿਖਦੇ ਹਨ ਕਿ :–

'ਗੁਰੂ ਕਾ ਸਿਖ ਸ੍ਰੀ ਸਾਹਿਬ ਦਾ ਅਦਬ ਕਰ; ਪੂਜਾ ਕਰੈ! ਆਪ ਸਾਹਿਬ ਪੂਜਾ ਕੀਤੀ ਹੈ। ਗੁਰੂ ਕਾ ਸਿਖ ਕਰਦ ਭੇਟ ਕੀਏ ਬਿਨਾ ਪ੍ਰਸ਼ਾਦਿ ਨ ਛਕੇ॥'

'ਸ਼ਸ਼ਤਰ ਹੀਨ ਕਬਹੂ ਨਹਿ ਹੋਈ, ਰਹਿਤਵੰਤ ਖਾਲਸਾ ਸੋਈ।'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

'ਮੋਰ ਬਚਨ ਸੋ ਕਰਹੁ ਪਯਾਰਾ। ਖੜਗਕੇਤੁ ਹੈ ਰੱਛਕ ਥਾਰਾ।
ਝੂਠੇ ਸਰਬ ਉਪਾਵ ਤਿਆਗਹੁ। ਸ੍ਰੀ ਅਸਿਧੁਜ ਕੀ ਚਰਨੀ ਲਾਗਹੁ।੫੦।
ਪੋਥੀ ਗ੍ਰੰਥ ਮਹਲ ਦਸ ਬਾਨੀ। ਸੋਧ ਲਹੋ ਪਦ ਜੋ ਨਿਰਬਾਨੀ।
ਸ਼ਸ਼ਤਰ ਅਸਤ੍ਰ ਸਿਮਰਹੁ ਬਰ ਬੁਧਾ। ਖਲ ਦਲ ਸਾਥ ਕਰਹੁ ਨਿਤ ਜੁੱਧਾ।੫੧।'
(ਗੁਰਬਿਲਾਸ ਪਾ: ੧੦ ਭਾਈ ਸੁਖਾ ਸਿੰਘ ਜੀ)

ਅੱਜ ਕੱਲ੍ਹ ਕਈ ਨਾਮਤਕ ਲੋਕ ਗੁਰੂ ਮਹਾਰਾਜ ਦੁਆਰਾ ਬਖ਼ਸ਼ੀ ਹੋਈ ਇਸ ਮਹਾਨ ਦਾਤ ਬਾਰੇ ਬਿਨਾ ਸਮਝੇ ਕਹਿ ਦਿੰਦੇ ਹਨ ਕਿ ਅੱਜ ਦੇ ਵਿਗਿਆਨਕ ਜੁੱਗ ਵਿਚ ਜਦੋਂ ਕਿ ਐਟਮ ਬੰਬ, ਟੈਂਕ, ਤੋਪਾਂ, ਜਹਾਜ਼ ਆਦਿਕ ਮਾਰੂ ਹਥਿਆਰ ਬਣ ਗਏ ਹਨ ਤਾਂ ਇਸ ਕ੍ਰਿਪਾਨ ਦੀ ਕੀ ਜ਼ਰੂਰਤ ਹੈ? ਉਹਨਾਂ ਨੂੰ ਏਸ ਗੱਲ ਦਾ ਪਤਾ ਨਹੀਂ ਕਿ ਜਦੋਂ ਕਿਸੇ ਰਸਤੇ ਵਿਚ ਜਾ ਰਹੇ ਹੋਣ ਜੇ ਕੋਈ ਉਹਨਾਂ ਦੀ ਇੱਜ਼ਤ ਜਾਂ ਸਤਿਕਾਰ ਨੂੰ ਹਾਨੀ ਪਹੁੰਚਾਉਂਦਾ ਹੈ ਉਥੇ ਉਹ ਕਿਸ ਨੂੰ ਟੈਲੀਫੋਨ ਜਾਂ ਵਾਇਰਲੈਸ ਕਰ ਕੇ ਹਵਾਈ ਜਹਾਜ਼, ਟੈਂਕ ਜਾਂ ਤੋਪ ਦੀ ਮਦਦ ਲਵੇਗਾ? ਉਥੇ ਕੇਵਲ ਗੁਰੂ ਮਹਾਰਾਜ ਜੀ ਦੀ ਬਖ਼ਸ਼ੀ ਇਹ ਕ੍ਰਿਪਾਨ ਹੀ ਕੰਮ ਦੇਵੇਗੀ। ਸੋ ਕ੍ਰਿਪਾਨ ਦਾ ਸਾਨੂੰ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ। ਕਦੇ ਵੀ ਕ੍ਰਿਪਾਨ (ਸ਼ਸਤਰ) ਦੇ

ਇਕ ਹਵਨ ਰਾਹੀਂ ਨੰਗੇ ਕਰਕੇ ਰੱਖ ਦਿੱਤਾ। ਉਸ ਸਮੇਂ ਉਹਨਾਂ ਇਹ ਦੋਹਰਾ ਉਚਾਰਦਿਆਂ ਕਿਹਾ ਕਿ ਕ੍ਰਿਪਾਨ ਹੀ ਸਾਡੀ ਚੰਡੀ ਹੈ, ਜੋ ਲੋਕ ਪ੍ਰਲੋਕ ਵਿਚ ਸਾਡੀ ਰੱਖਿਆ ਕਰੇਗੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਮੀਰੀ ਪੀਰੀ ਦੀਆਂ ਦੋ ਸ੍ਰੀ ਸਾਹਿਬਾਂ ਪਹਿਨੀਆਂ। ਬਾਬਾ ਬੁੱਢਾ ਜੀ ਵਰਗੇ ਮਹਾਨ ਬ੍ਰਹਮ ਗਿਆਨੀ ਨੇ ਵੀ ਆਪਣੀ ਵਡੇਰੀ ਉਮਰ ਵਿਚ ਕ੍ਰਿਪਾਨ ਧਾਰਨ ਕੀਤੀ ਜਿਸ ਦੇ ਦਰਸ਼ਨ ਹਣ ਵੀ ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ ਸਾਹਿਬ) ਹਰ ਰੋਜ਼ ਰਾਤ ਨੂੰ ਕਰਵਾਏ ਜਾਂਦੇ ਹਨ। ਇਥੋਂ ਤੱਕ ਕਿ ਸਤਵੇਂ, ਅੱਠਵੇਂ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਸ੍ਰੀ ਸਾਹਿਬਾਂ ਧਾਰਨ ਕੀਤੀਆਂ। ਕ੍ਰਿਪਾਨ ਘੱਟ ਤੋਂ ਘੱਟ ੯ ਇੰਚ ਹੋਣੀ ਚਾਹੀਦੀ ਹੈ। ਅੱਜ ਕੱਲ੍ਹ ਭਾਵੇਂ ਕਈ ਲੋਕ ਕੇਸਾਂ ਵਿਚ ਜਾਂ ਗਲ ਵਿਚ ਪਾਗੇ ਵਿਚ ਪਾ ਕੇ ਰੱਖਦੇ ਹਨ ਪਰ ਇਹ ਗੁਰ ਮਰਯਾਦਾ ਨਹੀਂ, ਮਨਮਤ ਹੈ। ਕ੍ਰਿਪਾਨ ਕੇਵਲ ਵਿਖਾਵੇ ਜਾਂ ਦਿਲ-ਪਰਚਾਵੇ ਲਈ ਨਹੀਂ ਸਗੋਂ ਇਕ ਮਹਾਨ ਸ਼ਸਤਰ ਹੈ। ਜਿਸ ਤਰ੍ਹਾਂ ਇਕ ਸਿਪਾਹੀ ਮੈਦਾਨੇ ਜੰਗ ਵਿਚ ਅਸਲ ਬੰਦੂਕ ਦੀ ਥਾਂ ਉਹਦਾ ਚਿੱਤਰ ਲੈ ਜਾਵੇ ਤਾਂ ਉਸ ਦਾ ਉਸ ਨੂੰ ਬਿਲਕੁਲ ਕੋਈ ਲਾਭ ਨਹੀਂ ਹੋਵੇਗਾ। ਕ੍ਰਿਪਾਨ ਦਾ ਸਾਨੂੰ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ।

'ਬਿਨਾ ਸ਼ਸਤਰ ਕੇਸੰ ਨਰੂ ਭੇਡ ਜਾਨਓ॥
ਫੜੇ ਕਾਨ ਤਾ ਕੋ ਗਿਧੰਨ ਲੈ ਸਿਧਾਨੋ॥' (ਬਚਿੱਤ੍ਰ ਨਾਟਕ)

'ਖਗ ਖੰਡ ਬਿਹੰਡੰ ਮਲ ਦਲ ਮੰਡੰ ਅਤਿ ਰਣ ਮੰਡੰ ਬਰਿਮੰਡੰ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ॥
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣੰ ਜੈ ਤੇਗੰ॥'
(ਦਸਮ ੩੯)

'ਸ੍ਰੀ ਅਸਿਧੁਜ ਜਬ ਭਏ ਦਇਆਲਾ॥ (ਦਸਮ ੧੩੮੮)

'ਸ੍ਰੀ ਅਸਕੇਤ ਜਗਤ ਕੇ ਈਸਾ॥' (ਦਸਮ ੧੩੮੬)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀਆਂ ਸਿੱਖ ਸੰਗਤਾਂ ਪ੍ਰਤੀ ਹੁਕਮਨਾਮੇ ਵਿਚ ਇਉਂ ਲਿਖਦੇ ਹਨ :–

'ਸੰਗਤ ਹਥੀਆਰ ਬੰਨ ਕੇ ਦਰਸਨ ਆਵਣਾ।'

ਸਦਾ ਕਾਲ ਨੂੰ ਚੇਤੇ ਰੱਖਣਾ ਹੈ। ਕ੍ਰਿਪਾਨ ਆਪਣੀ ਰੱਖਿਆ ਵਾਸਤੇ ਢਾਲ ਦੀ ਨਿਆਈਂ ਹੈ। ਗਰੀਬਾਂ ਦੀ ਰੱਖਿਆ ਵਾਸਤੇ ਤਲਵਾਰ ਰੂਪ ਕਰ ਕੇ ਵਰਤਣੀ। ਧੀਰਜ ਅਤੇ ਖਿਮਾਂ ਧਾਰਨ ਕਰਨੀ। ਕ੍ਰਿਪਾਨ ਸਦਾ ਗਾਤਰੇ ਰੱਖਣੀ, ਕਦੇ ਵੀ ਸਰੀਰ ਤੋਂ ਦੂਰ ਨਹੀਂ ਕਰਨੀ। ਅਕਾਲ ਪੁਰਖ ਦਾ ਸ਼ਸਤਰ ਹੈ :-

ਜਾ ਕੀ ਧੁਜਾ ਬਿਖੈ ਅਸ ਸੋਹੈ॥'

ਅਸਕੇਤ ਖੜਗਕੇਤ ਅਸਿਧੁਜ ਸਭ ਪ੍ਰਮੇਸ਼ਰ ਦੇ ਨਾਮ ਹਨ।

'ਖੜਗਕੇਤ ਮੈਂ ਸਰਨਿ ਤਿਹਾਰੀ॥
ਆਪੁ ਹਾਥਿ ਦੈ ਲੇਹੁ ਉਬਾਰੀ॥' (ਦਸਮ ੧੩੮੮)

'ਕ੍ਰਿਪਾਣ ਪਾਣ ਪਾਰੀਯੰ॥ ਕਰੋਰ ਪਾਪ ਟਾਰੀਯੰ॥' (ਦਸਮ ੪੨)

ਕ੍ਰੋੜਾਂ ਪਾਪਾਂ ਨੂੰ ਟਾਲਣ ਵਾਲੀ ਕ੍ਰਿਪਾਨ ਸਦਾ ਕੋਲ ਰੱਖਣੀ ਜੋ ਕਿ ਲੋਹੇ ਦੀ ਹੋਣ ਕਰਕੇ ਗੁਪਤ ਰੂਹਾਂ ਤੋਂ ਵੀ ਰੱਖਿਆ ਕਰਦੀ ਹੈ। ਆਮ ਲੋਕ ਬੱਚੇ ਦੇ ਜੰਮਣ ਤੋਂ ਉਸ ਮੰਜੇ ਤੇ ਕ੍ਰਿਪਾਨ ਰੱਖਦੇ ਹਨ ਤਾਂ ਕਿ ਕਿਸੇ ਗੁਪਤ ਰੂਹ ਦਾ ਜਾਂ ਕਿਸੇ ਦੇ ਕੀਤੇ ਟੂਣੇ ਜਾਂ ਮੰਤ੍ਰ ਮੰਤ੍ਰ ਦਾ ਅਸਰ ਬੱਚੇ ਤੇ ਨਾ ਪਵੇ। ਗੁਰੂ ਘਰ ਵਿਚ ਤਾਂ ਗੁਰਬਾਣੀ ਦਾ ਪਾਠ ਕਰਨ ਕਰ ਕੇ ਹੀ:-

'ਤੰਤੁ ਮੰਤੁ ਨਹ ਜੋਹਈ ਤਿਹੁ ਚਾਖੁ ਨਾ ਲਾਗੈ॥' (੮੧੮)

ਪਰ ਜੇ ਉਹਨਾਂ ਦੀ ਗੱਲ ਮੰਨ ਵੀ ਲਈਏ ਤਾਂ ਫਿਰ ਕ੍ਰਿਪਾਨ ਹਰ ਸਮੇਂ ਪਹਿਰਨ ਤੋਂ ਇਹਨਾਂ ਸਾਰੀਆਂ ਦੁਰਘਟਨਾਵਾਂ ਤੋਂ ਕ੍ਰਿਪਾਨ ਸੁਤੇ ਸਿਧ ਹੀ ਬਚਾਉਂਦੀ ਹੈ ਇਸ ਵਾਸਤੇ ਕ੍ਰਿਪਾਨ ਸਾਰੀ ਉਮਰ ਰੱਖਣੀ ਬਹੁਤ ਹੀ ਜ਼ਰੂਰੀ ਹੈ। ਪ੍ਰਤੱਖ ਦੁਸ਼ਮਣਾਂ ਤੋਂ ਵੀ ਬਚਾਉਂਦੀ ਹੈ।

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕ੍ਰਿਪਾਨ ਪ੍ਰਤੀ ਏਨਾ ਪ੍ਰੇਮ, ਸ਼ਰਧਾ ਅਤੇ ਸਤਿਕਾਰ ਹੈ ਜੋ ਆਪ-ਮੁਹਾਰੇ ਉਹਨਾਂ ਦੀ ਲਿਖਤ ਵਿਚੋਂ ਫੁੱਟ ਫੁੱਟ ਪੈ ਰਿਹਾ ਹੈ। ਫੁਰਮਾਉਂਦੇ ਹਨ :-

'ਅਸ, ਕ੍ਰਿਪਾਨ, ਖੰਡੋ, ਖੜਗ, ਤੁਪਕ, ਤਬਰ, ਅਰੁ ਤੀਰ॥
ਸੈਫ, ਸਰੋਹੀ, ਸੈਹਥੀ, ਯਹੈ, ਹਮਾਰੈ ਪੀਰ॥੩॥ (ਦਸਮ ੭੧੭)

ਇਸ ਦਹਰ ਵਿਚ ਹਿੰਦੂ ਸਮਾਜ ਉੱਤੇ ਛਾਏ ਹੋਏ ਕਮਜ਼ੋਰ ਅਤੇ ਨਿਤਾਣੇ ਬ੍ਰਹਮਣੀਵਾਦ ਉੱਤੇ ਭਾਰੀ ਸੱਟ ਮਾਰੀ ਹੈ। ਬ੍ਰਹਮਣਾਂ ਦੇ ਪ੍ਰਪੰਚ ਨੂੰ

'ਜੋ ਕਛ ਬੜੀ ਗੰਡੇ ਢਾਪੇ ਰਖੇ ਸੋ ਬੜਾ ਤਨਖਾਹੀਆ।'

'ਕਛ ਅਢਾਈ ਗਜ ਮਾਨ, ਸਾਢਾ ਭੀ ਤੁਲ ਤਾਸ।
ਤੀਨ ਕਲਿ ਮਹਿ ਨਾਮ ਜਪੁ ਜਨਮ ਮਰਨ ਕਟ ਫਾਸ।'

੨. ਕੜਾ

'ਕੜ' ਦਾ ਅਰਥ ਹੈ ਬੰਨ੍ਹਣਾ ਕੜਨਾਂ, ਨਿਯਮ ਵਿਚ ਲਿਆਉਣਾ, ਅਸੂਲਾਂ ਅੰਦਰ ਰੱਖਣਾ, ਮਰਯਾਦਾ ਵਿਚ ਰੱਖਣਾ ਭਾਵ ਬਾਹਵਾਂ ਨੂੰ ਕੜਨਾਂ ਬੰਨ੍ਹਣਾ ਹੈ। ਕੜਾ ਸਰਬ ਲੋਹ ਦਾ ਪਹਿਨਣਾ। ਸੋਨੇ ਚਾਂਦੀ ਦਾ ਕੜਾ ਦਸਵੇਂ ਪਾਤਸ਼ਾਹ ਜੀ ਨੇ ਪ੍ਰਵਾਨ ਨਹੀਂ ਕੀਤਾ–

'ਸਰਬ ਲੋਹ ਦੀ ਰੱਛਾ ਹਮਨੈ॥' (ਦਸਮ ੧੧)

ਇਹ ਬਾਂਹ ਅਤੇ ਗੁੱਟ ਉੱਤੇ ਹੋਏ ਤਲਵਾਰ ਦੇ ਵਾਰ ਨੂੰ ਰੋਕਦਾ ਹੈ। ਸਾਇੰਸ ਦੇ ਤਰੀਕੇ ਨਾਲ ਲੋਹੇ ਦਾ ਕੜਾ ਘਸ ਘਸ ਕੇ ਸਰੀਰ ਨੂੰ ਅੰਤੜੀਆਂ ਰਾਹੀਂ ਤਾਕਤ ਪਹੁੰਚਾਉਂਦਾ ਹੈ।

ਕੜਾ ਇਹ ਸਿੱਖਿਆ ਦਿੰਦਾ ਹੈ ਕਿ ਇਹ ਬਾਂਹਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ਇਹਨਾਂ ਨਾਲ ਚੋਰੀ, ਯਾਰੀ, ਠੱਗੀ ਝੂਠੇ ਦਸਖਤ ਨਹੀਂ ਕਰਨੇ। ਧਿੰਙੋਜ਼ੋਰੀ, ਜ਼ਬਰਦਸਤੀ, ਧੱਕਾ, ਜ਼ੁਲਮ, ਪਾਪ, ਉਪੱਦ੍ਰਵ, ਜੀਵ ਘਾਤ ਨਹੀਂ ਕਰਨਾ। ਇਹਨਾਂ ਹੱਥਾਂ ਨਾਲ ਧਰਮ ਦੀ ਕ੍ਰਿਤ ਕਰ ਕੇ ਵੰਡ ਕੇ ਛਕਣਾ, ਦੇਸ਼, ਕੌਮ, ਪੰਥ ਦੀ ਸੇਵਾ ਕਰਨੀ। ਗੁਰੂ ਸਾਹਿਬ ਵੱਲੋਂ ਮਿਲਿਆ ਇਹ ਸ਼ਹੀਦੀ ਗੱਨਾ ਹੈ ਜੋ ਕਦੇ ਵੀ ਸਰੀਰ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਜੈਨ ਪੁਰੀ ਦੇ ਰਾਜੇ ਬਿਸ਼ੰਭਰ ਦਾਸ ਦੇ ਪੁੱਤਰ ਹਰਗੋਪਾਲ ਨੂੰ ਕੜੇ ਦੀ ਬਖਸ਼ਿਸ਼ ਹੀ ਕੀਤੀ ਸੀ।

੩. ਕ੍ਰਿਪਾਨ

ਕ੍ਰਿਪਾਨ ਜਿਹਾ ਕਿ ਇਸ ਦੇ ਨਾਮ ਤੋਂ ਹੀ ਪ੍ਰਗਟ ਹੈ ਇਹ ਸ਼ਬਦ ਦੋ ਸ਼ਬਦਾਂ 'ਕ੍ਰਿਪਾ' ਅਤੇ 'ਆਨ' ਦੇ ਸੁਮੇਲ ਤੋਂ ਬਣਿਆ ਹੈ। 'ਕ੍ਰਿਪਾ' ਦਾ ਭਾਵ ਕਿਸੇ ਨਿਮਾਣੇ ਮਜ਼ਲੂਮ, ਗਊ, ਗਰੀਬ ਦੀ ਰੱਖਿਆ ਕਰਨੀ। 'ਆਨ' ਦਾ ਭਾਵ ਇੱਜ਼ਤ ਸਤਿਕਾਰ ਅਤੇ ਸੁੰਮਾਣ ਨੂੰ ਕਾਇਮ ਰੱਖਣਾ। ਆਪਣੀ ਆਨ ਸ਼ਾਨ ਨੂੰ ਕਾਇਮ ਰੱਖਦੇ ਹੋਏ ਕਿਸੇ ਉੱਤੇ ਜ਼ੁਲਮ ਨਹੀਂ ਕਰਨਾ। ਕ੍ਰਿਪਾਨ ਤੋਂ

ਲਾਵੋਗੇ ਤਾਂ ਤੁਹਾਡੇ ਸਰੀਰ ਵਿਚੋਂ ਮੇਰੇ ਵਰਗਾ ਲਾਲ ਖ਼ੂਨ ਨਿਕਲੇਗਾ। ਇਸੇ ਤਰ੍ਹਾਂ ਹਰ ਆਦਮੀ ਲਈ ਪਰ-ਇਸਤ੍ਰੀ ਇਕ ਲਾਲ ਬੱਤੀ ਦੀ ਨਿਆਈਂ ਹੈ। ਜੇ ਅਸੀਂ ਇਹ 'ਕਛਹਿਰਾ' ਪਹਿਨ ਕੇ ਵੀ ਲਾਲ ਬੱਤੀ ਪਰ-ਇਸਤ੍ਰੀ ਦੀ ਪ੍ਰਵਾਹ ਨਹੀਂ ਕਰਾਂਗੇ ਭਾਵ ਵਿਭਚਾਰੀ ਹੋਵਾਂਗੇ ਤਾਂ ਸਾਨੂੰ ਵੀ ਨਰਕਾਂ ਵਿਚ ਗੋਤੇ ਖਾਣੇ ਪੈਣਗੇ।

ਹਰੀ ਬੱਤੀ ਸਾਨੂੰ ਸੜਕ ਦੇ ਸਾਫ਼ ਹੋਣ ਦਾ ਸੰਕੇਤ ਕਰਦੀ ਹੈ ਭਾਵ ਤੁਸੀਂ ਬਿਨਾਂ ਕਿਸੇ ਰੁਕਾਵਟ ਦੇ ਸੜਕ ਨੂੰ ਪਾਰ ਕਰ ਸਕਦੇ ਹੋ। ਆਪਣੀ ਸਿੰਘਣੀ ਇਕ ਹਰੀ ਬੱਤੀ ਵਾਂਗ ਹੈ ਜਿਸ ਦੀ ਸੰਗਤ ਕਰਨ ਤੋਂ ਚੰਗੀ ਉਲਾਦ ਪੈਦਾ ਹੁੰਦੀ ਹੈ ਨਾਲੇ ਲੋਕ ਪ੍ਰਲੋਕ ਵਿਚ ਮੁੱਖ ਉੱਜਲਾ ਹੁੰਦਾ ਹੈ।

'ਏਕਾ ਨਾਰੀ ਜਤੀ ਹੋਇ
ਪਰ ਨਾਰੀ ਧੀ ਭੈਣ ਵਖਾਣੈ।' (ਵਾਰ ੬, ਪਉੜੀ ੮)

ਦਸਵੇਂ ਪਾਤਸ਼ਾਹ ਜੀ ਸਾਨੂੰ ਆਪਣੀ ਪਤਨੀ ਨਾਲ ਪ੍ਰੇਮ ਦੇ ਘਰੇਲੂ ਸੰਬੰਧਾਂ ਤੋਂ ਮਨ੍ਹਾ ਨਹੀਂ ਕਰਦੇ ਸਗੋਂ ਆਪ ਫੁਰਮਾਉਂਦੇ ਹਨ–

'ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ॥' (ਦਸਮ ੮੪੨)

ਪਰ ਸਾਨੂੰ ਇਸ ਦੇ ਨਾਲ ਹੀ ਲਾਲ ਬੱਤੀ ਵਿਖਾਉਂਦੇ ਹਨ–

'ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥' (ਦਸਮ ੮੪੨)

'ਪਰ ਨਾਰੀ ਸੋ ਨੇਹੁ ਛੁਰੀ ਪੈਨੀ ਕਰਿ ਜਾਨਹੁ॥' (ਦਸਮ ੮੪੨)

ਪਰ ਜਿਹੜੇ ਗੁਰੂ ਸਾਹਿਬ ਜੀ ਦੇ ਇਹਨਾਂ ਲਾਲ ਬੱਤੀ ਅਤੇ ਹਰੀ ਬੱਤੀ ਦੇ ਇਸ਼ਾਰੇ ਨੂੰ ਨਹੀਂ ਸਮਝਦੇ ਅਤੇ ਬਿਨਾਂ ਬਰੇਕਾਂ ਤੋਂ ਚੱਲਦੇ ਹਨ ਉਹ ਕੁੱਤੇ ਦੀ ਮੌਤ ਮਰਦੇ ਹਨ।

'ਅਗਿਕ ਹਰੀਫੀ ਜਾਨਿ ਕੋਨ ਤ੍ਰਿਯ ਜੋ ਕਰਹੀ॥
ਹੋ ਅੰਤ ਸ੍ਵਾਨ* ਕੀ ਮ੍ਰਿਤੁ ਹਾਥ ਲੋਂਡੀ† ਕੇ ਮਰਹੀ॥੫੩॥'
(ਦਸਮ ੮੪੨)

ਭਾਈ ਦਯਾ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ ਕਿ :–

'ਜੇਕਰ ਕਛੁ ਧਿਲਾ ਇਸ਼ਨਾਨ ਕਰੇ ਪੱਗ ਬਢੀ ਨਾ ਬਾਂਧੇ ਸੀਸ ਕੇਸ ਨੰਗੇ ਰਹੇ ਉਸ ਨੂੰ ਸਵਾ ਰੁਪਿਆ ਤਨਖਾਹ।'

---

*ਕੁੱਤਾ। †ਕਾਇਰ।

'ਕੱਛ ਕ੍ਰਿਪਾਨ ਕੇਸ ਕੂੰ ਮੁਢਾ, ਗੁਰ ਭਗਤਾ ਰਾਮਦਾਸ ਭਏ ।੨੬੭।'
(ਸਰਬ ਲੋਹ ਗ੍ਰੰਥ)

'ਕੱਛ ਕ੍ਰਿਪਾਨ ਨ ਕਬਹੂ ਤਿਆਗੈ ।।' (ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਜਤ ਸਤ ਦੇ ਕਛਹਿਰੇ ਤੋਂ ਬਿਨਾਂ ਰਾਵਣ ਤੇ ਇੰਦ੍ਰ ਵਰਗੇ ਦੇਵਤਿਆਂ ਦੀ ਬੁਰੀ ਹਾਲਤ ਹੋਈ—

'ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ।।
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ।।
ਪਰ ਨਾਰੀ ਕੇ ਭਜੇ ਸੀਸ ਦਸ ਸੀਸ ਗਵਾਯੋ ।।
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ ।।' (ਦਸਮ ੮੪੨)

ਇਹੋ ਕਛਹਿਰਾ ਹੀ ਸ੍ਰੀ ਰਾਮ ਚੰਦ੍ਰ ਜੀ ਨੇ ਹਨੂੰਮਾਨ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਜਤ ਸਤ ਦੀ ਨਿਸ਼ਾਨੀ ਬਖਸ਼ਿਆ ਸੀ। ਇਹ ਜਿਉਂਦਿਆਂ ਅਤੇ ਮੋਇਆਂ ਸਰੀਰ ਦਾ ਪੜਦਾ ਹੈ।

'ਜੋ ਕਛ ਬਿਨਾ ਮ੍ਰਿਤ ਹੋਵੇ ਸੋ ਅਗਤੀ ਜਾਵੇ,
ਕਿਉਂਕਿ ਸਿੰਘ ਕੋ ਕਹਾ ਹੈ ਏਕ ਪਹੁੰਚਾ ਨਿਚੋੜ ਕੋ ਪਾਵੇ।'
(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਇਸ ਕਛਹਿਰੇ ਦੀ ਮਹਾਨ ਫਿਲਾਸਫੀ ਨੂੰ ਸਮਝਣ ਤੋਂ ਅਸਮਰਥ ਆਮ ਲੋਕ ਕਹਿੰਦੇ ਹਨ ਕਿ ਹੋਰਨਾਂ ਕਪੜਿਆਂ, ਕੱਛਿਆਂ ਜਾਂ ਨਿੱਕਰਾਂ ਨਾਲ ਵੀ ਨੰਗੇਜ ਢੱਕਿਆ ਜਾ ਸਕਦਾ ਹੈ ਇਹ ਬਰੇਕਾਂ ਵਾਲਾ ਕਛਹਿਰਾ ਕਿਉਂ ਜ਼ਰੂਰੀ ਹੈ ?

ਜਿਸ ਤਰ੍ਹਾਂ ਹਰ ਚਲਦੀ ਚੀਜ਼ ਹਵਾਈ ਜਹਾਜ਼, ਗੱਡੀ, ਮੋਟਰ, ਕਾਰਾਂ, ਇਥੋਂ ਤੱਕ ਕਿ ਘੱਟ ਰਫਤਾਰ ਨਾਲ ਚੱਲਣ ਵਾਲੇ ਸਾਈਕਲ ਨੂੰ ਵੀ ਬਰੇਕਾਂ ਹਨ। ਇਸੇ ਤਰ੍ਹਾਂ ਆਦਮੀ ਕੇਵਲ ਚੱਲਦਾ ਹੀ ਨਹੀਂ ਇਸ ਦੇ ਮਨ ਦੀ ਰਫਤਾਰ ਲੱਖਾਂ ਮੀਲ ਖਿਨ ਵਿਚ ਤਹਿ ਕਰਦੀ ਹੈ। ਕੀ ਇਸ ਨੂੰ ਬਰੇਕ ਦੀ ਲੋੜ ਨਹੀਂ ? ਬਿਲਕੁਲ ਜ਼ਰੂਰੀ ਹੈ। ਫੇਰ ਚੱਲ ਰਹੀਆਂ ਤੇਜ਼ ਮੋਟਰ ਗੱਡੀਆਂ ਆਦਿਕ ਨੂੰ ਦੁਰਘਟਨਾਵਾਂ ਤੋਂ ਬਚਾਉਣ ਲਈ ਹਰ ਚੁਰਾਹੇ ਵਿਚ ਸਿਗਨਲ (ਇਸ਼ਾਰੇ) ਦੇ ਤੌਰ ਤੇ ਲਾਲ ਅਤੇ ਹਰੀ ਬੱਤੀ ਹੁੰਦੀ ਹੈ। ਲਾਲ ਤੋਂ ਭਾਵ ਆਉਣ ਵਾਲੀ ਘਟਨਾ ਤੋਂ ਸੂਚਿਤ ਕਰਨਾ ਹੈ ਕਿ ਜੇ ਤੁਸੀਂ ਆਪਣੀ ਇਸ ਮੋਟਰ ਗੱਡੀ ਨੂੰ ਬਰੇਕ ਨਾ

ਗੁਰੂ ਸਾਹਿਬ ਜੀ ਨੇ ਸਿੰਘਾਂ ਸਿੰਘਣੀਆਂ ਨੂੰ ਪੰਜਾਂ ਕਕਾਰਾਂ ਰਾਹੀਂ ਨਿਯਮ ਵਿਚ ਲਿਆਂਦਾ। ਕੋਈ ਵੀ ਚੀਜ਼ ਜੋ ਬਿਨਾਂ ਨਿਯਮ ਤੋਂ ਹੈ ਉਹ ਨੁਕਸਾਨਦਾਇਕ ਹੁੰਦੀ ਹੈ, ਜਿਵੇਂ ਪਾਣੀ ਰੋਕਣ ਵਾਸਤੇ ਬੰਨ੍ਹ, ਘੋੜੇ ਨੂੰ ਰੋਕਣ ਵਾਸਤੇ ਲਗਾਮ, ਪਸ਼ੂਆਂ ਦੇ ਨੱਥ ਅਤੇ ਮਸ਼ੀਨਰੀ ਨੂੰ ਕੰਟਰੋਲ ਕਰਨ ਵਾਸਤੇ ਬਰੇਕਾਂ ਹਨ। ਇਵੇਂ ਦਸਵੇਂ ਪਾਤਸ਼ਾਹ ਜੀ ਨੇ ਸਾਡੇ ਮਨਾਂ ਵਿਚੋਂ ਉੱਠ ਰਹੇ ਵਿਸ਼ੇ ਵਿਕਾਰਾਂ ਅਤੇ ਮਨ ਦੇ ਵੇਗਾਂ ਨੂੰ ਰੋਕਣ ਵਾਸਤੇ ਸਾਨੂੰ ਇਹ ਕਕਾਰ ਬਖ਼ਸ਼ੇ। ਜਿਨ੍ਹਾਂ ਨੂੰ ਹਰ ਵਕਤ ਧਾਰਨ ਨਾਲ ਹਰ ਸਮੇਂ ਫੁਰਨਿਆਂ ਤੇ ਕਾਬੂ ਰਹੇ। ਪੰਜ ਕਕਾਰਾਂ ਰੂਪੀ ਵਾੜ ਸੁਭ ਗੁਣਾਂ ਰੂਪੀ ਖੇਤੀ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਪਸ਼ੂਆਂ ਤੋਂ ਬਚਾਉਂਦੀ ਰਹੇ।

ਗੁਰਸਿੱਖ ਨੂੰ ਗੁਰੂ ਕੀ ਢੱਸੀ ਮਰਯਾਦਾ ਅਨੁਸਾਰ ਹੀ ਚੱਲਣਾ ਚਾਹੀਦਾ ਹੈ :-

'ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥' (੬੬੭)

੧. ਕਛਹਿਰਾ

ਕਛਹਿਰਾ ਜਤ ਸਤ ਦੀ ਨਿਸ਼ਾਨੀ ਹੈ।

'ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ।'
(ਵਾਰ ੪੧, ਪਉੜੀ ੧੫)

ਕਛਹਿਰਾ ਸਦਾ ਗਲ ਰੋਵ ਹੀ ਪਹਿਨਣਾ ਹੈ ਦੂਸਰਾ ਨਹੀਂ। ਕਛਹਿਰਾ ਸਦਾ ਯਾਦ ਦੁਵਾਉਂਦਾ ਹੈ ਕਿ-

'ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।'
(ਵਾਰ ੨੯, ਪਉੜੀ ੧੧)

'ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥' (੨੭੪)

ਕਛਹਿਰਾ ਕਦੀ ਵੀ ਦੋਨਾਂ ਪੈਰਾਂ ਵਿਚੋਂ ਇਕੱਠਾ ਨਹੀਂ ਲਾਹੁਣਾ। ਇਸ਼ਨਾਨ ਕਰਕੇ ਇਕ ਪਹੁੰਚਾ ਗਿੱਲਾ ਲਾਹ ਕੇ, ਸੁੱਕਾ ਪਾ ਕੇ ਫੇਰ ਦੂਸਰਾ ਲਾਹੁਣਾ, ਜੇ ਅਚਾਨਕ ਦੋਵੇਂ ਇਕੱਠੇ ਲਹਿ ਜਾਣ ਤਾਂ ਪੰਜਾਂ ਸਿੰਘਾਂ ਤੋਂ ਅਰਦਾਸ ਕਰਾ ਕੇ ਤਨਖਾਹ ਲਵਾਉਣੀ।

'ਗਿੱਲੀ-ਸੁੱਕੀ ਕੱਛ ਪਾਇ ਲਏ, ਕੱਛ ਦੇ ਪਉਚੇ ਦਾ ਸਿਖ ਵਿਸਾਹ ਨਾ ਕਰੇ।'
(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

ਖਾਲਸੇ ਦੀ ਵਰਦੀ (ਬਾਣਾ) ਧਾਰਨ ਕਰੇ ਅਤੇ ਉਹ ਖਾਲਸੇ ਦੇ ਨਿਯਮਾਂ ਉਤੇ ਚੱਲੇ।

ਸੋ ਖਾਲਸੇ ਨੂੰ ਉੱਚੇ ਸੁੱਚੇ ਆਦਰਸ਼ਾਂ ਵਾਲਾ ਬਣਾਉਣ ਲਈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਸਰੀਰ ਦੇ ਵਿਸ਼ੇ, ਵਿਕਾਰਾਂ, ਬੁਰਾਈਆਂ ਵੱਲ ਜਾਣ ਦੀਆਂ ਬੀਮਾਰੀਆਂ ਤੋਂ ਰੋਕਣ ਵਾਸਤੇ ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਪੰਜ ਕਕਾਰੀ ਨੁਸਖਾ ਬਖ਼ਸ਼ਿਆ।

ਪੰਜ ਕਕਾਰ

ਸਿੱਖੀ ਦੀ ਨਿਸ਼ਾਨੀ ਪੰਜ ਕਕਾਰ ਹਨ। ਇਨ੍ਹਾਂ ਵਿਚੋਂ ਜੇ ਕੋਈ ਚਾਹੇ ਕਿ ਮੈਂ ਮੁਆਫ ਕਰਾ ਲਵਾਂ ਭਾਵ ਨਾ ਧਾਰਨ ਕਰਾਂ ਤਾਂ ਕਦੇ ਵੀ ਕਿਸੇ ਇਕ ਕਕਾਰ ਦੀ ਵੀ ਮੁਆਫੀ ਨਹੀਂ ਮਿਲ ਸਕਦੀ।

੧ ਓ ਵਾਹਿਗੁਰੂ ਜੀ ਕੀ ਫਤਹਿ ॥ ਸ੍ਰੀ ਮੁਖਵਾਕ ਪਾ: ੧੦॥
'ਨਿਸ਼ਾਨਿ ਸਿਖੀ ਈਂ ਪੰਜ ਹਰਫ਼ਿ ਅਸਤ ਕਾਫ਼॥
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ॥'

ਸਤਿਗੁਰੂ ਜੀ ਦੁਆਰਾ ਬਖ਼ਸ਼ੇ ਹੋਏ ਇਨ੍ਹਾਂ ਪੰਜ ਕਕਾਰਾਂ ਦੀ ਮਹਾਨਤਾ ਅਕਥਨੀਯ ਹੈ। ਪੰਜ ਕਕਾਰਾਂ ਨੂੰ ਸਰੀਰ ਤੋਂ ਇਕ ਪਲ ਵੀ ਅਲੱਗ ਨਹੀਂ ਕਰਨਾ। ਕੰਘਾ, ਕੜਾ, ਕੇਸ, ਕ੍ਰਿਪਾਨ, ਕਛਹਿਰਾ ਇਨ੍ਹਾਂ ਪੰਜਾਂ ਕਕਾਰਾਂ ਨੂੰ ਆਪਣੀ ਜਿੰਦ ਜਾਨ ਅਤੇ ਸਰੀਰਕ ਅੰਗਾਂ ਤੋਂ ਵੀ ਵੱਧ ਪਿਆਰੇ ਸਮਝਣਾ ਹੈ।

'ਕੜਾ ਕਾਰਦੋ ਕੱਛ ਕੰਘੇ ਬਿਦਾਂ॥
ਬਿਨਾ ਕੇਸ ਹੇਚ ਅਸਤ ਜੁਮਲਾ ਨਿਸਾਂ॥' (ਪਾਤਸ਼ਾਹੀ ੧੦)

ਅਰਥਾਤ ਜੇ ਕੜਾ ਕ੍ਰਿਪਾਨ, ਕਛਹਿਰਾ, ਕੰਘਾ ਹੋਵੇ ਪਰ ਕੇਸਾਂ ਤੋਂ ਬਿਨਾਂ ਇਹ ਸਾਰੇ ਨਿਸ਼ਾਨ ਬਿਅਰਥ ਹਨ। ਭਾਵ ਕੇਸ ਵੀ ਨਾਲ ਰੱਖਣੇ ਅਤਿਅੰਤ ਜ਼ਰੂਰੀ ਹਨ।

ਪੰਜ ਕਕਾਰ ਸਰੀਰ ਅਤੇ ਮਨ ਨੂੰ ਘੜਨ ਵਾਸਤੇ ਹਨ। ਹਰ ਚੀਜ਼ ਜਿਵੇਂ ਮਰਯਾਦਾ ਵਿਚ ਹੀ ਠੀਕ ਰਹਿੰਦੀ ਹੈ ਇਉਂ ਸਰੀਰ ਨੂੰ ਮਰਯਾਦਾ ਵਿਚ ਚਲਾਉਣ ਵਾਸਤੇ ਅਤੇ ਮਨ ਮਰਜ਼ੀ ਨੂੰ ਨਿਸਚਿਤ ਸੇਧ ਦੇਣ ਵਾਸਤੇ

ਦੁਖੀਏ ਜਗਤ ਨੂੰ ਵੇਖ ਕੇ ਵੇਦ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਤੋਂ ਆਗਿਆ ਲੈ ਕੇ–

ਕਬਿ ਬਾਚ ॥ ਦੋਹਰਾ ॥

'ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ ॥
ਪੰਥ ਚਲੈ ਤਵ ਜਗਤ ਮੈ ਜਥ ਤੁਮ ਕਰਹੁ ਸਹਾਇ ॥' (ਦਸਮ ੫੭)

ਖਾਲਸਾ ਪੰਥ ਦੀ ਸਿਰਜਣਾ ਕੀਤੀ ਤੇ ਜ਼ਾਲਮਾਂ ਦਾ ਨਾਸ ਕਰ ਕੇ ਦੁਖੀਆਂ ਨੂੰ ਬਚਾਇਆ।

ਖਾਲਸਾ ਵਾਹਿਗੁਰੂ ਆਦਰਸ਼ ਵਾਲੇ ਤੇ ਰੱਬੀ ਸਰੂਪ ਵਾਲੇ ਪੂਰਨ ਤੇ ਮੁਕੰਮਲ ਪੁਰਖਾਂ ਦੀ ਜਥੇਬੰਦੀ ਹੈ। ਖਾਲਸਾ ਤਾਂ ਅਕਾਲ ਪੁਰਖ ਦਾ ਸਰੂਪ ਹੈ। ਜਿਸ ਤਰ੍ਹਾਂ ਅਕਾਲ ਪੁਰਖ ਦੀ ਮਹਿਮਾਂ ਕਥਨ ਤੋਂ ਪਰੇ ਹੈ ਇਸੇ ਤਰ੍ਹਾਂ ਖਾਲਸੇ ਦੀ ਉਪਮਾਂ ਵੀ ਬਿਆਨ ਕਰਨ ਤੋਂ ਪਰੇ ਹੈ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਦੁਨੀਆਂ ਉੱਤੇ ਇਕ ਬਹੁਤ ਵੱਡਾ ਪਰਉਪਕਾਰ ਕੀਤਾ। ਗਰੀਬ ਮਜ਼ਲੂਮ ਤੇ ਪਛੜੀ ਹੋਈ ਇਨਸਾਨੀਅਤ ਨੂੰ ਉੱਚਾ ਚੁਕਣ ਵਾਸਤੇ ਸਥਾਪਨਾ ਕੀਤੀ–

'ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' (੯੭)

'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕ ਮੰਦੇ ॥' (੧੩੪੯)

'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥'

ਦੇ ਅਸੂਲ ਨੂੰ ਪਰਚਾਰਿਆ।

ਭਾਵੇਂ ਸਹਧ ਸੰਸਾਰ ਦੀ ਸਾਂਝੀ ਸੰਸਥਾ (ਸੰਯੁਕਤ ਰਾਸ਼ਟਰ ਸੰਘ) ਮਨੁੱਖੀ ਭਾਈਚਾਰੇ ਨੂੰ ਬਰਾਬਰ ਕਰਨ ਲਈ ਕਈ ਪ੍ਰਕਾਰ ਦੇ ਉਚੇਚੇ ਯਤਨ ਕਰ ਰਹੀ ਹੈ ਪਰ ਅਸਲ ਵਿਚ ਜੇ ਵੇਖਿਆ ਜਾਵੇ ਤਾਂ ਇਹ ਨਿਯਮ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸਿੱਖ ਗੁਰੂਆਂ ਨੇ ਇਸ ਜਗਤ ਜਲੰਦੇ ਨੂੰ ਬਖ਼ਸ਼ੇ।

ਖਾਲਸਾ ਤਾਂ ਕੌਮਾਂ ਤੇ ਮੁਲਕਾਂ ਦੀ ਹੱਦ-ਬੰਦੀ ਤੋਂ ਪਰੇ ਹੈ। ਖਾਲਸਾ ਪੰਥ ਵਿਚ ਉੱਚਾ ਨੀਵਾਂ, ਅਮੀਰ ਗਰੀਬ; ਕਿਸੇ ਕੌਮ, ਦੇਸ਼ ਦਾ ਹੋਵੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਖਾਲਸਾ ਬਣ ਸਕਦਾ ਹੈ, ਜੇ ਉਹ

ਬਾਣੀ ਪੜ੍ਹਕੇ ਅੰਦਰਲੇ ਦੁਸ਼ਮਣ ਕਾਮਾਦਿ ਨੂੰ ਜਿੱਤਣਾ ਹੈ। ਖਾਲਸੇ ਨੂੰ ਸਾਂਝਾ ਸ਼ੇਰ ਵਾਲਾ ਪੁਆਇਆ ਤੇ ਰਹਿਣੀ ਗੁਰੂ ਨਾਨਕ ਸ਼ਾਹ ਫਕੀਰ ਵਾਲੀ ਬਖਸ਼ੀ। ਭਗਤੀ ਤੇ ਸ਼ਕਤੀ, ਬੀਰ ਰਸ ਤੇ ਸ਼ਾਂਤ ਰਸ, ਮਾਲਾ ਤੇ ਸ੍ਰੀ ਸਾਹਿਬ ਨੂੰ ਇਕੱਠਿਆਂ ਕਰ ਦਿੱਤਾ। ਜਿਵੇਂ ਫੌਜ ਦੇ ਸਾਰੇ ਸਿਪਾਹੀਆਂ ਦੀ ਇਕ ਹੀ ਵਰਦੀ ਹੁੰਦੀ ਹੈ। ਸਕੂਲ, ਕਾਲਜ, ਖਿਡਾਰੀ ਅਤੇ ਹੋਰ ਸੰਸਥਾਵਾਂ ਦੀ ਇਕ ਵਰਦੀ ਹੁੰਦੀ ਹੈ ਤਾਂ ਕਿ ਵੇਖਣ ਤੋਂ ਹੀ ਪਤਾ ਲੱਗ ਜਾਵੇ ਕਿ ਕਿਸ ਸਕੂਲ, ਕਾਲਜ ਦੇ ਵਿਦਿਆਰਥੀ ਹਨ ਅਤੇ ਇਸ ਨਿਯਮ ਵਿਚ ਰਹਿਣਾ ਹੀ ਮਰਯਾਦਾ ਹੈ। ਜਾਨਵਰ ਵੀ ਆਪਣੇ ਵਰਗ ਦੇ ਜਾਨਵਰਾਂ ਨਾਲ ਹੀ ਉਡਦੇ, ਬਹਿੰਦੇ ਤੇ ਖਾਂਦੇ ਪੀਂਦੇ ਹਨ, ਜਿਵੇਂ :-

'ਕੁਨੱਦ ਹਮ ਜਿਨਸ ਬਾ ਹਮ ਜਿਨਸ ਪਰਵਾਜ਼।
ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼।'

ਏਸੇ ਤਰ੍ਹਾਂ ਦਸਵੇਂ ਪਾਤਸ਼ਾਹ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਇਕ ਪੰਥ ਕਾਇਮ ਕੀਤਾ। ਪੰਜ ਕਕਾਰਾਂ ਦੀ ਇਕ ਹੀ ਵਰਦੀ ਪਹਿਨਾਈ ਤਾਂ ਕਿ ਲੋੜ ਪੈਣ ਤੇ ਪਛਾਣੇ ਜਾਣ ਅਤੇ ਜਰ ਵੇਲੇ ਇਕ ਹੀ ਝੰਡੇ ਹੇਠਾਂ ਇਕੱਤ੍ਰ ਹੋਣ। ਗੁਰਸਿੱਖ ਦਾ ਜੀਵਨ ਸਿੱਖਿਆਦਾਇਕ ਹੋਣਾ ਚਾਹੀਦਾ ਹੈ। ਉਸ ਦੀ ਬਾਹਰਲੀ ਕਕਾਰਾਂ ਦੀ ਧਾਰਨੀ ਹੀ ਆਪਣੇ ਆਪ ਵਿਚ ਪ੍ਰਚਾਰ ਹੈ।

ਜਿਵੇਂ ਕੋਈ ਸਿਆਣਾ ਵੈਦ ਜਾਂ ਡਾਕਟਰ ਸਰੀਰਕ ਰੋਗਾਂ ਤੇ ਦੁੱਖਾਂ ਦੇ ਖਾਸ ਨੁਸਖੇ ਬਣਾਉਂਦਾ ਹੈ ਤਾਂ ਕਿ ਦੁਖੀਏ ਦੁੱਖ ਵੇਲੇ ਉਸ ਨੂੰ ਵਰਤ ਕੇ ਕਸ਼ਟਾਂ ਤੋਂ ਖਹਿੜਾ ਛੁਡਾ ਸਕਣ। ਜਦ ਸਾਰਾ ਜਗਤ ਈਰਖਾ, ਰਾਗ ਤੇ ਦ੍ਵੈਖ ਦੀ ਅੱਗ ਵਿਚ ਸੜ ਰਿਹਾ ਸੀ ਤੇ ਖਾਸ ਕਰ ਕੇ ਦੁਸ਼ਟਾਂ ਦਾ ਜ਼ੋਰ ਹੋਣ ਕਰ ਕੇ ਗਊ ਗਰੀਬ ਦਾ ਕੋਈ ਰਾਖਾ ਨਹੀਂ ਸੀ ਤਾਂ ਅਕਾਲ ਪੁਰਖ ਨੇ ਆਪ ਆਪਣਾ ਸਰਗੁਣ ਸਰੂਪ ਧਰਮ ਦੀ ਰੱਖਿਆ, ਦੁਸ਼ਟਾਂ ਦੀਆਂ ਜੜ੍ਹਾਂ ਪੁੱਟਣ ਤੇ ਸਦਾ ਲਈ ਠੀਕ ਵਰਤਾਉਣ ਲਈ ਖਾਲਸਾ ਪੰਥ ਪ੍ਰਗਟ ਕਰਨ ਲਈ ਭੇਜਿਆ।

ਅਕਾਲ ਪੁਰਖ ਬਾਚ ॥ ਚੌਪਈ ॥

'ਮੈਂ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥'

(ਦਸਮ ੫੭)

ਨਿਰਾ ਪੰਜ ਕਕਾਰ ਰੱਖਣੇ ਹੀ ਖਾਲਸੇ ਦੀ ਰਹਿਤ ਨੂੰ ਪੂਰਾ ਨਹੀਂ ਕਰ ਦਿੰਦੇ। ਪੰਜ ਕਕਾਰ ਤਾਂ ਖਾਲਸੇ ਦਾ ਦ੍ਰਿਸ਼ਟਮਾਨ ਚਿੰਨ੍ਹ ਹਨ ਅਤੇ ਉਹ ਕਿਸੇ ਅੰਤਰੀਵ ਜੀਵਨ ਦੇ ਲਖਾਇਕ ਹਨ।

'ਏਥੇ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਅੰਤਰੀਵ ਜੀਵਨ ਦੇ ਲਖਾਇਕ ਬਾਹਰਲੇ ਚਿੰਨ੍ਹਾਂ ਦੀ ਕੀ ਲੋੜ ਹੈ ? ਇਸ ਨੂੰ ਸਮਝਣ ਲਈ ਮਨੁੱਖੀ ਮਾਨਸਿਕ ਜਗਤ ਵੱਲ ਥੋੜ੍ਹੀ ਨਜ਼ਰ ਮਾਰਨੀ ਪਵੇਗੀ। ਜਦੋਂ ਕੋਈ ਭਾਵ ਮਨ ਵਿਚ ਪੈਦਾ ਹੋਵੇ ਤਾਂ ਉਸ ਨੂੰ ਬਾਹਰ ਪ੍ਰਗਟ ਕਰਨ ਲਈ ਕੋਈ ਨਾ ਕੋਈ ਸ਼ਕਲ ਦੇਣੀ ਪੈਂਦੀ ਹੈ। ਬੋਲੀ, ਲਿਖਤ, ਰਾਗ, ਚਿੱਤਰ ਆਦਿ ਸਭ ਮਾਨਸਿਕ ਭਾਵਾਂ ਦਾ ਦ੍ਰਿਸ਼ਟਮਾਨ ਰੂਪ ਹਨ। ਧਾਰਮਿਕ ਵਲਵਲੇ ਏਸ ਤਰ੍ਹਾਂ ਜਦੋਂ ਰੂਪ ਧਾਰਦੇ ਹਨ ਤਾਂ ਉਹ ਉਸ ਧਰਮ ਦੇ ਚਿੰਨ੍ਹ ਰਸਮਾਂ ਤੇ ਰਿਵਾਜ ਬਣ ਜਾਂਦੇ ਹਨ। ਜਿਕੁਰ ਬੀਜ ਬੀਜੀਏ ਤਾਂ ਪੱਤ੍ਰ, ਫੁੱਲ, ਡਾਹਣੇ ਆਪੇ ਹੀ ਨਿਕਲ ਆਉਂਦੇ ਹਨ। ਇਕੁਰ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ੍ਹਾਂ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ। ਧਾਰਮਿਕ ਚਿੰਨ੍ਹ ਤੇ ਰਸਮਾਂ ਕਿਸੇ ਅੰਤਰੀਵ ਜੀਵਨ ਦੇ ਲਖਾਇਕ ਹਨ। ਤਦ ਤੀਕ ਇਹ ਇਕ ਅਤੀ ਲੋੜ ਨੂੰ ਪੂਰਾ ਕਰਦੇ ਹਨ, ਇਕ ਵਾੜ ਦਾ ਕੰਮ ਵੀ ਦੇਂਦੇ ਹਨ ਅਤੇ ਦੂਜਿਆਂ ਵਿਚ ਉਸ ਜੀਵਨ ਦੇ ਉਪਜਾਉਣ ਦਾ ਕੰਮ ਵੀ। ਵਿੱਦਿਆ ਦੇ ਗਿਆਤਾ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੇ ਕਿਸੇ ਚਿੰਨ੍ਹ ਨਾਲ ਕੋਈ ਭਾਵ ਚਿਰ ਤੀਕ ਸੰਬੰਧਤ ਰਹੇ ਉਸ ਦੇ ਵਿਚ ਉਸ ਭਾਵ ਦੀ ਸੰਭਾਵਨਾ ਪੱਕ ਜਾਣ ਕਰ ਕੇ ਉਸ ਭਾਵ ਦੇ ਪੈਦਾ ਕਰਨ ਦੀ ਸ਼ਕਤੀ ਦੀ ਆ ਜਾਂਦੀ ਹੈ। ਹਾਂ ! ਜਿਨ੍ਹਾਂ ਚਿੰਨ੍ਹਾਂ ਨਾਲ ਕੋਈ ਭਾਵ ਯਾ ਜਜ਼ਬੇ ਸੰਬੰਧਤ ਨਾ ਹੋਣ ਤਾਂ ਉਹ ਚਿੰਨ੍ਹ ਨਿਰਾ ਭੇਖ ਤੇ ਫਜ਼ੂਲ ਹਨ ਪਰ ਜੇ ਉਹ ਕਿਸੇ ਜਜ਼ਬੇ ਦੇ ਲਖਾਇਕ ਤੇ ਪ੍ਰਗਟਾਊ ਹੋਣ ਤਾਂ ਉਹ ਬਿਰਥਾ ਨਹੀਂ।'

(ਗੁਰਮਤਿ ਨਿਰਣਯ ਪੰਨਾ ੨੬੩)

ਖਾਲਸੇ ਦੇ ਅਸੂਲ ਤੇ ਵਰਦੀ

ਗੁਰੂ ਸਾਹਿਬ ਨੇ ਖਾਲਸੇ ਨੂੰ ਦੋ ਚੀਜ਼ਾਂ ਬਾਣੀ ਤੇ ਬਾਣਾ ਬਖ਼ਸ਼ਿਆ। ਬਾਣਾ ਪਾ ਕੇ ਪਰਤੱਖ ਬਾਹਰਲੇ ਦੁਸ਼ਮਣਾਂ ਦਾ ਟਾਕਰਾ ਕਰਨਾ, ਤੇ ਨਿਸਚੇ ਕਰ ਕੇ ਜਿੱਤ ਪ੍ਰਾਪਤ ਕਰਨੀ :-

'ਨਿਸਚੈ ਕਰ ਆਪਨੀ ਜੀਤ ਕਰੋਂ॥'

ਰਹਿਤ ਬਖ਼ਸ਼ੀ, ਬਾਹਰਲੀ ਰਹਿਤ ਓਹੋ ਹੀ ਰੱਖ ਸਕਦਾ ਹੈ ਜੋ ਅੰਤਰੀਵ ਰਹਿਤ ਦਾ ਦਿਲੋਂ ਧਾਰਨੀ ਹੋਵੇਗਾ।

'ਪਹਿਲੋਦੇ ਜੜ ਅੰਦਰਿ ਜੰਮੈ ਤਾਂ ਉਪਰਿ ਹੋਵੈ ਛਾਂਉ ॥' (੧੨੮੮)

ਜੇ ਬ੍ਰਿਛ ਦੀ ਜੜ੍ਹ ਪਹਿਲਾਂ ਧਰਤੀ ਅੰਦਰ ਪੈਦਾ ਹੋਵੇ ਤਾਂ ਉੱਪਰ ਵੱਡਾ ਮੁੱਢ, ਟਾਹਣੇ ਅਤੇ ਪੱਤਿਆਂ ਨਾਲ ਛਾਂ ਹੁੰਦੀ ਹੈ।

ਸੋ ਬਾਹਰਲੇ ਪੰਜਾਂ ਕਕਾਰਾਂ ਦੀ ਰਹਿਤ ਰੱਖਣੀ ਅਤਿਅੰਤ ਜ਼ਰੂਰੀ ਹੈ ਜੋ ਗੁਰਸਿੱਖੀ ਦੀ ਅੰਦਰਲੀ ਸ਼ਰਧਾ, ਭਾਵਨਾ ਪ੍ਰਗਟ ਕਰਦੀ ਹੈ ਪਰ ਜੇ ਕੇਵਲ ਬਾਹਰੋਂ ਹੀ ਧਾਰਮਿਕ ਚਿੰਨ੍ਹ ਧਾਰਨ ਕੀਤੇ ਹੋਣ, ਅੰਦਰੋਂ ਨਹੀਂ ਤਾਂ ਉਹ ਨਿਰਾ ਪਖੰਡ ਹੀ ਹੁੰਦਾ ਹੈ। ਸਤਿਗੁਰੂ ਜੀ ਨੇ ਗੁਰਸਿੱਖ ਨੂੰ ਅੰਦਰੋਂ ਬਾਹਰ ਰਹਿਤ ਦਾ ਧਾਰਨੀ ਬਣਾਇਆ ਹੈ।

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ ॥' (੯੧੯)

ਗੁਰਬਾਣੀ ਵਿਚ ਬਾਹਰਲੇ ਚਿੰਨ੍ਹਾਂ ਪਰ ਜੋ ਇਤਰਾਜ਼ ਕੀਤੇ ਗਏ ਹਨ ਉਹ ਇਸ ਆਧਾਰ ਉੱਤੇ ਹਨ ਕਿ ਧਾਰਮਿਕ ਚਿੰਨ੍ਹ ਤਾਂ ਧਾਰਨ ਕੀਤੇ ਹੋਏ ਹਨ ਪਰ ਅੰਤ੍ਰੀਵ ਜੀਵਨ ਕੋਈ ਨਹੀਂ। ਨਿਰੇ ਭੇਖ ਨੂੰ ਅਯੋਗ ਦੱਸਿਆ ਹੈ।

'ਮੁਖ ਤੇ ਪੜਤਾ ਟੀਕਾ ਸਹਿਤ ॥
ਹਿਰਦੈ ਰਾਮੁ ਨਹੀ ਪੂਰਨ ਰਹਤ ॥' (੮੮੭)

'ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥
ਲੋਗਨ ਰਾਮੁ ਖਿਲਉਨਾ ਜਾਨਾਂ ॥' (੧੧੫੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਉਸੇ ਤਰ੍ਹਾਂ ਨਿੰਦਨੀਯ ਕਿਹਾ ਹੈ। ਜਿਸ ਸਿੱਖ ਨੇ ਨਿਰਾ ਖਾਲਸੇ ਵਾਲਾ ਭੇਖ ਬਣਾਇਆ ਹੈ ਪਰ ਖਾਲਸਾ ਜੀਵਨ ਬਨਾਣ ਦਾ ਯਤਨ ਨਹੀਂ ਕਰ ਰਿਹਾ ਉਸ ਨੂੰ ਰਹਿਤਨਾਮੇ ਵਿਚ ਕਰੜੇ ਸ਼ਬਦਾਂ ਰਾਹੀਂ ਤਾੜਨਾ ਕਰਦੇ ਹਨ :-

'ਧਰੇ ਕੇਸ ਪਾਹੁਲ ਬਿਨ ਭੇਖੀ ਮੂਰਖ ਸਿਖ ॥
ਮੇਰਾ ਦਰਸਨ ਨਾਹਿ ਤਿਸ ਪਾਪੀ ਤਿਆਗੇ ਭਿਖ ॥'

ਪੰਜ ਕਕਾਰਾਂ ਤੇ ਇਤਰਾਜ਼ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ

ਪੰਜਾਂ ਕਕਾਰਾਂ ਦੀ ਮਹਾਨਤਾ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖ ਧਰਮ ਦਾ ਪ੍ਰਚਾਰ ਸ਼ਾਂਤ ਰਸ ਵਿਚ ਹੁੰਦਾ ਰਿਹਾ ਪਰ ਪੰਜਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਨੇ ਇਸ ਨੂੰ ਨਵਾਂ ਮੋੜ ਦਿੱਤਾ। ਸ਼ਾਂਤ ਰਸ ਦੀ ਰਾਖੀ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਵੇਂ ਪੀਰੀ ਦੇ ਨਾਲ ਮੀਰੀ ਦੀ ਸ੍ਰੀ ਸਾਹਿਬ ਪਹਿਨੀ, ਇਵੇਂ ਗੁਰ ਗੱਦੀ ਦੇ ਨਾਲ ਅਕਾਲ ਤਖਤ ਸਾਹਿਬ ਵੀ ਰਚਿਆ। ਉਸ ਅਕਾਲ ਤਖਤ ਸਾਹਿਬ ਤੋਂ ਇਹ ਫੁਰਮਾਨ ਜਾਰੀ ਕੀਤਾ ਕਿ ਜੋ ਗੁਰੂ ਘਰ ਦੀ ਖੁਸ਼ੀ ਲੈਣੀ ਚਾਹੁੰਦਾ ਹੈ ਉਹ ਹੁਣ ਦੂਸਰੀਆਂ ਭੇਟਾਂ ਦੇ ਨਾਲ ਘੋੜੇ ਅਤੇ ਸ਼ਸਤ੍ਰ ਵੀ ਭੇਟ ਕਰੇ। ਸਤਵੇਂ ਪਾਤਸ਼ਾਹ ਜੀ ਤੋਂ ਨੌਵੇਂ ਪਾਤਸ਼ਾਹ ਜੀ ਤੱਕ ਫਿਰ ਸ਼ਾਂਤਮਈ ਧਾਰਮਿਕ ਪਰਚਾਰ ਹੁੰਦਾ ਰਿਹਾ। ਜਦੋਂ ਨੌਵੇਂ ਪਾਤਸ਼ਾਹ ਜੀ ਨੇ ਹਿੰਦੂ ਧਰਮ ਦੀ ਰੱਖਿਆ ਵਾਸਤੇ ਸੀਸ ਦਿੱਤਾ :-

'ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥' (ਦਸਮ ੫੪)

ਤਾਂ ਦਸਵੇਂ ਪਾਤਸ਼ਾਹ ਜੀ ਨੇ ਇਹ ਵਿਚਾਰ ਕੇ ਕਿ ਅੱਗੇ ਤੋਂ ਗੁਰਤਾ ਗੱਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਦੇਣੀ ਹੈ, ਕੋਈ ਇਕ ਵਿਅਕਤੀਗਤ ਗੁਰੂ ਨਹੀਂ ਹੋਵੇਗਾ। ਇਸ ਵਾਸਤੇ ਆਪਣੀ ਸੰਗਤ ਨੂੰ ਦੇਵੀ, ਦੇਵਤੇ, ਕਬਰਾਂ ਦੀ ਉਪਾਸ਼ਨਾ, ਮਸੰਦਾਂ, ਧੀਹ ਮੱਲੀਆਂ ਆਦਿਕ ਤੋਂ ਛੁਡਾ ਕੇ, ਪੰਡੇ ਦਾ ਅੰਤ੍ਰਿਤ ਛਕਾ ਕੇ ਸੁਤੰਤਰ 'ਖਾਲਸਾ ਫ਼ੌਜ' ਸਜਾਈ। ਉਸ ਦੀ ਅੰਦਰਲੀ ਤੇ ਬਾਹਰਲੀ ਰਹਿਤ ਆਪ ਨਿਸਚਿਤ ਕੀਤੀ।

'ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥' (ਸਰਬ ਲੋਹ ਗ੍ਰੰਥ)

'ਜਾਗਤ ਜੋਤ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥੧॥
(ਦਸਮ ੭੧੨)

ਅੰਦਰਲੀ ਰਹਿਤ ਦੀ ਜਣਾਇਕ ਬਾਹਰਲੀ ਪੰਜ ਕਕਾਰਾਂ ਦੀ

'ਸਲਾਮੁ ਜਵਾਬੁ ਦੋਵੈ ਕਰੇ ਮੁੰਦਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥' (੪੭੪)

'ਹੁਕਮਿ ਮੰਨਿਐ ਹੋਵੈ ਪਰਵਾਣੁ,
ਤਾ ਖਸਮੈ ਕਾ ਮਹਲੁ ਪਾਇਸੀ ॥' (੪੭੧)

ਹੁਕਮ ਮੰਨ ਤਾਂ ਸੇਵਾ ਪ੍ਰਵਾਨ ਹੋਵੇਗੀ।' ਤਾਂ ਭਾਈ ਰਾਮ ਸਿੰਘ ਨੇ ਕਿਹਾ, 'ਚਾਚਾ ਦਿਆਲ ਦਾਸ ਜੀ ! ਸਤਿਗੁਰਾਂ ਦਾ ਹੁਕਮ ਮੰਨੋ, ਅੰਮ੍ਰਿਤ ਛਕੋ।' ਤਾਂ ਹੱਥ ਜੋੜਕੇ ਬੇਨਤੀ ਕੀਤੀ, 'ਜੀ, ਹਜ਼ੂਰ ! ਫਿਰ ਕਰੋ ਕ੍ਰਿਪਾ, ਛਕਾਉ ਅੰਮ੍ਰਿਤ।' ਤਾਂ ਸਤਿਗੁਰਾਂ ਕਿਹਾ, 'ਸਮੇਤ ਘਰ ਵਾਲੀ ਸਾਰੇ ਪ੍ਰਵਾਰ ਸਬੰਧੀਆਂ ਮਿੱਤ੍ਰਾਂ, ਦੋਸਤਾਂ ਸਮੇਤ ਛਕੋ। ਗੁਰੂ ਕਾ ਬਖਸ਼ਿਆ ਗਾਡੀ ਰਾਹ ਹੈ। ਇਕੱਲਿਆਂ ਨੂੰ ਨਹੀਂ ਛਕੌਣਾ।' ਤਾਂ ਸਮੇਤ ਪ੍ਰਵਾਰ ਸਬੰਧੀਆਂ ਮਿਲਾਪੀਆਂ ਦੇ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਕੇ ਭਾਈ ਦਿਆਲ ਸਿੰਘ ਬਣਿਆ।

੧. ਹਿੰਦੀ ਤਾਰੀਖ ੨. ਸਾਖੀ ਪੋਥੀ ੩. ਭਾਈ ਸੰਤੋਖ ਸਿੰਘ ਜੀ ਚੂੜਾਮਣਿ ਕਵੀ ਦੀ ਆਪਣੀ ਰਚਿਤ ਬਾਲਮੀਕ ਰਮਾਇਣ ਦੇ ਅਨੁਵਾਦ ਦੇ ਲੰਕਾ ਕਾਂਡ ਸਰਗ ੧੩੧ ਵਿਚ ਵੀ ਇਹਨਾਂ ਦਾ ਅੰਮ੍ਰਿਤ ਛਕਣਾ ਨਾਮ ਦਿਆਲ ਸਿੰਘ ਹੋਣਾ ਲਿਖਿਆ ਹੈ।

'ਖੰਡੇ ਕੀ ਪਾਹੁਲ ਲੈ ਕਰਕੈ। ਦਯਾਲ ਸਿੰਘ ਨਿਜ ਨਾਮ ਸੁਧਰਿਕੈ।
ਨਿਹਾਲ ਨਿਹਾਲ ਨਿਹਾਲ ਹੋਯਾ।' (ਐਨ ੧, ਅੰਸੂ ੨੧, ੨੩,੨੪)

ਤਾਂ ਸਤਿਗੁਰਾਂ ਇਸਦਾ ਲੰਗਰ ਛਕਿਆ ਤੇ ਖਾਲਸੇ ਵਿਚ ਵਰਤਾਇਆ।

ਇਸ ਸਾਖੀ ਤੋਂ ਪ੍ਰਸਿੱਧ ਹੈ ਕਿ ਭਾਈ ਦਿਆਲ ਸਿੰਘ* ਜਿਨ੍ਹਾਂ ਦੇ ਵੱਡੇ ਵਡੇਰੇ ਚਉਥੇ ਪਾਤਸ਼ਾਹ ਜੀ ਤੋਂ ਗੁਰੂ ਘਰ ਨੂੰ ਮੰਨਣ ਵਾਲੇ, ਦਾੜ੍ਹਾ ਕੇਸ ਸਹਿਤ, ਸ਼ਰਾਬ ਤਮਾਕੂ ਨਹੀਂ ਵਰਤਦੇ ਸਨ ਪਰ ਬੇ-ਅੰਮ੍ਰਿਤੀਏ ਹੋਣ ਕਰ ਕੇ ਉਸ ਦਾ ਲੰਗਰ ਤੱਕ ਵੀ ਪਰਵਾਨ ਨਹੀਂ ਹੋਇਆ ਤਾਂ ਅਸੀਂ ਕਿਹੜੇ ਬਾਗ ਦੀ ਮੂਲੀ ਹਾਂ ਜੋ ਬਿਨਾਂ ਅੰਮ੍ਰਿਤ ਛਕੇ, ਸਤਿਗੁਰਾਂ ਨੂੰ ਭਾ ਜਾਵਾਂਗੇ।

ਸ ਉਪਰਕਤ ਗਵਾਹੀਆ ਤ ਨਿਸਚੇ ਹੀ ਸਿਧ ਹੁਦਾ ਹੈ ਕਿ ਪ੍ਰਮੇਸਰ ਦੀ ਪ੍ਰਾਪਤੀ ਵਾਸਤੇ ਸਤਿਗੁਰਾਂ ਦੀ ਲੋੜ ਹੈ ਅਤੇ ਗੁਰੂ ਵਾਲੇ ਬਣਨ ਵਾਸਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣਾ ਅਤਿਅੰਤ ਜ਼ਰੂਰੀ ਹੈ।

---

*ਭਾਈ ਦਿਆਲ ਸਿੰਘ ਜੀ ਦਾ ਪੁੱਤ੍ਰ ਭਾਈ ਗੁਰਬਖਸ਼ ਸਿੰਘ ਜੀ ਇਸਦੇ ਪੁੱਤ੍ਰ ਦੇਸੂ ਸਿੰਘ ਨੇ ਕੈਂਥਲ ਦਾ ਹਾਜ ਕਾਇਮ ਕੀਤਾ। ਉਸ ਦਾ ਪੁੱਤ੍ਰ ਹਾਜਾ ਲਾਲ ਸਿੰਘ ਤੇ ਉਹਨਾਂ ਦੇ ਪੁੱਤ੍ਰ ਉਦਯ ਸਿੰਘ ਜੀ ਕੈਂਥਲਪਤੀ ਹੋਏ ਜਿਨ੍ਹਾਂ ਦੇ ਦਰਬਾਰ ਦੇ ਕਵੀ, ਕਵਿਰਾਜ ਭਾਈ ਸੰਤੋਖ ਸਿੰਘ ਜੀ ਚੂੜਾਮਣਿ ਹੋਏ ਜਿਨ੍ਹਾਂ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਰਚਿਆ ਹੈ।

ਦਿਆਲ ਦਾਸ ਨਾਮੇ ਨਿਗੁਰਾ ਮਸੰਦ ਬੇਅੰਮ੍ਰਿਤੀਆ ਰਹਿੰਦਾ ਹੈ, ਉਸ ਦੀ ਨਿਗੁਰੇਪੁਣੇ ਦੀ ਬਦ-ਬੂ ਉਸ ਦੇ ਘਰ ਵਿਚੋਂ ਪਿੰਡ ਵਿਚ ਤੇ ਪਿੰਡ ਵਿਚੋਂ ਇਸ ਛੱਪੜ ਵਿਚ ਪੈ ਗਈ ਹੈ। ਉਸ ਦਾ ਕਾਰਨ ਘੋੜੇ ਨੇ ਜਲ ਨਹੀਂ ਛਕਿਆ।'

'ਹੈ ਮਸੰਦ ਕੀ ਇਤ ਬਦਬੋਇ ॥ ਯਾਂ ਤੇ ਅਸੁ ਜਲ ਛਕਯੋ ਨ ਸੋਇ ॥'

ਇਸ ਵਾਰਤਾ ਦਾ ਪਤਾ ਦਿਆਲ ਦਾਸ ਨੂੰ ਉਸ ਨਗਰ ਦੇ ਪ੍ਰੇਮੀਆਂ ਤੋਂ ਲੱਗਾ। ਛੇਤੀ ਆ ਕੇ ਗੁਰੂ ਕੇ ਚਰਨਾਂ ਵਿਚ ਬੇਨਤੀ ਕੀਤੀ, 'ਹਜ਼ੂਰ! ਆਉ ਘਰ ਵਿਚ ਚਰਨ ਪਾ ਕੇ ਪਵਿੱਤ੍ਰ ਕਰੋ। ਲੰਗਰ ਤਿਆਰ ਕੀਤਾ ਹੈ ਆਪ ਛਕੋ।'

'ਲਯਯੋ ਬ੍ਰਿਧ ਬਹੁ ਬਿਨੈ ਬਖਾਨੀ। ਤਿਆਰ ਕਰੀ ਮੈ ਦੇਗ ਮਹਾਨੀ।
ਭੋਜਨ ਅਚਹੁ ਕਰਹੁ ਬਰਤਾਵਨ। ਪਾਵਨਿ ਪਾਵਨਿ ਕਰਿ ਘਰ ਪਾਵਨ।'

ਸਤਿਗੁਰਾਂ ਕਿਹਾ, 'ਦਿਆਲ ਦਾਸ! ਤੇਰਾ ਲੰਗਰ ਨਹੀਂ ਛਕਣਾ, ਤੇਰੇ ਘਰ ਚਰਨ ਨਹੀਂ ਪਾਉਣੇ। ਅਸੀਂ ਮਰਯਾਦਾ ਪ੍ਰਪੱਕ ਕਰ ਦਿੱਤੀ ਹੈ ਕਿ ਬੇਅੰਮ੍ਰਿਤੀਏ ਦੇ ਘਰ ਚਰਨ ਨਹੀਂ ਪਾਉਣੇ, ਨਾ ਉਸ ਦੀ ਭੇਟਾ ਤੇ ਨਾ ਲੰਗਰ ਹੀ ਪ੍ਰਵਾਨ ਕਰਨਾ ਹੈ।

'ਇਮ ਕਹਿ ਅਗ੍ਰ ਪਯਾਨੋ ਕੀਨ। ਦਯਾਲ ਦਾਸ ਤੇ ਲੀਨ ਨ ਦੀਨ।'

ਇਉਂ ਕਹਿ ਕੇ ਹਜ਼ੂਰ ਨੇ ਅੱਗੇ ਚਾਲੇ ਪਾਏ ਤਾਂ ਭਾਈ ਰਾਮ ਸਿੰਘ ਜੀ ਨੇ ਕਿਹਾ, 'ਹੇ ਚਾਚਾ ਦਿਆਲ ਦਾਸ ਜੀ! ਹਣ ਇਕੋ ਤਰੀਕਾ ਹੈ। ਲੰਗਰ ਗੱਡੇ ਤੇ ਲੱਦ ਲਓ। ਪਿੱਛੇ ਪਿੱਛੇ ਚੱਲੋ, ਜਦੋਂ ਪ੍ਰਸੰਨ ਹੋ ਕੇ ਛਕਣਗੇ ਉਦੋਂ ਹੀ ਛਕਾਓ।' ਇਉਂ ਹੀ ਕੀਤਾ।

'ਦਯਾਲ ਦਾਸ ਭਰ ਸਕਟ ਅਹਾਰਾ। ਫਿਰੇ ਲਿਯੇ, ਨਹਿ ਅੰਗੀਕਾਰਾ।'

ਗੱਡਾ ਭਰਕੇ ਮਗਰ ਮਗਰ ਲਈ ਫਿਰਦੇ ਹਨ ਪਰ ਸਤਿਗੁਰੂ ਜੀ ਅੰਗੀਕਾਰ ਨਹੀਂ ਕਰਦੇ। ਬਠਿੰਡੇ ਸੰਗਤ ਨੂੰ ਤਾਰ ਕੇ ਪ੍ਰੇਤ ਦਾ ਉਧਾਰ ਕਰ ਕੇ ਵਾਪਿਸ ਸ੍ਰੀ ਦਮਦਮਾ ਸਾਹਿਬ ਆਏ।

'ਦਯਾਲ ਦਾਸ ਸਕਟਾ ਭਰਿ ਜੋਇ। ਸੰਗ ਲੀਏ ਫਿਰ ਲਯਾਯੋ ਸੋਇ।
ਰਾਮ ਸਿੰਘ ਤਬ ਅਰਜ ਬਖਾਨੀ। ਬਖਸ਼ੋ ਪ੍ਰਭੂ ਆਪਨ ਜਾਨੀ।'

ਤਾਂ ਹਜ਼ੂਰ ਨੇ ਫੁਰਮਾਇਆ, 'ਭਾਈ ਦਿਆਲ ਦਾਸ! ਸਿੱਖ ਉਹ ਹੁੰਦਾ ਹੈ ਜਿਹੜਾ ਹੁਕਮ ਮੰਨੇ ਤੇ ਜਿਹੜਾ ਮੋੜੇ :-

ਸਤਿਗੁਰੂ ਜੀ ਦੇ ਇਹ ਬਚਨ ਜਦੋਂ ਸੁਣੇ ਤਾਂ ਦਿਆਲ ਦਾਸ ਕਮਦਿਲਾ ਹੋ ਕੇ ਮੰਨ ਨਾ ਸਕਿਆ ਤਾ ਸਤਿਗੁਰੂ ਜੀ ਇਸ ਤੋਂ ਬੇਰੁਖ ਹੋ ਗਏ। ਇਕ ਦਿਨ ਆਪ ਹਜ਼ੂਰ ਨੇ ਬਠਿੰਡੇ ਦੀ ਸੰਗਤ ਨੂੰ ਨਿਹਾਲ ਕਰਨ ਲਈ ਕਮਰਕਸਾ ਕੀਤਾ। ਰਸਤੇ ਵਿਚ ਭਾਈ ਰਾਮ ਸਿੰਘ ਦਾ ਨਗਰ ਭਾਈ ਕੇ ਚੱਕ ਸੀ। ਉਸ ਨੇ ਸਤਿਗੁਰਾਂ ਦੀ ਸੇਵਾ ਲਈ ਬਹੁਤ ਪ੍ਰੇਮ ਨਾਲ ਤਿਆਰੀ ਕੀਤੀ। ਸਤਿਗੁਰਾਂ ਨੇ ਚਰਨ ਪਾਏ। ਭਾਈ ਰਾਮ ਸਿੰਘ, ਭਾਈ ਰਤੇ ਸਿੰਘ, ਭਾਈ ਤਖਤੂ ਸਿੰਘ, ਭਾਈ ਬਖਤੂ ਸਿੰਘ ਸਭ ਨੂੰ ਨਿਹਾਲ ਕੀਤਾ। ਉਥੇ ਭਾਈ ਦਿਆਲ ਦਾਸ ਨੇ ਸਤਿਗੁਰਾਂ ਦਾ ਆਉਣਾ ਸੁਣ ਕੇ ਆਪਣੇ ਪਿੰਡ ਭੁਚੋ ਕੇ ਤੋਂ ਆ ਕੇ ਹਜ਼ੂਰ ਦੇ ਦਰਸ਼ਨ ਕੀਤੇ ਪਰ ਸਤਿਗੁਰੂ ਜੀ ਬੇਰੁਖ ਰਹੇ; ਇਸ ਨੂੰ ਬੁਲਾਇਆ ਭੀ ਨਹੀਂ। ਭਾਈ ਰਾਮ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਜੀ ਹਜ਼ੂਰ! ਇਹ ਭਾਈ ਦਿਆਲ ਦਾਸ ਵੀ ਆਪ ਜੀ ਦੀ ਗੁਰਸਿੱਖੀ ਰੂਪ ਸੁੰਦਰ ਫੁਲਵਾੜੀ ਦਾ ਇਕ ਟਹਿਕਦਾ ਫੁੱਲ ਹੈ, ਭਾਈ ਆਦਮ ਦੀ ਅੰਸ ਹੈ। ਇਸ ਤੇ ਭੀ ਕ੍ਰਿਪਾ ਕਰੋ।' ਹਜ਼ੂਰ ਨੇ ਕਿਹਾ, 'ਇਹ ਨਿਗੁਰਾ ਹੈ ਅੰਮ੍ਰਿਤ ਛਕੇ ਤਾਂ ਮੇਲਾਂਗੇ।' ਭਾਈ ਦਿਆਲ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਜੀ! ਮੈਂ ਨਿਗੁਰਾ ਨਹੀਂ ਹਾਂ। ਆਪ ਜੀ ਮੇਰੇ ਗੁਰੂ ਹੋ ਸਾਡਾ ਘਰਾਣਾ ਚਉਥੇ ਪਾਤਿਸ਼ਾਹ ਤੋਂ ਲੈ ਕੇ ਪੀੜ੍ਹੀ ਦਰ ਪੀੜ੍ਹੀ ਗੁਰੂ ਘਰ ਦਾ ਅਨਿੰਨ ਸੇਵਕ ਰਿਹਾ ਹੈ। ਕਿਸੇ ਕਬਰ, ਮੜ੍ਹੀ, ਮੱਟ, ਭੂਤ, ਪ੍ਰੇਤ, ਦੇਵੀ, ਦੇਵਤੇ ਨੂੰ ਨਹੀਂ ਮੰਨਦੇ। ਮੇਰਾ ਦਾੜ੍ਹਾ ਕੇਸ ਸਾਬਤ ਹਨ। ਸ਼ਰਾਬ ਤੰਮਾਕੂ ਕਦੇ ਨਹੀਂ ਵਰਤਿਆ ਸੋ ਆਪ ਕ੍ਰਿਪਾ ਕਰੋ।' ਫਿਰ ਵੀ ਸਤਿਗੁਰਾਂ ਨੇ ਬੇਅੰਮ੍ਰਿਤੀਆ ਹੋਣ ਕਰਕੇ ਨਹੀਂ ਪ੍ਰਵਾਨ ਕੀਤਾ। ਭਾਈ ਰਾਮ ਸਿੰਘ ਨੇ ਕਿਹਾ, 'ਭਾਈ ਦਿਆਲ ਦਾਸ! ਤੂੰ ਲੰਗਰ ਤਿਆਰ ਕਰ। ਤੇਰੇ ਨਗਰ ਵਿਚੋਂ ਦੀ ਲੰਘਣ ਲੱਗਿਆਂ ਨੂੰ ਛਕਾਵਾਂਗੇ।' ਇਸ ਨੇ ਲੰਗਰ ਤਿਆਰ ਕੀਤਾ। ਸਤਿਗੁਰੂ ਜੀ ਭਾਈ ਰਾਮ ਸਿੰਘ ਜੀ ਪਾਸ ਇਕ ਰਾਤ ਰਹਿ ਕੇ ਨਿਹਾਲ ਕਰ ਕੇ ਅੱਗੇ ਚੱਲੇ। ਰਸਤੇ ਵਿਚ ਦਿਆਲ ਦਾਸ ਦਾ ਪਿੰਡ ਭੁਚੋ ਕੇ ਆਇਆ। ਗੁਰੂ ਕੇ ਘੋੜੇ ਨੂੰ ਪਿਆਸ ਲੱਗੀ। ਡੂੰਘੀ ਢਾਬ ਵਿਚ ਠੰਢਾ ਨਿੱਤ੍ਰਿਆ ਜਲ ਛਕਣ ਲਈ ਘੋੜੇ ਨੂੰ ਜਦ ਸਤਿਗੁਰਾਂ ਪ੍ਰੇਰਿਆ ਤਾਂ ਗੋਡੇ ਗੋਡੇ ਜਲ ਵਿਚ ਪਹੁੰਚ ਕੇ ਸੁੰਘ ਕੇ ਗੁਰੂ ਕੇ ਘੋੜੇ ਨੇ ਜਲ ਨਾ ਛਕਿਆ। ਸਿੰਘਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਜੀ ਹਜ਼ੂਰ! ਘੋੜਾ ਤਿਹਾਇਆ ਹੈ, ਜਲ ਠੰਢਾ, ਨਿਰਮਲ ਹੈ। ਆਪ ਜੀ ਦਾ ਘੋੜਾ ਸੁੰਘ ਕੇ ਪਿੱਛੇ ਹੱਟ ਗਿਆ ਹੈ, ਛਕਿਆ ਨਹੀਂ, ਕੀ ਕਾਰਨ ਹੈ?' ਤਾਂ ਸਤਿਗੁਰਾਂ ਫੁਰਮਾਇਆ, 'ਇਸ ਨਗਰ ਵਿਚ ਇਕ

'ਸਾਖੀ ਭਾਈ ਦਿਆਲ ਦਾਸ ਨੇ ਅੰਮ੍ਰਿਤ ਛਕਣਾ

ਸਤਿਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਪਿੰਡ ਭੁੱਚੋ ਕੇ (ਮਾਲਵੇ) ਵਿਚ ਰਹਿਣ ਵਾਲਾ ਸਿੱਦਕੀ ਸਿੱਖ ਭਾਈ ਆਦਮ ਜੀ (ਜਿਸ ਦੀ ਉਮਰ ੬੦ ਸਾਲ ਸੀ ਘਰ 'ਚ ਕੋਈ ਪੁੱਤ੍ਰ ਨ ਜਨਮਿਆ) ਆਪਣੀ ਘਰ ਵਾਲੀ ਸਮੇਤ ਦੁਨੀਆਂ ਵਲੋਂ ਨਿਰਾਸ਼ਾ ਹੋ ਕੇ ਇਕ ਸਤਿਗੁਰਾਂ ਦੀ ਓਟ ਤੱਕ ਕੇ ਪੁੱਤ੍ਰ ਦੀ ਕਾਮਨਾ ਲੈ ਕੇ ਸ੍ਰੀ ਅੰਮ੍ਰਿਤਸਰ ਸਤਿਗਰਾਂ ਦੀ ਸੇਵਾ ਵਿਚ ਹਾਜ਼ਰ ਹੋਇਆ। ਦੰਪਤੀ ਦਿਨ ਰਾਤ ਇਕ-ਰਸ ਸੇਵਾ ਸਿਮਰਨ ਕਰਦੇ ਰਹੇ। ਭਾਈ ਆਦਮ ਜੰਗਲ ਵਿਚੋਂ ਲੱਕੜਾਂ ਲਿਆ ਕੇ ਲੰਗਰ ਵਿਚ ਸੇਵਾ ਕਰਦਾ। ਇਕ ਰਾਤ ਬਹੁਤੀ ਠੰਢ ਦੇ ਸਮੇਂ ਸਭ ਸੰਗਤਾਂ ਦੇ ਡੇਰਿਆਂ ਅੱਗੇ ਅੱਗ ਬਾਲ ਕੇ ਸੁਕਾਉਣ ਦੀ ਬਹੁਤ ਸੇਵਾ ਕੀਤੀ, ਪਾਲਾ ਦੂਰ ਕੀਤਾ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ। ਸਤਿਗੁਰਾਂ ਨੇ ਇਕ ਪੁੱਤ੍ਰ ਭਗਤੀ ਦੀ ਅੰਮ ਵਿਚੋਂ ਬਖਸ਼ਿਆ ਜਿਸ ਦਾ ਨਾਮ ਹਜ਼ੂਰ ਨੇ ਭਾਈ ਭਗਤੂ ਰੱਖਿਆ। ਜੋ ਬੜੀ ਸ਼ਕਤੀ ਵਾਲੇ ਇੰਦ੍ਰੇ ਜਿੱਤ ੧੦੦ ਸਾਲ ਤੋਂ ਵੱਧ ਅਵਸਥਾ ਦੇ ਹੋਏ। ਇਨ੍ਹਾਂ ਦੇ ਘਰ ਦੋ ਪੁੱਤਰ ਭਾਈ ਗੋਰਾ ਤੇ ਭਾਈ ਜੀਵਨ ਜੀ ਹੋਏ। ਭਾਈ ਜੀਵਨ ਜੀ ਸਤਵੇਂ ਪਾਤਿਸ਼ਾਹ ਜੀ ਦੇ ਬਚਨ ਅਨੁਸਾਰ ਬ੍ਰਾਹਮਣ ਦਾ ਪੁੱਤ੍ਰ ਜੀਉਂਦਾ ਕਰ ਕੇ ਆਪ ਚੜ੍ਹਾਈ ਕਰ ਗਏ। ਅੱਗੇ ਉਹਨਾਂ ਦੀ ਉਲਾਦ ਬਹੁਤ ਵਧੀ ਫੁੱਲੀ ਜਿਨ੍ਹਾਂ ਵਿਚੋਂ ਇਕ ਭਾਈ ਰਾਮ ਸਿੰਘ ਜੀ ਅੰਮ੍ਰਿਤਧਾਰੀ ਸੀ। ਦੂਸਰਾ ਫਤੇ ਸਿੰਘ ਸੀ। ਇਨ੍ਹਾਂ ਦੀ ਮਤਰੇਈ ਮਾਤਾ ਦੇ ਦੋ ਪੁੱਤ੍ਰ ਬਖਤੂ ਸਿੰਘ ਅਤੇ ਤਖਤੂ ਸਿੰਘ ਸਨ। ਭਾਈ ਗੋਰੇ ਦੇ ਪੁੱਤਰ ਦਿਆਲ ਦਾਸ ਜੀ ਹੋਏ। ਇਕ ਦਿਨ ਭਾਈ ਦਿਆਲ ਦਾਸ ਜੀ ਦਸਮੇਸ਼ ਪਿਤਾ ਜੀ ਦੇ ਦਰਸ਼ਨ ਕਰਨ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਆਇਆ ਤਾਂ ਸਤਿਗੁਰਾਂ ਕਿਹਾ, 'ਭਾਈ ਦਿਆਲ ਦਾਸ ਅੰਮ੍ਰਿਤ ਛਕ ਕੇ ਦਿਆਲ ਸਿੰਘ ਬਣੋ।'

'ਸ੍ਰੀ ਮੁਖ ਤੇ ਕਹਿ ਪੁਨ ਸਮਝਾਯੋ। ਹਮ ਨੇ ਉਤਮ ਪੰਥ ਚਲਾਯੋ।
ਲੋਕ ਪ੍ਰਲੋਕ ਬਿਖੈ ਸੁਖਦਾਇਕ। ਰਾਜ ਤੇਜ ਜੁਤ ਹੈ ਰਿਪੁ ਘਾਯਕ।
ਤਿਸ ਜਹਾਜ ਪਰ ਚਢੇ ਜੋ ਆਇ। ਕੀਟੀ ਤੇ ਗਯੰਦ ਬਨਿ ਜਾਇ।
ਜੋ ਸਯਾਲ ਸਮ ਸਭ ਤੇ ਰਰੈ। ਬਨੈ ਸਿੰਘ ਸਿੰਘ ਨਾਮ ਸੁ ਧਰੈ।
ਖੰਡੇ ਕੀ ਪਾਹੁਲ ਸੁਭ ਧਾਰਹੁ। ਬਨਹੁ ਖਾਲਸਾ ਭਰਮ ਨਿਵਾਰਹੁ।
ਪੰਜ ਕਕਾਰ ਕੀ ਰਹਿਤ ਰਖੀਜੈ। ਮੀਣ ਮਸੰਦ ਮੇਲ ਨਹਿ ਕੀਜੈ।
ਸਸਤ੍ਰਨਿ ਕੋ ਨਿਸਦਿਨ ਤਨ ਧਰੀਅਹਿ। ਫਤੇ ਗੁਰੂ ਜੀ ਕੀ ਸੁ ਉਚਰੀਅਹਿ।'

ਪੁਨ ਮਿਲਿ ਪਾਂਚਹੁ ਰਹਤੁ ਜੁ ਭਾਖਹਿ;
ਤਾਂ ਕੋ ਮਨ ਮੈਂ ਦ੍ਰਿੜ੍ਹ ਕਰਿ ਰਾਖੈ ॥੭॥'
(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਖੰਡੇ ਦੇ ਅੰਮ੍ਰਿਤ ਦੀ ਪਰਿਪਾਟੀ ਪਾਉਣ ਵਾਸਤੇ ਅਤੇ ਅੰਮ੍ਰਿਤ ਛਕਣਾ ਜ਼ਰੂਰੀ ਸਮਝਦਿਆਂ ਹੋਇਆਂ ਇਸ ਦੀ ਮਹਾਨਤਾ ਨੂੰ ਉੱਚੀ ਦਰਸਾਉਣ ਲਈ ਇਸ ਮਰਯਾਦਾ ਨੂੰ ਪਹਪੱਕ ਕਰਨ ਵਾਸਤੇ ਪੰਜਾਂ ਪਿਆਰਿਆਂ ਤੋਂ ਸਭ ਤੋਂ ਪਹਿਲਾਂ ਅੰਮ੍ਰਿਤ ਛਕਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਹਨ। ਉਹਨਾਂ ਹੀ ਸਾਰੀ ਸੰਗਤ ਨੂੰ ਅੰਮ੍ਰਿਤ ਛਕਣ ਦੀ ਆਗਿਆ ਦਿੱਤੀ :—

'ਗੁਰ ਸੰਗਤਿ ਕੀਨੀ ਮਾਲਸਾ ਮਨਮੁਖੀ ਦੁਹੇਲਾ ॥੧॥' (ਵਾਰ ੪੧)

ਬੇਦੀ ਬੰਸ ਵਿਚੋਂ ਬਾਬਾ ਕਲਾਧਾਰੀ ਜੀ ਜੋ ਦਸਵੇਂ ਪਾਤਸ਼ਾਹ ਜੀ ਦੇ ਸਮੇਂ ਹੋਏ ਹਨ। ਇਹਨਾਂ ਦੇ ਘਰ ਵਿਚ ਪੋਤਰਾ ਨਾ ਪੈਦਾ ਹੋਣ ਕਰ ਕੇ ਅੱਗੇ ਬੰਸ ਦਾ ਵਿਸਥਾਰ ਰੁਕ ਗਿਆ। ਤਾਂ ਇਹਨਾਂ ਨੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ, 'ਮਹਾਰਾਜ ਜੀ! ਬੇਦੀ ਨੁਲ ਦਾ ਵਿਕਾਸ ਰੁਕ ਗਿਆ ਹੈ। ਪੋਤਰਾ ਨਹੀਂ ਹੁੰਦਾ।' ਸਤਿਗੁਰਾਂ ਨੇ ਕਿਹਾ, 'ਭੱਲਿਆਂ ਵਿਚੋਂ ਬਿਨੋਦ ਸਿੰਘ, ਕਾਹਨ ਸਿੰਘ, ਤੇਹਣਾਂ ਵਿਚੋਂ ਬਾਜ ਸਿੰਘ ਅਤੇ ਸੋਢੀਆਂ ਵਿਚੋਂ ਸਿਆਮ ਸਿੰਘ ਨੇ ਅੰਮ੍ਰਿਤ ਛਕ ਲਿਆ ਹੈ। ਉਹਨਾਂ ਦੀਆਂ ਪੀੜ੍ਹੀਆਂ ਅੱਗੇ ਚੱਲ ਰਹੀਆਂ ਹਨ। ਤੁਸੀਂ ਵੀ ਅੰਮ੍ਰਿਤ ਛਕ ਲਵੋ ਤਾਂ ਕੁਲ ਚੱਲੇਗੀ। ਬਾਬਾ ਕਲਾਧਾਰੀ ਜੀ ਦੇ ਪੁੱਤਰ ਭਾਈ ਅਜੀਤ ਸਿੰਘ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤਾਂ ਉਨ੍ਹਾਂ ਦੇ ਘਰ ਵੱਡੇ ਸੂਰਮੇਂ ਬਾਬਾ ਸਾਹਿਬ ਸਿੰਘ ਜੀ ਬੇਦੀ ਪੈਦਾ ਹੋਏ ਜਿਨ੍ਹਾਂ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਕਾਠ ਦੀਆਂ ਤੋਪਾਂ ਚਲਾਈਆਂ।

'ਵਪੀ ਵੇਲਿ ਬਹੁ ਪੀੜੀ ਚਾਲੀ ॥
ਧਰਮ ਕਲਾ ਹਰਿ ਬੰਧਿ ਬਹਾਲੀ ॥' (੩੯੬)

ਸੋ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਣ ਤੇ ਹੀ ਬੇਦੀ ਬੰਸ ਦੁਬਾਰਾ ਚੱਲੀ। ਸੋ ਜਿਸ ਦੀ ਬੰਸ ਅੱਗੇ ਨਾ ਚੱਲਦੀ ਹੋਵੇ ਉਹ ਖੰਡੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਤੋਂ ਛਕ ਲਵੇ। ਇਸ ਤਰ੍ਹਾਂ ਬੇਅੰਤ ਗੁਰਮੁਖਾਂ ਤੇ ਬਖਸ਼ਿਸ਼ਾਂ ਹੋ ਜਾਂਦੀਆਂ ਹਨ।

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀ ਮੋ ਸੋ ਗਰੀਬ ਕਰੋਰ ਪਰੇ ॥੨॥' (ਦਸਮ ੭੧੬)

ਫਿਰ ਜ਼ਰੂਰੀ ਹੁਕਮ ਕੀਤਾ ਕਿ ਹਰ ਸਿੱਖ ਭਾਵੇਂ ਕਿੰਨਾ ਵੀ ਉੱਚੇ ਸੁੱਚੇ ਚਾਲ ਚਲਣ ਤੇ ਸਿਮਰਨ ਭਜਨ ਵਾਲਾ ਕਿਉਂ ਨਾ ਹੋਵੇ, ਉਹ ਮੁਕਤ ਤਦ ਹੀ ਹੋ ਸਕਦਾ ਹੈ ਜੇ ਗੁਰੂ ਕਾ ਖੰਡੇ ਬਾਟੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਤੋਂ ਛਕੇ। ਰਹਿਤਨਾਮੇ ਦੇ ਬਚਨ ਹਨ :-

'ਤੀਨ ਪ੍ਰਕਾਰ ਮਮ ਸਿਖ ਹੈਂ, ਸਹਜੀ, ਚਰਨੀ, ਖੰਡ।'

ਸਹਿਜਧਾਰੀ, ਚਰਨਧਾਰੀ ਅਤੇ ਖੰਡੇਧਾਰੀ ਇਹ ਤਿੰਨ ਪ੍ਰਕਾਰ ਦੇ ਸਾਡੇ ਸਿੱਖ ਹਨ। ਨੌਵੇਂ ਸਰੂਪ ਤੱਕ ਜਿਹੜਾ ਵੀ ਜਗਿਆਸੂ ਗੁਰੂ ਧਾਰਨ ਲਈ ਆਉਂਦਾ ਉਸ ਨੂੰ ਚਰਨ ਪਹੁਲ ਦਿੱਤੀ ਜਾਂਦੀ ਸੀ ਪਰ ਹੁਣ ਜਦੋਂ ਵਿਅਕਤੀਗਤ ਗੁਰੂ ਅੱਗੇ ਵਾਸਤੇ ਨਹੀਂ ਸੀ ਬਣਾਉਣਾ, ਗੁਰਤਾ ਗੱਦੀ ਕੇਵਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਬਖਸ਼ਣੀ ਸੀ, ਇਸ ਵਾਸਤੇ ਅੰਤਰਯਾਮੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਅੰਦੇਸ਼ੀ ਕਰਕੇ :-

'ਨੇਤੇ ਦਿਨੈ ਮਾਤ ਲੋਕ ਤੁਧ ਗੁਰੈ ਦੂਰ ॥ (੯੬੭)

ਇਸ ਚਰਨ ਪਹੁਲ ਨੂੰ ਖੰਡੇ ਦੀ ਪਹੁਲ ਵਿਚ ਬਦਲ ਦਿੱਤਾ। ਜਿਵੇਂ ਨੌਵੇਂ ਸ਼ਰੂਪ ਤੱਕ ਜਿਸ ਨੇ ਵੀ ਗੁਰੂ ਵਾਲੇ ਬਣਨਾ ਹੁੰਦਾ ਉਸ ਵਾਸਤੇ 'ਚਰਨ ਪਹੁਲ' ਲੈਣੀ ਹੀ ਜ਼ਰੂਰੀ ਸੀ। ਇਸੇ ਤਰ੍ਹਾਂ ਜਿਸ ਨੇ ਵੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰੂ ਧਾਰਨਾ, ਲਤ ਲਗਾਨਾ ਜਾਂ ਗੁਰੂ ਵਾਲੇ ਬਣਨਾ ਹੁੰਦਾ ਉਸ ਵਾਸਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣਾ ਅਤਿਅੰਤ ਜ਼ਰੂਰੀ ਹੈ।

'ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ,
ਹਰਿ ਸਿਮਰਤ ਅਨਦ ਅਨੰਤਾ ॥' (੪੯੬)

'ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗ ਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥' (੯੨੦)

'ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥' (੩੧੮)

ਸੋਰਠਾ-'ਪ੍ਰਥਮ ਰਹਤ ਯਹ ਜਾਨ, ਖੰਡੇ ਕੀ ਪਹੁਲ ਛਕੇ,
ਸੋਈ ਸਿੰਘ ਪ੍ਰਧਾਨ, ਅਵਰ ਨ ਪਹੁਲ ਜੋ ਲਏ ॥੬॥
ਪਾਂਚ ਸਿੰਘ, ਜੋ ਅੰਮ੍ਰਿਤ ਦੇਵੈ,
ਤਾ ਕੋ ਸਿਰ ਧਰਿ ਛਕਿ ਪੁਨ ਲੇਵੈ।

'ਅੱਗੇ ਵਾਸਤੇ ਸੰਗਤ ਕੋਈ ਸ਼ੰਕਾ ਨਾ ਕਰੇ ਕਿ ਅਸੀਂ ਪੰਜਾਂ ਪਿਆਰਿਆਂ ਤੋਂ ਕਿਉਂ ਅੰਮ੍ਰਿਤ ਛਕੀਏ ? ਉਹ ਸ਼ੰਕਾ ਮੇਟਣ ਵਾਸਤੇ ਗੁਰ-ਮਰਯਾਦਾ ਸਦੀਵੀ ਪ੍ਰਪੱਕ ਕਰਨ ਲਈ ਤੁਹਾਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ।' ਕਿਉਂਕਿ ਜੋ ਵੀ ਗੁਰੂ ਘਰ ਮਰਯਾਦਾ ਦਸਾਂ ਹੀ ਸਰੂਪਾਂ ਵਿਚ ਆਪਣੇ ਸਿੱਖਾਂ ਸੇਵਕਾਂ ਨੂੰ ਦ੍ਰਿੜ੍ਹ ਕਰਾਈ ਉਸ ਵਿਚ ਸਤਿਗੁਰਾਂ ਨੇ ਆਪ ਚਲ ਕੇ ਉਸ ਮਰਯਾਦਾ ਨੂੰ ਅਪਣਾਇਆ। ਐਸਾ ਹੀ ਪਵਿੱਤਰ ਜੀਵਨ ਜਿਉਂ ਕੇ ਪੂਰਨੇ ਪਾਏ। ਕੇਵਲ ਦੂਸਰਿਆਂ ਨੂੰ ਕਹਿ ਕੇ ਕਿਸੇ ਮਰਯਾਦਾ ਵਿਚ ਚਲਾਉਣਾ ਅਤੇ ਆਪ ਨਾ ਚੱਲਣ ਦਾ ਖੰਡਨ ਕੀਤਾ।

'ਮੁਖ ਤੇ ਪੜਤਾ ਟੀਕ ਸਹਿਤ ॥
ਹਿਰਦੇ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥' (੮੮੭)

'ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥' (੨੬੯)

ਇਸ ਵਾਸਤੇ ਸਤਿਗੁਰੂ ਜੀ ਨੇ ਪੰਜਾਂ ਪਿਆਰਿਆਂ ਤੋਂ ਜਾਚਨਾ ਕਰ ਕੇ ਸਭ ਤੋਂ ਪਹਿਲਾਂ ਆਪ ਅੰਮ੍ਰਿਤ ਛਕਿਆ। ਭਾਈ ਗੁਰਦਾਸ ਸਿੰਘ ਜੀ ਨੇ ਤਾਹੀਏਂ ਫੁਰਮਾਇਆ ਹੈ।

'ਵਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੭॥' (ਵਾਰ ੪੧)

'ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਪੀਓ ਪਾਹੁਲ ਖੰਡੇ ਧਾਰ ਹੁਇ ਜਨਮ ਸੁਹੇਲਾ ॥੫੧॥' (ਵਾਰ ੪੧)

ਅੰਮ੍ਰਿਤ ਛਕ ਕੇ ਖਾਲਸੇ ਦੀ ਉਪਮਾ ਕੀਤੀ :—

ਸ੍ਵੈਯਾ ॥ 'ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥

ਪਤਾ ਲੱਗੇਗਾ ਕਿ ਔਹ ਗੁਰੂ ਕਾ ਖਾਲਸਾ ਖੜਾ ਹੈ । ਜੋ ਕਦੇ ਛੁਪ ਨਹੀਂ ਸਕੇਗਾ ।

ਇਸੇ ਪ੍ਰਣ ਨੂੰ ਪੂਰਾ ਕਰਨ ਅਤੇ ਨੌਵੇਂ ਪਾਤਸ਼ਾਹ ਤੱਕ ਚਲੀ ਆ ਰਹੀ 'ਚਰਨ ਪਹੁਲ' ਦੀ ਮਰਯਾਦਾ ਨੂੰ 'ਖੰਡੇ ਦੀ ਪਹੁਲ' ਵਿਚ ਬਦਲਣ ਵਾਸਤੇ ਲੱਖਾਂ ਦੇ ਇਕੱਠ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ ਤੇ ਸੰਮਤ ੧੭੫੬ ਬਿਕ੍ਰਮੀ ਨੂੰ ਵਿਸਾਖੀ ਵਾਲੇ ਦਿਨ ਪੰਜਾਂ ਪਿਆਰਿਆਂ ਦੇ ਸੀਸ ਕੱਟ ਕੇ, ਆਤਮਕ ਸ਼ਕਤੀ ਨਾਲ ਫਿਰ ਸੁਰਜੀਤ ਕੀਤੇ ।

'ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥' (੧੧੪੨)

ਪੰਜ ਬਾਣੀਆਂ ਪੜ੍ਹ ਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜਾਂ ਨੂੰ ਛਕਾਇਆ । ਦਸਮ ਪਾਤਿਸ਼ਾਹ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਧਾਰਨੇ ਯੋਗ ਸਭ ਰਹਿਤਾਂ ਅਤੇ ਤਿਆਗਨੇ ਯੋਗ ਕੁਰਹਿਤਾਂ ਦੱਸ ਕੇ ਹੋਰ ਸਭ ਸਿੱਖਿਆ ਦੇ ਕੇ ਸੰਪੂਰਨ ਸਾਵਧਾਨ ਕਰ ਦਿੱਤਾ । ਉਸੇ ਵੇਲੇ ਆਪ ਉਹਨਾਂ ਹੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਲਈ ਤਿਆਰ ਹੋਏ । ਜਦੋਂ ਆਪ ਨੇ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ ਤਾਂ ਪੰਜ ਪਿਆਰੇ ਹੈਰਾਨ ਹੋ ਗਏ । ਬੇਨਤੀ ਕੀਤੀ, 'ਜੀ ! ਆਪ ਸਰਬ ਕਲਾ ਸਮਰਥ, ਅਕਾਲ ਪੁਰਖ ਦਾ ਸਰਗੁਣ ਸਰੂਪ, ਗੁਰੂ ਨਾਨਕ ਸਾਹਿਬ ਜੀ ਦੀ ਦਸਵੀਂ ਜੋਤ, ਗੁਰਤਾ-ਗੱਦੀ ਦੇ ਮਾਲਕ ਹੋ । ਅਸੀਂ ਅਲਪੱਜ ਤੁੱਛ ਕਲਜੁਗੀ ਜੀਵ ਤੁਹਾਡੇ ਸੇਵਕ ਸਿੰਘ ਹਾਂ । ਅਸੀਂ ਕਿਵੇਂ ਦਾਤ ਦੇਈਏ ।' ਤਾਂ ਹਜ਼ੂਰ ਨੇ ਫੁਰਮਾਇਆ, 'ਖਾਲਸਾ ਜੀ ! ਹੁਣ ਆਪ ਪੰਜੇ ਸਮਰੱਥ ਹੋ ਚੁਕੇ ਹੋ ।'

'ਗੁਰ ਚੇਲਾ ਚੇਲਾ ਗੁਰੂ ਗੁਰਸਿਖ ਸੁਣਿ ਗੁਰਸਿਖ ਸਦਾਵੈ ।'
(ਵਾਰ ੨੮, ਪਉੜੀ ੧੬)

(ਸਤਿਗੁਰੂ ਜੀ ਨੂੰ ਪਤਾ ਸੀ ਕਿ ਅਸੀਂ ਗੁਰਤਾ-ਗੱਦੀ ਉੱਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਸਦਾ ਵਾਸਤੇ ਚਵਰ ਤਖ਼ਤ ਛਤਰ ਦੇ ਮਾਲਿਕ ਬਣਾ ਕੇ ਅਸਥਾਪਨ ਕਰਨਾ ਹੈ । ਕੋਈ ਇਕ ਵਿਅਕਤੀਗਤ ਗੁਰੂ ਨਹੀਂ ਹੋਵੇਗਾ । ਆਪਣੀ ਜੋਤ ਗੁਰਬਾਣੀ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਰੱਖਾਂਗੇ ਤੇ ਪੰਜ ਪਿਆਰੇ ਅੰਮ੍ਰਿਤ ਛਕਾ ਕੇ ਨਾਮ ਦੀ ਦਾਤ ਬਖ਼ਸ਼ਣ ਦੀ ਜੁਗਤ ਵਰਤਾਇਆ ਕਰਨਗੇ । ਕੋਈ ਇਕੱਲਾ ਗੁਰਮੰਤ੍ਰ ਨਹੀਂ ਦੇ ਸਕਿਆ ਕਰੇਗਾ) ।

ਜੈਦੂ, ਸਿੱਖ ਧਰਮ ਤੇ ਸਮੁੱਚੀ ਮਾਨਵਤਾ ਦੇ ਮੱਢਲੇ ਹੱਕਾਂ ਦੀ ਰੱਖਿਆ ਵਾਸਤੇ ਜਦ ਚਾਂਦਨੀ ਚੌਂਕ ਦਿੱਲੀ ਵਿਚ ਸਭ ਤੋਂ ਉੱਤਮ ਤੇ ਲਾਸਾਨੀ ਕੁਰਬਾਨੀ ਦਿੱਤੀ ਤਾਂ ਉਸ ਵਕਤ ਸਿੱਖਾਂ ਦੇ ਚੇਦਾਂ ਸੌ ਘਰ ਦਿੱਲੀ ਵਿਚ ਸਨ। ਭਾਈ ਜੈਤਾ ਜੀ ਪਵਿੱਤਰ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਗੁਰ ਮਰਯਾਦਾ ਅਨੁਸਾਰ ਸੀਸ ਦਾ ਸਸਕਾਰ ਕਰਨ ਉਪਰੰਤ ਹਜ਼ੂਰ ਦਸਮ ਪਾਤਸ਼ਾਹ ਜੀ ਨੇ ਦਿੱਲੀਓਂ ਆਏ ਸਿੱਖਾਂ ਤੋਂ ਪੁੱਛਿਆ ਕਿ ਭਾਈ! ਧੜ ਦਾ ਕੀ ਬਣਿਆ? ਤਾਂ ਸਿੱਖਾਂ ਨੇ ਦੱਸਿਆ ਕਿ ਮਹਾਰਾਜ! ਦਿੱਲੀ ਵਿਚ ਸਿੱਖ ਬਹੁਤ ਸਨ ਪਰ ਔਰੰਗਜ਼ੇਬ ਤੋਂ ਡਰਦੇ ਕਿਸੇ ਨੇ ਵੀ ਉੱਚੀ ਬਾਂਹ ਕਰਕੇ ਨਹੀਂ ਕਿਹਾ ਕਿ ਮੈਂ ਗੁਰੂ ਕਾ ਸਿੱਖ ਹਾਂ। ਨਾ ਹੀ ਸਤਿਗੁਰੂ ਜੀ ਦੇ ਧੜ ਦਾ ਸਸਕਾਰ ਕਰਨ ਦਾ ਹੌਂਸਲਾ ਕੀਤਾ। ਇਸ ਗੱਲ ਦੀ ਪੁਸ਼ਟੀ ਹਜ਼ੂਰੀ ਕਵੀ ਭਾਈ ਚਉਪਾ ਸਿੰਘ ਜੀ ਛਿੱਬਰ ਆਪਣੇ ਰਹਿਤਨਾਮੇ ਵਿਚ ਕਥਨ ਕਰਦੇ ਹਨ :-

'ਚੰਦਨ ਨਾਲ ਸੀਸ ਸਿਸਕਾਰ ਕੀਤਾ। ਬਚਨ ਹੋਆ-ਸਿੱਖਾ! ਕਿਤਨੇ ਸਿੱਖ ਕੰਮ ਨਾਲ ਆਹੇ? ਬਚਨ ਹੋਇਆ-ਨਿਹਾਲ ਹੋਏ, ਮੁਕਤਿ ਹੋਏ, ਪਿਛਲਿਆਂ ਨੂੰ ਤਾਰ ਗਏ।

ਫੇਰ ਦੁਇ ਘੜੀ ਪੱਕੀ ਤੀਕ ਸਾਹਿਬ ਤੁਸ਼ਨੀ (ਚੁੱਪ) ਰਹੇ।

ਫੇਰ ਬਚਨ ਹੋਇਆ 'ਸਿਖਾ! ਸਿਖ ਤਾਂ ਸਾਡੇ ਬਹੁਤ ਆਹੇ।

'ਜੀ, ਸੱਚੇ ਪਾਤਸ਼ਾਹ! ਸਕ ਬੇਮੁਖ ਹੋਇ, ਸਭ ਫਿਰ ਗਏ। ਨਿਸ਼ਾਨੀ ਤਾਂ ਨਾਹੀ ਸਿਖੀ ਦੀ ਕਿਸੇ ਨੂੰ ਲਗੀ, ਜੁ ਕੋਈ ਸਿਖ ਸਹੀ ਕਰੇ।

ਤਾਂ ਬਚਨ ਹੋਇਆ : 'ਐਸੀ ਨਿਸ਼ਾਨੀ ਸਿਖਾ ਨੂੰ ਲਾਵਾਂਗਾ, ਜੁ ਹਜ਼ਾਰਾਂ ਵਿਚ ਖੜੋਤਾ ਸਿਖ ਲੁਕੇ ਨਾਹੀ।'

ਭਾਵ ਦਸਮੇਸ਼ ਪਿਤਾ ਜੀ ਉਸ ਸਮੇਂ ਧੀਰ ਰਮ ਵਿਚ ਆ ਕੇ ਕਹਿਣ ਲੱਗੇ ਕਿ ਜਿਵੇਂ ਸਭ ਆਸ਼ਰਮਾਂ ਵਿਚੋਂ ਗ੍ਰਿਸਤ ਪ੍ਰਧਾਨ ਹੈ, ਪੱਥਰਾਂ ਚੋਂ ਪਾਰਸ, ਨਦੀਆਂ ਚੋਂ ਸਮੁੰਦਰ, ਜਿਵੇਂ ੮੪ ਲੱਖ ਜੂਨ ਵਿਚੋਂ ਮਨੁੱਖ ਉੱਤਮ, ਚੌਪਾਇਆ ਵਿਚੋਂ ਕੇਹਰੀ ਸ਼ੇਰ, ਪੰਛੀਆਂ ਵਿਚੋਂ ਹੰਸ, ਪਹਾੜਾਂ ਵਿਚੋਂ ਸੁਮੇਰ, ਰਾਗਾਂ ਵਿਚੋਂ ਸਿਰੀ ਰਾਗ, ਗਿਆਨਾ ਵਿਚੋਂ ਗੁਰੂ ਕਾ ਗਿਆਨ, ਧਿਆਨਾ ਵਿਚੋਂ ਗੁਰੂ ਕਾ ਧਿਆਨ ਸਰਬੋਤਮ ਹੈ, ਇਉਂ ਸਭ ਸੰਸਾਰ ਵਿਚੋਂ ਸਰਬ ਸ਼੍ਰੋਮਣੀ ਖਾਲਸਾ ਰਚਾਂਗੇ ਜੋ ਲੱਖਾਂ ਕ੍ਰੋੜਾਂ ਵਿਚ ਭਾਵੇਂ ਇਕ ਹੀ ਖੜਾ ਹੋਵੇ ਉਸ ਦਾ ਸਭ ਨੂੰ

ਪਰੰਤੂ ਬਭੀਖਣ ਦੇ ਭੇਦ ਦੇਣ ਤੋਂ ਅਗਲ ਬਾਣ ਮਾਰ ਕੇ ਉਸ ਅੰਮ੍ਰਿਤ ਨੂੰ ਪੇਟ ਵਿਚੋਂ ਸੁਕਾਇਆ ਤਦ ਰਾਵਣ ਦੀ ਮ੍ਰਿਤੂ ਹੋਈ।

'ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥' (੯੪੨)

ਇਸ ਤੋਂ ਮਗਰੋਂ ਅਸਮੇਧ ਯੱਗ ਦੇ ਸਮੇਂ ਰਾਮ ਤੀਰਥ ਦੇ ਅਸਥਾਨ ਤੇ ਜਦ ਲਉ ਤੇ ਕੁਸ਼ ਨੇ ਸ੍ਰੀ ਰਾਮਚੰਦਰ ਜੀ ਸਮੇਤ ਸਾਹੀ ਸੈਨਾ ਨੂੰ ਮੂਰਛਾ ਕਰ ਦਿੱਤਾ ਤਾਂ ਉਸ ਵੇਲੇ ਸੀਤਾ ਜੀ ਨੇ ਆਪਣੇ ਸਤ ਦੇ ਬਲ ਨਾਲ ਦੇਵਤਿਆਂ ਪਾਸੋਂ ਅੰਮ੍ਰਿਤ ਮੰਗਵਾ ਕੇ ਸ੍ਰੀ ਰਾਮਚੰਦਰ ਜੀ ਤੇ ਬਾਕੀ ਸੈਨਾ ਉੱਪਰ ਛਿੜਕ ਕੇ ਸੁਰਜੀਤ ਕੀਤਾ।

ਉਪਰੋਕਤ ਲਿਖਤ ਅਨੁਸਾਰ ਪਿਛਲੇ ਜੁੱਗਾਂ ਵਿਚ ਤਿੰਨ ਵਾਰੀ ਹੀ ਅੰਮ੍ਰਿਤ ਬਾਰੇ ਸੰਖੇਪ ਕਥਨ ਆਉਂਦਾ ਹੈ ਪਰ ਕਲਿਜੁਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦਾ ਵਾਸਤੇ ਮ੍ਰਿਤੂ ਤੋਂ ਰਹਿਤ ਕਰਨ ਵਾਲਾ ਖੰਡੇ ਬਾਟੇ ਦਾ ਅੰਮ੍ਰਿਤ ਬਖ਼ਸ਼ਿਆ। ਜਿਸ ਦੇ ਛਕਣ ਨਾਲ ਪਿਛਲੇ ਅੰਗੁਣ, ਪਾਪ, ਕੁਰੀਤੀਆਂ ਦਾ ਨਾਸ਼ ਹੋ ਕੇ ਚੌਰਾਸੀ ਦਾ ਗੇੜਾ ਕੱਟਿਆ ਜਾਂਦਾ ਹੈ। ਜਾਤ,ਪਾਤ, ਗੋਤ ਮਿਟ ਜਾਂਦੀ ਹੈ ਤੇ ਗੁਰੂ ਘਰ ਵਿਚ ਦੁਬਾਰਾ ਨਵਾ ਜਨਮ ਹੁੰਦਾ ਹੈ। ਰਹਿਤ ਰੱਖਣ ਕਰਕੇ ਅੰਤ ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ। ਜਿਸ ਕਾਲ ਨੇ ਦੇਵਤਿਆਂ ਦੇ ਅਵਤਾਰ, ਪੈਗੰਬਰ (ਮੁਸਾਦਿਕ), ਸਿਧ, ਜੋਗੀ, ਰਿਖੀ, ਮੁਨੀ, ਦੇਵੀ, ਦੇਵਤੇ, ਪੀਰ, ਫਕੀਰ, ਰਾਵਣ ਤੇ ਹਰਨਾਖਸ਼ ਵਰਗੇ ਵਰ ਪ੍ਰਾਪਤਾਂ ਨੂੰ ਵੀ ਨਾਸ਼ ਕਰ ਦਿੱਤਾ ਪਰ ਅੰਮ੍ਰਿਤ ਛਕਣ ਵਾਲੇ ਦਾ ਉਹ ਕਾਲ ਦਾ ਡਰ ਸਤਿਗੁਰੂ ਜੀ ਨੇ ਕਿਰਪਾ ਕਰਕੇ ਦੂਰ ਕਰ ਦਿੱਤਾ।

ਜਿਵੇਂ ਮੌਤ ਤੋਂ ਡਰਦੇ ਕਬਰ ਵਿਚ ਪਏ ਜੀਉਂਦੇ ਵਹਿਮੀ ਫ਼ਕੀਰ ਨੂੰ ਕੱਢ ਕੇ ਦਸਮੇਸ਼ ਪਿਤਾ ਜੀ ਨੇ ਅੰਮ੍ਰਿਤ ਛਕਾਇਆ। ਨਾਮ ਅਜਮੇਰ ਸਿੰਘ ਰੱਖਕੇ ਉਸ ਦਾ ਮੌਤ ਦਾ ਡਰ ਸਦਾ ਵਾਸਤੇ ਦੂਰ ਕਰ ਦਿੱਤਾ। ਉਹ ਕਹਿਣ ਲੱਗਾ, 'ਸਤਿਗੁਰੂ ਜੀ! ਆਪ ਜੀ ਦੀ ਬਖ਼ਸ਼ਿਸ਼ ਨਾਲ ਹੁਣ ਤਾਂ ਮੈਂ ਮੌਤ ਨੂੰ ਮਾਰਨ ਨੂੰ ਸਮਰੱਥ ਹੋ ਗਿਆਂ।' ਸਤਿਗੁਰਾਂ ਦੇ ਅੰਮ੍ਰਿਤ ਦੀ ਐਸੀ ਸ਼ਕਤੀ ਹੈ।

ਅੰਮ੍ਰਿਤ ਛਕਣਾ ਕਿਉਂ ਜਰੂਰੀ ਹੈ ?

ਨਾਵੇਂ ਪਾਤਸ਼ਾਹ ਧਰਮ ਦੀ ਚਾਦਰ, ਹਿੰਦ ਦੀ ਚਾਦਰ, ਸੰਸਾਰ ਦੀ ਚਾਦਰ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਦ ਹਿੰਦੂਆਂ ਦੇ ਤਿਲਕ

'ਰਾਤੀ ਕੀਰਤ ਸੋਹਿਲਾ ਕਰ ਆਰਤੀ ਪਰਸਾਦ ਵਰੰਦੇ।'

(ਵਾਰ ੬, ਪਉੜੀ ੩)

ਇਸ ਤੋਂ ਇਲਾਵਾ ਇਨ੍ਹਾਂ ਬਾਣੀਆਂ ਦਾ ਨਿਤਨੇਮ ਵੀ ਕਰਨਾ ਚਾਹੀਦਾ ਹੈ।

ਆਸਾ ਦੀ ਵਾਰ :-ਚੌਰਾਸੀ ਲੱਖ ਜੂਨਾਂ ਦਾ ਗੇੜਾ ਕੱਟਣ ਵਾਸਤੇ ਹੈ।

ਸੁਖਮਨੀ ਸਾਹਿਬ :-੨੪ ਅਸਟਪਦੀਆ, ਮਨੁੱਖ ਦੇ ੨੪ ਘੰਟਿਆਂ (ਦਿਨ ਰਾਤ) ਵਿਚ ੨੪੦੦੦ ਸਵਾਸ ਹਨ ਤੇ ਸੁਖਮਨੀ ਸਾਹਿਬ ਦੇ ੨੪੦੦੦ ਅੱਖਰ ਹਨ, ਇਕ ਪਾਠ ਕਰਨ ਨਾਲ ਅੱਠ ਪਹਿਰ ਸਫਲ ਹੋ ਜਾਂਦੇ ਹਨ।

ਪੰਜ ਗ੍ਰੰਥੀ ਤੇ ਹੋਰ ਜਿੰਨੀ ਵੀ ਬਾਣੀ ਪੜ੍ਹੀ ਜਾਵੇ ਲਾਭਦਾਇਕ ਹੈ, '੧ੴ' ਤੋਂ ਲੈਕੇ 'ਅਠਾਰਹ ਦਸ ਬੀਸ' ਤੱਕ ਅੱਖਰ ਅੱਖਰ ਤੇ ਸ੍ਰੀ ਮੁਖਵਾਕ ਭਾਵਨਾ ਕਰਨੀ ਹੈ।

ਅੰਮ੍ਰਿਤ ਦੀ ਮਹੱਤਤਾ

'ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ॥' (੯੧੮)

ਸਤਿਜੁਗ ਵਿਚ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਖੀਰ ਸਮੰਦਰ ਨੂੰ ਰਿੜਕਕੇ ਚੌਦਾਂ ਰਤਨ ਕੱਢੇ। ਜਿਨ੍ਹਾਂ ਰਤਨਾਂ ਵਿਚੋਂ 'ਅੰਮ੍ਰਿਤ' ਅਤੇ 'ਸ਼ਰਾਬ' ਵੀ ਸੀ। ਵੰਡ ਕਰਨ ਲੱਗਿਆਂ ਵਿਸ਼ਨੂੰ ਨੇ ਮੋਹਣੀ ਅਵਤਾਰ ਧਾਰ ਕੇ ਸ਼ਰਾਬ ਦੈਂਤਾਂ ਨੂੰ ਅਤੇ ਅੰਮ੍ਰਿਤ ਦੇਵਤਿਆਂ ਨੂੰ ਪਿਆ ਦਿੱਤਾ। ਜਿਨ੍ਹਾਂ ਵਿਚ ਬੈਠਕੇ ਇਕ ਦੈਂਤ ਨੇ ਵੀ ਅੰਮ੍ਰਿਤ ਪੀ ਲਿਆ। ਜਦ ਦੇਵਤਿਆਂ ਨੇ ਉਸ ਬਾਰੇ ਸ਼ਕਾਇਤ ਕੀਤੀ ਤਾਂ ਉਸ ਨੂੰ ਮੋਹਣੀ ਅਵਤਾਰ (ਵਿਸ਼ਨੂੰ) ਮਾਰਨ ਲੱਗਾ। ਅੰਮ੍ਰਿਤ ਪੀ ਕੇ ਦੈਂਤ ਅਮਰ ਹੋ ਚੁੱਕਾ ਸੀ। ਉਸ ਦੇ ਦੋ ਟੋਟੇ ਕੀਤੇ ਪਰ ਦੋਵੇਂ ਜੀਉਂਦੇ ਰਹੇ। ਸਿਰ ਰਾਹੂ ਤੇ ਧੜ ਕੇਤੂ ਬਣਿਆ, ਪੁਰਾਣਿਕ ਕਥਾ ਅਨੁਸਾਰ ਇਕ ਸੂਰਜ ਤੇ ਦੂਜਾ ਚੰਦ੍ਰਮਾਂ ਨੂੰ ਗ੍ਰਹਿਣ ਰੂਪ ਹੋ ਕੇ ਚੰਬੜਦਾ ਹੈ। ਭਾਵ ਦੈਂਤ ਅੰਮ੍ਰਿਤ ਪੀ ਕੇ ਸਦਾ ਵਾਸਤੇ ਅਮਰ ਹੋ ਗਿਆ।

ਇਸ ਤੋਂ ਬਾਅਦ ਤ੍ਰੇਤੇ ਜੁੱਗ ਵਿਚ ਰਾਵਣ ਦੇ ਪੇਟ ਵਿਚ ਥੋੜ੍ਹਾ ਜਿਹਾ ਅੰਮ੍ਰਿਤ ਹੋਣ ਕਰਕੇ ਭਗਵਾਨ ਰਾਮਚੰਦਰ ਜੀ ਉਸ ਨੂੰ ਮਾਰ ਨਹੀਂ ਸੀ ਸਕੇ।

ਨਿੱਤਨੇਮ ਦੀਆਂ ਪੰਜ ਬਾਣੀਆਂ

ਖਾਲਸਾ ਜੀ! ਅੰਮ੍ਰਿਤ ਵੇਲੇ ਪੰਜ ਬਾਣੀਆਂ ਅਤੇ ਰਾਤ ਨੂੰ ਰਹਰਾਸਿ ਸਾਹਿਬ ਤੇ ਕੀਰਤਨ ਸੋਹਿਲੇ ਦਾ ਨਿੱਤਨੇਮ ਜ਼ਰੂਰ ਕਰਨਾ ਹੈ। ਅਨਪੜ੍ਹ ਵੀ ਇਕ ਇਕ ਤੁਕ ਕਰ ਕੇ ਪੰਜ ਬਾਣੀਆਂ ਜ਼ਬਾਨੀ ਜ਼ਰੂਰ ਯਾਦ ਕਰਨ।

੧. ਜਪੁ ਜੀ ਸਾਹਿਬ :-ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ।

੨. ਜਾਪੁ ਸਾਹਿਬ :-ਅਕਾਲ ਪੁਰਖ ਨੂੰ ਨਮਸਕਾਰ ਕਰਨ ਵਾਸਤੇ ਇਸ ਵਿਚ ਪ੍ਰਮੇਸ਼ਰ ਦੇ ਸਰੂਪ ਤੇ ਤਟੱਸਥੀ ਲੱਖਣ ਜਣਾਏ ਹਨ।

੩. ਤ੍ਵਪ੍ਰਸਾਦਿ ਸ੍ਵਯੇ :-ਪਖੰਡ ਦਾ ਖੰਡਨ ਕਰਦੇ ਹਨ।

'ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥'
(ਦਸਮ ੩੪)

ਅਤੇ ਵੈਰਾਗ ਨੂੰ ਪੈਦਾ ਕਰਦੇ ਹਨ।

'ਏਤੇ ਭਏ ਤੋ ਕਹਾ ਭਏ ਭੂਪਤ
ਅੰਤ ਕੋ ਨਾਂਗੇ ਹੀ ਪਾਇ ਪਧਾਰੇ॥' (ਦਸਮ ੩੪)

੪. ਚੌਪਈ ਸਾਹਿਬ:-ਸਰਬ ਕਾਲ, ਸਰਬ ਠੌਰ ਰੱਖਿਆ ਅਤੇ ਵਾਹਿਗੁਰੂ ਅੱਗੇ ਬੰਨਤੀ ਕਰਨ ਵਾਸਤੇ।

੫. ਅਨੰਦੁ ਸਾਹਿਬ:-ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ।
(ਅਨੰਦੁ ਸਾਹਿਬ ਚਾਲੀ ਪਉੜੀਆਂ ਵਾਲਾ ਸੰਪੂਰਨ ਪੜ੍ਹਨਾ)

ਰਹਰਾਸਿ ਸਾਹਿਬ :-ਸ਼ਾਮ ਦੇ ਮੌਕੇ ਤੇ ਰਹਰਾਸਿ ਸਾਹਿਬ ਦਾ ਪਾਠ ਜ਼ਰੂਰ ਕਰਨਾ ਜਿਸ ਕਰ ਕੇ ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ।

'ਸੰਝੈ ਸੋਦਰ ਗਾਵਣਾ ਮਨ ਮੇਲੀ ਕਰ ਮੇਲ ਮਿਲੰਦੇ।' (ਵਾਰ ੬, ਪ: ੩)

ਕੀਰਤਨ ਸੋਹਿਲਾ:-ਰਾਤ ਨੂੰ ਬਿਰਾਜਣ ਵੇਲੇ ਚੌਂਕੜਾ ਲਾ ਕੇ, ਮਨ ਦੀ ਇਕਾਗਰਤਾ ਨਾਲ ਪੜ੍ਹਨਾ। ਭੈੜੇ ਫੁਰਨੇ, ਗੰਦੇ ਸੁਪਨੇ ਨਹੀਂ ਆਉਂਦੇ ਅਤੇ ਜਮਾਂ ਤੋਂ ਵੀ ਬਚਾਉਂਦਾ ਹੈ। ਜੇ ਰਾਤ ਨੂੰ ਸੁੱਤਿਆਂ ਪਿਆ ਪ੍ਰਾਣ ਨਿਕਲ ਵੀ ਜਾਣ ਤਾਂ ਸਿੰਘ ਟੇਢੀਆਂ ਜੂਨਾਂ ਵਿਚ ਨਹੀਂ ਜਾਂਦਾ। ਸਤਿਗੁਰੂ ਜੀ ਸੱਚਖੰਡ ਵਿਚ ਨਿਵਾਸ ਬਖ਼ਸ਼ਦੇ ਹਨ।

ਗਿਆਨ ਦਾ ਪ੍ਰਕਾਸ਼ ਹੋ ਕੇ ਸਿਰਜਣਹਾਰ ਰੋਮ ਰੋਮ ਵਿਚ ਆਪਣਾ ਪ੍ਰਕਾਸ਼ ਪ੍ਰਗਟ ਕਰ ਦਿੰਦਾ ਹੈ। ਗੁਰਮੰਤ੍ਰ ਦੇ ਜਪਣੇ ਕਰ ਕੇ ਸਚੀ ਲਿਵ ਦੇ ਆਸਰੇ ਵਾਹਿਗੁਰੂ ਵਿਚ ਬ੍ਰਿਤੀ ਲਿਵਲੀਨ ਹੋ ਕੇ ਉਸ ਦਾ ਸਰੂਪ ਹੋ ਜਾਂਦੀ ਹੈ।

ਸਿਮਰਨ ਕਰਨ ਦੇ ਅੰਗ

(੧) ਚਿਰਕਾਲ ਤੱਕ ਜਾਪ ਕਰਨਾ। (੨) ਦਸਾਂ ਸਤਿਗੁਰਾਂ ਨੂੰ ਸਦਾ ਅੰਗ ਸੰਗ ਸਮਝਣਾ। (੩) ਅਰਥ ਵਿਚ ਬ੍ਰਿਤੀ ਟਿਕਾਉਣੀ। (੪) ਚਿੱਤ ਦੀ ਇਕਾਗਰਤਾ ਕਰਨੀ। (੫) ਸਤਿਗੁਰੂ ਜੀ ਉੱਪਰ ਪੂਰਨ ਸ਼ਰਧਾ ਰੱਖਣੀ ਅਤੇ ਵਾਹਿਗੁਰੂ ਨੂੰ ਵਿਆਪਕ ਸਮਝਣਾ। (੬) ਮਨ ਦਾ ਸੰਤੋਖ। (੭) ਮਿਫਲੀ ਰਾਤ ਤੇ ਇਕਾਂਤ ਦੇਸ ਹੋਵੇ। (੮) ਮਨ ਨਿਰਵਿਕਾਰ ਹੋਵੇ। (੯) ਬਾਣੀ ਦੀ ਮਨੰਤ। (੧੦) ਪ੍ਰੇਮ ਵਿਚ ਲੀਨ ਹੋ ਕੇ ਮਨ ਨਾਲ ਸਿਮਰਨ ਕਰਨਾ। (੧੧) ਕਿਸੇ ਸ਼ਕਤੀ ਅਤੇ ਪ੍ਰਭਤਾ ਦੀ ਇੱਛਾ ਨਾ ਰੱਖਣੀ। (੧੨) ਕੇਵਲ ਵਾਹਿਗੁਰੂ ਦੇ ਦਰਸ਼ਨਾਂ ਦੇ ਪਿਆਸੇ ਹੋਣਾ। (੧੩) 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਉੱਪਰ ਅਖੰਡ ਸ਼ਰਧਾ ਰੱਖਣੀ। ਇਹ ਚੀਜ਼ਾਂ ਸਿਮਰਨ ਨੂੰ ਛੇਤੀ ਫਲ ਦੇਣ ਵਾਲੀਆਂ ਹਨ।

੫. ਪ੍ਰਸ਼ਨ :-ਮਹਾਰਾਜ ਜੀ! ਸਰੇਸ਼ਟ ਉਪਦੇਸ਼ ਬਖਸ਼ੋ।

ਉੱਤਰ:-ਗੁਰਬਾਣੀ ਨਾਮ ਸਰੂਪ ਹੈ। ਗੁਰਬਾਣੀ ਗੁਰੂ ਰੂਪ ਹੈ। ਗੁਰਬਾਣੀ ਵਿਚ ਹਰ ਪ੍ਰਕਾਰ ਦੇ ਲੱਖਣ ਹਨ ਪਰ ਪਦਾਰਥ ਉਕਤੀਆਂ ਜੁਗਤੀਆਂ, ਸਹਿਤ ਹੈ। ਜਿਸ ਤਰ੍ਹਾਂ ਵੈਰਾਗ, ਖਿਬੇਕ, ਪ੍ਰੇਮ, ਗਿਆਨ, ਜੀਵਨ ਮੁਕਤ ਨਾਮ ਦਾ ਸਰੂਪ, ਨਾਮ ਦਾ ਕਾਰਨ, ਨਾਮ ਦਾ ਅਭਿਆਸ, ਨਾਮ ਅਉਧੀ, ਨਾਮ ਦਾ ਫਲ, ਇਹਨਾਂ ਦੇ ਸਰੂਪ ਦਰਸਾਏ ਹਨ। ਜਿਵੇਂ ਸੰਤ ਦੇ ਲੱਛਣ, ਸਿਮਰਨ ਦਾ ਮਹਾਤਮ, ਸਿਮਰਨ ਦੀ ਗਿਆਤ ਇਹ ਬੜੇ ਭਾਰੀ ਪ੍ਰਕਰਣ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਗੋਬਿੰਦ ਰੂਪ ਹਨ। ਨਾਲੇ ਗੋਬਿੰਦ ਦੇ ਮਿਲਣ ਵਾਸਤੇ ਭਗਤੀ ਦਾ ਸਰੂਪ ਧਾਰ ਕੇ ਭਗਵੰਤ ਨਾਲ ਮਿਲਣ ਦਾ ਰਾਹ ਦੱਸਦੇ ਹਨ। ਇਵੇਂ ਗੁਰਬਾਣੀ ਨਾਮ ਸਰੂਪ ਹੈ, ਜੋ ਨਾਮ ਜਪਣ ਦੀ ਆਗਿਆ ਦਿੰਦੀ ਹੈ। ਜੋ ਭੀ ਬ੍ਰਹਮ ਸਬੰਧੀ ਵਿਚਾਰ ਹੈ ਸਭ ਲਾਹੇ ਦਾ ਕਾਰਣ ਹੈ। ਜੋ ਲੌਕਿਕ ਵੀਚਾਰ ਹੈ ਉਸ ਵਿਚ ਤਾਂ ਘਾਟਾ ਹੀ ਘਾਟਾ ਹੈ ਇਸ ਕਰ ਕੇ ਕੁਸੰਗਤ ਤੋਂ ਬਚ ਕੇ ਰਹਿਣਾ ਚਾਹੀਦਾ ਹੈ:

'ਸਭਸੈਂ ਉਪਰਿ ਗੁਰ ਸਬਦੁ ਬੀਚਾਰੁ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥' (੯੦੪)

ਤਰ੍ਹਾਂ ਸਰੇਸ਼ਟ ਹੈ। ਇਸ ਜਨਮ ਵਿਚ ਕਲਿਆਨ ਹੋ ਜਾਵੇ, ਤਾਂ ਜਪਣ ਦੀ ਆਗਿਆ ਕੀਤੀ ਹੈ। ਚੌਹਾਂ ਜੁੱਗਾਂ ਦੇ ਵਿਛੁੜਿਆਂ ਨੂੰ ਇਸ ਜਨਮ ਵਿਚ ਮਿਲਣ ਦਾ ਪ੍ਰਯੋਜਨ ਹੈ ਤੇ ਮਹਾਂਵਾਕ ਜੀਵ ਤੇ ਈਸ ਦੀ ਏਕਤਾ ਕਰਨ ਦਾ ਕਾਰਨ ਹੈ। ਇਸ ਕਰ ਕੇ ਇਸ ਵਾਹਿਗੁਰੂ ਨਾਮ ਜਪਣ ਦੀ ਆਗਿਆ ਕੀਤੀ ਹੈ ਤਾਂ ਕਿ ਘੱਟ ਉਮਰ ਵਾਲਾ ਭੀ ਜਪ ਕੇ ਮੁਕਤ ਹੋ ਜਾਵੇ। ਪੰਜਾਂ ਕਿਆਨਿਆਂ ਤੋਂ ਅੰਮ੍ਰਿਤ ਛਕ ਕੇ ਰਹਿਤ ਰੱਖੇ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੇ ਭਰੋਸਾ ਰੱਖੇ। ਇਸ ਜਨਮ ਵਿੱਚ ਹੀ ਕੇਵਲ ਮੁਕਤੀ ਪ੍ਰਾਪਤ ਹੋਵੇ, ਮੁੜ ਕੇ ਸੰਸਾਰ ਵਿਚ ਨਾ ਆਵੇ।

ਇਸ ਦੇ ਸੰਖੇਪ ਅਰਥ ਇਹ ਹਨ :-੧-ਅਦ੍ਵੈਤ ਰੂਪ। ਓ-ਸਾਰਿਆਂ ਦਾ ਪ੍ਰਕਾਸ਼ਕ। ਸਤਿ-ਤਿੰਨਾਂ ਕਾਲਾਂ ਵਿਚ ਨਾਸ਼ ਰਹਿਤ। ਨਾਮ-ਪ੍ਰਸਿੱਧ ਨਾਮ ਵਾਲਾ। ਕਰਤਾ-ਜਗਤ ਨੂੰ ਰਚਨ ਵਾਲਾ। ਪੁਰਖੁ-ਪੂਰਨ ਵਿਆਪਕ ਹੈ। ਨਿਰਭਉ-ਡਰ ਤੋਂ ਰਹਿਤ ਹੈ। ਨਿਰਵੈਰੁ-ਵੈਰ ਤੋਂ ਰਹਿਤ ਹੈ ਅਕਾਲ-ਕਾਲ ਤੋਂ ਰਹਿਤ ਹੈ। ਮੂਰਤਿ-ਸਰੂਪ ਹਸਤੀ ਹੈ। ਅਜੂਨੀ-ਜਨਮ ਤੋਂ ਰਹਿਤ ਹੈ। ਸੈਭੰ-ਸੁਤੇ ਪ੍ਰਕਾਸ਼ ਹੈ। ਗੁਰਪ੍ਰਸਾਦਿ-ਅਗਿਆਨ ਦਾ ਹਨ੍ਹੇਰਾ ਮੇਟਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਅਤੇ ਕ੍ਰਿਪਾ ਕਰਨ ਵਾਲਾ ਹੈ। ਜਪੁ-ਜਪਨੇ ਯੋਗ ਹੈ। ਆਦਿ ਸਚੁ-ਸੰਸਾਰ ਰਚਨਾ ਤੋਂ ਪਹਿਲਾਂ ਵੀ ਸੱਚ ਸਰੂਪ ਸੀ। ਜੁਗਾਦਿ ਸਚੁ-ਜੁਗ ਰਚਨ ਦੇ ਆਦਿ ਸਮੇਂ ਵਿਚ ਵੀ ਸੱਚ ਸਰੂਪ ਸੀ। ਹੈ ਭੀ ਸਚੁ-ਵਰਤਮਾਨ ਸਮੇਂ ਵਿਚ ਵੀ ਸੱਚ ਸਰੂਪ ਹੈ। ਨਾਨਕ ਹੋਸੀ ਭੀ ਸਚੁ-ਸਤਿਗੁਰੂ ਜੀ ਕਹਿੰਦੇ ਹਨ ਅੱਗੇ ਨੂੰ ਭਵਿੱਖਤ ਵਿਚ ਵੀ ਸੱਚ ਸਰੂਪ ਹੋਵੇਗਾ।

੪. ਪ੍ਰਸ਼ਨ:-ਮੂਲ ਮੰਤ੍ਰ, ਗੁਰਮੰਤ੍ਰ ਲਈ ਜਾਪ ਦੇ ਕਿਹੜੇ ਸਮੇਂ ਹਨ? ਨਿਤਾਪ੍ਰਤਿ ਇਨ੍ਹਾਂ ਦਾ ਕਿਸ ਤਰ੍ਹਾਂ ਅਭਿਆਸ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਫਲ ਅਥਵਾ ਮਹਾਤਮ ਕੀ ਹੈ?

ਉੱਤਰ:-ਸਵਾ ਪਹਿਰ ਦੇ ਤੜਕੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਅੰਮ੍ਰਿਤ ਧਾਰੀ ਸਿੰਘ ਲਈ ਅਰਥ ਵਿਚ ਚਿੱਤ ਟਿਕਾ ਕੇ ਮੂਲਮੰਤ੍ਰ ਦਾ ਜਾਪ ਕਰਨਾ ਚਾਹੀਦਾ ਹੈ। ਘੱਟੋ ਘੱਟ ਢਾਈ ਘੰਟੇ ਰੋਜ਼ ਜਾਪ ਕਰੇ ਨਿਰਆਲਸ ਹੋ ਕੇ 'ਵਾਹਿਗੁਰੂ ਮੰਤ੍ਰ' ਨੂੰ ਸਵਾਸਾਂ ਨਾਲ ਮੇਲ ਕੇ ਅੱਠੇ ਪਹਿਰ ਲਿਵ ਲਾਉਣੀ ਯੋਗ ਹੈ। ਵਾਹਿਗੁਰੂ ਮੰਤ੍ਰ ਦਾ ਜਾਪ ਕਰ ਕੇ ਮਨ ਦੀ ਚੰਚਲਤਾਈ ਮੇਟ ਕੇ ਪਰਮੇਸ਼ਰ ਦਾ ਪ੍ਰੇਮ ਪੈਦਾ ਹੁੰਦਾ ਹੈ। ਮਨ ਦੇ ਅੰਦਰ ਹੀ

ਜਾਪੁ ਸਾਹਿਬ ਪ੍ਰਮੇਸਰ ਅੱਗੇ ਨਮਸਕਾਰ ਕਰਨ ਲਈ ਹੈ ਜਿਸ ਵਿਚ ਸਰੂਪ ਲੱਖਣ ਹਨ।

ਤ੍ਵਪ੍ਰਸਾਦਿ ਸੁਯੇ ਵੈਰਾਗ ਵਾਸਤੇ ਪਖੰਡ ਦਾ ਖੰਡਨ ਕੀਤਾ ਹੈ।

ਚੌਪਈ ਸਾਹਿਬ ਰੱਖਿਆ ਅਤੇ ਬੇਨਤੀ ਕਰਨ ਵਾਸਤੇ।

ਅਨੰਦੁ ਸਾਹਿਬ ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ।

ਸੁਖਮਨੀ ਸਾਹਿਬ, ਆਸਾ ਦੀ ਵਾਰ, ਅਕਾਲ ਉਸਤਤ, ਤੇਤੀ ਸੁਯੇ ਆਦਿ ਬਾਣੀਆਂ ਪੜ੍ਹਨ ਕਰਕੇ ਸ਼ੰਕਾਵਾਦੀਆਂ ਤੋਂ ਬਚ ਜਾਈਦਾ ਹੈ।

੩. ਪ੍ਰਸ਼ਨ:-ਸਤਿਨਾਮੁ ਵਾਹਿਗੁਰੂ, ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਦੇ ਬਾਕੀ ਕਿਰਤਮ ਨਾਵਾਂ ਨਾਲੋਂ ਕਿਉਂ ਨਿਆਰਾ ਤੇ ਸਰੇਸ਼ਟ ਦੱਸਿਆ? ਅਤੇ ਵਰਤਮਾਨ ਸਮੇਂ ਵਿਚ ਜਪਣ ਲਈ ਕੇਵਲ ਮਹਾਂਵਾਕ ਅਤੇ ਮੂਲਮੰਤ੍ਰ ਦੀ ਕਿਉਂ ਆਗਿਆ ਹੈ? ਇਸ ਦਾ ਸਮੇਂ ਨਾਲ ਕੀ ਪ੍ਰਯੋਜਨ ਹੈ? ਇਸ ਦੇ ਸੰਖੇਪ ਅੱਖਰੀ ਅਰਥ ਕੀ ਹਨ?

ਉੱਤਰ:-ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਦਸ ਸਰੂਪ ਧਾਰ ਕੇ ਧੁਰ ਕੀ ਬਾਣੀ ਦਾ ਉਪਦੇਸ਼ ਦੇਣਾ ਹੀ ਕਲਜੁਗ ਦੇ ਸਮੇਂ ਦਾ ਮੁੱਖ ਪ੍ਰਯੋਜਨ ਸੀ। ਅੰਮ੍ਰਿਤ ਪਿਆ ਕੇ ਸੰਸਾਰ ਦਾ ਉਧਾਰ ਕੀਤਾ ਹੈ। ਕ੍ਰਿਤਮ ਨਾਵਾਂ ਵਿਚ ਪੰਜ ਚੀਜ਼ਾਂ ਆਉਂਦੀਆਂ ਹਨ:

(੧) ਜ਼ਾਤੀ, (੨) ਗਣ, (੩) ਕ੍ਰਿਆ, (੪) ਸਬੰਧ, (੫) ਵਿਅਕਤੀ।

(੧) ਜ਼ਾਤੀ ਕਰਕੇ:-ਜਿਵੇਂ ਜਾਦਮਰਾਇਆ, ਰਘਬਰ, ਕ੍ਰਿਸ਼ਨ ਆਦਿ ਜਾਤੀ ਨਾਵਾਂ ਦਾ ਜਾਪ ਕਰਨ ਨਾਲ ਦੇਹਾਂ ਦਾ ਉਪਾਸ਼ਕ ਰਹੇਗਾ।

(੨) ਗੁਣ ਕਰਕੇ:-ਸਯਾਮ ਆਦਿਕ, ਰੰਗਾਂ ਵਿਚ ਪਰਚਿਆ ਰਹੇਗਾ।

(੩) ਕਿਰਿਆ ਕਰ ਕੇ:-ਜਾਧਾ ਰਮਣ ਆਦਿਕ ਕੌਤਕਾਂ ਕਰ ਕੇ ਉਨ੍ਹਾਂ ਵਿਚ ਪਰਚਿਆ ਰਹੇਗਾ।

(੪) ਸਬੰਧ ਕਰ ਕੇ:-ਨੰਦ ਕੋ ਨੰਦਨ ਹੀ ਲੋਕ ਸਮਝਦੇ ਰਹਿਣਗੇ।

(੫) ਵਿਅਕਤੀ ਕਰ ਕੇ:-ਦੇਹਧਾਰੀ ਦੇ ਉਪਾਸ਼ਕ ਰਹਿ ਕੇ ਲੋਕ ਇਕੰਕਾਰ ਦੀ ਸੂਝ ਤੋਂ ਖਾਲੀ ਰਹਿਣਗੇ।

ਇਸ ਕਰ ਕੇ ਕ੍ਰਿਤਮ ਨਾਵਾਂ ਤੋਂ ਉੱਚਾ, ਸੁੱਚਾ ਤੇ ਸੱਚਾ ਨਾਮ ਦਰਸਾਇਆ ਹੈ। ਇਉਂ ਵਾਹਿਗੁਰੂ ਨਾਮ ਨਿਆਰਾ ਤੇ ਸਰੇਸ਼ਟ ਹੈ। ਮੂਲ ਮੰਤ੍ਰ ਵੀ ਏਸੇ

ਸ਼ੀਮਾਨੀ ਦੀ ਨਾਲਤ ਵਿਚ ਨਾ ਹੋ ਸਕੇ ਤਾਂ ਉਤਨੇ ਦਿਨ ਫਿਰ ਹਰ ਰੋਜ਼ ਨਾਲ ਨਾਲ ਕਰੀ ਜਾਵੇ ਇਉਂ ਪੂਰਾ ਕਰ ਲਵੇ, ਇਉਂ ਮਨ ਵੱਸ ਆ ਜਾਂਦਾ ਹੈ। ਇਹ ਤਿੰਨ ਗੱਲਾਂ ਹੋਰ ਚੇਤੇ ਰੱਖੋ :-

(੧) ਕਦੇ ਵੀ ਸਰੀਰ, ਪਦਾਰਥਾਂ ਅਤੇ ਗੁਣਾਂ ਦੀ ਹੰਗਤਾ ਨਹੀਂ ਕਰਨੀ।

'ਜਬ ਹਮ ਹੋਤੇ ਤਬ ਤੂ ਨਾਹੀ ॥' (੬੫੭)

'ਆਪੁ ਗਵਾਈਐ ਤਾ ਸਹੁ ਪਾਈਐ ॥' (੭੨੨)

(੨) ਅੱਠੇ ਪਹਿਰ ਸਿਮਰਨ ਕਰਨਾ।

'ਅਠੇ ਪਹਰ ਇਕਤੈ ਲਿਵੈ ਮੰਨੇਨਿ ਹੁਕਮੁ ਅਪਾਰੁ ॥' (੯੫੯)

(੩) ਜਿਵੇਂ ਵੀ ਪ੍ਰਮੇਸ਼ਰ ਕਰੇ ਉਸੇ ਤਰ੍ਹਾਂ ਹੀ ਰਜ਼ਾ ਵਿਚ ਰਹੇ। ਚੰਗਾ ਜਾਂ ਮੰਦਾ ਜੋ ਹੋ ਰਿਹਾ ਹੈ ਸਭ ਅਕਾਲ ਪੁਰਖ ਅੰਤਰਜਾਮੀ ਦੇ ਹੁਕਮ ਵਿਚ ਹੋ ਰਿਹਾ ਹੈ।

'ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥' (੬੭੭)

ਇਉਂ ਸਿੱਖਿਆ ਗ੍ਰਹਿਣ ਕਰੇ। ਇਉਂ ਤਿੰਨਾਂ ਦੀ ਜ਼ਰੂਰਤ ਹੈ। ਪੰਜ ਪਿਆਰੇ ਇਸੇ ਕਰਕੇ ਵੱਖੋ ਵੱਖਰਾ ਉਪਦੇਸ਼ ਵਾ ਜਾਪ ਕਰਾਉਂਦੇ ਹਨ। ਜੇ ਗੁਰਬਾਣੀ ਨਾ ਪੜ੍ਹੀਏ ਇਕ ਮੂਲਮੰਤ੍ਰ ਜਾਂ ਗੁਰਮੰਤ੍ਰ ਦਾ ਜਾਪ ਕਰੀਏ ਤਾਂ ਮਨ ਮੂਲਮੰਤ੍ਰ ਜਾਂ ਗੁਰਮੰਤ੍ਰ ਨੂੰ ਅੜੀ ਨਾਲ ਛੱਡ ਦਿੰਦਾ ਹੈ। ਲਾਇਆਂ ਹੋਇਆਂ ਨਹੀਂ ਲੱਗਦਾ, ਬੇ-ਰਸੀ ਕਰਦਾ ਹੈ। ਮਨ ਫੋਕਾ ਅਤੇ ਖਾਲੀ ਰਹਿ ਜਾਂਦਾ ਹੈ। ਓਦੋਂ ਗੁਰਬਾਣੀ ਦਾ ਪਾਠ ਕਾਬੂ ਕਰਨ ਦਾ ਕਾਰਨ ਹੈ।

ਜਿਤਨੇ ਮਹਾਂ ਪੁਰਖ, ਨਾਮ ਅਭਿਆਸੀ ਅਤੇ ਤੱਤ ਬੇਤੇ ਹਨ, ਉਹਨਾਂ ਸਾਹਿਆਂ ਦਾ ਇਹ ਤਜਰਬਾ ਹੈ ਕਿ ਬਾਣੀ ਛੱਡਣ ਕਰ ਕੇ ਮਨ ਫਿੱਕਾ ਪੈ ਜਾਂਦਾ ਹੈ। ਗੁਰਬਾਣੀ ਭਜਨ ਕਰਨ ਦਾ ਉਤਸ਼ਾਹ ਦਿੰਦੀ ਹੈ। ਫਲ ਦੱਸਦੀ ਹੈ। ਗੁਰਬਾਣੀ ਪੜ੍ਹਨੀ ਜ਼ਰੂਰੀ ਹੈ। ਜਦੋਂ ਮਨ ਸੰਕਲਪਾਂ ਵਿਕਲਪਾਂ ਵਿਚ ਦੌੜਦਾ ਹੈ ਤਾਂ ਉਸ ਦੇ ਥੰਮ੍ਹਣ ਵਾਸਤੇ ਗੁਰਬਾਣੀ ਦੇ ਪਾਠ ਦੀ ਲੋੜ ਪੈਂਦੀ ਹੈ।

ਜਪੁ ਜੀ ਸਾਹਿਬ ਦਾ ਪਾਠ, ਸਵਾ ਪਹਿਰ ਰਹਿੰਦੀ ਰਾਤ ਸਮੇਂ ਉੱਠ ਕੇ ਇਸ਼ਨਾਨ ਕਰ ਕੇ ਕਰਨਾ, ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਕਾਰਣ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਵਿਸਥਾਰ ਨਾਲ ਉਚਾਰਨ ਕੀਤੇ ਹਨ। ਇਸ ਕਰਕੇ ਮੂਲਮੰਤ੍ਰ, ਗੁਰਮੰਤ੍ਰ, ਗੁਰਬਾਣੀ ਇਕੋ ਰੂਪ ਹਨ।

'ਸੈਭੰ' ਸ਼ਬਦ 'ਸੁਅੰ ਪ੍ਰਕਾਸ਼ ਸਰੂਪ' ਦਾ ਨਾਮ ਹੈ। ਉਹ ਸਰੂਪ ਜੋ ਸਾਰੀਆਂ ਜੋਤੀਆਂ ਦਾ ਪ੍ਰਕਾਸ਼ਕ ਹੈ। ਆਪ ਆਪਣੇ ਆਪ ਤੋਂ ਪ੍ਰਕਾਸ਼ਵਾਨ ਹੈ।

'ਵਾਹਿ' ਨਾਮ ਅਸਚਰਜ ਦਾ ਹੈ। 'ਗੁ' ਅਗਿਆਨ ਦਾ ਅੰਧੇਰਾ ਨਾਸ਼ ਕਰਕੇ 'ਰੂ' ਗਿਆਨ ਦਾ ਪ੍ਰਕਾਸ਼ ਕਰਨੇ ਵਾਲਾ ਹੈ। ਇਉਂ ਵਾਹਿਗੁਰੂ ਮੰਤ੍ਰ ਅਤੇ ਮੂਲ ਮੰਤ੍ਰ ਇਕੋ ਸਰੂਪ ਹੈ।

੨. ਪ੍ਰਸ਼ਨ :-ਗੁਰਬਾਣੀ ਦਾ ਪੜ੍ਹਨਾ ਤੇ ਨਾਮ ਦਾ ਜਪਣਾ ਇਹਨਾਂ ਦੀ ਵੱਖਰੀ ਵੱਖਰੀ ਜਰੂਰਤ ਹੈ ਕਿ ਨਹੀਂ ? ਜਿਹੜਾ ਗੁਰਬਾਣੀ ਪੜ੍ਹਦਾ ਹੈ ਉਸ ਨੂੰ ਨਾਮ ਜਪਣ ਦੀ ਲੋੜ ਹੈ ਕਿ ਨਹੀਂ ?

ਉੱਤਰ :-ਜਿਤਨਾ ਸ੍ਰੀ ਮੁਖਵਾਕ ਬਾਣੀ ਵਿਚ ਨਾਮ ਜਪਣ ਦਾ ਉਪਦੇਸ਼ ਹੈ ਉਹ ਸਾਰੀ ਧੁਰ ਕੀ ਬਾਣੀ ਹੈ। ਗੁਰੂ ਹੋ ਕੇ ਉਪਦੇਸ਼ ਦੇ ਰਹੀ ਹੈ। ਬਾਣੀ ਦਾ ਪਾਠ ਕਰਨਾ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਸਮਝਣਾ, ਸ਼ਰਧਾਲੂ ਬਣ ਕੇ ਉਪਦੇਸ਼ ਸੁਣਨ ਕਰਨਾ, ਸਤਿਗੁਰਾਂ ਦੇ ਨਾਲ ਪ੍ਰਫੁੱਲ ਗੱਲਾਂ ਕਰਨੀਆਂ ਹਨ। ਜੋ ਬੇਨਤੀਆਂ ਵਾਲੇ ਵਾਕ ਹਨ ਉਹ ਆਪਣੀ ਵਲੋਂ ਸਤਿਗੁਰਾਂ ਅੱਗੇ ਬੇਨਤੀਆਂ ਕਰਨੀਆਂ ਹਨ। ਜੋ ਸਿੱਖਿਆ ਦੇ ਵਾਕ ਹਨ ਉਹ ਸਤਿਗੁਰਾਂ ਵੱਲੋਂ ਹੁਕਮ ਜਾਣ ਕੇ ਸੁਣਨੇ ਹਨ। ਹਰ ਰੋਜ਼ ਨਿੱਤਨੇਮ ਕਰਨਾ ਹੈ।

ਗੁਰਮੰਤ੍ਰ ਦਾ ਜਾਪ ਜਦੋਂ ਮਨ ਪੂਰਨ ਇਕਾਗਰ ਹੋ ਕੇ ਇਕੋ ਸ਼ਬਦ ਦੀ ਅਰਾਧਨਾ ਚਾਹੇ ਓਦੋਂ ਵਾਹਿਗੁਰੂ ਮੰਤ੍ਰ ਦਾ ਹਰ ਵਕਤ ਸਿਮਰਨ ਦਾ ਇਕ ਰਸ ਅਨੰਦ ਨਿਰਵਿਖੇਪ ਹੋ ਕੇ ਮਾਣਨਾ ਚਾਹੀਦਾ ਹੈ।

ਜਾਪ ਦਾ ਫਲ

ਜਾਪਕ ਉਲਟ ਕੇ ਹਰੀ ਦਾ ਰੂਪ ਹੋ ਜਾਂਦਾ ਹੈ। ਜਦੋਂ ਮਨ ਕਦੇ ਟਿਕ ਜਾਵੇ, ਕਦੇ ਸੰਕਲਪਾਂ ਵਿਚ ਰੁੜ੍ਹੇ ਓਦੋਂ ਮੂਲ ਮੰਤ੍ਰ ਦਾ ਪਾਠ ਕਰੇ ਤਾਂ ਵੱਸ ਆ ਜਾਂਦਾ ਹੈ ਭਾਵ ਟਿਕ ਜਾਂਦਾ ਹੈ, ਸਾਰੀਆਂ ਤਾਕਤਾਂ ਆ ਹਾਜ਼ਰ ਹੁੰਦੀਆਂ ਹਨ। ਜਦੋਂ ਮਨ ਪਾਪ ਵਿਕਾਰ ਚਿਤਵੇ ਇਕ ਖਿਨ ਭੀ ਨਾ ਟਿਕੇ ਓਦੋਂ ਗੁਰਬਾਣੀ ਦਾ ਪਾਠ ਕਰੇ। ਜੇ ਹੋ ਸਕੇ ਦੁਪਹਿਰ ਤੋਂ ਪਹਿਲੇ ਆਪਣਾ ਨਿੱਤਨੇਮ ਕਰਨਾ ਚਾਹੀਦਾ ਹੈ। ਜੇ ਕਿਸੇ ਅੰਕੜ ਕਰਕੇ ਨਾ ਹੋ ਸਕੇ ਤਾਂ ਸੌਣ ਤੋਂ ਪਹਿਲਾਂ ਜ਼ਰੂਰ ਕਰ ਲਵੇ। ਅੱਜ ਦਾ ਨਿੱਤਨੇਮ ਕੱਲ੍ਹ ਤੇ ਨਹੀਂ ਛੱਡਣਾ। ਜੇ ਕਿਸੇ

ਰੂ :-ਨਾਮ ਹੈ ਪ੍ਰਕਾਸ਼ ਦਾ। ਅਗਿਆਨ ਦਾ ਨਾਸ਼ ਕਰ ਕੇ ਜੋ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ, ਉਹ ਵਾਹਿਗੁਰੂ ਹੈ।

ਗੁ :-ਨਾਮ ਭੂਮਾ ਸੁੱਧ ਬ੍ਰਹਮ ਦਾ ਹੈ। ਰੂ :-ਨਾਮ ਚੇਤਨ ਦਾ ਹੈ। ਜੋ ਸੁੱਧ ਬ੍ਰਹਮ ਸਾਰਿਆਂ ਦਾ ਪ੍ਰਕਾਸ਼ਕ ਹੈ।

ਵਾਹੁ :-ਨਾਉਂ ਜੋ ਅਸਚਰਜ ਹੈ, ਅਸਚਰਜ ਜੋ ਸਾਰਿਆਂ ਦਾ ਆਧਾਰ ਹੋ ਤੋ ਆਪ ਨਿਰਾਧਾਰ ਹੈ। ਅਸਚਰਜ ਜੋ ਸਾਰਿਆਂ ਦਾ ਪ੍ਰਕਾਸ਼ਕ ਹੈ ਅਤੇ ਆਪ ਸ੍ਵੈ ਪ੍ਰਕਾਸ਼ ਸਰੂਪ ਹੈ। ਕਿਸੇ ਪ੍ਰਕਾਰ ਦਾ ਮੁਥਾਜ ਨਹੀਂ ਹੈ। ਐਸਾ ਜਿਹੜਾ ਅਸਚਰਜ ਸਰੂਪ ਹੈ ਉਸ ਵਾਹਿਗੁਰੂ ਸ਼ਬਦ ਦਾ ਉਚਾਰਨ ਕਰੋ।

ਜੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਵਾਹਿਗੁਰੂ ਮੰਤ੍ਰ ਨਾ ਦਿੱਤਾ ਹੁੰਦਾ ਤਾਂ ਜਦੋਂ ਭਾਈ ਗੁਰਦਾਸ ਜੀ ਨੇ ਲਿਖਿਆ ਸੀ ਉਸ ਵੇਲੇ ਬਾਬਾ ਬੁੱਢਾ ਜੀ ਬ੍ਰਹਮ ਗਿਆਨੀ ਪਹਿਲੇ ਪਾਤਿਸ਼ਾਹ ਜੀ ਵੇਲੇ ਦੇ ਸਿੱਖ ਹਾਜ਼ਰ ਸਨ, ਤਾਂ ਉਹ ਕਹਿ ਦਿੰਦੇ ਹਨ ਕਿ ਸਾਨੂੰ ਤਾਂ ਹੋਰ ਮੰਤ੍ਰ ਦਿੱਤਾ ਹੈ ਤੁਸੀਂ ਇਹ ਕਿਉਂ ਲਿਖਿਆ ਨੈ ? ਪਰ ਪਹਿਲੇ ਪਾਤਿਸ਼ਾਹ ਜੀ ਇਹੋ ਮੰਤ੍ਰ ਦਿੰਦੇ ਹੋਣ ਕਰ ਕੇ ਤੇ ਉਹਨਾਂ ਨੂੰ ਵੀ ਇਹੋ ਮੰਤ੍ਰ ਦਿੱਤਾ ਹੋਣ ਕਰ ਕੇ ਉਹਨਾਂ ਕੋਈ ਕਿੰਤੂ ਨਹੀਂ ਕੀਤਾ। ਇਸ ਤੋਂ ਵੱਧ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਸਰੂਪ ਵਿਚ ਹਾਜ਼ਰ ਸਨ ਉਹ ਭਾਈ ਸਾਹਿਬ ਨੂੰ ਰੋਕ ਦਿੰਦੇ।

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਲੋਹ ਗ੍ਰੰਥ ਵਿਚ ਉਚਾਰਿਆ ਹੈ :-

'ਸ਼ਾਹਿ ਗੋਬਿੰਦ ਸਿੰਘ ਫਤਹ ਸਤਿਗੁਰ ਕੀ ਵਾਹਿਗੁਰੂ ਸੁਚਿ ਮੰਤ੍ਰ ਅਖੈ ॥'

ਨਾਮ ਸਿਮਰਨ

੧. ਪ੍ਰਸ਼ਨ :-ਵਾਹਿਗੁਰੂ ਮੰਤ੍ਰ, ਮੂਲਮੰਤ੍ਰ, ਗੁਰਬਾਣੀ ਤਿੰਨੇ ਇੱਕੋ ਰੂਪ ਹਨ ਕਿ ਵੱਖਰੇ ਵੱਖਰੇ ?

ਉੱਤਰ :-ਗੁਰਬਾਣੀ ਮੂਲ ਮੰਤ੍ਰ ਆਦਿ ਨਾਮ ਹੀ ਹੈ, ਜੋ ਧੁਰੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚਖੰਡ ਤੋਂ ਜੀਆਂ ਦੇ ਉਧਾਰ ਵਾਸਤੇ ਲਿਆਂਦੀ ਹੈ। ਜੋ ਕੁਝ ਸਿਧਾਤ ਮੂਲ ਮੰਤ੍ਰ ਵਿਚ ਸੂਤ੍ਰ ਰੂਪ ਕਰ ਕੇ ਰੱਖਿਆ ਹੈ ਉਹ ਸਾਰੇ ਜਪੁ ਜੀ ਸਾਹਿਬ ਵਿਚ ਗੁਹਜ ਭੇਦ ਸੂਤ੍ਰ ਰੂਪ ਕਰਕੇ ਰੱਖੇ ਹਨ। ਉਹੋ ਹੀ ਸਾਰੇ

ਅਤੇ ਦੂਸਰਾ ਤੇਰਾਂ ਵਾਰੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਸਵੈਯਾਂ ਵਿਚ ਲਿਖਿਆ ਹੈ-'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ' ਇੱਥੇ ਬਾਰਾ ਵਾਰੀ ਉਚਾਰਨ ਕੀਤਾ ਹੈ ਅਤੇ ਇਕ ਵਾਰੀ 'ਵਾਹਿਗੁਰੂ ਤੇਰੀ ਸਭ ਰਚਨਾ' ਪਹਿਲਾਂ ਸਿਹਾਰੀ ਨਾਲ ਹੈ ਅਤੇ ਮਗਰੋਂ ਦੋ ਵਾਰੀ ਮੁਕਤੇ ਨਾਲ 'ਵਾਹਗੁਰੂ ਤੇਰੀ ਸਭ ਰਚਨਾ' ਆਇਆ ਹੈ ਅਤੇ ਤੀਜਾ ਭੇਦ ਜਿਵੇਂ ਤੀਜੇ ਪਾਤਿਸ਼ਾਹ ਜੀ ਨੇ ਰਾਗੁ ਗੁਜਰੀ ਦੀ ਪਹਿਲੀ ਵਾਰ ਵਿਚ ਉਚਾਰਨ ਕੀਤਾ ਹੈ-'ਵਾਹੁ ਵਾਹੁ ਆਪਿ ਅਖਾਇਦਾ' ਅਤੇ ਸਵੈਯਾਂ ਵਿਚ 'ਵਾਹੁ ਵਾਹੁ ਕਾ ਬਡਾ ਤਮਾਸਾ' ਉਚਾਰਿਆ ਹੈ। ਇਸ ਪ੍ਰਕਾਰ ਇਹ ਤਿੰਨੇ ਸਰੂਪ ਸਵੈਯਾਂ ਵਿਚ ਦਿਖਾਏ ਹਨ।

ਇਹਨਾਂ ਦੇ ਅਰਥਾਂ ਦਾ ਭੇਦ ਇਸ ਪ੍ਰਕਾਰ ਹੈ :-'ਵਾਹੁ' ਨਾਮ ਪ੍ਰੇਰਕ ਦਾ ਹੈ। ਜੋ ਬ੍ਰਹਮਾਂ ਨੂੰ ਪ੍ਰੇਰਕੇ ਸ੍ਰਿਸ਼ਟੀ ਨੂੰ ਰਚਾਉਣ ਵਾਲਾ ਹੈ, ਵਿਸ਼ਨੂੰ ਨੂੰ ਪ੍ਰੇਰ ਕੇ ਸ੍ਰਿਸ਼ਟੀ ਦੀ ਪਾਲਣਾ ਕਰਾਉਣ ਵਾਲਾ ਹੈ, ਸ਼ਿਵਜੀ ਨੂੰ ਪ੍ਰੇਰਕੇ ਸੰਘਾਰ ਕਰਾਉਣ ਵਾਲਾ ਹੈ। ਉਸ ਪ੍ਰੇਰਕ ਦਾ ਨਾਮ 'ਵਾਹੁ' ਸ਼ਬਦ ਹੈ, ਮੁਕਤੇ ਦੇ ਨਾਲ 'ਵਾਹ' ਨਾਮ ਵਿਸਮਾਦਤਾ ਦਾ ਹੈ ਅਤੇ ਸਿਹਾਰੀ ਦੇ ਨਾਲ 'ਵਾਹਿ' ਅਸਚਰਜ ਦਾ ਵਾਚਕ ਹੈ।

'ਵਾਹਿਗੁਰੂ ਤੇਰੀ ਸਭ ਰਚਨਾ' ਇਹ ਤਿੰਨੇ ਭੇਦ ਜਿਹੜੇ ਹਨ (ਵਾਹੁ) ਪ੍ਰੇਰਕ ਹੈਂ ਤੂੰ ਅਤੇ (ਵਾਹ) ਤੇਰਾ ਸੱਚੇ ਪਾਤਿਸ਼ਾਹ ਜੀ ਵਿਸਮਾਦ ਹੈ ਸਰੂਪ ਅਤੇ (ਵਾਹਿ) ਅਸਚਰਜ ਰੂਪ ਹੈ। 'ਵਾਹ' ਤੇ 'ਵਾਹਿ' ਸਿਹਾਰੀ ਤੇ ਮੁਕਤਾ ਲਘੂ ਮਾਤ੍ਰਾ ਹੈ। ਇਸ ਕਰਕੇ ਇਹਨਾਂ ਦਾ ਅਰਥ ਇਕੋ ਹੈ।

ਅਸਚਰਜ ਉਸ ਨੂੰ ਕਹਿੰਦੇ ਹਨ ਜਿਹੜਾ ਉਤਪਤੀ, ਪਾਲਨਾ, ਲੈਤਾ ਕਰਦਾ ਹੋਇਆ ਆਪ ਜਨਮ ਤੋਂ ਰਹਿਤ ਹੈ ਅਤੇ 'ਵਾਹ' ਉਸ ਨੂੰ ਕਹਿੰਦੇ ਹਨ ਜਿਹੜਾ ਸ੍ਵੈ-ਪ੍ਰਕਾਸ਼ ਸਰੂਪ ਹੈ, ਆਪਣੇ ਆਪ ਤੋਂ ਪ੍ਰਕਾਸ਼ਵਾਨ ਹੈ ਅਤੇ ਸਾਰੇ ਚੰਦ, ਸੂਰਜ ਆਦਿਕ ਖਟ ਜੋਤੀਆਂ ਦਾ ਪ੍ਰਕਾਸ਼ਕ ਹੈ। ਅਤੇ 'ਵਾਹਿ' ਜਿਹੜਾ ਆਪ ਨਿਰਾਧਾਰ ਹੈ ਅਤੇ ਸਾਰਿਆਂ ਦਾ ਭਾਵ ਜ਼ਮੀਨ, ਆਕਾਸ਼ ਪੌਣ, ਪਾਣੀ, ਅਗਨੀ ਆਦਿ ਪੰਜਾਂ ਤੱਤਾਂ ਦਾ ਆਸਰਾ ਹੈ ਜੋ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ ਪਰ ਆਪ ਕਿਸੇ ਦੇ ਆਸਰੇ ਨਹੀਂ, ਨਿਰਾਧਾਰ ਹੈ, ਉਸ ਦਾ ਨਾਮ 'ਵਾਹਿ' ਹੈ।

ਵਾਹ :-ਨਾਮ ਅਸਚਰਜ ਦਾ ਹੈ। ਅਸਚਰਜ ਤੋਂ ਪਰੇ ਕਥਨ ਕੋਈ ਨਹੀਂ ਹੈ।

ਗੁ:-ਨਾਮ ਅਨ੍ਹੇਰੇ ਦਾ, ਅਗਿਆਨ ਦਾ ਹੈ।

ਸੋ ਗੁਰੂ ਜੀ ਜੋ ਹੁਕਮ ਕਰਦੇ ਹਨ, ਉਹੋ ਕਾਰ ਕਮਾਉਣਾ ਕਰੋ।

ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਕਾਮਰੂਪ ਦੇਸ ਗਏ, ਅਤੇ ਉਥੋਂ ਦੀਆਂ ਇਸਤਰੀਆਂ ਨੇ ਭਾਈ ਮਰਦਾਨੇ ਜੀ ਨੂੰ ਭੇਡੂ ਬਣਾਇਆ ਸੀ। ਉਹਨਾਂ ਇਸਤ੍ਰੀਆਂ ਦੇ ਗੁਰੂ ਜੀ ਦੀ ਸ਼ਰਨ ਆਉਣ ਤੇ ਉਹਨਾਂ ਪ੍ਰਤੀ ਜੋ ਉਪਦੇਸ਼ ਸਤਿਗੁਰੂ ਜੀ ਨੇ ਦਿੱਤਾ ਉਸ ਸਬੰਧੀ ਭਾਈ ਸੰਤੋਖ ਸਿੰਘ ਜੀ ਚੂੜਾਮਣਿ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਇਉਂ ਲਿਖਦੇ ਹਨ :

'ਨਿਤ ਵਾਹਿਗੁਰੂ ਮੁਖ ਨਾਮ ਜਪੋ ਅਰਦਾਸ ਤਿਹਾਵਲ ਕੀ ਕਰੀਯੇ ॥
ਮਨ ਕਾਮਨਾ ਪੂਰਨ ਹੋਵਹਿਗੀ ਹਰਿ ਕੀਰਤਿ ਪ੍ਰੀਤਿ ਰਿਦੇ ਧਰੀਯੇ ॥'
(ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਯ ੪੭)

ਤ੍ਰਿਯਾ ਰਾਜ ਵਿਚ ਵੀ ਇਹ ਉਪਦੇਸ਼ ਬਖ਼ਸ਼ਿਆ :-

'ਸਿਖ ਸੰਤ ਆਇ ਤਾਂ ਪੈ ਮੰਤ ਨ ਚਲਾਇ ਨਿਜ,
ਟਹਿਲ ਬਨਾਇ ਕੀਜੈ ਛੋਰ ਰੀਤਿ ਮਾਨ ਕੀ।
-ਵਾਹਿਗੁਰੂ-ਜਪੋ ਮੁਖ, ਜਾਹਿ ਭਵ ਜਨਮ ਦੁਖ,
ਦੇਤਿ ਸੁਖ ਰੀਤਿ ਜਯੋਂ ਸੰਤੋਖ ਸਿੰਘ ਭਾਨੁ ਕੀ ॥੪੭॥'
(ਸ੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ ਅਧਿਆਯ ੫੦)

'ਵਾਹਿਗੁਰੂ ਅਗਮੁ ਅਗੋਚਰੁ ਅਗਾਧ ਜੋਈ,
ਤਾਹਿ ਕੋ ਬਖਾਨੈ ਗੁਰ ਸਿੰਘ ਵਾਹਿ ਵਾਹਿ ਹੈ।'
(ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ ੬੯੯)

ਗੁਰਮੰਤ੍ਰ ਬਾਰੇ ਵਿਚਾਰ

ਗੁਰਮੰਤ੍ਰ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ 'ਵਾਹਿਗੁਰੂ' ਹੀ ਬਖ਼ਸ਼ਿਆ ਹੈ ਅਤੇ ਹਾਹੇ ਨੂੰ ਸਿਹਾਰੀ ਨਾਲ ਬਖ਼ਸ਼ਿਆ ਹੈ। ਕਈ ਲੋਕ ਸ਼ੰਕਾ ਕਰਦੇ ਹਨ ਕਿ ਮਹਾਰਾਜ ਸਾਹਿਬ ਜੀ ਨੇ ਇਹ ਮੰਤ੍ਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਨਹੀਂ ਲਿਖਿਆ ਅਤੇ ਕਈ ਕਹਿੰਦੇ ਹਨ ਕਿ ਇਹ ਹਾਹੇ ਮੁਕਤੇ ਨਾਲ 'ਵਾਹਗੁਰੂ' ਸ਼ਬਦ ਬਖ਼ਸ਼ਿਆ ਹੈ। ਕਈ ਕਹਿੰਦੇ ਹਨ ਕਿ ਹਾਹੇ ਨੂੰ ਔਂਕੁੜ ਨਾਲ 'ਵਾਹੁਗੁਰੂ' ਸ਼ਬਦ ਬਖ਼ਸ਼ਿਆ ਹੈ। ਇਸ ਪ੍ਰਕਾਰ ਦੀਆਂ ਸ਼ੰਕਾ ਕਰਦੇ ਹਨ। ਇਹਨਾਂ ਬਾਬਤ ਇਉਂ ਵਿਚਾਰ ਹੈ :

ਵਾਹਿਗੁਰੂ ਮੰਤ੍ਰ ਦੇ ਅੱਖਰਾਂ ਵਿਚ ਤਿੰਨ ਭੇਦ ਹਨ। ਇਕ ਤਾਂ 'ਸੇਵਕ ਕੈ ਭਰਪੂਰ ਜੁਗ ਜੁਗ ਵਾਹਗੁਰੂ ਤੇਰਾ ਸਭ ਸਦਕਾ' ਮੁਕਤੇ ਨਾਲ ਹੈ।

ਬਾਹਰਮੁਖੀ ਸਿਖ ਤਿਸ ਜਾਨੋ।
ਸਭ ਬਰਤਨ ਮਿਥਿਆ ਤਿਸ ਮਾਨੋ॥'
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਭਾਈ ਗੁਰਦਾਸ ਜੀ ਵੀ ਰਹਿਤ ਮਰਯਾਦਾ ਦੀ ਇਸ ਤਰ੍ਹਾਂ ਪੁਸ਼ਟੀ ਕਰਦੇ ਹਨ :-

'ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਇਕ ਮਨਿ ਹੋ ਗੁਰ ਜਾਪ ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
ਕੁਰਬਾਣੀ ਤਿਨ੍ਹਾਂ ਗਰਸਿਖਾਂ ਮਨ ਮੇਲੀ ਕਰ ਮੇਲਿ ਮਿਲੰਦੇ।
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
ਗੁਰ ਸੇਵਾ ਫਲ ਸੁਫਲ ਫਲੰਦੇ ॥੨॥' (ਵਾਰ ੧੨)

ਦੋਹਰਾ-'ਸਤਿ ਅਕਾਲ ਸ੍ਰੀ ਵਾਹਿਗੁਰੂ, ਪਰਮ ਬੀਜਯਾ ਮੰਤ।
ਸਰਬ ਜਾਪ ਕਉ ਜਾਪ ਇਹ, ਕਹਿਓ ਆਦਿ ਅਰ ਅੰਤ॥' (੩੭)

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬ ਲੋਹ ਗ੍ਰੰਥ ਵਿਚ ਉਚਾਰਿਆ ਹੈ :-

'ਸ਼ਾਹਿ ਗੋਬਿੰਦ ਸਿੰਘ ਫਤਹ ਸਤਿਗੁਰ ਕੀ ਵਾਹਿਗੁਰੂ ਸੁਚਿ ਮੰਤ੍ਰ ਅਖੈ॥'

ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਸੰਸਾਰ ਸਮੁੰਦਰ ਅਤੇ ਪ੍ਰਤੱਖ ਸਮੁੰਦਰ ਵਿਚ ਡੁੱਬਦਾ ਨਹੀਂ। ਇਕ ਵਾਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਮੁੰਦਰ ਉੱਤੇ ਤੁਰੇ ਜਾ ਰਹੇ ਸਨ। ਭਾਈ ਮਰਦਾਨੇ ਅਤੇ ਬਾਲੇ ਨੂੰ ਕਿਹਾ ਤੁਸੀਂ 'ਵਾਹਿਗੁਰੂ, ਵਾਹਿਗੁਰੂ' ਜਪਦੇ ਤੁਰੇ ਆਓ, ਸਤਿਗੁਰੂ ਜੀ ਦੇ ਉੱਚੀ ਉੱਚੀ 'ਸੋਹੰ' ਕਹਿਣ ਕਰਕੇ ਮਰਦਾਨੇ ਨੇ ਵੀ 'ਸੋਹੰ' ਸ਼ਬਦ ਦਾ ਜਾਪ ਸ਼ੁਰੂ ਕੀਤਾ ਤੇ ਸਮੁੰਦਰ ਵਿਚ ਡੁੱਬਣ ਲੱਗਾ ਤਾਂ ਸਤਿਗੁਰਾਂ ਨੇ ਪਿੱਛੇ ਵੇਖ ਕੇ ਕਿਹਾ, 'ਭਾਈ ਮਰਦਾਨਾ! ਕਹੁ 'ਵਾਹਿਗੁਰੂ'। ਸੋ 'ਵਾਹਿਗੁਰੂ, ਵਾਹਿਗੁਰੂ' ਕਹਿਣ ਦੀ ਦੇਰ ਹੀ ਸੀ ਕਿ ਫਿਰ ਸਮੁੰਦਰ ਉੱਤੇ ਤੁਰਨ ਲੱਗ ਪਿਆ। ਤਦ ਗੁਰੂ ਜੀ ਨੇ ਉਸ ਤਾਈਂ ਕਿਹਾ ਕਿ-

'ਗੁਰਿ ਕਹਿਆ ਸਾ ਕਾਰ ਕਮਾਵਹੁ॥
ਗੁਰ ਕੀ ਕਰਣੀ ਕਾਹੇ ਧਾਵਹੁ॥' (੯੩੩)

ਤਨਖਾਹਨਾਮੇ ਵਿਚ ਭਾਈ ਨੰਦ ਲਾਲ ਸਿੰਘ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ 'ਵਾਹਿਗੁਰੂ' ਮੰਤ੍ਰ ਦਾ ਹੀ ਜਾਪ ਜਪਾਇਆ:

ਚੌਪਈ–'ਸੁਨਹੁ ਨੰਦ ਲਾਲ! ਇਹ ਸਾਜ।
ਪਰਗਟ ਕਰਾਊਂ ਅਪਨੋ ਰਾਜ।
ਚਾਰ ਬਰਨ ਇਕ ਬਰਨ ਕਰਾਊਂ।
ਵਾਹਿਗੁਰੂ ਕਾ ਜਾਪ ਜਪਾਊਂ।'

ਭਾਈ ਪ੍ਰਹਿਲਾਦ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ–

ਦੋਹਰਾ–'ਵਾਹਿਗੁਰੂ ਕੇ ਮੰਤ੍ਰ ਬਿਨ ਜਪੈ ਅਉਰ ਕੋਈ ਜਾਪ।
ਸੋ ਸਾਕਤ, ਸਿਖ ਮੂਲ ਨਹਿ ਬਾਚਤ ਸ੍ਰੀ ਮੁਖ ਆਪ।੭।'

ਦੋਹਰਾ–'ਅਕਾਲ ਪੁਰਖ ਕੇ ਬਚਨ ਸਿਉ, ਪ੍ਰਗਟ ਚਲਾਯੋ ਪੰਥ।
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ।੩੦।

ਥਾਪ ਚਲਯੋ ਜੋ ਜਗਤ ਮੈਂ, ਤਿਨਹਿ ਨਿਵਾਵਹੁ ਮਾਥ।
ਵਾਹਿਗੁਰੂ ਕੇ ਮੰਤ੍ਰ ਬਿਨ, ਮਿਥਿਆ ਸਾਰੀ ਗਾਥ।੩੧।'

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥' (੨)

'ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨਿ੍ ਲਹੰਨਿ੍ ਸੇ ਸਾਈ ਕੰਨੋ ਦਾਤਿ॥' (੧੩੮੪)

'ਝਾਲਾਘੇ ਉਠਿ ਨਾਮੁ ਜਪਿ ਨਿਸਿਬਾਸੁਰ ਆਰਾਧਿ॥
ਕਾਗ੍ਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥' (੨੫੫)

'ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥' (੧੩੮੩)

'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥' (੩੦੫)

'ਪ੍ਰਾਤਾਕਾਲ ਗੁਰ ਗੀਤ ਨ ਗਾਵੇ।
ਰਹਰਾਸਿ ਬਿਨਾ ਪ੍ਰਸਾਦ ਜੋ ਪਾਵੈ॥

ਵਾਹਿਗੁਰੂ ਅੱਖਰ ਪੜ੍ਹਨ ਤੇ ਜਪਣ ਨੂੰ ਤਾਂ ਛੋਟਾ ਜਿਹਾ ਪ੍ਰਤੀਤ ਹੁੰਦਾ ਹੈ ਪਰ ਸਭ ਤੋਂ ਸ੍ਰੇਸ਼ਟ ਤੇ ਸਰਬ ਕਾਮਨਾ ਪੂਰੀਆ ਕਰ ਕੇ, ਸਰਬ ਕਾਰਜ ਰਾਸ ਕਰਕੇ, ਨਿਸ਼ਕਾਮੀ ਬਣਾ ਕੇ ਵਿਕਾਰ ਮੇਟ ਕੇ, ਪ੍ਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲਾ ਹੈ। ਇਸ ਦੇ ਸਿਮਰਨ ਦਾ ਜਦੋਂ ਫਲ ਮਿਲਦਾ ਹੈ ਤਾਂ ਪਤਾ ਲੱਗਦਾ ਹੈ ਕਿ ਕਿਤਨਾ ਬੇ-ਕੀਮਤਾ ਤੇ ਅਮੋਲਕ ਹੈ :-

'ਮਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥' (੮੧)

'ਜੈਸੇ ਹੀਰਾ ਹਾਥਿ ਮੈ ਤਨਕ ਸੋ ਦਿਖਾਈ ਦੇਤ,
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ ॥
ਜੈਸੇ ਬਰ ਬਾਂਧੇ ਹੁੰਡੀ ਲਾਗਤ ਨਾ ਬਾਰ ਕਛੂ,
ਆਗੈ ਜਾਇ ਪਾਈਅਤਿ ਲਛਮੀ ਅਪਾਰ ਜੀ ॥
'ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ,
ਬੋਏ ਸੈ ਬਿਬਿਧ ਕਰੈ ਬਿਰਥਾ ਬਿਸਥਾਰ ਜੀ ॥
ਤੈਸੇ ਗੁਰ ਬਚਨ ਸਚਨ ਗੁਰਸਿਖਨ ਮੈ,
ਜਾਨੀਐ ਮਹਾਤਮ ਗਏ ਹੀ ਹੋਰ ਦੁਆਰ ਜੀ ॥੩੭੩॥' (ਕ:ਸੂਯੇ)

ਵਾਹਿਗੁਰੂ ਮੰਤ੍ਰ ਜਗਤ ਨੂੰ ਤਾਰਨ ਵਾਲਾ ਹੈ ਜੋ ਪ੍ਰਾਣੀ ਪ੍ਰੇਮ ਨਾਲ ਇਸ ਦਾ ਸਿਮਰਨ ਕਰਦਾ ਹੈ ਉਹ ਸੱਚਖੰਡ ਦਰਬਾਰ ਵਿਚ ਪਹੁੰਚ ਜਾਂਦਾ ਹੈ।

'ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।
'ਜੋ ਸਿਮਰਹਿ ਨਰ ਪ੍ਰੇਮ ਸੋਂ ਪਹੁਚੈ ਦਰਬਾਰਾ।'
(ਵਾਰ ੪੧, ਪਉੜੀ ੧੮)

ਭਾਈ ਨੰਦ ਲਾਲ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ ਕਿ-

'ਗੁਰਸਿਖ ਰਹਿਤ ਸੁਨਹੁ ਮੇਰੇ ਮੀਤ।
ਉਠਿ ਪ੍ਰਭਾਤ ਕਰ ਹਿਤ ਚੀਤ।
ਵਾਹਿਗੁਰੂ ਪੁੰਨ ਮੰਤ੍ਰ ਸੁ ਜਾਪ।
ਕਰ ਇਸਨਾਨ ਪੜ ਜਪੁ ਜਾਪੁ ॥੧॥'

ਦੋਹਰਾ-'ਵਾਹਿਗੁਰੂ ਗੁਰ ਜਾਪਈਂ, ਵਾਹਿਗੁਰੂ ਕਰਿ ਧਿਆਨ।
ਮੁਕਤਿ ਲਾਭ ਸੋ ਹੋਇ ਹੈ, ਗੁਰਸਿਖ ਰਿਦਿ ਮਹਿ ਮਾਨ ॥੨੩॥'

ਪਿਆ ਰਹੇਗਾ :-

'ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹਿ॥' (੧੩੫੬)

ਅਕਾਲ ਪੁਰਖ ਨੇ ਵੀ ਆਪਣੇ ਇਸ ਚਾਰ ਅੱਖਰੀ ਮੰਤ੍ਰ ਦੇ ਇਕ-ਇਕ ਅੱਖਰ ਦਾ ੯-੯ ਜੁੱਗਾਂ ਵਿਚ ਜਾਪ ਕੀਤਾ :

'ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ॥' (੧੨੮੨)

'ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ॥' (੯੬੮)

ਸੱਚਾ ਪ੍ਰਮੇਸ਼ਰ ਅਕਾਲ ਪੁਰਖ ਉਸ ਨੂੰ ਪ੍ਰਾਪਤ ਹੁੰਦਾ ਹੈ ਜੋ ਵਾਹਿਗੁਰੂ ਵਾਹਿਗੁਰੂ, ਜਪਦਾ ਹੈ। ਚੌਥੇ ਮਹੱਲੇ ਦੇ ਸਵੱਈਆਂ ਵਿਚ ਫੁਰਮਾਇਆ ਹੈ :

'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥' (੧੪੦੨)

ਸੋ ਸਤਿਗੁਰਾਂ ਦੇ ਹੁਕਮ ਅਨੁਸਾਰ ਗੁਰਮੰਤ੍ਰ ਵਾਹਿਗੁਰੂ ਹੀ ਜਪਣਾ ਹੈ। ਇਹ ਚਹੁੰ ਜੁਗਾਂ ਦੇ ਮੰਤ੍ਰਾਂ ਵਿਚੋਂ ਸਭ ਤੋਂ ਸ਼੍ਰੋਮਣੀ ਹੈ।

ਗੁਰੂ ਘਰ ਦੇ ਮਹਾਨ ਵਿਦਵਾਨ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਲਿਖਾਰੀ ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਬੇਅੰਤ ਥਾਵਾਂ ਤੇ ਲਿਖਿਆ ਹੈ ਕਿ ਵਾਹਿਗੁਰੂ ਹੀ ਗੁਰਮੰਤ੍ਰ ਹੈ :-

'ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ।' (ਵਾਰ ੧੩, ਪਉੜੀ ੨)

'ਸਤਿਗੁਰ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਯਾ।'
(ਵਾਰ ੧੧, ਪਉੜੀ ੩)

'ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਿਖਾਯਾ।
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਯਾ।'
(ਵਾਰ ੧੨, ਪਉੜੀ ੧੭)

'ਵਾਹਿਗੁਰੂ ਗੁਰ ਸਬਦ ਲੇ ਪਿਰਮ ਪਿਆਲਾ ਚੁਪ ਚਬੋਲਾ।'
(ਵਾਰ ੪, ਪਉੜੀ ੧੭)

'ਪਉਣ ਗੁਰੂ ਗੁਰ ਸਬਦ ਹੈ ਵਾਹਿਗੁਰੂ ਗੁਰ ਸਬਦ ਸੁਣਾਇਆ।'
(ਵਾਰ ੬, ਪਉੜੀ ੫)

'ਵੇਦੁ ਨ ਜਾਣੇ ਭੇਦੁ ਕਿਹੁ ਸ਼ੇਸਨਾਗੁ ਨ ਪਾਏ।
ਵਾਹਿਗੁਰੂ ਸਾਲਾਹਣਾ ਗੁਰ ਸ਼ਬਦ ਅਲਾਏ॥੧੩॥' (ਵਾਰ ੯)

ਜੇ ਕੋਈ ਅਨਪੜ੍ਹ ਹੋਵੇ ਉਹ ਚਿੱਤ ਦੀ ਬਿਤੀ ਇਕਾਗਰ ਕਰ ਕੇ ਵਾਹਿਗੁਰੂ ਮੰਤ੍ਰ ਤੇ ਮੂਲਮੰਤ੍ਰ ਦਾ ਅਭਿਆਸ ਕਰੇ। ਇਸ ਨਾਲ ਕਲਿਆਣ ਹੁੰਦੀ ਹੈ ਪਰ ਬਾਣੀ ਕੰਠ ਕਰਨ ਦਾ ਯਤਨ ਜ਼ਰੂਰ ਕਰੇ।

ਬਾਬਾ ਦੀਪ ਸਿੰਘ ਜੀ ਸ਼ਹੀਦ ਜਿਨ੍ਹਾਂ ਨੇ ਦਸਵੇਂ ਪਾਤਸ਼ਾਹ ਜੀ ਤੋਂ ਅੰਮ੍ਰਿਤ ਛਕਿਆ ਸੀ ਤੇ ਤਖ਼ਤ ਦਮਦਮਾ ਸਾਹਿਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸਾਰੇ ਅਰਥ ਸਤਿਗੁਰਾਂ ਤੋਂ ਪੜ੍ਹੇ ਸਨ, ਉਹਨਾਂ ਦਾ ਸੀਸ ਤੇ ਸਜਾਉਣ ਵਾਲਾ ਚੱਕਰ ਜਿਸ ਦੇ ਦਰਸ਼ਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਰੋਜ਼ ਕਰਵਾਏ ਜਾਂਦੇ ਹਨ, ਉਸ ਉਤੇ ਭੀ ਮੂਲ ਮੰਤ੍ਰ '੧ ੳ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਹੀ ਲਿਖਿਆ ਹੋਇਆ ਹੈ।

ਸ੍ਰੀ ਹਰਿਮੰਦਰ ਸਾਹਿਬ ਜੀ ਦਾ ਜੋ ਸਾਹਮਣੇ ਵਾਲਾ ਦਰਵਾਜ਼ਾ ਹੈ ਉਸ ਉੱਪਰ ਸੋਨੇ ਦੇ ਪੱਤਰੇ ਤੇ ਵੀ '੧ ੳ' ਤੋਂ 'ਨਾਨਕ ਹੋਸੀ ਭੀ ਸਚੁ' ਤੱਕ ਮੂਲ ਮੰਤ੍ਰ ਲਿਖਿਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਲੱਗਾ ਹੋਇਆ ਹੈ। ਇਸ ਵਾਸਤੇ ਪੂਰੇ ਮੂਲਮੰਤ੍ਰ ਦਾ ਹੀ ਜਾਪ ਕਰਨਾ ਹੈ।

ਗੁਰਸਿੱਖ ਸਤਿਗੁਰੂ ਦੇ ਸ਼ਬਦ ਵਿਚ ਸੁਰਤ ਜੋੜ ਕੇ 'ਮੂਲ ਮੰਤ੍ਰ' ਦਾ ਅਭਿਆਸ ਕਰਦੇ ਹਨ ਕਿਉਂਕਿ ਸਿੱਖਾਂ ਨੂੰ ਕਿਸੇ ਹੋਰ ਮੰਤ੍ਰ ਤੰਤ੍ਰ ਦੀ ਪ੍ਰਤੀਤ ਨਹੀਂ ਹੈ।

'ਸਤਿਗੁਰ ਸ਼ਬਦ ਸੁਰਤਿ ਲਿਵ ਮੂਲ ਮੰਤ੍ਰ,
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ॥
ਸਤਿਗੁਰ ਕ੍ਰਿਪਾ ਸਾਧ ਸੰਗਤਿ ਪੰਗਤਿ ਸੁਖ,
ਹੰਸੁ ਬੰਸੁ ਮਾਨਸਰ ਅਨਤ ਨ ਚੀਤ ਹੈ॥੧੮੩॥'

(ਕ: ਸੂਯੇ)

(ਅ) ਗੁਰ ਮੰਤ੍ਰ

ਸਤਿਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸਾਰੇ ਸਤਿਗੁਰਾਂ ਨੇ ਗੁਰ ਮੰਤ੍ਰ 'ਵਾਹਿਗੁਰੂ' ਹੀ ਬਖ਼ਸ਼ਿਆ ਹੈ। ਜਿਸ ਰਿਦੇ ਵਿਚ ਵਸਦਾ ਹੈ ਉਹ ਗੁਰਮੁਖ ਰੋਮ ਰੋਮ ਜਪ ਕੇ ਅਕਾਲ ਪੁਰਖ ਵਿਚ ਲੀਨ ਹੋ ਜਾਂਦਾ ਹੈ। ਗੁਰਮੰਤ੍ਰ ਸਵਾਸਾਂ ਨਾਲ ਸਿਮਰਨ ਕਰਨ ਅਤੇ ਹਿਰਦਾ ਸ਼ਾਂਤ ਕਰਨ ਵਾਸਤੇ ਹੈ। ਰੋਮ ਰੋਮ ਵਸਣ ਕਰਕੇ ਅਜਪਾ ਜਾਪ ਦੀ ਪ੍ਰਾਪਤੀ ਕਰਾਉਣ ਵਾਲਾ ਹੈ। ਸਭ ਕ੍ਰਿਤਮ ਨਾਮਾ ਨਾਲੋਂ ਸਰੇਸ਼ਟ ਤੇ ਅਮੋਲਕ ਹੈ। ਕੋਈ ਵੀ ਪ੍ਰਾਣੀ ਨਿਗੁਰਾ ਭਾਵ ਗੁਰਮੰਤ੍ਰ ਤੋਂ ਹੀਣਾ ਨਾ ਹੋਵੇ ਨਹੀਂ ਤਾਂ ਚਉਰਾਸੀ ਦਾ ਗੇੜਾ ਗਲ

ਟੇਕਣਾ। ਰਹਿਤ ਮਰਯਾਦਾ ਵਿਚ ਪ੍ਰਪੱਕ ਰਹੋਗੇ ਤਾਂ ਸਤਿਗੁਰੂ ਜੀ ਦਾ ਫੁਰਮਾਨ ਹੈ :-

'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ (੯੪੦)

ਗੁਰੂ ਘਰ ਵਿਚ ਜਨਮ ਲੈਣ ਤੋਂ ਆਵਾਗਵਨ ਮਿਟ ਜਾਂਦਾ ਹੈ ਫਿਰ ਚੁਰਾਸੀ ਦਾ ਗੇੜਾ ਗਲ ਨਹੀਂ ਪੈਂਦਾ। ਰਹਿਤ ਰੱਖ ਕੇ ਜੀਵਨ-ਮੁਕਤੀ ਦਾ ਅਨੰਦ ਮਾਣੋ।

(ੳ) ਮੂਲ ਮੰਤ੍ਰ

'੧ ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਮੂਲ ਮੰਤ੍ਰ ਹੈ। ਇਸ ਦਾ ਵੱਧ ਤੋਂ ਵੱਧ ਅਭਿਆਸ ਕਰਨਾ। ਇਹ ਮੂਲਮੰਤ੍ਰ ਸਤਿਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਰਹਿਣ ਸਮੇਂ ਵੇਈਂ ਨਦੀ ਦੁਆਰਾ ਸੱਚਖੰਡ ਵਿਚੋਂ ਲਿਆਂਦਾ ਸੀ। ਮੂਲਮੰਤ੍ਰ ਵਿਚ ਅਕਾਲ ਪੁਰਖ ਦੇ ਸਰੂਪ ਤੇ ਤਟੱਸਥੀ ਲੱਖਣ ਹਨ। ਮਨ ਨੂੰ ਵੱਸ ਕਰਨ ਵਾਲਾ ਤੇ ਧ੍ਰੁਹਮ ਗਿਆਨ ਦਾ ਦਾਤਾ ਹੈ। ਜੀਵ ਦੇ ਸਮੂਹ ਕਾਰਜਾਂ ਨੂੰ ਸਫਲ ਕਰਨ ਵਾਲਾ ਤੇ ਪਾਪਾਂ ਵਿਘਨਾਂ ਨੂੰ ਨਾਸ਼ ਕਰਨ ਵਾਲਾ ਹੈ।

ਕਈ ਲੋਕ ਮੂਲ ਮੰਤ੍ਰ ਬਾਰੇ ਵੀ ਸ਼ੰਕਾ ਕਰਦੇ ਹਨ ਕਿ 'ਗੁਰ ਪ੍ਰਸਾਦਿ' ਤੱਕ ਹੈ ਪਰ ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਸ ਪ੍ਰਕਾਰ ਲਿਖਿਆ ਹੈ:-

'ਏਕੰਕਾਰ ਏਕਾਂਗ ਲਿਖ ਉੜਾ ਓਅੰਕਾਰ ਲਿਖਾਇਆ।
ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪ੍ਰਤੱਖ ਸੋਇ ਨਾਉਂ ਅਜੂਨੀ ਸੈਭੰ ਭਾਇਆ।
ਗੁਰਪ੍ਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰ ਹੋਂਦਾ ਆਇਆ।
ਹੋ ਭੀ ਹਸੀ ਸਚੁ ਨਾਉ ਸਚ ਦਰਸਨ ਸਤਿਗੁਰੂ ਦਿਖਾਇਆ।
ਸਬਦ ਸੁਰਤ ਲਿਵਲੀਣ ਹੁਇ ਗੁਰੁ ਚੇਲਾ ਪਰਚਾ ਪਰਚਾਇਆ।'

(ਵਾਰ ੩੯, ਪਉੜੀ ੧)

ਇਹ ਮਹਾਤਮ ਸੂਖਮ ਰੂਪ ਕਰਕੇ ਲਿਖਿਆ ਹੈ, ਉਂਞ ਗੁਰਬਾਣੀ ਦਾ ਇਕ ਇਕ ਸ਼ਬਦ ਗੁਰੂ ਰੂਪ ਤੇ ਸਾਰੀਆ ਦਾਤਾ ਬਖ਼ਸ਼ਣ ਵਾਲਾ ਹੈ। ਭਾਵਨਾ ਕਰਨ ਨਾਲ ਸਾਰੀਆਂ ਦਾਤਾਂ ਬ੍ਰਹਮ ਗਿਆਨ, ਜੀਵਨ ਮੁਕਤੀ ,ਤੱਕ ਪ੍ਰਾਪਤ ਹੋ ਜਾਂਦੀਆਂ ਹਨ।

'ਵਾਹਿਗੁਰੂ ਗੁਰੂ ਤਿ ਹੈ ਜਪੁ ਹਉਮੈ ਖੋਈ ॥੩॥ - (ਵਾਰ ੧੩)

ਪੰਜਾਂ ਪਿਆਰਿਆਂ ਵਲੋਂ ਸਿੱਖਿਆ

ਪੰਜਾਂ ਪਿਆਰਿਆਂ ਵਿਚੋਂ ਹੀ ਇਕ ਜਥੇਦਾਰ ਸਿੰਘ ਸਤਿਗੁਰਾਂ ਤੋਂ ਚਲੀ ਆ ਰਹੀ ਮਰਯਾਦਾ ਫਤਹਿ ਗਜਾ ਕੇ ਦੱਸੇ ਕਿ ਖਾਲਸਾ ਜੀ! ਤੁਹਾਨੂੰ ਲੱਖ ਲੱਖ ਵਧਾਈ ਹੋਵੇ। ਵੱਡੇ ਭਾਗਾਂ ਕਰ ਕੇ ਗੁਰੂ ਕਲਗੀਧਰ ਜੀ ਦੀ ਬਖ਼ਸ਼ੀ ਅੰਮ੍ਰਿਤ ਦੀ ਦਾਤ ਅੱਜ ਪ੍ਰਾਪਤ ਹੋਈ ਹੈ। ਗੁਰੂ ਕੇ ਜਹਾਜ਼ ਤੇ ਚੜ੍ਹ ਕੇ ਗੁਰੂ ਵਾਲੇ ਬਣੇ ਹੋ। ਅੰਮ੍ਰਿਤ ਜਿਸ ਨੂੰ ਚਹੁੰ ਜੁੱਗਾਂ ਵਿਚ ਦੇਵੀ ਦੇਵਤੇ ਲੱਭਦੇ ਰਹੇ ਨਾ ਲੱਭਿਆ। ਕਲਿਜੁਗ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹੋ ਅੰਮ੍ਰਿਤ ਅੱਜ ਤੁਹਾਨੂੰ ਪੰਜਾਂ ਪਿਆਰਿਆਂ ਦੁਆਰਾ ਬਖਸ਼ਿਆ ਹੈ।

'ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥' (੯੧੮)
'ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥
ਅਵਰੁ ਨ ਜਾਣਾ ਦੂਆ ਤੀਆ ॥' (੧੦੩੪)

ਅੱਜ ਤੋਂ ਤੁਸੀਂ ਗੁਰੂ ਕੇ ਸਪੁੱਤਰ ਸਪੁੱਤਰੀਆਂ ਹੋ। ਤਨ ਮਨ ਧਨ ਗੁਰੂ ਕਾ ਸਮਝਣਾ। ਇਕੋ ਬਾਟੇ ਦਾ ਅੰਮ੍ਰਿਤ ਛਕ ਕੇ ਤੁਹਾਡੀ ਪਿਛਲੀ ਜਾਤ, ਪਾਤ, ਗੋਤ ਸਭ ਨਾਸ ਹੋ ਗਈ ਹੈ। ਪਿਛਲਾ ਜਨਮ ਸਮਾਪਤ ਹੋ ਗਿਆ ਹੈ। ਅੱਜ ਤੋਂ ਆਪ ਜੀ ਦਾ ਗੁਰੂ ਘਰ ਵਿਚ ਨਵਾ ਜਨਮ ਹੋਇਆ ਹੈ। ਆਪ ਸਭ ਖਾਲਸਾ ਹੋ। ਅੱਜ ਤੋਂ ਆਪ ਜੀ ਦੇ :-

ਧਰਮ ਦੇ ਪਿਤਾ:-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ।
ਧਰਮ ਦੇ ਮਾਤਾ :-ਸਾਹਿਬ ਦੇਵ ਕੌਰ ਜੀ ਹਨ।
ਖਾਲਸੇ ਦਾ ਜਨਮ :-ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਹੈ।
ਵਾਸੀ :-ਸ੍ਰੀ ਅਨੰਦ ਪੁਰ ਸਾਹਿਬ ਦਾ ਹੈ।
ਖਾਲਸੇ ਦੇ ਨਾਨਕੇ :-ਗੁਰੂ ਕੇ ਲਾਹੌਰ ਹਨ।
ਇਸ਼ਟ :-ਇਕ ਅਕਾਲ ਪੁਰਖ ਹੈ।

ਸਤਿਗੁਰੂ :-ਦਸਾਂ ਹੀ ਪਾਤਸ਼ਾਹੀਆਂ ਦੀ ਆਤਮਿਕ ਜੋਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਚਵਰ ਤਖ਼ਤ ਛਤਰ ਦੇ ਮਾਲਿਕ ਹਨ, ਇਹੋ ਦ੍ਰਿੜ੍ਹ ਨਿਸ਼ਚਾ ਰੱਖਣਾ। ਕਿਸੇ ਦੇਹ ਧਾਰੀ ਨੂੰ ਗੁਰੂ ਸਮਝ ਕੇ ਕਦੇ ਭੁੱਲ ਕੇ ਵੀ ਮੱਥਾ ਨਹੀਂ

'ਗੁਰੂ ਕਾ ਸਿਖ, ਸਿਖ ਨੂੰ ਪਾਹੁਲ ਦੇਵਣ ਲਗੇ, ਤਾਂ ਗੁਰਦੀਖਿਆ ਦੀ ਮ੍ਰਿਜਾਦਾ ਹੈ: ਪੰਜ ਚੁਲੇ, ਰਸਨਾਂ ਚੜ੍ਹਾਏ, ਸਾਸ, ਨੇਤ੍ਰਾਂ... .....

(ਰਹਿਤਨਾਮਾ ਭਾਈ ਚਉਪਾ ਸਿੰਘ ਜੀ ਛਿੱਬਰ)

ਅੰਮ੍ਰਿਤ ਛਕ ਕੇ ਹਰ ਇਕ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਮੱਥਾ ਟੇਕ ਕੇ ਫਿਰ ਸਾਰੀ ਸੰਗਤ ਨੂੰ ਬੜੇ ਅਦਬ ਅਤੇ ਸਤਿਕਾਰ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਵੇ। ਅੱਗੋਂ ਸਾਰੇ ਅੰਮ੍ਰਿਤ ਅਭਿਲਾਖੀ ਗੱਜ ਕੇ ਫਤਹਿ ਦਾ ਜਵਾਬ ਫਤਹਿ ਵਿਚ ਦੇਣ। ਜਦੋਂ ਸਾਰੇ ਅੰਮ੍ਰਿਤ ਛਕ ਲੈਣ ਤਾਂ ਸਾਰਿਆਂ ਨੂੰ ਇਕ ਕਤਾਰ ਵਿਚ ਖੜੇ ਕਰਕੇ ਦੋ ਪਿਆਰੇ ਹੱਥ ਵਿਚ ਬਾਟਾ ਫੜਕੇ, ਛਕਣ ਵਾਲਿਆਂ ਦੇ ਦੋਵੇਂ ਹੱਥ ਬਾਟੇ ਨਾਲ ਲੁਵਾ ਕੇ, ਵਧਿਆ ਅੰਮ੍ਰਿਤ ਇਕ-ਇਕ, ਦੋ-ਦੋ ਘੁੱਟਾਂ ਛਕਾਈ ਜਾਣ।

ਇਸ ਤੋਂ ਮਗਰੋਂ ਜੇ ਕੋਈ ਅੰਮ੍ਰਿਤਧਾਰੀ ਸੂਖਮ ਗਲਤੀ ਜਾਂ ਭੁੱਲ ਵਾਲਾ ਹੋਵੇ ਤਾਂ ਉਸ ਨੂੰ ਯੋਗ ਤਨਖਾਹ ਲਾ ਕੇ ਚੁਲਾ ਦਿੱਤਾ ਜਾਵੇ। ਤਨਖਾਹ ਸਰੀਤਕ ਸੇਵਾ ਭਾਂਡੇ ਮਾਂਜਣ, ਜੋੜੇ ਝਾੜਨੇ, ਲੰਗਰ ਵਿਚ ਸੇਵਾ ਆਦਿ ਕੋਈ ਵੀ ਹੋ ਸਕਦੀ ਹੈ। ਜੇ ਪੰਜ ਪਿਆਰੇ ਚਾਹੁਣ ਤਾਂ ਗੁਰਬਾਣੀ ਦਾ ਪਾਠ ਜਾਂ ਜਾਪ ਕਰਨ ਦੀ ਤਨਖਾਹ ਵੀ ਲਾਉਣ। ਅੰਮ੍ਰਿਤਧਾਰੀ ਸਿੰਘਾਂ ਦੇ ਛੋਟੇ ਜਾਂ ਗੋਦੀ ਦੇ ਬੱਚਿਆਂ ਨੂੰ ਵੀ ਚੁਲੇ ਦਿੱਤੇ ਜਾਣੇ ਚਾਹੀਦੇ ਹਨ ਕਿਉਂਕਿ ਉਹ ਆਪਣੇ ਮਾਤਾ ਪਿਤਾ ਨਾਲ ਲੰਗਰ ਛਕਦੇ ਹਨ ਪਰ ਉਹਨਾਂ ਨੂੰ ਹੋਰ ਬੇਅੰਮ੍ਰਿਤੀਏ ਬੱਚਿਆਂ ਦਾ ਜੂਠਾ ਨਾ ਖਾਣ ਦਿੱਤਾ ਜਾਵੇ।

ਮੂਲਮੰਤ੍ਰ ਤੇ ਗੁਰਮੰਤ੍ਰ ਦ੍ਰਿੜ੍ਹਾਉਣਾ

ਪੰਜ ਪਿਆਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਵਿਚ ਖੜੇ ਹੋ ਕੇ ਸਾਰੇ ਅੰਮ੍ਰਿਤ ਛਕ ਚੁੱਕੇ ਸਿੰਘਾਂ, ਸਿੰਘਣੀਆਂ ਨੂੰ ਖੜੇ ਕਰਕੇ ਮਿਲ ਕੇ ਪੰਜ ਵਾਰੀ ਮੂਲਮੰਤ੍ਰ ਦ੍ਰਿੜ੍ਹਾਉਣ:-

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਜਪੁ ॥
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਏਸੇ ਪ੍ਰਕਾਰ ਪੰਜ ਵਾਰ ਗੁਰਮੰਤ੍ਰ 'ਵਾਹਿਗੁਰੂ' ਜਪਾਉਣ, ਦ੍ਰਿੜ੍ਹਾਉਣ ਅਤੇ ਫਤਹਿ ਬੁਲਾਉਣ।

ਦੀ ਨਿਗ੍ਹਾ ਪੈਣੀ ਹੈ ਅਤੇ ਬਾਟੇ ਨਾਲ ਹੱਥ ਲਾਉਣ ਦਾ ਵੀ ਇਹ ਭਾਵ ਹੈ ਕਿ ਦਮਾਂ ਸਤਿਗੁਰਾਂ ਦੇ ਪਵਿੱਤਰ ਹੱਥ ਬਾਟੇ ਨਾਲ ਲੱਗੇ ਹਨ। ਸੂਰਮੇਂ, ਅੰਗ-ਹੀਣ, ਤੇ ਅਨਦਾੜ੍ਹੀਏ ਨੂੰ ਪੰਜਾਂ ਪਿਆਰਿਆਂ ਵਿਚ ਨਹੀਂ ਲਾਉਣਾ। ਸਿਰਫ ਪੰਜ ਤਿਆਰ-ਪੁਰ-ਤਿਆਰ ਸਿੰਘ ਹੀ ਅੰਮ੍ਰਿਤ ਸੰਚਾਰ ਦੀ ਸੇਵਾ ਵਿਚ ਲੱਗ ਸਕਦੇ ਹਨ।

ਅੰਮ੍ਰਿਤ ਤਿਆਰ ਹੋਣ ਤੇ ਅਰਦਾਸ

ਅੰਮ੍ਰਿਤ ਤਿਆਰ ਹੋਣ ਤੇ ਪੰਜ ਪਿਆਰੇ ਬਾਟੇ ਨੂੰ ਹੱਥਾਂ ਤੇ ਚੁੱਕ ਕੇ ਖੜ੍ਹੇ ਹੋਣ। ਬਾਟੇ ਵਿਚ ਖੰਡਾ ਫੇਰਦਿਆਂ ਜਥੇਦਾਰ ਅਰਦਾਸ ਕਰੇ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ! ਤੁਹਾਡੀ ਕ੍ਰਿਪਾ ਨਾਲ, ਪੰਜ ਬਾਣੀਆਂ ਪੜ੍ਹ ਕੇ ਅੰਮਿਤ ਦਾ ਬਾਟਾ ਤਿਆਰ ਹੋਇਆ ਹੈ। ਬਾਣੀ ਪੜ੍ਹਦਿਆਂ ਲਗ, ਕੰਨਾਂ, ਅੱਖਰ ਵੱਧ ਘੱਟ ਲੱਗ ਗਿਆ ਹੋਵੇ ਤਾਂ ਮੁਆਫੀ ਬਖ਼ਸ਼ੋ। ਅੰਮ੍ਰਿਤ ਵਿਚ ਆਪਣੀ ਆਕਰਖਣ ਸ਼ਕਤੀ ਭਰ ਕੇ ਅੰਮ੍ਰਿਤ ਛਕਣ ਵਾਲੇ ਪ੍ਰੇਮੀਆਂ ਦਾ ਜਨਮ ਮਰਨ ਕੱਟੋ, ਰਹਿਤ ਰਖਾਓ, ਗੁਰਸਿੱਖੀ ਦੀ ਦਾਤ ਬਖ਼ਸ਼ੋ। ਅਰਦਾਸ ਕਰਕੇ ਬਾਟਾ ਸੁਨਹਿਰੇ ਉੱਤੇ ਰੱਖ ਕੇ ਉੱਪਰ ਰੁਮਾਲਾ ਪੰਜਾਂ ਪਿਆਰਿਆਂ ਨੇ ਫੜੀ ਰੱਖਣਾ। ਅੰਮ੍ਰਿਤ ਅਭਿਲਾਖੀਆਂ ਨੂੰ ਖਿਠਾ ਦੇਣਾ। ਉਪਰੰਤ ਗ੍ਰੰਥੀ ਸਿੰਘ ਹੁਕਮਨਾਮਾ ਲਵੇ।

ਅੰਮ੍ਰਿਤ ਛਕਾਉਣਾ

ਭੂਰੇ ਉੱਤੇ ਮੇਜ਼ ਰੱਖ ਕੇ ਉੱਪਰ ਸੁਨਹਿਰਾ ਅਤੇ ਉੱਪਰ ਅੰਮ੍ਰਿਤ ਦਾ ਬਾਟਾ ਰੱਖਿਆ ਜਾਵੇ। ਇਕ ਬਾਟਾ ਥੱਲੇ ਰੱਪ ਕੇ ਵਾਰੀ ਵਾਰੀ ਇਕ ਇਕ* ਮਾਈ ਭਾਈ ਨੂੰ ਬੀਰਆਸਣ ਬੈਠਾ ਕੇ, ਖੱਬੇ ਹੱਥ ਉਤੇ ਸੱਜਾ ਹੱਥ ਰਖਾ ਕੇ ਜਥੇਦਾਰ ਬੁੱਕ ਨਾਲ ਅੰਮ੍ਰਿਤ ਦਾ ਚੁਲਾ ਪਾਵੇ ਅਤੇ ਅਭਿਲਾਖੀ ਪ੍ਰੇਮ ਨਾਲ ਛਕੇ। ਉਸ ਮੌਕੇ ਜਥੇਦਾਰ ਕਹੇ–'ਬੋਲ'-'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਅੰਮਿਤ ਅਭਿਲਾਖੀ ਅੰਮ੍ਰਿਤ ਛਕ ਕੇ ਅਦਬ ਨਾਲ ਬੋਲੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' 'ਸ੍ਰੀ' ਅਤੇ 'ਬੋਲ' ਸ਼ਬਦ ਨਾ ਬੋਲੇ। ਏਸੇ ਪ੍ਰਕਾਰ ਜਥੇਦਾਰ ਅੰਮ੍ਰਿਤ ਦੇ ਪੰਜ ਚੁਲੇ ਮੁੱਖ ਵਿਚ, ਪੰਜ ਵਾਰ ਨੇਤ੍ਰਾਂ ਵਿਚ ਅਤੇ ਪੰਜ ਵਾਰ ਸੀਸ ਵਿਚ ਪਾ ਕੇ ਨਾਲ ਨਾਲ ਗੁਰ ਫਤਹਿ ਗਜਾਵੇ।

---

*ਜੇ ਅੰਮ੍ਰਿਤ ਅਭਿਲਾਖੀਆਂ ਦੀ ਗਿਣਤੀ ਬਹੁਤੀ ਹੋਵੇ ਤਾਂ ਤਿੰਨ ਚਾਰ ਬਾਟੇ ਰੱਖ ਕੇ ਪੰਜਾਂ ਪਿਆਰਿਆਂ ਵੱਲੋਂ ਅੰਮ੍ਰਿਤ ਛਕਾਇਆ ਜਾਵੇ।

ਅੰਮ੍ਰਿਤ ਤਿਆਰ ਕਰਨਾ

ਅਰਦਾਸ ਉਪਰੰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਗ੍ਰੰਥੀ ਸਿੰਘ ਹੁਕਮਨਾਮਾ ਲਵੇ। ਮੱਥਾ ਟੇਕ ਕੇ ਅੰਮ੍ਰਿਤ ਅਭਿਲਾਖੀ ਖੜੇ ਰਹਿਣ। ਨਿਗ੍ਹਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵੱਲ ਰੱਖਣ। ਹੱਥ ਜੋੜੇ ਹੋਣ, ਪੜ੍ਹੀ ਜਾ ਰਹੀ ਬਾਣੀ ਧਿਆਨ ਨਾਲ ਸੁਣਨ। ਹੋਰ ਗੱਲਾਂ ਨਾ ਕਰਨ, ਨਾ ਏਧਰ ਓਧਰ ਫਿਰਨ। ਪੰਜ ਪਿਆਰੇ ਬੀਰ ਆਸਣ (ਸੱਜਾ ਗੋਡਾ ਖੜਾ, ਖੱਬਾ ਥੱਲੇ) ਲਾ ਕੇ ਬੈਠਣ ਅਤੇ ਪਤਾਸੇ ਸਾਫ਼ ਕਰ ਕੇ ਬਾਟੇ ਵਿਚ ਪੰਜੇ ਹੀ ਪਾਉਣ। ਸੱਜੇ ਹੱਥ ਵਾਲੇ ਪਾਸੇ ਵਾਲਾ ਸਿੰਘ (ਸਤਿਗੁਰੂ ਜੀ ਦੇ ਸੱਜੇ ਪਾਸੇ ਵੱਲੋਂ) ਸੱਜੇ ਹੱਥ ਖੰਡਾ ਇਸ ਪ੍ਰਕਾਰ ਫੜੇ ਕਿ ਚਾਰੇ ਉਂਗਲਾਂ ਮੁੱਠ ਨੂੰ ਅਤੇ ਅੰਗੂਠਾ ਉੱਪਰ ਹੱਪੇ। ਪੱਧੇ ਹੱਥ ਨਾਲ ਵੱਡੀ ਸ੍ਰੀ ਸਾਹਿਬ ਉੱਪਰੋਂ ਮੋਢੇ ਨਾਲ ਲਾ ਕੇ ਅਤੇ ਮੁੱਠ ਬਾਟੇ ਦੇ ਕੰਢੇ ਉੱਤੇ ਰੱਖੇ। ਬਾਣੀ ਅਰੰਭ ਕਰਨ ਤੋਂ ਪਹਿਲਾਂ ਗ੍ਰੰਥੀ ਸਿੰਘ ਨੂੰ ਕਹਿਣਾ ਕਿ ਨਿਗ੍ਹਾ ਬਾਟੇ ਵਿਚ ਰੱਖੇ ਅਤੇ ਨਾਲ ਨਾਲ ਸਾਰੀ ਬਾਣੀ ਗੁਪਤ ਪੜ੍ਹੇ।

ਪਹਿਲੇ ਸਿੰਘ ਨੇ ਨਿਗ੍ਹਾ ਬਾਟੇ ਵਿਚ ਰੱਖ ਕੇ ਜਪੁਜੀ ਸਾਹਿਬ ਦਾ ਪਾਠ ਜ਼ਬਾਨੀ ਉੱਚੀ ਸੁਰ ਵਿਚ ਕਰਨਾ। ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਣਾ। ਬਾਕੀ ਚਾਰ ਪਿਆਰੇ ਨਾਲ ਦੋਵੇਂ ਹੱਥ ਲਾ ਕੇ, ਨਿਗ੍ਹਾ ਬਾਟੇ ਵਿਚ ਰੱਖ ਕੇ ਨਾਲ ਨਾਲ ਬਾਣੀ ਮੂੰਹ ਵਿਚ ਪੜ੍ਹਨ। ਬਾਣੀ ਦਾ ਭੋਗ ਪੈਣ ਤੋਂ ਸਾਰੇ ਸੀਸ ਝੁਕਾ ਕੇ ਫਤਹ ਗਜੌਣ। ਫੇਰ ਦੂਜੇ ਸਿੰਘ ਨੂੰ ਖੰਡਾ ਫੜਾਉਣ ਲੱਗਿਆਂ ਉਸ ਦੇ ਹੱਥ ਵਿਚ ਫੜਾਉਣਾ ਅਤੇ ਅੰਮ੍ਰਿਤ ਤੋਂ ਬਾਹਰ ਨਹੀਂ ਕੱਢਣਾ। ਕ੍ਰਿਪਾਨ ਵੀ ਬਾਟੇ ਦੇ ਨਾਲ ਲੱਗੀ ਹੀ ਫੜਾਉਣੀ। ਦੂਜਾ ਸਿੰਘ ਜਾਪੁ ਸਾਹਿਬ ਪੜ੍ਹੇ, ਤੀਜਾ ਸਿੰਘ ਤ੍ਵਪ੍ਰਸਾਦਿ ਸੁਯੇ (ਸ੍ਵਾਵਗ ਸੁਧ ਸਮੂਹ ਸਿਧਾਨ ਕੇ) ਪੜ੍ਹੇ, ਚੌਥਾ ਸਿੰਘ ਕਬਿਯੋ ਬਾਚ ਬੇਨਤੀ ਚੌਪਈ, (ਤੀਰ ਸਤੱਦ੍ਰਵ ਗ੍ਰੰਥ ਗੁਧਾਰਾ) ਤੱਕ ਉਪਰੰਤ ਸਵੈਯਾ (ਪਾਂਇ ਗਹੇ ਜਬ ਤੇ ਤੁਮਰੇ) ਉਪਰੰਤ ਦੋਹਰਾ (ਸਗਲ ਦੁਆਰ ਕਉ ਛਾਡਿ ਕੈ) ਪੜ੍ਹੇ। ਪੰਜਵਾਂ ਸਿੰਘ ਅਨੰਦੁ ਸਾਹਿਬ ਸੰਪੂਰਨ (ਚਾਲੀ ਪਉੜੀਆਂ) ਪੜ੍ਹੇ। ਹਰ ਇਕ ਬਾਣੀ ਦੀ ਸਮਾਪਤੀ ਤੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਉਣੀ। ਬਾਣੀ ਪੜ੍ਹਦਿਆਂ ਗੱਲ ਉੱਕਾ ਹੀ ਨਹੀਂ ਕਰਨੀ। ਨਿਗ੍ਹਾ ਪਾਸੇ ਨਹੀਂ ਕਰਨੀ, ਆਲਸ ਨਾ ਆਵੇ।

ਪੰਜਾਂ ਪਿਆਰਿਆਂ ਦੀ ਨਿਗ੍ਹਾ ਦਸ ਨੇਤ੍ਰਾਂ ਰਾਹੀਂ, ਦਸਾਂ ਪਾਤਸ਼ਾਹੀਆਂ

ਅੰਮ੍ਰਿਤ ਛਕਣ ਵਾਲੇ ਸਭ ਸਿੰਘਾਂ ਦੇ ਦਾੜ੍ਹੇ ਪ੍ਰਕਾਸ਼ ਕੀਤੇ ਖੁੱਲ੍ਹੇ ਹੋਣ, ਸੁਹਣੇ ਦਸਤਾਰੇ ਵੀ ਇਕ ਇਕ ਪੇਚ ਕਰ ਕੇ ਨੀਲੇ ਕਾਲੇ ਖੱਟੇ ਜਾਂ ਚਿੱਟੇ ਰੰਗ ਦੇ ਸਜਾਏ ਹੋਣ। ਮਾਈਆਂ ਨੇ ਕੋਈ ਵੀ ਗਹਿਣਾ ਹੱਥ, ਕੰਨ, ਨੱਕ, ਵਿਚ ਨਾ ਪਾਇਆ ਹੋਵੇ ਅਤੇ ਫਿਰ ਵੀ ਸਾਰੀ ਉਮਰ ਨਹੀਂ ਪਾਉਣਾ। ਜਦੋਂ ਸਾਰਿਆਂ ਦੀ ਸੁਧਾਈ ਹੋ ਜਾਵੇ ਤਾਂ ਸਾਰੇ ਹੀ ਅੰਮ੍ਰਿਤ ਅਭਿਲਾਖੀ ਹੱਥ ਜੋੜ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਖੜੇ ਹੋਣ ਤਾਂ ਉਹਨਾਂ ਤੋਂ ਜਥੇਦਾਰ ਸਮੁੱਚੇ ਤੌਰ ਤੇ ਫਿਰ ਪੁੱਛੇ ਕਿ ਸਾਰਿਆਂ ਨੇ ਸਣੇ ਕੇਸੀਂ ਇਸ਼ਨਾਨ ਕੀਤੇ ਹਨ ? ਸਾਰਿਆਂ ਪਾਸ ਕੰਘੇ, ਕੜੇ, ਕਛਹਿਰੇ, ਕ੍ਰਿਪਾਨਾਂ ਹਨ ? ਕਿਸੇ ਮਾਈ ਬੀਬੀ ਦੇ ਨੱਕ, ਕੰਨ, ਹੱਥ ਆਦਿ ਵਿਚ ਗਹਿਣਾ ਤਾਂ ਨਹੀਂ ? ਜਦ ਪੂਰੀ ਤਿਆਰੀ ਹੋਵੇ ਤਾਂ ਜਥੇਦਾਰ ਜੀ ਦੱਸਣ ਕਿ ਜਿੰਨਾ ਚਿਰ ਅੰਮ੍ਰਿਤ ਦਾ ਬਾਟਾ ਤਿਆਰ ਹੋਵੇ, ਅੰਮ੍ਰਿਤ ਅਭਿਲਾਖੀ ਓਨਾ ਚਿਰ ਖੜੇ ਰਹਿਣ। ਪੰਜਾਂ ਬਾਣੀਆਂ ਦਾ ਪਾਠ ਸੁਣਦੇ ਰਹੋ ਅਤੇ ਨਿਗ੍ਹਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਰੱਖੋ। ਜੇ ਕਿਸੇ ਦੇ ਸਰੀਰ ਨੂੰ ਕੋਈ ਤਕਲੀਫ ਹੋਵੇ ਤਾਂ ਉਹ ਬੈਠ ਜਾਵੇ। ਹੋਰ ਗੱਲਾਂ ਨਹੀਂ ਕਰਨੀਆਂ ਮਨ ਵਿਚ ਬਹੁਤ ਸ਼ਰਧਾ, ਭਾਵਨਾ, ਭੈ ਤੇ ਪ੍ਰੇਮ ਹੋਵੇ ਕਿ ਸਾਡੇ ਤੇ ਗੁਰੂ ਜੀ ਦੀ ਕ੍ਰਿਪਾ ਹੋਣ ਲੱਗੀ ਹੈ। ਮੈਮਣ ਮਰਨ ਮਿਟਣ ਲੱਗਾ ਹੈ।

ਅੰਮ੍ਰਿਤ ਤਿਆਰ ਕਰਨ ਦੀ ਅਰਦਾਸ

ਪਵਿੱਤਰਤਾ ਵਾਸਤੇ ਉੱਨ ਦਾ ਭੂਰਾ ਵਿਛਾ ਕੇ, ਉੱਪਰ ਪੱਥਰ ਦਾ ਸੁਨਹਿਰਾ ਰੱਖ ਕੇ ਉਤੇ ਸਰਬ ਲੋਹ ਦਾ ਖਾਂਡਾ, ਵਿਚ ਸਰਬ ਲੋਹ ਦਾ ਖੰਡਾ ਰੱਖ ਕੇ, ਖੂਹ ਜਾਂ ਦਰਿਆ* ਦਾ ਜਲ ਪੁਣ ਕੇ ਪਾਇਆ ਜਾਏ। ਉਪਰੰਤ ਪੰਜ ਪਿਆਰੇ ਅਰਦਾਸ ਕਰਨ ਕਿ ਸੱਚੇ ਪਾਤਸ਼ਾਹ ਜੀ! ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵਾਸਤੇ ਆਪ ਜੀ ਦੀ ਹਜ਼ੂਰੀ ਵਿਚ ਤਿਆਰ-ਪੁਰ-ਤਿਆਰ ਹਨ। ਆਪ ਆਪਣੇ ਪਵਿੱਤਰ ਬਚਨਾਂ ਅਨੁਸਾਰ† ਪੰਜਾਂ ਪਿਆਰਿਆਂ ਵਿਚ ਪ੍ਰਵੇਸ਼ ਹੋ ਕੇ ਅੰਮ੍ਰਿਤ ਦਾ ਬਾਟਾ ਨਿਰਵਿਘਨਤਾ ਸਹਿਤ ਤਿਆਰ ਕਰਵਾਓ। ਮਨ ਦੀ ਇਕਾਗਰਤਾ ਨਾਲ ਸ਼ੁੱਧ ਬਾਣੀ ਪੜ੍ਹਾਓ।

---

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਸਤਿਲੁਜ ਦਰਿਆ ਦਾ ਜਲ ਵਰਤਿਆ ਸੀ।

†ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਬਚਨ ਹਨ ਕਿ ਜਦੋਂ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਦੇ ਹਨ ਤਦੋਂ ਅਸੀਂ ਉਹਨਾਂ ਵਿਚ ਆਪ ਪ੍ਰਵੇਸ਼ ਕਰਦੇ ਹਾਂ।

ਤਾਂ ਜਥੇਦਾਰ ਕਹੇ ਕਿ ਸੀਸ ਗੁਰੂ ਕਾ ਸਮਝਣਾ ਸਦਾ ਪੰਥ ਦੀ ਜਥੇਬੰਦੀ ਵਿਚ ਰਹਿਣਾ, ਗੁਰੂ ਪੰਥ ਤੋਂ ਕਦੇ ਵੀ ਉਲਟ ਨਹੀਂ ਹੋਣਾ। ਅੱਜ ਤੋਂ ਤਨ ਮਨ ਧਨ ਸਤਿਗੁਰੂ ਜੀ ਦਾ ਹੈ, ਧਰਮ ਦੀ ਕ੍ਰਿਤ ਵਿਚੋਂ ਦਸਵੰਧ ਗੁਰੂ ਕਾ ਦੇਣਾ। ਰਹਿਤ ਵਿਚ ਤਿਆਰ-ਪੁਰ-ਤਿਆਰ ਰਹਿਣਾ।

ਜੇ ਕੋਈ ਦੁਬਾਰਾ ਅੰਮ੍ਰਿਤ ਛਕਣ ਆਇਆ ਹੋਵੇ ਤਾਂ ਜਥੇਦਾਰ ਪੁੱਛੇ ਕਿ ਕੀ ਕਾਰਨ ਹੈ, ਕੀ ਕੁਰਹਿਤ ਹੋਈ ਹੈ ? ਦੁਬਾਰਾ ਅੰਮ੍ਰਿਤ ਕਿਉਂ ਛਕਦੇ ਹੋ ? ਦੁਬਾਰਾ ਅੰਮ੍ਰਿਤ ਛਕਣ ਵਾਲਾ, ਜੋ ਜੋ ਗ਼ਲਤੀ ਹੋਵੇ ਬਿਨਾਂ ਕਿਸੇ ਝਿਜਕ ਦੇ ਦੱਸੇ ਕਿ ਮੈਥੋਂ ਇਹ ਗ਼ਲਤੀ ਕੁਰਹਿਤ ਹੋਈ ਹੈ। ਕੁਰਹਿਤ ਕਰਨ ਵਾਲੇ ਨੂੰ ਪੰਜ ਪਿਆਰੇ ਮਿਲ ਕੇ ਸਰਬ ਸੰਮਤੀ ਨਾਲ ਯੋਗ ਤਨਖ਼ਾਹ ਲਾਉਣ ਅਤੇ ਉਸ ਦੀ ਗ਼ਲਤੀ ਦੀ ਮੁਆਫ਼ੀ ਵਾਸਤੇ ਅਰਦਾਸ ਕਰਨ ਤੇ ਅੰਮ੍ਰਿਤ ਛਕਾਉਣ।

ਪੰਜਾਂ ਪਿਆਰਿਆਂ ਰਾਹੀਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਯੋਗ ਤਨਖ਼ਾਹ ਲੁਆ ਕੇ ਵੱਡੀ ਤੋਂ ਵੱਡੀ ਕੁਰਹਿਤ, ਗੁਨਾਹ ਜਾਂ ਅਪਰਾਧ ਮੁਆਫ਼ ਹੋ ਸਕਦਾ ਹੈ। ਉਹਨਾਂ ਨੂੰ ਦਰਗਾਹ ਵਿਚ ਧਰਮਰਾਜਾ ਵਲੋਂ ਸਜ਼ਾ ਨਹੀਂ ਮਿਲਦੀ। ਜੋ ਗ਼ਲਤੀ ਇਥੇ ਨਾ ਦੱਸੀ ਜਾਵੇ ਉਸ ਦੀ ਸਜ਼ਾ ਦਰਗਾਹ ਵਿਚ ਭੁਗਤਣੀ ਪੈਂਦੀ ਹੈ, ਜੋ ਕਿ ਕਈ ਜਨਮਾਂ ਦੀਆਂ ਟੇਢੀਆਂ ਜੂਨਾਂ ਵਿਚ ਭਟਕਣ ਦਾ ਕਾਰਨ ਵੀ ਬਣ ਸਕਦੀ ਹੈ। ਦੁਬਾਰਾ ਅੰਮ੍ਰਿਤ ਛਕਣ ਵਾਲਾ ਉਹ ਸਿੰਘ ਜਾਂ ਸਿੰਘਣੀ ਪੰਜਾਂ ਪਿਆਰਿਆਂ ਰਾਹੀਂ ਲੱਗੀ ਤਨਖ਼ਾਹ ਨੂੰ ਸਿਰ ਮੱਥੇ ਤੇ ਮੰਨ ਕੇ ਹੱਥ ਜੋੜ ਕੇ ਸਵੀਕਾਰ ਕਰੇ। ਕੁਰਹਿਤ ਕਰਨ ਵਾਲਾ ਜਿੰਨਾ ਚਿਰ ਤਨਖ਼ਾਹ ਪੂਰੀ ਨਹੀਂ ਕਰਦਾ ਆਪਣੇ ਆਪ ਨੂੰ ਡੰਡ ਦਾ ਭਾਗੀ ਸਮਝੇ ਅਤੇ ਉੱਨਾ ਚਿਰ ਆਪਣੇ ਔਗੁਣ, ਦੂਸ਼ਨ ਮਿਟੇ ਨਾ ਸਮਝੇ। ਜਦੋਂ ਸਾਰੀ ਤਨਖ਼ਾਹ ਪੂਰੀ ਕਰਕੇ ਅਰਦਾਸ ਕਰੇ, ਕੜਾਹ ਪ੍ਰਸ਼ਾਦ ਦੀ ਦੇਗ ਕਰਾਵੇ ਤਾਂ ਹੀ ਉਹ ਆਪਣੇ ਆਪ ਨੂੰ ਬਖ਼ਸ਼ਿਆ ਸਮਝੇ। ਫਿਰ ਉਹ ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਵੀ ਲੱਗ ਸਕਦਾ ਹੈ। ਪਹਿਲੀ ਵੇਰ ਅੰਮ੍ਰਿਤ ਛਕਣ ਵਾਲਿਆਂ ਨੂੰ ਕੋਈ ਤਨਖ਼ਾਹ ਨਹੀਂ ਲਾਉਣੀ। ਇਸ ਤਰ੍ਹਾਂ ਹਰ ਅੰਮ੍ਰਿਤ ਧਾਰੀ ਸਿੰਘ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੀ ਸਿੰਘਣੀ ਨੂੰ ਜ਼ਰੂਰ ਖੰਡੇ ਦਾ ਅੰਮ੍ਰਿਤ ਛਕਾਵੇ।

ਭਾਈ ਚਉਪਾ ਸਿੰਘ ਜੀ ਛਿੱਬਰ ਰਹਿਤਨਾਮੇ ਵਿਚ ਦੱਸਦੇ ਹਨ :-

'ਜੋ ਸਿਖ, ਸਿਖਣੀ ਨੂੰ ਖੰਡੇ ਦੀ ਪਾਹੁਲ ਨ ਦੇਵੇ, ਸੋ ਤਨਖਾਹੀਆ।'

ਅੰਮ੍ਰਿਤ ਛਕਾਉਣ ਦੀ ਸੇਵਾ ਵਿਚ ਲੱਗਣ ਲੱਗੇ ਹੋ ਆਪ ਤਿਆਰ-ਪੁਰ-ਤਿਆਰ ਹੋ ? ਭਾਵ ਪੰਜਾਂ ਕਕਾਰਾਂ ਦੀ ਰਹਿਤ ਰੱਖਦੇ ਹੋ ? ਚਾਰ ਬੱਜਰ ਕੁਰਹਿਤਾਂ ਤੋਂ ਬਚੇ ਹੋ ? ਪੰਜ ਬਾਣੀਆਂ ਜ਼ਬਾਨੀ ਕੰਠ ਹਨ ? ਹਰ ਰੋਜ਼ ਨਿੱਤਨੇਮ ਕਰਦੇ ਹੋ ? ਤਾਂ ਉਹ ਸਿੰਘ* ਹੱਥ ਜੋੜ ਕੇ ਸਤਿਗੁਰੂ ਜੀ ਦੇ ਸਨਮੁਖ ਚੇਹਰਾ ਕਰਕੇ ਦੱਸੇ ਕਿ ਸਤਿਗੁਰਾਂ ਦੀ ਕ੍ਰਿਪਾ ਨਾਲ ਰਹਿਤ 'ਚ ਤਿਆਰ-ਪੁਰ-ਤਿਆਰ ਹਾਂ, ਚਾਰ ਬੱਜਰ ਕੁਰਹਿਤਾਂ ਤੋਂ ਸਤਿਗੁਰੂ ਜੀ ਨੇ ਬਚਾ ਕੇ ਰੱਖਿਆ ਹੈ। ਪੰਜ ਬਾਣੀਆਂ ਕੰਠ ਹਨ, ਹਰ ਰੋਜ਼ ਦਾ ਨਿੱਤਨੇਮੀ ਹਾਂ। ਜੇ ਗ੍ਰਿਹਸਤੀ ਹੈ ਤਾਂ ਦੱਸੇ ਕਿ ਸਿੰਘਣੀ ਵੀ ਤਿਆਰ-ਪੁਰ-ਤਿਆਰ ਹੈ। ਸੁਧਾਈ ਹੋਣ ਉਪਰੰਤ ਉਹ ਸਿੰਘ ਪੰਜਾਂ ਸਿੰਘਾਂ ਦੀ ਏਸੇ ਪ੍ਰਕਾਰ ਸੁਧਾਈ ਕਰੇ। ਇਹਨਾਂ ਛੇਆਂ ਵਿੱਚੋਂ ਇਕ ਗ੍ਰੰਥੀ ਸਿੰਘ ਦੀ ਸੇਵਾ ਵਿਚ ਲੱਗੇ।

ਸੁਧਾਈ ਦੀ ਅਰਦਾਸ

ਪੰਜ ਪਿਆਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅੱਗੇ ਖੜੇ ਹੋ ਕੇ ਅਰਦਾਸ ਕਰਨ ਸਤਿਗੁਰੂ ਮਹਾਰਾਜ ਜੀ ਪੰਜਾਂ ਪਿਆਰਿਆਂ ਤੇ ਗ੍ਰੰਥੀ ਸਿੰਘ ਦੀ ਸੁਧਾਈ ਕੀਤੀ ਗਈ ਹੈ, ਸੁਖਮ ਭੁੱਲ ਚੁੱਕ ਦੀ ਮੁਆਫੀ ਬਖਸ਼ੋ। ਅੰਮ੍ਰਿਤ ਛਕਾਉਣ ਦੀ ਸੇਵਾ ਗੁਰਮਤਿ ਅਨੁਸਾਰ ਕਰਵਾਓ ਜੀ।

ਅੰਮ੍ਰਿਤ ਅਭਿਲਾਖੀਆਂ ਦੀ ਸੁਧਾਈ

ਅੰਮ੍ਰਿਤ ਅਭਿਲਾਖੀ ਸਿੰਘ ਸਿੰਘਣੀਆਂ ਸਣੇ ਕੇਸੀਂ ਇਸ਼ਨਾਨ ਕਰ ਕੇ, ਸਾਫ ਸਾਦੇ ਬਸਤਰ ਪਹਿਨ ਕੇ, ਪੰਜਾਂ ਕਕਾਰਾਂ ਸਹਿਤ, ਕ੍ਰਿਪਾਨ ਗਾਤਰੇ ਵਾਲੀ ਉੱਪਰ ਕਰਕੇ, ਵਾਰੀ ਵਾਰੀ ਹਜ਼ੂਰੀ ਵਿਚ ਆਉਣ। (ਜੇ ਅਨੰਦ ਕਾਰਜ ਹੋਇਆ ਹੋਵੇ ਤਾਂ ਸਿੰਘ ਸਿੰਘਣੀ ਦੋਵੇਂ ਇਕੱਠੇ ਆਉਣ। ਮੱਥਾ ਟੇਕ ਕੇ ਹੱਥ ਜੋੜ ਕੇ ਸਿੰਘ ਸੱਜੇ ਹੱਥ ਤੇ ਸਿੰਘਣੀ ਖੱਬੇ ਹੱਥ ਖੜੀ ਹੋਵੇ।) ਪੰਜਾਂ ਪਿਆਰਿਆਂ ਵਿਚੋਂ ਜਥੇਦਾਰ ਸੱਜੇ ਹੱਥ ਵਿਚ ਨੰਗੀ ਸ੍ਰੀ ਸਾਹਿਬ ਲੈ ਕੇ ਪੁੱਛੇ ਕਿ ਭਾਈ ਕਿਵੇਂ ਆਏ ? ਅੰਮ੍ਰਿਤ ਅਭਿਲਾਖੀ ਹੱਥ ਜੋੜ ਕੇ ਕਹੇ। ਜੀ ! ਅੰਮ੍ਰਿਤ ਛਕਣ ਵਾਸਤੇ ਆਇਆ ਹਾਂ ਕ੍ਰਿਪਾ ਕਰ ਕੇ ਇਹ ਦਾਤ ਬਖਸ਼ੋ। ਜਥੇਦਾਰ ਪੁੱਛੇ ਕਿ ਰਹਿਤ ਵਿਚ ਤਿਆਰ-ਬਰ-ਤਿਆਰ ਰਹੋਗੇ ? ਅੰਮ੍ਰਿਤ ਅਭਿਲਾਖੀ ਨਿਮਰਤਾ ਸਹਿਤ ਆਖੇ ਕਿ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਤਿਆਰ-ਬਰ-ਤਿਆਰ ਰਹਾਂਗਾ।

---

*ਜੇ ਸਿੰਘ ਗ੍ਰਿਹਸਤੀ ਹੋਵੇ ਤਾਂ ਪੁੱਛਣਾ ਕਿ ਆਪ ਜੀ ਦੀ ਸਿੰਘਣੀ ਰਹਿਤ-ਮਰਯਾਦਾ ਵਿਚ ਤਿਆਰ-ਬਰ-ਤਿਆਰ ਹੈ ?

ਅੰਮ੍ਰਿਤ ਦੀ ਸਮੱਗਰੀ ਤੇ ਛਕਾਉਣ ਵਾਲਿਆਂ ਦੀ ਸੁਧਾਈ

ਅੰਮ੍ਰਿਤ ਛਕਾਉਣ ਵਾਲਿਆਂ ਦਾ ਜੀਵਨ ਤੱਤ ਖਾਲਸੇ ਵਾਲਾ ਉੱਚਾ ਸੁੱਚਾ ਹੋਵੇ, ਅੰਮ੍ਰਿਤ ਛਕਾਉਣ ਲੱਗਿਆਂ ਸਿੰਘ ਤਿਆਰ-ਪੁਰ-ਤਿਆਰ ਹੋਣ, ਇਕ ਪਹਿਰੇਦਾਰ ਹੋਵੇ। ਤਿਆਰ-ਪੁਰ-ਤਿਆਰ ਦੋ ਸਿੰਘ ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਲੈ ਆਉਣ ਅਤੇ ਅਨੰਦੁ ਸਾਹਿਬ (ਚਾਲੀ ਪਾਉੜੀਆਂ) ਦਾ ਸੰਪੂਰਨ ਪਾਠ ਕਰਨ। ਸਾਰੇ ਬਰਤਨ ਬਾਟੇ, ਬਾਲਟੀ, ਗੜਵਾ, ਕੜਾਹੀ, ਪਲਟਾ, ਖੰਡਾ, ਕ੍ਰਿਪਾਨ, ਦੋ ਵੱਡੀਆਂ ਸ੍ਰੀ ਸਾਹਿਬਾਂ ਸਰਬ ਲੋਹ ਦੇ ਹੋਣ ਅਤੇ ਸਾਰੇ ਰੇਤ ਨਾਲ ਮਾਂਜ ਕੇ ਸ਼ੁੱਧ ਕਰਨੇ ਚਾਹੀਦੇ ਹਨ। ਸੁਨਹਿਰਾ ਪੱਥਰ* ਦਾ ਹੋਵੇ। ਪੰਜ ਪਿਆਰੇ ਅਤੇ ਗ੍ਰੰਥੀ ਸਿੰਘ ਵੀ ਆਪਣੀਆਂ ਗਾਤਰੇ ਵਾਲੀਆਂ ਕ੍ਰਿਪਾਨਾਂ ਤੇ ਕੜੇ ਮਾਂਜ ਕੇ ਸਾਫ ਕਰਨ, ਸਣੇ ਕੇਸੀਂ ਇਸ਼ਨਾਨ ਕੀਤਾ ਹੋਵੇ। ਭਾਈ ਚਉਪਾ ਸਿੰਘ ਜੀ ਰਹਿਤਨਾਮੇ ਵਿਚ ਲਿਖਦੇ ਹਨ ਕਿ ਅੰਮ੍ਰਿਤ ਅਭਿਲਾਖੀ ਸੁਚੇਤ ਰਹਿਣ ਕਿ ਪੰਜ ਪਿਆਰਿਆਂ ਦੀ ਸੇਵਾ ਵਿਚ ਲੱਗਣ ਵਾਲਿਆਂ ਦਾ ਨਿਜੀ ਜੀਵਨ ਭਜਨ ਸਿਮਰਨ ਵਾਲਾ ਤੇ ਹਰ ਪੱਖ ਤੋਂ ਬਹੁਤ ਉੱਚਾ ਹੋਵੇ।

'ਗੁਰੂ ਕਾ ਸਿਖ ਪਹੁਲ ਲਏ, ਤਾਂ ਸੁਚੇਤ ਰਹੇ। ਭਜਨਵਾਨ, ਬੁਧਿਵਾਨ ਦੇ ਹੱਥੀਂ ਲਏ। ਕਾਣਾ, ਗੰਜਾ, ਕੋਹੜਾ ਨਾ ਹੋਵੇ। ਗੰਦ ਵਾਕੀਆ, ਅਣ-ਦਾੜ੍ਹੀਆ, ਬਦਕਰਮੀ, ਚੋਰ, ਯਾਰ, ਜੂਆਰੀ, ਵਿਕਾਰੀ ਨਾ ਹੋਵੇ। ਜਿਸ ਦੇ ਹਥੋਂ ਗੁਰਦੀਖਿਆ ਲਈ ਦੀ ਹੈ, ਤਿਸ ਦੇ ਕਰਮਾਂ ਨਾਲ ਹਿੱਸਾ ਹੋਂਦਾ ਹੋ ਲੇਣ ਵਾਲੇ ਦਾ, ਤਾ ਤ ਸੁਚੇਤ ਪਾਸ ਦੀਖਿਆ ਲਏ।'

ਅੰਮ੍ਰਿਤ ਦੀ ਸੇਵਾ ਵਿਚ ਲੱਗਣ ਤੋਂ ਪਹਿਲਾਂ, ਪੰਜ ਪਿਆਰੇ ਤੇ ਗ੍ਰੰਥੀ ਸਿੰਘ ਬਸਤਰ ਸਾਫ (ਸ੍ਵਛ) ਪਹਿਨਣ, ਚੋਲੇ ਖੱਟੇ ਜਾਂ ਨੀਲੇ ਇਕ ਰੰਗ ਦੇ ਹੀ ਪਹਿਨਣ। ਪੰਜ ਕਕਾਰਾਂ ਸਹਿਤ ਕ੍ਰਿਪਾਨਾਂ ਚੋਲਿਆਂ ਦੇ ਉੱਪਰ ਦੀ ਕਰਕੇ ਮਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਣ। ਗਾਤਰਾ ਚੰਮ ਦਾ ਨਾ ਹੋਵੇ। ਪਹਿਰੇਦਾਰ ਹਰ ਵੇਲੇ ਤਿਆਰ-ਪੁਰ-ਤਿਆਰ ਅਤੇ ਰਹਿਤ ਵਿਚ ਪ੍ਰਪੱਕ ਹੋਣਾ ਚਾਹੀਦਾ ਹੈ।

ਉਹ ਪੰਜ ਸਿੰਘ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਵਿਚ ਖੜੇ ਹੋ ਕੇ ਛੇਵੇਂ ਸਿੰਘ ਨੂੰ ਪੁੱਛਣ ਕਿ ਆਪ ਪੰਜਾਂ ਪਿਆਰਿਆਂ ਵਿਚ

---

*ਸ਼ਥਿਤੀ ਵਾਸਤੇ।

'ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੭॥' (ਵਾਰ ੪੧)

ਅੱਗੇ ਵਾਸਤੇ ਸਦਾ ਲਈ ਇਹ ਮੁਯਾਦਾ ਕਾਇਮ ਕਰ ਦਿੱਤੀ ਕਿ ਪੰਜ ਪਿਆਰੇ ਹੀ ਅੰਮ੍ਰਿਤ ਛਕਾ ਕੇ ਗੁਰਮੰਤ੍ਰ ਬਖ਼ਸ਼ ਕੇ ਗੁਰੂ ਵਾਲਾ ਬਣਾਇਆ ਕਰਨਗੇ ਕੋਈ ਇਕੱਲਾ ਦੁਕੱਲਾ ਨਹੀਂ।' ਅੰਮ੍ਰਿਤ ਛਕੇ ਤੋਂ ਬਿਨਾਂ ਕੋਈ ਗੁਰੂ ਵਾਲਾ ਨਹੀਂ ਤੇ ਨਿਗੁਰੇ ਦਾ ਨਾਮ ਲੈਣਾ ਵੀ ਬੁਰਾ ਹੈ।

'ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥' (੪੩੫)

ਆਪਣੇ ਸਾਰੇ ਪ੍ਰਵਾਰ ਨੂੰ ਵੀ ਓਸੇ ਦਿਨ ਅੰਮ੍ਰਿਤ ਛਕਾਇਆ ਤਾਂ ਹੀ ਸਾਹਿਬਜ਼ਾਦਿਆਂ ਦਾ ਨਾਮ ਸਿੰਘ ਹੋਇਆ ਹੈ।

ਇਸ ਲਈ ਸਭ ਮਾਈਆਂ ਭਾਈਆਂ ਵਾਸਤੇ ਅੰਮ੍ਰਿਤ ਛਕਣਾ ਜ਼ਰੂਰੀ ਹੈ।

'ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥'(੪੯੬)

ਅੰਮ੍ਰਿਤ ਨੂੰ ਭਾਵੇਂ ਦੇਵਤੇ, ਰਿਖੀ, ਮੁਨੀ, ਜਨ ਆਦਿ ਭਾਲਦੇ ਰਹੇ ਪਰ ਕਿਸੇ ਨੂੰ ਵੀ ਪ੍ਰਾਪਤ ਨਾ ਹੋਇਆ। ਇਹ ਦਾਤ ਨਾਮ-ਅੰਮ੍ਰਿਤ ਤੇ ਬਾਣੀ ਪੜ੍ਹ ਕੇ ਖੰਡੇ ਬਾਟੇ ਦੁਆਰਾ ਤਿਆਰ ਕੀਤਾ ਹੋਇਆ ਅੰਮ੍ਰਿਤ ਸਤਿਗੁਰਾਂ ਪਾਸੋਂ ਹੀ ਪ੍ਰਾਪਤ ਹੋਇਆ ਹੈ। ਜਿਸ ਨੂੰ ਪੀ ਕੇ ਖਾਲਸੇ ਨੇ ਮੌਤ ਨੂੰ ਹਾਸੀ ਸਮਝਿਆ ਭਾਵ ਮਖ਼ੌਲ ਸਮਝਿਆ। ਜੀਵਨ ਮੁਕਤ ਹੋਏ, ਚਰਖੜੀਆਂ ਤੇ ਚੜ੍ਹੇ, ਬੰਦ ਬੰਦ ਕਟਵਾਏ, ਖੋਪੜੇ ਲੁਹਾਏ, ਆਰਿਆਂ ਨਾਲ ਚੀਰੇ ਗਏ, ਗੋਲੀਆਂ ਦੇ ਨਿਸ਼ਾਨੇ ਬਣੇ, ਗੱਡੀਆਂ ਹੇਠ ਕੱਟੇ ਗਏ, ਘੋੜਿਆਂ ਦੀਆਂ ਟਾਪਾਂ ਹੇਠ ਲਿਤਾੜੇ ਗਏ, ਮਾਈਆਂ ਬੀਬੀਆਂ ਨੇ ਸਵਾ ਸਵਾ ਮਣ ਪੀਸਣੇ ਪੀਸੇ, ਬੱਚਿਆਂ ਨੂੰ ਨੇਜ਼ਿਆਂ ਤੇ ਟੰਗਾਇਆ ਅਤੇ ਟੋਟੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪ੍ਰੋਅ ਕੇ ਪਵਾਏ, ਜਤ ਸਤ ਵਿਚ ਕਾਇਮ ਰਹੀਆਂ, ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭਾਇਆ। ਨਿੱਤ ਦੀ ਗ਼ੁਲਾਮੀ, ਕਾਇਰਪੁਣਾ, ਮੌਤ ਦਾ ਡਰ, ਔਗੁਣ ਤੇ ਪਾਪ ਸਭ ਮੇਟ ਦਿੱਤੇ। ਨਿਰਭੈ ਯੋਧੇ, ਮਹਾਂਬਲੀ, ਸੂਰਮਿਆਂ ਨੇ ਬਾਹਰੋਂ ਪ੍ਰਤੱਖ ਧਰਮ ਦੇ ਵਿਰੋਧੀ ਵੈਰੀਆਂ ਨੂੰ ਅਤੇ ਅੰਦਰੀਵ ਵਿਕਾਰਾਂ ਰੂਪੀ ਦੁਸ਼ਮਣਾਂ ਨੂੰ ਜੜ੍ਹੋਂ ਪੁੱਟ ਕੇ ਨਾਸ ਕੀਤਾ। ਇਹ ਕੇਵਲ ਖੰਡੇ ਬਾਟੇ ਦੇ ਅੰਮ੍ਰਿਤ ਦੀ ਬਰਕਤ ਹੈ।

'ਮੈ ਆਪਣਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਯੋ ਕਹੁ ਸਾਜਾ ॥
ਜਾਹਿ ਤਹਾ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥'
(ਦਸਮ ੫੭)

ਜਿਸ ਨੂੰ ਸਾਜਣ ਵਾਸਤੇ :-

'ਠਾਢ ਭਯੋ ਗੋ ਜੋਰਿ ਕਰਿ ਸਚਨ ਕਹਾ ਸਿਰ ਨਯਾਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥'
(ਦਸਮ ੫੭)

ਵਾਹਿਗੁਰੂ ਦੀ ਕਿਰਪਾ ਨਾਲ ਫ਼ੌਜ ਸਾਜੀ ਤੇ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾ ਕੇ ਉਸ ਦਾ ਨਾਮ 'ਖਾਲਸਾ' ਥਾਪਿਆ।

'ਖਾਲਸਾ ਅਕਾਲ ਪੁਰਖ ਕੀ ਫ਼ੌਜ ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥'
(ਸਰਬ ਲੋਹ ਗ੍ਰੰਥ)

ਹਰ ਇਕ ਮੱਤ ਨੇ ਆਪਣੇ ਧਾਰਮਿਕ ਸੰਸਕਾਰ ਕਰ ਕੇ ਆਪਣਾ ਨਵਾਂ ਜੀਵਨ ਮੰਨਿਆ ਹੈ। ਕਈਆਂ ਨੇ ਛਾਪੇ ਲਾ ਕੇ ਸਰੀਰ ਸਾੜਿਆ। ਕਈਆਂ ਨੇ ਸੁੰਨਤ ਕਰਾ ਕੇ ਸਾਬਤ ਸੂਰਤ ਵਿਗਾੜੀ। ਕਈਆਂ ਨੇ ਕੰਨ ਪਾੜੇ, ਅਨੇਕਾਂ ਕਸ਼ਟ ਤੇ ਤਸੀਹੇ ਸਹਾਰੇ ਪਰ ਸਤਿਗੁਰੂ ਜੀ ਨੇ ਮਿੱਠਾ ਅੰਮ੍ਰਿਤ ਤੇ ਕੜਾਹ ਪ੍ਰਸ਼ਾਦਿ ਛਕਾ ਕੇ ਸਭ ਤੋਂ ਵੱਡੀ ਬਖ਼ਸ਼ਿਸ਼ ਕੀਤੀ। ਇਸੇ ਤਰ੍ਹਾਂ ਗੁਰੂ ਘਰ ਵਿਚ ਖੰਡੇ ਦੀ ਪਹੁਲ ਦੇ ਕੇ ਨਵਾਂ ਜੀਵਨ ਮਾਈਆਂ ਭਾਈਆਂ ਨੂੰ ਬਖ਼ਸ਼ਿਆ।

'ਚਹੁੰ ਜੁਗਾਂ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥' (੭੯੭)

ਜਾਤ ਪਾਤ, ਉੱਚਾ ਨੀਵਾਂ, ਇਸਤ੍ਰੀ ਮਰਦ, ਗਰੀਬ ਅਮੀਰ ਸਭ ਭੇਦ ਮੇਟ ਕੇ ਪੰਜਾਂ ਪਿਆਰਿਆ ਦੇ ਸੀਸ ਤਲਵਾਰ ਨਾਲ ਝਟਕਾ ਕੇ ਆਤਮਿਕ ਸ਼ਕਤੀ ਨਾਲ ਸੁਰਜੀਤ ਕਰ ਕੇ :

'ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
ਸਤਿਗੁਰੁ ਮੇਰਾ ਮਾਰਿ ਜੀਵਾਲੈ ॥' (੧੧੪੨)

ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜੇ। ਫੇਰ ਸਭ ਤੋਂ ਪਹਿਲਾਂ ਉਹਨਾਂ ਪੰਜਾਂ ਪਿਆਰਿਆਂ ਤੋਂ ਜਾਚਨਾ ਕਰ ਕੇ ਆਪ ਵੀ ਅੰਮ੍ਰਿਤ ਛਕਿਆ।

ਅਰੰਭਿਆ। ਹਰਨਾਖਸ ਵਰਗਿਆਂ ਨੇ ਚੇਵਡਿਆਂ ਦੇ ਕਈ ਵਰ ਲਏ। ਕਿਸੇ ਜੋਗਾ ਅਭਿਆਸ ਕੀਤਾ, ਜੱਗ ਕੀਤੇ, ਪੂਜਾ ਕੀਤੀਆਂ, ਕਈ ਦੇਵਤਿਆਂ ਨੂੰ ਵੱਸ ਕੀਤਾ ਪਰ ਫਿਰ ਵੀ ਕਾਲ ਨੇ :-

'ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ ॥
ਬਾਰਦਨਾਦ ਅਕੰਪਨ ਸੇ ਜਗ ਜੰਗ ਜੁਰੇ ਜਿਨ ਸਿਉ ਜਮ ਹਾਰੇ ॥'
(ਦਸਮ ੪੫)

ਹੋਰ ਭਾਉ ਭਗਤੀ ਤੋਂ ਬਿਨਾ ਧਨੰਤਰ ਵੈਦ ਵਰਗੇ, ਲੁਕਮਾਨ ਹਕੀਮ ਵਰਗੇ ਬਲਕਿ ਇੰਦ੍ਰ, ਸ਼ਿਵ ਤੇ ਬ੍ਰਹਮਪੁਰੀ ਵਿਚ ਰਹਿਣ ਵਾਲਿਆਂ ਨੂੰ ਵੀ ਕਾਲ ਨੇ ਨਾ ਛੱਡਿਆ।

'ਇੰਦ੍ਰਪੁਰੀ ਮਹਿ ਮਰਪਰ ਮਰਣਾ ॥
ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ॥
ਸਿਵਪੁਰੀ ਕਾ ਹੋਇਗਾ ਕਾਲਾ ॥' (੨੩੭)

ਆਪ ਅਕਾਲ ਪੁਰਖ ਨੇ ਕਲਜੁਗ ਵਿਚ ਗੁਰੂ ਨਾਨਕ ਨਾਮ ਕਹਾ ਕੇ, ਪ੍ਰਗਟ ਹੋ ਕੇ, ਸਰਬ ਲੋਕਾਈ ਦੇ ਵੈਦ ਧਣਕੇ, ਨਾਮ ਰੂਪ ਦਵਾਈ ਦੇ ਕੇ, ਜਮਾਂ ਦੀ ਫਾਹੀ ਤੋਂ ਬਚਾਇਆ।

'ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ
ਅਉਖਧੁ ਮੁਖਿ ਦੇਵੈ, ਕਾਟੈ ਜਮ ਕੀ ਫੰਧਾ ॥' (੬੧੮)

ਨਾਮ ਅੰਮ੍ਰਿਤ ਪਿਆ ਕੇ ਸੁਰਜੀਤ ਕੀਤਾ। ਕੇਵਲ ਭਾਉ ਭਗਤੀ ਸਿਮਰਨ ਕਰਨ ਵਾਲੇ ਤੱਤ ਵੇਤੇ ਬਣ ਕੇ ਪ੍ਰਮੇਸ਼ਰ ਵਿਚ ਅਭੇਦ ਹੋ ਕੇ ਅਮਰ ਹੋਏ।

'ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥' (੫੭੬)

ਦਸਾਂ ਹੀ ਸਰੂਪਾਂ ਵਿਚ ਕੁਰੀਤੀਆਂ, ਬਦਫੈਲੀਆਂ, ਔਗੁਣ, ਪਾਪ, ਵਿਕਾਰ, ਅੱਤਿਆਚਾਰ, ਜ਼ੁਲਮ ਨੂੰ ਧੁਰ ਕਾ ਬਾਣਾਂ ਦਾ ਉਪਦੇਸ਼ ਗੁਰਮਤਿ ਦੁਆਰਾ ਬਖਸ਼ ਕੇ ਭਾਉ ਭਗਤੀ ਦ੍ਰਿੜਾ ਕੇ ਨਾਸ ਕੀਤਾ। ਦਸਵੇਂ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੀਚਾਰ ਕੇ ਕਿ ਅੱਗੇ ਵਾਸਤੇ ਗੁਰਗੱਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਦੇਣੀ ਹੈ। ਕੋਈ ਵਿਅਕਤੀਗਤ ਗੁਰੂ ਨਹੀਂ ਥਾਪਣਾ। ਇਸ ਵਾਸਤੇ ਪਾਪ, ਜ਼ੁਲਮ, ਧੱਕਾ, ਅਨਿਆਇ ਮੇਟ ਕੇ ਦੁਨੀਆਂ ਵਿਚ ਸਦਾ ਧਰਮ ਦਾ ਪ੍ਰਚਾਰ ਕਰਨ ਵਾਸਤੇ, ਅਕਾਲ ਪੁਰਖ ਦਾ ਜੋ ਸਾਨੂੰ ਹੁਕਮ ਹੈ, ਖਾਲਸਾ ਪੰਥ ਪ੍ਰਗਟ ਕਰਨ ਦਾ :-

੩. ਅੰਮ੍ਰਿਤ ਸੰਸਕਾਰ

ਅੰਮ੍ਰਿਤ–ਮ੍ਰਿਤੂ ਭਾਵ ਮੌਤ ਤੋਂ ਰਹਿਤ ਕਰਨ ਵਾਲੀ ਜੰਮਣ ਮਰਨ ਤੋਂ ਬਚਾਉਣ ਵਾਲੀ ਗੁਰੂ ਕੀ ਬਖ਼ਸ਼ੀ ਦਾਤ।

'ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥
ਬਿਨਸਤ ਬਾਰ ਨ ਲਗਈ ਜਿਉ ਕਾਗਦ ਬੂੰਦਾਰ॥' (੮੦੮)

ਇਹ ਜਗਤ ਜੋ (ਜ) ਪੈਦਾ ਹੋਣ ਵਾਲਾ (ਗਤ) ਨਾਸ਼ ਹੋਣ ਵਾਲਾ ਹੈ ਜਿਸ ਦਾ ਦੂਸਰਾ ਨਾਮ 'ਦੁਨੀਆਂ' ਹੈ ਭਾਵ ਦੋ ਨੀਹਾਂ ਵਾਲਾ। ਜਿਸ ਦੀ ਮਰਨ ਦੀ ਨੀਂਹ ਪਹਿਲਾਂ ਰੱਖ ਕੇ ਭਾਵ ਪ੍ਰਾਰਬਧ ਬਣਾ ਕੇ ਮੌਤ ਦੇ ਦਿਨ ਦਾ ਲੇਖ ਮੱਥੇ ਤੇ ਲਿਖ ਕੇ ਫਿਰ ਜੰਮਣ ਦੀ ਨੀਂਹ ਰੱਖੀ ਹੈ।

'ਮਰਣੁ ਲਿਖਾਇ ਮੰਡਲ ਮਹਿ ਆਏ॥' (੧੦੨੨)

'ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥' (੧੩੭੭)

'ਜਿੰਦ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥' (੧੩੭੭)

'ਜੋ ਜਨਮੈ ਸੋ ਜਾਨਹੁ ਮੂਆ॥' (੩੭੫)

'ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥' (੪੮੮)

ਆਪਣੀ ਉਮਰ ਤੋਂ ਵੱਧ ਸਰੀਰਕ ਤੌਰ ਤੇ ਸੰਸਾਰ ਵਿਚ ਕੋਈ ਵੀ ਕਾਇਮ ਨਹੀਂ ਰਿਹਾ।

'ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥' (੯੩੬)

'ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥' (੮੫੫)

ਇਹ ਕਾਲ ਐਸਾ ਅਸਚਰਜ ਹੈ ਕਿ ਰਾਜਾ ਤੇ ਪਰਜਾ, ਗਰੀਬ ਤੇ ਅਮੀਰ, ਵੱਡਾ ਤੇ ਛੋਟਾ, ਮੂਰਖ ਤੇ ਵਿਦਵਾਨ, ਪੜ੍ਹਿਆ ਤੇ ਅਨਪੜ੍ਹ ਸਭ ਨੂੰ ਮਾਰੀ ਜਾਂਦਾ ਹੈ। ਮਨੁੱਖ ਵਿਚਾਰਾ ਚੂਹੇ ਵਾਂਗ ਹੈ ਜਿਸ ਨੂੰ ਮੌਤ ਬਿੱਲੀ ਖਾਈ ਜਾਂਦੀ ਹੈ।

'ਮਾਨਸ ਬਪਰਾ ਮੁਸਾ ਕੀਨੋ ਮੀਚ ਬਿਲਈਆ ਖਈ ਹੈ ਰੇ॥ (੮੫੫)

ਮਨੁੱਖੀ ਸੁਭਾਅ ਵਿਚ ਜਿਉਣ ਤੇ ਹੋਰ ਜਿਉਣ ਦੀ ਪ੍ਰਬਲ ਇੱਛਾ ਹੈ। ਮੌਤ ਤੋਂ ਬਚਣ ਵਾਸਤੇ ਜਦੋਂ ਤੋਂ ਲੈ ਕੇ ਸ੍ਰਿਸ਼ਟੀ ਬਣੀ, ਮਨੁੱਖਾਂ ਨੇ ਜਤਨ

ਇਸੇ ਤਰ੍ਹਾਂ ਭਾਈ ਚਉਪਾ ਸਿੰਘ ਨੇ ਰਹਿਤਨਾਮੇ ਵਿਚ ਲਿਖਿਆ ਹੈ :-

ਜੋ ਸਿਖ ਮਾਪਿਆਂ ਦੀ ਟਹਿਲ ਨਾ ਕਰੇ, ਸੋ ਅਕ੍ਰਿਤਘਨ ਤਨਖਾਹੀਆ।'

'ਪੁੱਤ ਨ ਮੰਨੈ ਮਾਪਿਆਂ, ਕਮਜਾਤੀ ਵੜੀਐ।'

(ਵਾਰ ੨੪, ਪਉੜੀ ੨੧)

ਸੋ ਮਾਤਾਵਾਂ ਆਪਣਾ ਜੀਵਨ ਉੱਚਾ ਰੱਖਣ, ਆਪ ਧਾਰਮਿਕ ਜੀਵਨ ਵਿਚ ਦ੍ਰਿੜ੍ਹ ਹੋਣ। ਹਰ ਰੋਜ਼ ਨਿੱਤਨੇਮ ਉਪਰੰਤ ਗੁਰਦੁਆਰੇ ਸਾਹਿਬ ਕਥਾ ਕੀਰਤਨ ਸੁਣਨ, ਨਾਲ ਛੋਟੇ ਬੱਚਿਆਂ ਨੂੰ ਵੀ ਲਿਜਾਣ। ਛੋਟੀ ਅਵਸਥਾ ਵਿਚ ਜੋ ਸੰਸਕਾਰ ਬੱਚੇ ਨੂੰ ਪੈ ਜਾਣ, ਉਹ ਪੱਥਰ ਤੇ ਲਕੀਰ ਵਾਂਗ ਹਿਰਦੇ ਵਿਚ ਉੱਕਰੇ ਜਾਂਦੇ ਹਨ। ਉਹ ਸਮੁੱਚੇ ਜੀਵਨ ਦੀ ਨੀਂਹ ਹੁੰਦੀ ਹੈ। ਜੇ ਧਾਰਮਿਕ ਪਾਸੇ ਵੱਲ ਦ੍ਰਿੜ੍ਹਤਾ ਨਾਲ ਪ੍ਰਪੱਕ ਹੋ ਜਾਵੇ ਤਾਂ ਬੱਚਾ ਅਵੱਸ਼ ਹੀ ਧਾਰਮਿਕ, ਦਾਨੀ, ਸੂਰਮਾਂ, ਯੋਧਾ, ਬਲੀ ਹੋਵੇਗਾ।

'ਗੁਰੂ ਕੀ ਸਿਖਣੀ ਮਾਰਦ ਦਾ ਮੂੰਹ ਨਾ ਫਿਟਕਾਰੇ।
ਗੁਰੂ ਕੀ ਸਿਖਣੀ ਸਾਧ ਸੰਗਤ ਵਿਚ ਮੱਥਾ ਕਜਿ ਬੈਠੇ।'

ਗੁਰੂ ਕੀ ਸਿਖਣੀ (ਗੁਰੂ) ਗ੍ਰੰਥ ਸਾਹਿਬ ਪੋਥੀ-ਪੜ੍ਹਨ ਸਿਖੇ, ਤਾਂ ਪ੍ਰਕਿਤਾਂ ਸੰਸਾਰੀ ਤਿਆਗ ਦੇਵੇ। ਸੋ ਕਉਣ ਪ੍ਰਕਿਤਾਂ-ਗੀਤ, ਟੱਪੇ ਗਾਵਣੇ, ਮਸ਼ਕਰੀਆ, ਗੰਦੀ ਜ਼ਬਾਨ ਨਾ ਕਰ।'

(ਰਹਿਤਨਾਮਾ ਭਾਈ ਚਉਪਾ ਸਿੰਘ ਜੀ)

ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਸਤਿਗੁਰਾਂ ਦੇ ਅਥਵਾ ਸ਼ਹੀਦਾਂ, ਸੂਰਬੀਰ, ਯੋਧਿਆਂ, ਹੱਠੀਆਂ, ਨਿੱਤਨੇਮੀਆਂ, ਪ੍ਰੇਮੀਆਂ ਦੇ ਜੀਵਨ ਪੜ੍ਹਾਏ ਜਾਣ, ਸੁਣਾਏ ਜਾਣ ਤਾਂ ਨਿਸਚੇ ਹੀ ਉਨ੍ਹਾਂ ਬੱਚਿਆਂ ਦਾ ਜੀਵਨ ਉੱਚਾ ਸੁੱਚਾ ਹੋਵੇਗਾ।

'ਬਹ ਪਰਪੰਚ ਕਰ ਪਰ ਧਨ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤੁ ਨਿਬੇਰਾ ਤੇਰੇ ਜੀਅ ਪਹਿ ਲੀਜੈ ॥' (੬੫੬)

'ਅਨ ਕਾਏ ਤਾਤਰਿਆ ਵਾਟ ਦੁਹੇਲੀ ਰਾਮ ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥
ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥' (੫੪੬)

ਮਹਾਤਮਾ ਨੇ ਕ੍ਰਿਪਾ ਕਰਕੇ ਚੋਰੀ ਛੁਡਾ ਕੇ ਨਾਮ ਦੀ ਦਾਤ ਬਖ਼ਸ਼ੀ। ਅਭਿਆਸ ਕਰਕੇ ਚਿੱਤ ਵਿਚ ਦਸਾ ਕੇ ਬ੍ਰਹਮ ਗਿਆਨੀ ਬਣ ਕੇ ਮੁਕਤ ਹੋਇਆ। ਚੰਗੀ ਮਾਤਾ ਦੀ ਚੰਗੀ ਸਿੱਖਿਆ ਪੁੱਤਰਾਂ ਨੂੰ ਚੰਗੇ ਪੁਰਸ਼ ਬਣੌਂਦੀ ਹੈ। ਮਾੜੀ ਮਾਤਾ ਦੀ ਮਾੜੀ ਸਿੱਖਿਆ ਸੰਤਾਨ ਨੂੰ ਚੋਰ ਡਾਕੂ ਬਣੌਂਦੀ ਹੈ। ਸੋ ਮਾਤਾ ਦੀ ਉੱਤਮ ਸਿੱਖਿਆ ਚੜ੍ਹਦੀ ਕਲਾ ਦੇ ਜੀਵਨ ਲਈ ਬੜੀ ਜ਼ਰੂਰੀ ਹੈ।

ਜਿਵੇਂ ਚੌਥੇ ਪਾਤਸ਼ਾਹ ਜੀ ਦਾ ਸਿੱਖ ਭਾਈ ਆਕਲ ਤੇ ਉਹਨਾਂ ਦੀ ਘਰ ਵਾਲੀ ਆਪਣੀ ਪੁੱਤਰੀ ਨੂੰ ਨਾਲ ਲੈ ਕੇ ਸਤਿਗੁਰਾਂ ਦੇ ਦਰਸ਼ਨ ਕਰਿਆ ਕਰਦੇ। ਉਪਦੇਸ਼ ਗ੍ਰਹਿਣ ਕਰ ਕੇ ਗੁਰਸਿੱਖੀ ਵਿਚ ਪ੍ਰਪੱਕ ਹੋਏ। ਮਾਤਾ ਪਿਤਾ ਦੇ ਇਸ ਸ਼ੁਭ ਉੱਦਮ ਤੇ ਸਤਿਗੁਰੂ ਜੀ ਦੀ ਸੰਗਤ ਦਾ ਸਦਕਾ ਭਾਈ ਆਕਲ ਦੀ ਪੁੱਤਰੀ ਨੇ ਆਪਣੇ ਮਨਮੁਖ ਸਹੁਰੇ ਪਰਵਾਰ ਨੂੰ ਗੁਰੂ ਕੇ ਸਿੱਖ ਬਣਾਇਆ। ਇਸ ਬੀਬੀ ਦਾ ਪੁੱਤਰ ਭਾਈ ਰੂਪ ਚੰਦ ਸਤਿਗੁਰਾਂ ਦਾ ਸਿਦਕੀ ਸਿੱਖ ਬਣਿਆ। ਇਸ ਤਰ੍ਹਾਂ ਮਾਤਾ ਪਿਤਾ ਦੀ ਚੰਗੀ ਸਿੱਖਿਆ ਨਾਲ ਬੱਚਿਆਂ ਦਾ ਜੀਵਨ ਬਹੁਤ ਉੱਚਾ ਤੇ ਸੁੱਚਾ ਬਣਦਾ ਹੈ।

ਜਿਵੇਂ ਸਰਵਣ ਨੇ ਆਪਣੇ ਅੰਨ੍ਹੇ ਮਾਤਾ ਪਿਤਾ ਦੀ ਸਾਰੀ ਉਮਰ ਸੇਵਾ ਕੀਤੀ, ਆਗਿਆ ਮੰਨੀ ਅਤੇ ਵਹਿੰਗੀ ਵਿਚ ਬਿਠਾ ਕੇ ਥਾਂ ਥਾਂ ਲਿਜਾ ਕੇ ਸਾਰੇ ਤੀਰਥਾਂ ਦੀ ਯਾਤਰਾ ਕਰਵਾਈ। ਉਸ ਦੀ ਉਦਾਹਰਣ ਲੋਕ-ਕਹਾਵਤ ਹੀ ਬਣ ਗਈ ਕਿ ਪੁੱਤਰ ਹੋਵੇ ਤਾਂ ਸਰਵਣ ਵਰਗਾ।

'ਸਰਵਨ ਸੇਵਾ ਕੀਨੀ ਮਾਤਾ ਪਿਤਾ ਕੀ ਬਿਸੇਖ,
ਤਾ ਤੇ ਗਾਈਅਤ ਜਸ ਜਗਤ ਮੈਂ ਤਾਹੂ ਕ ॥' (੪੩੬ ਕ: ਸ੍ਵਯੇ)

'ਹੋਵੇ ਸਰਵਣ ਵਿਰਲਾ ਕੋਈ ॥੧੧॥' (ਵਾਰ ੩੭)

ਕਉਡਾਂ ਮਿਲੀਆਂ ਹਨ ਮੈਨੂੰ ਦੇਹ।' ਲੈ ਕਰਕੇ ਉਹ ਕਉਡਾਂ ਬਾਜ਼ਾਰ ਵਿਚੋਂ ਕਈ ਛਟੇ ਛਟੇ ਮੱਛਾਂਆਂ ਦੇ ਪੂੰਗ ਖਰੀਦ ਲਿਆਈ ਤੇ ਕਹਿਣ ਲੱਗੀ, 'ਉੱਠ ਮੇਰਾ ਪੁੱਤਰ, ਜਵਾਨ ਬਣ, ਆਹ ਵੇਖ ! ਜੇ ਐਨੀਆਂ ਮੱਛੀਆਂ ਮਾਰਨ ਵਾਲਿਆਂ ਨੂੰ ਪਾਪ ਨਹੀਂ ਲੱਗਾ ਤਾਂ ਤੈਨੂੰ ਕਿਵੇਂ ਲੱਗੇਗਾ ?

ਅੰਦਰੋਂ ਮਨ ਤਾਂ ਭਾਵੇਂ ਡਾਵਾਂ ਡੋਲ ਹੀ ਸੀ ਪਰ ਕੁਚੱਜੀ ਮਾਤਾ ਦੀ ਮੋਟੀ ਸਿੱਖਿਆ ਦਾ ਪ੍ਰਬੋਧਿਆ ਪ੍ਰਹਾਰਿਆ ਫਿਰ ਉੱਠਿਆ। ਹੱਥ ਵਿਚ ਗੰਡਾਸਾ ਲੈ ਕੇ ਬਾਹਰ ਗਿਆ। ਚੰਗੇ ਭਾਗਾਂ ਦਾ ਸਦਕਾ ਅੱਗੇ ਕੁਝ ਮਹਾਤਮਾ ਸੰਤ ਜਨ ਮਿਲੇ। ਉਹਨਾਂ ਨੂੰ ਰੋਕ ਲਿਆ। ਅੰਦਰੋਂ ਮਨ ਡਰਦਾ ਸੀ ਉਪਰੋਂ ਕਉੜਾ ਬੋਲ ਕੇ ਮਾਰਨ ਦਾ ਡਰਾਵਾ ਦੇਣ ਲੱਗਾ :

'ਮਾਰਨ ਨੋ ਲੋਚੈ ਘਣਾ ਕਦਿ ਨਾ ਹੋਈ ਹਸੁ ਉਘਾੜਾ।'

ਤਾਂ ਮਹਾਤਮਾ ਨੇ ਕਿਹਾ, 'ਸਾਡੇ ਕੋਲ ਕੇਵਲ ਬਸਤਰ ਹੀ ਹਨ। ਏਹਨਾਂ ਦਾ ਕੀ ਕਰੇਂਗਾ ?' ਬਾਲਮੀਕ ਨੇ ਉੱਤਰ ਦਿੱਤਾ, 'ਆਪਣੇ ਮਾਤਾ, ਪਿਤਾ, ਘਰ ਵਾਲੀ, ਪਰਵਾਰ ਨੂੰ ਦੇਵਾਂਗਾ।' ਤਾਂ ਮਹਾਤਮਾ ਨੇ ਕਿਹਾ, 'ਜਾਹ ! ਉਹਨਾਂ ਤੋਂ ਘਰੋਂ ਪੁੱਛ ਆ ਕਿ ਤੇਰੇ ਪਾਪਾਂ ਦੇ ਹਿੱਸੇਦਾਰ ਵੀ ਉਹ ਬਣਨਗੇ ? ਕਿ ਇਨ੍ਹਾਂ ਪਾਪਾਂ ਦਾ ਫਲ ਤੈਨੂੰ ਇਕੱਲੇ ਨੂੰ ਹੀ ਭੋਗਣਾ ਪੈਣਾ ਹੈ ?' ਕਹਿਣ ਲੱਗਾ, 'ਤੁਸੀਂ ਚਲੇ ਨਾ ਜਾਇਓ।' ਤਾਂ ਸੰਤ ਕਹਿਣ ਲੱਗੇ, 'ਪ੍ਰਮੇਸਰ ਦੇ ਪਿਆਰੇ ਕਦੇ ਝੂਠ ਨਹੀਂ ਬੋਲਦੇ, ਅਸੀਂ ਏਥੇ ਹੀ ਬੈਠੇ ਹਾਂ।' ਬਾਲਮੀਕ ਘਰ ਗਿਆ, ਸਾਰਾ ਕੋੜਮਾ (ਪਰਵਾਰ) ਇਕੱਠਾ ਕਰਕੇ ਪੁੱਛਣ ਲੱਗਾ, 'ਜੋ ਮੈਂ ਜੀਵਾਂ ਨੂੰ ਮਾਰ ਕੇ, ਖੋਹ ਖਿੰਜ ਕੇ ਪਦਾਰਥ ਤੁਹਾਨੂੰ ਲਿਆ ਕੇ ਦਿੰਦਾ ਹਾਂ, ਇਨ੍ਹਾਂ ਪਾਪਾਂ ਦੇ ਫਲ ਦੇ ਭਾਗੀ ਹਿੱਸੇਦਾਰ ਵੀ ਤੁਸੀਂ ਬਣੋਗੇ ਕਿ ਮੈਨੂੰ ਇਕੱਲੇ ਨੂੰ ਹੀ ਭੋਗਣੇ ਪੈਣੇ ਹਨ ?' ਤਾਂ ਸਾਰੇ ਪਰਵਾਰ ਨੇ ਕਿਹਾ, 'ਸਾਨੂੰ ਜਿਥੋਂ ਤੇ ਜਿਵੇਂ ਮਰਜ਼ੀ ਲਿਆ ਕੇ ਦੇਹ, ਪਾਪਾਂ ਦਾ ਫਲ ਅਸੀਂ ਨਹੀਂ ਭੋਗਣਾ, ਉਹ ਤੈਨੂੰ ਹੀ ਭੋਗਣਾ ਪਵੇਗਾ।'

'ਕੋੜ ਮਤਾ ਚਉਖੰਨੀਐ ਕੋਇ ਨ ਬੇਲੀ ਕਰਦੇ ਭਾੜਾ।'

ਇਹ ਸੁਣ ਕੇ ਆਪਣੇ ਚਿੱਤ ਵਿਚ ਬੜਾ ਹੈਰਾਨ ਹੋਇਆ ਕਿ ਸਭ ਸੰਬੰਧੀ ਸਵਾਰਥੀ ਹਨ। ਅੰਤ ਨੂੰ ਕੋਈ ਕਿਸੇ ਦਾ ਨਹੀਂ। ਮੁੜ ਕੇ ਆ ਕੇ ਮਹਾਤਮਾ ਨੂੰ ਦੱਸਿਆ ਤਾਂ ਉਹਨਾਂ ਸ਼ੁਭ ਸਿੱਖਿਆ ਦਿੱਤੀ, 'ਵੇਖ, ਅੰਤ ਨੂੰ ਪਾਪਾਂ ਦਾ ਭਾਗੀ ਬਣ ਕੇ ਤੈਨੂੰ ਨਰਕਾਂ ਵਿਚ ਪੈਣਾ ਪਵੇਗਾ। ਕਿਸੇ ਨੇ ਸਾਥ ਨਹੀਂ ਦੇਣਾ, ਤੂੰ ਉਹਨਾਂ ਵਾਸਤੇ ਕਿਉਂ ਪਾਪ ਕਰਦਾ ਹੈਂ ?'

ਬਰਾਬਰ ਸਮਝਣਾ ਅਤੇ ਦੁਖ ਸੁਖ ਵਿਚ ਸਾਥ ਦੇਣਾ। ਇਸ ਉਪਦੇਸ਼ ਨੂੰ ਲਛਮਣ ਜੀ ਨੇ ਕਮਾਇਆ ਸੀ। ਬਨਬਾਸ ਵਿਚ ਨਾਲ ਰਹੇ ਅਤੇ ਸੀਤਾ ਜੀ ਦੀ ਪਛਾਣ ਕੇਵਲ ਪੈਰਾਂ ਤੋਂ ਹੀ ਕਰਦੇ ਰਹੇ। ਕਦੇ ਉੱਚੀ ਨਿਗ੍ਹਾ ਕਰਕੇ ਚੇਹਰਾ ਤੱਕਿਆ ਤੱਕ ਵੀ ਨਹੀਂ ਸੀ।

ਏਸ ਤਰ੍ਹਾਂ ਭਗਤ ਫਰੀਦ ਜੀ ਦੀ ਮਾਤਾ ਹੋਈ ਜਿਸ ਨੇ ਪੁੱਤਰ ਨੂੰ ਭਗਤੀ ਵੱਲ ਪ੍ਰੇਰਿਆ ਸੀ। ਫਰੀਦ ਜੀ ਨੂੰ ਸ਼ੱਕਰ ਖਾਣ ਦਾ ਬੜਾ ਸ਼ੌਕ ਸੀ। ਮਾਤਾ ਕਿਹਾ ਕਰੇ, 'ਪੁੱਤਰ ਨਿਮਾਜ਼ ਪੜ੍ਹ।' ਫਰੀਦ ਜੀ ਕਿਹਾ ਕਰਨ, 'ਖੁਦਾ ਕੀ ਦੇਵੇਗਾ?' ਤਾਂ ਕਿਹਾ ਕਰੇ, 'ਸ਼ੱਕਰ ਦੇਵੇਗਾ।' ਫਰੀਦ ਜੀ ਦੇ ਨਿਮਾਜ਼ ਪੜ੍ਹਨ ਤੋਂ ਪਹਿਲਾਂ ਹੀ ਮਾਤਾ ਸ਼ੱਕਰ ਦੀ ਪੁੜੀ ਮੁਸੱਲੇ (ਨਿਮਾਜ ਪੜ੍ਹਣ ਵਾਸਤੇ ਵਿਛਾਈ) ਹੇਠ ਰੱਖ ਦਿਆ ਕਰੇ ਜੋ ਨਿਮਾਜ਼ ਪੜ੍ਹਨ ਤੋਂ ਬਾਅਦ ਫਰੀਦ ਜੀ ਅਨੰਦ ਨਾਲ ਛਕ ਲਿਆ ਕਰਨ। ਇਉਂ ਨਿਸਚਾ ਬਣਾ ਕੇ ਭਗਤੀ ਵੱਲ ਲਾਇਆ ਸੀ। ਇਉਂ ਮਾਤਾ ਦੀ ਸਿੱਖਿਆ ਦਾ ਅਸਰ ਬਹੁਤ ਬੱਚੇ ਤੇ ਪੈਂਦਾ ਹੈ ਬਲਕਿ ਜੀਵਨ ਉੱਕਰਿਆ ਹੀ ਮਾਤਾ ਦੀ ਸਿੱਖਿਆ ਤੋਂ ਜਾਂਦਾ ਹੈ। ਜੋ ਸਿੱਖਿਆ ਬਹੁਤ ਹੀ ਚੰਗੀ ਚਾਹੀਦੀ ਹੈ।

ਸਾਖੀ ਬਾਲਮੀਕ ਬਟਵਾਰੇ ਦੀ

'ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ ॥'

(ਵਾਰ ੧੦, ਪਉੜੀ ੨੦)

ਭੀਲ ਇਕ ਬਹੁਤ ਨੀਵੀਂ ਜਾਤ ਮੰਨੀ ਗਈ ਸੀ, ਉਸ ਜਾਤ ਵਿਚ ਪੈਦਾ ਹੋਇਆ ਬਾਲਮੀਕ ਜੁਆਨ ਅਵਸਥਾ ਸਮੇਂ ਡਾਕੇ ਮਾਰਦਾ, ਰਾਹ ਜਾਂਦਿਆਂ ਨੂੰ ਲੁਟਦਾ ਮਾਰਦਾ। ਇਕ ਦਿਨ ਇਕ ਆਦਮੀ ਨੂੰ ਮਾਰਿਆ ਪਰ ਉਸ ਦੀ ਜੇਬ ਵਿਚੋਂ ਕੇਵਲ ਚਾਰ ਕਉਡਾਂ ਹੀ ਨਿਕਲੀਆਂ। ਭਾਗ ਜਾਗਣ ਦਾ ਸਮਾਂ ਆਇਆ–ਇਸ ਦੇ ਚਿੱਤ ਵਿਚ ਵੱਡਾ ਪਛਤਾਵਾ ਹੋਇਆ ਕਿ ਬੰਦਾ ਵੀ ਮਾਰਿਆ ਤੇ ਮਿਲਿਆ ਵੀ ਕੁਝ ਨਾ। ਅਫ਼ਸੋਸ ਨਾਲ ਘਰ ਟੁੱਟੀ ਮੰਜੀ ਤੇ ਢੱਠੇ ਦਿਲ ਨਾਲ ਲੇਟ ਗਿਆ ਤਾਂ ਇਸ ਦੀ ਮਾਂ ਨੇ ਪੁੱਛਿਆ, 'ਦਿਲਗੀਰੀ ਦਾ ਕੀ ਕਾਰਨ ਹੈ?' ਤਾਂ ਕਿਹਾ, 'ਮਾਤਾ! ਬੰਦਾ ਵੀ ਮਾਰਿਆ ਤੇ ਮਿਲੀਆਂ ਕੇਵਲ ਚਾਰ ਕਉਡਾਂ ਹੀ ਹਨ. ਇਸ ਕਰ ਕੇ ਪਾਪ ਤੋਂ ਮਨ ਕੰਬਿਆ ਹੈ। ਅੱਗੇ ਵਾਸਤੇ ਕੁਕਰਮ ਨਹੀਂ ਕਰਨਾ।'

ਇਹ ਸੁਣ ਕੇ ਬਾਲਮੀਕ ਦੀ ਮਾਤਾ ਕਹਿਣ ਲੱਗੀ, ਲਿਆ ਜੋ ਚਾਰ

'ਗੁਰਮੁਖੀ ਅੱਖਰ ਜੋ ਹੈ ਭਾਈ।
ਸਿੰਘ, ਸਿੰਘ ਤੋ ਸਾਖੇ ਜਾਈ।'

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਜਿਸ ਸਿੰਘ ਦਾ ਗੁਰਮਤਿ, ਗੁਰਬਾਣੀ ਤੇ ਦ੍ਰਿੜ੍ਹ ਨਿਸਚਾ ਹੈ ਉਸ ਤੋਂ ਵਿੱਦਿਆ ਪੜ੍ਹ ਕੇ ਗੁਰਮਤਿ ਵਿਚ ਮਨ ਪ੍ਰਪੱਕ ਹੁੰਦਾ ਹੈ। ਸੋ ਜਦੋਂ ਬੱਚਾ ਵਿੱਦਿਆ ਪੜ੍ਹਨ ਦੇ ਯੋਗ ਹੋਵੇ ਉਸ ਨੂੰ ਕੁਰੀਤੀਆਂ ਜਾ ਕੁਸੰਗਤ ਵੱਲ ਨਹੀਂ ਜਾਣ ਦੇਣਾ ਚਾਹੀਦਾ। ਗੰਦੇ ਸਿਨੇਮੇ, ਗੰਦੇ ਰੀਕਾਰਡ, ਤਾਸ਼, ਜੂਆ, ਗੰਦੀਆਂ ਬੋਲੀਆਂ ਤੇ ਚੋਰੀ ਆਦਿਕ ਵਲੋਂ ਰੋਕ ਕੇ ਰੱਖਣਾ ਚਾਹੀਦਾ ਹੈ।

ਦੋਹਰਾ ॥ 'ਸਿਖ ਸਿਖਣੀ ਮਿਲ ਬਹੈ ਚਰਚਾ ਕਰੈ ਅਪਾਰ।
ਭਜਨ ਸਿਪਾਵੈ ਪੁਤਰ ਕੋ ਹਰਿ ਭਜ ਬਾਰੰਬਾਰ॥'

(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

ਸਭ ਤੋਂ ਪਹਿਲੀ ਅਧਿਆਪਕਾ ਸਿੱਖਿਆ ਦਾਤੀ ਬੱਚੇ ਦੀ ਮਾਤਾ ਮੰਨੀ ਹੈ। ਜਿਸ ਤਰ੍ਹਾਂ ਦਾ ਉਸ ਦਾ ਜੀਵਨ ਰਹਿਣੀ ਬਹਿਣੀ ਤੇ ਜਿਸ ਤਰ੍ਹਾਂ ਦੀ ਸਿੱਖਿਆ ਦੇਵੇ, ਬੱਚੇ ਉਸ ਨੂੰ ਗ੍ਰਹਿਣ ਕਰਦੇ ਹਨ। ਜਿਵੇਂ ਸਤਿਜੁਗ ਵਿਚ ਧ੍ਰੂਅ ਦੀ ਮਤਰੇਈ ਮਾਂ (ਸਰੁਚ) ਨੇ ਉਸ ਦੀ ਨਿਰਾਦਰੀ ਕਰ ਕੇ ਉਸ ਦੇ ਪਿਤਾ ਉਤਾਨਪਾਦ ਰਾਜੇ ਦੀ ਗੋਦ ਵਿਚੋਂ ਬਾਹਰ ਕੱਢ ਕੇ ਕਿਹਾ, 'ਜੇ ਤੂੰ ਰਾਜ ਭਾਗ ਦਾ ਮਾਲਕ ਬਣਨਾ ਹੈ ਤਾਂ ਮੇਰੇ ਪੇਟ ਤੋਂ ਦੁਬਾਰਾ ਜਨਮ ਲੈ।' ਤਾਂ ਉਸ ਰੋਂਦੇ ਰੋਂਦੇ ਆਪਣੀ ਮਾਤਾ (ਸੁਨੀਤਾ) ਪਾਸ ਆ ਕੇ ਪੁੱਛਿਆ :

'ਕਿਸ ਉੱਦਮ ਤੇ ਰਾਜ ਮਿਲੈ ਸਤ੍ਰੂ ਤੇ ਹੋਵਨ ਸਭ ਮੀਤਾ।'
ਅੱਗੋਂ ਉੱਤ੍ਰ ਦਿੱਤਾ ਹੇ ਪੁੱਤ੍ਰ!

'ਪ੍ਰਮੇਸ਼ਰ ਆਰਾਧੀਐ ਜਿੱਦੂੰ ਹੋਈਐ ਪਤਿਤ ਪੁਨੀਤਾ।'

(ਵਾਰ ੧੦. ਪਉੜੀ ੧)

ਸਿਆਣੀ ਮਾਤਾ ਦੀ ਪ੍ਰੇਰਨਾ ਕਰ ਕੇ ਜੰਗਲ ਵਿਚ ਇਕ ਮਨ ਹੋ ਕੇ ਧਰਮ ਦਾ ਹੱਠ ਤੇ ਦ੍ਰਿੜ੍ਹਤਾ ਨਾਲ ਤਪੱਸਿਆ ਕਰ ਕੇ ਪ੍ਰਸੰਸਾ ਤੇ ਅਟੱਲ ਪਦਵੀ ਪ੍ਰਾਪਤ ਕੀਤੀ। ੩੬ ਹਜ਼ਾਰ ਵਰ੍ਹਾ ਮੁਲਕ ਦਾ ਰਾਜ ਵੀ ਕੀਤਾ।

ਇਸੇ ਤਰ੍ਹਾਂ ਮਾਤਾ ਸੁਮਿੱਤਰਾ ਨੇ ਆਪਣੇ ਪੱਤਰ ਲਛਮਣ ਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਨਾਲ ਬਨਬਾਸ ਜਾਣ ਵਾਸਤੇ ਆਖਿਆ। ਸਮਝਾਇਆ ਕਿ ਸੀਤਾ ਜੀ ਨੂੰ ਮਾਤਾ ਤੇ, ਸ੍ਰੀ ਰਾਮ ਚੰਦ੍ਰ ਜੀ ਨੂੰ ਪਿਤਾ

ਤੇ ਨੂਰ ਦੀਨ ਕਾਜ਼ੀ ਨੂੰ :-

'ਯਕ ਅਰਜ਼ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ (੭੨੧)

ਦੁਆਰਾ ਨਿਹਾਲ ਕਰਕੇ ਬ੍ਰਹਮ ਵਿੱਦਿਆ ਦੀ ਦਾਤ ਬਖ਼ਸ਼ੀ ਸੀ। ਸਿਮਰਨ ਭਜਨ ਦੀ ਕਮਾਈ ਤੋਂ ਹੀਣੇ ਤਾਂ ਬਹੁਤ ਵਿਦਵਾਨ ਮਿਲਣਗੇ ਪਰ ਉਨ੍ਹਾਂ ਤੋਂ ਸ਼ਾਂਤੀ, ਅਨੰਦ, ਕਲਿਆਣ ਨਹੀਂ ਮਿਲ ਸਕਦੀ। ਜਿਵੇਂ, 'ਭਿੱਖੇ' ਭੱਟ ਨੇ ਸਤ ਥਾਵਾਂ ਦੇ ਵਿਦਵਾਨ ਪਰਖ ਕੇ ਵੇਖੇ ਕਿ ਉਨ੍ਹਾਂ ਦੀ ਕਹਿਣੀ ਹੈ ਪਰ ਰਹਿਣੀ ਨਹੀਂ ਉਨ੍ਹਾਂ ਤੋਂ ਅਸਲੀ ਜੀਵਨ ਨਾ ਮਿਲਿਆ। ਫਿਰ ਸਤਿਗੁਰਾਂ ਦੀ ਸ਼ਰਨ ਵਿਚ ਆ ਕੇ ਬੇਨਤੀ ਕੀਤੀ :

'ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਾਪਸੀਅਹ ਮੁਖਹੁ ਦੇ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਨ ਹਉ ਕਿਆ ਕਹਉ ॥
ਗੁਰ ਦਯਿ ਮਿਲਾਯਉ ਭਿਖਿਆ ਜਿਦ ਤੂ ਦਯਹਿ ਤਿਦ ਹਹਉ ॥'
(੧੩੯੫)

ਬਣੋਟੀ ਗੁਰੂ ਤੇ ਸਿਆਣੇ ਤਾਂ ਬੇਅੰਤ ਬਣਦੇ ਹਨ ਪਰ ਕੇਵਲ ਮੱਥਾ ਟਿਕਾਉਣਾ, ਮਾਇਆ ਇਕੱਠੀ ਕਰਨੀ, ਆਪਣੀ ਪੂਜਾ ਤੇ ਮਾਣ ਆਦਰ ਕਰਾਉਣ ਤੋਂ ਬਿਨਾਂ ਹੋਰ ਕੁਝ ਵੀ ਪੱਲੇ ਨਹੀਂ ਹੁੰਦਾ। ਜਿਵੇਂ ਬਾਸੇ ਸਕਾਲੇ ੨੨ ਬਣੋਟੀ ਗੁਰੂ ਬਣ ਬੈਠੇ ਸਨ, ਪਰ ਮੱਖਣ ਸ਼ਾਹ ਜੀ ਨੇ ਪਰਖ ਕੇ ਸਾਰੇ ਤਿਆਗੇ :-

'ਪਹਿਲਾ ਵਸਤੁ ਸਿਵਾਣ ਕੈ ਤਾਂ ਕੀਚੈ ਵਾਪਾਰੁ ॥' (੧੪੧੦)

ਸੱਚੇ ਗੁਰੂ ਨੂੰ ਪ੍ਰਗਟ ਕਰਕੇ ਸਭ ਜਗਤ ਨੇ ਪਰਉਪਕਾਰ ਕੀਤਾ ਸੀ। ਇਉਂ ਬਾਹਰਲੀ ਬਣਾਵਟ ਤੇ ਨਹੀਂ ਫਸਣਾ, ਅਸਲੀਅਤ ਖੋਜਣੀ ਬਹੁਤ ਜ਼ਰੂਰੀ ਹੈ। ਦਸ ਪਾਤਸ਼ਾਹੀਆਂ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਿਨਾਂ ਹੋਰ ਕਲਿਜੁਗ ਵਿਚ ਕਿਹੜਾ ਗੁਰੂ ਹੈ ਜੋ ਬ੍ਰਹਮ ਵਿੱਦਿਆ, ਬ੍ਰਹਮ ਗਿਆਨ,ਨਾਮ ਤੇ ਭਾਉ ਭਗਤੀ ਦੀ ਦਾਤ ਬਖ਼ਸ਼ੇ ?

ਗੁਰਮੁਖੀ ਅੱਖਰ ਬ੍ਰਹਮ-ਵਿੱਦਿਆ ਕਿਸੇ ਤਿਆਰ-ਪੁਰ-ਤਿਆਰ ਦ੍ਰਿੜ੍ਹ ਨਿਸਚੇ ਵਾਲੇ ਸਿੰਘ ਦੇ ਪਾਸੋਂ ਹੀ ਪੜ੍ਹਨੀ ਚਾਹੀਦੀ ਹੈ।

ਨੇ ਪੁੱਛਿਆ, 'ਹੇ ਭਰਾਤਾ! ਤੇਰੇ ਮਨ ਨੂੰ ਟਿਕਾਅ, ਸ਼ਾਂਤੀ ਆਈ ਹੈ?' ਤਾਂ ਨਾਰਦ ਨੇ ਕਿਹਾ, 'ਜੀ ਨਹੀਂ।' ਤਾਂ ਉਹਨਾਂ ਕਿਹਾ, 'ਹੇ ਵੀਰ! ਸ਼ਾਂਤੀ ਤੇ ਗਿਆਨ ਵਾਲੀ ਵਿੱਦਿਆ ਤਾਂ ਹਾਲੇ ਤੂੰ ਪੜ੍ਹਨੀ ਅਰੰਭੀ ਵੀ ਨਹੀਂ।' ਨਾਰਦ ਜੀ ਨੇ ਪੁੱਛਿਆ, 'ਉਹ ਕਿਹੜੀ ਵਿੱਦਿਆ ਹੈ?' ਤਾਂ ਦੱਸਿਆ, 'ਉਹ ਹੈ ਅਧਿਆਤਮਕ ਵਿੱਦਿਆ ਜੋ ਅਧਿਸਟਾਨ ਸਰੂਪ ਪ੍ਰਮੇਸ਼ਰ ਸਾਰਿਆਂ ਦਾ ਆਪਣਾ ਆਪ ਰੂਪ ਹੈ ਉਸ ਦੀ ਪ੍ਰਾਪਤੀ ਵਾਲੀ ਜੋ ਵਿੱਦਿਆ ਹੈ ਭਾਵ ਬ੍ਰਹਮ ਵਿੱਦਿਆ। ਤਾਂ ਫਿਰ ਬ੍ਰਹਮ ਵਿੱਦਿਆ ਪੜ੍ਹਨੇ ਕਰ ਕੇ ਇਸ ਨੂੰ ਅਨੰਦ ਆਇਆ ਤੇ ਕਿਹਾ ਕਿ ਇਸ ਵਿੱਦਿਆ ਬਿਨਾ ਮੈਂ ਜਨਮ ਹੀ ਵਿਅਰਥ ਗਵਾ ਲੈਣ ਲੱਗਾ ਸੀ।

ਪ੍ਰਮੇਸ਼ਰ ਦੀ ਪ੍ਰਾਪਤੀ ਤਾਂ ਇਸ ਤਰ੍ਹਾਂ ਹੁੰਦੀ ਹੈ :-

'ਜੋ ਪ੍ਰਾਣੀ ਗੋਵਿੰਦੁ ਧਿਆਵੈ॥
ਪੜਿਆ ਅਣਪੜਿਆ ਪਰਮਗਤਿ ਪਾਵੈ॥' (੧੯੭)

ਸੋ ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ :-

'ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ
ਹਰਿ ਭਉਜਲੁ ਪਾਰਿ ਉਤਾਰੀ॥' (੬੬੯)

ਸਤਿਜੁਗ ਵਿਚ ਭਗਤ ਪ੍ਰਹਿਲਾਦ ਜੀ ਨੂੰ ਸੰਡੇ ਮਰਕੇ ਕੋਲੋਂ ਕੇਵਲ ਰਾਜਨੀਤਕ ਵਿੱਦਿਆ ਪੜ੍ਹਾਉਣ ਦਾ ਭਾਰੀ ਜਤਨ ਹਰਣਾਖਸ਼ ਵੱਲੋਂ ਕੀਤਾ ਗਿਆ ਪਰ ਉਸ ਨੇ ਕਿਹਾ :-

'ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗਪਾਲ॥
ਨਹੀ ਛੋਡਉ ਰੇ ਬਾਬਾ ਰਾਮ ਨਾਮ॥' (੧੧੯੪)

'ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥' (੧੧੫੪)

'ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ॥' (੧੧੫੪)

ਸੋ ਨਿਸਚੇ ਵਾਲਾ ਹੋਣ ਕਰ ਕੇ ਬ੍ਰਹਮ ਵਿੱਦਿਆ ਪ੍ਰਾਪਤ ਕਰ ਕੇ ਹੀ ਕਿੱਡਾ ਵੱਡਾ ਭਗਤ ਬਣਿਆ। ਏਸੇ ਕਰਕੇ ਸਤਿਗੁਰੂ ਜੀ ਨੇ ਗੁਰਮੁਖੀ ਅੱਖਰ ਆਪ ਰਚੇ, ਉਨ੍ਹਾਂ ਵਿਚ ਸਾਰੀ ਬਣੀ ਰਚੀ ਜੋ ਸਾਧਾਰਨ ਮਨੁੱਖ ਵੀ ਛੇਤੀ ਤੇ ਸੁਖਾਲੀ ਪੜ੍ਹ ਸਕਦਾ ਹੈ। ਕੇਵਲ ਬਾਹਰਲੀ ਵਿੱਦਿਆ ਪੜ੍ਹਨ ਤੋਂ ਰੋਕ ਕੇ ਆਪ ਸਤਿਗੁਰੂ ਜੀ ਨੇ ਗੋਪਾਲ ਪਾਂਧੇ ਨੂੰ :-

'ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥' (੧੬)

ਪੈਣਾ ਪਿਆ ਕਿ ਸੱਚ ਵੀ ਬੋਲਿਆ ਤੇ ਧਰਮ ਵੀ ਰੱਖਿਆ ਹੈ। ਸੋ ਜੇ ਵਿੱਦਿਆ ਪੜ੍ਹ ਕੇ ਗੁਣ ਗ੍ਰਹਿਣ ਕੀਤੇ ਜਾਣ ਤਾਂ ਹੀ ਸਫਲੀ ਹੈ। ਸੋ ਇਸ ਵਿੱਦਿਆ ਤੋਂ ਬਿਨਾਂ ਤਾਂ ਬ੍ਰਹਮਾ ਵਰਗਿਆਂ ਨੂੰ ਸ਼ਾਂਤੀ ਨਾ ਆਈ, ਜਿਸ ਨੇ ਵੇਦਾਂਤ ਸ਼ਾਸਤਰ ਰਚਿਆ ਜਿਸ ਵਿਚ ਅਹੰਗਰੇ ਉਪਾਸ਼ਨਾ ਨੂੰ ਮੁਖ ਰੱਖਿਆ ਕਿ ਮੈਂ ਹੀ ਬ੍ਰਹਮ ਹਾਂ ਪਰ ਸ਼ਾਸਤਰਾਂ ਨੂੰ ਰਚ ਕੇ ਵੀ ਸ਼ਾਂਤੀ ਨਾ ਆਈ, ਮਨ ਹਉਮੈ ਦੀ ਅੱਗ ਵਿਚ ਸੜਦਾ ਹੀ ਰਿਹਾ। ਸ਼ਰਧਾ, ਭਾਵਨਾ, ਪ੍ਰੇਮ ਤੇ ਬ੍ਰਹਮ ਗਿਆਨ ਬਿਨਾ ਤਾਂ ਕੇਵਲ ਚੁੰਚ ਗਿਆਨ ਹੀ ਹੈ।

ਇਸ ਪ੍ਰਕਾਰ ਕੇਵਲ ਵਿਚਾਰਕ ਵਿੱਦਿਆ, ਬ੍ਰਹਮ ਵਿੱਦਿਆ ਬਿਨਾਂ ਅਧੂਰੀ, ਫੋਕੀ, ਰਸਹੀਣੀ ਤੇ ਨਿਸਫਲ ਹੀ ਰਹਿ ਜਾਂਦੀ ਹੈ। ਜਨਮ ਸਫਲਾ ਨਹੀਂ ਕਰਦੀ। ਸਗੋਂ ਹੰਕਾਰ ਪੈਦਾ ਕਰਕੇ ਨਾਸਤਕ ਬਣਾ ਕੇ ਜੂਨਾਂ ਦਾ ਕਾਰਨ ਹੀ ਬਣ ਜਾਂਦੀ ਹੈ।

ਬ੍ਰਹਮਾ ਜੀ ਨੇ ਚਾਰ ਵੇਦ ਰਚੇ ਪਰ ਤਿੰਨਾਂ ਗੁਣਾਂ ਦਾ ਹੀ ਕਥਨ ਕੀਤਾ (ਭਾਉ) ਪ੍ਰੇਮ ਨਾ ਲਿਖਿਆ ਫਿਰ ਪਛਤਾਉਣਾ ਹੀ ਪਿਆ। ਜਿਵੇਂ ਅੱਜ ਕੱਲ੍ਹ ਦੇ ਚੁੰਚ ਗਿਆਨੀ ਵੀ ਕੇਵਲ ਵਿਵਹਾਰਕ ਵਿੱਦਿਆ ਦੀਆਂ ਪੁਸਤਕਾਂ ਪੜ੍ਹ ਪੜ੍ਹ ਕੇ ਬ੍ਰਹਮ ਵਿੱਦਿਆ ਤੋਂ ਖਿਨਾਂ ਥੋਥੇ ਤੇ ਖਾਲੀ ਹੀ ਰਹਿ ਜਾਂਦੇ ਹਨ ਕਿਉਂਕਿ ਉਹ ਭਾਉ, ਭਗਤੀ ਤੇ ਸਿਮਰਨ ਤੋਂ ਖਾਲੀ ਹੁੰਦੇ ਹਨ। ਮਨ ਤਾਰੂ ਮਲਾਹ ਦੀ ਨਿਆਈਂ ਹਨ। ਆਪ ਕਮਾਈ ਨਹੀਂ ਕਰਦੇ ਪ੍ਰੰਤੂ ਦੂਜਿਆਂ ਨੂੰ ਹੀ ਉਪਦੇਸ਼ ਦੇਣ ਜੋਗੇ ਹਨ :

'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ (੪੬੭)

ਅਧਿਆਤਮਕ ਵਿੱਦਿਆ ਬਿਨਾ ਗਿਆਨ, ਸ਼ਾਂਤੀ ਤੇ ਆਨੰਦ ਨਹੀਂ ਪ੍ਰਾਪਤ ਹੁੰਦਾ।

ਜਿਵੇਂ ਨਾਰਦ ਮੁਨ ਨੇ ੭੫੦੦੦ ਵਰ੍ਹਾ ਵਿੱਦਿਆ ਪੜ੍ਹੀ, ਦੂਜੇ ਭਾਈਆਂ ਸਨਕਾਦਿਕਾਂ ਦੇ ਪੁੱਛਣ ਤੋਂ ਦੱਸਿਆ ਕਿ ਮੈਂ ਗੌਣ ਵਜਾਉਣ, ਨ੍ਰਿਤਕਾਰੀ, ਤਰਨ, ਛੰ ਸ਼ਾਸਤਰ, ਚਾਰ ਵੇਦ, ਵਿਆਕਰਣਾਦਿਕ ਸਭ ਪੜ੍ਹੇ ਹਨ। ਮੈਂ ਸਾਰੀ ਵਿੱਦਿਆ ਪੜ੍ਹ ਕੇ ਮੁਕਾ ਦਿੱਤੀ ਹੈ। ਤਾਂ ਉਹਨਾਂ

ਅੰਮ੍ਰਿਤ ਸਿੰਮਦਾ (ਸ੍ਰਵਦਾ) ਹੈ ਉਸ ਨੂੰ ਚੱਟ ਕੇ ਸੱਪ ਆਪਣੀ ਜ਼ਹਿਰ ਮੇਟ ਲੈਂਦਾ ਹੈ।

ਯਥਾ :—'ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥
ਚਾਖਤ ਬੇਗਿ ਸਗਲ ਬਿਖ ਹਰੈ ॥' (੩੪੪)

ਇਉਂ ਬ੍ਰਹਮ ਵਿੱਦਿਆ ਮਣੀ ਦਾ ਪ੍ਰਕਾਸ਼ ਕਰ ਕੇ ਜਿਨ੍ਹਾਂ ਦਾ ਰਿਦਾ ਪੂਰਨ ਵੈਰਾਗ, ਸ਼ੁਭ ਗੁਣਾਂ ਦੇ ਸਹਿਤ ਹੈ, ਉਹ ਰਿਦੇ 'ਚੋਂ ਕਾਮ ਆਦਿ ਦੀ ਜ਼ਹਿਰ ਮੇਟ ਕੇ ਨਾਮ ਅੰਮ੍ਰਿਤ ਪੀਂਦੇ ਹਨ। ਉਹ ਆਪ ਵੀ ਮੁਕਤ ਹਨ, ਹੋਰਨਾਂ ਨੂੰ ਵੀ ਉਪਦੇਸ਼ ਦੇ ਕੇ ਨਿਹਾਲ ਕਰਦੇ ਹਨ।

ਇਕ ਵਾਰੀ ਦੁਰਬਾਸ਼ਾ ਰਿਖੀ ਜੀ ਸਿਰ ਤੇ ਪੁਸਤਕਾਂ ਚੁੱਕੀ ਜਾ ਰਹੇ ਸਨ ਤਾਂ ਜਾਗਵਲਕ ਰਿਖੀ ਨੇ ਮਖੌਲ ਕੀਤਾ ਕਿ 'ਗਰਧਭ ਗੱਛਤੀ' ਭਾਵ ਗਧਾ ਤੁਰਿਆ ਜਾ ਰਿਹਾ ਹੈ। ਦੁਰਬਾਸ਼ਾ ਰਿਖੀ ਦੇ ਪੁੱਛਣ ਤੇ ਉਹਨੇ ਆਖਿਆ, ਤੂੰ ਪੁਸਤਕਾਂ ਦਾ ਭਾਰ ਚੁੱਕੀ ਫਿਰਦਾ ਹੈਂ, ਧਾਰਨ ਨਹੀਂ ਕਰਦਾ, ਕ੍ਰੋਧ ਨਹੀਂ ਗੁਵਾਉਂਦਾ, ਇਸ ਕਰਕੇ ਗਧਾ ਆਖਿਆ ਹੈ।'

'ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥' (੧੧੦੩)

ਵਿੱਦਿਆ ਪੜ੍ਹ ਕੇ ਸਿੱਖਿਆ ਆਪ ਵੀ ਗ੍ਰਹਿਣ ਕਰਨੀ ਚਾਹੀਦੀ ਹੈ।

ਜਿਵੇਂ ਯੁਧਿਸ਼ਟਰ ਤੇ ਦੁਰਯੋਧਨ, ਦਰੋਣਾਚਾਰਯ ਜੀ ਦੇ ਪਾਸ ਪੜ੍ਹਦੇ ਸਨ। ਇਕ ਦਿਨ ਪੁੱਛਣ ਤੇ ਦੁਰਯੋਧਨ ਨੇ ਉੱਤਰ ਦਿੱਤਾ, 'ਮੈਂ ਸਾਰੀ ਸੇਧਾ ਪੜ੍ਹ ਲਈ ਹੈ।' ਜਦੋਂ ਕਿਹਾ, 'ਸੰਸਾਰ ਵਿਚੋਂ ਕੋਈ ਭਲਾ ਪੁਰਸ਼ ਲੱਭ।' ਤਾ ਉਸ ਨੂੰ ਕੋਈ ਵੀ ਭਲਾ ਪੁਰਸ਼ ਨਾ ਪ੍ਰਤੀਤ ਹੋਇਆ। ਫਿਰ ਯੁਧਿਸ਼ਟਰ ਤੋਂ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ, 'ਮੈਂ ਦੋ ਅੱਖਰ (ਗੱਲਾਂ) ਪੜ੍ਹਿਆ ਹਾਂ, ਇਕ ਗੁੱਸਾ ਨਹੀਂ ਕਰਨਾ।' ਤਾਂ ਪਰਖ ਕਰਨ ਵਾਸਤੇ ਦਰੋਣਾਚਾਰਯ ਜੀ ਨੇ ਚਪੇੜ ਮਾਰੀ ਪਰ ਇਸ ਨੇ ਗੁੱਸਾ ਹੀ ਨਾ ਕੀਤਾ। ਦੂਜਾ ਸੱਚ ਬੋਲਣਾ। ਇਕ ਵਾਰੀ ਪਰਖ ਕਰਨ ਲਈ ਧਰਮਰਾਜਾ ਕਸਾਈ ਦਾ ਰੂਪ ਧਾਰ ਕੇ ਗਊ ਭਜਾਈ ਗਿਆ, ਆਪ ਜ਼ਰਾ ਕੁ ਪਿਛੋਂ ਗਿਆ ਤਾਂ ਯੁਧਿਸ਼ਟਰ ਨੂੰ ਪੁੱਛਿਆ, 'ਏਧਰੋਂ ਕੋਈ ਗਊ ਲੰਘੀ ਹੈ?' ਤਾਂ ਉਸ ਨੇ ਕਿਹਾ, 'ਅੱਖਾਂ ਦੇਖਦੀਆਂ ਹਨ ਪਰ ਬੋਲਦੀਆਂ ਨਹੀਂ। ਜ਼ਬਾਨ ਬੋਲਦੀ ਹੈ ਪਰ ਵੇਖਦੀ ਨਹੀਂ। ਹੱਥ ਇਸ਼ਾਰਾ ਕਰ ਸਕਦੇ ਹਨ ਪਰ ਤੁਰ ਕੇ ਨਹੀਂ ਜਾ ਸਕਦੇ। ਇਉਂ ਸਾਰੇ ਇੰਦਰੇ ਆਪਣੀ ਆਪਣੀ ਕ੍ਰਿਆ ਕਰਦੇ ਹਨ ਤੈਨੂੰ ਦੱਸੇ ਕੌਣ?' ਧਰਮਰਾਜਾ ਨੂੰ ਚਰਨੀਂ

'ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥' (੩੫੬)

ਨਹੀਂ ਤਾਂ ਲਾਭ ਨਹੀਂ । ਕੇਵਲ ਵਿਵਹਾਰਕ ਵਿੱਦਿਆ ਪੜ੍ਹਨ ਨਾਲ ਸੰਸਾਰ ਦੇ ਕਾਰਜ ਤਾਂ ਚਲਦੇ ਹਨ ਪਰ ਮਨ ਨੂੰ ਸ਼ਾਂਤੀ ਜਾਂ ਕਲਿਆਨ ਪ੍ਰਾਪਤ ਨਹੀਂ ਹੁੰਦੀ । ਵਿੱਦਿਆ ਸਿੱਖਣਾ ਇਸ ਤਰ੍ਹਾਂ ਹੈ ਜਿਵੇਂ ਤਿੰਨ ਪ੍ਰਕਾਰ ਦੇ ਮਣੀ ਵਾਲੇ ਸੱਪ ਹੁੰਦੇ ਹਨ :-

(੧) ਪਹਿਲੀ ਕਿਸਮ ਦਾ ਸੱਪ ਹਨੇਰੇ ਵਿਚ ਮਣੀ ਕੱਢ ਕੇ ਬਾਹਰ ਰੱਖ ਕੇ ਹੰਕਾਰ ਵਿਚ ਆ ਕੇ ਫੁੰਕਾਰੇ ਮਾਰਦਾ ਹੈ । ਰੇਤ ਵਿਚ ਪਾਸੇ ਮਾਰਦਾ ਹੈ ਜਿਸ ਕਰਕੇ ਰੇਤ ਮਣੀ ਉੱਪਰ ਪੈ ਜਾਂਦੀ ਹੈ ਅਤੇ ਉਹ ਗੁਆਚ ਜਾਂਦੀ ਹੈ ਤਾਂ ਉਹ ਸੱਪ ਦੁਖੀ ਹੋ ਕੇ ਫਣ ਮਾਰ ਮਾਰ ਕੇ ਲੱਭਦਾ ਹੈ, ਨਾ ਪ੍ਰਾਪਤ ਹੋਣ ਤੋਂ ਉਥੇ ਹੀ ਮਰ ਜਾਂਦਾ ਹੈ । ਇਉਂ ਵਿੱਦਿਆ ਦਾ ਹੰਕਾਰ ਕਰਕੇ ਅੰਤ ਪਛਤਾਉਣਾ ਪੈਂਦਾ ਹੈ । ਜਿਵੇਂ ਕਾਂਸ਼ੀ ਵਿਚ ਇਕ ਪੰਡਿਤ, ਵਿੱਦਿਆ ਦਾ ਮਾਣ ਕਰਕੇ ਹਰੇਕ ਮਹਾਤਮਾ ਨਾਲ ਚਰਚਾ ਕਰਿਆ ਕਰਦਾ ਸੀ । ਉਨ੍ਹਾਂ ਨੂੰ ਹਰਾ ਹਰਾ ਕੇ ਹੋਰ ਹੰਕਾਰੀ ਬਣਦਾ ਗਿਆ । ਇਕ ਭਜਨਾਨੰਦੀ ਮਹਾਤਮਾ ਕਾਂਸ਼ੀ ਵਿਚ ਆਏ । ਉਹਨਾਂ ਨੂੰ ਉਨ ਕਹੇ ਕਿ ਮੇਰੇ ਨਾਲ ਚਰਚਾ ਕਰੋ । ਮਹਾਤਮਾ ਨੇ ਕਿਹਾ ਕਿ ਅਸੀਂ ਵਿਦਵਾਨ ਨਹੀਂ ਹਾਂ । ਉਹ ਕਹੇ ਫਿਰ ਭਗਵੇਂ ਕਪੜੇ ਕਿਉਂ ਪਾਏ ਤੇ ਸਾਧੂ ਕਿਉਂ ਬਣੇ ਹੋ ? ਉਹ ਨਾਮ-ਰਸੀਏ ਪੁਰਸ਼ ਜਿੱਥੇ ਵੀ ਬੈਠਣ, ਪੰਡਿਤ ਉਥੇ ਹੀ ਜਾ ਪਹੁੰਚੇ । ਸਿਮਰਨ ਨਾ ਕਰਨ ਦੇਵੇ, ਟਿਕਣ ਨਾ ਦੇਵੇ ਤਾਂ ਉਹਨਾਂ ਤੰਗ ਆ ਕੇ, ਨਾਰਾਜ਼ਗੀ ਨਾਲ ਕਿਹਾ, 'ਕੁੱਤੇ ਤਰ੍ਹਾਂ ਬੋਲੀ ਜਾਂਦਾ ਹੈ, ਭਜਨ ਨਹੀਂ ਕਰਨ ਦਿੰਦਾ ।' ਤਾਂ ਉਹ ਮਰ ਕੇ ਕੁੱਤਾ ਬਣਿਆ ਸੀ । ਉਸ ਦਾ ਉਧਾਰ ਸਤਿਗੁਰੂ ਨਾਨਕ ਸਾਹਿਬ ਜੀ ਨੇ ਕਾਂਸ਼ੀ ਵਿਚ ਪਹੁੰਚ ਕੇ :

'ਪੜਿ ਪੁਸਤਕ ਸੰਧਿਆ ਬਾਦੰ ॥' (੪੭੦) ਸ਼ਬਦ ਉਚਾਰ ਕੇ ਕੀਤਾ ।

(੨) ਦੂਜੇ ਸੱਪ ਹਨੇਰੀ ਰਾਤ ਵਿਚ ਮਣੀ ਬਾਹਰ ਕੱਢ ਕੇ ਰੱਖਦੇ ਹਨ । ਮਣੀ ਦੇ ਚਾਨਣੇ ਤੇ ਜੋ ਕੀੜੇ ਮਕੌੜੇ ਆਉਂਦੇ ਹਨ ਉਹਨਾਂ ਨਾਲ ਪੇਟ ਭਰਦੇ ਹਨ ਹੋਰ ਕੋਈ ਲਾਭ ਨਹੀਂ । ਇਉਂ ਵਿਦਵਾਨ, ਅਨਪੜ੍ਹਾਂ ਉੱਪਰ ਵਿੱਦਿਆ ਕਥਾ ਦਾ ਪ੍ਰਕਾਸ਼ ਰੂਪੀ ਅਸਰ ਪਾ ਕੇ ਆਪਣਾ ਤੇ ਆਪਣੇ ਪ੍ਰਵਾਰ ਦਾ ਪੇਟ ਪਾਲਦੇ ਹਨ । ਹੋਰ ਕੋਈ ਲਾਭ ਨਹੀਂ ਪ੍ਰਮਾਰਥ ਦੀ ਪ੍ਰਾਪਤੀ ਦਾ ।

(੩) ਤੀਸਰੀ ਤਰ੍ਹਾਂ ਦੇ ਸੱਪ ਜੋ ਪੂਰਨਮਾਸ਼ੀ ਦੀ ਰਾਤ ਨੂੰ ਮਣੀ ਕੱਢ ਕੇ ਰੱਖਦੇ ਹਨ । ਉਸ ਉਪਰ ਚੰਦ੍ਰਮਾਂ ਦੀਆਂ ਕਿਰਣਾਂ ਪੈਣ ਤੋਂ ਮਣੀ ਵਿਚੋਂ

ਜਨਮ ਲੈਣ ਵਾਲਾ ਬਹੁਤ ਸਬੰਧੀਆਂ ਸਹਿਤ ਵੀ ਹੋਵੇ ਪਰ ਉਹ ਵਿੱਦਿਆ ਤੋਂ ਬਿਨਾਂ ਸੋਭਾ ਨਹੀਂ ਪਾਉਂਦਾ। ਜਿਵੇਂ ਕੇਸੂ ਦਾ ਫੁੱਲ ਸੁਗੰਧੀ ਬਿਨਾਂ ਸੋਭਦਾ ਨਹੀਂ।

'ਰੂਪ ਦਰਬ ਜੋਬਨ ਸਹਤ ਸੁਕੁਲ ਜਨਮ ਬਹੁ ਬੰਧ॥
ਵਿਦਜਾ ਬਿਨ ਸੋਬਨ ਨਹੀਂ ਜਿਉ ਕੇਸੂ ਬਿਨ ਗੰਧ॥੧੯॥'

ਗਹਿਣੇ, ਸੁੰਦਰ ਬਸਤਰ, ਖ਼ਾਸ ਲਿਬਾਸ ਤੋਂ ਬਿਨਾਂ ਭਾਵੇਂ ਮਾੜੇ ਰੂਪ ਵਾਲਾ ਵੀ ਹੋਵੇ ਪਰ ਉਹ ਵਿਦਵਾਨ ਪੁਰਸ਼ ਉਪਮਾ ਰਹਿਤ ਸੰਤਾਂ ਦੀ ਸਭਾ ਵਿਚ ਸ਼ੋਭਨੀਕ ਹੁੰਦਾ ਹੈ।

'ਅਲੰਕਾਰ ਪਟ ਭੇਮ ਬਿਨ ਯੱਦਪਿ ਹੋਇ ਕੁਰੂਪ॥
ਸੋਭਤ ਸੰਤਨ ਸਭਾ ਬਿਤ ਜਨ ਵਿਦ੍ਯਾਨ ਅਨੂਪ॥੨੦॥'

(ਸਾਰਕੁਤਾਵਲੀ ਅਧਿਆ ੩)

ਵਿੱਦਿਆ ਦੋ ਤਰ੍ਹਾਂ ਦੀ ਹੈ ਇਕ ਵਿਵਹਾਰਕ ਤੇ ਦੂਜੀ ਅਧਿਆਤਮਕ।

ਵਿਵਹਾਰਕ ਵਿੱਦਿਆ ਰੋਜ਼ੀ ਕਮਾਉਣ ਵਾਸਤੇ ਅਤੇ ਉੱਪਰ ਦੱਸੇ ਗੁਣਾ ਦੀ ਪ੍ਰਾਪਤੀ ਲਈ ਹੈ ਪਰ ਪੜ੍ਹ ਕੇ ਮਾਣ ਨਹੀਂ ਕਰਨਾ। ਇਸ ਦਾ ਪੜ੍ਹਨਾ ਤਿੰਨ ਤਰ੍ਹਾਂ ਦਾ ਸਿਆਣਿਆਂ ਨੇ ਦੱਸਿਆ ਹੈ :-

੧. ਮਗਜ਼ ਖਾਣ ਤਰ੍ਹਾਂ :-ਜੋ ਪੁਸਤਕ ਪੜ੍ਹ ਕੇ ਸਿਧਾਂਤ ਨੂੰ ਸਮਝਦਾ ਹੈ ਫਿਰ ਉਸ ਅਨੁਸਾਰ ਚਲਦਾ ਹੈ ਇਹ ਮਗਜ਼ ਖਾਣ ਤਰ੍ਹਾਂ ਹੈ।

੨. ਮਾਸ ਖਾਣ ਤਰ੍ਹਾਂ :-ਪੜ੍ਹ ਕੇ ਕੇਵਲ ਆਪਣਾ ਹੀ ਪਟ ਤੋਰਨਾ ਜਾਂ ਪ੍ਰਵਾਰ ਦਾ ਗੁਜ਼ਾਰਾ ਕਰਨਾ ਇਹ ਮਾਸ ਖਾਣ ਤਰ੍ਹਾਂ ਹੈ।

੩. ਹੱਡੀਆਂ ਚੱਬਣ ਤਰ੍ਹਾਂ :-ਪੜ੍ਹ ਕੇ ਦੂਜਿਆਂ ਤੇ ਤਰਕ ਕਰਨੀ ਕਿ ਇਹ ਸਭ ਅਨਪੜ੍ਹ ਪਸ਼ੂ ਹਨ, ਮੇਰਾ ਕੀ ਮੁਕਾਬਲਾ ਕਰ ਸਕਦੇ ਹਨ? ਹੰਕਾਰ ਤੇ ਲੋਰ ਕਰਨਾ ਇਹ ਹੱਡੀਆਂ ਚੱਬਣ ਦੀ ਤਰ੍ਹਾਂ ਹੈ। ਜਿਵੇਂ ਕੁੱਤਾ ਸੁੱਕੀ ਹੱਡੀ ਮੂੰਹ ਵਿਚ ਲੈ ਕੇ ਚੱਬਦਾ ਹੈ। ਉਸ ਦੇ ਦੰਦਾਂ ਵਿਚੋਂ ਖ਼ੂਨ ਨਿਕਲਦਾ ਹੈ ਪਰ ਉਹ ਸਮਝਦਾ ਹੈ ਕਿ ਸ਼ਾਇਦ ਇਸ ਹੱਡੀ ਵਿਚੋਂ ਮੈਨੂੰ ਰਸ ਆ ਰਿਹਾ ਹੈ ਪਰ ਅਸਲ ਵਿਚ ਉਸ ਕੁੱਤੇ ਨੂੰ ਕੋਈ ਲਾਭ ਨਹੀਂ ਹੁੰਦਾ। ਸੋ :-

'ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰ॥' (੧੪੦)

ਵਿੱਦਿਆ ਪੜ੍ਹ ਕੇ ਪਰਉਪਕਾਰ ਕਰਨ ਦੀ ਗੁਰੂ ਕੀ ਆਗਿਆ ਹੈ।

'ਬਹ ਗਨੀ ਅਲਾਵਹਿਂ ਸੁਤ ਨਾ ਪਢਾਵਹਿ ਜੋ ਸ਼ਤਰੂ ਸਮ ਤਾਤ।
ਸ਼ੋਭਾ ਨਹਿਂ ਪਾਵਹਿ ਮਤਿ ਨਹਿਂ ਆਵਹਿ ਜਗ ਮੈਂ ਇਹ ਬਖਜਾਤ।'
(ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ, ਅਧਿਆਏ ੬)

ਜਦੋਂ ਬੱਚਾ ਪੜ੍ਹਨ ਯੋਗ ਹੋ ਜਾਵੇ, ਉਸ ਨੂੰ ਪੜ੍ਹਨੇ ਪਾ ਦੇਣਾ ਚਾਹੀਦਾ ਹੈ।

ਵਿੱਦਿਆ ਗੁਪਤ, ਨਾਸ਼ ਰਹਿਤ, ਹੋਲਾ ਧਨ ਹੈ ਜਿਸ ਦਾ ਕੋਈ ਭਾਰ ਨਹੀਂ ਲੱਗਦਾ। ਜਿੰਨੀ ਮਰਜ਼ੀ ਕੋਈ ਪੜ੍ਹੀ ਜਾਵੇ। ਵਿੱਦਿਆ ਮਨੁੱਖ ਤਰ੍ਹਾਂ ਸਹਾਇਤਾ ਕਰਦੀ ਹੈ, ਸੰਸਾਰ ਵਿਚ ਜਸ ਤੇ ਸੁੱਖ ਮਿਲਦਾ ਹੈ। ਵਿਦਵਾਨ ਪੁਰਸ਼ ਦਾ ਹਰ ਥਾਂ ਸਤਿਕਾਰ ਹੁੰਦਾ ਹੈ।

'ਗੁਪਤ ਪ੍ਰਛਿੰਨ ਅਤੁਲੁ ਧਨ ਵਿਦਯਾ ਨਰ ਬਪੁ ਜਾਨ॥
ਵਿਦਯਾ ਜਸ ਸੁਖ ਭੋਗ ਦੇ ਵਿਦਯਾ ਗੁਰੁ ਗੁਰੁ ਮਾਨ॥੧੧॥'

ਇਸ ਧਨ ਨੂੰ ਨਾ ਕੋਈ ਵੰਡਾ ਸਕੇ, ਨਾ ਚੁਰਾ ਸਕੇ, ਨਾ ਖੋਹ ਸਕੇ, ਨਾ ਨਾਸ਼ ਹੋਵੇ ਤੇ ਨਾ ਅੱਗ ਸਾੜ ਸਕੇ। ਫਿਰ ਇਹ ਸਭ ਥਾਵਾਂ ਤੇ ਸਗੋਂ ਪ੍ਰਦੇਸ਼ ਵਿਚ ਵੀ ਮਥੰਪੀ ਦੀ ਤਰ੍ਹਾਂ ਸਹਾਇਤਾ ਕਰਨ ਵਾਲੀ ਹੈ, ਵਿੱਦਿਆ ਵਿਸ਼ੇਸ਼ ਕਰਕੇ ਪੂਜਨੀਕ ਹੈ। ਇਹ ਦੁੱਖਾਂ ਨੂੰ ਸਾੜਨ ਵਾਲੀ ਵਿੱਦਿਆ ਹੈ। ਰਾਜਿਆਂ ਦੁਆਰਾ ਜ਼ਿਆਦਾ ਸਤਿਕਾਰੀ ਜਾਂਦੀ ਹੈ। ਵਿੱਦਿਆ ਤੋਂ ਬਿਨਾਂ ਮਨੁੱਖ ਨੂੰ ਪਸ਼ੂ ਤਰ੍ਹਾਂ ਵੇਖਣਾ ਕਰੋ।

'ਵਿਦਯਾ ਬੰਧ ਪ੍ਰਦੇਸ ਮੈ ਵਿਦਯਾ ਦੇਵ ਬਿਸੇਖ॥
ਪੂਜਾ ਨਿਪੋਂ ਕਰ ਅਘਹਤੀ ਵਿਦਯਾ ਬਿਨੁ ਪਸੁ ਦੇਖ॥

ਮੂਰਖ ਦੀ ਘਰ ਵਿਚ ਮੰਨੀਦੀ ਹੈ ਕਿਉਂਕਿ ਘਰ ਦਾ ਵਿਹਾਰ ਕਰਾਉਣਾ ਹੁੰਦਾ ਹੈ। ਨੰਬਰਦਾਰ ਸਰਪੰਚ ਆਪਣੇ ਪਿੰਡ ਵਿਚ, ਰਾਜੇ ਵਜ਼ੀਰ ਦਾ ਸਤਿਕਾਰ ਵੀ ਕੇਵਲ ਆਪਣੇ ਦੇਸ਼ ਵਿਚ ਹੀ ਹੁੰਦਾ ਹੈ ਪਰ ਵਿਦਵਾਨ ਸਭ ਥਾਈਂ ਸਤਿਕਾਰੇ ਜਾਂਦੇ ਹਨ। ਇਸ ਲਈ ਵਿੱਦਿਆ ਪੜ੍ਹਨੀ ਅਤੀ ਜ਼ਰੂਰੀ ਹੈ।

'ਮੁਗਧ ਪੂਜ ਨਿਜ ਧਾਮ ਮੈਂ ਪ੍ਰਭੁ ਪੂਜ ਨਿਜ ਨੱਗ॥
ਭੂਪ ਪੂਜ ਸ੍ਵਾਦੇਸ ਮੈਂ ਪੂਜਤ ਗੁਣੀ ਸਮੱਗ॥੧੭॥'

ਇਹ ਓਥੇ ਪਹੁੰਚਾਉਂਦੀ ਹੈ ਜਿਥੇ ਕੋਈ ਧਨੀ ਵੀ ਨਹੀਂ ਪਹੁੰਚ ਸਕਦਾ। ਭਾਵੇਂ ਕੋਈ ਸੁੰਦਰ ਸਰੂਪ, ਧਨੀ, ਚੜ੍ਹਦੀ ਜੁਆਨੀ ਵਾਲਾ, ਉੱਚੀ ਕੁਲ ਵਿਚ

ਗੁਰਸਿੱਖ ਬਣੇ। ਹੋਰ ਕਿਸੇ ਬ੍ਰਿਧ ਮਾਈ ਤੋਂ ਮਿੱਠੇ ਜਾਂ ਖੰਡ ਆਦਿਕ ਦੀ ਗੁੜ੍ਹਤੀ ਦੇਣੀ ਮਨਮਤ ਹੈ। ਹੋਰ ਰੱਖ, ਤਵੀਤ ਜਾਂ ਟੂਣਾ ਬੱਚੇ ਦੇ ਹੱਥ ਜਾਂ ਗਲ ਵਿਚ ਬੰਨ੍ਹਣਾ ਮਨ੍ਹਾ ਹੈ। ਸਗੋਂ ਸਾਰੇ ਬਿਘਨਾਂ ਦਾ ਨਾਸ਼ਕ ਸਰਬ ਲੋਹ ਦਾ ਕੜਾ ਬੱਚੇ ਦੇ ਹੱਥ ਵਿਚ ਪਾ ਦੇਣਾ ਚਾਹੀਦਾ ਹੈ। ਪ੍ਰਮੇਸ਼ਰ ਦੇ ਸ਼ੁਕਰਾਨੇ ਵਜੋਂ ਅਨੰਦੁ ਸਾਹਿਬ ਦਾ ਸਾਰਾ ਪਾਠ ਅਤੇ ਕੀਰਤਨ ਹੋਵੇ।

'ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥' (੩੯੬)

'ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਦਾ ਡੇਰਾ ਭੰਨਾ ॥' (੬੨੮)

'ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾਕਾ ਅੰਤੁ ਨ ਪਾਰੋ ॥੧॥

'ਪੂਤਾ ਮਾਤਾ ਕੀ ਆਮੀਸ ॥ ਨਿਮਖ ਨ ਬਿਸਰਉ
ਤੁਮ੍ ਕਉ ਹਰਿ ਹਰਿ, ਸਦਾ ਭਜਹੁ ਜਗਦੀਸ ॥' (੪੯੬)

ਆਦਿਕ ਸ਼ਬਦ ਪੜ੍ਹੇ ਜਾਣ। ਸ਼ਰਾਬ ਪੀਣੀ, ਕੁੱਕੜ ਵੱਢਣੇ ਮਹਾਨ ਪਾਪ ਹੈ। ਉਸੇ ਦਿਨ ਤੋਂ ਘਰ ਵਿਚ ਸਹਿਜ ਪਾਠ ਅਰੰਭਿਆ ਜਾਵੇ, ਜਿਸ ਦਾ ਪਾਠ ਬੱਚੇ ਅਤੇ ਮਾਤਾ ਨੂੰ ਸੁਣਾ ਕੇ ਭੋਗ ਪਾਇਆ ਜਾਵੇ। ਯਥਾ ਸ਼ਕਤਿ ਗੁਰੂ ਕੀਆਂ ਸੰਗਤਾਂ ਨੂੰ ਗੁਰੂ ਕਾ ਲੰਗਰ ਤਿਆਰ ਕਰ ਕੇ ਛਕਾਇਆ ਜਾਵੇ।

੨. ਵਿੱਦਿਆ ਸੰਸਕਾਰ

'ਗੁਰਪਰਸਾਦੀ ਵਿਦਿਆ ਵੀਚਾਰੇ ਪੜਿ ਪੜਿ ਪਾਵਹਿ ਮਾਨੁ ॥' (੧੩੨੯)

'ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥' (੩੫੬)

'ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥' (੩੪੦)

ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਵਿੱਦਿਆ ਜ਼ਰੂਰ ਪੜ੍ਹਾਉਣ। ਵਿੱਦਿਆ ਮਨੁੱਖ ਦਾ ਤੀਜਾ ਨੇਤ੍ਰ ਹੈ।

'ਦੁਇ ਦੁਇ ਲੋਚਨ ਸਰਬਾਨਾ, ਵਿਦਵਾਨਾ ਤ੍ਰਈ ਲੋਚਨਾ,
ਪੰਡਤਾਨਾ ਸਪਤਾਨਾ, ਬ੍ਰਹਮ ਗਿਆਨੀ ਅਨੰਤ ਲੋਚਨਾ।'

ਵਿੱਦਿਆਹੀਨ ਪੁਰਸ਼ ਪਸ਼ੂ ਤਰ੍ਹਾਂ ਹੈ। ਸੋ ਵਿੱਦਿਆ ਪੜ੍ਹਨੀ ਹਰੇਕ ਪ੍ਰਾਣੀ-ਮਾਤਰ ਲਈ ਜ਼ਰੂਰੀ ਹੈ। ਉਹ ਮਾਪੇ ਵੱਡੇ ਦੁਸ਼ਮਨ ਹੁੰਦੇ ਹਨ ਜੋ ਉਲਾਦ ਨੂੰ ਵਿੱਦਿਆ ਨਹੀਂ ਪੜ੍ਹਾਉਂਦੇ।

ਆਵਾਜ਼ ਸੁਣ ਕੇ ਉਹ ਜਾਗ ਪਈ ਅਤੇ ਪਾਣੀ ਦੇ ਵਿਚ ਦੀ ਸ਼ੇਰ ਦਾ ਮੂੰਹ ਦਿਸਿਆ ਤੇ ਚੜ੍ਹਦਾ ਸੂਰਜ ਮੱਥੇ ਲੱਗਾ, ਉਸ ਕਰਕੇ ਜੈਦ ਪੁਰਾਣੇ ਵਿਚ ਤਾਕਤ ਸੀ। ਉਹ ਬੜਾ ਬਲੀ ਸੀ। ਉਸ ਦੇ ਬਲ ਦਾ ਅੰਤ ਨਹੀਂ ਸੀ। ਕਾਲਿਆ! ਤੂੰ ਇਉਂ ਨਾ ਸਮਝ ਲਈਂ ਕਿ ਉਸ ਦੀ ਬਰਛੀ ਨੇ ਤੇਰੇ ਦੋ ਦੰਦ ਹੀ ਭੰਨੇ ਹਨ। ਅਸੀਂ ਤੇਰੀ ਰੱਖਿਆ ਕਰਨ ਵਾਸਤੇ ਆਪਣੇ ਹੱਥ ਵਿਚ ਲੋਹੇ ਦੀ ਅਹਿਰਣ ਪਕੜੀ ਹੋਈ ਸੀ। ਉਸ ਦੇ ਡੋਲਿਆਂ ਨੂੰ ਦੋ ਬੀਤ ਅਤੇ ਲੱਤਾਂ ਨੂੰ ਦੋ ਸੂਰਮੇਂ ਚੰਬੜੇ ਹੋਏ ਸਨ। ਉਸ ਦੀ ਬਰਛੀ ਅਹਿਰਣ ਨੂੰ ਵਿੰਨ੍ਹ ਕੇ ਸਾਡੀ ਹਥੇਲੀ ਵਿਚ ਲੱਗ ਕੇ ਰੁਕ ਗਈ ਤੇ ਉਸ ਧੱਕੇ ਨੇ ਹੀ ਤੇਰੇ ਦੋ ਦੰਦ ਭੰਨੇ ਹਨ ਨਹੀਂ ਤਾਂ ਉਸ ਨੇ ਤੈਨੂੰ ਛੱਡਣਾ ਨਹੀਂ ਸੀ।' ਗੁਰੂ ਸਾਹਿਬ ਜੀ ਨੇ ਆਪਣੀ ਹਥੇਲੀ ਦਾ ਜ਼ਖ਼ਮ ਵੀ ਵਿਖਾਇਆ। ਇਹ ਦੇਖ ਕੇ ਕਾਲੇ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ।

ਇਸ ਪ੍ਰਕਾਰ ਜੋ ਗਰਭ ਧਾਰਨ ਵੇਲੇ ਮੱਥੇ ਲੱਗਦਾ ਹੈ ਉਸ ਦਾ ਬੱਚੇ ਤੇ ਅਸਰ ਪੈ ਜਾਂਦਾ ਹੈ।

ਜਦੋਂ ਵਾਹਿਗੁਰੂ ਦੀ ਬਖ਼ਸ਼ਿਸ਼ ਹੋਵੇ, ਬੱਚਾ ਜਨਮ ਲਵੇ, ਉਸ ਵੇਲੇ ਸਭ ਤੋਂ ਪਹਿਲਾਂ ਉਸਨੂੰ ਵਾਹਿਗੁਰੂ ਗੁਰਮੰਤ੍ਰ ਸੁਣੌਣਾ ਚਾਹੀਦਾ ਹੈ। ਦਾਈ ਵੀ ਸਿੱਖਣੀ ਹੋਵੇ ਜੋ ਕਿ ਗੁਰਸਿੱਖੀ ਦੇ ਸੰਸਕਾਰ ਬੱਚੇ ਨੂੰ ਪਾਵੇ। ਬੱਚੇ ਦੇ ਜਨਮ ਸਮੇਂ ਕੋਸੇ ਜਲ ਨਾਲ ਇਸ਼ਨਾਨ ਕਰਵਾ ਕੇ ਰੂੰ ਵਿਚ ਲਪੇਟ ਕੇ ਸਭ ਤੋਂ ਪਹਿਲਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਪਵਿੱਤਰ ਹਜ਼ੂਰੀ ਵਿਚ ਲਿਜਾ ਕੇ ਸਤਿਗੁਰਾਂ ਨੂੰ ਮੱਥਾ ਟਿਕਾਉਣਾ ਚਾਹੀਦਾ ਹੈ। ਕੜਾਹ ਪ੍ਰਸ਼ਾਦਿ ਦੀ ਦੇਗ ਹਜ਼ੂਰੀ ਵਿਚ ਲਿਆ ਕੇ ਅੰਮ੍ਰਿਤ ਤਿਆਰ ਕਰ ਕੇ ਬੱਚੇ ਦੇ ਮੁੱਖ ਵਿਚ ਪਾਉਣਾ ਇਹ ਪਹਿਲੀ ਗੁੜ੍ਹਤੀ ਹੈ।

ਇਹ *ਗੁਰਮਤਿ ਅਨੁਸਾਰ ਸਭ ਤੋਂ ਪਵਿੱਤਰ ਗੁੜ੍ਹਤੀ ਹੈ। ਫਿਰ ਸਤਿਗੁਰਾਂ ਅੱਗੇ ਅਰਦਾਸ ਕਰਕੇ ਹੁਕਮਨਾਮਾ ਲੈ ਕੇ ਬੱਚੇ ਦਾ ਨਾਮ ਸ੍ਰੀ ਮੁਖਵਾਕ ਦੇ ਪਹਿਲੇ ਅੱਖਰ ਤੋਂ ਰੱਖ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ। ਤਦ ਬੱਚੇ ਨੂੰ ਮਾਤਾ ਦਾ ਦੁੱਧ ਚੁੰਘਾਇਆ ਜਾਵੇ। ਜਿਸ ਕਰ ਕੇ ਬਾਲਕ ਸੂਰਬੀਰ, ਯੋਧਾ, ਬਲੀ, ਭਗਤ, ਦਾਨੀ, ਉੱਚੇ ਜੀਵਨ ਵਾਲਾ

---

*ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦਾ ਜਨਮ ਸੰਸਕਾਰ ਵੀ ਏਸੇ ਤਰ੍ਹਾਂ ਉਹਨਾਂ ਦੇ ਸਤਿਕਾਰ ਯੋਗ ਪਿਤਾ ਬਾਬਾ ਖੜਗ ਸਿੰਘ ਜੀ, ਜੋ ਗੁਰਬਾਣੀ ਦੇ ਲਿੱਵਲੀਨ, ਪ੍ਰੇਮੀ ਤੇ ਅੰਮ੍ਰਿਤਧਾਰੀ ਸਨ, ਨੇ ਕੀਤਾ ਸੀ। ਇਹ ਸੋਹਣੀ ਪਰਿਪਾਟੀ ਸਭ ਅੰਮ੍ਰਿਤਧਾਰੀ ਸਿੰਘਾਂ ਵਿਚ ਪ੍ਰਚੱਲਤ ਹੈ।

ਕਰਨਾ ਚਾਹੀਦਾ ਹੈ, ਜਿਸ ਦਾ ਬੱਚੇ ਦੇ ਜੀਵਨ ਤੇ ਬੜਾ ਅਸਰ ਪੈਂਦਾ ਹੈ।

ਜਿਵੇਂ ਇੰਦਰ ਦੇਵਤਾ ਹਰਣਾਖਸ਼ ਦੈਂਤ ਨੂੰ ਹਰਾ ਕੇ ਉਸ ਦੀ ਪਤਨੀ ਧਾਇ ਨੂੰ ਪਕੜ ਕੇ ਲੈ ਗਿਆ। ਨਾਰਦ ਜੀ ਦੇ ਕਹਿਣ ਤੇ ਕਿ ਇਸ ਦੇ ਪੇਟੋਂ ਮਹਾਨ ਭਗਤ ਪੈਦਾ ਹੋਣਾ ਹੈ ਜਿਸ ਕਰਕੇ ਉਸ ਨੂੰ ਜੰਗਲ ਵਿਚ ਰਿਖੀਆਂ ਪਾਸ ਛੱਡ ਦਿੱਤਾ ਜਿੱਥੇ ਕਿ ਰਿਖੀਆਂ ਦੇ ਸਿਮਰਨ ਭਜਨ ਤੇ ਚੰਗੇ ਉਪਦੇਸ਼ ਦਾ ਮਾਤਾ ਦੇ ਗਰਭ ਵਿਚ ਹੀ ਪ੍ਰਹਿਲਾਦ ਭਗਤ ਤੇ ਬਹੁਤ ਚੰਗਾ ਅਸਰ ਪਿਆ।

ਆਪਣੇ ਘਰ ਵਿਚ ਕੋਈ ਵੇਸਵਾ ਆਦਿਕ ਦੀ ਗੰਦੀ ਫੋਟੋ ਨਹੀਂ ਲਾਉਣੀ। ਗੰਦੇ ਰਿਕਾਰਡ ਨਹੀਂ ਸੁਣਨੇ ਸਗੋਂ ਹਰ ਸਮੇਂ ਬਾਣੀ, ਕੀਰਤਨ, ਕਥਾ, ਸਿਮਰਨ ਵਿਚ ਲੀਨ ਰਹਿਣਾ ਤੇ ਘਰ ਵਿਚ ਦਸਾਂ ਹੀ ਸਤਿਗੁਰਾਂ ਦੀਆਂ ਜਾਂ ਯੋਧੇ ਸ਼ਹੀਦਾਂ, ਸੂਰਬੀਰਾਂ, ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸ਼ਾਹਬਾਜ ਸਿੰਘ ਜੀ, ਭਾਈ ਸੁਬੇਗ ਸਿੰਘ ਜੀ ਚਰਖੜੀ ਚੜ੍ਹਣ ਸਮੇਂ ਦੀਆਂ, ਸਿਮਰਨ ਭਜਨ ਵਿਚ ਲੀਨ ਤਨਿਕ ਮਸਤਾਨਾ ਵਿਚ ਪ੍ਰਾਪਤ ਮਹਾਂ ਪੁਰਖਾਂ ਦੀਆਂ ਫੋਟੋਆਂ ਘਰ ਵਿਚ ਹੋਣ, ਜਿਨ੍ਹਾਂ ਦੇ ਮੱਥੇ ਲੱਗਣ ਤੋਂ, ਦਰਸ਼ਨ ਹੋਣ ਤੋਂ, ਸੋਹਣਾ ਪ੍ਰਭਾਵ ਮਨ ਤੇ ਪਵੇ।

ਸਾਖੀ ਜੈਦ ਪੁਰਾਣੇ ਦੀ

ਮਾਲਵੇ ਵਿਚ ਗੁਰੂ ਸਰ ਮਰੂਾੜ ਵਿਚ ਹਜ਼ੂਰ ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਜਿਸ ਵਕਤ ਕਾਲੇ ਦਾ ਜੰਗ ਕਰਵਾ ਕੇ ਫੂਲਕਿਆਂ ਦੀ ਜਿੱਤ ਕਰਵਾਉਣ ਲੱਗੇ ਸਨ ਤਾਂ ਉਥੇ ਜੈਦ ਪੁਰਾਣਾ ਬੜਾ ਭਾਰੀ ਯੋਧਾ ਸੀ ਤੇ ਉਹ ਜਿੱਤਿਆ ਨਹੀਂ ਸੀ ਜਾਂਦਾ। ਕਾਲੇ ਨਾਲ ਜੰਗ ਕਰਦੇ ਸਮੇਂ ਜੈਦ ਪੁਰਾਣੇ ਨੇ ਵਾਰ ਕਰਕੇ ਉਸ ਦੇ ਦੋ ਦੰਦ ਤੋੜ ਦਿੱਤੇ। ਤਾਂ ਕਾਲੇ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਆਪ ਜੀ ਤਾ ਕਹਿੰਦੇ ਸੀ ਕਿ ਜੈਦ ਪੁਰਾਣਾ ਬਹੁਤ ਬਲੀ ਹੈ ਪਰ ਉਹ ਸਿਵਾਏ ਮੇਰੇ ਦੋ ਦੰਦ ਤੋੜਨ ਦੇ ਹੋਰ ਕੁਝ ਨਹੀਂ ਕਰ ਸਕਿਆ।

ਸਤਿਗੁਰੂ ਜੀ ਨੇ ਕਿਹਾ, 'ਨਹੀਂ ਭਾਈ! ਇਹ ਜੈਦ ਪੁਰਾਣਾ ਬੜਾ ਬਲੀ ਸੀ। ਉਹ ਜਿਸ ਦਿਨ ਮਾਤਾ ਦੇ ਉਦਰ ਵਿਚ ਆਇਆ ਸੀ ਉਸ ਦਿਨ ਦੀ ਗੱਲ ਹੈ ਕਿ ਜਿਸ ਵਕਤ ਇਸ ਦੀ ਮਾਤਾ ਕੋਠੇ ਤੇ ਸੁੱਤੀ ਪਈ ਸੀ, ਜੰਗਲ ਵਿਚੋਂ ਇਕ ਸ਼ੇਰ ਆਇਆ ਜੋ ਛੱਪੜ ਚੋਂ ਪਾਣੀ ਪੀ ਕੇ ਗਰਜਿਆ; ਜਿਸ ਦੀ

ਕੇਵਲ ਸੰਸਾਰਕ ਵਿਹਾਰ ਕਰਨ ਵਾਸਤੇ ਇਕੱਠੇ ਹੋਣਾ ਹੀ ਇਸਤਰੀ ਪਤੀ ਪੁਣਾ ਨਹੀਂ, ਸਗੋਂ ਵੇਖਣ ਨੂੰ ਬਾਹਰੋਂ ਦੋ ਸੂਰਤਾਂ ਪਰਤੀਤ ਹੋਣ ਪਰ ਅੰਦਰੋਂ ਦੋਹਾਂ ਦੀ ਜੀਰਤ ਤੇ ਮਨ ਕਰ ਕੇ ਏਕਤਾ ਹੋਵੇ। ਧਰਮ ਇਕ ਹੋਵੇ, ਨਿਸ਼ਚਾ ਇਕ ਪ੍ਰਮੇਸ਼ਰ ਤੇ ਹੋਵੇ, ਉਹ ਪਤੀ ਸਤੀ ਹਨ। ਕਿਉਂਕਿ ਜੇ ਗੱਡੇ ਦੇ ਦੋਵੇਂ ਪਹੀਏ ਬਰਾਬਰ ਹੋਣ ਤਾਂ ਹੀ ਠੀਕ ਚੱਲ ਸਕਦਾ ਹੈ। ਇਉਂ ਗ੍ਰਹਿਸਤ ਰੂਪ ਗੱਡੀ ਦੇ ਪਤੀ ਸਤੀ ਦੋ ਪਹੀਏ ਹਨ। ਇਕੋ ਜਿਹਾ ਹੀ ਉਹਨਾਂ ਦਾ ਜੀਵਨ ਹੋਣਾ ਚਾਹੀਦਾ ਹੈ। ਉਹਨਾਂ ਦੇ ਸਬੰਧ ਕਰ ਕੇ ਜੋ ਔਲਾਦ ਹੋਵੇਗੀ, ਉਹ ਉੱਚੇ ਜੀਵਨ ਵਾਲੀ ਹੋਵੇਗੀ। ਔਲਾਦ ਦੀ ਪ੍ਰਾਪਤੀ ਕਰਨ ਵਾਸਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ ਸੰਗਤ ਅੱਗੇ ਹੀ ਅਰਦਾਸ ਕਰਨੀ ਹੈ, ਹੋਰ ਕੋਈ ਪੀਰ, ਫ਼ਕੀਰ, ਕਬਰ, ਮੜ੍ਹੀ, ਜਾਦੂ, ਟੂਣਾ, ਤਵੀਤ, ਬਲੀ ਦੇਣੀ, ਚਰਸਤੇ 'ਚ ਨਹਾਉਣਾ, ਸਿਵਿਆਂ ਤੇ ਮਾਸ ਰਿੰਨ੍ਹਣਾ, ਖੂਹ ਵਿਚ ਜਾਲ ਪਾ ਕੇ ਨਹਾਉਣਾ ਜਾਂ ਮੰਜਾ ਬੰਨ੍ਹ ਕੇ ਪਾਣੀ ਨੇੜੇ ਜਾ ਕੇ ਰੋਟੀਆਂ ਪਕਾਉਣੀਆਂ, ਦੀਵਾਲੀ ਵਾਲੀ ਰਾਤ ਬਿਗਾਨੇ ਬੱਚਿਆਂ ਦੇ ਕੇਸ ਮੁੰਨਣੇ ਆਦਿਕ ਅਤਿਅੰਤ ਮਨ੍ਹਾ ਹਨ। ਕੇਵਲ ਪ੍ਰਮੇਸ਼ਰ ਅੱਗੇ ਹੀ ਅਰਦਾਸ ਕਰਨੀ ਹੈ :-

'ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥' (੫੩੦੮)

ਪ੍ਰਮੇਸ਼ਰ ਦੀ ਕ੍ਰਿਪਾ ਨਾਲ ਗਰਭ ਧਾਰਨ ਹੋਵੇ ਤਾਂ ਗਰਭ ਦੀ ਰੱਖਿਆ ਵਾਸਤੇ ਬੱਚੇ ਦੇ ਉੱਚੇ ਜੀਵਨ ਲਈ ਮੂਲ ਮੰਤਰ ਦਾ ਪਾਠ ਕਰਨਾ ਚਾਹੀਦਾ ਹੈ :—

'ਸਿਰ ਮਸਤੁਕ ਰਖ੍ਯਾ ਪਾਰਬ੍ਰਹਮ ਹਸਤ ਕਾਯਾ ਰਖ੍ਯਾ ਪਰਮੇਸ੍ਵਰਹ ॥
ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਣ ਰਖ੍ਯਾ ਜਗਦੀਸ੍ਵਰਹ ॥
ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ ॥
ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ ॥'
(੧੩੫੮)

'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥
ਚਉਗਿਰਦ ਹਮਾਰੈ ਰਾਮ ਕਾਰ ਦੂਖੁ ਲਗੈ ਨ ਭਾਈ ॥' (੮੧੯)

'ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤ ਬਚਾਵੈ ॥'
(ਦਸਮ ੩੫)

ਆਦਿ ਸ਼ਬਦ ਪੜ੍ਹਨੇ ਚਾਹੀਦੇ ਹਨ। ਹੋਰ ਕਿਸੇ ਪ੍ਰਕਾਰ ਦਾ ਟੂਣਾ ਆਦਿਕ ਨਹੀਂ ਕਰਨਾ। ਇਨ੍ਹਾਂ ਦਿਨਾਂ ਵਿਚ ਸਿੰਘ ਸਿੰਘਣੀ ਨੂੰ ਵਿਸ਼ੇਸ਼ ਸਿਮਰਨ ਭਜਨ

੧ ੴ ਸਤਿਗੁਰ ਪ੍ਰਸਾਦਿ ॥ ਆਸਾ ਘਰੁ ੬ ਮਹਲਾ ੧ ॥
ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥
ਲਾਲ ਬਹੁ ਗੁਣਿ ਕਾਮਣਿ ਮੋਹੀ ॥
ਤੇਰੇ ਗੁਣ ਕ੹ਹਿ ਨ ਆਵਹੀ ॥੧॥ ਰਹਾਉ ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰਿ ਕਰਿ ਕਰਤਾ ਕੰਗਨ ਪਹਿਰੈ ਇਨਿ ਬਿਧਿ ਚਿਤੁ ਧਰੇਈ ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥
ਧੀਰਜੁ ਬੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥
(੩੫੯)

ਆਪਣੇ ਪਤੀ ਨੂੰ ਵੱਸ ਕਰਨ ਵਾਸਤੇ ਜੰਤ੍ਰ ਮੰਤ੍ਰ ਤੰਤ੍ਰ ਨਾ ਕਰੋਂਦੀ ਫਿਰੇ।

'ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥' (੧੩੮੪)

ਇਉਂ ਸਿੰਘ ਸਿੰਘਣੀ ਦਾ ਰਹਿਤ-ਮਰਯਾਦਾ ਵਿਚ ਪ੍ਰਪੱਕ, ਸਿਮਰਣ ਤਾਣ, ਨਿੱਤਨੇਮ ਵਾਲਾ ਜੀਵਨ, ਧਰਮ ਦੀ ਕਿਰਤ, ਵੰਡ ਕੇ ਛਕਣਾ, ਗੁਰੂ ਦਾ ਦਸਵੰਧ ਦੇਣਾ, ਨਿਸ਼ਕਪਟ, ਨਿਰਛਲ, ਸਾਦਾ ਜੀਵਨ ਜਿਉਣ ਵਾਲਾ ਗ੍ਰਹਿਸਤ ਸਵਰਗ ਤੋਂ ਵੀ ਵੱਧ ਸੁਖਦਾਈ ਹੈ। ਵੈਰਾਗ ਸਹਿਤ ਵੀਚਾਰ ਵਾਲਾ ਹੋਵੇ।

'ਇਸਤ੍ਰੀ ਪੁਰਖੈ ਅਤਿ ਨੇਹ ਬਹਿ ਮੰਦ ਪਕਾਇਆ ॥
ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥
ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥
ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥
ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥' (੧੨੫੦)

'ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥' (੭੮੮)

ਭਾਵ ਭਾਵੇਂ ਕਿੱਡਾ ਵੀ ਕੋਈ ਕੁਕਰਮੀ ਹੋਵੇ ਜਿਵੇਂ ਉਹ ਆਪਣੀ ਸੱਕੀ ਧੀ ਭੈਣ ਨਾਲ ਕੁਰੀਤੀ ਕਰਨ ਤੋਂ ਜ਼ਰੂਰ ਸੰਕੋਚਦਾ ਹੈ, ਇਵੇਂ ਜਦੋਂ ਬਿਗਾਨੀਆਂ ਸਾਰੀਆਂ ਨੂੰ ਸੱਕੀਆਂ ਮਾਵਾਂ, ਭੈਣਾਂ, ਧੀਆਂ ਸਮਝੇ ਤਾਂ ਆਪੇ ਜੀਵਨ ਉੱਚਾ ਰਹੇਗਾ, ਨਹੀਂ ਤਾਂ :-

'ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥' (੧੩੬੨)

ਰੂਪ ਤੰਨ ਮਿਲੇਗਾ।

ਬੀਬੀ ਦਾ ਜੀਵਨ ਵੀ ਇਸੇ ਤਰ੍ਹਾਂ ਉੱਚਾ, ਪਤੀਬ੍ਰਤਾ ਧਰਮ ਵਿਚ ਪ੍ਰਪੱਕ ਹੋਣਾ ਚਾਹੀਦਾ ਹੈ। ਆਪਣੇ ਪਤੀ ਨੂੰ ਹੀ ਪਰਮੇਸ਼ਰ ਰੂਪ ਕਰ ਕੇ ਜਾਣੇ।

'ਕਹੁ ਨਾਨਕ ਜਿਨਿ ਪਿਉ ਪਰਮੇਸਰ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪ੍ਰਵਾਨਿਆ ॥' (੧੮੫)

ਆਪਣੀ ਪਤੀ ਤੋਂ ਬਿਨਾਂ ਬਾਕੀ ਵੱਡਿਆਂ ਨੂੰ ਪਿਤਾ, ਬਰਾਬਰ ਦਿਆਂ ਨੂੰ ਭਰਾ ਤੇ ਛੋਟਿਆਂ ਨੂੰ ਪੁੱਤਰਾਂ ਦੀ ਨਿਗ੍ਹਾ ਨਾਲ ਦੇਖੇ। ਹੋਰ ਬਿਗਾਨੇ ਪਤੀ ਨੂੰ ਮੈਲੀ ਨਿਗ੍ਹਾ ਨਾਲ ਨਾ ਦੇਖੇ, ਨਾ ਕੋਈ ਗੁਪਤ ਵਿਕਾਰ ਦੀ ਗੱਲ ਕਰੇ, ਨਾ ਸੁਣੇ। ਤਨ ਮਨ ਪਤੀ ਦੀ ਸੇਵਾ ਵਿਚ ਦੇਵੇ :

'ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਮੁਨੈ ਅਭਾਖੈ ॥' (੭੯੩)

ਹੋਰ ਪਤੀ ਦੀ ਪ੍ਰਸੰਨਤਾ ਲਈ ਸ਼ੁਭ ਗੁਣਾਂ ਦਾ ਹੀ ਸ਼ਿੰਗਾਰ ਹੋਵੇ।

'ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥
ਸਗਲ ਗੁਣਾ ਗੁਣ ਉਤਮੋ ਭਰਤਾ ਦੂਰਿ ਨ ਪਿਖੁ ਰੀ ॥ ੧ ॥
ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗ ਰੀ ॥
ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ
ਸੰਗਿ ਰੀ ॥ ੧ ॥' (੪੦੦)

ਪਤੀ ਦੀ ਆਗਿਆ ਵਿਚ ਚੱਲਣ ਨੂੰ ਅਸਲ ਸ਼ਿੰਗਾਰ ਸਮਝੇ।

'ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥' (੪੦੦)

ਸਾਬਤ ਸੂਰਤ ਵਿਗਾੜ ਕੇ ਗਹਿਣੇ ਪਾਉਣ ਦੀ ਆਗਿਆ ਨਹੀਂ, ਸਗੋਂ :-

'ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥' (੧੦੬੩)
'ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ '(੯੯੨)

ਸੋ ਗੁਰੂ ਕਾ ਹੁਕਮ ਹੈ :-

'ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥' (੬੭੧)
ਸੋ:-'ਗੁਰਮੁਖਿ ਗਾਡੀ ਰਾਹੁ ਚਲੰਦਾ ॥੧੧॥' (ਵਾਰ ੪੦)

ਇਸ ਸਾਰੀ ਮਰਯਾਦਾ ਨੂੰ ਪੰਜਾਂ ਹਿੱਸਿਆਂ ਵਿਚ ਵੰਡਿਆ, ਜਿਨ੍ਹਾਂ ਨੂੰ ਸੰਸਕਾਰ ਕਿਹਾ ਜਾਂਦਾ ਹੈ। ਸੰਸਕਾਰ : ਧਰਮ ਮਰਯਾਦਾ ਨਾਲ ਕੀਤਾ ਹੋਇਆ ਉਹ ਕਰਮ ਜਿਸ ਦਾ ਅਸਰ ਚਿੱਤ ਤੇ ਬਣਿਆ ਰਹੇ। ਇਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਭਾਵ ਹੈ 'ਸ਼ੁੱਧ ਕਰਨਾ', 'ਠੀਕ ਕਰਨਾ'। ਧਾਰਮਿਕ ਸੰਸਕਾਰ ਹੀ ਸਿੱਖ ਨੂੰ ਰਹਿਤ ਮਰਯਾਦਾ ਵਿਚ ਪ੍ਰਪੱਕ ਉਚੇ ਜੀਵਨ ਵਾਲਾ, ਦ੍ਰਿੜ੍ਹ ਭਰੋਸੇ ਤੇ ਗੁਰੂ ਕੀ ਆਗਿਆ ਨੂੰ ਸਿਰ ਮੱਥੇ ਤੇ ਮੰਨ ਕੇ ਸਭ ਕੁਝ ਕੁਰਬਾਨ ਕਰਨ, ਤਨ ਮਨ ਧਨ ਗੁਰੂ ਕੇ ਚਰਨਾਂ ਵਿਚ ਸਮਰਪਣ ਕਰ ਕੇ, ਹੁਕਮ ਮੰਨ ਕੇ ਪ੍ਰਵਾਨ ਹੋਣ ਤੱਕ ਪਹੁੰਚਾਂਦੇ ਹਨ। ਸੋ ਧਾਰਮਿਕ ਸੰਸਕਾਰਾਂ ਅਨੁਸਾਰ ਚੱਲ ਕੇ ਆਪਣਾ ਜੀਵਨ ਹਰੇਕ ਗੁਰਸਿੱਖ ਮਾਈ ਭਾਈ ਨੂੰ ਸਫਲਾ ਕਰਨਾ ਚਾਹੀਦਾ ਹੈ।

੧. ਜਨਮ ਸੰਸਕਾਰ

ਜਨਮ ਸੰਸਕਾਰ ਵਿਚ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਿੱਖ ਸਿੱਖਣੀ ਵਾ ਸਿੰਘ ਸਿੰਘਣੀ ਜਿਨ੍ਹਾਂ ਨੇ ਬੱਚੇ ਦੇ ਮਾਤਾ ਪਿਤਾ ਬਣਨਾ ਹੈ ਉਨ੍ਹਾਂ ਦਾ ਆਪਣਾ ਜੀਵਨ ਧਾਰਮਿਕ ਤੌਰ ਤੇ ਉੱਚਾ ਹੋਵੇ। ਦੋਵੇਂ ਅੰਮ੍ਰਿਤਧਾਰੀ ਤੇ ਜਤ ਸਤ ਵਿਚ ਪ੍ਰਪੱਕ ਹੋਣ। ਸਿੰਘ ਲਈ ਇਹ ਜ਼ਰੂਰੀ ਹੈ ਕਿ :-

'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੇਣ ਵਖਾਣੇ।'
(ਵਾਰ ੬, ਪਉੜੀ ੮)
'ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।'
(ਵਾਰ ੨੯, ਪਉੜੀ ੧੧)
'ਵਡਾ ਕੁਕਰਮੀ ਆਖੀਐ ਧੀ ਭੇਣਹੁ ਸੰਗੇ।'
(ਵਾਰ ੩੭, ਪਉੜੀ ੪)

'ਕਈ ਅਗਨ ਹੋਤ੍ਰ ਕਉ ਕਰੰਤ ॥' (ਦਸਮ ੧੫)

ਇਥੋਂ ਤੱਕ ਕਿ ਉਸ ਪ੍ਰਮੇਸ਼ਰ ਦੀ ਹੋਂਦ ਤੋਂ ਵੀ ਕਈ ਵਾਰੀ ਮੁਨਕਰ ਹੋ ਕੇ ਪਾਪ ਉਪੱਦ੍ਰਵ ਕਰਨ ਵਿਚ ਲੱਗ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਰਾਹ ਛੱਡ ਕੇ, ਭੁੱਲ ਕੇ ਖੋਟੇ ਰਾਹ ਵੱਲ ਚੱਲਣ ਦਾ ਯਤਨ ਕਰਦਾ ਹੈ। ਫੇਰ ਬਹੁਤਾ ਦੁੱਖ ਸਹੇੜ ਲੈਂਦਾ ਹੈ। ਪਿਛਲੇ ਜੁੱਗਾਂ ਵਿਚ ਵੀ ਜੀਵ ਭਾਵੇਂ ਇਉਂ ਭਟਕਦੇ ਆਏ ਪਰ ਕਲਿਜੁਗ ਦਾ ਸਮਾਂ ਜਦੋਂ ਆਇਆ ਤਾਂ :-

'ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥' (੪੭੦)

ਝੂਠ, ਵਿਕਾਰ, ਪਾਪ, ਭਰਮ ਤੇ ਵਹਿਮਾਂ ਦੀ ਤਾਂ ਹੱਦ ਹੀ ਹੋ ਗਈ, ਕਲਿਜੁਗ ਨੇ ਸਾਰੇ ਜੀਵਾਂ ਨੂੰ ਖਾਣ ਤੇ ਭੋਗਣ ਵਿਚ ਲਾ ਕੇ ਬਰਬਾਦ ਹੀ ਕਰ ਦਿੱਤਾ।

'ਅਵਰ ਮਰਤ ਮਾਇਆ ਮਨੁ ਤੋਲੈ ਤਉ ਭਗ ਮੁਖਿ ਜਨਮੁ ਵਿਗੋਇਆ॥' (੯੩)

ਸਾਰੇ ਜੀਵ ਜਦੋਂ ਅਤਿਅੰਤ ਦੁਖੀ ਹੋਏ, ਪ੍ਰਮੇਸ਼ਰ ਅੱਗੇ ਪੁਕਾਰ (ਪ੍ਰਾਰਥਨਾ) ਕੀਤੀ ਤਾਂ ਤਰਸ ਕਰ ਕੇ ਵਾਹਿਗੁਰੂ ਨੇ ਆਪਣਾ ਸਰਗੁਣ ਸਰੂਪ ਪ੍ਰਗਟ ਕੀਤਾ। ਪ੍ਰਮੇਸਰ ਦੀ ਪ੍ਰਾਪਤੀ ਦਾ ਸਿੱਧਾ ਰਾਹ ਦੱਸਿਆ।

'ਕੂਲੇ ਮਾਰਗੁ ਜਿਨਹਿ ਬਤਾਇਆ ॥
ਐਸਾ ਗੁਰੁ ਵਡਭਾਗੀ ਪਾਇਆ ॥' (੮੦੩)

ਮਾਤਾ ਦੇ ਗਰਭ ਤੋਂ ਲੈ ਕੇ ਮਰਨ ਪ੍ਰਯੰਤ ਸਾਰੀ ਮਰਯਾਦਾ ਆਪ ਕਾਇਮ ਕੀਤੀ ਤੇ ਉਸ ਤੇ ਚੱਲਣ ਦੀ ਆਗਿਆ ਕੀਤੀ।

'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥' (੧)

'ਗੁਰਸਿਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥' (੬੬੭)

ਜੋ ਉਸ ਨਿਯਮ ਅਥਵਾ ਗੁਰ ਮਰਯਾਦਾ ਵਿਚ ਚੱਲਣ ਉਹਨਾਂ ਨੂੰ ਹੀ ਸਤਿਗੁਰਾਂ ਨੇ ਆਪਣੇ ਸਿੱਖ ਸਖਾ ਸਬੰਧੀ ਤੇ ਭਰਾ ਕਿਹਾ ਹੈ। ਮਨਮਤੀਏ ਤਾਂ ਵਿਛੜ ਵਿਛੜ ਕੇ ਚੋਟਾਂ ਹੀ ਖਾਂਦੇ ਹਨ।

'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥' (੬੦੧)

ਗੁਰੂ ਘਰ ਵਿਚ ਸਤਿਗੁਰ ਪ੍ਰਮੇਸ਼ਰ ਦੀ ਰਜ਼ਾ, ਭਾਣੇ, ਹੁਕਮ ਤੇ ਆਗਿਆ ਵਿਚ ਚੱਲਣ ਦੀ ਹੀ ਬਹੁਤੀ ਮਹਾਨਤਾ ਹੈ।

'ਗੁਰਮੁਖ ਤੇਰਾ ਭਾਣਾ ਭਾਵੈ ॥' (੧੦੬੩)

ੴ ਸਤਿਗੁਰ ਪ੍ਰਸਾਦਿ ॥

ਗੁਰਮਤਿ ਰਹਿਤ ਮਰਯਾਦਾ

ਸੰਸਕਾਰ

ਸੰਸਾਰ ਰਚਣ ਸਮੇਂ ਸਰਬ ਕਲਾ ਸਮਰਥ, ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਇਕ ਵਾਕ ਨਾਲ ਸਾਰੀ ਸ੍ਰਿਸ਼ਟੀ ਦਾ ਪਸਾਰਾ ਕੀਤਾ ਹੈ।

'ਕੀਤਾ ਪਸਾਉ ਏਕੋ ਕਵਾਉ ॥' (੨)

'ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥' (੧੦੦੩)

ਫਿਰ ਰਚਨਾ ਨੂੰ ਖ਼ਾਸ ਨਿਯਮ ਆਪਣੇ ਹੁਕਮ ਅਤੇ ਭੈ ਵਿਚ ਰੱਖਿਆ ਹੈ।

'ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥' (੧੪੫)

'ਭੈ ਵਿਚਿ ਪਵਣੁ ਵਹੈ ਸਦ ਵਾਉ ॥
ਭੈ ਵਿਚਿ ਚਲੈ ਲਖ ਦਰੀਆਉ ॥' (੪੬੪)

ਸੋ ਸਾਰੇ ਸੂਰਜ, ਚੰਦ, ਤਾਰੇ ਅਤੇ ਪੌਣ, ਪਾਣੀ, ਅਗਨੀ, ਧਰਤੀ, ਆਕਾਸ਼, ਪੰਜੇ ਵਿਰੋਧੀ ਤੱਤ ਨਿਯਮ ਵਿਚ, ਹੁਕਮ ਵਿਚ ਟਿਕਾ ਕੇ ਰੱਖੇ ਹੋਏ ਹਨ। ਸਾਰਾ ਪ੍ਰਬੰਧ ਉਹ ਆਪ ਕਰ ਰਿਹਾ ਹੈ। ਏਸ ਪ੍ਰਕਾਰ ਜਿੰਨੇ ਜੀਵ-ਜੰਤੂ ਹਨ ਇਹਨਾਂ ਨੂੰ ਮਰਯਾਦਾ ਵਿਚ ਚੱਲਣ ਦੀ ਆਗਿਆ ਕੀਤੀ ਹੈ ਪਰ ਮਾਇਆ, ਅਵਿੱਦਿਆ ਅਤੇ ਅਗਿਆਨ ਦੇ ਪ੍ਰਭਾਵ ਕਰ ਕੇ ਜੀਵ ਕਈ ਵਾਰੀ ਮਨ-ਮਰਜ਼ੀ, ਕੁਰੀਤੀਆਂ ਤੇ ਬਦਫੈਲੀਆਂ ਕਰਨ ਲੱਗ ਜਾਂਦਾ ਹੈ। ਦਾਤਾਰ ਦੀ ਉਪਾਸਨਾ ਛੱਡ ਕੇ ਉਸ ਦੀਆਂ ਦਾਤਾਂ ਨੂੰ ਪਿਆਰੀਆਂ ਸਮਝਣ ਲੱਗ ਪੈਂਦਾ ਹੈ :

'ਦਾਤਿ ਪਿਆਰੀ ਵਿਸਰਿਆ ਦਾਤਾਰਾ ॥' (੬੭੬)

ਪ੍ਰਮੇਸ਼ਰ ਦੇ ਪੈਦਾ ਕੀਤੇ ਹੋਏ ਦੇਵੀ ਦੇਵਤਿਆਂ ਦੀ ਉਪਾਸ਼ਨਾਂ ਵਿਚ ਫਸ ਜਾਂਦਾ ਹੈ, ਪੌਣ ਪਾਣੀ ਆਦਿਕ ਤੱਤਾਂ ਨੂੰ ਮੰਨਣਾ, ਸ੍ਰਿਫ ਸ੍ਰਿਟਿਆਂ ਦੀ ਪੂਜਾ ਕਰਨੀ, ਹੋਰ ਥੱਲੇ ਡਿੱਗਦਾ ਡਿੱਗਦਾ ਕਬਰਾਂ ਮੜ੍ਹੀਆਂ ਨੂੰ ਪੂਜਣ ਵਿਚ ਲੱਗਦਾ ਹੈ ਤੇ ਭਰਮ ਵਹਿਮ ਵਿਚ ਰੋਮ ਰੋਮ ਕਰ ਕੇ ਫਸ ਜਾਂਦਾ ਹੈ।

ਰਹਿਣਾ ਰਹੈ ਸੋਈ ਸਿਖ ਮੇਰਾ ।



ਦਸਵੇਂ ਪਾਤਸ਼ਾਹ ਜੀ ਨੇ ਕਾਬਲ ਦੀ ਸੰਗਤ ਵੱਲ ੨੬ ਜੇਠ, ੧੭੫੬
ਬਿ: ਨੂੰ ਲਿਖਿਆ ਹੁਕਮਨਾਮਾ

ਕੀਰਤਨ ਵਿਦਿਆਲੇ ਦੇ ਨਿਯਮ

੧. ਮਹਿਤੇ ਕੀਰਤਨ ਵਿਦਿਆਲੇ ਵਿਚ ਰਾਗ ਵਿੱਦਿਆ ਸਿੱਖਣ ਵਾਲਿਆਂ ਲਈ ਇਹ ਜ਼ਰੂਰੀ ਹੈ ਕਿ ਆਪਣੀ ਸੰਥਿਆ ਹਰ ਰੋਜ਼ ਕਰਨ ਅਤੇ ਉਸ ਦਾ ਅਭਿਆਸ ਵੱਧ ਤੋਂ ਵੱਧ ਕਰਨ। ਰਾਗੀ ਸਿੰਘ ਅਤੇ ਜਥੇਦਾਰ ਦੀ ਪੂਰੀ ਪੂਰੀ ਆਗਿਆ ਮੰਨਣ।

੨. ਮਹਿਤੇ ਰਹਿਣ ਵਾਲੇ ਹਰੇਕ ਸਿੰਘ ਨੂੰ ਦੋ ਘੰਟੇ ਸੇਵਾ ਕਰਨੀ ਜ਼ਰੂਰੀ ਹੈ। ਕਿਸੇ ਵਿਸ਼ੇਸ਼ ਥਾਂ ਬਹੁਤੀ ਸੇਵਾ ਦੀ ਲੋੜ ਪਵੇ ਤਾਂ ਉਹ ਵੀ ਕਰਨੀ ਜੈਸਾ ਕਿ ਸੁਤੇ ਸਿੱਧ ਬਾਹਰੋਂ ਆਈ ਸੰਗਤ ਦੀ ਸੇਵਾ ਜਾਂ ਬਾਲਣ ਆਦਿਕ ਦੀ ਲੰਗਰ ਵਿਚ ਲੋੜ ਹੋਵੇ।

੩. ਬਿਨਾਂ ਆਗਿਆ ਪਿੰਡ ਵਿਚ, ਚੌਂਕ ਵਿਚ, ਆਸੇ ਪਾਸੇ ਜਾਂ ਆਪਣੇ ਪਿੰਡ ਨੂੰ ਕਦੇ ਨਹੀਂ ਜਾ ਸਕਦੇ। ਸਾਲ ਵਿਚ ਦੋ ਵੇਰੀ ਪਿੰਡ ਨੂੰ ਜਾਣ ਦਾ ਕਿਰਾਇਆ ਦਿੱਤਾ ਜਾਵੇਗਾ।

੪. ਬਸਤਰ (ਕ੍ਰਿਆ) ਜਥੇ ਦੇ ਨਾਲ ਮਿਲੇਗੀ। ਜਿਹੜੇ ਨਵੇਂ ਵਿਦਿਆਰਥੀ ਆਉਣ ਉਹ ਆਪਣੇ ਨਾਲ ਸਕਿਉਰਟੀ ਤੇ ਬਿਸਤਰੇ ਲੈ ਕੇ ਆਉਣ।

੫. ਗੁਰਦੁਆਰੇ ਸਾਹਿਬ ਨੂੰ ਆਪਣਾ ਘਰ ਬਣਾ ਕੇ ਰਹਿਣ। ਆਪਣੀ, ਵਿਦਿਆਲੇ ਦੀ ਤੇ ਜਥੇ ਦੀ ਹਰ ਸਮੇਂ ਚੜ੍ਹਦੀ ਕਲਾ ਦੇ ਇੱਛਕ ਰਹਿਣ। ਜਥੇ ਨਾਲ ਪਲ ਪਲ ਦਾ ਸਬੰਧ ਰੱਖਣ।

੬. ਗੁਰਮਤਿ ਦੇ ਪਰਚਾਰ ਅਤੇ ਅਭਿਆਸ ਲਈ ਰਾਗੀ ਸਿੰਘ ਦੀ ਇਜਾਜ਼ਤ ਲੈ ਕੇ ਵਿਸ਼ੇਸ਼ ਦੀਵਾਨਾਂ ਤੇ ਬਾਹਰ ਪਿੰਡਾਂ ਵਿਚ ਜ਼ਰੂਰ ਪਹੁੰਚਣ।

੭. ਇਕ ਦੂਜੇ ਤੋਂ ਸਿੱਖਣ ਤੇ ਸਿਖਾਉਣ ਦਾ ਸੁਭਾਅ ਬਣਾਉਣ। ਕਲਾਸ ਦੀ ਘੰਟੀ ਵੱਜਣ ਤੇ ਉਸੇ ਵੇਲੇ ਸਾਰੇ ਇਕੱਠੇ ਹੋ ਜਾਣ। ਜਿੰਨੇ ਸ਼ਬਦ ਕੱਢਣ ਉਹ ਜ਼ਬਾਨੀ ਕੰਠ ਹੋਣ। ਜਿੰਨਾ ਚਿਰ ਉਹ ਸ਼ਬਦ ਜ਼ਬਾਨੀ ਕੰਠ ਨਹੀਂ ਹੋਣਗੇ, ਅੱਗੇ ਸੰਥਿਆ ਨਹੀਂ ਹੋਵੇਗੀ।

ਨੋਟ:-ਮਹਿਤੇ ਗੁਰਦੁਆਰੇ ਵਿਖੇ ਰਹਿਣ ਵਾਲੇ ਸਾਰੇ ਸਿੰਘਾਂ ਵਾਸਤੇ ਜਥੇ ਦੇ ਨਿਯਮ ਵੀ ਜ਼ਰੂਰੀ ਹਨ।

ਦਾਸਨਿ ਦਾਸ-ਕਰਤਾਰ ਸਿੰਘ 'ਖਾਲਸਾ'
ਜਥਾ ਭਿੰਡਰਾਂ (ਮਹਿਤਾ)

੩੨. ਪੜਾਅ ਬਦਲਣ ਲੱਗਿਆਂ ਆਪਣਾ ਸਾਰਾ ਸਾਮਾਨ ਇਕ ਥਾਂ ਤੇ ਲਿਆਉਣਾ, ਸਾਰਿਆਂ ਨੇ ਲੱਦਣਾ, ਜਿਥੇ ਬੱਸ ਵਿਚ ਸੀਟ ਦਿੱਤੀ ਜਾਵੇ ਓਥੇ ਹੀ ਬੈਠਣਾ, ਮਨ ਮਰਜ਼ੀ ਨਹੀਂ ਕਰਨੀ। ਅਰਦਾਸ ਕਰ ਕੇ ਸਾਰੀ ਸੰਗਤ ਨੂੰ ਫਤਹ ਬੁਲਾ ਕੇ ਤੁਰਨਾ, ਸਾਰੇ ਰਸਤੇ ਵਿਚ ਬਾਣੀ ਪੜ੍ਹਦਿਆਂ ਜਾਣਾ। ਆਪਣੀ ਕੋਈ ਚੀਜ਼ ਕਿਸੇ ਦੇ ਆਸਣ ਤੇ ਨਹੀਂ ਛੱਡਣੀ ਤੇ ਕਿਸੇ ਦੀ ਕੋਈ ਵੀ ਚੀਜ਼ ਨਹੀਂ ਲੈਣੀ।

ਜੇਕਰ ਰੇਲ ਵਿਚ ਸਫ਼ਰ ਕਰਨਾ ਪਵੇ ਤਾਂ ਪੋਥੀਆਂ ਵਾਲੇ ਟਰੰਕ ਫੱਟਿਆਂ ਉੱਪਰ ਜਾਂ ਥੱਲੇ ਕਪੜਾ ਵਿਛਾ ਕੇ ਰੱਖਣੇ,ਗੰਦੀ ਥਾਂ ਤੇ ਨਹੀਂ ਰੱਖਣੇ। ਡੱਬੇ ਵਿਚ ਪੋਥੀਆਂ ਵਾਲੇ ਟਰੰਕ ਉੱਪਰ ਰੱਖਣੇ ਤੇ ਆਪ ਥੱਲੇ ਬੈਠਣਾ। ਰਾਤ ਨੂੰ ਵਾਰੀ ਵਾਰੀ ਡੱਬੇ ਵਿਚ ਪਹਿਰਾ ਜ਼ਰੂਰ ਦੇਣਾ। ਰੇਲ ਕਰਮਚਾਰੀਆਂ ਤੋਂ ਰਾਤ ਨੂੰ ਪੁੱਛ ਲੈਣਾ ਕਿ ਸਵੇਰੇ ਦੋ ਵਜੇ ਤੋਂ ਪਿੱਛੋਂ ਜ਼ਿਆਦਾ ਚਿਰ ਗੱਡੀ ਕਿਸ ਸਟੇਸ਼ਨ ਤੇ ਖੜੀ ਹੋਵੇਗੀ ? ਉਸ ਸਟੇਸ਼ਨ ਤੇ ਸਾਰਿਆਂ ਨੇ ਇਸ਼ਨਾਨ ਜ਼ਰੂਰ ਕਰ ਲੈਣਾ। ਗੱਡੀ ਵਿਚ ਸਾਰੇ ਸਮਾਨ ਦੇ ਨਾਲ ਰੇਤਾ ਜਾਂ ਮਿੱਟੀ ਦੀ ਬੋਰੀ ਜ਼ਰੂਰ ਰੱਖਣੀ। ਟੂਟੀ ਮਾਂਜੇ ਤੋਂ ਬਿਨਾਂ ਕਦੇ ਵੀ ਕਿਸੇ ਥਾਂ ਤੋਂ ਪਾਣੀ ਨਹੀਂ ਲੈਣਾ, ਗੱਡੀ ਦੇ ਡੱਬਿਆਂ ਵਾਲੀਆਂ ਟੂਟੀਆਂ ਮਾਂਜ ਕੇ ਵੀ ਉਹ ਪਾਣੀ ਮੂੰਹ ਨੂੰ ਨਹੀਂ ਲਾਉਣਾ ਕਿਉਂਕਿ ਉਹ ਜੂਠਾ ਤੇ ਗੰਦਾ ਹੁੰਦਾ ਹੈ। ਕਿਧਰੇ ਵੀ ਸਫ਼ਰ ਕਰਦਿਆਂ ਸਟੇਸ਼ਨ ਤੋਂ ਜਾਂ ਰਸਤੇ ਵਿਚੋਂ ਕੋਈ ਚੀਜ਼ ਮੁੱਲ ਲੈ ਕੇ ਨਹੀਂ ਖਾਣੀ।

ਅਗਲੇ ਪੜਾਅ ਤੇ ਪਹੁੰਚ ਕੇ ਆਪਣਾ ਸਾਰਾ ਸਾਮਾਨ ਲਾਹ ਕੇ, ਗੁਰਦੁਆਰੇ ਸਾਹਿਬ ਜਾ ਕੇ ਮੱਥਾ ਟੇਕ ਕੇ ਅਰਦਾਸ ਕਰਨੀ ਕਿ ਸਤਿਗੁਰੂ ਜੀ! ਆਪ ਜੀ ਨੇ ਨਿਰਵਿਘਨਤਾ ਸਹਿਤ ਲਿਆਂਦਾ ਹੈ, ਏਥੇ ਰਹਿੰਦਿਆਂ ਚੜ੍ਹਦੀ ਕਲਾ ਵਿਚ ਗੁਰਮਤਿ ਦਾ ਪ੍ਰਚਾਰ ਕਰਵਾਓ। ਫੇਰ ਜਿੱਥੇ ਆਸਣ ਲਾਏ ਜਾਣ, ਉਥੇ ਜਾ ਕੇ ਆਸਣ ਮੱਲਣੇ, ਆਪਣੀ ਮਨ ਮਰਜ਼ੀ ਨਾਲ ਕੋਈ ਜਗ੍ਹਾ ਨਹੀਂ ਮੱਲਣੀ।

੩੧. ਕੜਾਹ ਪ੍ਰਸ਼ਾਦਿ ਦੀ ਦੇਗ ਸਜਾਉਣ ਵਾਲਾ ਸਿੰਘ ਪਹਿਲਾਂ ਇਸ਼ਨਾਨ ਕਰੇ, ਚੁਲ੍ਹੇ ਉਤੇ ਮਿੱਟੀ ਦਾ ਪਰੋਲਾ ਫੇਰੇ, ਸਾਰੇ ਭਾਂਡੇ ਸੁੱਚੀ ਰੇਤ ਜਾਂ ਮਿੱਟੀ ਨਾਲ ਮਾਂਜੇ। ਸੁੱਚਾ ਜਲ ਲਿਆ ਕੇ, ਚਾਸ ਬਣਾ ਕੇ ਸਾਫ਼ ਕਪੜੇ ਨਾਲ ਪੁਣ ਕੇ ਫਿਰ ਆਟਾ ਘਿਓ ਵਿਚ ਪਾ ਕੇ, ਜਪੁ ਜੀ ਸਾਹਿਬ ਦਾ ਪਾਠ ਕਰਦਿਆਂ ਭੁੰਨੇ। ਵਾਧੂ ਗੱਲ ਨਾ ਕਰੇ ਬਲਕਿ ਮੂੰਹ ਤੇ ਪੜਦਾ ਰੱਖਿਆ ਹੋਵੇ, ਇਹ ਭਾਵਨਾ ਤੇ ਭੈ ਮਨ ਵਿਚ ਹੋਵੇ ਕਿ ਮੈਂ ਦਮਾਂ ਹੀ ਪਾਤਸ਼ਾਹੀਆਂ ਨੂੰ ਛਕਾਉਣ ਵਾਸਤੇ ਤਿਆਰ ਕਰ ਰਿਹਾ ਹਾਂ। 'ਕੋਤੀ ਛੁਟੀ ਨਾਲਿ' ਪੜ੍ਹ ਕੇ ਫਿਰ ਚਾਸ ਪਾਵੇ ਤੇ ਦੇਗ ਤਿਆਰ ਕਰਕੇ ਸਾਫ਼ ਸੁਥਰੇ ਰੁਮਾਲਿਆਂ ਨਾਲ ਢੱਕ ਕੇ, ਅੱਗੇ ਅੱਗੇ ਜਲ ਛਿੜਕ ਕੇ, 'ਆਸਾ ਦੀ ਵਾਰ' ਦੇ ਭੋਗ ਤੋਂ ਪਹਿਲਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਲਿਆਵੇ। ਸਾਰੇ ਭਾਂਡੇ ਤੇ ਦੇਗ ਸੁੱਚੇ ਕੰਬਲ ਤੇ ਰੱਖ ਕੇ, ਅਨੰਦੁ ਸਾਹਿਬ ਦਾ ਸਾਰਾ ਪਾਠ ਕਰ ਕੇ, ਅਰਦਾਸ ਤੋਂ ਪਹਿਲਾਂ ਸਾਰੀ ਦੇਗ ਠੰਢੀ ਕਰ ਲਵੇ। ਜੇਕਰ ਦੇਗ ਬਹੁਤੀ ਗਰਮ ਹੋਵੇ ਤਾ ਥੜ੍ਹੀ ਜਿਹੀ ਬਾਟੇ ਵਿਚ ਕਢ ਕੇ, ਠੰਢੀ ਕਰ ਕੇ, ਉਸ ਦਾ ਭੋਗ ਲੁਵਾਏ।

ਦੇਗ ਵਰਤਾਉਣ ਲੱਗਿਆਂ ਪਹਿਲਾਂ ਪੰਜਾਂ ਪਿਆਰਿਆਂ ਦਾ ਛਾਂਦਾ, ਫਿਰ ਗ੍ਰੰਥੀ ਸਿੰਘ ਦਾ ਛਾਂਦਾ ਕੱਢ ਕੇ, ਦੇਗ ਉੱਤੇ ਰੁਮਾਲਾ ਪਾ ਕੇ, ਗ੍ਰੰਥੀ ਸਿੰਘ ਦਾ ਛਾਂਦਾ ਮਹਾਰਾਜ ਜੀ ਦੀ ਤਾਬਿਆ ਰੱਖ ਕੇ, ਅੰਮ੍ਰਿਤਧਾਰੀ ਪੰਜਾਂ ਪਿਆਰਿਆਂ ਨੂੰ ਵਰਤਾਉਣਾ। ਫੇਰ ਦੇਗ ਬਾਟਿਆਂ ਵਿਚ ਪਾ ਕੇ, ਉੱਪਰ ਰੁਮਾਲੇ ਦੇ ਕੇ ਸਾਰਿਆਂ ਨੂੰ ਇਕੋ ਜਿਹੀ ਵਰਤਾਉਣੀ। ਪੰਜਾਂ ਪਿਆਰਿਆਂ ਦਾ ਛਾਂਦਾ ਤੇ ਵਰਤਾਵਾ ਇਕੋ ਜਿਹਾ ਹੋਵੇ। ਵਰਤਾਉਣ ਲੱਗਿਆਂ ਦੇਗ ਡੋਲ੍ਹਣੀ ਨਹੀਂ। ਮਦਾਨ ਜਾ ਕੇ ਇਸ਼ਨਾਨ ਕੀਤੇ ਤੋਂ ਬਿਨਾਂ ਦੇਗ ਵਰਤਾਉਣ ਨਹੀਂ ਲੱਗਣਾ। ਕੜਾਹ ਪ੍ਰਸ਼ਾਦਿ ਮਗਰੋਂ ਜਿਹੜਾ ਘਿਓ ਹੱਥਾਂ ਨੂੰ ਲੱਗਾ ਹੋਵੇ ਉਹ ਦਾੜ੍ਹੀ ਜਾਂ ਮੂੰਹ ਤੋਂ ਬਿਨਾਂ ਸਹੀਹ ਦੇ ਕਿਸੇ ਹੋਰ ਹਿੱਸੇ ਨੂੰ ਨਹੀਂ ਲਾਉਣਾ।

ਹੈ। ਗੈਰ-ਹਾਜ਼ਰ ਜਾਂ ਲੇਟ ਹੋਣ ਦੇ ਕਾਰਨ ਸਰੀਰਕ ਢਿਲਿਆਈ ਆਦਿਕ ਖਾਰੇ ਡਿਊਟੀ ਵਾਲੇ ਜਥੇਦਾਰ ਨੂੰ ਤਿਨ ਘੰਟੇ ਪਹਿਲਾਂ ਦੱਸਣਾ ਜ਼ਰੂਰੀ ਹੈ।

੨੯. ਲੰਗਰ ਦੀ ਅਰਦਾਸ ਕਰਨ ਲੱਗਿਆਂ ਦਾਲ ਸਬਜ਼ੀ ਪ੍ਰਸ਼ਾਦੇ ਆਦਿ ਚੋਪੜ ਕੇ ਠੰਢੇ ਕਰ ਕੇ, ਕ੍ਰਿਪਾਨ ਮਾਂਜ ਕੇ ਪਹਿਲਾਂ ਮਿੱਠੀ ਚੀਜ਼, ਪਰਸ਼ਾਦੇ, ਦਾਲ ਸਬਜ਼ੀ ਤੇ ਜਲ ਭੇਟ ਕਰ ਕੇ ਸਾਰੇ ਲੰਗਰ ਵਿਚ ਰਲਾ ਦੇਣਾ। ਜਲ ਇਕ ਸਿੰਘ ਨੂੰ ਦੇ ਦੇਣਾ ਜਿਹੜਾ ਸਾਰਾ ਛਕ ਲਵੇ।

੩੦. ਜਥੇ ਵਿਚ ਜੋ ਨਵਾਂ ਸਿੰਘ ਆਇਆ ਹੋਵੇ ਉਹ ਪਹਿਲਾਂ ਦਸ ਪੰਦਰਾਂ ਦਿਨ ਮਰਯਾਦਾ ਜ਼ਰੂਰ ਸਿੱਖ ਅਤੇ ਫਿਰ ਜਥੇਦਾਰ ਤੋਂ ਪੁੱਛ ਕੇ ਵਰਤਾਵਾ ਲੱਗੇ। ਟੱਲੀ ਵੱਜਦਿਆਂ ਸਾਰ ਸਭ ਸਿੰਘਾਂ ਨੇ ਜਲ ਪਾਣੀ ਤੇ ਲੰਗਰ ਛਕਣ ਜਾਣਾ। ਵਰਤਾਵਿਆਂ ਵਾਸਤੇ ਜ਼ਰੂਰੀ ਹੈ ਕਿ ਜੋ ਵੀ ਚੀਜ਼ ਲੰਗਰ ਵਿਚ ਬਣੀ ਹੋਵੇ, ਉਹ ਇਸ ਹਿਸਾਬ ਨਾਲ ਵਰਤਾਉਣ ਕਿ ਸਾਰੀ ਸੰਗਤ ਅਤੇ ਘਰਦਿਆਂ ਨੂੰ ਇਕੋ ਜਿਹੀ ਵਰਤੇ। ਕੋਈ ਮਹਾਤਮਾ ਜਾਂ ਜਥੇਦਾਰ ਬਾਹਰੋਂ ਆਏ ਹੋਣ ਤਾਂ ਲੰਗਰ ਵਰਤਾਉਣਾ ਉਥੋਂ ਸ਼ੁਰੂ ਕਰਨਾ। ਲੰਗਰ ਵਿਚ ਵਰਤਾਵੇ ਹੀ ਜੋ ਭਾਂਡੇ ਵਰਤਾਉਣ ਓਹੀ ਲੈਣੇ ਆਪਣੇ ਆਪ ਨਹੀਂ ਲੈਣੇ। ਇਕ ਪੰਗਤ ਵਿਚ ਸਾਰਿਆਂ ਨੇ ਛਕਣਾ, ਕਿਸੇ ਵਾਸਤੇ ਵਿਸ਼ੇਸ਼ ਵੱਖਰਾ ਕਪੜਾ ਨਹੀਂ ਵਿਛਾਉਣਾ। ਲੰਗਰ ਛਕਦਿਆਂ ਕੋਈ ਵੀ ਚੀਜ਼ ਵਰਤਾਵਿਆਂ ਕੋਲੋਂ ਮੰਗ ਕੇ ਨਹੀਂ ਲੈਣੀ ਜੋ ਵਰਤੇ ਉਸ ਵਿਚ ਹੀ ਸੰਤੁਸ਼ਟ ਰਹਿਣਾ। ਲੰਗਰ ਛਕਣ ਸਮੇਂ ਜੇਕਰ ਚੀਜ਼ ਨਾ ਲੈਣੀ ਹੋਵੇ ਤਾਂ ਥਾਲੀ ਮੂਧੀ ਨਹੀਂ ਮਾਰਨੀ, ਜੂਠ ਨਹੀਂ ਛੱਡਣੀ। ਹੁਲਾ ਕਰ ਕੇ ਅਰਦਾਸ ਕੀਤੀ ਤੋਂ ਬਿਨਾਂ ਕਿਸੇ ਸਿੰਘ ਨੇ ਪੰਗਤ ਵਿਚੋਂ ਨਹੀਂ ਉੱਠਣਾ। ਕਿਸੇ ਬੀਮਾਰ ਸਿੰਘ ਲਈ ਜੇਕਰ ਕੋਈ ਜਲ ਪਾਣੀ ਆਦਿ ਲੈ ਕੇ ਜਾਵੇ ਤਾਂ ਓਹੀ ਸਿੰਘ ਲੰਗਰ ਵਿੱਚ ਬਰਤਨ ਛੱਡ ਕੇ ਜ਼ਰੂਰ ਆਵੇ। ਕਿਸੇ ਘਰੋਂ ਕੋਈ ਸਿੰਘ ਕੋਈ ਵੀ ਚੀਜ਼ ਨਹੀਂ ਮੰਗ ਸਕਦਾ। ਲੰਗਰ ਛਕਣ ਜਾਂਦਿਆਂ, ਆਉਂਦਿਆਂ ਤੇ ਪੰਗਤ ਵਿਚ ਬੈਠ ਕੇ ਸਾਰਾ ਜੱਥਾ ਸ਼ਬਦ ਪੜ੍ਹੇ, ਕੋਈ ਗੱਲਾਂ ਨਾ ਕਰੇ।

੨੪. ਸ਼ਸਤਰ-ਵਿੱਦਿਆ ਦਾ ਅਭਿਆਸ ਹਰ ਸਿੰਘ ਲਈ ਜਰੂਰੀ ਹੈ।

੨੫. ਜਿਸਦਾ ਜੋੜਾ ਟੁੱਟੇ ਉਹ ਵਿਖਾ ਕੇ ਸੁੱਟੇ, ਨਵਾਂ ਜੋੜਾ ਹਰ ਸਿੰਘ ਨੂੰ ਛੇ ਮਹੀਨੇ ਮਗਰੋਂ ਮਿਲੇਗਾ।

੨੬. ਸੰਗਤ ਵਿਚ ਜੋ ਚੀਜ਼ ਲੰਗਰ ਬਸਤਰ ਆਦਿਕ ਵਰਤਣ ਉਹਨਾਂ ਵਿਚ ਹੀ ਸੰਤੁਸ਼ਟ ਰਹਿਣਾ। ਕਚੇ ਮੰਗਣ, ਜਾਵਾਉਣ ਤੇ ਲਾ-ਪਰਵਾਹੀ ਦਾ ਸੁਭਾਅ ਨਹੀਂ ਬਣਾਉਣਾ, ਚੀਜ਼ਾਂ ਗਵਾਉਣ ਵਾਲਾ ਤਨਖਾਹੀਆ ਹੋਵੇਗਾ।

੨੭. ਅਸੀਂ ਸੰਗਤ ਵਿਚ ਕੇਵਲ ਖਾਣ ਪੀਣ, ਪਹਿਨਣ, ਸੋਣ, ਸੈਰ ਕਰਨ ਵਾਸਤੇ ਨਹੀਂ ਆਏ ਬਲਕਿ ਸਿਮਰਨ, ਭਜਨ, ਕਥਾ, ਕੀਰਤਨ, ਬ੍ਰਹਮ-ਵਿਦਿਆ ਪ੍ਰਾਪਤ ਕਰਨ, ਔਗੁਣ ਤਿਆਗਣ, ਸ਼ੁਭ ਗੁਣ ਗ੍ਰਹਣ ਕਰਨ, ਜੀਵਨ ਸਫਲਾ ਕਰਨ, ਗੁਰਸਿੱਖੀ ਦਾ ਪਰਚਾਰ ਸਿੱਖਣ ਤੇ ਕਰਨ, ਗੁਰੂ ਪੰਥ ਤੇ ਆਪਣੀ ਚੜ੍ਹਦੀ ਕਲਾ ਲਈ ਗੁਰੂ ਕੇ ਜਥੇ ਵਿਚ ਭਾਗਾਂ ਨਾਲ ਆਏ ਹਾਂ। ਹਰ ਮੌਕੇ ਤੇ ਖਾਲਸਾ ਪੰਥ ਦੀ, ਸਿੱਖੀ ਦੀ, ਇਕ ਇਕ ਸਿੰਘ ਦੀ ਅਤੇ ਆਪਣੀ ਚੜ੍ਹਦੀ ਕਲਾ, ਹਿਤ ਮਰਿਯਾਦਾ ਦੀ ਪਰਪੱਕਤਾ ਬਾਰੇ, ਕੁਰੀਤੀਆਂ ਮਨਮਤਾਂ ਗੁਰਸਿੱਖੀ ਵਿਰੋਧੀਆਂ ਨੂੰ ਪ੍ਰਚਾਰ ਦੁਆਰਾ ਦਬਾਉਣ ਦੀਆਂ ਸੋਹਣੀਆਂ ਵਿਚਾਰਾਂ ਆਪਣੇ ਮਨ ਵਿਚ ਅਤੇ ਇਕੱਠਿਆਂ ਹੋ ਕੇ ਕਰਨੀਆਂ ਚਾਹੀਦੀਆਂ ਹਨ। ਜੇਕਰ ਪ੍ਰਚਾਰ ਜਾਂ ਜਥੇ ਦੀ ਚੜ੍ਹਦੀ ਕਲਾ ਲਈ ਸੋਹਣਾ ਗੁਰਮਤਾ ਸੋਧਿਆ ਜਾਵੇ ਤਾਂ ਉਸ ਅਨੁਸਾਰ ਸਾਰੇ ਜਥੇ ਨੂੰ ਇਕੱਤਰ ਕਰਕੇ ਇਕ-ਮੁੱਠ ਹੋ ਕੇ ਚੱਲਣਾ ਅਤਿਅੰਤ ਜ਼ਰੂਰੀ ਹੈ।

੨੮. ਜੋ ਵੀ ਸੇਵਾ ਦੀ ਡਿਊਟੀ ਲੱਗੇ, ਉਹ ਨਿਭਾ ਕੇ, ਆ ਕੇ ਦੱਸਣਾ ਕਿ ਕਰ ਆਇਆ ਹਾਂ। ਸੇਵਾ ਬਿਨਾਂ ਤਨ ਮਨ ਧਨ ਪਵਿੱਤ੍ਰ ਨਹੀਂ ਹੋ ਸਕਦੇ।

'ਬਿਨ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।'

ਸੇਵਾ ਬਿਨਾਂ ਸੁਖ ਤੇ ਫਲ ਕਦੇ ਕਿਸੇ ਨੂੰ ਨਹੀਂ ਮਿਲਿਆ ਅਤੇ ਨਾ ਹੀ ਮਿਲੇਗਾ।

'ਬਿਨੁ ਸੇਵਾ ਫਲੁ ਕਬਹੁ ਪਾਵਸਿ ਸੇਵਾ ਕਰਣੀ ਸਾਰੀ॥' (੯੯੨)

ਆਪਣੀ ਹਰ ਡਿਊਟੀ ਤੇ ਸਮੇਂ ਸਿਰ ਹਾਜ਼ਰ ਹੋਣਾ ਬੜਾ ਜ਼ਰੂਰੀ

ਵਿਦਿਆਰਥੀ ਇਕੱਠੇ ਸੰਥਿਆ ਕਰਨ ਓਨਾ ਹੀ ਚੰਗਾ ਹੈ ਮਗਰ ਸਾਰੇ ਇਕੱਠੇ ਬੈਠ ਕੇ ਯਾਦ ਕਰਨ।

੧੮. ਜੋ ਵੀ ਨਵੇਂ ਵਿਦਿਆਰਥੀ ਆਉਣ ਅਤੇ ਜਿਨ੍ਹਾਂ ਪੁਰਾਣੇ ਸਿੰਘਾਂ ਦੇ ਕੋਲ ਉਹਨਾਂ ਦੇ ਆਸਣ ਜਾਂ ਸੰਥਿਆ ਦੀ ਡਿਊਟੀ ਲੱਗੇ ਉਹ ਉਨ੍ਹਾਂ ਦੇ ਜੀਵਨ ਦੀ ਹਰ ਤਰ੍ਹਾਂ ਪੂਰੀ ਨਿਗਰਾਨੀ ਕਰਨ। ਅੰਮ੍ਰਿਤ ਵੇਲੇ ਦਾ ਜਾਗਣਾ ਤੇ ਜਗਾਉਣਾ, ਬਾਣੀਆਂ ਦਾ ਨਿੱਤਨੇਮ, ਜਥੇ ਦੇ ਸਾਰੇ ਨਿਯਮਾਂ ਵਿਚ ਚੰਗੀ ਤਰ੍ਹਾਂ ਚੱਲਣ ਤੇ ਚਲਾਉਣ ਦਾ ਜੋ ਮਹਾਤਮ ਹੈ, ਕਥਨ ਤੋਂ ਪਰੇ ਹੈ।

੧੯. ਕਿਸੇ ਵੀ ਹਾਲਤ ਵਿਚ ਦੋ ਸਿੰਘ ਜਾਂ ਕੁਝੰਗੀ ਇਕ ਆਸਣ ਜਾਂ ਇਕ ਮੰਜੇ ਤੇ ਸੌਂ ਨਹੀਂ ਸਕਦੇ। ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਇਕ ਦੂਜੇ ਦੇ ਆਸਣ ਤੇ ਜਾਣਾ ਜਾਂ ਗੱਲਾਂ ਕਰਨੀਆਂ ਮਨ੍ਹਾ ਹਨ।

੨੦. ਲਿਸ਼ਕਵੇਂ ਤੇ ਕੀਮਤੀ ਕਪੜੇ ਪਾਉਣ ਦਾ ਸੁਭਾਅ ਮਨ ਨੂੰ ਵਿਕਾਰੀ ਬਣਾਉਂਦਾ ਹੈ। ਕਿਸੇ ਆਸਣ ਜਾਂ ਲੰਗਰ ਵਾਲੇ ਘਰ, ਦੀਵਾਨ ਜਾਂ ਰਾਹ ਵਿਚ ਕਿਸੇ ਧੀ ਭੈਣ ਨੂੰ ਬੁਰੀ ਨਜ਼ਰ ਨਾਲ ਨਹੀਂ ਵੇਖਣਾ।

੨੧. ਕਿਸੇ ਸਿੰਘ ਦਾ ਅੱਧਾ ਜਾਂ ਪੁੱਠਾ ਨਾਮ ਲੈ ਕੇ ਨਹੀਂ ਬੁਲਾਉਣਾ ਸਗੋਂ ਸਤਿਕਾਰ ਨਾਲ ਪੂਰਾ ਨਾਮ ਲੈਣਾ ਹੈ। ਕੋਈ ਵੀ ਸਿੰਘ ਕਿਸੇ ਨੂੰ ਮੰਦਾ ਬਚਨ ਨਾ ਬੋਲੇ, ਨਾ ਹਾਸਾ ਮਖੌਲ ਕਰੇ, ਜੋ ਵੀ ਅਜਿਹਾ ਕਰੇਗਾ ਉਸ ਨੂੰ ਪਹਿਲਾਂ ਦਸ ਦਿਨ ਜੋੜੇ ਝਾੜਨ ਦੀ ਤਨਖਾਹ, ਦੁਬਾਰਾ ਗਲਤੀ ਕਰਨ ਤੇ ਜੋੜੇ ਝਾੜਨ ਤੇ ਬਰਤਨ ਸਾਫ ਕਰਨ ਦੀ ਤਨਖਾਹ ਅਤੇ ਤੀਸਰੀ ਵਾਰ ਅਜਿਹਾ ਕਰਨ ਤੋਂ ਜਥੇ ਵਿਚੋਂ ਪੱਕੀ ਛੁੱਟੀ ਦਿੱਤੀ ਜਾਵੇਗੀ।

੨੨. ਆਪਣੇ ਤੋਂ ਵੱਡਿਆਂ ਦਾ ਪੂਰਾ ਪੂਰਾ ਸਤਿਕਾਰ ਕਰਨਾ ਹੈ, ਜੇਕਰ ਪਿੰਡਾ ਜਾਂ ਕੇਸ ਨੰਗੇ ਹੋਣ ਤਾਂ ਢੱਕ ਲੈਣੇ। ਹੁਕਮ ਕਰਨ ਦਾ ਨਹੀਂ, ਮੰਨਣ ਦਾ ਸੁਭਾਅ ਧਾਰਨ ਕਰਨਾ ਹੈ।

੨੩. ਜੇਕਰ ਕਿਸੇ ਸਿੰਘ ਦਾ ਕੰਘਾ ਜਾਂ ਕ੍ਰਿਪਾਨ ਵਿਸਰ ਜਾਵੇ ਤਾਂ ਪ੍ਰਾਯਤ ਕਰ ਕੇ ਜਪੁ ਜੀ ਸਾਹਿਬ ਦਾ ਪਾਠ ਤੇ ਅਰਦਾਸ ਕੀਤੀ ਤੋਂ ਬਿਨਾਂ ਪਾਣੀ ਤੱਕ ਵੀ ਮੂੰਹ ਨਹੀਂ ਲਾਉਣਾ।

ਦਾ ਪਾਠ ਕਰ ਕੇ, ਅਰਦਾਸ ਕਰ ਕੇ ਮਹਾਰਾਜ ਜੀ ਦੀ ਹਜ਼ੂਰੀ ਵਿਚ ਜਾਣ।

੧੪. ਸਹਿਜ ਪਾਠ, ਅਖੰਡ ਪਾਠ, ਸੰਪਟ ਪਾਠ ਸਮੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਦਰਸ਼ਨ ਕਰਦਿਆਂ ਹੋਇਆਂ ਹੱਸਣਾ, ਏਧਰ ਓਧਰ ਝਾਕਣਾ, ਉੱਚੀ ਟਾਹਰ ਮਾਰਨੀ, ਉਬਾਸੀਆਂ ਲੈਣੀਆਂ, ਗੋਡੇ ਮੂਧੇ ਮਾਰ ਕੇ ਬੈਠਣਾ, ਅਰਕਾਂ ਮੱਜੀ ਸਾਹਿਬ ਤੇ ਰੱਖਣੀਆਂ, ਪੈਰ, ਮੂੰਹ, ਨੱਕ, ਮੁਛਹਿਰੇ, ਕਛਹਿਰੇ ਆਦਿ ਨੂੰ ਹੱਥ ਲਾ ਕੇ ਸਤਿਗੁਰੂ ਜੀ ਨੂੰ ਲਾਉਣੇ ਇਹ ਬੜਾ ਭਾਰੀ ਪਾਪ ਹੈ।

੧੫. ਗੁਟਕਿਆਂ, ਪੋਥੀਆਂ, ਰੁਮਾਲਿਆਂ, ਰੇਲ੍ਹਾਂ, ਸਾਜ਼ਾਂ ਤੇ ਸ਼ਸਤਰਾਂ ਦਾ ਬਹੁਤ ਅਦਬ ਤੇ ਸੰਭਾਲ ਕਰਨੀ।

੧੬. ਦੀਵਾਨ ਵਿਚੋਂ 'ਆਸਾ ਦੀ ਵਾਰ' ਦੇ ਕੀਰਤਨ ਵਿਚ ਘੱਟੋ ਘੱਟ ਛੇ ਛੱਕਿਆਂ ਦਾ ਕੀਰਤਨ ਜ਼ਰੂਰ ਸੁਣਨਾ। ਸਰੀਰ ਦੀ ਢਿਲਿਆਈ, ਅਖੰਡ ਪਾਠ ਦੀ ਰੋਲ ਜਾਂ ਸੇਵਾ ਦੀ ਖਾਸ ਡਿਊਟੀ ਤੋਂ ਬਿਨਾਂ ਕਥਾ ਕੀਰਤਨ ਵਿਚ ਦੋਵੇਂ ਵੇਲੇ ਜ਼ਰੂਰ ਹਾਜ਼ਰ ਹੋਣਾ ਤੇ ਕਥਾ ਜ਼ਰੂਰ ਵੀਚਾਰਨੀ। ਦੀਵਾਨ ਵਿਚ ਜਾਣ ਤੇ ਦਸਤਾਰ ਦੇ ਉੱਪਰ ਕਦੇ ਵੀ ਕੋਈ ਲੀੜਾ ਆਦਿ ਨਹੀਂ ਲੈਣਾ। ਦੀਵਾਨ ਵਿਚ ਜੋ ਪਿਛੋਂ ਆਵੇ ਉਹ ਮਗਰ ਬੈਠੇ, ਲੇਟ ਆਉਣ ਵਾਲੇ ਨੂੰ ਤਨਖਾਹ ਲੱਗੇਗੀ। ਦੀਵਾਨ ਦੀ ਸਮਾਪਤੀ ਤੇ ਅਰਦਾਸ ਵਿਚ ਸਾਰਿਆਂ ਨੇ ਦੋਵੇਂ ਹੱਥ ਜੋੜ ਕੇ, ਗਲ ਵਿਚ ਪਰਨਾ ਪਾ ਕੇ, ਸਿਰ ਨੀਵਾਂ ਕਰ ਕੇ, ਦਵੇਂ ਲੱਤਾਂ ਤੇ ਇਕੋ ਜਿਹਾ ਭਾਰ ਪਾ ਕੇ ਸ਼ਰਧਾ ਭਾਵਨਾ ਤੇ ਚਿੱਤ ਦੀ ਇਕਾਗਰਤਾ ਨਾਲ ਸ਼ਾਮਲ ਹੋਣਾ।

੧੭. ਸੰਥਿਆ ਹਰ ਰੋਜ਼ ਨਿਯਮ ਨਾਲ ਕਰਨੀ ਤੇ ਘੱਟੋ ਘੱਟ ਪੰਝੀ ਵਾਰ ਜ਼ਰੂਰ ਪੜ੍ਹਨੀ। ਸੰਥਿਆ ਕਰਾਉਣ ਵਾਲਾ ਗੁਰਮੁਖ ਆਪਣਾ ਛੋਟਾ ਵੀਰ ਤੇ ਪਰਉਪਕਾਰ ਜਾਣ ਕੇ ਬਹੁਤੇ ਧਿਆਨ ਦੇ ਨਾਲ ਬੈਠ ਕੇ ਕਰਵਾਏ ਅਤੇ ਇਕ ਵਾਰੀ ਜ਼ਰੂਰ ਸੁਣੇ। ਸੰਥਿਆ ਕਰਨ ਵਾਲੇ ਗੁਰਮੁਖ ਪੂਰੇ ਫਿਕਰ ਨਾਲ, ਸੰਥਿਆ ਕਰਵਾਉਣ ਵਾਲੇ ਦੇ ਕੋਲ ਆਪ ਜਾ ਕੇ, ਬੇਨਤੀ ਕਰ ਕੇ, ਬਤੇ ਪ੍ਰੇਮ ਨਾਲ ਪੜ੍ਹਨ। ਜਿਸ ਅੱਖਰ ਜਾਂ ਪਾਠ ਦੇ ਸ਼ੁੱਧ ਉਚਾਰਨ ਜਾਂ ਅਰਥ ਦਾ ਪਤਾ ਨਾ ਲੱਗੇ, ਉਹ ਮੁੜ ਮੁੜ ਕੇ ਪੁੱਛ ਕੇ ਸ਼ੁੱਧ ਯਾਦ ਕਰਨ। ਜਿੰਨੇ ਬਹੁਤੇ

ਕੰਠ ਨਾ ਹੋਣ, ਉਹ ਹਰ ਰੋਜ਼ ਗਟਕੇ ਤੋਂ ਪਾਠ ਕਰੇ। ਜੇਕਰ ਅੱਖਰ ਬਹੁਤੇ ਕਮਜ਼ੋਰ ਹੋਣ ਤਾਂ ਦੂਸਰੇ ਸਿੰਘ ਕੋਲੋਂ ਜ਼ਰੂਰ ਸੁਣੇ। ਪੰਜ ਬਾਣੀਆਂ ਜਾਂ ਇਸ ਤੋਂ ਵੱਧ ਜਿੰਨੀ ਵੀ ਬਾਣੀ ਕੰਠ ਹੋ ਸਕੇ, ਕਰੇ।

੭. ਵਾਹਿਗੁਰੂ ਮੰਤ੍ਰ ਤੇ ਮੂਲ ਮੰਤ੍ਰ ਦਾ ਅਭਿਆਸ ਚੌਕੜਾ ਮਾਰ ਕੇ, ਸੁਰਤ ਟਿਕਾ ਕੇ, ਇਕਾਂਤ ਦੇਸ਼ ਵਿਚ, ਘੱਟ ਤੋਂ ਘੱਟ ਸਵਾ ਘੰਟਾ ਜ਼ਰੂਰ ਕਰਨਾ ਜਾਂ ਸਾਰੀ ਪੰਜ ਗ੍ਰੰਥੀ ਦਾ ਪਾਠ ਜਾ ਪੰਜ ਜਪੁ ਜਾਂ ਸਾਹਿਬ ਦੇ ਪਾਠ ਜਾਂ ਸਾਰੀ ਦਿਹਾੜੀ ਵਿਚ ਘੱਟ ਤੋਂ ਘੱਟ ਢਾਈ ਘੰਟੇ ਨਿੱਤਨੇਮ, ਪਾਠ ਜਾਂ ਜਾਪ ਜ਼ਰੂਰ ਕਰਨਾ।

੮. ਬੋਲ ਕੇ ਜਾਂ ਗੁਟਕੇ ਆਦਿ ਤੋਂ ਬਾਣੀ ਪੜ੍ਹਨ ਲੱਗਿਆਂ ਪਿੰਡਾ ਜਾਂ ਕੇਸ ਨੰਗੇ ਨਾ ਹੋਣ, ਪੈਰੀਂ ਜੋੜਾ ਨਾ ਪਾਇਆ ਹੋਵੇ। ਪਾਠ ਕਰਦਿਆਂ ਯਤਨ ਕਰੇ ਕਿ ਕਿਸੇ ਨਾਲ ਕੋਈ ਗੱਲ ਨਾ ਕਰੇ।

੯. 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਵੱਧ ਤੋਂ ਵੱਧ, ਵੱਧ ਤੋਂ ਵੱਧ ਅਤੇ ਸਭ ਤੋਂ ਵੱਧ ਅਦਬ ਸਤਿਕਾਰ, ਭੈ, ਭਾਵਨਾ ਹਰ ਸਮੇਂ ਹਰ ਹਾਲਤ ਵਿਚ ਕਰਨਾ ਜ਼ਰੂਰੀ ਹੈ। ਸਤਿਗੁਰੂ ਜੀ ਦਾ ਸਰੂਪ ਜਿਥੋਂ ਦੀ ਆਉਂਦਿਆਂ ਦਰਸ਼ਨ ਹੋਣ, ਝੱਟ ਉੱਠ ਕੇ, ਜੋੜਾ ਆਪਣੇ ਪਿੱਛੇ ਲਾਹ ਕੇ, ਦੋਵੇਂ ਹੱਥ ਜੋੜ ਕੇ, ਮੱਥਾ ਟੇਕ ਕੇ, ਫਤਹ ਗਜਾਉਣੀ। ਜੇਕਰ ਪਿੰਡਾ ਜਾਂ ਕੇਸ (ਹਰੇ ਕਰਦਿਆਂ) ਨੰਗੇ ਹੋਣ ਤਾਂ ਢੱਕ ਲੈਣੇ।

੧੦. ਜੰਗਲ ਮਦਾਨ ਜਾ ਕੇ, ਇਸ਼ਨਾਨ ਕਰੇ, ਬਸਤ੍ਰ ਬਦਲੇ ਤੇ ਪੈਰ ਧੋਤੇ ਤੋਂ ਬਿਨਾਂ ਮਹਾਰਾਜ ਜੀ ਦੀ ਤਾਬਿਆ ਕਦੇ ਨਹੀਂ ਬੈਠਣਾ।

੧੧. ਪੋਥੀ ਪਹਿਲਾਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰੱਖ ਕੇ ਫਿਰ ਮੱਥਾ ਟੇਕਣਾ। ਗੁਰਦੁਆਰੇ ਸਾਹਿਬ ਜਾਂ ਪੋਥੀ ਵੱਲ ਕਦੇ ਪਿੱਠ ਜਾਂ ਪੈਰ ਨਹੀਂ ਕਰਨੇ।

੧੨. ਕੇਵਲ ਬੁਨੈਣ ਪਾ ਕੇ, ਛੋਟਾ ਚਗੁੱਠਾ ਬੰਨ੍ਹ ਕੇ, ਸਤਿਗੁਰੂ ਜੀ ਦੀ ਤਾਬਿਆ ਨਹੀਂ ਬੈਠਣਾ। ਗਲ ਵਿਚ ਪਰਨਾ, ਚੋਲਾ ਤੇ ਸਿਰ ਉੱਤੇ ਸਾਬਤ ਦਸਤਾਰ ਹੋਣੀ ਜ਼ਰੂਰੀ ਹੈ।

੧੩. ਅਖੰਡ ਪਾਠ ਦੀ ਰੌਲ ਲਾਉਣ ਸਮੇਂ 'ਇਸ਼ਨਾਨ ਕਰ ਕੇ ਬੈਠਣਾ, ਜੇਕਰ ਕਦੇ ਸੁਪਨ-ਦੋਸ਼ ਹੋ ਜਾਵੇ ਤਾਂ ਸਣੇ ਕੇਸੀਂ ਇਸ਼ਨਾਨ ਕਰ ਕੇ, ਸਾਰੇ ਕਪੜੇ ਧੋਤੇ ਹੋਏ ਪਾ ਕੇ, ਘੱਟ ਤੋਂ ਘੱਟ ਇਕ ਜਪੁਜੀ ਸਾਹਿਬ

ਜਥੇ ਦੇ ਨਿਯਮ

੧. ਅੰਮ੍ਰਿਤ ਵੇਲੇ ਉੱਠ ਕੇ, ਨਿਕਟਵਰਤੀਆਂ ਨੂੰ ਨਾਲ ਉਠਾ ਕੇ ਜੰਗਲ ਮਦਾਨ ਜਾ ਕੇ, ਦਾਤਨ ਕਰਕੇ, ਹਮੇਸ਼ਾਂ ਠੰਢੇ ਜਲ ਨਾਲ ਇਸ਼ਨਾਨ ਕਰਨਾ। ਜੇਕਰ ਸਰੀਰ ਵਿਚ ਢਿਲਿਆਈ ਹੋਵੇ ਤਾ ਗਰਮ ਪਾਣੀ ਨਾਲ ਇਸ਼ਨਾਨ ਕਰਨਾ। ਇਸ਼ਨਾਨ ਮਾਈਆਂ ਬੀਬੀਆਂ ਦੇ ਸਾਹਮਣੇ ਨਹੀਂ ਕਰਨਾ, ਸਰੀਰ ਨੂੰ ਸਾਬਣ ਤੇਲ ਦਿਨੇ ਕਦੇ ਨਹੀਂ ਲਾਉਣਾ। ਜੇਕਰ ਸੁਪਨ-ਦੋਸ਼ ਹੋ ਜਾਵੇ ਤਾਂ ਸਣੇ ਕੇਸੀਂ ਇਸ਼ਨਾਨ ਕਰਨਾ, ਕਪੜੇ ਬਦਲ ਕੇ, ਕੰਘਾ ਕਰ ਕੇ, ਜਪੁ ਜੀ ਸਾਹਿਬ ਦਾ ਪਾਠ ਕਰ ਕੇ ਅਰਦਾਸ ਕਰਨੀ।

੨. ਦਾਤਨ ਜ਼ਰੂਰ ਕਰਨੀ ਅਤੇ ਪਾੜ ਕੇ ਦੂਰ ਸੁੱਟਣੀ।

੩. ਸਰੀਰ ਦੇ ਕਿਸੇ ਵੀ ਅੰਗ ਤੇ ਜਾਂ ਕਛਹਿਰੇ ਨੂੰ ਵਰਤਿਆ ਹੋਇਆ ਸਾਬਣ ਤੇਲ ਆਪਣੇ ਕੇਸ ਦਾੜ੍ਹੇ ਤੇ ਚਿਹਰੇ ਨੂੰ ਨਹੀਂ ਲਾਉਣਾ।

੪. ਕਛਹਿਰਾ ਕੇਸਾਂ, ਸਿਰ ਤੇ ਦਸਤਾਰ ਨੂੰ ਨਹੀਂ ਲੱਗਣ ਦੇਣਾ ਵਿਸ਼ੇਸ਼ ਤੌਰ ਤੇ ਦਸਤਾਰ ਜਾਂ ਗਲ ਦੇ ਪਰਨੇ ਨਾਲ ਕਛਹਿਰਾ ਸੁੱਕਣੇ ਨਹੀਂ ਪਾਉਣਾ। ਰਾਤ ਨੂੰ ਕਛਹਿਰਾ ਪਰਨਾ ਇਕੱਠਾ ਕਰ ਕੇ ਪੈਂਦ ਵੱਲ ਰੱਖ ਲੈਣਾ, ਪਰਨੇ ਤੋਂ ਬਿਨਾਂ ਕਦੀ ਕਛਹਿਰਾ ਨਹੀਂ ਬਦਲਣਾ।

੫. ਜਿਥੋਂ ਵੀ ਜਲ ਛਕਣਾ ਹੈ ਟੂਟੀ, ਨਲਕਾ, ਬੰਬੀ, ਗੜਵਾ, ਬਾਲਟੀ ਆਦਿ ਆਪਣੇ ਹੱਥੀਂ ਮਾਂਜੇ ਤੋਂ ਬਿਨਾਂ ਨਹੀਂ ਵਰਤਣਾ। ਜੇਕਰ ਅੰਮ੍ਰਿਤਧਾਰੀ ਸਿੰਘ ਜਲ ਛਕ ਰਿਹਾ ਹੋਵੇ ਤਾਂ ਪੁੱਛ ਕੇ ਜਲ ਛਕ ਲੈਣਾ। ਮਿੱਟੀ ਸਾਫ ਸੁਥਰੀ ਹੋਵੇ, ਸਿਗਰਟਾਂ, ਪਿਸ਼ਾਬ (ਛਰਲੇ) ਜਾਂ ਭੈੜੀ ਜਗ੍ਹਾ ਵਾਲੀ ਨਹੀਂ ਵਰਤਣੀ।

੬. ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਪੰਜ ਬਾਣੀਆਂ (ਜਪੁ ਜੀ ਸਾਹਿਬ, ਜਾਪੁ ਸਾਹਿਬ, ਤ੍ਵਪ੍ਰਸਾਦਿ ਸਵਯੇ, ਚੌਪਈ ਸਾਹਿਬ, ਅਨੰਦੁ ਸਾਹਿਬ) ਸ਼ਾਮ ਨੂੰ ਰਹਰਾਸਿ ਸਾਹਿਬ ਤੇ ਰਾਤ ਨੂੰ ਬਿਰਾਜਣ ਵੇਲੇ ਕੀਰਤਨ ਸੋਹਿਲੇ ਦਾ ਪਾਠ ਹਰ ਰੋਜ਼ ਕਰਨਾ। ਜਿਸਦੇ ਇਹ ਬਾਣੀਆਂ

ਪ੍ਰਚਾਰਕਾਂ, ਕਵੀਆਂ ਰਾਗੀਆਂ ਅਤੇ ਗ੍ਰੰਥੀਆਂ ਨੇ ਅੰਮ੍ਰਿਤ ਪਾਨ ਕੀਤਾ। 'ਖਾਲਸਾ' ਜੀ ਨੇ ਪ੍ਰਸੰਨ ਹੋ ਕੇ ਉਪਰੋਕਤ ਗੁਰਮੁਖਾਂ ਨੂੰ ਜਥੇ ਵਲੋਂ ਸਿਰੋਪਾਓ ਭੇਟਾ ਕੀਤੇ।

ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਤੇ, ਮਾਤਾ ਗੰਗਾ ਜੀ ਦੇ ਵਰ ਮੰਗਣ ਵਾਲੇ ਦਿਨ ਹਰ ਸਾਲ ਬਹੁਤ ਕਾਰੀ ਸਾਲਾਨਾ ਜੋੜ ਮੇਲਾ ਲੱਗਦਾ ਹੈ। ੭ ਅਕਤੂਬਰ ੧੯੭੬ ਈ: ਨੂੰ ਇਸ ਜੋੜ ਮੇਲੇ ਤੇ ਢਾਈ ਲੱਖ ਸੰਗਤ ਦੇ ਇਕੱਠ ਵਿਚ 'ਖਾਲਸਾ' ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਿੱਖਾਂ ਦੀ ਸ਼ਹੀਦੀ ਦਾ ਇਤਿਹਾਸ ਸੁਣਾਇਆ। ਬਾਬਾ ਖੜਕ ਸਿੰਘ ਜੀ ਨੇ ਵੀ ਸੰਗਤ ਨੂੰ ਪ੍ਰੇਰਿਆ। ਇਹ ਪ੍ਰਚਾਰ ਸੁਣ ਕੇ ਸੰਗਤਾਂ ਵਿਚੋਂ ਪੰਜ ਹਜ਼ਾਰ ਪ੍ਰਾਣੀਆਂ ਨੇ ਖੜੇ ਹੋ ਕੇ ਪ੍ਰਣ ਕੀਤੇ ਕਿ ਅਸੀਂ ਅੱਜ ਤੋਂ ਸ਼ਰਾਬ ਨਹੀਂ ਪੀਵਾਂਗੇ, ਕੇਸ ਦਾੜ੍ਹੀ ਨਹੀਂ ਮੁੰਨਾਂਗੇ। ਇਸ ਸਾਰੇ ਨਜ਼ਾਰੇ ਦੀ ਫਿਲਮ ਵੀ ਤਿਆਰ ਹੋ ਚੁਕੀ ਹੈ ਜੋ ਕਿ ਸੰਗਤਾਂ ਨੂੰ ਵਿਖਾਈ ਜਾ ਰਹੀ ਹੈ।

'ਖਾਲਸਾ' ਜੀ ਨੂੰ ਜਦ ਵੀ ਕੋਈ ਆਪਣੇ ਘਰ ਬੁਲਾਉਂਦਾ ਹੈ ਜੇਕਰ ਉਹ ਪਤਿਤ ਹੋਣ, ਦਾੜ੍ਹੀ ਕੇਸ ਕੱਟਦੇ ਹੋਣ ਤੇ ਸ਼ਰਾਬ ਆਦਿ ਦੀ ਵਰਤੋਂ ਕਰਦੇ ਹੋਣ ਤਾਂ ਜਿੰਨਾ ਚਿਰ ਉਹ ਪ੍ਰਣ ਨਹੀਂ ਕਰਦੇ ਕਿ ਅਸੀਂ ਦਾੜ੍ਹਾ ਕੇਸ ਰੱਖਾਂਗੇ, ਸ਼ਰਾਬ ਛੱਡਾਂਗੇ ਤਦ ਤੱਕ ਉਹਨਾਂ ਦੇ ਘਰੋਂ ਕੋਈ ਵੀ ਚੀਜ਼ ਨਹੀਂ ਛਕਦੇ ਤੇ ਨਾ ਹੀ ਉਹਨਾਂ ਦੇ ਘਰ ਜਾਂਦੇ ਹਨ। ਏਸ ਤਰ੍ਹਾਂ ਅਨੇਕਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸ਼ਰਾਬ ਛੁਡਾ ਕੇ ਅਤੇ ਦਾੜ੍ਹੇ ਕੇਸ ਰਖਾ ਕੇ ਉਹਨਾਂ ਦੇ ਜੀਵਨ ਨੂੰ ਸਿੱਖੀ ਮਾਰਗ ਦੇ ਅਨੁਕੂਲ ਬਣਾਇਆ ਅਤੇ ਸਿੱਖੀ ਧਰਮ ਦੀ ਨੀਂਹ ਨੂੰ ਮਜ਼ਬੂਤ ਕੀਤਾ ਤੇ ਕਰ ਰਹੇ ਹਨ। ਸਰਬੱਤ ਸੰਗਤ ਸਮੇਤ ਦਾਸ ਦੀ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ 'ਖਾਲਸਾ' ਜੀ ਨੂੰ ਬਲ ਬਖ਼ਸ਼ਣ ਅਤੇ ਹੋਰ ਵੀ ਵੱਧ ਚੜ੍ਹ ਕੇ ਗੁਰਮਤਿ ਦਾ ਪ੍ਰਚਾਰ ਕਰਨ।

ਦਾਸ—
ਗਿਆਨੀ ਜਗਦੀਸ਼ ਸਿੰਘ
ਮੁਕਤਸਰ

ਕਰਵਾਇਆ ਜਾਂਦਾ ਹੈ ਕਿ ਅੱਜ ਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਿਨਾਂ ਹੋਰ ਕਿਸੇ ਨੂੰ ਵੀ ਗੁਰੂ ਨਹੀਂ ਮੰਨਣਾ, ਦਾੜ੍ਹੀ ਕੇਸ ਨਹੀਂ ਮੁੰਨਣੇ। ਸ਼ਰਾਬ ਛੱਡਣ ਦੇ ਵੀ ਹਜ਼ਾਰਾਂ ਪ੍ਰਾਣੀਆਂ ਤੋਂ ਪ੍ਰਣ ਕਰਵਾਏ ਜਾਂਦੇ ਹਨ ਤੇ ਉਨ੍ਹਾਂ ਦੀਆਂ ਫੋਟੋਆਂ ਖਿੱਚੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਕ ਇਕ ਦਿਨ ਵਿਚ ਬਹੁਤ ਪਿੰਡਾਂ ਦੀਆਂ ਸੰਗਤਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਦਰਸ਼ਨ ਕਰਦੀਆਂ ਅਤੇ ਗੁਰਮਤਿ ਦਾ ਪ੍ਰਚਾਰ ਸੁਣਦੀਆਂ ਹਨ। 'ਖਾਲਸਾ' ਜੀ ੧੫-੧੫ ਘੰਟੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਤਾਬਿਆ ਖੜੇ ਹੋ ਕੇ ੩੦ ਤੋਂ ੭੦ ਥਾਵਾਂ ਤੇ ਜਲੂਸ ਵਾਲੇ ਇਲਾਕੇ ਵਿਚ ਪ੍ਰਚਾਰ ਕਰਦੇ ਹਨ ਤੇ ਹਰ ਪਿੰਡ ਦੀ ਸੰਗਤ ਪਾਸੋਂ ਇਹ ਨਾਹਰਾ ਲੁਵਾਇਆ ਜਾਂਦਾ ਹੈ–

'ਸਿਰ ਜਾਵੇ ਤਾ ਜਾਵੇ ਮੇਰਾ ਸਿੱਖੀ ਸਿਦਕ ਨ ਜਾਵੇ।'

ਜੋ ਕਿ ਸੰਗਤਾਂ ਗੱਜ ਵੱਜ ਕੇ ਬੜੀ ਚੜ੍ਹਦੀ ਕਲਾ ਵਿਚ ਪੜ੍ਹਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਜਲੂਸਾਂ ਨਾਲ ਗੁਰਮਤਿ ਪਰਚਾਰ ਵਿਚ ਬਹੁਤ ਭਾਰੀ ਕਾਮਯਾਬੀ ਪ੍ਰਾਪਤ ਹੋਈ ਹੈ ਅਤੇ ਹੋ ਰਹੀ ਹੈ। 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ' ਦੇ ਤਿੰਨ ਸੌ ਸਾਲਾ ਸ਼ਹਾਦਤ ਗੁਰਪੁਰਬ ਦੇ ਸਬੰਧ ਵਿਚ ਕੱਢੇ ਜਾ ਰਹੇ ਇਹਨਾਂ ਜਲੂਸਾਂ ਨੇ ਸਿੱਖ ਜਗਤ ਨੂੰ ਹਲੂਣ ਕੇ ਰੱਖ ਦਿੱਤਾ ਹੈ। ਜੋ ਸਿੱਖ ਕੌਮ ਦੀ ਸੇਵਾ ਦਾ ਇਹਨਾਂ ਬੀੜਾ ਚੁੱਕਿਆ ਹੋਇਆ ਹੈ ਉਹ ਅਤਿਅੰਤ ਸ਼ਲਾਘਾ ਯੋਗ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦੀ ਯਾਦ ਵਿਚ ਸ਼ਰੋਮਣੀ ਕਮੇਟੀ ਅਤੇ ਹੋਰ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਨੇ ਥਾਂਈਂ ਥਾਂਈਂ ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਤਾਜ਼ਾ ਰੱਖਣ ਵਾਸਤੇ ਗੁਰਦੁਆਰੇ, ਸਕੂਲ, ਕਾਲਜ, ਹਸਪਤਾਲ, ਵੱਡੇ ਵੱਡੇ ਹਾਲ ਬਣਾਏ ਪਰੰਤੂ ਇਸ ਟਕਸਾਲ ਨੇ ਪ੍ਰਚਾਰਕਾਂ ਦਾ ਆਪਣਾ ਢਿੱਲਾ ਜੀਵਨ ਗੁਰਸਿੱਖੀ ਨੂੰ ਢਾਹ ਦਾ ਅਸਲੀ ਕਾਰਨ ਸਮਝਿਆ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਗੁਰੂ ਕੀ ਸਟੇਜ ਤੇ ਬੋਲਣ ਵਾਲੇ ਹਰ ਸਿੰਘ ਨਾਮ ਵਾਲੇ ਲਈ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਇਹਨਾਂ ਵਿਚਾਰਾਂ ਦੀ ਹਮਾਇਤ ਕਰਦਿਆਂ ਹੋਇਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਵੀ ਇਸ ਦੇ ਹੱਕ ਵਿਚ ਹੁਕਮ ਜਾਰੀ ਕੀਤਾ ਗਿਆ। ਗੁਰੂ ਕੀ ਕ੍ਰਿਪਾ ਦੁਆਰਾ ਇਸ ਉੱਦਮ ਨਾਲ ੩੬ ਢਾਡੀ ਜਥਿਆਂ ਨੇ ਅੰਮ੍ਰਿਤ ਪਾਨ ਕੀਤਾ ਜੋ ਕਿ ਚੜ੍ਹਦੀ ਕਲਾ ਵਿਚ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਇਸੇ ਤਰ੍ਹਾਂ ਹੋਰ ਬੇਅੰਤ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਨੂੰ ਮਨਾਉਂਦਿਆਂ ਗੁਰਮਤਿ ਪ੍ਰਚਾਰ ਹਿਤ 'ਸ਼ਹੀਦੀ ਮਾਰਗ' ਅਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਦੇ ਜਲੂਸ ਵਿਚ ਰਾਗੀ ਜਥੇ ਸਮੇਤ ਸ਼ਾਮਲ ਹੋਏ। ਵਿਸ਼ੇਸ਼ ਵਰਨਣ ਯੋਗ ਗੱਲ ਇਹ ਹੈ ਕਿ ਇਸ 'ਸ਼ਹੀਦੀ ਮਾਰਗ' ਜਲੂਸ ਤੋਂ ਪਹਿਲਾਂ 'ਖਾਲਸਾ' ਜੀ ਨੇ ਪੰਜ ਜਲੂਸ (ਸਲਾਲਾ, ਬਾਬਾ ਬਕਾਲਾ ਤੋਂ ਦੋ, ਮੁਕਤਸਰ ਭੂਰੇ ਪੁਰਾਣੇ ਤੋਂ) ਕੱਢੇ। 'ਸੀਸ ਮਾਰਗ' ਜਲੂਸ ਤੋਂ ਮਗਰੋਂ ਨਿਮਨ ਲਿਖਤ ਥਾਵਾਂ ਜੋਧਪੁਰ (ਰੋਡੇ), ਜਲਾਲਾਬਾਦ, ਕਾਦੀਆਂ, ਸਲਾਲਾ, ਨਾਰੰਗਵਾਲ, ਫੀਰੋਜ਼ਪੁਰ, ਧਰਮਕੋਟ, ਅਖਾੜਾ, ਸੁਲਤਾਨਪੁਰ, ਖਡੂਰ ਸਾਹਿਬ, ਕਾਲੇ ਕੇ, ਪਾਨਾ ਗੜ੍ਹ, ਹੁਸ਼ਿਆਰਪੁਰ, ਬਲਾਚੌਰ, ਰਾਮ ਪੁਰ ਖੇੜਾ, ਗੁਰਦਾਸਪੁਰ, ਫਰੀਦਕੋਟ ਤੋਂ ਭਾਰੀ ਜਲੂਸ ਕੱਢੇ। ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਦੀ ਸਮਾਪਤੀ ਤੇ ਧੰਨਵਾਦੀ ਜਲੂਸ 'ਖਾਲਸਾ' ਜੀ, ਸੰਤ ਸੇਵਾ ਸਿੰਘ ਜੀ, ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕਲ ਕਮੇਟੀ ਬਾਬਾ ਬਕਾਲਾ ਆਦਿ ਨੇ ਮਿਲ ਕੇ ਗੁਰਦੁਆਰਾ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ (ਬਰਾਸਤਾ ਗੋਇੰਦਵਾਲ, ਤਰਨਤਾਰਨ) ਮਹਾਨ ਪਵਿੱਤ੍ਰ ਸ਼ਹੀਦੀ ਜਲੂਸ ਸ੍ਰੀ ਨਨਕਾਣਾ ਸਾਹਿਬ ਵਾਲੀ ਮਹਾਨ ਪਵਿਤ੍ਰ ਸ਼ਹੀਦੀ ਥੀਂਜ ਦੀ ਛਤਰ ਛਾਇਆ ਹੇਠ ਕੱਢਿਆ। ਇਸ ਜਲੂਸ ਤੋਂ ਪਿਛੋਂ 'ਖਾਲਸਾ' ਜੀ ਨੇ ਤਿੰਨ ਸੌ ਇਕ ਸਾਲਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਜਲੂਸਾਂ ਦੀ ਲੜੀ ਅਰੰਭ ਕਰਦਿਆਂ ਹੋਇਆਂ ਸ੍ਰੀ ਮੁਕਤਸਰ ਤੇ ਮਲੋਟ ਤੋਂ ਦੋ ਭਾਰੀ ਜਲੂਸ ਕੱਢੇ।

ਇਹਨਾਂ ਜਲੂਸਾਂ ਕਰਕੇ ਜੋ ਸਫਲਤਾ ਪ੍ਰਾਪਤ ਹੋਈ ਉਹ ਲਿਖਣ ਤੋਂ ਪਰੇ ਹੈ। ਇਕ ਇਕ ਜਲੂਸ ਵਿਚ ਘੱਟ ਤੋਂ ਘੱਟ ੩੦੦ ਤੇ ਕਈਆਂ ਵਿਚ ੪੦੦ ਤੋਂ ਵੀ ਵੱਧ ਟਰੱਕ, ਬੱਸਾਂ, ਕਾਰਾਂ, ਜੀਪਾਂ, ਟਰੈਕਟਰ, ਟਰਾਲੀਆਂ ਤੇ ਮੋਟਰ ਸਾਈਕਲ ਸ਼ਾਮਲ ਹੁੰਦੇ ਸਨ। ਸਾਰੇ ਜਲੂਸਾਂ ਵਿਚ ਹਵਾਈ ਜਹਾਜ਼ ਫੁੱਲਾਂ ਦੀ ਵਰਖਾ ਕਰਦਾ ਸੀ। ਲੱਖਾਂ ਦੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੁੰਦੀਆਂ ਹਨ। ਹਰ ਜਲੂਸ ਤਕਰੀਬਨ ੧੦੦ ਕਿਲੋਮੀਟਰ ਤੱਕ ਲੰਮਾ ਹੁੰਦਾ ਹੈ। ਇਲਾਕੇ ਦੇ ੩੦ ਤੋਂ ੭੦ ਪਿੰਡਾਂ ਵਿਚੋਂ ਦੀ ਜਲੂਸ ਲੰਘਦਾ ਹੈ। ਹਰੇਕ ਪਿੰਡ ਦੀਆਂ ਟਰੈਕਟਰ ਟਰਾਲੀਆਂ ਸੰਗਤ ਸਮੇਤ ਸ਼ਾਮਲ ਹੁੰਦੀਆਂ ਹਨ। ਹਰ ਪਿੰਡ ਵਲੋਂ ਸਵਾਗਤੀ ਗੇਟ ਬਣਾ ਕੇ ਸੰਗਤ ਇਕੱਠੀ ਹੁੰਦੀ ਹੈ ਅਤੇ ਉਥੇ 'ਖਾਲਸਾ' ਜੀ ਹਰ ਪਿੰਡ ਵਿਚ ੧੫-੨੦ ਮਿੰਟ ਪ੍ਰਚਾਰ ਕਰ ਕੇ ਫਿਰ ਅੱਗੇ ਚਲਦੇ ਹਨ। ਸੰਗਤ ਪਾਸੋਂ ਬਾਹਵਾਂ ਖੜੀਆਂ ਕਰਾ ਕੇ ਇਹ ਪ੍ਰਣ

ग्रहलूमार ग्रहस्थक ध्वंस, मधिश

ਸਾਹਿਬ ਦੇ ਨੇਲ ਜ਼ਿਲਾ ਫਰੀਦਕੋਟ), ਪਿੰਡ ਕਾਲੂਵਾਂ ਅਤੇ ਬਾਬਾ ਰਾਮ ਥੰਮ੍ਹਣ ਜ਼ਿਲਾ ਗੁਰਦਾਸ ਪੁਰ ਵਿਚ ਕਾਇਮ ਕੀਤੇ। ਇਕ ਗੁਰਦੁਆਰੇ ਦੀ ਸੇਵਾ ਕਾਦੀਆਂ ਵਿਚ ਹੋ ਰਹੀ ਹੈ।

ਥਾਂ ਥਾਂ ਤੇ ਪੁੱਜ ਕੇ ਬਹੁਤ ਤੇਜ਼ੀ ਨਾਲ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ ਅਤੇ ਹਜ਼ਾਰਾਂ ਹੀ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਗੁਰੂ ਵਾਲੇ ਬਣਾ ਰਹੇ ਹਨ। ਹਜ਼ਾਰਾਂ ਪ੍ਰਾਣੀਆਂ ਨੂੰ ਮਰਾਖ ਛੱਡਣ ਦੇ ਪ੍ਰਣ ਕਰਵਾ ਕੇ ਤੇ ਹਜ਼ਾਰਾਂ ਦੇ ਦਾੜ੍ਹੀ ਕੇਸ ਰਖਵਾ ਕੇ ਗੁਰਮਤਿ ਵਾਲੇ ਪਾਸੇ ਲਾ ਰਹੇ ਹਨ। ਜਥੇ ਵਿਚ ਲਗਪਗ ੨੦੦ ਸਿੰਘ ਪੜ੍ਹਾਈ ਕਰਦੇ ਹਨ ਅਤੇ ਰਾਗ ਵਿਦਿਆ ਸਿੱਖਦੇ ਹਨ। ਜਥੇ ਵਿਚ ਅੰਮ੍ਰਿਤ ਵੇਲੇ 'ਆਸਾ ਜੀ ਦੀ ਵਾਰ' ਦੇ ਕੀਰਤਨ ਉਪ੍ਰੰਤ 'ਆਦਿ' ਦੀ ਕਥਾ ਤੇ ਸ਼ਾਮ ਨੂੰ ਗੁਰ-ਇਤਿਹਾਸ ਦੀ ਕਥਾ ਲਗਾਤਾਰ ਹੋ ਰਹੀ ਹੈ। ਹਰ ਰੋਜ਼ ਦੋਵੇਂ ਵੇਲੇ ਕਥਾ ਜ਼ਰੂਰ ਹੁੰਦੀ ਹੈ। 'ਖਾਲਸਾ' ਜੀ ਦੇ ਸੱਚਖੰਡ ਗਮਨ ਮਗਰੋਂ ਹੁਣ ਤੱਕ ਦੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਕਥਾ ਦਾ ਭੋਗ ਪੈ ਚੁੱਕਾ ਹੈ ਅਤੇ ਤੀਸਰੀ ਕਥਾ ਚੱਲ ਰਹੀ ਹੈ। ਸ੍ਰੀ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਹੋ ਕੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਕਥਾ ਆਰੰਭ ਹੈ। ਛੋਟੀਆਂ ਪੁਸਤਕਾਂ ਜਿਵੇਂ ਵੀਚਾਰ ਮਾਲਾ, ਸਾਰਕੁਤਾਵਲੀ, ਅਧਿਆਤਮ ਪ੍ਰਕਾਸ਼ ਆਦਿ ਦੀ ਪੜ੍ਹਾਈਆਂ ਜਾਂਦੀਆਂ ਹਨ। ਹੁਣ ਤੱਕ ੨੭ ਗਿਆਨੀ (ਕਥਾ ਵਾਚਕ) ਅਤੇ ਅਨੇਕਾਂ ਪਾਠੀ ਬਣ ਚੁਕੇ ਹਨ ਜੋ ਥਾਂ ਥਾਂ ਤੇ ਗੁਰਮਤਿ ਦਾ ਪਰਚਾਰ ਕਰ ਰਹੇ ਹਨ। ਗੁਰਮਤਿ ਪ੍ਰਚਾਰ ਹਿਤ ਸਾਰੇ ਹਿੰਦੁਸਤਾਨ ਵਿਚ ਵਿਚਰਦਿਆਂ ਹੋਇਆਂ ਪੰਜ ਵਾਰ ਸ੍ਰੀ ਹਜ਼ੂਰ ਸਾਹਿਬ, ਪੰਜ ਵਾਰ ਸ੍ਰੀ ਪਟਨਾ ਸਾਹਿਬ ਅਤੇ ਇਕ ਵਾਰ ਸ੍ਰੀ ਹੇਮਕੁੰਟ ਸਾਹਿਬ ਪੁੱਜੇ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ' ਦੀ ਪਹਿਲੀ ਪੋਥੀ ਜਪੁ ਜੀ ਸਾਹਿਬ ਰਹਰਾਸਿ ਤੇ ਕੀਰਤਨ ਸੋਹਿਲੇ ਤੱਕ ਤਿਆਰ ਹੋ ਕੇ ਸੰਗਤਾਂ ਵਿਚ ਵੰਡੀ ਜਾ ਚੱਕੀ ਹੈ ਅਤੇ ਟੀਕੇ ਦੀ ਅਗਲੀ ਪੋਥੀ ਜਲਦੀ ਹੀ ਤਿਆਰ ਹੋ ਰਹੀ ਹੈ। ਵੱਖ ਵੱਖ ਸੰਸਥਾਵਾਂ ਵਲੋਂ ਵੱਧ ਘੱਟ ਬਾਣੀਆਂ ਛਾਪਣ ਕਾਰਨ ਸੰਗਤ ਦੀ ਬਹੁਤ ਜ਼ਿਆਦਾ ਮੰਗ ਕਰਨ ਤੇ ਦਸ ਹਜ਼ਾਰ ਨਿੱਤਨੇਮ ਦੇ ਗੁਟਕੇ ਵੀ ਛਪਵਾਏ ਹਨ। ਹੁਣ ਇਸ ਪੁਸਤਕ 'ਖਾਲਸਾ ਜੀਵਨ' ਵਿਚ ਸੱਚਖੰਡ ਵਾਸੀ 'ਖਾਲਸਾ' ਜੀ ਦਾ ਸੰਖੇਪ ਜੀਵਨ ਅਤੇ ਗੁਰਮਤਿ ਰਹਿਤ ਮਰਿਯਾਦਾ ਲਿਖ ਕੇ ਕੌਮ ਦੀ ਮਹਾਨ ਸੇਵਾ ਕੀਤੀ ਹੈ। ਗਿਆਨੀ ਕਰਤਾਰ ਸਿੰਘ ਜੀ 'ਖਾਲਸਾ' ਇਕ ਇਕ ਦਿਨ ਵਿਚ ਪੰਜ-ਪੰਜ, ਛੇ-ਛੇ ਵਾਰ ਕਥਾ ਤੇ ਪ੍ਰਚਾਰ ਕਰ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

ਜਾਣ ਤੋਂ ਮਗਰੋਂ ਆਪਣੀ ਇਸ ਸੇਵਾ ਨੂੰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਬੜੀ ਜ਼ਿੰਮੇਂਵਾਰੀ, ਦ੍ਰਿੜ੍ਹਤਾ ਤੇ ਪ੍ਰਪੱਕਤਾ ਨਾਲ ਨਿਭਾ ਰਹੇ ਹਨ। ਸਿੱਖ ਪੰਥ ਦੀ ਮਹਾਨ ਸੇਵਾ ਕਰ ਰਹੇ ਹਨ ਜੋ ਦਾਸ ਲਿਖਣ ਤੇ ਕਹਿਣ ਵਿਚ ਅਸਮਰਥ ਹੈ। ਪਰ ਫਿਰ ਵੀ ਕੁਝ ਨਮੂਨੇ-ਮਾਤਰ ਲਿਖਣ ਦਾ ਯਤਨ ਕਰ ਰਿਹਾ ਹਾਂ–ਜਿਸ ਵਿਚ ਅਖੰਡ ਪਾਠਾਂ ਦੀਆਂ ਲੜੀਆਂ, ਗੁਰਦੁਆਰੇ ਸਾਹਿਬ ਬਣਾਉਣੇ, ਗੁਰਬਾਣੀ ਸਟੀਕ ਦੀ ਲਿਖਤੀ ਤੌਰ ਤੇ ਸੇਵਾ ਕਰਨੀ, ਅੰਮ੍ਰਿਤ ਛਕਾਉਣਾ, ਯਾਤਰਾਵਾਂ ਕਰਨੀਆਂ, ਸਿੰਘਾਂ ਦੀ ਪੜ੍ਹਾਈ ਕਰਾ ਕੇ ਅਖੰਡ ਪਾਠੀ, ਰਾਗੀ ਤੇ ਕਥਾ ਵਾਚਕ ਬਣਾਉਣੇ, ਸਾਰੇ ਭਾਰਤ ਭਰ ਵਿਚ ਗੁਰਮਤਿ ਪ੍ਰਚਾਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ ੧੦੦-੧੦੦ ਕਿਲੋਮੀਟਰ ਤੇ ਇਸ ਤੋਂ ਵੀ ਵੱਧ ਲੰਮੇ ਲੰਮੇ ਮਹਾਨ ਜਲੂਸ ਕੱਢ ਕੇ ਤਾਹੀ ਗੁਰਮਤਿ ਦਾ ਪ੍ਰਚਾਰ ਕਰਨਾ ਸ਼ਾਮਲ ਹਨ।

'ਖਾਲਸਾ' ਜੀ ਦੇ ਸੱਚਖੰਡ ਗਮਨ ਕਰਨ ਸਮੇਂ ਨਗਰ ਮਹਿਤੇ ਵਿਖੇ ੧੧੦ ਅਖੰਡ ਪਾਠ ਕੀਤੇ। ਉਸ ਤੋਂ ਬਾਅਦ, ਗਣੇਸ਼ਪੁਰ, (ਹੁਸ਼ਿਆਰ ਪੁਰ) ਸੁਰੇ ਪੱਡਾ, ਸਰ ਸਿੰਘ, ਨਾਭਾ ਸਾਹਿਬ (ਚੰਡੀਗੜ੍ਹ ਪਾਸ), ਸ੍ਰੀ ਗੰਗਾ ਨਗਰ ਤੇ ਕਲਕੱਤੇ ਵਿਖੇ ਅਖੰਡ ਪਾਠਾਂ ਦੇ ਪਰਵਾਹ ਚਲਾਏ। ਮਹਿਤਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਿੰਨ ਸੌ ਸਾਲਾ ਸ਼ਹੀਦੀ ਗੁਰਪੁਰਬ ਦੇ ਸਬੰਧ ਵਿਚ ੧੨੬ ਸ੍ਰੀ ਅਖੰਡਪਾਠ ਕਰਵਾਏ। ਇਸ ਦੇ ਨਾਲ ਨਾਲ ਹੀ ਕੁਝ ਨਗਰਾਂ ਵਿਚ ਗੁਰਦੁਆਰੇ ਬਣਾਉਣ ਦੀ ਸੇਵਾ ਸਤਿਗੁਰਾਂ ਨੇ ਕਰਵਾਈ ਹੈ ਤੇ ਕਰਵਾ ਰਹੇ ਹਨ। ਸਭ ਤੋਂ ਪਹਿਲਾਂ ਅਤੇ ਬਹੁਤ ਵੱਡਾ ਗੁਰਦੁਆਰਾ ਮਾਹਿਬ ਪਿੰਡ ਮਹਿਤਾ ਵਿਖੇ 'ਖਾਲਸਾ' ਜੀ ਦੇ 'ਸੱਚਖੰਡ ਗਮਨ ਅਸਥਾਨ' ਤੇ ਬਣਾਇਆ ਜਿਸ ਵਿਚ ਇਕ ਬਹੁਤ ਵੱਡਾ 'ਕੀਰਤਨ ਵਿਦਿਆਲਾ' ਕਾਇਮ ਕੀਤਾ ਜਿਸ ਦੇ ੩੫ ਕਮਰੇ ਹਨ। ਇਸ ਵਿਚ ਇਸ ਸਮੇਂ ਬੇਅੰਤ ਵਿਦਿਆਰਥੀ ਗੁਰੂ ਕੇ ਕੀਰਤਨ ਦੀ ਦਾਤ ਪ੍ਰਾਪਤ ਕਰ ਰਹੇ ਹਨ। ਇਹਨਾਂ ਨੂੰ ਕੀਰਤਨ ਵਿਦਿਆ ਸਿਖਾਉਣ ਲਈ ਬਹੁਤ ਸੁਲਝੇ ਤਜਰਬਾਕਾਰ, ਰਾਗ ਵਿੱਦਿਆ ਦੇ ਮਾਹਰ ਅਤੇ ਚੰਗੇ ਗੁਣਵਾਨ ਪ੍ਰਿੰਸੀਪਲ ਨੀਯਤ ਕੀਤੇ ਹੋਏ ਹਨ। ਵਿਦਿਆਰਥੀਆਂ ਦੇ ਲੰਗਰ, ਕੱਪੜੇ, ਸਾਜ਼, ਰਿਹਾਇਸ਼ ਆਦਿ ਦਾ ਸਾਰਾ ਖ਼ਰਚ ਜਥੇ ਵਲੋਂ ਕੀਤਾ ਜਾਂਦਾ ਹੈ। ਇਥੇ ਹੀ ਲੰਗਰ ਦੀ ਬਹੁਤ ਵੱਡੀ ਇਮਾਰਤ ਬਣਾਈ ਹੈ ਜਿਸ ਵਿਚ ਪੰਜ ਹਜ਼ਾਰ ਦੀ ਗਿਣਤੀ ਵਿਚ ਸੰਗਤ ਇਕੋ ਸਮੇਂ ਲੰਗਰ ਛਕ ਸਕਦੀ ਹੈ। ਇਸ ਤੋਂ ਉਪਰੰਤ ਪਿੰਡ ਸਦਰ ਵਾਲਾ (ਮੁਕਤਸਰ

ਵਿਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਅਤੇ ਐਫ. ਏ. ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ੧੯੪੮ ਈ: ਵਿਚ (ਗੁਰਪੁਰ ਵਾਸੀ) ਭਗਤ ਉਜਾਗਰ ਸਿੰਘ ਜੀ ਕਾਹਨੇ ਵਾਲੇ (ਜੋ ਆਪ ਦੇ ਭੂਆ ਜੀ ਦੇ ਪੁੱਤਰ ਸਨ) ਸਮੇਤ ਭਿੰਡਰੀਂ ਪਹੁੰਚ ਕੇ ਸੱਚਖੰਡ ਵਾਸੀ 'ਖਾਲਸਾ' ਜੀ ਨਾਲ ਮੇਲ ਹੋਇਆ ਅਤੇ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ।

ਆਪਣੇ ਤਾਇਆ ਭਾਈ ਪਾਲ ਸਿੰਘ ਜੀ ਦੇ ਸਾਹੁੱਤਰ ਕਾਕੀ ਹਰਨਾਮ ਸਿੰਘ ਜੀ ਤੇ ਚਾਚਾ ਜਗਤ ਸਿੰਘ ਜੀ ਦੇ ਪੁੱਤਰ ਭਾਈ ਸ਼ਿੰਗਾਰ ਸਿੰਘ ਜੀ ਨਾਲ ਮਿਲ ਕੇ ਸਿਮਰਨ ਭਜਨ ਤੇ ਨਿੱਤਨੇਮ ਵਿਚ ਲੀਨ ਰਹਿੰਦੇ। ਤਕਰੀਬਨ ਤਿੰਨੇ ਭਾਈ ਹਰ ਸਾਲ ਜਾਂ ਦੂਜੇ ਸਾਲ ਗੁਰਮਤਿ ਪ੍ਰਚਾਰ ਲਈ 'ਖਾਲਸਾ' ਜੀ ਨੋਂ ਆਪਣੇ ਪਿੰਡ ਦਾ ਪ੍ਰੋਗਰਾਮ ਲੈਂਦੇ। ਤੇਰਾਂ ਵਾਰ ਜਥਾ ਪਿੰਡ ਪੁਰਾਣੇ ਭੂਰੇ ਗਿਆ।

ਇਹਨਾਂ ਦੀ ਸ਼ਾਦੀ ਅਠਾਰਾਂ ਸਾਲ ਦੀ ਉਮਰ ਵਿਚ ਹੋਈ ਅਤੇ ਦੋ ਭੁੰਝੀ ਭਾਈ ਹਰਭਜਨ ਸਿੰਘ (ਅਮਰੀਕ ਸਿੰਘ) ਤੇ ਭਾਈ ਮਨਜੀਤ ਸਿੰਘ ਹਨ। 'ਖਾਲਸਾ' ਜੀ ਦੀ ਆਗਿਆ ਅਤੇ ਪਿਤਾ ਜੀ ਦੀ ਇੱਛਿਆ ਅਨੁਸਾਰ ਪੰਜ ਮਹੀਨੇ ਸ੍ਰੀ ਮੁਕਤਸਰ ਸਾਹਿਬ ਟੁੱਟੀ ਗੰਢਾ ਵਿਖੇ ਚੱਕ ਬੰਦੀ ਵਿਚ ਪਟਵਾਰ ਕਰਕੇ ੧੯੫੭ ਈ: ਵਿਚ ਅਸਤੀਫਾ ਦੇ ਕੇ ਪੱਕੇ ਤੌਰ ਤੇ 'ਖਾਲਸਾ' ਜੀ ਦੇ ਪਾਸ ਜਥੇ ਸੰਗਤ ਵਿਚ ਪੁੱਜੇ। ਸੰਨ ੧੯੫੮ ਤੋਂ ੧੯੬੯ ਈ: ਤੱਕ 'ਖਾਲਸਾ' ਜੀ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਪੰਜੇ ਬਾਣੀਆਂ, ਜੈਤਸਰੀ ਦੀ ਵਾਰ, ਸਤੇ ਬਲਵੰਡੇ ਦੀ ਵਾਰ, ਪੰਝੀ ਪੱਤਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਅਤੇ ਸ਼ਾਮ ਨੂੰ ਸਾਰੀ ਪੰਜ ਗ੍ਰੰਥੀ, ਦੋਵੇਂ ਬਾਰਹ ਮਾਹਾ, ਜਪੁ ਜੀ ਸਾਹਿਬ ਦੇ ਕਈ ਪਾਠ ਸੁਣਾਉਂਦੇ। ੧੯੫੮ ਈ: ਤੋਂ ਗਿਆਨੀ ਕਰਤਾਰ ਸਿੰਘ ਜੀ 'ਖਾਲਸਾ' ਤੇ ਭਾਈ ਠਾਕਰ ਸਿੰਘ ਜੀ ਗੜਵਈ ਦੇ ਤੌਰ ਤੇ ਸੇਵਾ ਕਰਦੇ ਰਹੇ। ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਅਵਤਾਰ ਗੁਰਪੁਰਬ ਵਾਲੇ ਪਵਿੱਤਰ ਦਿਹਾੜੇ ੧੮-੧-੧੯੬੭ ਈ: ਦਿਨ ਬੁੱਧਵਾਰ ਨੂੰ ਤਖ਼ਤ ਸ੍ਰੀ ਹਰਿਮੰਦਿਰ ਜੀ ਪਟਨਾ ਸਾਹਿਬ ਵਿਖੇ ਇਸ ਦਮਦਮੀ ਟਕਸਾਲ ਦੀ ਸੇਵਾ ਸਾਰੇ ਜਥੇ ਦੇ ਸਾਹਮਣੇ, ਦੀਵਾਨ ਵਿਚ ਆਪਣੇ ਹੱਥੀਂ ਸਿਰੋਪਾਓ ਦੇ ਕੇ ਸੌਂਪੀ।

੨੮ ਜੂਨ ੧੯੬੯ ਈਸਵੀ ਵਿਚ 'ਖਾਲਸਾ' ਜੀ ਦੇ ਸੱਚਖੰਡ

ਸੰਖੇਪ-ਜੀਵਨ

ਗਿਆਨੀ ਕਰਤਾਰ ਸਿੰਘ ਜੀ 'ਖਾਲਸਾ'

ਆਪ ਜੀ ਦਾ ਜਨਮ ਅੱਸੂ ਸੁਦੀ ਪੰਚਮੀ ਸੰਮਤ ੧੯੮੯ ਬਿਕ੍ਰਮੀ ਮੁ: ਸੰਨ ੧੯੩੨ ਈ: ਵਿਚ ਸ਼ਭ ਦਿਹਾੜੇ ਗਰੁ ਘਰ ਦੇ ਸ਼ਰਧਾਲੂ, ਖਾਲਸਾ ਪੰਥ ਦੇ ਮਹਾਨ ਸੇਵਕ, ਜਥੇਦਾਰ ਝੰਡਾ ਸਿੰਘ ਜੀ ਦੇ ਘਰ ਮਾਤਾ ਲਾਭ ਕੌਰ ਜੀ ਦੀ ਪਵਿੱਤਰ ਕੁੱਖੋਂ ਪਿੰਡ ਪੁਰਾਣੇ ਭੂਰੇ (ਭੂਰੇ ਕੋਹਨਾ) ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿਚ ਹੋਇਆ, ਜੋ ਹੁਣ ਤਹਿਸੀਲ ਪੱਟੀ ਜ਼ਿਲਾ ਅੰਮ੍ਰਿਤਸਰ ਵਿਚ ਹੈ। ਇਹਨਾਂ ਦੇ ਪਿਤਾ ਜੀ ਕੱਟੜ ਅਕਾਲੀ, ਗੁਰਬਾਣੀ ਦੇ ਨਿੱਤਨੇਮੀ ਬੜੇ ਉੱਚੇ ਜੀਵਨ ਵਾਲੇ ਤੇ ਨਿਡੱਰ ਗੁਰਸਿੱਖ ਸਨ। ਬਾਬਾ ਝੰਡਾ ਸਿੰਘ ਜੀ ਦਾ ਪਰਵਾਰ ਸਪੁੱਤਰ ਭਾਈ ਬਹਾਲ ਸਿੰਘ ਜੀ, ਭਾਈ ਅਜਮੇਰ ਸਿੰਘ ਜੀ, ਗਿਆਨੀ ਕਰਤਾਰ ਸਿੰਘ ਜੀ, ਭਾਈ ਦੀਦਾਰ ਸਿੰਘ ਜੀ, ਭਾਈ ਜਗਤਾਰ ਸਿੰਘ ਜੀ, ਭਾਈ ਬਲਕਾਰ ਸਿੰਘ ਜੀ ਤੇ ਦੋ ਪੁੱਤਰੀਆਂ ਬੀਬੀ ਗੁਰਦਿਆਲ ਕੌਰ ਤੇ ਬੀਬੀ ਤਾਰ ਕੌਰ ਜੀ ਹੋਈਆਂ।

ਇਸੇ ਪਿੰਡ ਦੇ ਮਹਾਨ ਅਖੰਡ ਪਾਠੀ, ਅੰਮ੍ਰਿਤਧਾਰੀ, ਤਿਆਰ-ਪੁਰ-ਤਿਆਰ ਬਾਬਾ ਬੱਗਾ ਸਿੰਘ ਜੀ ਪਾਸੋਂ 'ਖਾਲਸਾ' ਜੀ ਨੇ ਆਪਣੇ ਛੋਟੇ ਭਾਈ ਦੀਦਾਰ ਸਿੰਘ ਅਤੇ ਗ੍ਰੰਥੀ ਭਾਈ ਗੁਰਦੀਪ ਸਿੰਘ ਜੀ ਸਮੇਤ ਗੁਰਮਤਿ ਦੀ ਮੁੱਢਲੀ ਵਿਦਿਆ ਗ੍ਰਹਿਣ ਕੀਤੀ। ਬਾਬਾ ਝੰਡਾ ਸਿੰਘ ਜੀ ਦੀ ਇਹ ਤੀਬਰ ਇੱਛਾ ਸੀ ਕਿ ਸਾਰਾ ਪਰਵਾਰ ਅੰਮ੍ਰਿਤਧਾਰੀ ਤਿਆਰ-ਪੁਰ-ਤਿਆਰ ਅਤੇ ਰਹਿਤ ਵਿਚ ਪ੍ਰਪੱਕ ਹੋਵੇ। ਇਸੇ ਕਰਕੇ ਗਿਆਨੀ ਕਰਤਾਰ ਸਿੰਘ ਜੀ ਪਾਸੋਂ ਗੁਰੂ ਪੰਥ ਦੇ ਅਣਖੀਲੇ ਯੋਧਿਆਂ, ਸੂਰਬੀਰਾਂ, ਬਹਾਦਰ ਸ਼ਹੀਦਾਂ ਦੇ ਪ੍ਰਸੰਗ ਯਥਾ ਚਹੁੰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੰਮਣ ਤੇ ਮੂਮਣ, ਭਾਈ ਸ਼ਾਹਬਾਜ ਸਿੰਘ ਅਤੇ ਸੁਬੇਗ ਸਿੰਘ ਜੀ ਆਦਿ ਸ਼ਹੀਦਾਂ ਦੇ ਪ੍ਰਸੰਗ ਰਾਤ ਨੂੰ ਸਾਰਾ ਪਰਵਾਰ ਇਕੱਠਾ ਹੋ ਕੇ ਚਿੱਠਿਆਂ ਵਿਚੋਂ ਸੁਣਿਆ ਕਰਦੇ, ਜਿਸ ਦੇ ਕਾਰਨ ਇਹਨਾਂ ਦੇ ਮਨ ਵਿਚ ਗੁਰਸਿੱਖੀ ਲਈ ਤੜਪ ਤੇ ਵੈਰਾਗ ਪੈਦਾ ਹੋ ਗਿਆ। ਗੁਰੂ ਮਹਾਰਾਜ ਜੀ ਦੀ ਮਿਹਰ ਦਾ ਸਦਕਾ ਛੇਤੀ ਹੀ ਇਹਨਾਂ ਨੂੰ ਪੰਜ ਬਾਣੀਆਂ ਕੰਠ ਹੋ ਗਈਆਂ। ਮੁੱਢਲੀ ਵਿਦਿਆ ਸਰਕਾਰੀ ਮਿਡਲ ਸਕੂਲ ਖੇਮਕਰਨ ਵਿਚੋਂ ਪ੍ਰਾਪਤ ਕੀਤੀ ਤੇ ਨੌਵੀਂ, ਦਸਵੀਂ ਇਕੋ ਸਾਲ

ਦੇ ਹੁਕਮਨਾਮੇ ਨੂੰ ਆਪਣੇ ਜੀਵਨ ਵਿਚ ਕਮਾ ਕੇ, ਹੋਰ ਸੰਗਤਾਂ ਨੂੰ ਸਦਾ ਇਸ ਹੁਕਮਨਾਮੇ ਨੂੰ ਕਮਾਉਣ ਦੀ ਪ੍ਰੇਰਣਾ ਕੀਤੀ।'

੧੭. ਸਰਦਾਰ ਹਰੀ ਸਿੰਘ ਜੀ, ਐਮ. ਐਲ. ਏ. :-

'ਸੰਤ ਗੁਰਬਚਨ ਸਿੰਘ ਜੀ ਦੀ ਕਥਾ ਸੁਣ ਕੇ ਹਰ ਮਨੁੱਖ ਚੁੰਬਕਾਇਆ ਜਾਂਦਾ ਸੀ।'

੧੮. ਸਰਦਾਰ ਕਰਮ ਸਿੰਘ ਜੀ ਐਮ. ਐਲ. ਏ. :-

'ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਠੀਕ ਗੁਰੂ ਨਾਨਕ ਨਾਮ-ਲੇਵਾ ਸੰਤ ਮਹਾਂ ਪੁਰਖ ਸਨ। ਉਨ੍ਹਾਂ ਠੀਕ ਗੁਰੂ ਸਾਹਿਬਾਨ ਦੀ ਦੱਸੀ ਜੀਵਨ-ਜਾਚ ਨੂੰ ਅਪਨਾਇਆ।'

੧੯. ਸਰਦਾਰ ਪਿਆਰਾ ਸਿੰਘ ਜੀ 'ਨਿਰਛਲ' :-

'ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਸਿੱਖ ਜਗਤ ਦੀ ਮਾਲਾ ਦਾ ਪੁੰਨਿਆਂ ਦੇ ਚਾਨਣ ਵਰਗਾ ਇਕ ਮਣਕਾ ਸੀ।'

੨੦. ਪ੍ਰੋਫੈਸਰ ਤਨਜੀਤ ਸਿੰਘ ਜੀ ਪਟਿਆਲਾ :-

'ਮੈਂ ਸੰਤਾਂ ਮਹਾਂ ਪੁਰਖਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਮਹਾਰਾਜ ਤੋ ਇਕ-ਰਸ ਚੋਰ ਕਰਦੇ ਵੇਖਿਆ ਹੈ। ਨਿੱਤਨੇਮ ਕਰਦੇ ਵੀ ਉਹ ਕਈ ਘੰਟੇ ਗੁਰੂ ਸਾਹਿਬ ਜੀ ਤੇ ਚੋਰ ਕਰਦੇ ਰਹਿੰਦੇ। ਦਸਾਂ ਪਾਤਸ਼ਾਹੀਆਂ ਦੇ ਸਰੂਪ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਉਤੇ ਜਾਗਦੀ ਜੋਤਿ ਦਾ ਪੂਰਨ ਅਟੱਲ ਨਿਸ਼ਚਾ ਸੀ।'

੨੧. ਭਾਈ ਹਰਪਾਲ ਸਿੰਘ ਜੀ 'ਲੱਖੀਆ' ਸ੍ਰੀ ਗੰਗਾ ਨਗਰ :-

'ਸੰਤ ਮਹਾਂ ਪੁਰਖਾਂ ਦੇ ਮਨੁੱਖਤਾ ਲਈ ਕੀਤੇ ਕੰਮ, ਪਰਉਪਕਾਰ ਤੇ ਚੰਗਿਆਈ ਨੂੰ ਦੁਨੀਆਂ ਹਮੇਸ਼ਾਂ ਯਾਦ ਰੱਖੇਗੀ। ਸਾਡੇ ਵਾਸਤੇ ਬੜੀ ਮਾਣ ਵਾਲੀ ਗੱਲ ਹੈ ਕਿ ਅਸੀਂ ਮਹਾਨ ਹਸਤੀ ਦੇ ਨੇੜੇ ਸੀ।'

੨੨. ਗਿ: ਦਲੀਪ ਸਿੰਘ ਜੀ ਕਥਾ ਵਾਚਕ ਗੁ: ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ :

'ਮਹਾਨ ਪਰਉਪਕਾਰੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਇਕ ਪਵਿੱਤ੍ਰ ਆਤਮਾ ਸਨ। ਉਨ੍ਹਾਂ ਨੇ ਆਪਣੇ ਪਵਿੱਤ੍ਰ ਜੀਵਨ ਰਾਹੀਂ ਸਾਰੇ ਹਿੰਦੁਸਤਾਨ ਨੂੰ ਬਾਣੀ ਰਾਹੀਂ ਪ੍ਰਚਾਰ ਕਰਕੇ ਅਤੇ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਕਲਗੀਧਰ ਪਿਤਾ ਜੀ ਦੇ ਲੜ ਲਾਇਆ।

ਦਾ ਨਿਰੋਲ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਅਜਿਹੇ ਮਹਾਂ ਪੁਰਖਾਂ ਦੇ ਹਿੱਸੇ ਹੀ ਆਇਆ ਹੈ।'

੧੧. ਜਥੇਦਾਰ ਜੀਵਨ ਸਿੰਘ ਜੀ ਉਮਰਾਨੰਗਲ :-

'ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਇਕ ਰੂਹਾਨੀ ਸਾਧੂ ਸਨ, ਉਹਨਾਂ ਥਾਂ ਥਾਂ ਉੱਤੇ ਜਾ ਕੇ ਗੁਰਬਾਣੀ ਦੇ ਪਵਿੱਤ੍ਰ ਫੁੱਲਾਂ ਦੇ ਬਾਗ ਲਾਏ ਅਤੇ ਨਗਰਾਂ ਦੇ ਨਗਰਾਂ ਨੂੰ ਨਵਾਂ ਚਾਨਣ ਪ੍ਰਦਾਨ ਕੀਤਾ ਹੈ।'

੧੨. ਗਿ: ਮੋਹਣ ਸਿੰਘ ਜੀ ਡੇਰਾ ਬਾਬਾ ਸ਼ਾਮ ਸਿੰਘ ਜੀ, ਸ੍ਰੀ ਅੰਮ੍ਰਿਤਸਰ :-

'ਸ੍ਰੀ ਮਾਨ ਸਤਿਕਾਰ ਯੋਗ ਸਰਬ ਗੁਣਾਲੰਕ੍ਰਿਤ, ਧਰਮ ਮੂਰਤੀ, ਪਰਮ ਹਿਤਕਾਰੀ, ਕ੍ਰਿਪਾਲੂ, ਦਯਾਲੂ ਤੇ ਸ਼ਾਂਤੀ ਦੇ ਅਥਾਹ ਸਾਗਰ, ਪੂਜਨ ਵਿਅਕਤੀ, ਸ੍ਰੀ ਮਾਨ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੇ ਬਿਅੰਤ ਕ੍ਰਿਪਾਲਤਾ ਦੇ ਅਥਾਹ ਗੁਣਾਂ ਦਾ ਤੁੱਛ ਬੁੱਧੀ ਵਰਨਣ ਨਹੀਂ ਕਰ ਸਕਦੀ।'

੧੩. ਗਿ: ਪ੍ਰਤਾਪ ਸਿੰਘ ਜੀ ਐਡੀਟਰ 'ਗਿਆਨ ਅੰਮ੍ਰਿਤ' ਸ੍ਰੀ ਅੰਮ੍ਰਿਤਸਰ :-

'ਸ੍ਰੀ ਮਾਨ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ, ਗੁਰੂ ਪ੍ਰਮੇਸ਼ਰ ਪਰ ਨਿਸ਼ਚਾ ਰੱਖਣ ਵਾਲੇ, ਸਿਦਕ ਦ੍ਰਿੜ੍ਹ, ਰਹਿਤ ਵਿੱਚ ਪ੍ਰਪੱਕ, ਜੀਵਨ ਦੇ ਉੱਚੇ ਸੁੱਚੇ ਪੁਰਸ਼ ਸਨ।'

੧੪. ਸ੍ਰੀ ਮਾਨ ਸਤਿਕਾਰ ਯੋਗ ਗਿਆਨੀ ਮੋਹਣ ਸਿੰਘ ਜੀ :-

'ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਮਹਾਨ ਪਵਿੱਤ੍ਰ ਜੀਵਨ ਵਿਚ 'ਸਬਦ ਮਿਲਾਵਾ ਹੋਇ' ਦੇ ਪਾਵਨ ਮਹਾਂਵਾਕ ਦੀ ਪ੍ਰਪੱਕਤਾ ਸੀ।'

੧੫. ਗਿਆਨੀ ਕੁੰਦਨ ਸਿੰਘ ਜੀ :-

'ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਅਜਿਹੇ ਮਹਾਂ ਪੁਰਖਾਂ ਵਿਚੋਂ ਸਨ ਜਿਨ੍ਹਾਂ ਦੀ ਦ੍ਰਿਸ਼ਟੀ ਨਾਲ ਨਕਸ਼ਾ ਬਦਲ ਗਿਆ ਹੈ।'

੧੬. ਸੰਤ ਪ੍ਰੀਤਮ ਸਿੰਘ ਜੀ :-

'ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ

'ਰਹਿਣੀ ਰਹੈ ਸੋਈ ਸਿਖ ਮੇਰਾ ॥ ਉਹ ਸਾਹਿਬ ਮੈ ਉਸ ਕਾ ਚੇਰਾ ॥'

੬. ਸਿੰਘ ਸਾਹਿਬ ਅੱਛਰ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ :

'ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ ਨੇ ਬੜਾ ਭਾਰੀ ਪਰਉਪਕਾਰ ਦਾ ਕੰਮ ਕੀਤਾ ਹੈ।'

੭. ਸਿੰਘ ਸਾਹਿਬ ਸਾਧੂ ਸਿੰਘ ਜੀ ਭੌਰਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ :

ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨੇ
'ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥' (੧੧੨੩)
ਵਾਲੇ ਪਵਿੱਤ੍ਰ ਗੁਰਵਾਕ ਨੂੰ ਆਪਣੇ ਜੀਵਨ ਵਿਚ ਨਿਬਾਹਿਆ। ਇਕ ਪਿਆਰੇ ਗੁਰਸਿੱਖ (ਭਾਈ ਗੁਰਮੁਖ ਸਿੰਘ 'ਉੜੀਸਾ') ਦਾ ਜਲਦੀ ਸ਼ਮ੍ਹਾਂ ਵਿਚ ਜਲਣਾ ਕਿੰਨੀ ਵਚਿੱਤਰ ਘਟਨਾ ਹੈ।'

੮. ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ:-

'ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਮਹਾਂ ਪੁਰਖਾਂ ਦਾ ਜੀਵਨ ਉਹ ਚਾਨਣ-ਮੁਨਾਰਾ ਹੈ, ਜੋ ਜ਼ਿੰਦਗੀ ਦੇ ਜਹਾਜ਼ਾਂ ਨੂੰ ਠੀਕ ਰਾਹ ਵਿਖੇਣ ਲਈ ਰੋਸ਼ਨੀ ਕਰਦਾ ਹੈ, ਆਪ ਜੀ ਜ਼ਿੰਦਗੀ ਆਪਣੇ ਲਈ ਨਹੀਂ ਸਗੋਂ ਦੂਜਿਆਂ ਲਈ ਜਿਉਂਦੇ ਰਹੇ।'

੯. ਸੰਤ ਫਤਹ ਸਿੰਘ ਜੀ ਪ੍ਰਧਾਨ ਸ਼ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ :-

'ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਵਰਗੀ ਮਹਾਨ ਵਿਅਕਤੀ, ਜੋ ਸਦਾ ਗਰਬਾਣੀ ਵਿੱਚ ਗਲਤਾਨ ਰਹਿਣ ਵਾਲੇ, ਘਰ ਘਰ ਪੈਦਾ ਨਹੀਂ ਹੋਣੇ। ਉਨ੍ਹਾਂ ਦੀ ਪਵਿੱਤ੍ਰ ਰੂਹ ਸਦਾ ਗੁਰਬਾਣੀ ਵਿਚ ਗਲਤਾਨ ਰਹਿੰਦੀ ਸੀ ਜਿਵੇਂ ਮੱਛੀ ਪਾਣੀ ਵਿਚ ਤੇ ਭੌਰਾ ਫੁੱਲਾਂ ਤੇ। ਸਾਰੀ ਉਮਰ ਉਨ੍ਹਾਂ ਨੇ ਜੀਵਨ ਜੋਤਾਂ ਜਗਾਈਆਂ ਤੇ 'ਖਾਲਸਾ ਰੂਪ' ਵਿਚ ਰਹਿ ਕੇ ਸੰਗਤ ਦੀ ਸੇਵਾ ਕੀਤੀ। ਉਨ੍ਹਾਂ ਦਾ ਬਚਨ ਅਟੱਲ ਸੀ। ਉਹਨਾਂ ਦਾ ਸਰਬੱਤ ਨੂੰ ਹਿਤ ਹੈ। ਸਿੱਖ ਜਗਤ ਵਿਚ ਐਸੀ ਮਹਾਨ ਸ਼ਖ਼ਸੀਅਤ ਦਾ ਸਾਨੂੰ ਮਾਣ ਹੈ।'

੧੦. ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ :-

'ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਜੀ ਦੀ ਸੇਵਾ ਸਫਲ ਹੈ ਉਹਨਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਮਹਾਰਾਜ-ਜੋ ਕੌਮ ਦੀ ਬੁਨਿਆਦ ਹਨ-ਦੇ ਮੰਗਲਾਂ ਦੀ ਸੇਵਾ ਵਿਚ ਮਹਾਨ ਹਿੱਸਾ ਪਾਇਆ। ਸਿੱਖੀ

'ਖਾਲਸਾ' ਜੀ ਸੰਗਤ ਦੀ ਨਜ਼ਰ ਵਿਚ

'ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ ॥'(੬੪੭)

੧. ਸੰਤ ਗਿ: ਕ੍ਰਿਪਾਲ ਸਿੰਘ ਜੀ ਸਤੋ ਦੀ ਗਲੀ ਸ੍ਰੀ ਅੰਮ੍ਰਿਤਸਰ :-

'ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ੧੦੮ ਪਰਮ ਪੂਜਯ ਸਤਿਕਾਰ ਯੋਗ, ਨਾਮ ਰਸੀਏ, ਗੁਰਬਾਣੀ ਦੇ ਪੂਰਨ ਪ੍ਰੇਮੀ, ਦ੍ਰਿੜ ਵਿਸ਼ਵਾਸ਼ੀ, ਨਿੱਤਨੇਮ ਦੇ ਅਭਿਆਸੀ, ਰਹਿਣੀ, ਕਹਿਣੀ ਬਹਿਣੀ ਸਹਿਣੀ ਦੇ ਪੂਰਨ ਧਨੀ, ਸ਼ਾਂਤਾਦਿ ਸ਼ੁਭ ਗੁਣ ਅਲੰਕ੍ਰਿਤ ਅਤੇ ਸ੍ਰੀ ਦਸਮੇਸ਼ ਪਿਤਾ ਕਲਗੀਧਰ ਦੀ ਚਲਾਈ ਹੋਈ 'ਸ੍ਰੀ ਗੁਰੂ 'ਗ੍ਰੰਥ ਸਾਹਿਬ ਜੀ' ਦੇ ਸੰਪ੍ਰਦਾਈ ਅਰਥਾਂ ਦੀ ਟਕਸਾਲ ਦੇ ਹੋਣਹਾਰ, ਵਿੱਦਿਆ ਦੇ ਭੰਡਾਰ, ਮਹਾਨ ਪਵਿੱਤ੍ਰ ਵਿਅਕਤੀ ਸਨ।'

੨. ਗਿ: ਮਹਾਂ ਸਿੰਘ ਜੀ 'ਖਾਲਸਾ ਸਮਾਚਾਰ' ਸ੍ਰੀ ਅੰਮ੍ਰਿਤਸਰ :-

'ਸ੍ਰੀ ਮਾਨ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ ਸੰਪ੍ਰਦਾਈ ਗਿਆਨੀ ਤੇ ਪੰਥ ਦੇ ਵਿਚ ਮੰਨੀ-ਪ੍ਰਮੰਨੀ ਸੰਤ ਵਿਅਕਤੀ ਸਨ।

੩. ਸੰਤ ਰਣ ਸਿੰਘ ਜੀ ਸ੍ਰੀ ਅੰਮ੍ਰਿਤਸਰ :-

ਗੁਰਮੁਖ ਪਿਆਰੇ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੀ ਮਹਾਨ ਘਾਲਣਾ ਦਾ ਵਰਨਣ ਸ਼ਬਦਾਂ ਦੁਆਰਾ ਕਰਨਾ ਕਠਨ ਸਮੱਸਿਆ ਹੈ।'

੪. ਬੀਬੀ ਨਿਰਮਲ ਕੌਰ ਜੀ ਸ੍ਰੀ ਅੰਮ੍ਰਿਤਸਰ :-

'ਸ੍ਰੀਮਾਨ ੧੦੮ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਵਿਚ 'ਹਾਰਿ ਚਲੇ ਗੁਰਮੁਖਿ ਜਗ ਜੀਤਾ ॥੧॥' (ਵਾਰ ੧੦) ਦਾ ਗੁਣ ਕੂੱਟ ਕੂੱਟ ਕੇ ਭਰਿਆ ਪਿਆ ਸੀ।'

੫. ਸਿੰਘ ਸਾਹਿਬ ਗਿ: ਚੇਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ :-

'ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ'
'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥' (੯੪੧)
ਦੇ ਪਵਿੱਤਰ ਗੁਰਵਾਕ ਅਨੁਸਾਰ ਸਦਾ ਚਲਦਿਆਂ ਫਿਰਦਿਆਂ, ਬਹਿੰਦਿਆ, ਉਠਦਿਆ, ਸੌਂਦਿਆ ਜਾਗਦਿਆ ਗੁਰਬਾਣੀ ਪੜ੍ਹਦੇ ਸਨ।'

ਅੰਗੀਠੇ ਦੇ ਪਾਸ ਪੁਲੀਸ ਕਰਮਚਾਰੀ ਕੰਟਰੋਲ ਵਾਸਤੇ ਦੋ ਦਿਨ ਰਹੇ। ਜੋ ਕੋਈ ਪ੍ਰੇਮੀ ਆਉਂਦੇ ਦਰਸ਼ਨ ਕਰਦਾ, ਅੱਖਾਂ ਭਰ ਕੇ ਪਰਤ ਜਾਂਦਾ।

ਸਾਰਾ ਸਿੱਖ ਜਗਤ, ਗੁਰੂ ਨਾਨਕ ਨਾਮ ਲੇਵਾ, ਇਸ ਸਤਿਕਾਰ ਯੋਗ ਹਸਤੀ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਦੇ ਰਿਣੀ ਰਹਿਣਗੇ, ਜਿਨ੍ਹਾਂ ਨੇ ਸਰੀਰਕ ਤੌਰ ਤੇ ੬੭ ਸਾਲ ੪ ਮਹੀਨੇ ੧੪ ਦਿਨ ਇਸ ਸੰਸਾਰ ਵਿਚ ਰਹਿ ਕੇ ਮਨੁੱਖਤਾ ਦੇ ਭਲੇ ਲਈ ਚਹੁੰ ਕੁਟਾ ਵਿਚ ਵਿਚਰ ਕੇ ਨਿਰੋਲ ਗੁਰਮਤਿ ਦਾ ਤਕਰੀਬਨ ੪੦ ਸਾਲ ਪ੍ਰਚਾਰ ਕਰ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਜੀਅ ਦਾਨ ਦਿੱਤਾ। ਯਥਾ :-

'ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥
ਤਿਸੁ ਲਗਿ ਮੁਕਤੁ ਭਏ ਘਣੇਰੇ ॥
ਨਾਮੁ ਨਿਧਾਨਾ ਗੁਰਮੁਖਿ ਪਾਈਐ
ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥'
(੧੦੧)

ਮਿਤੀ ੧-੭-੬੯ ਈ: ਦਿਨ ਮੰਗਲਵਾਰ ਨੂੰ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ ਤੋਂ ਭਾਈ ਕਰਤਾਰ ਸਿੰਘ ਜੀ, ਭਾਈ ਭਗਵਾਨ ਸਿੰਘ ਜੀ ('ਖਾਲਸਾ' ਜੀ ਦੇ ਸਪੁੱਤ੍ਰ), ਭਗਤ ਉਜਾਗਰ ਸਿੰਘ ਜੀ ਅਤੇ ਦਾਸ ਨੇ ਦੁਪਹਿਰ ਵੇਲੇ ਕੁਝ ਹੋਰ ਪ੍ਰੇਮੀਆਂ ਸਮੇਤ ਪਤਾਲਪੁਰੀ ਪਹੁੰਚ ਕੇ ਪਵਿੱਤ੍ਰ ਅੰਗੀਠੇ ਪਾਸ ਪੰਜਾਂ ਬਾਣੀਆਂ ਦਾ ਪਾਠ ਕਰਕੇ ਸਾਰਾ ਅੰਗੀਠਾ ਜਲ ਪ੍ਰਵਾਹ ਕੀਤਾ। ਪਵਿਤ੍ਰ ਵਹਿੰਦੇ ਜਲ ਨੇ ਆਪਣੇ ਪਿਆਰਿਆਂ ਦੀਆਂ ਪਵਿੱਤ੍ਰ ਅਸਥੀਆਂ ਤੇ ਬਿਭੂਤੀ ਨੂੰ ਆਪਣੀ ਜਾਨ ਨਾਲ ਇਕ-ਮਿਕ ਕਰ ਲਿਆ ਸੀ। ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਕਾਦਰ ਦੇ ਪਿਆਰਿਆਂ ਦਾ ਕਾਦਰ ਦੀ ਗੋਦ ਵਿਚ ਸਦਾ ਲਈ ਨਿਵਾਸ ਹੋ ਗਿਆ।

ਦਾਸਨਿ ਦਾਸ-ਕਰਤਾਰ ਸਿੰਘ 'ਖਾਲਸਾ'
ਜਥਾ ਭਿੰਡਰਾਂ (ਮਹਿਤਾ)

ਦੇ ਤਲੂਨਦੇ ਹੰਝੂਆਂ ਨਾਲ ਆਵਾਜ਼ ਆ ਤਹੀ ਸੀ, 'ਧੰਨ ਗੁਰੂ ਜੀ, ਧੰਨ ਖਾਲਸਾ' ਜੀ, ਧੰਨ ਉਹਨਾਂ ਦੇ ਨਾਲ ਦੇ ਸਿੰਘ।

ਮਹਿਤੇ ਵਿਖੇ 'ਖ਼ਾਲਸਾ' ਜੀ ਦੇ ਸੱਚਖੰਡ ਜਾਣ ਉਪਰੰਤ ਭਾਈ ਗੁਰਮੁਖ ਸਿੰਘ ਨੇ ਚੁੱਪ ਧਾਰ ਕੇ ਬਿਰਤੀ ਸਿਮਰਨ ਵਿਚ ਜੋੜ ਲਈ ਸੀ ਤੇ ਹੋਰ ਕਿਸੇ ਨੂੰ ਭੇਦ ਨਹੀਂ ਸੀ ਦਿੱਤਾ। ਚੱਪ ਧਾਰ ਕੇ ਉਸ ਨੇ ਪਤਾਲਪਰੀ ਵਿਚ ਇਸ਼ਨਾਨ ਕੀਤਾ ਤੇ 'ਖਾਲਸਾ' ਜੀ ਦੇ ਸੀਸ ਵਾਲੀ ਦਸਤਾਰ ਦਾਸ ਕੋਲੋਂ ਲੈ ਕੇ ਆਪਣੇ ਸਿਰ ਤੇ ਸਜਾ ਕੇ ਇਸ਼ਨਾਨ ਉਪਰੰਤ ਸੋਹਿਲੇ ਦਾ ਪਾਠ ਕਰਕੇ, ਅੰਗੀਠੇ ਦੀਆਂ ਪ੍ਰਕਰਮਾਂ ਕੀਤੀਆਂ ਤੇ ਅੰਗੀਠੇ ਵਿਚ ਛਾਲ ਮਾਰ ਕੇ ਸੱਚਖੰਡ ਚਲਾ ਗਿਆ। ਭਾਈ ਗੁਰਮੁਖ ਸਿੰਘ 'ਖਾਲਸਾ' ਜੀ ਦਾ ਸਰੀਰ ਵਿਰਧ ਹੋਣ ਕਰਕੇ ਪੱਖੇ ਅਤੇ ਮੁੱਠੀ ਚਾਪੀ ਕਰਨ ਦੀ ਸੇਵਾ ਕਰਿਆ ਕਰਦਾ। ਇਕ ਦਿਨ ਪ੍ਰਸੰਨ ਹੋ ਕੇ 'ਖਾਲਸਾ' ਜੀ ਨੇ ਭਾਈ ਗੁਰਮੁਖ ਸਿੰਘ ਨੂੰ ਕਿਹਾ, 'ਆ ਬਈ ਉੜੀਸਿਆ! ਤੇਰੇ ਦਿਲ ਵਿਚ ਕੀ ਸੰਕਲਪ ਹੈ?' ਤਾਂ ਅੱਗੋਂ ਹੱਥ ਜੋੜ ਕੇ ਪ੍ਰੇਮ ਸਹਿਤ ਬੇਨਤੀ ਕੀਤੀ, 'ਹੋਰ ਤਾਂ ਕੋਈ ਇੱਛਾ ਨਹੀਂ, ਇਕ ਜ਼ਰੂਰ ਹੈ ਜੀ, ਮੇਰੀ ਤਹਾਡੇ ਨਾਲ ਤੋੜ ਨਿਭ ਜਾਵੇ।' ਨਾਲ ਪੰਗਤੀ ਪੜ੍ਹੀ :—

'ਤੁਮ ਹਰਿ ਸੇਤੀ ਰਾਤੇ ਸੰਤਹੁ ॥ ਨਿਬਾਹੇ ਲੇਹੁ
ਮੋਕਉ ਪੁਰਖ ਬਿਧਾਤੇ ਓੜ ਪਹੁਚਾਵਹੁ ਦਾਤੇ ॥' (੨੦੯)

ਤਾਂ ਆਪ ਜੀ ਨੇ ਗੰਭੀਰ ਹੋ ਕੇ ਕਿਹਾ, 'ਕਲਗੀਧਰ ਜੀ ਨੂੰ ਭਾਇਆ ਤਾਂ ਨਿਭ ਜਾਵੇਗੀ।' ਉਹ ਨਿਭ ਹੀ ਗਈ।

ਪੁਲੀਸ ਜੇ ਮੌਕੇ ਤੇ ਕਾਬੂ ਨਾ ਪਾਉਂਦੀ ਤਾਂ ਸ਼ਾਇਦ ਅਜਿਹਾ ਕੋਈ ਹੋਰ ਵੀ ਭਾਣਾ ਵਰਤ ਜਾਂਦਾ ਕਿਉਂਕਿ 'ਖਾਲਸਾ' ਜੀ ਦਾ ਵਿਛੋੜਾ, ਨਾ ਸਹਾਰਿਆ ਜਾਣ ਵਾਲਾ ਸੀ।

'ਇਹੁ ਵੇਛੋੜਾ ਸਹਿਆ ਨਾ ਜਾਇ ॥ (੧੨੬੨)

ਬਾਬਾ ਠਾਕਰ ਸਿੰਘ ਜੀ ਗੜਵਈ ਉੱਤੇ ਦਾਸ ਨੇ ਸਿੰਘਾਂ ਦਾ ਪਹਿਰਾ ਪਹਿਲਾਂ ਹੀ ਲਾ ਦਿੱਤਾ ਸੀ ਕਿ ਇਹ ਵਿਛੋੜੇ ਵਿਚ ਕੋਈ ਕਉਤਕ ਨਾ ਕਰ ਦੇਣ। ਭਗਤ ਉਜਾਗਰ ਸਿੰਘ ਜੀ ਨੂੰ ਭਾਵੇਂ ਸੁਨੇਹਾ ਤੁਰੰਤ ਭੇਜ ਦਿੱਤਾ ਸੀ ਪਰ ਉਹ ਆਪਣੇ ਪਿੰਡੋਂ ਬਾਹਰ ਗਏ ਹੋਏ ਸਨ ਇਸ ਕਰ ਕੇ ਭਾਈ ਗੁਰਮੁਖ ਸਿੰਘ ਜੀ ਦੇ ਸ਼ਹੀਦ ਹੋਣ ਤੋਂ ਵੀ ਮਗਰੋਂ ਪਤਾਲਪੁਰੀ ਪੁੱਜੇ।

'ਖਾਲਸਾ' ਜੀ ਦਾ ਨਿਕਟਵਰਤੀ ਸਿੰਘ ਪੂਹਨ ਤਿਆਗੀ, ਵੈਰਾਗੀ, ਨਾਮ ਬਾਣੀ ਦਾ ਰਸੀਆ, 'ਖਾਲਸਾ' ਜੀ ਦੀ ਪ੍ਰਸੰਨਤਾ ਦਾ ਪਾਤਰ ਭਾਈ ਗੁਰਮੁਖ ਸਿੰਘ 'ਉੜੀਸਾ' ਅੰਗੀਠੇ ਦੁਆਲੇ ਫਿਰਦਾ ਫਿਰਦਾ ਅਚਨਚੇਤ ਹੀ ਦਿਲੀ ਅਰਦਾਸਾ ਸੋਧ ਕੇ ਸਭ ਦੇ ਵੇਖਦਿਆਂ ਵੇਖਦਿਆਂ ਇਹ ਪੰਗਤੀਆਂ ਪੜ੍ਹਦਾ ਹੋਇਆ :-

'ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥' (੮੩)

ਸ਼ਮ੍ਹਾਂ ਦੇ ਪਰਵਾਨੇ ਵਾਂਗ ਅੰਗੀਠੇ ਵਿਚ ਝੱਟ ਹੀ ਛਾਲ ਮਾਰ ਗਿਆ। ਜਦ ਕੋਲ ਖੜੇ ਸਿੰਘਾਂ ਨੇ ਇਸ ਨੂੰ ਬਾਹਰ ਕੱਢਣ ਦਾ ਜਤਨ ਕੀਤਾ ਤਾਂ ਉਸ ਨੇ 'ਖਾਲਸਾ' ਜੀ ਦੇ ਜਲ ਰਹੇ ਸਰੀਰ ਦੁਆਲੇ ਜੱਫਾ ਮਾਰ ਲਿਆ ਤੇ ਖ਼ਾਮੋਸ਼ ਇਸ਼ਕ ਹਕੀਕੀ ਦੀ ਰੰਗ ਮਸਤੀ ਅੰਦਰ ਪਤੰਗੇ ਦੀ ਰੀਤ ਨੂੰ ਸੁਰਜੀਤ ਕਰ ਕੇ 'ਖਾਲਸਾ' ਜੀ ਦੇ ਨਾਲ ਹੀ ਸੱਖਖੰਡ ਜਾ ਬਿਰਾਜਿਆ।

ਜਦੋਂ 'ਖਾਲਸਾ' ਜੀ ਦੇ ਅੰਗੀਠੇ ਨੂੰ ਚੰਡਾ ਲਾਇਆ ਉਸ ਵੇਲੇ ਕਝ ਕ ਦੂਰ ਸ਼ਾਮਿਆਨੇ ਥੱਲੇ ਅਖਾੜੇ ਨਗਰ ਵਾਲੇ ਮਹੰਤ ਗਿਆਨੀ ਜਗੀਰ ਸਿੰਘ ਜੀ, ਹਾਕਮ ਸਿੰਘ ਜੀ ਹੁਰਾਂ ਨੂੰ ਦਾਸ ਨੇ ਬੇਨਤੀ ਕੀਤੀ ਤੇ ਉਹਨਾਂ ਨੇ ਵੈਰਾਗਮਈ ਕੀਰਤਨ ਕੀਤਾ। ਉਪਰੰਤ ਦਾਸ ਨੇ 'ਸੋਹਿਲੇ' ਦਾ ਪਾਠ ਕਰ ਕੇ ਭੋਗ ਪਾਇਆ ਹੀ ਸੀ ਕਿ ਬਹੁਤ ਸੰਗਤ ਅੰਗੀਠੇ ਵੱਲ ਨੂੰ ਦੌੜਦੀ ਦੇਖੀ। ਹਾਹਾਕਾਰ ਮੱਚੀ, ਤਾਂ ਦਾਸ ਨੇ ਪੁੱਛਿਆ, 'ਕੀ ਕਾਰਨ ਹੈ ?' ਕੋਲ ਖੜੇ ਸਿੰਘ ਕਹਿਣ ਲੱਗੇ, 'ਕੋਈ ਸਿੰਘ ਚਿਖ਼ਾ ਵਿਚ ਛਾਲ ਮਾਰ ਗਿਆ ਹੈ।' ਜਦੋਂ ਦਾਸ ਕੁਝ ਹੋਰ ਗੁਰਮੁਖਾਂ ਨਾਲ ਭੱਜ ਕੇ ਉੱਥੇ ਪੁੱਜਾ ਤਾਂ ਉਸ ਵੇਲੇ ਅੰਗੀਠੇ ਉੱਪਰ ਪਏ ਭਾਈ ਗੁਰਮੁਖ ਸਿੰਘ 'ਉੜੀਸਾ' ਦੀ ਦਸਤਾਰ ਨੂੰ ਅਗਨੀ ਸਾੜ ਰਹੀ ਸੀ ਹੋਰ ਬਸਤ੍ਰ ਤੇ ਦਾੜ੍ਹਾ ਸੜ ਚੱਕੇ ਸਨ। ਸਿਰ ਉੱਚਾ ਚੁੱਕਿਆ ਹੋਇਆ ਸੀ। ਪਰ ਗੁਰੂ ਕੇ ਪਿਆਰੇ ਦਾ ਐਸਾ ਪ੍ਰੇਮ ਸੀ, ਨਾ ਤੜਪਿਆ, ਨਾ ਹਾਏ ਕੀਤੀ, ਨਾ 'ਸੀ' ਕੀਤੀ। ਦਾਸ ਨੇ ਜੈਕਾਰਾ ਬੁਲਾ ਕੇ ਕਿਹਾ, 'ਇਸ ਨੂੰ ਕੱਢਣ ਦਾ ਯਤਨ ਹੁਣ ਸਫ਼ਲ ਨਹੀਂ ਹੋਣਾ। ਇਹ ਗੜਵਈ ਬਣ ਕੇ 'ਖਾਲਸਾ' ਜੀ ਦੇ ਨਾਲ ਸੱਚਖੰਡ ਨੂੰ ਚਲਾ ਗਿਆ ਤੇ ਅਸੀਂ ਨਿਕੰਮੇ ਪਿੱਛੇ ਰਹਿ ਗਏ ਹਾਂ।' ਪਰ ਦਿਲ ਵਿਚ ਇਹ ਵੀ ਆ ਗਿਆ ਸੀ ਕਿ ਅੱਗੇ ਵਾਸਤੇ ਜੋ ਉਨ੍ਹਾਂ ਨੇ ਟਕਸਾਲ ਦੀ ਸੇਵਾ ਬਖ਼ਸ਼ੀ ਹੈ, ਇਸ ਹੁਕਮ ਨੂੰ ਮੰਨ ਲੈਣਾ ਹੀ ਉਹਨਾਂ ਦੀ ਅਸਲੀ ਪ੍ਰਸੰਨਤਾ ਹੈ। ਹਰ ਪਾਸੇ ਤੋਂ ਸੰਗਤਾਂ

ਸੰਸਕਾਰ ਲਈ ਪਵਿੱਤ੍ਰ ਦੇਹ ਨੂੰ ਟਿਕਾ ਦਿੱਤਾ ਗਿਆ। ੧੬ ਹਾੜ ੨੦੨੬ ਬਿ: ਮੁਤਾਬਿਕ ੨੯ ਜੂਨ ੧੯੬੯ ਈ: ਸ਼ੁਕਰਵਾਰ ਸ਼ਾਮ ਦੇ ਪੰਜ ਵਜੇ ਦੇ ਕਰੀਬ ਜਪੁ ਜੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਕਰਨ ਮਗਰੋਂ ਸੱਚਖੰਡ ਵਾਸੀ 'ਖਾਲਸਾ' ਜੀ ਦੇ ਸਪੁੱਤ੍ਰਾਂ ਵਲੋਂ ਅੰਗੀਠੇ ਨੂੰ ਚੰਡਾ ਲਾਇਆ ਗਿਆ।

'ਕਬੀਰ ਸੰਤ ਮੁਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥' (੧੩੬੫)

'ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥'

ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥'(ਵਾਰ ੧੯, ਪਉੜੀ ੧੪)

ਵੈਰਾਗਮਈ ਧੁਨਾਂ ਅਕਾਸ਼ ਵਿਚ ਗੂੰਜ ਰਹੀਆਂ ਸਨ। ਸਰਕਾਰ ਵਲੋਂ ਪੁੱਜੇ ਪੁਲੀਸ ਦਿਆਂ ਕਰਮਚਾਰੀਆਂ ਨੇ ਮਾਤਮੀ ਵੈਰਾਗਮਈ ਧੁਨਾਂ ਵਜਾਈਆਂ। ਸ਼ਾਹੀ ਸਨਮਾਨ ਨਾਲ, ਗੁਰਮਤਿ ਮਰਯਾਦਾ ਅਨੁਸਾਰ ਅੰਤਿਮ ਸੰਸਕਾਰ ਕੀਤਾ ਗਿਆ। ਇਸ ਸਮੇਂ 'ਖਾਲਸਾ' ਜੀ ਦੇ ਮਿਲਾਪੀ ਸਿਖ ਸੰਗਤਾਂ, ਆਪ ਜੀ ਦਾ ਪਰਵਾਰ, ਸੰਤ ਇੰਦਰ ਸਿੰਘ ਜੀ (ਸੰਤ ਸੁੰਦਰ ਸਿੰਘ ਜੀ ਦੇ ਭਰਾਤਾ), ਸੰਤ ਅਜੈਬ ਸਿੰਘ ਜੀ, ਸੰਤ ਨਰੈਣ ਸਿੰਘ ਜੀ, ਸੰਤ ਕਲੇਰਾਂ ਵਾਲੇ, ਸੰਤ ਹਰਖੋਵਾਲੇ ਅਤੇ ਚੀਫ ਖਾਲਸਾ ਦੀਵਾਨ ਦੇ ਪ੍ਰਤੀਨਿਧ, ਸਾਰੀਆਂ ਸਿੱਖ ਸੰਪ੍ਰਦਾਵਾਂ ਦੇ ਮੁਖੀ, ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹ ਸਿੰਘ ਜੀ ਦੇ ਪ੍ਰਤਿਨਿਧ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਿੰਘ ਸਾਹਿਬਾਨ, ਸ੍ਰੀ ਅਕਾਲ ਤਖ਼ਤ ਤੇ ਹੋਰ ਤਖ਼ਤਾਂ ਦੇ ਜਥੇਦਾਰ, ਅਤੇ ਬੇਅੰਤ ਮਾਈ ਭਾਈ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ ਪਿਆਰੇ ਦੇ ਅੰਗੀਠੇ ਪਾਸ ਸ਼ਰਧਾ ਦੇ ਫੁੱਲ ਭੇਟ ਕਰ ਰਹੇ ਸਨ। ਇਸ ਪ੍ਰਕਾਰ ਸਾਰਿਆਂ ਨੂੰ ਇਹ ਅਸਹਿ ਵਿਛੋੜਾ ਵਿਚੋ ਵਿਚ ਖਾਈ ਜਾ ਰਿਹਾ ਸੀ ਪਰ ਭਾਣਾ ਅਮਿੱਟ ਸੀ। ਸਾਰੇ ਕਹਿੰਦੇ ਸਨ, 'ਹਣ ਅੰਮ੍ਰਿਤ ਰੂਪ ਗੁਰਬਾਣੀ ਦੀ ਕਥਾ ਕੌਣ ਸੁਣਾਊ ? ਅੱਜ ਪਹਿਲਾ ਦਿਨ ਹੈ 'ਖਾਲਸਾ' ਜੀ ਆਪਾਂ ਨੂੰ ਕਥਾ ਨਹੀਂ ਸੁਣਾ ਰਹੇ।'

'ਉੜੀਸਾ' ਜੀ ਨੇ ਚਿਖਾ 'ਚ ਛਾਲ ਮਾਰਨੀ

ਸੱਚੇ ਹਿਰਦੇ ਨਾਲ ਸਤ ਦੀਆਂ ਅੱਖਾਂ ਅੰਗੀਠੇ ਵੱਲ ਤੱਕ ਤੱਕ ਕੇ ਅਜੇ ਛਲਕ ਹੀ ਰਹੀਆਂ ਸਨ ਕਿ ਇਕ ਹੋਰ ਹਿਰਦੇ-ਵੇਦਕ ਭਾਣਾ ਵਰਤ ਗਿਆ। ਜਦੋਂ ਕਿ ਅੰਗੀਠਾ ਪੂਰੀ ਤਰ੍ਹਾਂ ਮੱਚ ਰਿਹਾ ਸੀ-ਸੱਚਖੰਡ ਵਾਸੀ

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥

ਜ਼ਿੰਦਾ ਸ਼ਹੀਦ ਭਾਈ ਗੁਰਮੁਖ ਸਿੰਘ ਜੀ 'ਉੜੀਸਾ' ਦੇ ਅੰਗੀਠੇ 'ਚ ਛਾਲ ਮਾਰਨ ਮਗਰੋਂ ਤਾ ਦ੍ਰਿਸ਼ ।

ਪਤਾਲਪੁਰੀ ਵਿਖੇ ਅੰਤਿਮ ਸੰਸਕਾਰ

ਜਦੋਂ ਅਗਲਾ ਦਿਨ ਚੜ੍ਹਿਆ ਤਾਂ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਬਾਣੀ ਪੜ੍ਹ ਕੇ 'ਆਸਾ ਦੀ ਵਾਰ' ਦੇ ਕੀਰਤਨ ਦੇ ਭੋਗ ਉਪਰੰਤ ਪਤਾਲਪੁਰੀ ਨੂੰ ਚਾਲੇ ਪਾਏ। ਸ੍ਰੀ ਤਰਨ ਤਾਰਨ ਵਾਲਾ ਜਥਾ ਜੋ ਕਿ ਸ਼ਰੋਮਣੀ ਕਮੇਟੀ ਵੱਲੋਂ ਨਾਲ ਭੇਜਿਆ ਸੀ,ਕੇਵਲ ਉਹੋ ਹੀ ਸਾਰੇ ਰਾਹ ਕੀਰਤਨ ਕਰਦਾ ਗਿਆ। 'ਖਾਲਸਾ' ਜੀ ਦਾ ਪ੍ਰਵਾਰ ਜਾਂਦਿਆਂ ਰਸਤੇ ਵਿਚ ਮਿਲਿਆ। ਬਹੁਤ ਵੈਰਾਗ ਸਹਿਤ ਹੋ ਕੇ ਦਰਸ਼ਨ ਕੀਤੇ। ਜਦੋਂ ਪਤਾਲਪੁਰੀ ਪਹੁੰਚੇ ਉਸ ਸਮੇਂ ਜੋ ਵੈਰਾਗ, ਯਤਨ ਕਰਕੇ ਦਾਸ ਨੇ ਆਪਣੇ ਮਨ ਵਿਚ (ਕਿ ਸਤਿਗੁਰੂ ਜੀ ਤੇ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ ਇਹ ਵਿਛੋੜਾ ਜਰਨਾ ਹੈ) ਧੰਗ੍ਰਿਆ ਸੀ, ਹੁਣ ਮੱਲੋ-ਜੋਰੀ ਬਾਹਰ ਨਿਕਲਿਆ। ਇਹੀ ਖਿਆਲ ਚਿੱਤ ਵਿਚ ਮੁੜ ਮੁੜ ਕੇ ਆ ਰਿਹਾ ਸੀ ਕਿ ਮਨਾ! ਅੱਗੇ ਇੰਨੇ ਉੱਚੇ ਭਾਗ ਸਨ 'ਖਾਲਸਾ' ਜੀ ਦੀ ਸੇਵਾ ਦਾ ਅਤਿਅੰਤ ਨੇੜੇ ਤੋਂ ਨੇੜੇ ਹੋ ਕੇ ਸੁਭਾਗ ਪ੍ਰਾਪਤ ਸੀ, ਹੁਣ ਕੀ ਕਰਿਆ ਕਰੇਂਗਾ? ਸ਼ਾਇਦ 'ਖਾਲਸਾ' ਜੀ ਨੂੰ ਤੇਰੀ ਸੇਵਾ ਪ੍ਰਵਾਨ ਨਹੀਂ, ਤਾਹੀਏਂ ਸਦੀਵੀ ਵਿਛੋੜਾ ਦੇ ਗਏ ਨੇ ਆਪ ਸੱਚਖੰਡ ਜਾ ਬਿਰਾਜੇ ਹਨ।

ਨਿਕਟਵਰਤੀ ਸਿੰਘਾਂ ਨੇ ਦਾਸ ਨੂੰ ਬਹੁਤ ਧੀਰਜ ਦਿੱਤੀ ਪਰ ਮਨ ਨਦੀ ਦੇ ਵਹਿਣ ਦੇ ਨਾਲ ਨਾਲ ਵੈਰਾਗ ਵਿਚ ਹੀ ਰੁੜ੍ਹਦਾ ਜਾਂਦਾ ਸੀ। ਚੁਫੇਰੇ ਹਨੇਰਾ ਹੀ ਹਨੇਰਾ ਪ੍ਰਤੀਤ ਹੋ ਰਿਹਾ ਸੀ। ਅੱਜ ਵਰਗਾ ਦਿਨ ਨਾ ਕਦੇ ਵੇਖਿਆ ਹੈ ਨਾ ਵੇਖਣਾ ਹੈ। ਇਹ 'ਖਾਲਸਾ' ਜੀ ਦਾ ਵਿਛੋੜਾ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਰੀਰ ਵਿਚੋਂ ਜੀਵ-ਆਤਮਾ ਵੱਖਰਾ ਹੋ ਰਿਹਾ ਹੋਵੇ, ਇਕ ਵੱਡਾ ਸਾਰਾ ਸਹਾਰਾ ਅੱਜ ਨਾ ਰਿਹਾ ਹੋਵੇ, ਜਿਵੇਂ ਸੱਪ ਮਣੀ ਬਿਨਾਂ, ਮੱਛੀ ਪਾਣੀ ਬਿਨਾਂ, ਚਕੋਰ ਚੰਦ ਬਿਨਾਂ, ਚਕਵੀ ਸੂਰਜ ਬਿਨਾਂ, ਫੌਜ ਜਰਨੈਲ ਬਿਨਾਂ, ਪਰਜਾ ਰਾਜੇ ਬਿਨਾਂ ਇਸ ਤੋਂ ਵੀ ਵੱਧ ਇਹ ਵਿਛੋੜਾ ਦੁਖਦਾਈ ਸੀ। ਪਰ ਨਾਲ ਨਾਲ ਆਪ ਜੀ ਦੇ ਸਰੀਰ ਦਾ ਪਤਾਲਪੁਰੀ ਇਸ਼ਨਾਨ ਕਰਾਉਣਾ, ਬਿਬਾਣ ਚਿਖਾ ਤੇ ਲਿਜਾਣਾ, ਸੰਗਤਾਂ ਦੀ ਬੇਅੰਤ ਭੀੜ ਜਿਥੇ ਹਰ ਪ੍ਰਕਾਰ ਦੀਆਂ ਜਥੇਬੰਦੀਆਂ ਦੇ ਜਥੇਦਾਰ ਬਹੁਤ ਸ਼ਰਧਾ ਭਾਵਨਾ ਤੇ ਵੈਰਾਗ ਸਹਿਤ ਸਨ, ਉਥੇ ਨਾਲ ਨਾਲ ਗੁਰ-ਮਰਯਾਦਾ ਨੂੰ ਕਾਇਮ ਰੱਖਣਾ ਵੀ ਬਹੁਤ ਜ਼ਰੂਰੀ ਸੀ। ਪਤਾਲਪੁਰੀ ਪਹੁੰਚਣ ਤੱਕ ਸੰਗਤਾਂ ਦਾ ਅਥਾਹ ਇਕੱਠ ਸੀ। ਇਸ਼ਨਾਨ ਕਰਾਉਣ ਉਪਰੰਤ ਗੁਰਮਤਿ ਮਰਯਾਦਾ ਅਨੁਸਾਰ ਅੰਤਿਮ

ਅੰਮ੍ਰਿਤਸਰ ਵਿਚ ਦੀ ਭਿੰਡਰੀਂ ਪਹੁੰਚਣਾ

ਭਾਵੇਂ ਪਿੰਡ ਮਹਿਤਾ ਨੰਗਲੀ ਆਦਿਕ ਦੀਆਂ ਸੰਗਤਾਂ ਨੇ ਬਹੁਤ ਵੱਡੀ ਖਿੱਚ ਕੀਤੀ ਕਿ ਆਪ ਜੀ ਦੇ ਸਰੀਰ ਦਾ ਸਸਕਾਰ ਏਥੇ ਹੀ ਕੀਤਾ ਜਾਵੇ ਪਰ ਦਾਸ ਨੂੰ ਜੋ ਹੁਕਮ ਸੀ, 'ਸਾਡੀ ਦੇਹ ਦਾ ਸਸਕਾਰ ਪਤਾਲਪੁਰੀ ਕਰਨਾ।' ਇਸ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਦੀ ਭਿੰਡਰਾਂ ਨੂੰ ਦਾਸ ਨੇ ਖਾਸ ਪ੍ਰੇਰਨਾ ਕਰਕੇ ਚਾਲੇ ਪਾਏ। ਕਿਉਂਕਿ ਭਿੰਡਰਾਂ ਮੁੱਖ ਕੇਂਦਰ (ਹੈੱਡ ਕੁਆਰਟਰ) ਸੀ ਨਾਲੇ ਖਿਆਲ ਸੀ ਕਿ ਵੱਧ ਤੋਂ ਵੱਧ ਸੰਗਤਾਂ 'ਖਾਲਸਾ' ਜੀ ਦੇ ਅੰਤਿਮ ਦਰਸ਼ਨ ਕਰ ਲੈਣ। ਅੰਮ੍ਰਿਤਸਰ ਸਾਹਿਬ ਪਹੁੰਚ ਕੇ ਪਵਿੱਤਰ ਅੰਮ੍ਰਿਤ ਸਰੋਵਰ ਵਿਚੋਂ ਜਲ ਲਿਆ ਕੇ 'ਖਾਲਸਾ' ਜੀ ਦਾ ਇਸ਼ਨਾਨ ਬਾਹਰ ਕਰਵਾਇਆ। ਸਭ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਜੁੜ ਕੇ ਪ੍ਰੇਮ ਨਾਲ ਦਰਸ਼ਨ ਕੀਤੇ। ਸਰਹਾਲੀ, ਹਰੀ ਕੇ ਰਾਹੀਂ ਰਾਤ ਭਿੰਡਰੀਂ ਪਹੁੰਚੇ। ਉਸ ਰਾਤ ਸਤਿਕਾਰ ਯੋਗ ਸੰਤ ਇੰਦਰ ਸਿੰਘ ਜੀ ਨੇ ਰਾਤ ਦੋ ਵਜੇ ਤੱਕ ਦੋਹਾਂ ਪਿੰਡਾਂ (ਭਿੰਡਰਾਂ) ਦੀ ਸੰਗਤ ਇਕੱਠੀ ਕਰਕੇ ਦਾਸ ਇਕੱਲੇ ਨੂੰ 'ਅਕਾਲ ਕੁਟੀਆ' ਤੇ ਬੁਲਾ ਕੇ ਪ੍ਰਸ਼ਨ ਕੀਤੇ :-

ਪ੍ਰਸ਼ਨ :-'ਤੂੰ ਕਿਸ ਨਾਲ ਸਲਾਹ ਕੀਤਿਆਂ ਬਿਨਾਂ ਪਤਾਲਪੁਰੀ ਵਿਖੇ ਸਸਕਾਰ ਬਾਰੇ ਰੇਡੀਓ ਵਿਚ ਖ਼ਬਰ ਕਿਉਂ ਦਿੱਤੀ ?'

ਉੱਤਰ :-'ਖਾਲਸਾ' ਜੀ ਦੇ ਕਹਿਣ ਅਨੁਸਾਰ।

ਪ੍ਰਸ਼ਨ :-'ਜੇ ਹੁਣ ਅਸੀਂ ਏਥੋਂ ਏਹਨਾਂ ਦਾ ਸਰੀਰ ਨਾ ਜਾਣ ਦੇਈਏ ਤਾਂ ਕੀ ਕਰੇਂਗਾ ?'

ਉੱਤਰ :-'ਜਦੋਂ ਤੱਕ ਸਰੀਰ ਵਿਚ ਪ੍ਰਾਣ ਹਨ, ਆਪਣਾ ਪੂਰਾ ਯੋਗ ਯਤਨ ਕਰਾਂਗਾ ਕਿ 'ਖਾਲਸਾ' ਜੀ ਦਾ ਬਚਨ ਪਾਲਿਆ ਜਾਵੇ, ਜੇ ਦਾਸ ਦਾ ਸਰੀਰ ਨਾ ਰਿਹਾ ਤਾਂ ਜਿਵੇਂ ਮਰਜ਼ੀ ਕਰਿਓ।'

ਹੋਰ ਬੇਅੰਤ ਵੱਧ ਘੱਟ ਬਚਨ ਕਹੇ ਪਰ ਦਾਸ 'ਖਾਲਸਾ' ਜੀ ਦੇ ਹੁਕਮ ਤੇ ਦ੍ਰਿੜ੍ਹ ਰਿਹਾ। ਫਿਰ ਸੰਤ ਇੰਦਰ ਸਿੰਘ ਜੀ ਨੇ ਕਿਹਾ, 'ਸੰਗਤ ਜੀ! 'ਖਾਲਸਾ' ਜੀ ਦਾ ਸਰੀਰ ਤਾਂ ਪਤਾਲਪੁਰੀ ਜਾਣ ਦਿਓ, ਕਿਉਂਕਿ ਰੇਡੀਓ ਵਿਚ ਵੀ ਨਿਕਲ ਚੁੱਕਾ ਹੈ, ਅੱਗੇ ਤੁਹਾਡੇ ਹੱਥ ਹੈ ਜਿਵੇਂ ਚਾਹੋ ਕਰ ਲਵੋ ਉਸੇ ਤਰ੍ਹਾਂ ਹੀ ਹੋਵੇਗਾ ਪਰ ਜੇਕਰ ਇਥੇ ਸਸਕਾਰ ਹੁੰਦਾ ਤਾਂ ਇਸ ਅਸਥਾਨ ਦੀ ਪੂਜਾ ਬਹੁਤ ਵਧਣੀ ਸੀ।' ਇਸ ਰਾਤ ਸਰਦਾਰ ਸੋਹਣ ਸਿੰਘ ਜੀ ਬਾਸੀ ਮੇਰੇ ਨਾਲ ਇਸ ਗੱਲ ਵਿਚ ਪੂਰੇ ਸਹਿਮਤ ਰਹੇ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਜੀ ਬਰਾੜ, ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ ਅਤੇ ਹੋਰ ਅਨੇਕਾਂ ਸੰਤ ਮਹਾਤਮਾਂ, ਦਲਾਂ ਦੇ ਮੁਖੀ ਜਥੇਦਾਰ ਦੂਰੋਂ ਨੇੜਿਓਂ ਦੁਖਦਾਈ ਖ਼ਬਰ ਸੁਣਦੇ ਸਾਰ ਤੁਰੰਤ ਮਹਿਤੇ ਪਹੁੰਚ ਗਏ।

'ਖਾਲਸਾ' ਜੀ ਤੋਂ ਪੜ੍ਹੇ ਹੋਏ ਗੁਣੀ ਗਿਆਨੀ, ਪ੍ਰਚਾਰਕ, ਗ੍ਰੰਥੀ ਸਿੰਘ ਅਨੇਕਾਂ ਸ਼ਰਧਾਲੂ ਸੰਗਤਾਂ ਸਮੇਤ ਡਿੱਗਦੇ ਢਹਿੰਦੇ ਦੁਖੀ ਹਿਰਦਿਆਂ ਨਾਲ 'ਖਾਲਸਾ' ਜੀ ਦੀ ਪਤਾਲਪੁਰੀ ਦੀ ਅੰਤਿਮ ਯਾਤਰਾ ਵਿਚ ਸ਼ਾਮਲ ਹੋਣ ਲਈ ਅੱਖਾਂ ਵਿਚ ਹੰਝੂ ਭਰੀ ਤੁਰੇ ਆ ਰਹੇ ਹਨ। 'ਖਾਲਸਾ' ਜੀ ਦੇ ਨਵੇਂ ਪੁਰਾਣੇ ਸਭ ਵਿਦਿਆਰਥੀ ਅੱਜ ਅੱਧ-ਮਰਿਆਂ ਦੀ ਤਰ੍ਹਾਂ ਨਿੰਮੋਝੂਣੇ ਹੋਏ ਮਹਿਤੇ ਨਗਰ ਦੀਆਂ ਗਲੀਆਂ ਵਿਚ ਡਕੋ-ਡੋਲੇ ਖਾਂਦੇ ਫਿਰਦੇ ਹਨ। ਇਹਨਾਂ ਦੀ ਹਾਲਤ ਉਸ ਪਤਨੀ ਵਰਗੀ ਪ੍ਰਤੀਤ ਹੋ ਰਹੀ ਹੈ ਜਿਹੜੀ ਕਿ ਆਪਣੇ ਜਵਾਨ ਪਤੀ ਦੇ ਸਦੀਵੀ ਵਿਛੋੜੇ ਕਾਰਨ ਦੁਖੀ ਹੋਈ, ਜਿਉਣ ਨਾਲੋਂ ਪਤੀ ਦੀ ਚਿਖਾ ਵਿਚ ਸੜ ਕੇ ਸਤੀ ਹੋਣਾ ਚੰਗਾ ਸਮਝਦੀ ਹੈ।

ਠੀਕ ਇਸੇ ਤਰ੍ਹਾਂ 'ਖਾਲਸਾ' ਜੀ ਦੇ ਵਿਯੋਗੀ ਸਿੰਘ ਵਿਆਕੁਲ ਹੋਏ ਹੋਏ ਬਿਹਬਲ ਹਾਲਤ ਵਿਚ ਪਲੰਘੇ ਦੇ ਇਰਦ-ਗਿਰਦ ਬਾਬਾ ਭਾਨ ਸਿੰਘ ਜੀ ਦੇ ਮਕਾਨ ਦੀਆਂ ਕੰਧਾਂ ਨਾਲ ਲੱਗ ਕੇ ਮਿੱਟੀ ਦੇ ਬੁੱਤ ਬਣੀ ਖੜੇ ਹਨ। ਨਿਤ ਪੱਕੇ ਭੰਡਾਰੇ ਛਕਣ ਵਾਲੇ ਸਿੰਘਾਂ ਦੇ ਸੰਘੋਂ ਅੱਜ ਰੋਟੀ ਤਾਂ ਕੀ ਪਾਣੀ ਵੀ ਨਹੀਂ ਲੰਘਦਾ। ਚਾਹੁੰਦੇ ਤਾਂ ਹਨ ਕਿ :-

'ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੇ ਮਰਿ ਚਲੀਐ ॥' (੮੩)

ਪਰ :- 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥' (੧)

'ਤੇਰਾ ਕੀਆ ਮੀਠਾ ਲਾਗੈ ॥' (੩੯੪)

ਦੇ ਸਿਧਾਂਤ ਨੂੰ ਸਮਝਦੇ ਹੋਏ ਆਪਣੇ ਦਿਲਾਂ ਨੂੰ ਢਾਰਸ ਤਾਂ ਬਥੇਰੀ ਦੇਂਦੇ ਹਨ ਪਰ ਦਿਲ ਧੀਰਜ ਨਹੀਂ ਧਰਦਾ। ਹਰੇਕ ਸਿੰਘ ਚਾਹੁੰਦਾ ਹੈ ਕਿ 'ਖਾਲਸਾ' ਜੀ ਦੀ ਥਾਂ ਮੇਰੀ ਜਾਨ ਚਲੀ ਜਾਵੇ ਪਰ 'ਖਾਲਸਾ' ਜੀ ਚਿਰੰਜੀਵੀ ਹੋ ਕੇ ਗੁਰਮਤਿ ਦਾ ਭਾਰੀ ਪ੍ਰਚਾਰ ਕਰਦੇ ਰਹਿਣ। ਅੱਜ 'ਖਾਲਸਾ' ਜੀ ਦਾ ਵਿਛੋੜਾ ਨਾ ਸਹਾਰਦੀਆਂ ਹੋਈਆਂ ਸ਼ਰਧਾਲੂ ਸਿੱਖ ਸੰਗਤਾਂ ਦੀਆਂ ਅੱਖਾਂ ਵਿਚੋਂ ਹੰਝੂ ਤ੍ਰਿਪ ਤ੍ਰਿਪ ਕਿਰ ਰਹੇ ਹਨ ਪਰ ਭਾਣਾ ਮੰਨਣ ਵਾਲੇ ਜਥੇ ਦੇ ਸਿੰਘਾ ਦੇ ਦਿਲ ਰੋ ਰਹੇ ਹਨ।

ਮਾਰ ਕੇ ਕਹਿ ਰਹੇ ਹਨ, 'ਆ ਭਾਈ ਗੁਰਮੁਖ ਸਿੰਘਾ! ਚੱਲੀਏ।' ਮੈਨੂੰ ਉਨ੍ਹਾਂ ਆਪ ਅਵਾਜ਼ ਮਾਰੀ ਹੈ। ਪਰ ਦੂਸਰੇ ਸਿੰਘ ਕਹਿਣ ਲੱਗੇ, 'ਤੈਨੂੰ ਸੁਪਨਾ ਆਇਆ ਹੋਣਾ, 'ਖਾਲਸਾ' ਜੀ ਤਾਂ ਇਸ ਵੇਲੇ ਬਿਰਾਜੇ ਹੋਏ ਹੋਣਗੇ।' ਇਸ ਗੁਪਤ ਨੂੰ ਸੱਚ ਮੰਨ ਕੇ ਉਹ 'ਖਾਲਸਾ' ਜੀ ਦੇ ਆਸਣ ਵੱਲ ਨੂੰ ਤੁਰ ਪਿਆ। ਅੱਗੋਂ ਇਕ ਸਿੰਘ ਪਾਸੋਂ ਹਿਰਦੇ-ਵੇਧਕ ਖਬਰ ਸੁਣ ਲਈ ਕਿ 'ਖਾਲਸਾ' ਜੀ ਤਾਂ ਸੱਚਖੰਡ ਜਾ ਬਿਰਾਜੇ ਹਨ ਤੇ ਬਹਤ ਵੈਰਾਗ ਸਹਿਤ 'ਖਾਲਸਾ' ਜੀ ਦੇ ਆਸਣ ਕੋਲ ਆ ਕੇ ਫਤਹ ਗਜਾ ਕੇ ਚੁੱਪ ਹੀ ਰਿਹਾ, ਬੋਲਿਆ ਨਹੀਂ। ਦੁਪਹਿਰੇ ਮਹਿਤੇ ਤੋਂ ਤੁਰਨ ਸਮੇਂ ਮੱਲੋ-ਜੋਰੀ ਲੱਸੀ ਦਾ ਇਕ ਗਲਾਸ ਛਕਾ ਦਿੱਤਾ ਤਾਂਕਿ ਗਰਮੀ ਦਾ ਅਸਰ ਨਾ ਹੋਵੇ।

'ਖਾਲਸਾ' ਜੀ ਦੀ ਦੇਹ ਦਾ ਇਸ਼ਨਾਨ ਦਾਸ ਨੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਕਰਵਾਇਆ। ਕੋਲ ਗੁਰਬਾਣੀ ਦਾ ਕੀਰਤਨ ਤੇ ਪਾਠ ਸੰਗਤ ਕਰਦੀ ਰਹੀ। 'ਖਾਲਸਾ' ਜੀ ਦੇ ਪਰਿਵਾਰ ਨੂੰ ਤੁਰੰਤ ਖ਼ਬਰ ਦੇ ਕੇ ਲਿਆਉਣ ਲਈ ਕਾਰ ਦੇ ਕੇ ਉਚੇਚੇ ਦੋ ਸਿੰਘ ਰੁਦਰਪੁਰ (ਯੂ. ਪੀ.) ਭੇਜੇ ਗਏ। ਇਹ ਹਿਰਦੇ-ਵੇਧਕ ਦੁਖਦਾਈ ਖ਼ਬਰ ਬਰਾਡਕਾਸਟ ਕਰਾਉਣ ਲਈ ਭਾਈ ਹਰਚਰਨ ਸਿੰਘ ਜੀ 'ਮੁਕਤਾ' ਤੇ ਬਾਬਾ ਬੂੜ ਸਿੰਘ ਜੀ ਨੂੰ (ਗੁਰਪੁਰ ਵਾਸੀ) ਸੰਤ ਚੰਨਣ ਸਿੰਘ ਜੀ ਪਾਸ ਸ੍ਰੀ ਅੰਮ੍ਰਿਤਸਰ ਭੇਜਿਆ। ਸੰਤ ਜੀ ਨੇ ਖ਼ਬਰ ਸੁਣ ਕੇ ਡੂੰਘਾ ਦੁੱਖ ਪ੍ਰਗਟਾਇਆ। ਜਦ (ਗੁਰਪੁਰ ਵਾਸੀ) ਸੰਤ ਫਤਹ ਸਿੰਘ ਜੀ ਨੂੰ ਉਨ੍ਹਾਂ ਟੈਲੀਫੂਨ ਤੇ ਦੱਸਿਆ ਤਾਂ ਉਨ੍ਹਾਂ ਨੂੰ ਸੁਣਦੇ ਸਾਰ ਹਲਕਾ ਜਿਹਾ ਦਿਲ ਦਾ ਦੌਰਾ ਪੈ ਗਿਆ ਅੱਗੋਂ ਬੋਲ ਹੀ ਨਾ ਸਕੇ। ਸੰਤਾਂ ਨੇ ਰੇਡੀਓ ਤੇ ਖ਼ਬਰ ਪਹੁੰਚਾਈ ਤੇ ਪਤਾਲਪੁਰੀ ਹਜ਼ਾਰਾਂ ਸੰਗਤਾਂ ਦੇ ਲੰਗਰ ਦਾ ਪ੍ਰਬੰਧ ਕਰਨ ਲਈ ਗਿ: ਭਰਪੂਰ ਸਿੰਘ ਜੀ ਮੀਤ ਸਕੱਤ੍ਰ ਨੂੰ ਤੁਰੰਤ ਭੇਜ ਦਿੱਤਾ। ਜਿਨ੍ਹਾਂ ਨੇ ਓਥੇ ਹਰ ਤਰ੍ਹਾਂ ਦਾ ਠੀਕ ਠੀਕ ਪ੍ਰਬੰਧ ਕੀਤਾ। ਭਾਰੀ ਗਿਣਤੀ ਵਿਚ ਬੱਸਾਂ ਟਰੱਕ ਲਿਆਂਦੇ।

'ਖਾਲਸਾ' ਜੀ ਦੇ ਅੰਤਮ ਦਰਸ਼ਨਾਂ ਲਈ ਨਗਰ ਮਹਿਤਾ ਵਿਖੇ ਦੂਰੋਂ ਨੇੜਿਓਂ ਹਜ਼ਾਰਾਂ ਸੰਗਤਾਂ ਵਹੀਰਾਂ ਘੱਤ ਕੇ ਪੁੱਜੀਆਂ। ਸਿੱਖ ਕੌਮ ਦੇ ਆਗੂ ਸੰਤ ਫਤਹਿ ਸਿੰਘ ਜੀ, ਸੰਤ ਚੰਨਣ ਸਿੰਘ ਜੀ, ਜਥੇਦਾਰ ਮੋਹਣ ਸਿੰਘ ਜੀ ਤੁੜ, ਜਥੇਦਾਰ ਜੀਵਨ ਸਿੰਘ ਜੀ ਉਮਰਾ ਨੰਗਲ ਤੋਂ ਇਲਾਵਾ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਸਿੰਘ ਸਾਹਿਬ ਸਾਧੂ ਸਿੰਘ ਜੀ ਭੌਰਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,

ਦਾਸਾਂ ਨੂੰ ਕੁਝ ਸ਼ੰਕਾ ਹੋਈ ਕਿ ਫਤਹ ਕਿਉਂ ਗਜਾਈ ਹੈ। ੧੫ ਹਾੜ ੨੦੨੬ ਬਿਕ੍ਰਮੀ ਮੁ: ੨੮ ਜੂਨ ੧੯੬੯ ਈ: ਦਿਨ ਵੀਰਵਾਰ ਦੇ ਤੜਕੇ ਦੋ ਵੱਜ ਕੇ ਦਸ ਮਿੰਟ ਤੇ ਜਦੋਂ ਬਹੁਤ ਮੀਂਹ ਤੇ ਹਨੇਰੀ ਸੀ ਤਾਂ ਆਪ ਜੀ ਦਾ ਸਵਾਸ ਹੌਲੀ ਹੌਲੀ ਹੁੰਦਾ ਵਾਹਿਗੁਰੂ ਮੰਤ੍ਰ ਦਾ ਸਿਮਰਨ ਕਰਦਿਆਂ ਖਲੋ ਗਿਆ ਤੇ ਪ੍ਰਮੇਸ਼ਰ ਦੀ ਜੋਤਿ ਵਿਚ ਜੋਤਿ ਮਿਲ ਗਈ :-

'ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥'(੨੭੮)

'ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥' (੮੪੬)

'ਸੇਵਕ ਕੀ ਓਟਕ ਨਿਬਹੀ ਪਰੀਤਿ ॥
ਜੀਵਤ ਸਾਹਿਬ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ ॥' (੧੦੦੦)

'ਸਫਲ ਸਫਲ ਭਈ ਸਫਲ ਯਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥' (੬੮੭)

ਪਰ ਅਸੀਂ ਸਾਰੇ ਸਿੰਘ ਬਾਬਾ ਠਾਕੁਰ ਸਿੰਘ ਜੀ, ਭਗਤ ਜਸਵੰਤ ਸਿੰਘ ਜੀ ਦੋਧਰ ਆਦਿਕ ਬਹੁਤ ਹੀ ਵੈਰਾਗ ਅਤੇ ਹੈਰਾਨਗੀ ਸਹਿਤ ਹੋ ਗਏ। ਕਿਸੇ ਨੂੰ ਵੀ ਕੋਈ ਪਤਾ ਨਹੀਂ ਸੀ ਕਿ 'ਖਾਲਸਾ' ਜੀ ਸਦੀਵੀ ਤੌਰ ਤੇ ਸਰੀਰਕ ਵਿਛੋੜਾ ਦੇ ਰਹੇ ਹਨ। ਸੁਤੇ ਸਿੱਧ ਕੁਝ ਸਿੰਘ ਗੁਰਦੁਆਰੇ ਸਾਹਿਬ ਜਾ ਕੇ ਚੌਪਈ ਸਾਹਿਬ ਦੇ ਪਾਠ ਕਰਕੇ ਅਰਦਾਸਾਂ ਕਰਨ ਲੱਗੇ। ਡਾਕਟਰ ਜੋਗਾ ਸਿੰਘ ਜੀ ਤੇ ਸਾਹਿਬ ਸਿੰਘ ਜੀ ਨੂੰ ਚੌਂਕ ਤੋਂ ਤੁਰੰਤ ਬੁਲਾਇਆ ਗਿਆ। ਉਹਨਾਂ ਨੇ ਨਬਜ਼ ਦੇਖ ਕੇ ਦੱਸਿਆ ਕਿ 'ਖਾਲਸਾ' ਜੀ ਸੱਚਖੰਡ ਗਮਨ ਕਰ ਗਏ ਹਨ। ਸਭ ਸਿੰਘਾਂ ਨੂੰ ਖ਼ਬਰ ਦਿੱਤੀ ਗਈ ਤਾਂ ਸਾਰੇ ਆਸਣਾ ਤੋਂ ਉੱਠ ਕੇ ਵੈਰਾਗ ਸਹਿਤ ਭੱਜੇ ਆਏ।

ਭਾਈ ਗੁਰਮੁਖ ਸਿੰਘ 'ਉੜੀਸਾ' ਸ਼ਾਹ ਦਲੀਪ ਸਿੰਘ ਜੀ ਦੀ ਬੰਬੀ ਤੇ ਬਾਹਰ ਖੇਤ ਵਿੱਚ ਆਪਣੇ ਆਸਣ ਤੇ ਸੀ ਜੋ ਕਿ 'ਖਾਲਸਾ' ਜੀ ਦੇ ਆਸਣ ਤੋਂ ਤਕਰੀਬਨ ਤਿੰਨ ਫਰਲਾਂਗ ਦੂਰ ਸੀ। ਓਥੇ ਹੀ ਭਾਈ ਨਾਜਰ ਸਿੰਘ ਆਦਿਕ ਲਾਂਗਰੀ ਸਿੰਘਾਂ ਦਾ ਆਸਣ ਵੀ ਸੀ। ਭਾਈ ਗੁਰਮੁਖ ਸਿੰਘ ਅਚਨਚੇਤ ਉਭੜਵਾਹੇ ਵਾਹਿਗੁਰੂ ਵਾਹਿਗੁਰੂ ਕਹਿੰਦਾ ਉੱਠਿਆ ਤੇ ਸਾਥੀਆਂ ਨੂੰ ਕਹਿਣ ਲੱਗਾ, 'ਮੈਨੂੰ 'ਖਾਲਸਾ' ਜੀ ਆਵਾਜ਼ਾਂ

ਬੰਬੀ ਤੇ ਆਸਣ ਸੀ ਉਹ ਵੀ ਉਥੇ ਜਾ ਬਿਰਾਜੇ । ਠੀਕ ੧੨ ਵਜੇ ਬੂੰਦਾ-ਬਾਂਦੀ ਦੇ ਨਾਲ ਸਖ਼ਤ ਹਨੇਰੀ ਆਈ । 'ਖਾਲਸਾ' ਜੀ ਨੇ ਕਿਹਾ, 'ਸਾਡਾ ਮੰਜਾ ਅੰਦਰ ਲੈ ਚੱਲੋ ।' ਨਾਲ ਮੁਸਕਰਾ ਕੇ ਕਹਿਣ ਲੱਗੇ, 'ਅੱਜ ਅਸੀਂ ਪਲੰਘੇ ਤੋਂ ਉਤਰਨਾ ਨਹੀਂ, ਪਲੰਘੇ ਸਮੇਤ ਹੀ ਚੁੱਕ ਕੇ ਲੈ ਚੱਲੋ ।' ਦਾਸਾਂ ਕਿਹਾ, 'ਸਤਿ ਬਚਨ ਜੀ ।' ਜਦੋਂ ਅਸੀਂ ਪਲੰਘਾ ਚੁੱਕ ਕੇ ਬਰਾਂਡੇ ਵਿਚ ਲੈ ਗਏ, ਉਥੇ ਵੀ ਫਾਲਤ ਪਈ ਤਾਂ ਆਪ ਕਹਿਣ ਲੱਗੇ, 'ਪਲੰਘਾ ਅੰਦਰ ਕਰੋ ।' ਪਰ ਦਰਵਾਜ਼ਾ ਛੋਟਾ ਹੋਣ ਕਰ ਕੇ ਪਲੰਘ ਅੰਦਰ ਨਹੀਂ ਸੀ ਲੰਘ ਸਕਦਾ ਤਾਂ ਦਾਸ ਨੇ ਹਾਸ-ਰਸ ਵਿਚ ਕਿਹਾ, 'ਜੀ ! ਜਾਂ ਤਾਂ ਪਲੰਘਾ ਛੋਟਾ ਕਰ ਦਿਓ ਜਾਂ ਦਰਵਾਜ਼ਾ ਵੱਡਾ ਕਰ ਦਿਓ ।' 'ਖਾਲਸਾ' ਜੀ, ਗੰਭੀਰਤਾ ਭਰੀ ਆਵਾਜ਼ ਵਿਚ ਕਹਿਣ ਲੱਗੇ, 'ਵਾਹ ਭਈ ਵਾਹ ! ਛੋਟੀ ਜਿਹੀ ਗੱਲ ਤੇ ਸਾਡੀ ਕਰਾਮਾਤ ਵੇਖਣੀ ਚਾਹੁੰਦੇ ਹੋ, ਜਿਸ ਦੇ ਵਖੇਣ ਤੋਂ ਅਸੀਂ ਮਾਰੀ ਉਮਰ ਸੰਕੋਚ ਰੱਖਿਆ ਹੈ ।' ਤਾਂ ਦਾਸਾਂ ਨੇ ਡਿਉਢੀ ਵਿਚ ਪਲੰਘਾ ਜਾ ਕੀਤਾ, ਜ਼ਿਆਦਾ ਹਨੇਰੀ ਕਾਰਨ ਬਿਜਲੀ ਬੰਦ ਹੋ ਗਈ, ਮੀਂਹ ਵੀ ਬਹੁਤ ਪੈਣ ਲੱਗ ਪਿਆ ।

ਸੱਚਖੰਡ ਗਮਨ

ਅਚਾਨਕ ਸਾਹ ਦਾ ਦੌਰਾ ਅੱਜ ਸਤਵੀਂ ਵਾਰ ਪਿਆ । ਛੇਤੀ ਹੀ ਡਾਕਟਰਾਂ ਵਲੋਂ ਦੱਸੀ ਗੋਲੀ ਦਿੱਤੀ ਅਤੇ ਟੀਕਾ ਵੀ ਲਾਇਆ ਪਰ ਕੁਝ ਫ਼ਰਕ ਨਾ ਪਿਆ । ਡਾਕਟਰ ਦੀ ਹਦਾਇਤ ਅਨੁਸਾਰ ਪੌਣੇ ਘੰਟੇ ਮਗਰੋਂ ਇਕ ਹੋਰ ਟੀਕਾ ਲਾਇਆ ਗਿਆ ਤਾਂ ਇਕ ਵਜੇ ਆਰਾਮ ਆ ਗਿਆ । ਸਭ ਸਿੰਘਾਂ ਨੂੰ ਹੌਂਸਲਾ ਹੋ ਗਿਆ ਤੇ ਚਿੰਤਾ ਦੂਰ ਹੋ ਗਈ । 'ਖਾਲਸਾ' ਜੀ ਬਹੁਤ ਪ੍ਰੇਮ ਤੇ ਵੈਰਾਗ ਦੇ ਬਚਨ ਕਰਦੇ ਰਹੇ । ਡੇਢ ਵਜੇ ਫਿਰ ਦੌਰਾ ਪੈ ਗਿਆ, ਤੁਰੰਤ ਟੀਕਾ ਲਾਇਆ ਪਰ ਕੋਈ ਅਸਰ ਨਾ ਹੋਇਆ । ਸਾਹ ਬਹੁਤ ਤੇਜ਼ ਚੱਲਣ ਲੱਗ ਪਿਆ । ਸਾਰਾ ਸਰੀਰ ਪਸੀਨੇ ਨਾਲ ਭਿੱਜ ਗਿਆ ਪਰ 'ਖਾਲਸਾ' ਜੀ ਨੇ ਸਵਾਸ ਸਵਾਸ ਉੱਚੀ ਅਵਾਜ਼ ਵਿਚ ਗੁਰਮੰਤ੍ਰ (ਵਾਹਿਗੁਰੂ ਮੰਤ੍ਰ) ਦਾ ਜਾਪ ਕਰਨਾ ਆਰੰਭ ਕਰ ਦਿੱਤਾ । ਉਸ ਸਮੇਂ ੩੪ ਸਿੰਘ ਕੋਲ ਹਾਜ਼ਰ ਖੜੇ ਸਨ । ਆਪ ਜੀ ਨੇ ਇੱਕ ਵਾਰੀ ਕਿਹਾ, 'ਸਰੀਰ ਬੇਕਾਬੂ ਹੋ ਗਿਆ ਹੈ ।' ਪਰ ਫਿਰ ਭੀ ਜਾਪ ਕਰੀ ਗਏ । ਅੰਤ ਨੂੰ ਕੋਲ ਖੜੇ ਸਿੰਘਾਂ ਵੱਲ ਤੱਕਦਿਆਂ ਹੱਥ ਜੋੜ ਕੇ ਕਿਹਾ,

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥'

ਨਿਤਨੇਮ ਸਤਿਗੁਰਾਂ ਦੀ ਕ੍ਰਿਪਾ ਨਾਲ ਹਰ ਰੋਜ਼ ਜ਼ਬਾਨੀ ਸੁਣਿਆ ਕਰਦੇ। ਚਾਹੇ ਹਾਤ ਦੇ ਬਾਹਾਂ ਵੱਜ ਜਾਣ, ਚਾਹੇ ਦੋ ਵੱਜ ਜਾਣ, ਠੰਢ ਹੋਵੇ ਜਾਂ ਗਰਮੀ, ਭਾਵੇਂ ਇਕ ਥਾਂ ਰਹੀਏ ਭਾਵੇਂ ਪੜਾਅ ਬਦਲੀਏ। ਸੋ ਅੱਜ ੧੪ ਹਾੜ ਦੀ ਰਾਤ ਨੂੰ ਵੀ ਇਹ ਨਿਤਨੇਮ ਚਿੱਤ ਦੀ ਇਕਾਗਰਤਾ ਨਾਲ ਪਲੰਘੇ ਤੇ ਸਜ ਕੇ ਸੁਣਿਆ।

(ਦਾਸ ਨੂੰ ਗੁਰੂ ਕੀ ਬਾਣੀ ਦਾ ਅਦਬ ਕਰਨ ਵਾਸਤੇ ਪਲੰਘੇ ਤੋਂ ਘੱਟੋ ਘੱਟ ਇਕ ਫੁੱਟ ਉੱਚੇ ਮੇਜ਼ ਉੱਪਰ ਬਹੁਤ ਸੋਹਣੀ ਵਿਛਾਈ ਕਰ ਕੇ ਉਸ ਉਤੇ ਬਿਠਾ ਕੇ ਬੜੀ ਸਾਵਧਾਨਤਾ ਨਾਲ ਗੁਰਬਾਣੀ ਸੁਣਿਆ ਕਰਦੇ। ਕਈ ਵਾਰੀ ਤੁਰ ਫਿਰ ਕੇ ਜਦੋਂ ਸੁਣਦੇ ਤਾਂ ਪਾਠੀ ਨੂੰ ਆਪਣੇ ਸੱਜੇ ਹੱਥ ਕਰ ਲੈਂਦੇ। ਬਾਣੀ ਦਾ ਇਕ ਇਕ ਅੱਖਰ ਬੜੇ ਗਹੁ, ਇਕਾਗਰਤਾ ਤੇ ਪ੍ਰੇਮ ਨਾਲ ਸੁਣਦੇ। ਕੋਈ ਲਗ ਕੰਨਾ ਅੱਖਰ ਵੱਧ ਘੱਟ ਪੜ੍ਹਿਆਂ, ਝੱਟ ਟੋਕ ਦਿੰਦੇ ਤੇ ਦੱਸ ਕੇ ਸੁੱਧ ਕਰਾਉਂਦੇ)।

ਨਿਤਨੇਮ ਤੋਂ ਮਗਰੋਂ ਦਾਸ ਨੇ ਲੰਗਰ ਛਕਿਆ। 'ਖਾਲਸਾ' ਜੀ ਅੱਠ ਪਹਿਰਾ ਪ੍ਰਸ਼ਾਦਾ ਹੀ ਛਕਿਆ ਕਰਦੇ, ਰਾਤ ਨੂੰ ਸਵਾਇਆ ਕੁ ਸਮੁੰਦਰ ਛਕਦੇ। ਆਪ ਜੀ ਨੇ ਸਮੁੰਦਰ ਛਕਿਆ ਤੇ ਬਹੁਤ ਪਿਆਰ ਲਾਡ ਨਾਲ ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ ਅੰਮ੍ਰਿਤਸਰ ਵਾਲਿਆਂ ਨੂੰ ਵੀ ਛਕਾਇਆ ਤੇ ਉਹਨਾਂ ਦਾ ਸਿਰ ਆਪਣੀ ਗੋਦ ਵਿਚ ਲੈ ਕੇ ਉਚੇਚਾ ਪਿਆਰ ਕੀਤਾ। ਪਿੰਡ ਭੂਰੇ ਪੁਰਾਣੇ ਤੋਂ ਨਿਰੰਜਨ ਕੌਰ ਜੋ ਚਿੱਟੀ ਦਸਤਾਰ ਲੈ ਕੇ ਆਈ ਤੇ ਹਾਜ਼ਰ ਕੀਤੀ ਉਹ 'ਖਾਲਸਾ' ਜੀ ਨੇ ਆਪਣੇ ਸੀਸ ਤੇ ਸਜਾਈ। ਭਾਈ ਗੁਰਮੁਖ ਸਿੰਘ 'ਉੜੀਸਾ' ਨੇ ਨਿਕਟਵਰਤੀ ਸਾਰੇ ਸਿੰਘਾਂ ਦੇ ਬਿਸਤਰੇ ਆਪ ਵਿਛਾਏ। ਫਿਰ 'ਖਾਲਸਾ' ਜੀ ਨੇ 'ਸੋਹਿਲੇ' ਦਾ ਪਾਠ ਹਰ ਰੋਜ਼ ਦੀ ਤਰ੍ਹਾਂ ਚਿੱਤ ਦੀ ਇਕਾਗਰਤਾ ਨਾਲ ਆਪ ਕੀਤਾ। ('ਸੋਹਿਲੇ' ਦੇ ਪਾਠ ਸਮੇਂ ਕਿਸੇ ਨੂੰ ਨੇੜੇ ਨੇੜੇ ਉੱਚੀ ਬੋਲਣ ਤਕ ਦੀ ਆਗਿਆ ਵੀ ਨਹੀਂ ਹੁੰਦੀ ਸੀ। ਕੋਈ ਪੈਰ ਦਾ ਖੜਕਾ ਜਾਂ ਨੰਢੇ ਗੱਲ ਵੀ ਨਹੀਂ ਕਰ ਸਕਦਾ ਸੀ। ਕਾਫ਼ੀ ਸਮਾਂ ਮਗਰੋਂ ਗੁਰਮੰਤ੍ਰ ਦਾ ਸਿਮਰਨ ਕਰਦੇ ਰਹਿੰਦੇ ਫਿਰ ਸ਼ਬਦ ਵਿਚ ਸੁਰਤ ਜੋੜ ਕੇ ਬਿਰਾਜ ਜਾਂਦੇ)।

ਅੱਜ ਵੀ ਠੀਕ ਇਸੇ ਤਰ੍ਹਾਂ ਹੀ ਕੀਤਾ, ਗਰਮੀ ਅਤਿਅੰਤ ਦੀ ਸੀ। ਭਾਈ ਗੁਰਮੁਖ ਸਿੰਘ ਜੀ ਪੱਖਾ ਕਰ ਰਹੇ ਸਨ। ਬਾਕੀ ਸਭ ਸੰਗਤਾਂ ਬਿਰਾਜ ਗਈਆਂ। ਕਾਫ਼ੀ ਸਿੰਘਾਂ ਸਮੇਤ ਭਾਈ ਗੁਰਮੁਖ ਸਿੰਘ ਜੀ ਦਾ ਪਿੰਡੋਂ ਬਾਹਰ

ਪੁਰਾਣੇ ਭੂਰਿਆਂ ਤੋਂ ਇਕ ਹੋਰ ਭੁਜੰਗੀ ਨੂੰ ਉਸ ਦੀ ਮਾਤਾ ਸਮੇਤ ਬੁਲਾਇਆ ਗਿਆ। ਉਨ ਸਾਮ ਤਕ ਪਹੁੰਚ ਗਏ ਨਾਲ (ਗੁਰਪੁਰ ਵਾਸੀ) ਸਰਦਾਰ ਅਵਤਾਰ ਸਿੰਘ ਜੀ ਅੰਮ੍ਰਿਤਸਰ ਵਾਲੇ ਤੇ ਮਾਈ ਝਾਈ ਜੀ ਵੀ ਸੁਤੇ ਸਿੱਧ ਪਹੁੰਚ ਗਏ।

ਪਿਛਲੇ ਪਹਿਰ ਆਰਾਮ ਉਪ੍ਰੰਤ ਇਸ਼ਨਾਨ ਕਰ ਕੇ, ਸਾਵਧਾਨ ਹੋ ਕੇ, ਕਥਾ ਕਰਨ ਗੁਰਦੁਆਰੇ ਸਾਹਿਬ ਪਹੁੰਚੇ। ਪੰਜ ਵੱਜ ਚੁਕੇ ਸਨ ਪਰ ਰਾਗੀ ਭਾਈ ਖਚਿੱਤਰ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ,ਭਾਈ ਸੋਹਣ ਸਿੰਘ ਜੀ ਦੇ ਜਥੇ ਨੂੰ ਜੋ ਕੀਰਤਨ ਕਰ ਰਹੇ ਸਨ ਉਚੇਚਾ ਕਹਿ ਕੇ ਇਕ ਹੋਰ ਸ਼ਬਦ ਪੜ੍ਹਾਇਆ। ਫਿਰ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਆਰੰਭ ਹੋਈ, ਪਾਠੀ ਦਾਸ ਸੀ। ਸਤਿਗੁਰੂ ਦਸਵੇਂ ਪਾਤਸ਼ਾਹ ਜੀ ਦੇ ਵਿਆਹ ਦਾ ਪ੍ਰਸੰਗ ਸੀ। ਇਕ ਘੰਟਾ ਪੂਰਾ ਕਥਾ ਹੋਣ ਤੋਂ ਮਗਰੋਂ ਦਾਸ ਨੇ ਬੇਨਤੀ ਕੀਤੀ, 'ਇਕ ਘੰਟਾ ਕਥਾ ਹੋ ਗਈ, ਸਮਾਪਤੀ ਕਰੀਏ।' ਦਾਸ ਦਾ ਇਹ ਖਿਆਲ ਸੀ ਕਿ ਕਈ ਦਿਨਾਂ ਤੋਂ ਦੌਰਾ ਪੈ ਰਿਹਾ ਹੈ, ਸਰੀਰ ਖੇਚਲ ਨਾ ਮੰਨੇ। ਪਰ ਆਪ ਜੀ ਸਰੀਰ ਤੋਂ ਪਰੇ ਸਨ, ਨਾਲੇ ਬਾਜੀ ਜਿੱਤ ਚੁੱਕੇ ਸਨ। ਖ਼ੁਸ਼ੀ ਸੀ ਉਹਨਾਂ ਦੇ ਮਨ ਵਿਚ ਕਿ ਘਾਲ ਕਮਾਈ ਸਫਲੀ ਹੋਈ ਹੈ, ਅੰਤਲਾ ਸਮਾਂ ਹੈ, ਆਪਣਾ ਕੇਵਲ ਮਨੁੱਖਾ ਜਨਮ ਹੀ ਨਹੀਂ ਸਫਲ ਹੋਇਆ, ਸਗੋਂ ਲੱਖਾਂ ਹੋਰ ਪ੍ਰਾਣੀਆਂ ਦਾ ਵੀ ਭਲਾ ਹੋ ਚੁੱਕਾ ਹੈ। ਸੋ ਆਪ ਜੀ ਨੇ ਕੁਝ ਸਮਾਂ ਹੋਰ ਕਥਾ ਕੀਤੀ। ਇਹ ਕਥਾ ਕਰਦਿਆਂ (ਗੁਰਪੁਰ ਵਾਸੀ) ਬਾਬਾ ਮੇਹਰ ਸਿੰਘ ਜੀ ਪੰਜੋਖਰੇ ਸਾਹਿਬ ਵਾਲੇ ਜੋ ਤਕਰੀਬਨ ੧੫ ਦਿਨ ਤੋਂ ਬੀਮਾਰ ਸਨ ਅਤੇ ਜਿਸਨੂੰ ਪਿੰਡ ਨੰਗਲੀ ਛੱਡ ਆਏ ਸੀ ਅੱਜ ਰਾਜ਼ੀ ਹੋ ਕੇ ਦੀਵਾਨ ਵਿਚ ਆਏ ਤਾਂ ਕਥਾ ਕਹਿਦਿਆਂ ਬਾਬਾ ਜੀ ਨੂੰ ਵੇਖ ਕੇ ਮੁਸਕਰਾ ਪਏ ਤੇ ਕਿਹਾ, 'ਆ ਬਾਬਾ ਮੇਹਰ ਸਿੰਘਾ! ਚੰਗਾ ਹੋਇਆ ਜਿਉਂਦੇ ਜਿਉਂਦੇ ਦਰਸ਼ਨ ਦੇ ਦਿੱਤੇ ਹਨ।' ਭਾਵ ਸੀ ਕਿ ਅੱਜ ਅਸਾਂ ਸੱਚਖੰਡ ਜਾਣਾ ਹੈ, ਸਾਨੂੰ ਮਿਲ ਪਿਆ ਹੈਂ। ਪਰ ਅੱਖਰ ਸਨ 'ਜਿਉਂਦੇ ਜਿਉਂਦੇ ਦਰਸ਼ਨ ਦੇ ਦਿੱਤੇ ਹਨ।'

ਕਥਾ ਮਗਰੋਂ ਆਸਣ ਤੇ ਪਹੁੰਚ ਗਏ। ਹਰ ਰੋਜ਼ ਦਾ ਨਿਤਨੇਮ ਗੁਰਬਾਣੀ ਦਾ ਪਾਠ ਦਾਸ ਕੋਲੋਂ ਸੁਣਨ ਲੱਗੇ ਜੋ ਇਸ ਪ੍ਰਕਾਰ ਹੈ: ਤਿੰਨ ਜਪੁ ਜੀ ਸਾਹਿਬ ਦੇ ਪਾਠ, ਪੰਜ ਬਾਣੀਆਂ, ਸ਼ਬਦ ਹਜ਼ਾਰੇ, ਉਪਰੰਤ ਬਾਵਨ ਅਖਰੀ, ਸੁਖਮਨੀ ਸਾਹਿਬ,ਦੋਵੇਂ ਬਾਰਹ ਮਾਹਾ, ਦਿਨ ਰੈਣ, ਦਖਣੀ ਓਅੰਕਾਰੁ, ਸਿਧ ਗੋਸਟਿ,ਜੈਤਸਰੀ ਦੀ ਵਾਰ,ਸਲੋਕ ਸਹਸਕ੍ਰਿਤੀ ਮਹਲਾ ੫ ਤੇ ਮਹਲਾ ੫, ਸਤੇ ਬਲਵੰਡੇ ਦੀ ਵਾਰ, ਸਿਰੀ ਰਾਗੁ ਪਹਿਰੇ ਆਦਿ ਇਹਨਾਂ ਬਾਣੀਆਂ ਦਾ

ਸਭ ਤੇ ਉਤਮ ਹਰਿ ਕੀ ਕਥਾ ॥



ਸੰਤਾਂ ਨਾਲ ਕਥਾ ਦਾ ਪਾਠ ਕਰਦਿਆਂ

ਸੰਤ ਕਾ ਸੰਗੁ ਵਡਭਾਗੀ ਪਾਈਐ ॥

ਸੰਤਾਂ ਦਾ ਸਰੀਰ ਕਮਜ਼ੋਰ ਹੋਣ ਕਰਕੇ ਉਨ੍ਹਾਂ ਦੀ ਬਾਂਹ ਫੜ ਕੇ ਤੁਰਦਿਆਂ ਹੋਇਆਂ।

ਬਹੁਤ ਚਾਅ ਉਤਸ਼ਾਹ ਤੇ ਸੱਚੇ ਪ੍ਰੇਮ ਨਾਲ ਹਰ ਰੋਜ਼ ਤਰ੍ਹਾਂ ਬਹੁਤ ਸਮਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਖੜੇ ਹੋ ਕੇ ਚਵਰ ਕਰ ਕੇ ਅਰਦਾਸ ਕਰ ਕੇ ਬਹੁਤ ਸ਼ਰਧਾ ਤੇ ਚੜ੍ਹਦੀ ਕਲਾ ਨਾਲ ੧੩ ਪ੍ਰਕਰਮਾਂ ਕਰ ਕੇ ਮੱਥਾ ਟੇਕਿਆ। ਦਾਸ ਨੇ ਹਰ ਰੋਜ਼ ਤਰ੍ਹਾਂ ਆਪ ਜੀ ਦੀ ਬਾਂਹ ਪਕੜੀ ਹੋਈ ਸੀ ਅਤੇ ਨਾਲ ਨਾਲ ਚੱਲ ਰਿਹਾ ਸੀ।

ਆਸਣ ਤੇ ਆ ਕੇ ਜਲ ਵਰਤ ਕੇ ਲੰਗਰ ਛਕਣ ਲੱਗੇ ਇਸ ਦਿਨ ਉਸੇ ਹੀ ਗੁਰਮੁਖਿ ਪਿਆਰੇ ਸ਼ਾਹ ਦਲੀਪ ਸਿੰਘ ਜੀ ਤੇ ਉਨ੍ਹਾਂ ਦੇ ਸਪੁੱਤਰ ਸੰਤ ਸਿੰਘ ਜੀ ਵਲੋਂ ਜਥੇ ਦਾ ਲੰਗਰ ਸੀ (ਜੋ ਸਭ ਤੋਂ ਪਹਿਲਾਂ ਸੰਨ ੧੯੩੪ ਈ: ਵਿਚ 'ਖਾਲਸਾ' ਜੀ ਨੂੰ ਇਥੇ ਪਿੰਡ ਮਹਿਤੇ ਲੈ ਕੇ ਆਏ ਸਨ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਲਗਾਤਾਰ ਸਾਰੀ ਕਥਾ ਇਥੇ ਕਰਵਾਈ ਸੀ)। ਬਹੁਤ ਪ੍ਰੇਮ ਨਾਲ ਲੰਗਰ ਛਕਿਆ। ਦਾਸ ਨੇ ਆਪਣੇ ਹੱਥੀਂ 'ਖਾਲਸਾ' ਜੀ ਦੇ ਮੁੱਖ ਵਿਚ ਗਰਾਹੀਆਂ ਪਾ ਕੇ ਛਕਾਇਆ, ਅੰਬ ਵੀ ਨਾਲ ਛਕਾਏ। ਬਾਬਾ ਠਾਕੁਰ ਸਿੰਘ ਜੀ ਨੂੰ ਹੱਸ ਕੇ 'ਖਾਲਸਾ' ਜੀ ਕਹਿੰਦੇ, 'ਇਹਨੂੰ (ਕਰਤਾਰ ਸਿੰਘ ਨੂੰ) ਰਜਾ ਕੇ ਸਾਡੇ ਸਾਹਮਣੇ ਲੰਗਰ ਛਕਾ, ਅੰਬ ਬਹੁਤੇ ਦੇਹ।' ਮੈਨੂੰ ਮੋਟੇ ਮੋਟੇ ਪੰਜ ਅੰਬ ਇਹਨਾਂ ਦਿੱਤੇ। ਪਰ 'ਖਾਲਸਾ' ਜੀ ਨੇ ਕਿਹਾ, 'ਤੋਨ ਅੰਬ ਦੇਹ।' ਹੋਰ ਦਿੱਤੇ ਗਏ ਜੋ ਰੱਜ ਰੱਜ ਕੇ ਛਕੇ ਪਰ ਵਧ ਗਏ। 'ਖਾਲਸਾ' ਜੀ ਦੀ ਕ੍ਰਿਪਾ ਭਰੀ ਨਿਗਾਹ ਤੇ ਬਖਸ਼ਿਸ਼ ਭਰਿਆ ਹਸੂੰ ਹਸੂੰ ਕਰਦਾ ਚਿਹਰਾ ਮੈਨੂੰ ਕਦੇ ਨਹੀਂ ਭੁੱਲ ਸਕਦਾ। ਦਾਸ ਨੂੰ ਕੀ ਪਤਾ ਸੀ ਕਿ ਆਪ ਜੀ ਦੀ ਕ੍ਰਿਪਾ ਭਰੀ ਨਿਗਾਹ ਸਾਹਮਣੇ, ਨਿੱਘੀ ਗੋਦ ਵਿਚ ਬੈਠ ਕੇ ਲੰਗਰ ਛਕਣ ਦਾ ਇਹ ਆਖਰੀ ਮੌਕਾ ਹੈ?

ਆਪ ਖੁਸ਼ੀ ਖੁਸ਼ੀ ਪਲੰਘੇ ਤੇ ਲੇਟੇ ਸਨ ਕਿ ਦੋ ਤਿੰਨ ਵਾਰੀ ਬਚਨ ਕਿਹਾ; 'ਭਾਈ ਠਾਕੁਰ ਸਿੰਘ, ਭਾਈ ਕਰਤਾਰ ਸਿੰਘ! ਰਾਤੀਂ ਬਹੁਤ ਵੱਡਾ ਦੌਰਾ ਪਿਆ ਅਸੀਂ ਚੜ੍ਹਾਈ ਕਰ ਚੱਲੇ ਸੀ।' ਕਰਾਮਾਤ ਨਾ ਵਿਖਾਉਣੀ ਤੇ ਆਜਜ਼ ਜਰਨ ਦੇ ਪਰਪੱਕ ਸੁਭਾਅ ਅਨੁਸਾਰ ਦਾਸਾ ਨੂੰ ਸਿੱਧਾ ਨਹੀਂ ਦੱਸਿਆ ਕਿ ਅੱਜ ਚੜ੍ਹਾਈ ਕਰ ਜਾਣੀ ਹੈ, ਸਗੋਂ 'ਕਰ ਜਾਣੀ ਸੀ' ਕਹੀ ਗਏ। ਇਹ ਇਕ ਗੁੱਝਾ ਰਾਜ਼ ਸੀ ਜਿਸ ਨੂੰ ਅਸੀਂ ਕੋਈ ਵੀ ਨਾ ਸਮਝ ਸਕੇ। ਫਿਰ ਹੋਰ ਵੀ ਬਚਨ ਬਿਲਾਸ ਹੋਏ ਜੋ ਵੱਡੇ ਜੀਵਨ ਵਿਚ ਲਿਖੇ ਜਾਣਗੇ। ਇਹਨਾਂ ਦਿਨਾਂ ਵਿਚ ਕੜਕਦੀ ਧੁੱਪ ਪੈ ਰਹੀ ਸੀ। ਉਚੇਰੇ ਤੇ ਸੁਲੇਹੇ ਭੇਜ ਕੇ ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ ਨੂੰ ਸ੍ਰੀ ਅੰਮ੍ਰਿਤਸਰੋਂ ਤੇ ਪਿੰਡ

ਸ੍ਰੀਮਾਨ ਪ੍ਰਮ ਸਤਿਕਾਰ ਯੋਗ ਵਿਦਿਆ ਮਾਰਤੰਡ ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਗਲੀ ਸਡੋ ਵਾਲੇ 'ਖਾਲਸਾ' ਜੀ ਨਾਲ ਬਹੁਤ ਦਿਲੀ ਪਿਆਰ ਕਰਦੇ ਤੇ ਹੁਣ ਵੀ ਕਰਦੇ ਹਨ। ਜਦੋਂ 'ਖਾਲਸਾ' ਜੀ ਦਾ ੧੯੬੬ ਈ: ਵਿਚ ਬਲੱਡ ਪ੍ਰੈਸ਼ਰ ਨਾਲ ਸਰੀਰ ਢਿੱਲਾ ਹੋਇਆ ਤਾਂ ਉਸ ਵੇਲੇ ਆਪ ਜੀ ਨੇ 'ਖਾਲਸਾ' ਜੀ ਦੀ ਬੜੀ ਉਚੇਚੀ ਸੇਵਾ ਕੀਤੀ ਸੀ। ਇਥੋਂ ਸ੍ਰੀ ਤਰਨਤਾਰਨ ਸਾਹਿਬ ਤੇ ਫਿਰ ਭਾਈ ਸੰਤ ਸਿੰਘ ਜੀ, ਭਾਈ ਮੇਵਾ ਸਿੰਘ ਨੰਗਲੀ ਤੇ ਹੋਰ ਸੰਗਤ ਦੀ ਬੇਨਤੀ ਪ੍ਰਵਾਨ ਕਰ ਕੇ ਪਿੰਡ ਨੰਗਲੀ ਪਹੁੰਚੇ। ਮਾਸਟਰ ਗੁਰਵਚਨ ਸਿੰਘ ਜੀ ਦੇ ਘਰ ਸਿੰਘਾਂ ਦਾ ਉਤਾਰਾ ਸੀ।

ਮਹਿਤੇ ਵਿਖੇ ਪਹੁੰਚਣਾ

ਨੰਗਲੀ ਪਿੰਡ ਤੋਂ ਮਹਿਤੇ ਪਹੁੰਚ ਕੇ ਬਾਬਾ ਭਾਨ ਸਿੰਘ ਜੀ ਦੇ ਚੁਬਾਰੇ (ਸੱਚਖੰਡ ਗਮਨ ਅਸਥਾਨ) ਵਿਖੇ ਆਸਣ ਜਮਾ ਲਿਆ। ਦੋ ਦਿਨ ੧੩-੧੪ ਹਾੜ ਨੂੰ ੩-੩ ਕਥਾ ਹਰ ਰੋਜ਼ ਕੀਤੀਆਂ। ਇਥੇ ਪਿੰਡ ਬਰਿਆਰਾਂ ਵਾਲੇ ਸੰਤ ਕਰਤਾਰ ਸਿੰਘ ਜੀ ਅਤੇ ਮੰਢਿਆਲੇ ਵਾਲੇ ਬਿਰੱਕਤ ਮੇਹਰ ਸਿੰਘ ਜੀ, ਪਿੰਡ ਬੁੱਟਰ ਜ਼ਿਲਾ ਗੁਰਦਾਸਪੁਰ ਵਾਲੇ ਬਾਬਾ ਅਮਰ ਸਿੰਘ ਜੀ, ਪੁਰਾਣੇ ਗੜਵਈ ਭਾਈ ਸਵਰਨ ਸਿੰਘ ਜੀ ਠੱਕਰਵਾਲ (ਜੋ ਪੰਜ ਸਾਲ 'ਖਾਲਸਾ' ਜੀ ਦੇ ਪਹਿਲਾਂ ਗੜਵਈ ਰਹਿ ਚੁੱਕੇ ਸਨ) ਵੀ ਦਰਸ਼ਨਾਂ ਨੂੰ ਸੰਗਤ ਸਮੇਤ ਆਏ। 'ਖਾਲਸਾ' ਜੀ ਨੂੰ ਲਗਾਤਾਰ ਬਲੱਡ ਪ੍ਰੈਸ਼ਰ ਅਤੇ ਸਾਹ ਦਾ ਦੌਰਾ ਸਾਰੀ ਰਾਤ ਪੈਂਦਾ ਰਿਹਾ। ਪਰ ਕਥਾ ਨਿਤਨੇਮ ਆਦਿਕ ਵਿਚ ਕੋਈ ਫ਼ਰਕ ਨਹੀਂ ਪੈਣ ਦਿੱਤਾ। ਅੱਜ ੧੩-੧੪ ਹਾੜ ਦੀ ਦਰਮਿਆਨੀ ਰਾਤ ਨੂੰ ਬਹੁਤ ਸਖ਼ਤ ਦੌਰਾ ਪਿਆ ਪਰ ਡੇਰੀਫਾਈਲਾਇਨ ਦੇ ਟੀਕੇ ਤੇ ਗੋਲੀਆਂ ਦਾਸ ਵਲੋਂ ਦਿੱਤੀਆਂ ਗਈਆਂ। ਤੜਕੇ ਆਰਾਮ ਆਇਆ, ਇਸ਼ਨਾਨ ਕਰਕੇ ਨਿਤਨੇਮ ਉਪਰੰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਕਥਾ ਕੀਤੀ।

(ਜੋ ਕਿ ਸਤਾਈਵੀਂ ਕਥਾ ਸੀ, ੧੧੮੭ ਅੰਗ ਤੇ ਬਸੰਤ ਰਾਗੁ ਦੀ ਪਹਿਲੀ ਅਸਟਪਦੀ, ਸ਼ਿਵਨਾਭ ਰਾਜੇ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਪਰਖ ਕੀਤੀ, ਤਾਂ ਹਜ਼ੂਰ ਨੇ ਨਿਹਾਲ ਕੀਤਾ। ਸਾਰੀ ਉਥਾਨਕਾ ਅਤੇ ਇਸ ਸ਼ਬਦ ਦੀ ਕਥਾ ਸੁਣਾਈ)। ਚਿਹਰੇ ਉਤੇ ਅੱਜ ਬੜਾ ਜਲਾਲ, ਖੇੜਾ ਤੇ ਦਮਕਾਂ ਸਨ। ਉਪਰੰਤ ਦਾਸ ਪਾਸੋਂ ਪੰਜਾਹ ਅੰਗ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪਾਠ ਹਰ ਰੋਜ਼ ਤਰ੍ਹਾਂ ਸੁਣਿਆ। ਫਿਰ ਆਪ ਪਾਠ ਕਰਕੇ, ਦਸਮ ਗ੍ਰੰਥ ਦੀ ਕਥਾ ਕੀਤੀ ਜੋ ਕਿ ਦੋ ਸੌ ਅਠਵੇਂ ਚਰਿੱਤ੍ਰ ਤੱਕ ਪਹੁੰਚੀ ਸੀ। ਉਪਰੰਤ

ਸ੍ਰੀ ਮਾਨ ਸੰਤ ਇੰਦਰ ਸਿੰਘ ਜੀ, ਸ੍ਰੀ ਮਾਨ ਸੰਤ ਅਜੈਬ ਸਿੰਘ ਜੀ, ਸ੍ਰੀ ਮਾਨ ਸੰਤ ਨਰੇਣ ਸਿੰਘ ਜੀ ਲਧਾਈਆਂ ਕੇ ਵਾਲੇ ਤੇ ਹੋਰ ਪਤਵੰਤੇ ਵੀਰ ਪੁੱਜੇ। 'ਖਾਲਸਾ' ਜੀ ਦਾ ਉਤਾਰਾ ਹਰ ਸਾਲ ਸੇਵਾ ਦੇ ਪੁੰਜ ਬਾਬਾ ਸਰਵਣ ਸਿੰਘ ਜੀ, ਮਾਤਾ ਦਲੀਪ ਕੌਰ ਜੀ ਜੋ ਬਹੁਤ ਚਾਅ ਅਤੇ ਉਤਸ਼ਾਹ ਨਾਲ ਲਗਾਤਾਰ ਸੇਵਾ ਕਰਦੇ ਆ ਰਹੇ ਹਨ, ਉਨ੍ਹਾਂ ਦੇ ਘਰ ਹੋਇਆ। ਇਥੇ ਬੀਬਾ ਨਿਰੰਜਨ ਕੌਰ ਪਵਿਤ੍ਰ ਆਤਮਾ ਸਨੌਲੇ ਵਾਲੇ, 'ਬੀਬੀ ਆਸਾ ਦੀ ਵਾਰ' (ਤਖ਼ੱਲਾ ਵਾਲੇ) ਪਹੁੰਚੇ ਸਨ। ਇਥੇ 'ਖਾਲਸਾ' ਜੀ ਨੇ ਜੋੜ ਮੇਲੇ ਤੇ ਸਭ ਸੰਗਤਾਂ ਨੂੰ ਮਠਿਆਈ ਦਾ ਭੰਡਾਰਾ ਕੀਤਾ। ਨੇੜੇ ਨੇੜੇ ਦੇ ਨਗਰਾਂ ਜੱਸੋਵਾਲ, ਤੁਗਲ, ਸੁਧਾਰ, ਕਲਾਰ, ਤਲਵੰਡੀ ਰਾਇ ਕੀ, ਰਾਜੋਆਣਾ, ਨੂਰਪੁਰ; ਰਾਜਗੜ੍ਹ ਤੋਂ (ਭਾਈ ਗੁਰਦੇਵ ਸਿੰਘ ਜੀ, ਭਾਈ ਸੋਹਣ ਸਿੰਘ ਜੀ), ਹਲਵਾਰਾ, ਦਾਖਾ, ਖਡੂਰ, ਮਨਸੂਰਾਂ ਨਾਰੰਗਵਾਲ ਆਦਿਕ ਦੀ ਬੇਅੰਤ ਸੰਗਤ ਜੁੜੀ।

'ਖਾਲਸਾ' ਜੀ ਨੇ ਸ਼ਬਦ ਦੀ ਐਸੀ ਅਲੌਕਿਕ ਕਥਾ ਕੀਤੀ, ਸਭ ਸਰੋਤੇ ਗਦ ਗਦ ਹੋ ਗਏ। ਬਹੁਤ ਪ੍ਰਵਾਰਾਂ ਨੇ ਅੰਮ੍ਰਿਤ ਛਕਿਆ। ਇਥੇ ਹੁਣ ਗਿਆਨੀ ਨਿਰੰਜਨ ਸਿੰਘ ਜੀ ਵੈਦ ਮਹੰਤ ਹਨ, ਗਿਆਨੀ ਕ੍ਰਿਪਾਲ ਸਿੰਘ ਜੀ ਕਥਾ ਕਰਦੇ ਹਨ, ਇਹ 'ਖਾਲਸਾ' ਜੀ ਦਾ ਏਥੇ ਅਖੀਰੀ ਜੋੜ ਮੇਲਾ ਸੀ। ਇਥੋਂ ਕੁਝ ਦਿਨ ਆਪਣੇ ਜਨਮ ਨਗਰ ਅਖਾੜੇ(ਗੁਰਪੁਰਵਾਸੀ)ਮਹੰਤ ਮਾਧੋਸਿੰਘ ਜੀ, ਵਰਤਮਾਨ ਮਹੰਤ ਜਗੀਰ ਸਿੰਘ ਜੀ, ਗਿਆਨੀ ਹਾਕਮ ਸਿੰਘ ਅਤੇ ਨਗਰ ਦੀ ਪ੍ਰੇਰਨਾ ਨਾਲ ਪੁੱਜ ਕੇ ਗੁਰਮਤਿ ਦਾ ਪ੍ਰਚਾਰ ਕਰਕੇ ਪਿੰਡ ਮਨਾਵੇਂ (ਜੀਰੇ ਕੋਲ) ਦੀ ਸੰਗਤ ਦੇ ਪ੍ਰੇਮ ਸਦਕਾ ਪੁੱਜੇ। ਸੋਹਣਾ ਸਿਮਰਨ ਭਜਨ ਦਾ ਪਰਵਾਹ ਚਲਾ ਕੇ ਫਿਰ ਸ੍ਰੀ ਖਡੂਰ ਸਾਹਿਬ ਦੀ ਸੰਗਤ ਦੀ ਬੇਨਤੀ ਮੰਨ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਪੁੱਜੇ। ਨੇੜੇ ਨੇੜੇ ਦੇ ਨਗਰਾਂ ਦੀਆਂ ਸੰਗਤਾਂ ਪੁੱਜ ਰਹੀਆਂ ਸਨ। ਭਾਰੀ ਗੁਰਮਤਿ ਪ੍ਰਚਾਰ ਕੀਤਾ। ਇਥੋਂ ਇਕ ਦਿਨ ਸ੍ਰੀ ਗੋਇੰਦਵਾਲ ਪੁੱਜ ਕੇ ਬਹਤ ਸਿੰਘਾਂ ਨੇ ਚੌਰਾਸੀ ਕੱਟਣ ਵਾਸਤੇ ਸ੍ਰੀ ਜਪੁ ਜੀ ਸਾਹਿਬ ਦੇ ੮੪-੮੪ ਪਾਠ ਤੇ ਇਸ਼ਨਾਨ ਕੀਤੇ।

ਉਪਰੰਤ ਸ੍ਰੀ ਮਾਨ ਗਿਆਨੀ ਦਲੀਪ ਸਿੰਘ ਜੀ ਕਥਾ-ਵਾਚਕ ਸ੍ਰੀ ਮੰਜੀ ਸਾਹਿਬ ਦੇ ਉੱਦਮ ਨਾਲ (ਗੁਰਪੁਰ ਵਾਸੀ) ਸ: ਅਵਤਾਰ ਸਿੰਘ ਜੀ, ਸਰਦਾਰ ਭਾਗ ਸਿੰਘ ਜੀ 'ਅਣਖੀ' ਠੇਕੇਦਾਰ ਭਾਈ ਨਿਰਮਲ ਸਿੰਘ ਜੀ ਦੀ ਪ੍ਰੇਰਨਾ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਸਾਖੀ ਦੇ ਸਮੇਂ ਦਰਸ਼ਨ ਇਸ਼ਨਾਨ ਕੀਤੇ। ਕਥਾ ਕੀਰਤਨ ਦਾ ਆਨੰਦ ਮਾਣਿਆ। ਏਥੇ ਸ੍ਰੀ ਅੰਮ੍ਰਿਤਸਰ ਸਾਹਿਬ

ਸ਼ੰਗਾਰ ਸਿੰਘ ਜੀ, ਭਾਈ ਸੁਰਜੀਤ ਸਿੰਘ ਜੀ, ਗ੍ਰੰਥੀ ਭਾਈ ਗੁਰਦੀਪ ਸਿੰਘ ਜੀ, (ਗੁਰਪੁਰ ਵਾਸੀ) ਜਥੇਦਾਰ ਝੰਡਾ ਸਿੰਘ ਜੀ (ਦਾਸ ਦੇ ਪਿਤਾ ਜੀ), ਭਾਈ ਰਛਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਦਰਵੇਸ਼ ਤੇ ਸੰਗਤਾਂ ਦੀ ਬੇਨਤੀ ਮੰਨ ਕੇ ਤੇਰ੍ਹਵੀਂ ਵਾਰ ਇਥੇ ਪਹੁੰਚੇ। ਇਥੋਂ ਦੇ ਨੇੜੇ ਦੇ ਨਗਰ ਖੇਮਕਰਨ ਭਾਈ ਅਜੈਬ ਸਿੰਘ ਤੇ ਸਾਰੀ ਸੰਗਤ ਨੇ ਬਹੁਤ ਆਨੰਦ ਮਾਣਿਆ ਅਤੇ ਹੋਰ ਨਗਰਾਂ ਦੀਆਂ ਸੰਗਤਾਂ ਪਿੰਡ ਮਨਾਵਾਂ (ਕਾਸ਼ੀ ਲੱਖੂ ਜੀ ਦਾ ਪਰਵਾਰ ਭਾਈ ਸੁਜਾਨ ਸਿੰਘ ਜੀ ਆਦਿਕ), ਆਸਲ, ਚੀਮੇਂ, ਵਲਟੋਹਾ, ਮਸਤਗੜ੍ਹ, ਭੂਰੇ ਨਵੇਂ, ਮਹਿਦੀਪੁਰ ਆਦਿਕ ਦੀਆਂ ਸੰਗਤਾਂ ਨੇ ਆਨੰਦ ਮਾਣਿਆ। ਭੂਰੀਂ ਗੁਰਦੁਆਰੇ ਦੀ ਚਾਰ-ਦੀਵਾਰੀ, ਪਿਛਲੇ ਪਾਸੇ ਥੜ੍ਹਾ ਤੇ ਦਰਵਾਜ਼ਾ ਬਣਾਇਆ। ਉਥੋਂ ਪੱਟੀ ਦੀ ਅਤਿਅੰਤ ਗੁਰਮੁਖਿ ਪਿਆਰੀ ਸਾਧ ਸੰਗਤ ਨੇ ਬੜੇ ਅਦਬ ਪ੍ਰੇਮ ਨਾਲ ਜਥੇ ਨੂੰ ਲਿਜਾ ਕੇ ਕਥਾ ਕੀਰਤਨ ਦਾ ਆਨੰਦ ਪ੍ਰਾਪਤ ਕੀਤਾ। (ਹੁਣ ਵੀ ਸਾਰੇ ਨਗਰਾਂ ਵਿਚ ਅਨੇਕਾਂ ਪ੍ਰਾਣੀ ਅੰਮ੍ਰਿਤ ਛਕ ਛਕ ਕੇ ਗੁਰੂ ਵਾਲੇ ਬਣ ਰਹੇ ਹਨ। ਹਰੇਕ ਪਿੰਡ ਵਿਚ ਅੰਮ੍ਰਿਤ ਪ੍ਰਚਾਰ ਵਧ ਚੜ੍ਹ ਕੇ ਹੋ ਰਿਹਾ ਹੈ)।

ਉਥੋਂ ਪਿੰਡ ਸਭਰਾਵਾ ਭਾਈ ਦਲੀਪ ਸਿੰਘ, ਭਾਈ ਬੂੜ ਸਿੰਘ (ਜੋ ਜਥੇ ਵਿਚ ਸਿੰਘਾਂ ਨੂੰ ਸੰਥਿਆ ਕਰਾ ਕੇ ਸੇਵਾ ਕਰ ਰਹੇ ਹਨ) ਉਨ੍ਹਾਂ ਦੇ ਪਰਵਾਰ ਤੇ ਸਾਰੇ ਨਗਰ ਨੇ ਬਹੁਤ ਸੇਵਾ ਕੀਤੀ। ਅੰਮ੍ਰਿਤ ਛਕ ਕੇ ਤਿਆਰ-ਪੁਰ-ਤਿਆਰ ਹੋਏ। ਉਥੋਂ ਪਿੰਡ ਸਰਹਾਲੀ ਸ੍ਰੀ ਮਾਨ ਪੂਜਨੀਕ ਸੇਵਾ ਦੇ ਪੁੰਜ ਸੰਤ ਤਾਰਾ ਸਿੰਘ ਜੀ ਤੇ ਗੁਰੂ ਘਰ ਦੇ ਮਹਾਨ ਸੇਵਾਦਾਰ ਮਾਤਾ ਗੁਰਦੀਪ ਕੌਰ ਜੀ ਦੀ ਪ੍ਰੇਰਨਾ ਨਾਲ ਪੁੱਜ ਕੇ ਬਹੁਤ ਭਾਰੀ ਗੁਰਮਤਿ ਦਾ ਪ੍ਰਵਾਹ ਚਲਾਇਆ। (ਬਾਬਾ ਜੀ ਨੇ ਬੇਅੰਤ ਗੁਰਦੁਆਰਿਆਂ ਦੀ ਸੇਵਾ ਕੀਤੀ ਤੇ ਕਰਵਾ ਰਹੇ ਹਨ)। ਉਥੋਂ ਪਿੰਡ ਨੁਸ਼ਹਿਰੇ ਸੰਤ ਤੇਜਾ ਸਿੰਘ ਜੀ; ਜਥੇਦਾਰ ਦੇਵਾ ਸਿੰਘ ਜੀ ਆਦਿਕ ਗੁਰਮੁਖਾਂ ਦੀ ਪ੍ਰੇਰਨਾ ਨਾਲ ਪੁੱਜੇ। (ਹਰ ਸਾਲ ਜਥਾ ਹੁਣ ਵੀ ਲਗਾਤਾਰ ਇਹਨਾਂ ਨਗਰਾਂ ਵਿਚ ਪਹੁੰਚ ਕੇ ਕਥਾ ਕੀਰਤਨ ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾਉਂਦਾ ਹੈ ਅਤੇ ਸੰਤ ਮਹਾਂ ਪੁਰਖਾਂ ਦੇ ਉੱਦਮ ਨਾਲ ਚੌਲ੍ਹਾ ਸਾਹਿਬ ਵਿਚ ਵੀ ਜਾ ਕੇ ਗੁਰੂ ਕੀ ਕਥਾ ਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਦਾ ਹੈ)।

ਉਥੋਂ ਪਿੰਡ ਬੋਪਾਰਾਏ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆ ਦੇ ਸਾਲਾਨਾ ਜੋੜ ਮੇਲੇ ਤੇ ਪੁੱਜੇ। ਜਿਥੇ ਸੱਚਖੰਡ ਵਾਸੀ ਮਹਾਂ ਪੁਰਖਾਂ ਦੇ ਭਾਈ

ਉਥੋਂ ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ, ਜਥੇਦਾਰ ਜੁਗਿੰਦਰ ਸਿੰਘ ਜੀ ਤੇ ਸਾਰੇ ਨਗਰ ਦੀ ਸੰਗਤ ਦੀ ਬੇਨਤੀ ਮੰਨ ਕੇ ਜਥਾ ਪਿੰਡ ਹੋੜੇ (ਜੋਧ ਪੁਰ) ਪਹੁੰਚਿਆ। ਇਥੇ ਬੇਅੰਤ ਤਿਆਰ-ਪੁਰ-ਤਿਆਰ ਸਿੰਘ ਹਨ। ਬਹੁਤ ਸੇਵਾ ਕਥਾ ਕੀਰਤਨ ਅੰਮ੍ਰਿਤ ਵਰਖਾ ਹੋਈ। ਉਥੋਂ ਪਿੰਡ ਲੰਡੇਆਣੇ ਦੀ ਸੰਗਤ ਤੇ ਜਥੇਦਾਰ ਪ੍ਰਤਾਪ ਸਿੰਘ ਜੀ ਦੀ ਪ੍ਰੇਰਨਾਂ ਨਾਲ ਉਥੇ ਪਹੁੰਚ ਕੇ ਗੁਰਮਤਿ ਪ੍ਰਚਾਰ ਕਰਕੇ ਸੰਗਤ ਨੂੰ ਨਿਹਾਲ ਕੀਤਾ। (ਹੁਣ ਵੀ ਇਹਨਾਂ ਪਿੰਡਾਂ ਵਿਚ ਜਥਾ ਹਰ ਸਾਲ ਪ੍ਰਚਾਰ ਲਈ ਜਾਂਦਾ ਹੈ।) ਉਥੋਂ ਪਿੰਡ ਧੀਰੇ ਪੱਤਰੇ ਦੀ ਸੰਗਤ ਸ੍ਰੀ ਮਾਨ ਸਤਿਕਾਰ ਯੋਗ ਗਿਆਨੀ ਮੋਹਣ ਸਿੰਘ ਜੀ, (ਗੁਰਪੁਰ ਵਾਸੀ) ਭਗਤ ਉਜਾਗਰ ਸਿੰਘ ਜੀ, ਬਾਬੂ ਸਉਣ ਸਿੰਘ ਜੀ, ਭਾਈ ਜਗੀਰ ਸਿੰਘ ਜੀ, ਸ: ਦਰਸ਼ਨ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ, ਭਾਈ ਦਾਰਾ ਸਿੰਘ ਜੀ, ਸ: ਗੁਲਾਬ ਸਿੰਘ, ਸਰਪੰਚ ਸਾਹਿਬ ਭਾਵ ਸਾਰੀ ਸੰਗਤ ਪ੍ਰੇਮ ਨਾਲ ਜਥਾ ਲੈ ਗਏ। ਨੇੜੇ ਦੇ ਪਿੰਡ ਬਸਤੀ ਨੱਥੇ ਵਾਲੀ ਦੇ ਸਾਰੇ ਗੁਰਮੁਖਾਂ ਨੇ ਵੀ ਲਾਭ ਲਿਆ।

'ਖਾਲਸਾ' ਜੀ ਦਾ ਸਰੀਰ ਬਹੁਤ ਢਿੱਲਾ ਹੋ ਗਿਆ। ਸੰਗਤ ਦਾ ਬਚਨ ਮੰਨ ਕੇ ਪਟਿਆਲੇ ਗਏ ਤੇ ਉਥੇ ਭਾਈ ਉਪਕਾਰ ਸਿੰਘ ਜੀ ਬੇਦੀ ਦੇ ਘਰ ਠਹਿਰੇ। ਉਸ ਨੇ ਬਹੁਤ ਭਾਰੀ ਸੇਵਾ ਕੀਤੀ। (ਤਕਰੀਬਨ ਜਦੋਂ ਵੀ ਸਰੀਰ ਢਿੱਲਾ ਹੋਵੇ ਤੇ ਪਟਿਆਲੇ ਜਾਣ ਤਾਂ ਇਹਨਾਂ ਦੇ ਘਰ ਹੀ ਰਹਿੰਦੇ ਰਹੇ। ਹਰ ਵਾਰੀ ਇਹ ਦਿਲੀ ਪਿਆਰ ਨਾਲ ਸੇਵਾ ਕਰਦੇ ਤੇ ਬਹੁਤ ਖੁਸ਼ੇ ਪ੍ਰਾਪਤ ਕਰਦੇ)। ਉਥੇ ਹੀ ਗਿਆਨੀ ਪ੍ਰੀਤਮ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦੂਖ ਨਿਵਾਰਨ ਸਾਹਿਬ (ਜੋ ਅੱਜ ਕੱਲ੍ਹ ਅਫਰੀਕਾ ਵਿਚ ਪ੍ਰਚਾਰ ਕਰ ਰਹੇ ਹਨ) ਦੇ ਘਰ ਬਚਨ ਕੀਤੇ, 'ਸਾਡੇ ਸਰੀਰ ਦਾ ਸਸਕਾਰ ਪਤਾਲਪੁਰੀ ਸਾਹਿਬ ਕਰਨਾ।' (ਜੋ ਉਹਨਾਂ ਦੇ ਬਚਨ ਅਨੁਸਾਰ ਕਾਫੀ ਦਿੱਕਤਾਂ ਹੁੰਦਿਆਂ ਹੋਇਆਂ ਵੀ ਉਥੇ ਹੀ ਹੋਇਆ)। ਪਟਿਆਲੇ ਤੋਂ ਰਾਜ਼ੀ ਹੋਕੇ ਪਿੰਡ ਝੋਕ ਹਰੀ ਹਰ ਆਏ, ਜਿਥੇ ਸ: ਅਵਤਾਰ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ, ਮਾਈ ਪ੍ਰਤਾਪ ਕੌਰ ਜੀ, ਭਾਈ ਗੁਰਚਰਨ ਸਿੰਘ ਜੀ ਤੇ ਸਾਰੀ ਸੰਗਤ ਨੇ ਬਹੁਤ ਭਾਰੀ ਸੇਵਾ ਕੀਤੀ। ਇਥੇ ਪਹਿਲੋਂ ਪਹਿਲ ਜਥਾ ਭਾਈ ਸੋਹਣ ਸਿੰਘ ਜੀ ਤੇ ਧੀਰੇ ਪੱਤਰੇ ਦੀ ਸੰਗਤ ਦੁਆਰਾ ਪਹੁੰਚਿਆ ਸੀ ਜੋ ਭਾਈ ਸਾਹਿਬ ਸੰਗਤ ਦੇ ਬਹੁਤ ਸੇਵਾਦਾਰ ਹਨ। ਹੁਣ ਪਰਵਾਰ ਸਮੇਤ ਜ਼ਿਲਾ ਨੈਨੀਤਾਲ ਬੈਲਪੜਾਉ ਪਾਸ ਹਨ।

ਇਥੋਂ ਭੂਰੇ ਪੁਰਾਣੇ ਜ਼ਿਲਾ ਅੰਮ੍ਰਿਤਸਰ ਭਾਈ ਹਰਨਾਮ ਸਿੰਘ ਜੀ,ਭਾਈ

ਜੀ ਨੂੰ ਇਹਨਾਂ ਦੇ ਘਰ 'ਖਾਲਸਾ' ਜੀ ਨੇ ਉਚੇਚਾ ਕਿਹਾ, 'ਅਸੀਂ ਅੱਗੇ ਤੋਂ ਸੇਵਾ 'ਕਰਤਾਰ ਸਿੰਘ' ਨੂੰ ਬਖਸ਼ੀ ਹੈ ਅਤੇ ਤੁਸੀਂ ਇਨ੍ਹਾਂ ਨਾਲ ਸਹਿਮਤ ਰਹਿਣਾ।' ਇਥੇ ਗਿਆਨੀ ਆਤਮਾ ਸਿੰਘ ਜੀ ਅੰਮ੍ਰਿਤ ਰੂਪ ਕਥਾ ਤੇ ਸਿਮਰਨ ਭਜਨ ਦਾ ਪ੍ਰਵਾਹ ਚਲਾਉਂਦੇ ਹਨ। ਭਾਈ ਰਣਬੀਰ ਸਿੰਘ ਜੀ ਗਰੇਵਾਲ ਨੇ ਵੀ ਉਚੇਚੀ ਸੇਵਾ ਕੀਤੀ।(ਜੋ ਹੁਣ ਵੀ ਆਪਣੇ ਨਗਰ ਨਾਰੰਗਵਾਲ ਜਥਾ ਲਿਜਾ ਕੇ ਸਾਰਾ ਹੀ ਪਰਵਾਰ ਸ਼ਰਧਾ ਭਾਵਨਾ ਨਾਲ ਸੇਵਾ ਕਰਦੇ ਹਨ)।

ਓਥੋਂ ਜਥੇ ਨੇ ਸ੍ਰੀ ਮੁਕਤਸਰ, ਟੁੱਟੀ ਗੰਢੀ ਸਾਹਿਬ ਦੇ ਪ੍ਰਬੰਧਕਾਂ, ਗਿਆਨੀ ਜਗਦੀਸ਼ ਸਿੰਘ ਜੀ ਤੇ ਸਾਰੇ ਸ਼ਹਿਰ ਦੀਆਂ ਸੰਗਤਾਂ ਦੇ ਉੱਦਮ ਨਾਲ ਪਹੁੰਚ ਕੇ ਭਾਰੀ ਕੀਰਤਨ, ਕਥਾ ਤੇ ਸਿਮਰਨ ਭਜਨ ਦਾ ਆਨੰਦ ਮਾਣਿਆ ਤੇ ਭਾਰੀ ਅੰਮ੍ਰਿਤ ਸੰਚਾਰ ਹੋਇਆ। ਨੇੜੇ ਪਿੰਡ ਕਬਰ ਵਾਲਾ (ਸਦਰ ਵਾਲਾ) ਲੱਧੂ ਵਾਲਾ ਆਦਿ ਦੀਆਂ ਸੰਗਤਾਂ ਨੇ ਬਹੁਤ ਸੇਵਾ ਕੀਤੀ ਤੇ ਹੁਣ ਵੀ ਜਥਾ ਹਰ ਸਾਲ ਇਥੇ ਜਾਂਦਾ ਹੈ। ਸ੍ਰੀ ਮੁਕਤਸਰ ਸਾਹਿਬ ਦੇ ਚੁਫੇਰੇ ਦੇ ਨਗਰਾਂ ਦੀਆਂ ਸੰਗਤਾਂ ਵਧ ਚੜ੍ਹ ਕੇ ਸੇਵਾ ਕਰਦੀਆਂ ਤੇ ਕਥਾ ਕੀਰਤਨ ਦਾ ਆਨੰਦ ਮਾਣਦੀਆਂ ਹਨ। ਸੰਨ ੧੯੭੧ ਈ: ਦੇ ਜੰਗ ਦੇ ਦਿਨਾਂ ਵਿਚ ਪਿੰਡ ਕਬਰ ਵਾਲਾ (ਸਦਰ ਵਾਲਾ) ਦੀ ਸੰਗਤ ਨੇ ਜੋ ਸੇਵਾ ਕੀਤੀ ਸੀ, ਉਹ ਕਦੇ ਭੁੱਲਣ ਵਾਲੀ ਨਹੀਂ।

ਫੇਰ ਜਥਾ ਪਿੰਡ ਦਉਧਰ ਭਾਈ ਜਗੀਰ ਸਿੰਘ ਜੀ, ਭਾਈ ਕਪੂਰ ਸਿੰਘ ਜੀ, ਭਾਈ ਹਰਦੇਵ ਸਿੰਘ ਜੀ ਆਦਿ ਦੇ ਉੱਦਮ ਨਾਲ ਰਿਹਾ। ਉਥੇ ਕਥਾ ਕੀਰਤਨ ਦਾ ਬਹੁਤ ਪ੍ਰਵਾਹ ਚੱਲਿਆ। ਸਮੂਹ ਸੰਗਤਾਂ ਸੇਵਾ ਕਰਕੇ ਨਿਹਾਲ ਹੋਈਆਂ। ਉਥੋਂ ਢੁੱਡੀਕੇ ਤੇ ਫਿਰ ਸ੍ਰੀ ਮਾਨ ਗਿਆਨੀ ਵੀਰ ਸਿੰਘ ਜੀ ਮਹੰਤ ਗੁਰਦੁਆਰਾ ਗੁਰੂਸਰ ਵਾਲੇ (ਜੋ ਜਥੇ ਵਿਚ ਪੜ੍ਹੇ ਹਨ,ਮਹਾਨ ਵਿਦਵਾਨ ਹਨ) ਉਹ ਜਥੇ ਨੂੰ ਲੈ ਗਏ। ਭਾਈ ਰਤਨ ਸਿੰਘ ਜੀ ਆਦਿਕ ਨਗਰ ਵਾਲਿਆਂ ਨੇ ਭਾਰੀ ਸੇਵਾ ਕੀਤੀ। ਉਥੋਂ ਧਰਮਕੋਟ ਭਾਈ ਗੁਰਦੀਪ ਸਿੰਘ ਜੀ ਤੇ ਜਥੇ ਵਿਚ ਰਹਿਣ ਵਾਲੇ ਭਾਈ ਕਿਸ਼ਨ ਸਿੰਘ ਜੀ, ਭਾਈ ਧਾਰਾ ਸਿੰਘ ਜੀ, ਭਾਈ ਸਰਵਣ ਸਿੰਘ ਜੀ ਦੀ ਪ੍ਰੇਰਨਾ ਨਾਲ ਪਹੁੰਚੇ। ਗੁਰਮਤਿ ਦਾ ਭਾਰੀ ਪ੍ਰਚਾਰ ਕੀਤਾ। ਇਥੇ ਤੇ ਨੇੜੇ ਦੇ ਨਗਰਾਂ ਜਲਾਲਾਬਾਦ, ਕਿਸ਼ਨਪੁਰੇ ਤੇ ਦਾਨੂਵਾਲ ਦੀ ਸੰਗਤ ਨੇ ਬਹੁਤ ਸੇਵਾ ਕੀਤੀ ਤੇ ਬੜਾ ਆਨੰਦ ਮਾਣਿਆ। (ਹੁਣ ਵੀ ਇਹਨਾਂ ਨਗਰਾਂ ਵਿਚ ਜਥਾ ਚੜ੍ਹਦੀ ਕਲਾ ਵਿਚ ਪ੍ਰਚਾਰ ਕਰਦਾ ਹੈ)।

ਸੱਚਖੰਡ ਵਾਸੀ ਸਾਸਾ ਖੜਕ ਸਿੰਘ ਜੀ ਦੇ ਡੇਰੇ (ਨੇੜੇ ਚੌਕ ਬਾਬਾ ਸਾਹਿਬ) ਦੇ ਮਹੰਤ ਸ੍ਰੀ ਮਾਨ ਗੁਰਬਚਨ ਸਿੰਘ ਜੀ ਤਿੰਨਾਂ ਨੇ ਦਾਸ ਨੂੰ ਸਿਰੋਪਾਉ ਬਖਸ਼ੇ ਸਨ। ਜਦੋਂ ਵੀ ਸ੍ਰੀ ਅੰਮ੍ਰਿਤਸਰ ਜਥਾ ਜਾਂਦਾ ਤਾਂ ਬਹੁਤਾ ਬਾਬਾ ਖੜਕ ਸਿੰਘ ਜੀ ਦੇ ਡੇਰੇ ਹੀ 'ਖਾਲਸਾ' ਜੀ ਦਾ ਉਤਾਰਾ ਹੁੰਦਾ।

ਉਥੋਂ ਗੁਰਦੁਆਰਾ ਮਿੱਠਾ ਟਿਵਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਮਹੰਤ ਤਾਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਪਹੁੰਚੇ। ਹਰ ਸਾਲ ਜਥਾ ਹੁਣ ਵੀ ਜਾਂਦਾ ਹੈ। ਬਾਬਾ ਤਾਰਾ ਸਿੰਘ ਜੀ ਚੱਕੋਵਾਲ ਜੋ 'ਖਾਲਸਾ' ਜੀ ਦੇ ਪੁਰਾਣੇ ਤੇ ਦਿਲੀ ਮਿਲਾਪੀ ਸਨ–ਨੇ ਆਪਣੇ ਨਗਰ ਲਿਜਾ ਕੇ ਪਰਿਵਾਰ ਸਮੇਤ ਬਹੁਤ ਭਾਰੀ ਸੇਵਾ ਕੀਤੀ ਤੇ ਹੁਣ ਵੀ ਹਰ ਸਾਲ ਜਥੇ ਨੂੰ ਲਿਜਾ ਕੇ ਸੇਵਾ ਕਰਦੇ ਹਨ। ਸੰਤ ਪ੍ਰੀਤਮ ਸਿੰਘ ਜੀ ਤੀਕਰੀਵਾਲ, ਵੀ ਗਏ।

ਉਥੇ ਹੀ ਗਿਆਨੀ ਗੁਰਦੀਪ ਸਿੰਘ ਜੀ ਪਿੰਡ ਸਲਾਲੇ ਵਾਲੇ ਪੁੱਜੇ। ਇਹ ਵੀ ਜ਼ਿਲਾ ਲਾਇਲਪੁਰ ਦੇ ਪੁਰਾਣੇ ਦਿਲੀ-ਮਿਲਣਸਾਰੀ ਹਨ। (ਜੋ ਹੁਣ ਆਪਣੇ ਨਗਰ ਸਲਾਲੇ ਵਿਚ ਹਰ ਸਾਲ ਪਹਿਲੀ ਤੋਂ ਅੱਠ ਪੋਹ ਤੱਕ ਜਥੇ ਦਾ ਪ੍ਰੋਗਰਾਮ ਰੱਖ ਕੇ ਭਾਰੀ ਪ੍ਰਚਾਰ ਚਲਾਉਂਦੇ ਹਨ। ਆਸ ਪਾਸ ਤੋਂ ਹਰ ਰੋਜ਼ ਇਲਾਕੇ ਦੀਆਂ ਸੰਗਤਾਂ ਜੁੜ ਕੇ ਕਥਾ ਕੀਰਤਨ ਦਾ ਅਨੰਦ ਮਾਣਦੀਆਂ ਹਨ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਮਨਾਉਂਦੀਆਂ ਤੇ ਆਪਣਾ ਜੀਵਨ ਸਫਲ ਕਰਦੀਆਂ ਹਨ)।

ਡਿੰਡਰੀਂ ਜੋੜ ਮੇਲੇ ਤੋਂ ਮਗਰੋਂ ਅੱਸੂ ਵਿਚ ਸ੍ਰੀ ਗੰਗਾ ਨਗਰ ਪਹੁੰਚੇ ਜਿੱਥੇ (ਸੱਚਖੰਡ ਵਾਸੀ) ਸ: ਜਵਾਹਰ ਸਿੰਘ ਪਿਆਰ ਸਿੰਘ ਜੀ ਲਾਇਲਪੁਰੀ ਸਮੇਤ ਪਰਿਵਾਰ ਦੇ ਆਪਣੇ ਬਾਗ ਵਿਚ ਬਹੁਤ ਸਮਾਂ ਜਥੇ ਸੰਗਤ ਨੂੰ ਰੱਖ ਕੇ ਭਾਰੀ ਸੇਵਾ ਕਰਦੇ ਤੇ ਹੁਣ ਵੀ ਹਰ ਸਾਲ ਸਾਰੀ ਸੰਗਤ ਨਾਲ ਜੁੜ ਮਿਲ ਕੇ ਬਹੁਤ ਸੇਵਾ ਕਰਦੇ ਤੇ ਪ੍ਰਚਾਰ ਕਰਾਉਂਦੇ ਹਨ। ਸੁਦਾਰ ਮੱਖਣ ਸਿੰਘ ਠੇਕੇਦਾਰ, ਨਾਮਰਸੀਏ ਮਹਾਨ ਅਭਿਆਸੀ ਸਾਧਨ ਸਪੰਨ ਡਾਕਟਰ ਅਰਜਨ ਸਿੰਘ ਜੀ, ਸ੍ਰੀਮਾਨ ਗਿ: ਆਤਮਾ ਸਿੰਘ ਜੀ ਚੱਕ ੫–ਏ ਵਾਲੇ, ਚੱਕ ੫–ਜ਼ੈਡ ਵਾਲੇ ਸਾਰੇ ਪ੍ਰੇਮੀ, ਮਾਈ ਸਵਰਨ ਕੌਰ, ਸਰਦਾਰ ਰਸਬੇਗ ਸਿੰਘ, ਸਰਦਾਰ ਅਮੋਲਕ ਸਿੰਘ ਜੀ, ਟਹਿਲ ਸਿੰਘ ਜੀ, ਭਾਈ ਫਕੀਰ ਸਿੰਘ ਜੀ ਸਾਰੇ ਗੁਰਦੁਆਰਿਆਂ ਦੇ ਪ੍ਰਧਾਨ, ਸੇਵਾਦਾਰਾਂ ਤੇ ਸਮੁੱਚੀ ਸੰਗਤ ਨੇ ਲੰਗਰ ਤੇ ਬਸਤਰਾਂ ਆਦਿਕ ਦੀ ਭਾਰੀ ਸੇਵਾ ਕੀਤੀ ਤੇ ਹੁਣ ਵੀ ਕਰਦੇ ਹਨ। ਇਥੇ ਹੀ (ਗੁਰਪੁਰ ਵਾਸੀ) ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸਰਦਾਰ ਜਵਾਹਰ ਸਿੰਘ

ਜਥੇ ਦਾ ਪ੍ਰੋਗਰਾਮ

ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਯਾਤਰਾ ਲਈ ਪਹੁੰਚੇ, ਬੜੇ ਅਨੰਦ ਮਾਣੇ। ਇਕ ਸੌ ਇਕ ਸ੍ਰੀ ਅਖੰਡਪਾਠ ਕਰਵਾਉਣ ਵਾਸਤੇ ਸ੍ਰੀ ਮਾਨ ੧੦੮ ਸੇਵਾ ਦੇ ਪੁੰਜ ਸੰਤ ਬਾਬਾ ਹਰਨਾਮ ਸਿੰਘ ਜੀ ਲੰਗਰ ਸਾਹਿਬ ਵਾਲਿਆਂ ਨੂੰ ਮਾਇਆ ਦੇ ਕੇ ਬੰਨਤੀ ਕੀਤੀ ਜੋ ਉਹਨਾਂ ਨੇ ਕਰਵਾਏ। ਉਥੋਂ ਸ੍ਰੀ ਪੰਜੋਖਰਾ ਸਾਹਿਬ ਪੁੱਜੇ ਜਿੱਥੇ ਅੱਠਵੇਂ ਪਾਤਸ਼ਾਹ ਜੀ ਨੇ ਗੁੰਗੇ ਤੋਂ ਗੀਤਾ ਦੇ ਅਰਥ ਕਰਵਾਏ। ਇਥੇ ਤਕਰੀਬਨ ੩੦ ਸਾਲਾਂ ਤੋਂ ਜਥਾ ਜਾਂਦਾ ਹੈ ਤੇ ਹੁਣ ਵੀ ਜਾ ਰਿਹਾ ਹੈ। (ਗੁਰਪੁਰ ਵਾਸੀ) ਬਾਬਾ ਮੇਹਰ ਸਿੰਘ ਜੀ,ਮਾਤਾ ਚਤਰਕੌਰ ਜੀ, ਪੁਰਾਣੇ ਪਿਲਾਮੀ ਸ: ਪ੍ਰੀਤਮ ਸਿੰਘ, ਜਥੇਦਾਰ ਗੁਰਦਿਆਲ ਸਿੰਘ ਜੀ, ਪ੍ਰਤਾਪ ਸਿੰਘ ਜੀ ਖਜ਼ਾਨਚੀ ਤੇ ਹੋਰ ਸਭ ਨਗਰ ਦੀ ਸੰਗਤ ਨੇ ਬਹੁਤ ਸੇਵਾ ਕੀਤੀ ਤੇ ਹੁਣ ਵੀ ਕਰਦੇ ਹਨ। ਉਥੋਂ ਨਾਭਾ ਸਾਹਿਬ ਪਹੁੰਚ ਗਏ। (ਜੋ ਕਿ ਚੰਡੀਗੜ੍ਹ ਪਾਸ ਹੈ, ਜਿੱਥੇ ਨੌਵੇਂ ਪਾਤਸ਼ਾਹ ਜੀ ਦਾ ਪਵਿੱਤਰ ਸੀਸ ਭਾਈ ਜੈਤਾ ਜੀ ਲੈ ਕੇ ਆਏ, ਕੁਝ ਸਮਾਂ ਟਿਕੇ ਤੇ ਦਸਮ ਪਾਤਸ਼ਾਹ ਜੀ ਨੇ ਦਰਗਾਹੀ ਸ਼ਾਹ ਫਕੀਰ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ।) ਉਥੇ ਸਤਿਕਾਰ ਯੋਗ ਬਿਰਧ ਮਾਤਾ ਹਰਬੰਸ ਕੌਰ ਜੀ ਦੇ ਉੱਦਮ ਨਾਲ ਡੇਢ ਮਹੀਨਾ ਰਹਿ ਕੇ ੧੦੧ ਸ੍ਰੀ ਅਖੰਡ ਪਾਠ ਕੀਤੇ, ਕਥਾ ਕੀਰਤਨ ਦਾ ਪ੍ਰਵਾਹ ਚਲਾਇਆ। ਇਥੇ ਪੰਜ ਵਾਰ ਲਗਾਤਾਰ ਹਰ ਸਾਲ ੧੦੧ ਸ੍ਰੀ ਅਖੰਡ ਪਾਠ ਹੁੰਦੇ ਰਹੇ। ਹੁਣ ਵੀ ਹਰ ਸਾਲ ਉਸੇ ਤਰ੍ਹਾਂ ਜਥਾ ਉਸ ਬਿਰਧ ਮਾਤਾ ਜੀ ਦੇ ਉੱਦਮ ਨਾਲ ਅਖੰਡ ਪਾਠ, ਕਥਾ ਤੇ ਕੀਰਤਨ ਦਾ ਪਰਵਾਹ ਚਲਾਉਂਦਾ ਹੈ।

ਓਥੋਂ ਅੱਗੇ ਗਣੇਸ਼ਪੁਰ ਭਾਰਟੇ ਪਹੁੰਚੇ ਜਿੱਥੇ ਕਿ ਭਾਈ ਪ੍ਰੀਤਮ ਸਿੰਘ ਜੀ ਨੇ ਜਥੇ ਵਾਸਤੇ ਉਚੇਚੇ ਅੰਬਾਂ ਦੇ ਬਾਗ ਖਰੀਦ ਕੇ ਸੇਵਾ ਕੀਤੀ ਤੇ ਹੁਣ ਵੀ ਕਰਦੇ ਹਨ। ਜਿਹਨਾਂ ਦੇ ਭਾਈ 'ਧਾਧਾ ਲੱਪੋ ਜੀ' (ਬਲਵੰਤ ਸਿੰਘ) ਜੋ ਜਥੇ ਵਿਚ 'ਖਾਲਸਾ' ਜੀ ਤੋਂ ਪੜ੍ਹੇ, ਅਫਰੀਕਾ ਵਿਚ ਗ੍ਰੰਥੀ ਸਿੰਘ ਦੀ ਸੇਵਾ ਕਰ ਰਹੇ ਹਨ। (ਏਥੇ ਸੰਨ ੧੯੭੫ ਈ: ਵਿਚ ੧੦੧ ਸ੍ਰੀ ਅਖੰਡ ਪਾਠ 'ਖਾਲਸਾ' ਜੀ ਦੇ ਆਪਣੇ ਜਥੇ ਵਲੋਂ ਕੀਤੇ ਗਏ ਹਨ।)

ਫਿਰ ਜਦੋਂ ਜਥਾ ਮਾਹਲਪੁਰ ਵਿਖੇ ਗਿਆ ਤਾਂ ਉਸੇ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ (ਹੈੱਡ) ਗ੍ਰੰਥੀ ਸ੍ਰੀ ਦਰਬਾਰ ਸਾਹਿਬ ਆਪਣੇ ਵਲੋਂ (ਗੁਰਪੁਰ ਵਾਸੀ) ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਜੀ ਬਰਾੜ ਤੇ

੨੯. ਆਸਾ ਰੂਪ ਨਦੀ ਦਾ ਅਲੰਕਾਰ

ਇਕ ਪੁਰਸ਼ ਕੋਲ ਮਣੀ ਸੀ ਉਹ ਨਦੀ ਤੇ ਪਾਣੀ ਪੀਣ ਲੱਗਾ ਤੇ ਜੇਬ ਵਿਚੋਂ ਮਣੀ ਡਿੱਗ ਪਈ। ਕੋਸ਼ਿਸ਼ ਕਰਨ ਤੇ ਵੀ ਨਾ ਲੱਭੀ ਤਾਂ ਉਹ ਬੜਾ ਦੁੱਖੀ ਹੋਇਆ। ਇਕ ਸਿਆਣੇ ਪੁਰਸ਼ ਨੇ ਲੱਭ ਕੇ ਦੇ ਦਿੱਤੀ ਪਰ ਉਹ ਪੁਰਸ਼ ਆਖਣ ਲੱਗਾ ਕਿ ਇਹ ਮੇਰੀ ਨਹੀਂ ਉਹ ਤਾਂ ਚਮਕਦੀ ਤੇ ਲਿਸ਼ਕਦੀ ਸੀ। ਸਿਆਣੇ ਪੁਰਸ਼ ਨੇ ਕਿਹਾ ਕਿ ਪੱਥਰ ਨਾਲ ਘਸਾ। ਜਦ ਪੱਥਰ ਨਾਲ ਘਸਾਈ ਤਾਂ ਥੋੜੀ ਜਿਹੀ ਚਮਕੀ, ਹੋਰ ਘਸਾਉਣ ਤੇ ਹੌਲੀ ਹੌਲੀ ਸਾਰੀ ਚਮਕ ਪਈ ਕਿਉਂਕਿ ਘਸਾਉਣ ਨਾਲ ਉਸ ਉਤੋਂ ਸਾਰੀ ਮੈਲ ਤੇ ਜਾਲਾ ਉਤਰ ਗਿਆ।

ਏਸੇ ਪ੍ਰਕਾਰ ਸੰਸਾਰ ਵਿਚ ਆਸਾ ਰੂਪ ਨਦੀ ਹੈ ਇਸਦੇ ਸ਼ੁਭ ਤੇ ਅਸ਼ੁਭ ਦੋ ਕਿਨਾਰੇ ਹਨ, ਮਨ ਦੇ ਮਨੋਰਥ ਵਾ ਪਦਾਰਥਾਂ ਰੂਪ ਪਾਣੀ ਹੈ, ਭਰਮ ਰੂਪ ਡੂੰਘੀਆਂ ਘੁੰਮਣ ਘੇਰੀਆਂ ਹਨ। ਰਾਗ ਦ੍ਵੇਖ ਜਲ ਜੰਤੂ ਹਨ। ਉਸ ਵਿਚ ਮਨ ਰੂਪ ਮਣੀ ਰਿਦੇ ਰੂਪ ਜੇਬ ਵਿਚੋਂ ਡਿੱਗ ਪਈ।

'ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ
ਕਾਲਾ ਹੋਆ ਸਿਆਹੁ ॥' (੬੫੧)

ਵਾਸ਼ਨਾ ਰੂਪ ਮੈਲ ਹੈ, ਜਦੋਂ ਸਤਿਗੁਰੂ ਜੀ ਮਿਲੇ ਤਾਂ ਨਾਮ ਰੂਪ ਪਹਾੜ ਨਾਲ ਅਭਿਆਸ ਕਰਨ ਰੂਪ ਘਸਾ ਕੇ ਵਿਸ਼ੇ ਵਾਸ਼ਨਾਂ ਵਾ ਪਾਪਾਂ ਦੀ ਮੈਲ ਲਾਹ ਕੇ ਅੰਦਰੋਂ ਹੀ ਜੋਤੀ ਸਰੂਪ ਬ੍ਰਹਮ ਪ੍ਰਗਟ ਕਰ ਦਿੱਤਾ।

ਯਥਾ–'ਹਿਰਦੈ ਕਮਲ ਮਹਿ ਹਰਿ ਕਾ ਬਾਸ ॥' (੩੪੪)

੩੦. ਤਲਵਾਰ ਦਾ ਅਲੰਕਾਰ

ਭਗਤੀ ਰੂਪ ਤਲਵਾਰ ਹੈ, ਵਾਹਿਗੁਰੂ ਦੇ ਹੁਕਮ ਰੂਪੀ ਗਿਆਨ ਵਿਚ ਰੱਖੀ ਹੈ। ਗਿਆਨ ਰੂਪੀ ਸਾਨ ਤੇ ਤਿੱਖੀ ਕੀਤੀ ਹੈ। ਪ੍ਰੇਮ ਰੂਪ ਮੁੱਠੇ ਨਾਲ ਜੜੀ ਹੈ। ਚਿਤ੍ਰ ਵੈਰਾਗ ਰੂਪ ਇਸਦਾ ਅਕਾਰ ਘੜਿਆ ਹੈ। ਜੋ ਵੀ ਸੂਰਮਾ ਇਸਦੇ ਸਾਹਮਣੇ ਆਵੇਗਾ ਉਸਦਾ ਅਗਿਆਨ ਰੂਪੀ ਅੰਗ ਕੱਟਿਆ ਜਾਵੇਗਾ। ਬਾਹਰਲੇ ਸੂਰਮੇ ਤਾਈਂ ਤਾਂ ਸਵਰਗ ਦਾ ਸੁਖ ਮਿਲਦਾ ਹੈ, ਪਰ ਇਸ ਸੂਰਮੇ ਤਾਈਂ ਸਰੂਪ ਦੀ ਲਖਤਾ ਹੋ ਜਾਂਦੀ ਹੈ। ਜੈਸੇ ਬਾਹਰ ਪ੍ਰਾਣੀ ਜਮਾਂ ਤੋਂ ਭੈ ਖਾਂਦੇ ਹਨ ਤੈਸੇ ਹੀ ਵਿਕਾਰੀ ਪੁਰਖ ਇਸ ਤਲਵਾਰ ਤੋਂ ਭੈ ਕਰਦੇ ਹਨ। ਬੇਮੁਖ ਹੋ ਗਏ ਧੀਰਜ ਨਹੀਂ ਧਾਰਦੇ। ਉਨ੍ਹਾਂ ਦੇ ਲੋਕ ਪਰਲੋਕ ਵਿਗੜ ਗਏ ਮਨੁੱਖਾ ਜਨਮ ਰੂਪ ਰਣ-ਭੂਮਿ 'ਚੋਂ ਪਿੱਛੇ ਨੂੰ ਜੋ ਹਟੇ।

ਉਹ ਜਨਮ ਮਰਨ ਵਿਚ ਨਹੀਂ ਆਉਂਦਾ । ਸਤਿਗੁਰੂ ਜੀ ਪ੍ਰਮੇਸ਼ਰ ਦੇ ਸਰੂਪ ਸਾਧ ਸੰਗਤ ਵਿਚ ਵੱਸਣ ਦੀ ਜਾਚ ਦੱਸਦੇ ਹਨ । ਭਗਤੀ ਰੂਪ ਨਦੀਆਂ ਹੈ, ਜੋ ਵੱਖ ਵੱਖ ਇਲਾਕਿਆਂ ਵਿਚ ਵਗਦੀ ਰਹਿੰਦੀ ਹੈ । ਜਿਸ ਇਲਾਕੇ ਵਿਚ ਵਗੇ ਓਥੋਂ ਦੇ ਲੋਕ ਪਾਣੀ ਤੋਂ ਲਾਭ ਪ੍ਰਾਪਤ ਕਰਦੇ ਹਨ । ਪਰ ਸਤਿਗੁਰੂ ਜੀ ਨੇ ਤਾਂ ਭਗਤੀ ਰੂਪ ਨਦੀ ਨੂੰ ਸਾਰੇ ਇਲਾਕਿਆਂ ਹਿੰਦੁਸਤਾਨ ਵਿਚ, ਸੱਤ ਦੀਪਾਂ ਵਿਚ, ਲੱਖਾਂ ਪਤਾਲਾਂ, ਅਕਾਸ਼ਾਂ ਦੀ ਸੰਗਤ ਨੂੰ ਦਰਸ਼ਨ ਦਿਖਾਏ ਅਤੇ ਹਰ ਥਾਂ ਚਲਾ ਦਿੱਤੀ । ਇਸ ਨਦੀ ਦੇ ਵਗਣ ਵਾਲਾ ਨੀਵਾਂ ਥਾਂ ਨਿੰਮ੍ਰਤਾ ਵਾਲਾ ਮਨ ਹੈ । ਭਾਵ ਇਹ ਹੈ ਕਿ ਨੀਵੇਂ ਮਨ ਵਿਚ ਭਗਤੀ ਪ੍ਰਵੇਸ਼ ਹੁੰਦੀ ਹੈ । ਸਤਿਗੁਰੂ ਜੀ ਦਾ ਕੀਰਤਨ ਅੰਮ੍ਰਿਤ ਜਲ ਹੈ । ਨਾਮ ਦੀ ਮਹਿਮਾਂ ਜਲ ਦੀਆਂ ਲਹਿਰਾਂ ਹਨ, ਜੋ ਸਤਿ ਸੰਗਤ ਰੂਪ ਸੋਮੇਂ ਵਿਚੋਂ ਇਹ ਨਦੀ ਨਿਕਲਦੀ ਹੈ ਭਰਮ ਅਤੇ ਅਗਿਆਨ ਰੂਪ ਦੋਹਾਂ ਕਿਨਾਰਿਆਂ ਨੂੰ ਢਾਹੁਣ ਨੂੰ ਸਮਰਥ ਹੈ । ਪਾਪਾਂ ਰੂਪ ਬ੍ਰਿਛਾਂ ਨੂੰ ਜੜੋਂ ਪੁੱਟ ਦਿੰਦੀ ਹੈ ਅਰਥਾਤ ਪਾਪਾਂ ਦੀਆਂ ਵਾਸ਼ਨਾਂ ਦੂਰ ਕਰ ਦਿੰਦੀ ਹੈ । ਸਤਿਗੁਰੂ ਜੀ ਦੇ ਸਿੱਖ ਜਲ ਦੇ ਜੀਵਾਂ ਵਾਂਗ ਆਪਣਾ ਜੀਵਨ ਸਮਝਦੇ ਹਨ ਭਾਵ ਭਗਤੀ ਆਸਰੇ ਹੀ ਸਦਾ ਰਹਿੰਦੇ ਹਨ ।

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਣੀ ਸੁਜਸੁ ਪੂਰਿ ਰਾਖਉ ॥
ਮਨੁ ਸੁਮਧੁ ਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥ ੧ ॥
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ (੬੯੪)

ਇਸ ਨਦੀ ਦਾ ਪ੍ਰੇਮ ਨਾਲ ਸਵਾਸ ਸਵਾਸ ਸਿਮਰਨ ਹੀ ਪ੍ਰਵਾਹ ਹੈ । ਮਾਇਆ ਦੀ ਇੱਛਾ ਰੂਪ ਜਾਲੇ ਤੋਂ ਰਹਿਤ ਹੈ । ਸਤਿਗੁਰਾਂ ਦੇ ਚਰਨ ਕੰਵਲਾਂ ਦਾ ਜੋ ਧਿਆਨ ਧਰਨਾ ਹੈ ਉਹ ਇਸ ਨਦੀ ਵਿਚ ਠੰਢ ਹੈ । ਇਹ ਭਗਤੀ ਰੂਪ ਨਦੀ ਵਾਹਿਗੁਰੂ ਰੂਪ ਸਮੁੰਦਰ ਵਿਚ ਸਮਾਉਂਦੀ ਹੈ । ਵਾਹਿਗੁਰੂ ਦੇ ਭਗਤ ਜਨ ਇਸ ਪ੍ਰੇਮਾ ਭਗਤੀ ਦੇ ਪ੍ਰਵਾਹ ਵਿਚ ਪੈ ਕੇ ਵਾਹਿਗੁਰੂ ਵਿਚ ਅਭੇਦ ਹੋ ਕੇ ਆਵਾਗਉਨ ਤੋਂ ਮੁਕਤ ਹ�و ਜਾਂਦੇ ਹਨ । ਜੋ ਉਸ ਨਦੀ ਤੇ ਪੁੱਜੇ ਹਨ ਉਹਨਾਂ ਨੂੰ ਮੌਤ ਰੂਪੀ ਧੁੱਪ ਦੀ ਤਪਸ਼ ਦਾ ਡਰ ਨਹੀਂ ਹੈ । ਉਹ ਸਭ ਥਾਂ ਪ੍ਰਮੇਸ਼ਰ ਦੀ ਜੋਤ ਵੇਖਦੇ ਹਨ ।

ਯਥਾ-'ਇਸੁ ਭਗਤੀ ਕਾ ਕੋਈ ਜਾਣੈ ਭੇਉ ॥
ਸਭੁ ਮੇਰਾ ਪ੍ਰਭੁ ਆਤਮ ਦੇਉ ॥' (੧੧੭੩)

ਪਰਾਏ ਦੇ ਗੁਣ, ਪਰਾਇਆ ਧਨ, ਦੂਜੇ ਦੀ ਉਸਤਤ ਨਾ ਸਹਾਰਨੀ ਇਹ ਸੁਮਾਰ ਚੜ੍ਹਿਆ ਹੈ। ਸਭ ਨਾਲ ਮਿੱਤ੍ਰਤਾ ਕਰਨੀ ਇਹ ਚੁਆਈ ਹੈ। ਆਪ ਦੇ ਗੁਣ, ਆਪ ਦਾ ਧਨ, ਆਪ ਦੇ ਜਸ ਦਾ ਵਿਸਥਾਰ ਤੇ ਮਾਣ ਕਰਨਾ ਇਹ ਅਜੀਰਣ ਦਾ ਰੋਗ ਹੈ। ਸਭ ਪਦਾਰਥ ਵਡਿਆਈ ਵਾਹਿਗੁਰੂ ਦੀ ਬਖ਼ਸ਼ਿਸ਼ ਜਾਣਕੇ ਰਿਦੇ ਅੰਦਰ ਗਰੀਬੀ ਧਾਰਨ ਰੂਪ ਚੂਰਨ ਖਾਵੇ ਤਾਂ ਇਹ ਰੋਗ ਮਿਟਦਾ ਹੈ। ਹਰੀ ਦੇ ਸਿਮਰਨ ਵਿਚ ਰੁਚੀ ਸਹਿਤ ਲਿਵ ਲੱਗਣੀ ਭੁੱਖ ਲੱਗਣੀ ਹੈ। ਵਿਸ਼ਿਆ ਦੀ ਵਾਸ਼ਨਾ ਤੇ ਤ੍ਰਿਸ਼ਨਾ ਇਹ ਖਾਸੀ ਹੈ, ਸਦਾ ਵਧਦੀ ਜਾਂਦੀ ਹੈ ਘਟਦੀ ਨਹੀਂ। ਸਭ ਪਦਾਰਥਾਂ ਨੂੰ ਮਿਥਿਆ ਜਾਨਣ ਰੂਪ ਚਟਣੀ ਖਾਵੇ। ਕਾਮ, ਕ੍ਰੋਧ, ਮੋਹ, ਤ੍ਰਿਦੋਖ ਹੈ ਭਾਵ ਵਾਏ, ਪਿਤ, ਕਫ ਜਿਸ ਨੇ ਸਭ ਜੀਵਾਂ ਦੀ ਬੁੱਧੀ ਸੁਕਾ ਦਿੱਤੀ ਹੈ। ਗੁਰਾਂ ਦੇ ਬਚਨ ਤਾਂਬੇ ਦੀ ਪੁੜੀ ਹਨ ਜੋ ਇਸ ਦਾ ਸੇਵਨ ਕਰਦਾ ਹੈ ਕਾਵ ਧਾਰਨ ਕਰਦਾ ਹੈ ਉਸ ਦਾ ਇਹ ਰੋਗ ਮਿਟ ਜਾਂਦਾ ਹੈ। ਜੋ ਪਰਾਈ ਨਿੰਦਾ ਹੈ ਇਹ ਉਲਟੀ ਔਣੀ ਹੈ (ਸ਼ੇਰ ਬੁੱਕਣਾ ਹੈ)। ਸੋ ਆਪਣੇ ਆਪ ਨੂੰ ਮੰਦਾ ਜਾਣੋ।

'ਸਭ ਤੇ ਜਾਣੈ ਆਪਸ ਕਉ ਮੰਦਾ ॥' (੨੭੪)

ਤਾਂ ਇਹ ਬਿਮਾਰੀ ਹਟਦੀ ਹੈ। ਐਸੇ ਰੋਗਾਂ ਵਿਚ ਮਨ ਗ੍ਰਸਤ ਹੈ।

੨੮. ਭਗਤੀ ਰੂਪ ਨਦੀ ਦਾ ਅਲੰਕਾਰ

'ਮਰਣ ਜੀਵਣ ਕੀ ਚਿੰਤਾ ਗਈ
ਇਹੁ ਜੀਅੜਾ ਹਰਿ ਪ੍ਰਭ ਵਸਿ ॥' (੩੧੪)

ਇਹ ਜੀਵ ਜਦੋਂ ਪ੍ਰਮੇਸ਼ਰ ਦੇ ਸਰੂਪ ਵਿਚ ਮਿਲ ਜਾਂਦਾ ਹੈ :-

'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥' (੮੪੬)

ਤਦੋਂ ਜੰਮਣ ਮਰਣ ਦੀ ਚਿੰਤਾ ਮਿਟ ਜਾਂਦੀ ਹੈ ਭਾਵ ਚੌਰਾਸੀ ਦੇ ਗੇੜੇ ਤੋਂ ਛੁਟ ਜਾਂਦਾ ਹੈ। ਵਾ ਸਾਧ ਸੰਗਤ ਮਹਿਲ ਵਿਚ ਜੋ ਜੀਵ ਵਸਦਾ ਹੈ ਕੀਰਤਨ, ਕਥਾ, ਗੁਰਬਾਣੀ ਸੁਣਦਾ ਹੈ। ਮਨ ਨੂੰ ਇਕਾਗਰ ਕਰ ਕੇ ਪੱਖਾ ਫੇਰਨਾ, ਝਾੜੂ ਕਰਨਾ, ਦੀਵਾਨ ਦੀਆਂ ਦਰੀਆਂ ਝਾੜਨੀਆਂ, ਪਾਣੀ ਢੋਣਾ, ਲੰਗਰ ਦੇ ਜੂਠੇ ਬਰਤਨ ਮਾਂਜਣੇ ਆਦਿ ਸੇਵਾ ਕਰਨੀ ਹੈ, ਤੇ ਜੋ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਜਾਣਕੇ ਸਦਾ ਹੀ ਪਾਪਾਂ ਤੋਂ ਡਰਦਾ ਹੈ ਵਾ ਸੂਖਮ ਤੋਂ ਸੂਖਮ ਪਾਪ ਤੋਂ ਵੀ ਡਰਦਾ ਹੈ।

ਯਥਾ:-'ਨਰ ਅਚੇਤ ਪਾਪ ਤੇ ਡਰੁ ਰੇ ॥' (੨੨੦)

੨੬. ਰਮਾਇਣ ਦਾ ਅਲੰਕਾਰ

ਸਰੀਰ ਰੂਪੀ ਬ੍ਰਹਿਮੰਡ ਵਿਚ ਮੋਹ ਰੂਪੀ ਰਾਵਣ, ਹੰਕਾਰ ਰੂਪ ਕੁੰਭਕਰਣ, ਕਾਮ ਰੂਪ ਮੇਘਨਾਦ ਹੈ। ਕ੍ਰੋਧ ਰੂਪ ਰਾਵਣ ਦਾ ਪੁੱਤਰ ਦੇਵਾਂਤਕ ਤੇ ਗਰਬ ਨਿਰਾਂਤਕ ਹੈ। ਈਰਖਾ, ਅਸੱਤ, ਆਲਸ, ਵਿਖੇਪ, ਮਗਰੂਰੀ, ਮਹੋਦਰ ਤੇ ਅਕਾਏ ਹਨ। ਮੰਦ ਵਾਸ਼ਨਾਂ ਜਾਂ ਚੰਚਲਤਾ ਸਰੂਪਨਖਾ ਹੈ। ਈਰਖਾ, ਨਿੰਦਾ ਤੇ ਅਸਤਯਾ ਸਿਤ ਜਾਲੀਆਂ ਹਨ। ਜੀਵ ਬਕੀਖਣ ਹੈ। ਮਰੀਚ ਦੈਂਤ ਜੋ ਹਰਨ ਬਣਿਆ ਸੀ ਇਹ ਲੋਭ ਰੂਪ ਹੈ, ਅਧਰਮ ਪਾਪ ਖਰ ਦੂਖਣ ਆਦਿਕ ਦੈਂਤ ਹਨ। ਅਵਿੱਦਿਆ ਤੇ ਲਾਜ ਦੇ ਭਿਆਨਕ ਸਮੁੰਦਰ ਵਿਚ, ਰਾਗ ਤੇ ਦ੍ਵੇਖ ਜਲ ਜੰਤੂ ਹਨ। ਮਨ ਰੂਪੀ ਦਸਰਥ ਰਾਜਾ ਹੈ, ਸ਼ਾਂਤਕੀ ਬ੍ਰਿਤੀ ਕੁਸ਼ੱਲਿਆ, ਰਾਜਸੀ ਸੁਮਿੱਤਰਾ, ਤਾਮਸੀ ਕੁਕੇਈ ਹੈ। ਬਿਬੇਕ ਰੂਪ ਸ੍ਰੀ ਰਾਮ ਚੰਦਰ ਜੀ, ਵੈਰਾਗ ਲਛਮਣ ਜੀ, ਸੀਲ ਸੁਭਾ ਛਤਰੁਘਨ ਤੇ ਨਿਰਛਲ ਸੁਭਾ ਭਰਤ ਜੀ ਹਨ। ਨਿਸ਼ਕਾਮ ਕਰਮ ਰੂਪ ਜਨਕ ਰਾਜਾ, ਬ੍ਰਹਮ ਵਿਦਿਆ ਰੂਪ ਸੀਤਾ ਤੇ ਸੰਤਾਂ ਦਾ ਸੰਗ ਹਨੂੰਮਾਨ ਹੈ। ਧਰਮ ਸੁਗਰੀਵ, ਸਤ ਅੰਗਦ, ਸੰਤੋਖ ਜਾਮਾਮੰਤ, ਧੀਰਜ ਨੀਲ ਹੈ। ਜਪ ਤਪ ਸੰਜਮ ਸਰਵਣ ਮੰਨਣ ਨਿਧਿਆਸਣ, ਕੁਮਦ, ਮਸੰਕ, ਸਬਤ, ਜਾਫਾਖ ਕਪਿ, ਜੀਵ, ਸੰਜਾ, ਯਮ, ਨੇਮ, ਆਸਨ, ਪ੍ਰਾਣਾਯਾਮ, ਧਾਰਨਾ, ਧਿਆਨ, ਸਮਾਧੀ, ਇਹ ਬਿਬੇਕ ਰੂਪੀ ਸ੍ਰੀ ਰਾਮ ਚੰਦਰ ਜੀ ਦੀ ਫੌਜ ਹੈ। ਦੇਹ ਅਧਿਆਸ ਰੂਪ ਲੰਕਾ ਹੈ। ਕਾਮ ਰੂਪ ਮੇਘਨਾਦ ਵਲੋਂ ਮੋਹਨ, ਤਾਪਣ, ਵਸੀਕਰਣ, ਉਦਮਾਦਨ, ਉਦਚਾਟ ਆਦਿਕ ਤੀਰ ਛੁੱਟ ਰਹੇ ਹਨ। ਭ੍ਰਾਂਤੀ ਰੂਪ ਨਾਗਫਾਸ ਹੈ, ਵਿਚਾਰ ਰੂਪੀ ਗਰੜ ਹੈ। ਬਿਬੇਕ ਰੂਪੀ ਸ੍ਰੀ ਰਾਮ ਚੰਦਰ ਜੀ ਬਲੀ ਨੇ ਆਤਮ-ਚਿੰਤਨ ਰੂਪੀ ਤੀਰ ਜੁਗਤੀਆਂ ਰੂਪੀ ਕਮਾਨ ਵਿਚੋਂ ਚਲਾ ਚਲਾ ਕੇ ਦਸੋ ਦਿਸ਼ਾ ਰੂਪੀ ਦਸ ਸੀਸ ਵਾਲੇ ਮੋਹ ਰੂਪੀ ਰਾਵਣ ਨੂੰ ਮਾਰਨ ਕਰਕੇ ਉਹਨਾਂ ਦੀ ਦੋਹੀ ਫਿਰ ਰਹੀ ਹੈ। ਬ੍ਰਹਮ ਵਿਦਿਆ ਅਥਵਾ ਸ਼ਾਂਤੀ ਰੂਪੀ ਸੀਤਾ ਨੂੰ ਲੈ ਕੇ ਤੂਰੀਆਵਸਥਾ ਰੂਪ ਅਯੋਧਿਆ ਵਿਚ ਸਰੂਪ ਰੂਪੀ ਤਖਤ ਤੇ ਸਿਰਾਜਮਾਨ ਹੋਣਾ ਹੈ।

੨੭. ਰੋਗੁ ਦਾਰੂ ਦੋਵੈ ਬੁਝੈ ਤ ਵੈਦੁ ਸੁਜਾਣੁ ॥ (੧੪੮)

'ਮੇਰਾ ਬੈਦੁ ਗੁਰੁ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧ ਮੁਖਿ ਦੇਵੈ
ਕਾਟੈ ਜਮ ਕੀ ਫੰਧਾ ॥' (੬੧੮)

ਲਾਲ ਮਿਰਚ ਨਹੀਂ ਹੰਗਤਾ ਮੂਲ ਖਾਣੀ,
ਖੱਟਾ ਨਿੰਦਾ ਦੇ ਵੱਲੋਂ ਬਚਾ ਲੈਣਾ।
ਤੇਲ ਤਮ੍ਹਾਂ ਦਾ ਭੁੱਲ ਕੇ ਵਰਤਣਾ ਨਹੀਂ,
ਸੌਣਾ ਜਾਗਣਾ ਖ਼ੂਬ ਟਿਕਾ ਲੈਣਾ।
ਕਾਮਿ ਕ੍ਰੋਧ ਲੋਭ ਮੋਹ ਹੰਕਾਰ ਪੰਜੇ,
ਇਹਨਾਂ ਲੁਣਾਂ ਤੋਂ ਚਿੱਤ ਹਟਾ ਲੈਣਾ।
ਗੁਰ ਫੁਰਮਾਨ ਤੇ ਤਰਕ ਨਹੀਂ ਮੂਲ ਕਰਨੀ,
ਚਿੱਤ ਵਿਸ਼ਿਆਂ ਵੱਲੋਂ ਹਟਾ ਲੈਣਾ।
ਸੇਵਹੁ ਨਿੱਤ ਪਿਆਰੇ ਇਸ ਔਸ਼ਧੀ ਨੂੰ,
ਰੋਗ ਆਪ ਦਾ ਦੂਰ ਕਰਾ ਲੈਣਾ।
ਜਿੰਨੇ ਪਿਛੇ ਆਖੇ ਰੋਗ ਦੂਰ ਹੁੰਦੇ,
ਇਸ ਪੱਥ ਨੂੰ ਚਿੱਤ ਵਸਾ ਲੈਣਾ।
ਰੋਗ ਫੇਰ ਨਾ ਕੋਈ ਨਜ਼ੀਕ ਆਵੇ,
ਇਹ ਗੁਰਾਂ ਦਾ ਕਹਿਆ ਅਜ਼ਮਾ ਲੈਣਾ।

੨੫. ਗਿਆਨ-ਰੂਪੀ ਬ੍ਰਿਛ ਦਾ ਅਲੰਕਾਰ

ਨਿੰਮਰਤਾ ਸਹਿਤ ਮਨ ਧਰਤੀ ਦੀ ਨਿਆਈਂ ਹੈ। ਪ੍ਰੇਮ ਰੂਪੀ ਬੀਜ ਤੇ ਧਰਮ ਰੂਪ ਅੰਕੂਰ ਹੈ। ਜਿਹੜਾ ਨਿੱਤਨੇਮ ਹੈ ਇਹ ਵਧਣਾ ਹੈ। ਭਗਤੀ ਰੂਪ ਛਿੱਲ ਹੈ। ਦਇਆ ਮੁੱਢ ਹੈ, ਸਮਦ੍ਰਿਸ਼ਟੀ ਰੂਪ ਚਹੁੰ ਤਰਫ਼ ਆਡਾਂ ਹਨ (ਖਾਈ ਹੈ)। ਸਤਪ੍ਰਤੱਗੀ ਵਾ ਸੱਚ ਬੋਲਣ ਰੂਪ ਪਾਣੀ ਅਤੇ ਸਰੀਰ ਦੀ ਪਵਿੱਤ੍ਰਤਾ ਵਾ ਮਨ ਨੂੰ ਵਿਸ਼ਿਆਂ ਵੱਲੋਂ ਪਵਿੱਤਰ ਰੱਖਣਾ ਇਹ ਪਾਣੀ ਪਾ ਕੇ ਸਿੰਜਣਾ ਹੈ। ਧੀਰਜ ਰਖਵਾਲੀ ਹੈ, ਇਕਾਂਤ ਦੇਸ਼ ਵਿਚ ਵਿਸ਼ੇ ਪ੍ਰਾਪਤੀ ਤੋਂ ਮਨ ਵਿਕਾਰੀ ਨਾ ਹੋਣਾ ਇਹ ਰਾਖਾ ਹੈ। ਨਿਸ਼ਕਾਮ ਕਰਮਾਂ ਰੂਪੀ ਪੱਤਰੇ ਅਤੇ ਕਰੇਸ਼ਲਾਂ ਹਨ, ਸਰੇਸ਼ਟ ਸੁੱਚੀ ਸ਼ਾਖਾਂ ਫਗ ਰਹੀਆਂ ਹਨ। ਪ੍ਰਮੇਸ਼ਰ ਦਾ ਨਾਮ-ਰੂਪ ਫੁੱਲ ਹਨ, ਆਪਣੇ ਸਰੂਪ ਦੀ ਪਛਾਣ-ਰੂਪ ਫਲ, ਸੁਖ ਰੂਪੀ ਰਸ ਪੂਰਨ ਹੈ, ਮੌਤ ਰੂਪੀ ਧੁੱਪ ਨਹੀਂ ਸਗੋਂ ਮੁਕਤੀ ਰੂਪੀ ਛਾਂ ਪ੍ਰਾਪਤ ਹੁੰਦੀ ਹੈ ਤੇ ਇਕ ਰਸ ਰਹਿੰਦੀ ਹੈ। ਸਤ ਸੰਗਤ ਰੂਪ ਵਾੜ ਹੈ ਜਿਸ ਕਰ ਕੇ ਕਾਮ, ਕ੍ਰੋਧ ਆਦਿ ਪਸ਼ੂ ਸ਼ੁਭ ਗੁਣਾਂ ਨੂੰ ਨਾ ਚਰ ਜਾਣ। ਇਹ ਗੁਣ ਸੰਤ ਮਹਾਂਪੁਰਖ ਪੰਛੀ ਸਦਾ ਧਾਰਦੇ ਹਨ ਤੇ ਆਪ ਉਪਕਾਰ ਕਰਕੇ ਹਰਨਾ ਨੂੰ ਭੀ ਦਿੰਦੇ ਹਨ।

ਆਪਾਂ ਵੀ ਸਦਾ ਇਸ ਨੂੰ ਆਪਣੇ ਹਿਰਦੇ ਰੂਪ ਵੇਹੜੇ ਵਿਚ ਲਾਈਏ।

ਇਸੇ ਤਰ੍ਹਾਂ ੩੬, ੪੫, ੫੪, ੬੩, ੭੨, ੮੧ ਅਤੇ ੯੦ ਵਿਚ ਸਾਰੇ ਜਿੰਦਸਿਆਂ ਦਾ ਜੋੜ ੯ ਦੇ ਬਰਾਬਰ ਹੀ ਹੁੰਦਾ ਹੈ।

ਇਸੇ ਤਰ੍ਹਾਂ ਆਤਮਾ ਜੋ ਸਦਾ ਇਕ ਰਸ ਹੈ ਜੰਮਣ ਮਰਣ ਤੋਂ ਰਹਿਤ ਹੈ। ਸਰਬ ਵਿਆਪਕ ਹੈ ਉਸੇ ਇਕ ਨੂੰ ਹੀ :-

'ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥
ਏਕਸੁ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥'
(੨੮੯)

'ਏਕੇ ਕਉ ਨਾਹੀ ਭਉ ਕੋਇ ॥ (੭੯੬)

ਉਸ ਇਕ ਦੀ ਉਪਾਸ਼ਨਾ ਕਰਕੇ ਉਸ ਵਿਚ ਅੰਤ ਨੂੰ ਅਭੇਦ ਹੋ ਕੇ ਜਨਮ ਮਰਨ ਤੋਂ ਰਹਿਤ ਹੋਈਏ।

੨੪. ਰਸਾਇਣ ਮਾਰਨ ਦਾ ਅਲੰਕਾਰ

ਪਾਰਾ ਪ੍ਰੇਮ ਦਾ ਗੁਰ ਭਗਤਿ ਦੀ ਹੋਇ ਗੰਧਕ,
ਸ਼ਿੰਗਰਫ ਸਤ ਬਚਨ ਦਾ ਪਾ ਲੈਣਾ।
ਮਿੱਠਾ ਤੇਲੀਆ ਮਿੱਠੜੇ ਬੋਲਣੇ ਦਾ,
ਠੰਕੋ ਗੁਰਾ ਦੇ ਵਿਚੋਂ ਮੰਗਾ ਲੈਣਾ।
ਖਿਮਾ ਪਾਣੀ ਕੁਆਰ ਦਾ ਪਾਇ ਰਗੜੋ,
ਬ੍ਰਹਮ ਗਿਆਨ ਦੀ ਅਗਨ ਜਲਾਏ ਲੈਣਾ।
ਵੱਟਾ ਸਬਰ ਦਾ, ਖਰਲ ਸਤਸੰਗ ਵਾਲਾ,
ਰਗੜਾ ਸਵਾਸਾਂ ਦੇ ਨਾਲ ਲਗਾ ਲੈਣਾ।
ਟਿੱਕੀ ਬੰਨ੍ਹ ਚਿੱਤ ਦੀ ਕੁੱਜੀ ਵਿਚ ਧਰ ਕੇ,
ਉਤੇ ਚੁੱਪ ਦਾ ਚੱਪਣ ਟਿਕਾ ਲੈਣਾ।
ਮਿੱਟੀ ਮਨ ਦੀ ਲਾ ਕੇ ਕਰੋ ਸੰਪਟ,
ਦੇ ਕੇ ਸ਼ਰਧਾ ਦੀ ਪੁੱਠ ਦਬਾ ਲੈਣਾ।
ਸਤ, ਸੰਤੋਖ, ਸਤ ਸੰਗ, ਵੀਚਾਰ ਚਾਰੇ,
ਜਾਤੀ ਅਭਿਮਾਨ ਕੁੱਟ ਛਣਾ ਲੈਣਾ।
ਦਸਾਂ ਗੁਰਾਂ ਦਾ ਪਵਿੱਤਰ ਉਪਦੇਸ਼ ਲੈ ਕੇ,
ਵਜ਼ਨ ਤੱਕੜੀ ਨਾਲ ਤੁਲਾ ਲੈਣਾ।
ਸੁੱਤੇ ਉੱਠ ਕੇ ਮੋਹ ਦੀ ਨੀਂਦ ਵਿਚੋਂ,
ਤੀਲਾ ਇਕ ਦਵਾਈ ਦਾ ਖਾ ਲੈਣਾ।

ਅੰਤਰੀਵ ਤਾਸ਼ :-ਦੱਕੀ=ਨਿਰਗਣ, ਸਰਗੁਣ । ਤਿੱਕੀ=ਸਤ, ਚਿੱਤ, ਅਨੰਦ । ਚੌਕੀ=ਕਰਣਾ, ਮੁਦਤਾ, ਮੈਤ੍ਰੀ, ਅਪੇਖਿਆ । ਪੰਜੀ=ਸਤ, ਸੰਤੋਖ, ਦਇਆ, ਧਰਮ, ਵੀਚਾਰ । ਛਿੱਕੀ=ਭਗਵਾਨ ਦੇ ਛੇ ਚਿੰਨ੍ਹ :-ਧਰਮ, ਸ੍ਰਜਸ, ਵੈਰਾਗ ਪੁਨ, ਐਸ੍ਵਰਜ, ਸ੍ਰੇਯ, ਵਿਗਿਆਨ । ਸੱਤੀ=ਗਿਆਨ ਦੀਆਂ ਸਤ ਭੂਮਿਕਾਂ :-ਸ਼ੁਭ ਇੱਛਾ, ਸੁਵਿਚਾਰਨਾ, ਤਨੂੰਮਾਨਸਾ, ਸਤ੍ਵਾਪਾਦ, ਅਸਨਸਕਤ, ਪਦਾਰਥਾ ਭਾਵਨੀ,ਤੁਰੀਆ । ਅੱਠੀ=ਚਾਰੇ ਵੈਰਾਗ ਆਦਿ, ਚਾਰੇ ਸ੍ਵਰਨ ਆਦਿ । ਨਹਿਲਾ=ਨਵਧਾ ਭਗਤੀ । ਦਹਿਲਾ=ਪੰਜਾਂ ਤੱਤਾਂ ਦੀ ਧਾਰਨਾ ਤੇ ਪੰਜੇ ਵਿਸ਼ਿਆਂ ਦਾ ਤਿਆਗ । ਗੋਲਾ=ਨਿਰਹੰਕਾਰ । ਬੇਗੀ= ਪ੍ਰੇਮਾ-ਭਗਤੀ । ਬਾਦਸ਼ਾਹ=ਈਸ਼ਰ । ਯੱਕਾ=ਇਕ ਨਾਮ ।

ਚਿਤੀਆ ਰੰਗ-ਨਿਮਰਤਾ । ਬਿੱਟ ਰੰਗ-ਪ੍ਰਮੇਸ਼ਰ ਦੀ ਓਟ । ਹੁਕਮ ਰੰਗ=ਭਾਣਾ ਮੰਨਣਾ । ਪਾਨ ਰੰਗ=ਪ੍ਰਮੇਸ਼ਰ ਨੇ ਅੰਗੀਕਾਰ ਕਰ ਲੈਣਾ । ਇਨ੍ਹਾਂ ਗੁਣਾਂ ਦੀ ਧਾਰਨਾ ਕਰ ਕੇ ਅੰਤ ਨੂੰ ਜਿੱਤ ਕੇ ਵਾਹਿਗੁਰੂ ਵਿਚ ਅਭੇਦ ਹੋਣਾ ਹੈ ।

੨੩. ਨਾਂਏ ਦਾ ਅਲੰਕਾਰ

ਸਤਿਗੁਰੂ ਜੀ ਨੇ ਦਸਾਂ ਹੀ ਸਰੂਪਾਂ ਵਿਚ ਉਪਦੇਸ਼ ਦੇ ਕੇ ਇਕ ਵਾਹਿਗੁਰੂ ਅਕਾਲ ਪੁਰਖ ਦੀ ਉਪਾਸ਼ਨਾ ਦ੍ਰਿੜ੍ਹ ਕਰਾਈ । ਅਰੰਭ ਹੀ ਇਕ ਤੋਂ ਕੀਤਾ ਹੈ ।

ਅਥਵਾ-'ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥' (੬੭੯)

ਜੋ ਸਦਾ ਇਕ ਰਸ ਹੈ ਘਟਣ ਵਧਣ ਤੇ ਬਦਲਣ ਵਾਲਾ ਨਹੀਂ, ਜਾਗਦੀ ਜੋਤਿ ਰੂਪ ਹੈ ।

ਅਥਵਾ :-'ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥' (ਦਸਮ ੨੬)

ਜਿਮ ਨੂੰ ਸ਼ਸ਼ਤਰ ਕੱਟ ਨਹੀਂ ਸਕਦਾ, ਪਾਣੀ ਡੋਬ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ; ਹਵਾ ਉਠਾ ਨਹੀਂ ਸਕਦੀ, ਸਦਾ ਇਕ ਰਸ ਹੈ ।

ਯਥਾ :-ਨਾਂਇਆ ਅੱਖਰ ਆਪਣਾ ਗੁਣ ਨਹੀਂ ਤਿਆਗਦਾ ਤੇ ਸਦਾ ੯ ਹੀ ਰਹਿੰਦਾ ਹੈ ।

੧ × ੯=੯	੯+੦=੯
੨ × ੯=੧੮	੧+੮=੯
੩ × ੯=੨੭	੨+੭=੯

ਕੇਵਲ ਇਕੋ ਮਨੁੱਖਾ ਜਨਮ ਬੂਹਾ ਖੁਲ੍ਹਾ ਹੈ। ਇਸ ਵਿਚ ਵਿਚਾਰ, ਖਿਬੇਕ ਨੇਤ੍ਰਾਂ ਤੋਂ ਖਿਨਾਂ ਹੋਣ ਕਰਕੇ ਜੀਵ ਅੰਨ੍ਹਾ ਹੈ, ਸੁਭ ਗੁਣਾਂ ਰਹਿਤ ਨਿਸਰਧਕਪੁਣਾ ਗੰਜਾਪਣ ਹੈ ਅਤੇ ਪ੍ਰੇਮ ਰੂਪ ਹੱਥਾਂ ਬਿਨਾਂ ਟੁੰਡਾ ਹੈ। ਸਾਇਆ ਰੂਪ ਮੱਖੀ ਹੈ।

'ਮਾਖੀ ਰਾਮ ਕੀ ਤੂ ਮਾਖੀ ॥
ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥ (੧੨੨੭)

ਇਉਂ ਜਦੋਂ ਮਨੁੱਖਾ ਜਨਮ ਦਰਵਾਜ਼ਾ ਆਇਆ ਤਾਂ ਵਿਸ਼ੇ ਸੁੱਖ ਰੂਪ ਮਖਿਆਲ ਹੈ, ਸ਼ਬਦ, ਸਪਰਸ, ਰੂਪ, ਰਸ, ਗੰਧ ਫੁਰਨ ਰੂਪ ਡੰਗ ਹਨ। ਜਦ ਇੱਛਾ ਰੂਪ ਖੁਰਕ ਹੋਈ ਤਾਂ ਇਸੇ ਇੱਛਾ ਵਿਚ ਇਹ ਮਨੁੱਖਾ ਜਨਮ ਰੂਪੀ ਦਰਵਾਜ਼ਾ ਲੰਘਾ ਦਿੱਤਾ ਦੁਬਾਰਾ ਫੇਰ ਚਉਰਾਸੀ ਦੇ ਗੇੜੇ ਵਿਚ ਪੈ ਗਿਆ।

ਭਾਉ-ਭਗਤੀ, ਸਿਮਰਨ-ਭਜਨ, ਕਥਾ-ਕੀਰਤਨ, ਧਰਮ ਦੀ ਕ੍ਰਿਤ, ਵੰਡ ਕੇ ਛਕਣਾ, ਸੰਗਤਾਂ ਦੀ ਸੇਵਾ ਆਦਿਕ ਨੇਕ ਕਰਮ ਕਰੀਏ ਜਿਸ ਕਰ ਕੇ ਚਉਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਨਾ ਪਈਏ।

੨੨. ਤਾਸ਼ ਦਾ ਅਲੰਕਾਰ

ਦੁੱਕੀ=ਦ੍ਵੈਤ । ਤਿੱਕੀ=ਤਿੰਨ ਗੁਣ । ਚੌਕੀ=ਚਤੁਸ਼ਟਾ ਅੰਤਸ਼ਕਰਣ :-ਮਨ, ਬੁੱਧ, ਚਿੱਤ, ਹੰਕਾਰ। ਪੰਜੀ=ਪੰਜੇ ਵਿਕਾਰ ਕਾਮਾਦਿ। ਛਿੱਕੀ=ਜੀਵ ਦੇ ਛੇ ਵਿਕਾਰ :-ਭੁੱਖ-ਤੇਹ, ਜਨਮ-ਮਰਨ, ਹਰਖ-ਸੋਗ । ਸੱਤੀ=ਅਗਿਆਨ ਦੀਆਂ ਸੱਤ ਭੂਮਿਕਾਂ:-ਬੀਰ ਜਾਗ੍ਰਤ, ਸੁਖੋਪਤ ਜਾਗ੍ਰਤ, ਸੁਪਨ ਜਾਗ੍ਰਤ, ਜਾਗ੍ਰਤ, ਅਵਰਨ, ਵਿਖੇਪ, ਆਵਰਣ ਵਿਦਿਆ। ਅੱਠੀ=ਪੰਜ ਕਲੇਸ਼ :-ਅਵਿੱਦਿਆ, ਅਸੰਮਤਾ, ਅਭੀਨਿਵੇਸ਼, ਰਾਗ ਤੇ ਦ੍ਵੈਖ+ਤਿੰਨ ਮਾਇਆ ਦੇ ਸੁਭਾਅ :-ਅਸੱਤ, ਜੜ੍ਹ, ਦੁਖ ਰੂਪ ਹੈ। ਨਹਿਲਾ=ਨੌਂ ਗੋਲਕਾਂ। ਦਹਿਲਾ=ਦਸ ਇੰਦ੍ਰੀਆਂ ਦੇ ਵਿਸ਼ੇ । ਗੋਲਾ=ਮਨ । ਬੇਗੀ=ਮਾਇਆ । ਬਾਦਸ਼ਾਹ-ਅਗਿਆਨ।

ਚਿੜੀਆ ਰੰਗ=ਇੰਦ੍ਰੀਆਂ ਪਰਾਇਣ ਪੁਰਖ ਭਾਵ ਵਿਖਈ।

ਇੱਟ ਰੰਗ=ਦੇਹ ਅਭਿਮਾਨੀ ਪਾਮਰ ਪੁਰਖ।

ਹੁਕਮ ਰੰਗ=ਕਾਲ ਦੇ ਅਧੀਨ ਪਾਪੀ ਪੁਰਖ।

ਪਾਨ ਰੰਗ=ਸਕਾਮੀ, ਕਾਮਨਾ ਸਹਿਤ । ਇਹ ਚਾਰੇ ਰੰਗ ਹਨ। ਇਨ੍ਹਾਂ ਨੂੰ ਜਿੱਤ ਕੇ, ਯੱਕਾ=ਇਕ ਪ੍ਰਮੇਸ਼ਰ ਵਿਚ ਏਕਤਾ ਪ੍ਰਾਪਤ ਕਰਨੀ ਹੈ। ਐਸੀ ਤਾਸ਼ ਖੇਲ ਕੇ ਸੰਸਾਰ ਦੀ ਬਾਜ਼ੀ ਜਿੱਤਣੀ ਹੈ।

ਵੈਰਾਗ ਰੂਪ ਭਾਈ ਸੱਖਾ ਸਿੰਘ ਨੂੰ ਨਾਲ ਲੈ ਕੇ ਪ੍ਰਾਣ ਰੂਪ ਘੋੜਿਆਂ ਤੇ ਚੜ੍ਹਕੇ ਸਵਾਰ ਹੋਏ। ਰਾਹ ਵਿਚ ਠੀਕਰੀਆਂ ਦੀਆਂ ਥੈਲੀਆਂ ਭਰੀਆਂ, ਮਾਇਆ ਛਲ ਰੂਪ ਹੈ ਜਾਣ ਕਰਕੇ ਭਗਤੀ ਕਰਨ ਦੇ ਯੋਗ ਧਾਰਨਾ ਧਾਰਕੇ ਇਹ ਥੈਲੀਆਂ ਭਰ ਕੇ ਸੰਗਤ ਰੂਪੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਆਏ। ਸਤਿਗੁਰੂ ਜੀ ਤੋਂ ਗਿਆਨ ਰੂਪੀ ਖੰਡਾ ਲੈ ਕੇ ਗੁੱਥੀ ਰੂਪ ਚੋਲਿਆਂ ਵਿਚ ਲੁਕਾਕੇ ਲਿਆਏ। ਮੁੱਖ ਮਨ ਨੇ ਹੰਕਾਰ ਰੂਪ ਮੱਸੇ ਦਾ ਸਿਰ ਕੱਟ ਦਿੱਤਾ। ਕਯੁੱਧ ਵੇਸਵਾ ਦੇ ਵਿਸ਼ੇ ਗਹਿਣੇ ਲਾਹ ਲਏ। ਕੰਨੋ ਫੜਕੇ ਬਾਹਰ ਕੱਢ ਦਿੱਤੀ। ਰਿਦੇ ਸਰੋਵਰ 'ਚ ਨਾਮ ਦਾ ਜਲ ਭਰ ਦਿੱਤਾ।

ਯਥਾ :-'ਹਰਿਮੰਦਰੁ ਏਹੁ ਸਰੀਰੁ ਹੈ'। (੧੩੪੬)

ਵਿਚ ਮੈਂ-ਅਨੁਭਵ ਪ੍ਰਕਾਸ਼ ਰੂਪ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪ੍ਰਕਾਸ਼ ਕੀਤੇ ਹਨ।

੨੧. ਚਉਰਾਸੀ ਦਰਵਾਜ਼ਿਆਂ ਵਾਲੇ ਕਿਲ੍ਹੇ ਦਾ ਅਲੰਕਾਰ

ਇਕ ਕਿਲ੍ਹਾ ਸੀ ਉਸ ਦੇ ੮੪ ਦਰਵਾਜ਼ੇ ਸਨ। ਕੇਵਲ ਇਕ ਦਰਵਾਜ਼ਾ ਹੀ ਖੁੱਲ੍ਹਾ ਸੀ ਬਾਕੀ ਸਾਰੇ ਬੰਦ ਸਨ। ਉਸ ਖੁੱਲ੍ਹੇ ਦਰਵਾਜ਼ੇ ਤੇ ਸ਼ਹਿਦ ਦੀਆਂ ਮੱਖੀਆਂ ਦੀ ਮਖਿਆਲ ਲੱਗੀ ਸੀ। ਇਸ ਕਿਲ੍ਹੇ ਅੰਦਰ ਇਕ ਅੰਨ੍ਹਾ, ਟੁੰਡਾ ਤੇ ਗੰਜਾ ਆਦਮੀ ਪ੍ਰਵੇਸ਼ ਹੋ ਗਿਆ। ਵਿਚਾਰੇ ਨੇ ਬੜੀ ਕੂਕ ਪੁਕਾਰ ਕੀਤੀ ਕਿ ਕੋਈ ਰਾਹ ਦੱਸੋ।

ਕਿਸੇ ਕਿਹਾ ਜਿਹੜਾ ਹੱਥ ਸਾਬਤ ਹੈ ਇਸ ਦੇ ਨਾਲ ਕੰਧ ਨੂੰ ਨਾਲ ਨਾਲ ਟੋਹੀ ਚੱਲ ਜਿਥੇ ਖੁਲ੍ਹਾ ਦਰਵਾਜ਼ਾ ਆਵੇਗਾ ਉਥੋਂ ਨਿਕਲ ਜਾਵੀਂ। ਜਦੋਂ ਦਰਵਾਜ਼ਾ ਆ ਗਿਆ ਤਾਂ ਟੁੰਡ ਮਖਿਆਲ ਵਿਚ ਵੱਜਾ ਤੇ ਮੱਖੀਆਂ ਉੱਡ ਕੇ ਗੰਜ ਉਤੇ ਬੈਠ ਗਈਆਂ, ਡੰਗ ਮਾਰਿਆ ਤੇ ਖੁਰਕ ਹੋਣ ਲੱਗੀ। ਜਿਸ ਹੱਥ ਨਾਲ ਕੰਧ ਟੋਂਹਦਾ ਸੀ ਉਸੇ ਹੱਥ ਨਾਲ ਮੱਖੀਆਂ ਉਡਾਉਣ ਲੱਗ ਪਿਆ ਤੇ ਦੁੱਖੀ ਹੋ ਕੇ ਛੇਤੀ ਛੇਤੀ ਅੱਗੇ ਤੁਰ ਕੇ ਖੁਲ੍ਹਾ ਦਰਵਾਜ਼ਾ ਲੰਘ ਗਿਆ। ਵਿਚਾਰਾ ਫੇਰ ਉਸੇ ਚੱਕਰ ਵਿਚ ਪੈ ਗਿਆ।

ਇਸੇ ਤਰ੍ਹਾਂ ਸੰਸਾਰ ਕਿਲ੍ਹਾ ਹੈ, ਚਉਰਾਸੀ ਲੱਖ ਜੂਨਾ ਚਉਰਾਸੀ ਦਰਵਾਜੇ ਹਨ ਜੋ ਕਿ ਬੰਦ ਹਨ :-

'ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ ॥
ਊਠਤ ਬੈਠਤ ਠੇਗਾ ਪਰਿ ਹੈ ਤਬ ਕਤ ਮੂਡ ਲੁਕਈ ਹੈ ॥'(੫੨੪)

ਜੀਵ ਹੈ ਸਿਕੰਦਰ, ਆਬਿ-ਹਯਾਤ ਹੈ ਆਤਮਾਨੰਦ। *ਪੰਜ ਕੋਸ਼ਾਂ ਰੂਪੀ ਪਹਾੜਾਂ ਨੂੰ ਲੰਘ ਕੇ, ਇੰਦ੍ਰੀਆਂ ਰੂਪੀ ਦੇਵਤਿਆਂ ਦਾ ਦਮਨ ਕਰਕੇ, ਸ਼ਬਦ, ਸਪਰਸ, ਰੂਪ, ਰਸ, ਗੰਧ ਰਾਖਸ਼ਾਂ ਨੂੰ ਦਬਾ ਕੇ, ਕਾਮ ਕ੍ਰੋਧ, ਲੋਭ, ਮੋਹ, ਹੰਕਾਰ, ਸੱਪਾਂ ਦੇ ਕੁੰਡ ਨੂੰ ਕੱਟ ਕੇ, ਫਿਰ ਮਨ ਜੋ ਸਦਾ ਫਿਰਦਾ ਰਹਿੰਦਾ ਹੈ, ਗੁਰੂ ਕੀ ਕ੍ਰਿਪਾ ਤੋਂ ਬਿਨਾਂ ਕਦੇ ਵੱਸ ਆਉਣ ਵਾਲਾ ਨਹੀਂ ਹੈ–ਇਹ ਇਕ ਚੱਕਰ ਹੈ। ਮਨ ਦੇ ਸਾਰੇ ਫੁਰਨਿਆਂ ਨੂੰ ਮੇਟਣ ਰੂਪ ਇਸ ਚੱਕਰ ਨੂੰ ਲੰਘ ਕੇ ਸਾਧ ਸੰਗਤ ਰੂਪ ਆਬਿ-ਹਯਾਤ ਦੇ ਕੁੰਡ ਪਾਸ ਪਹੁੰਚ ਕੇ ਭਾਗਾਂ ਵਾਲੇ ਆਤਮਾਨੰਦ ਨੂੰ ਪ੍ਰਾਪਤ ਕਰਦੇ ਹਨ–ਨਹੀਂ ਤਾਂ ਮਾਇਆ ਰੂਪ ਉਰਵਸੀ ਮਿਥਿਆ-ਦ੍ਰਿਸ਼ਟੀ ਰੂਪ ਗਿਲ੍ਹਰ ਬਣ ਕੇ ਬ੍ਰਹਮ ਸਰੂਪ ਵਿਚ ਜੋ ਦੋਖ-ਦ੍ਰਿਸ਼ਟੀ ਵਿਖਾਉਣੀ ਹੈ, ਭਾਵ ਵਾਹਿਗੁਰੂ ਤੋਂ ਬੇਮੁਖ ਕਰਨਾ ਇਹ ਪਾਕ ਪੈਣੀ ਹੈ। ਆਪਣਾ ਪ੍ਰਭਾਵ ਪਾ ਕੇ ਜੀਵ ਨੂੰ ਸੇਮੁਖ ਕਰ ਦਿੱਤਾ ਤਾਂ ਮਨ ਰੂਪ ਹੱਥ ਵਿਚੋਂ ਬ੍ਰਹਮ ਦੇ ਸਨਮੁਖਤਾ ਦਾ ਤਿਆਗ ਰੂਪ ਅੰਮ੍ਰਿਤ ਦਾ ਡੁਲ੍ਹ ਜਾਣਾ ਹੈ।

ਅਥਵਾ :–ਕਬੁੱਧੀ ਰੂਪੀ ਗਿਲ੍ਹਰ ਇਸ ਅਨੰਦ ਨੂੰ ਪ੍ਰਾਪਤ ਨਹੀਂ ਕਰਨ ਦਿੰਦੀ।

ਅਥਵਾ :–ਕਈਆਂ ਦੀਆਂ ਪਤਨੀਆਂ ਰੂਪੀ ਉਰਵਸੀਆਂ ਖੰਡੇ ਦਾ ਅੰਮ੍ਰਿਤ ਛਕਣ ਵਿਚ ਵਿਘਨ ਪਾ ਦਿੰਦੀਆਂ ਹਨ। ਜਿਸ ਉਤੇ ਸਤਿਗੁਰੂ ਜੀ ਦੀ ਕ੍ਰਿਪਾ ਹੋਵੇ ਉਹੋ ਹੀ ਅੰਮ੍ਰਿਤ ਛਕ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

'ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।'

(ਵਾਰ ੪੫, ਪਉੜੀ ੧)

ਗੁਰੂ ਕੀ ਬਾਣੀ ਦੁਆਰਾ ਤਥਾ ਸ਼ਬਦ ਵਿਚ ਸੁਰਤ ਜੋੜ ਕੇ, ਹਿਰਦੇ ਵਿਚੋਂ ਹੀ ਆਤਮਾਨੰਦ ਪ੍ਰਾਪਤ ਕਰੋ। ਇਹ ਤਾਂ ਹੋਵੇਗਾ ਜੇ ਪਹਿਲਾਂ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛਕ ਕੇ, ਗੁਰਮੰਤ੍ਰ ਦੀ ਪ੍ਰਾਪਤੀ ਕਰ ਕੇ, ਗੁਰੂ ਵਾਲੇ ਬਣ ਕੇ, ਰਹਿਤ ਰੱਖ ਕੇ ਕੁਰਹਿਤਾਂ ਤੋਂ ਬਚੋਗੇ।

੨੦. ਮੱਸੇ ਰੰਘੜ ਦਾ ਅਲੰਕਾਰ

ਬੈਕੁੰਠ ਦਾ ਸਾਕਾਰ ਨਜ਼ਾਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ

---

*(ੳ) ਸਥੂਲ ਦੇਹ ਵਿਚ :—੧. ਅਨਨਮਯ ਕੋਸ਼, (ਅ) ਸੂਖਮ ਦੇਹ ਵਿਚ:— ੨. ਪ੍ਰਾਣਮਯ ਕੋਸ਼ ੩. ਮਨੋਮਯ ਕੋਸ਼, ੪. ਵਿਗਿਆਨਮਯ ਕੋਸ਼' (ੲ) ਕਾਰਨ ਦੇਹ ਵਿਚ:— ੫. ਅਨੰਦਮਯ ਕੋਸ਼।

ਮੇਰੇ ਸਰੀਰ ਤੇ ਇਕ ਵੀ ਖੰਭ ਨਹੀਂ ਰਿਹਾ, ਖੂਨ ਨਹੀਂ ਰਿਹਾ, ਸੁੱਕ ਕੇ ਪਿੰਜਰਾ ਹੋ ਗਿਆ ਹੈ, ਪਾਕ ਦਗਦੀ ਹੈ, ਜਾਨ ਨਹੀਂ ਨਿਕਲਦੀ ਜਦੋਂ ਤੋਂ ਇਹ ਖੱਟਾ ਪਾਣੀ ਪੀ ਲਿਆ ਹੈ। ਇਸ ਵਾਸਤੇ ਤੂੰ ਵੀ ਵਿਚਾਰ ਕਰ ਲੈ, ਫਿਰ ਜਾਨ ਨਹੀਂ ਨਿਕਲਣੀ। ਸਿਕੰਦਰ ਨੇ ਭਰਿਆ ਹੋਇਆ ਬੁੱਕ ਫਿਰ ਕੁੰਡ ਵਿਚ ਡੋਲ੍ਹ ਦਿੱਤਾ। ਹਜ਼ੂਰ ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਇਆ ਹੈ :-

'ਕਰਿ ਮਨਿ ਅੰਮ੍ਰਿਤ ਆਨਿ ਨਿਸਾਰਿਓ ॥
ਖਿਸਰਿ ਗਇਓ ਭੂਮ ਪਰਿ ਡਾਰਿਓ ॥' (੩੮੬)

ਹੱਥ ਵਿਚ ਆ ਕੇ ਅੰਮ੍ਰਿਤ ਤਾਂ ਪ੍ਰਾਪਤ ਹੋਇਆ ਪਰ ਧਰਤੀ ਤੇ ਡੁੱਲ੍ਹ ਗਿਆ।

ਭਾਗਾਂ ਤੋਂ ਬਿਨਾਂ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੂਫੀ ਕਵੀ ਵਜੀਦ ਨੇ ਕਿਹਾ ਹੈ :-

'ਸ਼ਾਹ ਸਿਕੰਦਰ ਭਾਲੇ ਆਮੇ ਹਯਾਤ ਨੂੰ।
ਵਿਚ ਪਹਾੜਾਂ ਫਿਰਦਾ ਦਿਨ ਤੇ ਰਾਤ ਨੂੰ।
ਪੀਤੋਸ ਨਹੀਂ ਪਿਆਲਾ ਆਪਣੇ ਦਸਤ ਤਹ।
ਵਜੀਦਾ ਕੌਣ ਸਾਹਿਬ ਨੂੰ ਆਖੇ,
ਇਉਂ ਨਹੀਂ ਇੰਜ ਕਰ?'

ਗੁਰਬਾਣੀ ਅਨੁਸਾਰ ਵੀ :-

'ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ
ਸੁ ਅੰਮ੍ਰਿਤੁ ਗੁਰ ਤੇ ਪਾਇਆ ॥' (੯੧੮)

ਗੁਰੂ ਕੀ ਬਾਣੀ ਦਾ ਪਾਠ, ਨਿੱਤਨੇਮ, ਅਭਿਆਸ, ਕੀਰਤਨ, ਕਥਾ, ਵੀਚਾਰ ਇਹ ਅੰਮ੍ਰਿਤ ਗੁਰੂ ਕੀ ਸੰਗਤ ਵਿਚੋਂ ਹੀ ਲੱਭ ਪੈਂਦਾ ਹੈ।

'ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤ ਨਾਹਿ ॥
ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰਪਰਸਾਦਿ ॥' (੧੨੩੮)

ਅੰਮ੍ਰਿਤ ਰੂਪ ਬਾਣੀ ਪੜ੍ਹ ਕੇ ਪੰਜ ਪਿਆਰੇ ਅੰਮ੍ਰਿਤ ਤਿਆਰ ਕਰ ਕੇ, ਜੀਵਾਂ ਨੂੰ ਛਕਾ ਕੇ ਐਸੇ ਬ੍ਰਹਮਾਨੰਦ ਅਤੇ ਅੰਤ ਨੂੰ ਸੱਚਖੰਡ ਦੀ ਪ੍ਰਾਪਤੀ ਕਰਾਉਂਦੇ ਹਨ।

'ਅੜਿਲ ॥ ਰੰਭਾ ਨਾਮ ਅਪਸਰਾ ਦਈ ਪਠਾਇਕੈ ॥
ਧਿਰਧ ਰੂਪ ਖਗ ਕੋ ਧਰਿ ਬੈਠੀ ਆਇਕੈ ॥
ਏਕ ਪੰਖ ਤਨ ਰਹਯੋ ਨ ਤਾਕੋ ਜਾਨਿਯੈ ॥
ਹੋ ਜਾ ਤਨ ਲਹਯੋ ਨ ਜਾਇ ਘ੍ਰਿਣਾ ਜਿਯ ਠਾਨਿਐ ॥ ੪੭ ॥
(ਦਸਮ ੧੧੨੭)

ਜਦੋਂ ਸਿਕੰਦਰ ਆਬਿ-ਹਾਸਾਤ ਦਾ ਸੁੱਕ ਕਰ ਕੇ ਪੀਣ ਲੱਗਾ ਤਾਂ ਇਸ ਗਿਲਝ ਨੇ ਹੱਸਣ ਦੀ ਆਵਾਜ਼ ਕੀਤੀ। ਸਿਕੰਦਰ ਦੇ ਮਨ ਵਿਚ ਭਰਮ ਪਿਆ। ਪੁਛਿਆ, "ਹੇ ਨੀਚ ਗੀਧ! ਮੈਂ ਬੜੀਆਂ ਔਕੜਾਂ ਸਹਾਰ ਕੇ ਇਹ ਆਬੇ-ਹਯਾਤ ਪੀਣ ਲੱਗਾ ਹਾਂ ਪਰ ਤੇਰੇ ਹੱਸਣ ਦਾ ਕੀ ਕਾਰਨ?"

ਦੋਹਰਾ ॥ 'ਜਬੈ ਸਿਕੰਦਰ ਅੰਮ੍ਰਿਤ ਕੋ ਪੀਵਨ ਲਗਯੋ ਬਨਾਇ ॥
ਗਲਤ ਅੰਗ ਪੰਛੀ ਤਬੈ ਨਿਰਖਿ ਉਠਯੋ ਮੁਸਕਾਇ ॥ ੪੮ ॥'

ਚੌਪਈ ॥ 'ਪੂਛਯੋ ਤਾਹਿ ਪੰਛਿਯਹਿ ਜਾਈ ॥
ਕਯੋਂ ਤੈ ਹਸਯੋ ਹੇਰਿ ਮਹਿ ਭਾਈ ॥
ਸਕਲ ਬ੍ਰਿਥਾ ਵਹੁ ਮੋਹਿ ਬਤੈਯੈ ॥
ਹਮਰੇ ਚਿਤ ਕੋ ਤਾਪ ਮਿਟੈਯੈ ॥ ੪੯ ॥' (ਦਸਮ ੧੧੨੮)

ਉਹ ਕਹਿਣ ਲੱਗੀ, "ਪੀ ਲੈ, ਪੀ ਲੈ, ਜੇ ਮੈਂ ਤੈਨੂੰ ਦੱਸ ਦਿੱਤਾ ਤਾਂ ਤੂੰ ਪੀ ਨਹੀਂ ਸਕੇਂਗਾ। ਆਮ ਤੌਰ ਤੇ ਰਾਜੇ ਵਹਿਮੀ ਹੁੰਦੇ ਹਨ ਉਹਨਾਂ ਦੇ ਕੰਨ ਕੱਚੇ ਹੁੰਦੇ ਹਨ।" ਸਿਕੰਦਰ ਨੂੰ ਵੀ ਸ਼ੰਕਾ ਪੈ ਗਈ। ਰੰਭਾ ਜਿਸ ਨੇ ਗਲਾਂ ਸੜੀ ਗਿਲਝ ਦਾ ਰੂਪ ਧਾਰਿਆ ਸੀ ਕਹਿਣ ਲੱਗੀ, ਕਿ ਆਬਿ-ਹਯਾਤ ਪੀਣ ਦਾ ਭਾਵ ਇਹ ਹੈ ਕਿ ਅਮਰ ਹੋ ਜਾਈਦਾ ਹੈ ਫਿਰ ਮਰੀਦਾ ਨਹੀਂ। ਮੈਂ ਵੀ ਇਹ ਪੀ ਬੈਠੀ ਹਾਂ। ਮੇਰੇ ਸਰੀਰ ਦੀ ਹਾਲਤ ਵੇਖ :-

'ਪੰਛੀ ਬਾਚ ਦੋਹਰਾ ॥
ਪੱਛ ਏਕ ਤਨ ਨਾ ਰਹਯੋ ਯਕਤ ਨ ਰਹਯ ਸਰੀਰ ॥
ਤਨ ਨ ਛੁਟਤ ਦੁਖ ਸੋ ਜਿਯਤ ਜਬ ਤੇ ਪਿਯੋ ਕੁਨੀਰ ॥ ੫੦ ॥

ਚੌਪਈ ॥ 'ਭਲਾ ਭਯੋ ਅੰਮ੍ਰਿਤ ਯਹ ਪੀਹੈਂ ॥
ਹਮਰੀ ਭਾਂਤਿ ਬਹੁਤ ਦਿਨ ਜੀਹੈਂ ॥
ਸੁਨਿ ਏ ਬਚਨ ਸਿਕੰਦਰ ਡਰਿਯੋ ॥
ਪਿਯਤ ਹੁਤੋ ਮਧੁ ਪਾਨ ਨ ਕਰਿਯੋ ॥ ੫੧ ॥' (ਦਸਮ੧੧੨੮)

ਸਾਹਿਬ ਅੰਮ੍ਰਿਤਸਰ ਸਰਬ ਜੀਆ ਦੀ ਕਲਿਆਣ ਕਰਨ ਵਾਸਤੇ, ਸਭ ਨੂੰ ਸਾਂਝਾ ਉਪਦੇਸ਼ ਦੇਣ ਵਾਸਤੇ, ਕਲਜੁਗ ਵਿਚ ਸਿਰਜਿਆ ਹੈ, ਅੰਮ੍ਰਿਤ ਸਰੋਵਰ :-

'ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ ॥' (੪੯੩)
'ਰਾਮ ਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥' (੬੨੫)
ਦੀ ਦਾਤ ਸਭ ਸੰਸਾਰ ਨੂੰ ਬਖ਼ਸ਼ੀ ਹੈ ।

ਯਥਾ :-'ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥' (੧੩੬੮)

ਅਨੁਸਾਰ ਧਰਮ ਵਿਰੋਧੀ, ਪਾਪੀ, ਜ਼ਾਲਮ, ਦੁਸ਼ਟ ਅਤੇ, ਹਤਿਆਰੇ ਕਈਂ ਵਾਰ ਇਸ ਦਾ ਵਿਰੋਧ ਕਰਦੇ ਰਹੇ । ਸਿੱਖੀ ਦਾ ਸੋਮਾਂ ਜਾਣ ਕੇ ਦੁਸ਼ਟ ਤੁਰਕ ਇਸ ਵਿਚ ਵਿਘਨ ਪਉਣ ਦਾ ਅਸਫਲ ਯਤਨ ਕਰਦੇ ਰਹੇ । ਜੈਸਾ ਕਿ ਪਾਪੀ ਮੱਸਾ ਰੰਘੜ ਹਰਿਮੰਦਰ ਸਾਹਿਬ ਵਿਚ ਮੰਜਾ ਡਾਹ ਕੇ ਵੇਸਵਾ ਨਚਾ ਕੇ ਬੇਅਦਬੀ ਕਰਨ ਲੱਗਾ । ਜਗਤ ਜੂਠ (ਤੰਮਾਕੂ) ਪੀਣ ਲੱਗਾ । ਭਾਈ ਮਹਿਤਾਬ ਸਿੰਘ ਮੀਹਾਂਕੋਟ ਤੇ ਭਾਈ ਸੁੱਖਾ ਸਿੰਘ ਮਾਹੀ ਕੰਬੋਕੀ (ਅੰਮ੍ਰਿਤਸਰ) ਵਾਲੇ, ਬੁੱਢਾ ਜੋਹੜ (ਬੀਕਾਨੇਰ) ਤੋਂ ਇਸ ਪਾਪੀ ਨੂੰ ਸੋਧਣ ਲਈ ਚੜ੍ਹ ਕੇ ਆਏ, ਠੀਕਰੀਆਂ ਭੰਨ ਕੇ ਥੈਲੀਆਂ ਭਰੀਆਂ । ਲੰਬੇ ਚੋਲਿਆਂ ਦੇ ਥੱਲੇ ਦੀ ਵੱਡੀਆਂ ਸ੍ਰੀ ਸਾਹਿਬਾਂ ਪਾਈਆਂ । ਇਲੈਚੀ ਬੇਰੀ ਨਾਲ ਆ ਘੋੜੇ ਬੱਧੇ । ਮਾਨੋ ਪੱਟੀ ਦੇ ਨੰਬਰਦਾਰ ਮੁਆਮਲਾ ਦੇਣ ਆਏ ਪ੍ਰਤੀਤ ਹੁੰਦੇ ਹਨ । ਜਦੋਂ ਝੁਕ ਕੇ ਪਾਪੀ ਥੈਲੀਆਂ ਵੱਲ ਤੱਕਣ ਲੱਗਾ ਤਾਂ ਭਾਈ ਮਹਿਤਾਬ ਸਿੰਘ ਨੇ ਸਿਰ ਵੱਢਿਆ । ਵੇਸਵਾ ਦੇ ਗਹਿਣੇ ਲਾਹ ਕੇ ਧੱਕੇ ਮਾਰ ਕੇ ਬਾਹਰ ਕੱਢ ਕੇ ਦੁਬਾਰਾ ਹਰਿਮੰਦਰ ਸਾਹਿਬ ਦਾ ਅਦਬ ਕਾਇਮ ਕੀਤਾ ।

ਏਸੇ ਪਰਕਾਰ ਮਨੁੱਖਾ ਦੇਹੀ ਸ੍ਰੀ ਹਰਿਮੰਦਰ ਸਾਹਿਬ ਹੈ, ਹੰਕਾਰ ਰੂਪ ਮੱਸਾ ਰੰਘੜ ਹੈ, ਹਿਰਦਾ ਸਰੋਵਰ ਹੈ, ਕੁਬੁੱਧ ਰੂਪ ਵੇਸਵਾ ਸਬਦ ਸਪਰਸ਼ ਰੂਪੀ ਗਹਿਣੇ ਪਹਿਰ ਕੇ ਪਦਾਰਥਾਂ ਦਾ ਨਿਰਣਾ ਰੂਪ ਨਿਰਤਕਾਰੀ ਕਰ ਰਹੀ ਹੈ । (ਤੰਮਾਕੂ) ਤਮਾਂ ਦਾ ਕਰਨਾ ਮੱਸਾ ਹੰਕਾਰ ਪੀ ਰਿਹਾ ਹੈ । ਦ੍ਵੈਤਵਾਦੀ ਵਿਸ਼ੇ ਸੁਖ ਵਿਚ ਕੈਦੀ ਲੋਕਾਂ ਦੀ ਸਭਾ ਲੱਗ ਰਹੀ ਹੈ । ਲੋਭ ਰੂਪੀ ਸ਼ਰਾਬ ਪੀ ਕੇ ਪ੍ਰਮਾਦੀ ਹੋਏ ਹੋਏ, ਦ੍ਵੈਤ ਦਰਸਨ ਰੂਪੀ ਅਖਾੜਾ ਵਿਸੱਖੀ ਲੋਕ ਦੇਖ ਰਹੇ ਹਨ । ਮਨੁੱਖਾ ਦੇਹੀ ਰੂਪ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਹੁੰਦੀ ਵੇਖ ਕੇ ਧਰਮ ਰੂਪ ਭਾਈ ਮਹਿਤਾਬ ਸਿੰਘ ਨੇ ਚੜ੍ਹਾਈ ਕੀਤੀ,

੧੯. ਆਬਿ-ਹਯਾਤ (ਅੰਮ੍ਰਿਤ) ਦਾ ਅਲੰਕਾਰ

ਮੌਤ ਦੇ ਡਰ ਤੋਂ ਬਚਣ ਵਾਸਤੇ ਜਦੋਂ ਤੋਂ ਸ੍ਰਿਸ਼ਟੀ ਬਣੀ ਤਦੋਂ ਤੋਂ ਲੋਕਾਂ ਨੇ ਯਤਨ ਆਰੰਭੇ। ਮੌਤ ਤੋਂ ਰਹਿਤ ਹੋਣ ਵਾਸਤੇ ਅੰਮ੍ਰਿਤ ਦੀ ਭਾਲ ਕੀਤੀ ਗਈ। ਵੱਖਰੀਆਂ ਵੱਖਰੀਆਂ ਥਾਂਵਾਂ ਤੇ ਇਸਦੀ ਕਲਪਨਾ ਹੋਈ ਕਿਸੇ ਨੇ ਸਤਵੇਂ ਪਤਾਲ ਵਿਚ, ਕਿਸੇ ਨੇ ਸਮੁੰਦਰ ਵਿਚ, ਕਿਸੇ ਨੇ ਸੁਰਗ ਦੇ ਦੇਵਤਿਆਂ ਪਾਸ, ਵਿਕਾਰੀਆਂ ਨੇ ਕੰਤਾ ਦੇ ਹਠਾਂ (ਇਸਤ੍ਰੀਆਂ ਦੇ ਬੁੱਲ੍ਹਾਂ) ਵਿਚ, ਕਿਸੇ ਨੇ ਚੰਦ੍ਰਮਾਂ ਦੀਆਂ ਕਿਰਨਾਂ ਵਿਚ ਮੰਨਿਆ ਪਰ ਕਿਤੋਂ ਵੀ ਨਾ ਮਿਲਿਆ।

ਜੇ ਸਤਵੇਂ ਪਤਾਲ ਵਿਚ ਅੰਮ੍ਰਿਤ ਹੁੰਦਾ ਤਾਂ ਉਥੋਂ ਦੇ ਨਾਗ ਜ਼ਹਿਰੀਲੇ ਕਿਉਂ ਰਹਿ ਜਾਂਦੇ ? ਜੇ ਸਮੁੰਦਰ ਵਿਚ ਅੰਮ੍ਰਿਤ ਹੁੰਦਾ ਤਾਂ ਖਾਰਾ ਕਿਉਂ ਰਹਿ ਜਾਂਦਾ ? ਜੇ ਸੁਰਗ ਦੇ ਦੇਵਤਿਆਂ ਪਾਸ ਹੁੰਦਾ ਤਾਂ ਓਥੋਂ ਦਾ ਰਾਜਾ ਇੰਦ੍ਰ ਅਹਿਲਿਆ ਪਾਸ ਜਾ ਕੇ ਕਲੰਕ ਕਿਉਂ ਖੱਟਦਾ ? ਜੇ ਇਸਤ੍ਰੀਆਂ ਦੇ ਬੁਲ੍ਹਾਂ ਵਿਚ ਹੁੰਦਾ ਤਾਂ ਇਸਤ੍ਰੀਆਂ ਰੰਡੀਆਂ ਕਿਉਂ ਹੁੰਦੀਆਂ ? ਜੇ ਚੰਦ੍ਰਮਾਂ ਵਿਚ ਹੁੰਦਾ ਤਾਂ ਉਹ ਵਧਦਾ ਘਟਦਾ, ਜੰਮਦਾ, ਮਰਦਾ ਕਿਉਂ ਤੇ ਉਸ ਨੂੰ ਕਲੰਕ ਕਿਉਂ ਲੱਗਦਾ ?

ਇਸ ਆਬਿ-ਹਯਾਤ ਭਾਵ ਅੰਮ੍ਰਿਤ ਨੂੰ ਪਹਾੜਾਂ ਵਿਚੋਂ ਸਿਕੰਦਰ ਵੀ ਭਾਲਦਾ ਫਿਰਦਾ ਰਿਹਾ। ਬਹੁਤ ਪਹਾੜ ਚੀਰ ਕੇ ਅੱਗੇ ਲੰਘਿਆ, ਰਾਖਸ਼ਾਂ ਨਾਲ ਯੁੱਧ ਕੀਤਾ, ਸੱਪਾਂ ਦੇ ਕੁੰਡ ਨੂੰ ਸ਼ਸ਼ਤਰਾਂ ਨਾਲ ਕੱਟ ਕੇ ਅੱਗੇ ਲੰਘਿਆ, ਤਾਂ ਅੱਗੇ ਇਕ ਬੜਾ ਭਿਆਨਕ ਚੱਕਰ ਐਸਾ ਚੱਲ ਰਿਹਾ ਸੀ ਜਿਸ ਤੋਂ ਲੰਘਣਾ ਬੜਾ ਔਖਾ ਸੀ ਜੋ ਬਦੇਸ਼ੀ ਦਾ ਸਿਰ ਕੱਟ ਦਿੰਦਾ ਸੀ। ਬਹੁਤ ਯਤਨ ਕਰਕੇ ਉਸ ਨੂੰ ਰੋਕ ਕੇ, ਉਥੋਂ ਅੱਗੇ ਦੇਵਤਿਆਂ ਨਾਲ ਵੀ ਜੰਗ ਕਰਕੇ ਉਹਨਾਂ ਨੂੰ ਜਿੱਤਿਆ ਫਿਰ ਆਬਿ-ਹਯਾਤ ਦੇ ਕੁੰਡ ਪਾਸ ਪਹੁੰਚਾ। ਦੇਵਤਿਆਂ ਦੇ ਚਿੱਤ ਵਿਚ ਬੜੀ ਘਬਰਾਹਟ ਹੋਈ ਕਿ ਜੇ ਇਸ ਨੇ ਇਹ ਅੰਮ੍ਰਿਤ ਪੀ ਲਿਆ ਤਾਂ ਅਮਰ ਹੋ ਜਾਵੇਗਾ। ਸਾਡਾ ਰਾਜ ਭਾਗ ਖੋਹ ਲਵੇਗਾ। ਉਹਨਾਂ ਨੇ ਸਭਾ ਲਾ ਕੇ ਉਰਵਸੀ ਨੂੰ ਪ੍ਰੇਰ ਕੇ ਸਿਕੰਦਰ ਦੇ ਆਬਿ-ਹਯਾਤ ਪੀਣ ਦੇ ਵਿਚ ਵਿਘਨ ਪਾਉਣ ਲਈ ਭੇਜਿਆ। ਉਹ ਇਕ ਐਸੀ ਗਿਲ੍ਹੜ ਦਾ ਰੂਪ ਧਾਰ ਕੇ ਆਬਿ-ਹਯਾਤ ਕੁੰਡ ਦੇ ਕਿਨਾਰੇ ਆ ਬੈਠੀ, ਜਿਸ ਦੇ ਸਰੀਰ ਉਤੇ ਕੋਈ ਖੰਭ ਨਹੀਂ ਸੀ, ਖੂਨ ਸੁੱਕ ਚੁੱਕਾ ਸੀ, ਪਾਕ ਵਹਿ ਰਹੀ ਸੀ।

ਸੋਚਿਆ ਕਿ :

'ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਏਹ ਤੇਰੀ ਸਭ ਮਾਇਆ ॥' (੧੧੨੩)

ਇਹਨਾਂ ਤਿੰਨਾਂ ਹੀ ਗੁਣਾਂ ਤੋਂ ਛੁਟਕਾਰਾ ਪਾਇਆ ਜਾਵੇ। ਰਜੋ ਤੇ ਸਤੋ ਦਾ ਆਸਰਾ ਲੈ ਕੇ ਤਮੋ ਨੂੰ ਤਿਆਗਿਆ। ਜਦੋਂ ਤਮੋ ਦਾ ਤਿਆਗ ਹੋਇਆ ਤਾਂ ਰਜੋ ਦੁੱਖ ਰੂਪ ਜਾਪਿਆ।

'ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ ੨ ॥' (੧੫)

ਸਤੋ ਦੇ ਆਸਰੇ ਜੀਵ ਨੇ ਰਜੋ ਨੂੰ ਤਿਆਗਿਆ। ਦੁੱਖ ਤਾਂ ਦੂਰ ਹੋ ਗਏ ਫਿਰ ਸੰਗਤ ਰੂਪ ਪਿੰਡ ਨੇੜੇ ਆਇਆ ਤਾਂ ਹੌਂਸਲਾ ਹੋ ਗਿਆ।

'ਬੇਗਮਪੁਰਾ ਸਹਰ ਕੋ ਨਾਉ ॥' (੩੪੫)

ਆਪ ਤਕੜਾ ਹੋਇਆ ਤਾ ਸਤੋ ਗੁਣ ਤੋਂ ਵੀ ਉਪਰ ਤ੍ਰਿਗੁਣ ਅਤੀਤ ਅਵਸਥਾ ਰੂਪ ਆਪਣੇ ਸਰੂਪ ਵਿਚ ਆ ਗਿਆ।

'ਹਰਖ ਅਨੰਤ ਸੋਗ ਨਹੀ ਬੀਆ ॥
ਸੋ ਘਰੁ ਗੁਰਿ ਨਾਨਕ ਕਉ ਦੀਆ ॥' (੧੮੬)

'ਤ੍ਰਿਗੁਨ ਅਤੀਤ, ਚਤੁਰਥ ਗੁਨ ਗੰਮਿਤਾ ਕੈ,
ਪੰਚ ਤਤ ਉਲੰਘਿ ਪਰਮ ਤਤ ਵਾਸੀ ਹੈ ॥
ਖਟ ਰਸ ਤਿਆਗ, ਪ੍ਰੇਮ ਰਸ ਕਉ ਪ੍ਰਾਪਤਿ ਭਏ,
ਪੂਰ ਸੁਰ ਸਪਤਿ, ਅਨਹਦ ਅਭਿਆਸੀ ਹੈ ॥
ਅਗਾਹ ਗਿਧਾਨ ਭੇਦ, ਲਾਥਨ ਕੈ ਨਾਥ ਭਏ,
ਦਸਮ ਸਥਲ, ਸੁਖ ਸਾਗਰ ਬਿਲਾਸੀ ਹੈ ॥
ਉਨਮਨ ਮਗਨ, ਗਗਨ ਹੁਇ ਨਿਝਰ ਝਰੈ,
ਸਹਜ ਸਮਾਧਿ ਗੁਰ, ਪਰਚੈ ਉਦਾਸੀ ਹੈ ॥੩੧॥' (ਕ: ਸ੍ਵਯੇ)

'ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਸਸੈ ਨਿਰੰਕਾਰਾ ॥' (੪੮੪)

ਤਿੰਨਾਂ ਗੁਣਾਂ ਤੋਂ ਛੁਟਕਾਰਾ ਤਿੰਨਾਂ ਚੋਰਾਂ ਤੋਂ ਬਚਣਾ ਹੈ ਫਿਰ ਆਪਣੇ ਸਰੂਪ ਵਿਚ ਲੀਨ ਹੋਣਾ ਹੈ।

ਵਿਚੋਂ ਇਕ ਬ੍ਰਹਮਣ, ਇਕ ਜੱਟ ਤੇ ਇਕ ਚੰਡਾਲ ਸੀ। ਤਿੰਨੇ ਜਾਣੇ ਬ੍ਰਹਮਣ ਨੂੰ ਲੁੱਟਣ ਲੱਗੇ। ਉਸ ਨੂੰ ਬਚਾਉ ਦਾ ਇਕ ਉਪਾਅ ਸੁੱਝਿਆ। ਜੱਟ ਤੇ ਬ੍ਰਹਮਣ ਨੂੰ ਇਕ ਪਾਸੇ ਲਿਜਾ ਕੇ ਬ੍ਰਹਮਣ ਨੂੰ ਕਿਹਾ ਕਿ ਤੂੰ ਮੇਰਾ ਜਾਤੀ ਭਾਈ ਹੈਂ, ਜੱਟ ਨੂੰ ਕਿਹਾ ਤੂੰ ਮੇਰਾ ਜਜਮਾਨ ਹੈਂ, ਤੁਸੀਂ ਚੰਡਾਲ ਨੂੰ ਕਿਉਂ ਧਨ ਦਿੰਦੇ ਹੋ ? ਦੋਹਾਂ ਨੇ ਆਪਸ ਵਿਚ ਰਲ ਕੇ ਵੰਡ ਲੈਣਾ। ਉਹਨਾਂ ਚੰਡਾਲ ਨੂੰ ਆਪਣੇ ਨਾਲੋਂ ਨਿਖੇੜ ਦਿੱਤਾ। ਦੋਨੋ ਜਾਣੇ ਬ੍ਰਹਮਣ ਕੋਲੋਂ ਧਨ ਮੰਗਣ ਲੱਗੇ ਤਾਂ ਧਨੀ ਬ੍ਰਹਮਣ ਨੇ ਚੋਰ ਬ੍ਰਹਮਣ ਨੂੰ ਇਕ ਪਾਸੇ ਕਰਕੇ ਕਿਹਾ ਕਿ ਬ੍ਰਹਮਣ ਦਾ ਧਨ ਜੱਟ ਦੇ ਘਰ ਕਿਉਂ ਜਾਵੇ ? ਤੂੰ ਮੈਨੂੰ ਥੋੜ੍ਹਾ ਦੇ ਦੇਵੀਂ ਆਪਾਂ ਦੋਵੇਂ ਜਾਣੇ ਰਲ ਕੇ ਜੱਟ ਨੂੰ ਪਰੇ ਕਰ ਦੇਈਏ, ਇਸ ਤਰ੍ਹਾਂ ਹੀ ਕੀਤਾ ਗਿਆ। ਇਤਨੇ ਚਿਰ ਨੂੰ ਪਿੰਡ ਨੇੜੇ ਆ ਗਿਆ, ਚੋਰ ਬ੍ਰਹਮਣ ਨੇ ਧਨੀ ਬ੍ਰਹਮਣ ਨੂੰ ਕਿਹਾ ਕਿ ਧਨ ਦੇ ਦੇ। ਉਸ ਨੇ ਪਿੰਡ ਨੇੜੇ ਹੋਣ ਕਰਕੇ ਹੌਸਲਾ ਕੀਤਾ ਨੰਬਰਦਾਰਾਂ ਨੂੰ ਸੱਦ ਕੇ ਪਕੜਾਉਣ ਦਾ ਡਰਾਵਾ ਦੇ ਕੇ ਉਸ ਨੂੰ ਵੀ ਜਵਾਬ ਦੇ ਦਿੱਤਾ। ਭੱਜ ਕੇ ਸਹੀ ਸਲਾਮਤ ਘਰ ਪਹੁੰਚ ਗਿਆ।

ਇਸੇ ਪ੍ਰਕਾਰ ਇਹ ਜੀਵ ਬ੍ਰਹਮ ਦੀ ਜੋਤ ਹੋਣ ਕਰਕੇ ਬ੍ਰਹਮਣ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥' (੮੭੧)

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥' (੪੮੫)

'ਕਹੁ ਕਬੀਰ ਜੋ ਬ੍ਰਹਮੁ ਬੀਚਾਰੇ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥' (੩੨੪)

ਤਿੰਨ ਗੁਣ ਸਤੋ, ਰਜੋ, ਤਮੋ ਤਿੰਨ ਚੋਰ ਹਨ। ਸਤੋ ਬ੍ਰਹਮਣ ਹੈ, ਰਜੋ ਜੱਟ ਹੈ ਤੇ ਤਮੋ ਚੰਡਾਲ ਹੈ। ਇਸ ਬ੍ਰਹਮਣ ਜੀਵ ਪਾਸ ਆਤਮਾ ਧਨ ਹੈ। ਸੰਸਾਰ ਜੰਗਲ ਹੈ :-

'ਉਦਿਆਨ ਬਸਨੰ ਸੰਸਾਰੰ ਸਨਬੰਧੀ
ਸ੍ਵਾਨ ਸਿਆਲ ਖਰਹ ॥' (੧੩੫੯)

ਜੀਵ ਇਸ ਜੰਗਲ ਵਿਚ ਜੀਵਨ ਰੂਪ ਸਫਰ ਕਰ ਰਿਹਾ ਹੈ। ਆਤਮਾ ਧਨ ਲੁੱਟਣ ਨੂੰ ਇਹ ਤਿੰਨੇ ਚੋਰ ਇਸ ਨੂੰ ਚੌਬੜੇ ਹੋਏ ਹਨ। ਜਦ ਤੱਕ ਇਹ ਚੋਰ ਪਰਬਲ ਹਨ ਤਦ ਤੱਕ ਇਹ ਜੀਵ ਆਪਣੇ ਸਰੂਪ ਰੂਪੀ ਘਰ ਵਿਚ ਨਹੀਂ ਜਾ ਸਕਦਾ। ਸਤਿਗੁਰੂ ਜੀ ਦੀ ਸ਼ੁਭ ਸਿੱਖਿਆ ਲੈ ਕੇ ਇਸ ਨੇ

ਜੋ ਪਾਠ ਕਰਕੇ ਕੇਵਲ ਗੁਜ਼ਾਰਾ ਕਰਨ ਲੱਗੇ, ਉਹ ਲੱਕੜਾਂ ਵੇਚਣ ਵਾਲਿਆਂ ਦੀ ਨਿਆਈਂ ਹਨ। ਜੋ ਗੁਰਬਾਣੀ ਪੜ੍ਹਕੇ ਵੈਰਾਗ ਵਿਚ ਆਏ, ਉਹ ਚੰਦਨ ਨਾਲ ਸ਼ਾਹੂਕਾਰ ਬਣ ਗਏ। ਜੋ ਗੁਰਬਾਣੀ ਨੂੰ ਗਹੁ ਨਾਲ ਪੜ੍ਹਕੇ ਵਿਚਾਰਨ ਲੱਗੇ, ਉਨ੍ਹਾਂ ਨੂੰ ਪਾਰਸ ਦੀ ਵੱਟੀ ਭਗਤੀ ਮਿਲੀ ਜਿਸ ਕਰਕੇ ਬ੍ਰਹਮ ਗਿਆਨੀ ਰੂਪ ਵਜ਼ੀਰ ਬਣੇ।

'ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦਰ ਬਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਈ ॥
ਜੈਸੇ ਪਰਬਤ ਹੀਰਾ ਮਾਨਿਕ ਪਾਰਸ ਸਿਧ,
ਖਨਵਾਰਾ ਖਨ ਜਗ ਵਿਖੈ ਪ੍ਰਗਟਾਵਈ ॥
ਜੈਸੇ ਬਨ ਬਿਖੈ ਮਲਿਆਗਰ ਸੋਧਾ ਕਪੂਰ,
ਸਧ ਕੇ ਸੁਬਾਸਾਂ ਸੁਬਾਸ ਬਿਹਸਾਵਈ ॥
ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ,
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ ॥੫੪੬॥' (ਕ:ਸ੍ਵਯੇ)

ਜਿਸ ਤਰ੍ਹਾਂ ਕਿ ਸਮੁੰਦਰ ਵਿਚ ਸਾਰੀਆਂ ਨਿਧਾਂ ਪੂਰਨ ਹਨ, ਪਰ ਹੰਸ ਤੇ ਮਰਜੀਵੜਾ ਜ਼ਰੂਰ ਹੀ ਸਮੁੰਦਰ ਪਾਸੋਂ ਉਨ੍ਹਾਂ ਨੂੰ ਪ੍ਰਸ਼ਾਦ ਲੈਣ ਵਾਂਗੂ ਪਾ ਲੈਂਦਾ ਹੈ। ਜਿਸ ਤਰ੍ਹਾਂ ਪਹਾੜ ਵਿਚ ਹੀਰਾ ਮਾਨਕ ਤੇ ਪਾਰਸ ਆਦਿਕ (ਸਿਧ) ਵਸਤਾਂ ਹਨ, ਜਿਨ੍ਹਾਂ ਨੂੰ ਖਾਨ ਪੁੱਟਣ ਵਾਲਾ ਪਹਾੜ ਨੂੰ ਖੋਦ ਖੋਦ ਕੇ ਜਗਤ ਵਿਚ ਪ੍ਰਗਟ ਕਰਦਾ ਹੈ। ਜਿਸ ਤਰ੍ਹਾਂ ਬਨ ਵਿਚ ਮਲਿਆਗਰ (ਚੰਦਨ) ਤੇ ਸੋਧਾ ਕਪੂਰ (ਜਖੀਆ ਕਪੂਰ) ਆਦਿਕ ਸੁਗੰਧਤ ਵਸਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ (ਸੁਬਾਸੀ) ਵਾਸ਼ਨਾ ਸੁੰਘ ਕੇ ਵਸਤਾਂ ਲੱਭਣ ਵਾਲਾ ਸੋਂਘਾ (ਸੋਧ ਕੇ) ਖੋਜ ਕਰਕੇ ਲੱਭ ਲੈਂਦਾ ਹੈ ਅਤੇ ਉਹਨਾਂ ਦੀ ਸ਼ੁਭ ਵਾਸ਼ਨਾਂ ਨਾਲ ਜਗਤ ਨੂੰ (ਬਿਹਸਾਵਈ) ਸੁਗੰਧਤ ਕਰ ਦਿੱਤਾ ਕਰਦਾ ਹੈ। ਉਸੇ ਤਰ੍ਹਾਂ ਗੁਰਬਾਣੀ ਵਿਚ ਸਾਰੇ ਹੀ ਪਦਾਰਥ ਹਨ, ਜੇਹੜਾ ਖੋਜੇਗਾ, ਓਹੀ ਓਹੀ ਪਦਾਰਥਾਂ ਨੂੰ ਗੁਰਬਾਣੀ ਵਿਚੋਂ ਪੈਦਾ ਕਰ ਲਵੇਗਾ।

ਚਿੰਤਾਮਣੀ ਬ੍ਰਹਮ ਵਿਦਿਆ ਹੈ ਜਿਸ ਨਾਲ ਨਿਜ ਸਰੂਪ ਦੀ ਪ੍ਰਾਪਤੀ ਰੂਪੀ ਪਾਤਸ਼ਾਹੀ ਪਾ ਲਈ।

੧੭. ਸਿਆਣੇ ਬ੍ਰਾਹਮਣ ਦਾ ਅਲੰਕਾਰ

ਇਕ ਬ੍ਰਾਹਮਣ ਨੇ ਬਹੁਤ ਵਿੱਦਿਆ ਪੜ੍ਹੀ। ਬਹੁਤ ਧਨ ਖੱਟ ਕੇ ਜੰਗਲ ਵਿਚੋਂ ਦੀ ਲੰਘ ਰਿਹਾ ਸੀ। ਉਸ ਦੇ ਮਗਰ ਤਿੰਨ ਚੋਰ ਲੱਗ ਤੁਰੇ। ਚੋਰਾਂ

੧੬. ਰਾਜੇ ਦਾ ਪਰਜਾ ਨੂੰ ਬਾਗ ਦੇਣ ਦਾ ਅਲੰਕਾਰ

ਇਕ ਰਾਜੇ ਨੇ ਆਪਣੇ ਸ਼ਹਿਰ ਵਿਚ ਪਰਜਾ ਦੇ ਸੁਖ ਵਾਸਤੇ ਬਹੁਤ ਚੰਗੇ ਨਿਯਮ ਬਣਾਏ। ਪ੍ਰੰਤੂ ਉਸ ਦੇ ਭਰਾ, ਭਾਈਆਂ ਤੇ ਸੰਬੰਧੀਆਂ ਤੇ ਨਿਕਟਵਰਤੀਆਂ ਨੇ ਨਾ ਮੰਨੇ। ਪਹਿਲੋਂ ਤਾਂ ਸਭ ਨੂੰ ਦੇਸ਼ ਨਿਕਾਲਾ ਦੇ ਦਿੱਤਾ ਪਰ ਫਿਰ ਮਿਹਰ ਕੀਤੀ ਤੇ ਵੱਡਾ ਸਾਰਾ ਬਾਗ ਉਹਨਾਂ ਦੇ ਰਹਿਣ ਵਾਸਤੇ ਦੇ ਦਿੱਤਾ ਕਿ ਉਥੇ ਰਹਿ ਕੇ ਗੁਜ਼ਾਰਾ ਕਰਿਆ ਕਰਨ। ਕਈਆਂ ਨੇ ਤਾਂ ਹੱਥ ਪੈਰ ਹੀ ਨਾ ਹਿਲਾਏ ਤੇ ਭੁੱਖੇ ਮਰਦੇ ਪ੍ਰਾਣ ਤਿਆਗ ਗਏ। ਬਹੁਤ ਸਾਰੇ ਲੋਕ ਲੱਕੜੀਆਂ ਕੱਟ ਕੱਟ ਕੇ ਵੇਚ ਕੇ ਗੁਜ਼ਾਰਾ ਕਰਦੇ ਰਹੇ। ਕਈਆਂ ਨੇ ਉਸੇ ਬਾਗ ਵਿਚੋਂ ਚੰਦਨ ਦੇ ਬੂਟੇ ਲੱਭ ਲਏ ਤੇ ਸ਼ਾਹੂਕਾਰ ਬਣ ਗਏ। ਇੱਕ ਨੂੰ ਉਥੋਂ ਮਿੱਟੀ ਪੁਟਦੇ ਪੁੱਟਦੇ ਨੂੰ ਪਾਰਸ ਲੱਭ ਪਿਆ ਜੋ ਅੱਠ ਧਾਤਾਂ ਨੂੰ ਛੂਹਾ ਕੇ ਸੋਨਾ ਬਨਾਉਣ ਲੱਗ ਪਿਆ। ਇਕ ਹੋਰ ਨੂੰ ਉਥੋਂ ਪੁੱਟਦਿਆਂ ਚਿੰਤਾਮਣੀ ਲੱਭੀ, ਜਿਸ ਤੋਂ ਜੋ ਮੁਰਾਦ ਮੰਗੇ ਉਹ ਪੂਰੀ ਹੋ ਜਾਵੇ। ਰਾਜੇ ਨੇ ਸਭ ਨੂੰ ਬੁਲਾਇਆ। ਚਿੰਤਾਮਣੀ ਵਾਲੇ ਨੂੰ ਰਾਜਾ, ਪਾਰਸ ਵਾਲੇ ਨੂੰ ਵਜ਼ੀਰ ਤੇ ਚੰਦਨ ਦੇ ਬੂਟਿਆਂ ਵਾਲੇ ਨੂੰ ਅਹਿਲਕਾਰ ਬਣਾ ਕੇ ਸਭ ਨੂੰ ਆਪਣਾ ਆਪਣਾ ਹੱਕ ਦੇ ਦਿੱਤਾ।

ਇਸੇ ਤਰ੍ਹਾਂ ਅਕਾਲ ਪੁਰਖ ਹੈ ਰਾਜਾ, ਸਾਰਿਆਂ ਵਿਚ ਚੇਤਨ ਦੀ ਅੰਸ ਹੋਣੇ ਕਰਕੇ ਸਾਰੇ ਜੀਵ ਉਸਦੇ ਭਰਾ, ਭਾਈ, ਸੰਬੰਧੀ ਹਨ। ਰੱਬੀ ਹੁਕਮ ਕਾਨੂੰਨ ਹਨ। ਜਿਨ੍ਹਾਂ ਨੇ ਨਾ ਮੰਨੇ ਉਨ੍ਹਾਂ ਨੂੰ ਚੌਰਾਸੀ ਲੱਖ ਜੂਨਾਂ ਰੂਪੀ ਉਜਾੜ ਵਿਚ ਛੱਡ ਦਿੱਤਾ। ਫਿਰ ਮਿਹਰ ਕਰ ਕੇ ਜੀਵਾਂ ਨੂੰ ਮਨੁੱਖਾ ਜਨਮ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਾਗ ਬਖ਼ਸ਼ਿਆ।'

'ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ॥
ਸਭਨਾ ਫਲੁ ਲਾਗੈ ਨਾਮ ਏਕੋ ਬਿਨੁ ਕਰਮਾ ਕੈਸੇ ਲੇਹੀ॥' (੩੫੪)

ਜਿਨ੍ਹਾਂ ਨੇ ਗੁਰਬਾਣੀ ਨਾ ਪੜ੍ਹੀ, ਉਹ ਭੁੱਖੇ ਹੀ ਮਰ ਗਏ।

ਯਥਾ:-'ਜਿਨੀ ਐਸਾ ਹਰਿ ਨਾਮੁ ਨ ਚੇਤਿਓ,ਸੇ ਕਾਹੇ ਜਗਿ ਆਏ ਰਾਮ ਰਾਜੇ॥
ਇਹੁ ਮਾਣਸ ਜਨਮੁ ਦੁਲੰਭੁ ਹੈ, ਨਾਮ ਬਿਨਾ ਬਿਰਥਾ ਸਭੁ ਜਾਏ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ, ਅਗੈ ਭੁਖਾ ਕਿਆ ਖਾਏ॥
ਮਨਮੁਖਾ ਨੋ ਫਿਰਿ ਜਨਮੁ ਹੈ, ਨਾਨਕ ਹਰਿ ਭਾਏ॥੨॥' (੪੫੦)

ਤਥਾ :-'ਚੁਗਲ ਨਿੰਦਕ ਭੁਖੇ ਰੁਲਿ ਮੁਏ,
ਏਨਾ ਹਥੁ ਨ ਕਿਥਾਊ ਪਾਇ॥" (੧੪੧੭)

ਮਹਾਤਮਾ ਜਨ ਗੁਰਸਿੱਖ ਜਿੱਤ ਲੈਂਦੇ :-'ਮਨਿ ਜੀਤੈ ਜਗੁ ਜੀਤੁ ॥' (੬) ਸਾਹੀ ਦੁਨੀਆਂ ਨੂੰ ਫਤਹਿ ਕਰ ਲੈਂਦੇ ਹਨ ਉਹ।

ਨਾਨਕ ਵਸੇ ਕਰੋਤਿ ਪੰਚ ਤਸਕਰਹ ॥ :-ਇਹ ਜਿਹੜੇ ਪੰਜ ਸਾਰੇ ਸੰਸਾਰ ਨੂੰ ਜਿੱਤਣ ਵਾਲੇ, ਆਸਰੀ ਸੰਪਦਾ ਵਾਲੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਹਨ, ਉਹਨਾਂ ਨੇ ਵੱਸ ਕਰ ਲਏ। ਏਸ ਕਰਕੇ ਕੁੱਲ ਸੰਸਾਰ ਤੇ ਉਨਾਂ ਨੇ ਫਤਹਿ ਪਾ ਲਈ ਹੈ, ਮਨ ਦੇ ਜਿੱਤਣੇ ਕਰਕੇ ਉਹ ਜਿੱਤ ਗਏ ਹਨ। ਦੇਹ ਅਧਿਆਸ ਦੇਹ ਅਭਿਮਾਨ ਵਾ ਪੁਰਜਾ ਪੁਰਜਾ ਹੋ ਕੇ ਜੀਵਤ ਭਾਵ ਤੋਂ ਮਰਨਾ ਹੈ।

'ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥' (੧੩੬੫)
ਕਬੀਰ ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ (੧੩੬੫)
'ਸਹਜੇ ਮਰੈ ਅਮਰ ਹੋਇ ਸੋਈ ॥' (੩੨੭)

ਸਾਖੀ ਚੇਤਨ ਸ੍ਰੀ ਗੁਰੂ ਗੋਬਿੰਦ ਜੀ ਹਨ। ਜੋ ਬ੍ਰਿਤੀ ਪਹਿਲਾਂ ਸੰਸਾਹਾਕਾਰ ਸੀ ਇਹ ਬੇਦਾਵਾ ਸੀ। ਜਦੋਂ ਸੰਸਾਹ ਵਲੋਂ ਤੋੜੀ ਇਹ ਬੇਦਾਵਾ ਪਾੜਿਆ।

'ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥' (੬੯੮)
ਜਦੋਂ ਬਿਰਤੀ ਬ੍ਰਹਮਾਕਾਰ ਕਰ ਲਈ ਇਹ ਟੁੱਟੀ ਗੰਢੀ ਗਈ ਹੈ।
'ਟੂਟੀ ਗਾਢਨਹਾਰ ਗੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥''(੨੮੨)
'ਤੂਟੀ ਤੁਮਹੀ ਜੋਰੀ ॥'' (੧੨੧੭)
'ਮੂ ਲਾਲਨ ਸਿਉ ਪ੍ਰੀਤ ਬਨੀ ॥ ਰਹਾਉ ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿਚ ਤਨੀ ॥'' (੮੨੭)
'ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥
ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖ ਬਿਦਾਰਿਓ ॥੧॥
ਹਰਿ ਜਨ ਰਾਖੇ ਗੁਰ ਗੋਬਿੰਦ ॥ਕੰਠਿ ਲਾਇ ਅਵਗੁਣ ਸਭਿ ਮੇਟੇ
ਦਇਆਲ ਪੁਰਖ ਬਖਸੰਦ ॥' (੬੮੧)

ਉਹਨਾਂ ਦੀ ਯਾਦ ਵਿਚ ਮੁਕਤੀਸਰ ਗੁਰੂ ਕੀ ਸਾਧ ਸੰਗਤ ਸਦਾ ਲਈ ਪ੍ਰਗਟ ਕਰ ਦਿੱਤੀ ਜੋ ਸ੍ਰਵਣ ਮੰਨਣ ਨਿਧਿਆਸਣ ਰੂਪ ਇਸ਼ਨਾਨ ਕਰਨ ਉਹ ਵੀ ਮੁਕਤ ਹੋ ਜਾਂਦੇ ਹਨ।

ਦੇ ਅੰਦਰ ਸ਼ਬਦ ਵਸਦਾ ਹੈ ਉਸ ਦੇ ਅੰਦਰ ਤਰਕ ਕਿਸੇ ਦੀ ਕੀ ਕਰ ਸਕੇਗੀ ? ਉਹ ਅਚੱਲ ਹੈ।

ਆਰੂੜਤੇ ਅਸ੍ਵ ਰਥ ਨਾਗਹ :-ਘੋੜਿਆਂ ਤੇ ਰੱਥਾਂ ਤੇ ਵੀ (ਨਾਗਹ) ਹਾਥੀਆਂ ਤੇ ਵੀ ਚੜ੍ਹਦੇ ਹਨ ਇਹ ਬਾਹਰਲੀ ਸੈਨਾ ਹੈ। ਏਸੇ ਪ੍ਰਕਾਰ (ਆਰੂੜਤੇ) ਜੋ ਸਰਵਣ ਕਰਦੇ ਹਨ ਉਹ ਘੋੜਿਆਂ ਤੇ ਅਸਵਾਰ ਹਨ ਅਤੇ ਜਿਹੜੇ ਮੰਨਣ ਕਹਦੇ ਹਨ ਉਹ ਰੱਥਾਂ ਤੇ ਜੰਗੀ ਮੋਟਰਾਂ ਉਤੇ ਅਸਵਾਰ ਹਨ। ਜਿਹੜੇ ਨਿਧਿਆਸਣ ਕਰਦੇ ਹਨ ਉਹ (ਨਾਗਹ) ਹਾਥੀਆਂ ਤੇ ਅਸਵਾਰ ਫੌਜ ਹੈ।

ਬੁਝੰਤੇ ਪ੍ਰਭ ਮਾਰਗਹ ॥ :-(ਬੁਝੰਤੇ) ਅਤੇ ਰਸਤੇ ਕਿਹੜੇ ਤੁਰਦੇ ਹਨ ? ਫੌਜੀ ਜਿਵੇਂ ਮਾਰਚ ਕਰਦੇ ਜੰਗ ਵਾਸਤੇ ਜਾਂਦੇ ਹੋਣ। ਪ੍ਰਭੂ ਦੇ ਮਾਰਗ ਨੂੰ ਜਿਹੜਾ ਬੁਝਣਾ ਹੈ, ਜਗਿਆਸੂਆਂ ਦਾ ਇਹ ਰਸਤਾ ਹੈ, ਇਸ ਰਸਤੇ ਚਲਦੇ ਹਨ।

ਬਿਚਰਤੇ ਨਿਰਭਯੰ ਸਤ੍ਰ ਸੈਨਾ :-(ਸਤ੍ਰ) ਅਗਿਆਨ ਦੁਸ਼ਮਨ ਦੀ ਜੋ ਫੌਜ ਹੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਪ੍ਰਵਿਰਤੀ ਤੋਂ ਪੈਦਾ ਹੋਈ। ਗੁਰਮੁਖ ਉਹਨਾਂ ਤੋਂ ਨਿਰਭਉ ਹੋ ਕੇ ਵਿਚਰ ਰਹੇ ਹਨ। ਉਹਨਾਂ ਦੇ ਅੰਦਰ ਕਿਸੇ ਪ੍ਰਕਾਰ ਦਾ ਕਾਮ ਦਾ ਅਸਰ ਨਹੀਂ ਹੁੰਦਾ, ਮੋਹ ਦਾ ਅਸਰ ਨਹੀਂ ਹੁੰਦਾ। ਸਦਾ ਨਿਰਭਉ ਇਕ ਰਸ (ਸਹਿਜ ਦੀ) ਅਵਸਥਾ ਵਿਚ ਵਿਚਰਦੇ ਹਨ।

ਧਾਯੰਤੇ ਗੋਪਾਲ ਕੀਰਤਨਹ ॥ :-ਜਦੋਂ ਔਖੀ ਥਾਂ ਹੋਵੇ ਉਥੇ ਸੂਰਮਿਆਂ ਨੂੰ ਇਕੱਠਿਆਂ ਧਾਵਾ ਕਰਨਾ ਪੈਂਦਾ ਹੈ। ਏਸੇ ਤਰ੍ਹਾਂ ਜਿਹੜਾ ਗੁਰਬਾਣੀ ਦਾ ਹੱਲੇ ਦਾ ਕੀਰਤਨ ਕਰਨਾ, ਇਕੱਠਿਆਂ ਧਾਵਾ ਬੋਲਣਾ ਹੈ, ਸਾਰਿਆਂ ਨੇ ਰਲ ਕੇ ਉਚਾਰਨ ਕਰਨਾ ਕੋਈ ਜ਼ਬਾਨ ਖਾਲੀ ਨਾ ਰਹੇ। ਜਿਸ ਪ੍ਰਕਾਰ ਜਿਥੇ ਬੰਦੂਕ ਦਾ ਖੜਕਾ ਹੋਵੇ ਉਥੋਂ ਬ੍ਰਿਛ ਤੋਂ ਜਾਨਵਰ ਉੱਡ ਜਾਂਦੇ ਹਨ ਜਿਸ ਮੂੰਹ ਤੋਂ ਸ਼ਬਦ ਦਾ ਉਚਾਰਨ ਹੋਵੇ ਉਸਦੇ ਪਾਪ ਉੱਡ ਜਾਂਦੇ ਹਨ ਜਾਨਵਰਾਂ ਦੀ ਨਿਆਈ। ਜਿਹੜਾ (ਗੋਪਾਲ) ਅਕਾਲ ਪੁਰਖ ਦਾ ਕੀਰਤਨ ਕਰਨਾ ਹੈ, ਇਹ ਧਾਵਾ ਬੋਲਕੇ ਇਕੱਠੇ ਹੱਲੇ ਦੇ ਨਾਲ ਸ਼ਬਦ ਉਚਾਰਨ ਕਰਨਾ ਹੈ। ਇਸ ਧਾਵੇ ਦੇ ਨਾਲ :-

ਜਿਤਤੇ ਬਿਸ੍ਵ ਸੰਸਾਰਹ :-ਇਹ (ਬਿਸ੍ਵ) ਸਾਰੇ ਸੰਸਾਰ ਨੂੰ

ਸੈਨਾ ਸਾਧ ਸਮੂਹ ਸੂਰ ਅਜਿੰਤ :-ਉਨ੍ਹਾਂ ਸਾਧਾਂ, ਸੰਤਾਂ ਚਾਲੀ ਮੁਕਤਿਆਂ ਦੇ ਪਾਸ ਜਿਹੜੇ ਸਾਧਨ ਕਰਨ ਵਾਲੇ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਇਹ ਸਾਧਨ ਹਨ, ਇਹ ਸਾਰੀ ਦੈਵੀ ਸੰਪਦਾ ਦੀ ਪੈਦਲ ਸੈਨਾ ਹੈ। ਇਹ ਜਿਹੜੇ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਆਦਿਕ ਸਾਧਨ ਹਨ ਇਹ ਸਾਧਾਂ ਦੀ ਸੈਨਾ ਹੈ। ਸਮੂਹ ਜਿਹੜੇ ਸਾਧੂ ਹਨ ਇਹ ਪੈਦਲ ਫੌਜ ਬਣੀ ਹੋਈ ਹੈ, ਜੋ ਸੇਵਾ ਕਰਦੇ ਹਨ ਧਾਰਨ ਕਰਦੇ ਹਨ, ਨਿਸ਼ਕਾਮ ਹੋ ਕੇ ਟਹਿਲ ਕਰਦੇ ਹਨ।

ਸੂਰ ਅਜਿਤ :-ਅਤੇ (ਸੂਰ) ਅਜਿੱਤ ਸੂਰਮੇ ਹਨ, ਉਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ। ਕਾਮ ਕ੍ਰੋਧ ਜਿਹੜੇ ਸੂਰਮੇ ਅਜਿੱਤ ਸਨ, ਉਨ੍ਹਾਂ ਨੂੰ ਜਿੱਤ ਲਿਆ ਹੈ।

ਸੰਨਾਹੰ ਤਨਿ ਨਿੰਮ੍ਰਤਾਹ ॥ :-ਜਿਹੜੀ ਨਿੰਮ੍ਰਤਾ ਰੱਖਦੇ ਹਨ ਇਹ ਸੰਜੋਅ ਪਹਿਰੀ ਹੋਈ ਹੈ ਸਰੀਰ ਤੇ ਅਤੇ ਸਰੀਰ ਕਰਕੇ ਕਿਸੇ ਨੂੰ ਦੁੱਖ ਨਹੀਂ ਦਿੰਦੇ। ਬਾਣੀ ਕਰਕੇ ਕਿਸੇ ਨੂੰ ਬੁਰਾ ਨਹੀਂ ਚਿਤਵਦੇ, ਨਾ ਹੀ ਮਨ ਕਰਕੇ ਬੁਰਾ ਚਿਤਵਦੇ ਹਨ। ਸਰੀਰ ਨਿਰਮਾਣੀ 'ਚ ਰੱਖਦੇ ਹਨ, ਚਿਤ ਕੋਮਲ ਰੱਖਦੇ ਹਨ। ਕਿਸੇ ਦੇ ਸਿਰ ਨਹੀਂ ਹੁੰਦੇ। ਆਪ ਨੀਵੇਂ ਬਣ ਕੇ ਦਿਨ ਕੱਟ ਲੈਂਦੇ ਹਨ ਇਹ ਨਿਮ੍ਰਤਾ ਰੂਪੀ ਸੰਜੋਅ ਉਹਨਾਂ ਨੇ ਪਹਿਰੀ ਹੋਈ ਹੈ।

ਆਵਧਹ ਗੁਣ ਗੋਬਿੰਦ ਰਮਣੰ :-ਜੋ ਗੋਬਿੰਦ ਦੇ ਗੁਣਾਂ ਦਾ ਉਚਾਰਨ ਕਰਨਾ ਇਹ ਸ਼ਸਤਰ ਪਕੜੇ ਹੋਏ ਹਨ। ਭਗਤੀ ਰੂਪ ਤੇਗਾ ਹੈ। ਬ੍ਰਹਮ ਗਿਆਨ ਰੂਪ ਉਹਨਾਂ ਦੇ ਪਾਸ ਖੰਡਾ ਹੈ। ਜਿਹੜੀ ਸੁਰਤ ਪ੍ਰਮੇਸ਼ਰ ਵਿਚ ਜੋੜਨੀ ਹੈ, ਬ੍ਰਹਮਾਕਾਰ ਬਿਰਤੀ ਕਰਕੇ ਇਹ ਤੋਪ ਹੈ। ਉਹਨਾਂ ਦੇ ਪਾਸ ਗਿਆਨ ਦਾ ਗੋਲਾ ਹੈ, ਧਰਮ ਦਾ ਧਨੁੱਖ ਹੈ, ਪ੍ਰੇਮ ਦੇ ਤੀਰ ਹਨ। ਇਸ ਪ੍ਰਕਾਰ ਸਸ਼ਤਰਧਾਰੀ ਸੂਰਮੇ ਹਨ।

ਓਟ ਗੁਰ ਸਬਦ ਕਰ ਚਰਮਣਹ ॥ :-ਜਿਹੜੀ ਗੁਰੂ ਸਾਹਿਬ ਦੇ ਸ਼ਬਦ ਦੀ ਓਟ ਗ੍ਰਹਿਣ ਕਰਨੀ ਹੈ ਇਹ (ਚਰਮ) ਗੈਂਡੇ ਦੇ ਚੰਮ ਦੀ ਢਾਲ ਲੋਕਾਂ ਨੇ ਬਹੁਤ ਪੱਕੀ ਮੰਨੀ ਸੀ, ਇਹ ਢਾਲ ਹੈ। ਉਸ ਨੂੰ ਦੁਨੀਆਂ ਦੀਆਂ ਤਰਕਾਂ ਰੂਪੀ ਤਲਵਾਰਾਂ ਨਹੀਂ ਵਿੰਨ੍ਹ ਸਕਦੀਆਂ। ਗੁਰੂ ਸਾਹਿਬ ਦੇ ਸ਼ਬਦ ਦੀ ਜਿਹੜੀ ਓਟ ਹੈ ਉਸ ਨੂੰ ਕਿਸੇ ਦੀ ਤਰਕ ਨਹੀਂ ਤੋੜ ਸਕਦਾ। ਬਾਕੀ ਦੇ ਲੋਕਾਂ ਨੂੰ ਦਲੀਲਾਂ ਦੇ ਕੇ ਦੁਨੀਆਂ ਦੇ ਲੋਕ ਗੇਰ ਦਿੰਦੇ ਹਨ। ਜਿਸ

ਦੀ ਤਿਆਰੀ ਕਰਨ ਤੱਕ ਵੀ ਸੈਨਤਾਂ ਨਾਲ ਸਬੰਧੀਆਂ ਨੂੰ ਘਰ ਦੇ ਕੰਮਾਂ ਦੀ ਸੋਝੀ ਦੇਂਦਾ ਹੈ। ਭਾਵ ਸਮਝੌਂਦਾ ਹੈ। ਇਹ ਜੀਵ ਅਜੇ ਤੱਕ ਵੀ ਨੇਤ੍ਰਾਂ ਦੀ ਕੰਗਾਲੀ ਨਹੀਂ ਛੱਡਦਾ ਭਾਵ ਮੋਹ ਨਹੀਂ ਛੱਡਦਾ। ਕਾਲ ਰੂਪੀ ਸ਼ਿਕਾਰੀ ਜੀਵ ਰੂਪੀ ਤੋਤੇ ਨੂੰ ਚੁਰਾਸੀ ਲੱਖ ਜੂਨ ਰੂਪ ਪਿੰਜਰੇ ਵਿਚ ਪਾ ਦਿੰਦਾ ਹੈ।

੧੬. ਮੁਕਤਸਰ ਸਾਹਿਬ ਦਾ ਅਲੰਕਾਰ

ਸਰੀਰ ਰੂਪੀ ਮੁਕਤਸਰ, ਅੰਤਹਕਰਣ ਰੂਪ ਖਿਦਰਾਣੇ ਦੀ ਢਾਬ, ਆਸਰੀ ਸੰਪਦਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਤੁਰਕਾਂ ਦੀ ਫ਼ੌਜ, ਇਸਦਾ ਜਰਨੈਲ ਅਗਿਆਨ ਰੂਪ ਵਜੀਦਾ ਹੈ, ਮੰਦੇ ਸੰਕਲਪਾਂ ਵਿਕਲਪਾਂ ਰੂਪੀ ਘੋੜਿਆਂ ਤੇ ਚੜ੍ਹੇ ਹਨ। ਖਾਣ ਪੀਣ ਭੋਗਣ ਦਾ ਸੁਆਦ, ਇਹ ਸੰਜੋਆਂ ਅਤੇ ਮਮਤਾ ਦੇ ਟੋਪ ਪਹਿਨੇ ਹੋਏ ਹਨ। ਕਬੁੱਧੀ ਰੂਪੀ ਕਮਾਨਾਂ ਤੇ ਤ੍ਰਿਸ਼ਨਾਂ ਦੇ ਤੀਰ ਇਹਨਾਂ ਕੋਲ ਹਨ।

ਯਥਾ :-'ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥
ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨਾ ਜਾਈ ॥'(੧੧੬੧)

ਦੂਜੇ ਪਾਸੇ ਬਿਬੇਕ ਰੂਪੀ ਭਾਈ ਮਹਾਂ ਸਿੰਘ ਜੀ ਹੈ। ਸੁਮੱਤੀ ਵਾ ਆਤਮ ਵਿਸ਼ੈਣੀ ਬੁੱਧ ਮਾਤਾ ਭਾਗ ਕੌਰ ਨਾਲ ੪੦ ਮੁਕਤੇ ਇਹ ਹਨ। ਪੰਜੇ ਗਿਆਨ ਇੰਦ੍ਰੇ, ਪੰਜੇ ਕਰਮ ਇੰਦ੍ਰੇ, ਪੰਜੇ ਸ਼ਬਦ ਸਪਰਸਾਦਿ ਤੇ ਪੰਜ ਕਾਮਾਦਿਕਾਂ ਦਾ ਦਮਨ ਕਰਨਾ (ਵੱਸ ਕਰਨਾ) ਇਹ ੨੦ ਹਨ। ਪੰਜ ਧਾਹਰਲੇ ਪ੍ਰਾਣ :-ਪਾਨ, ਅਪਾਨ, ਸਮਾਨ, ਵਿਗਿਆਨ ਤੇ ਉਦਿਆਨ, ਪੰਜ ਪ੍ਰਕਾਰ ਦੀ ਸਰੀਰ ਅੰਦਰਲੀ ਪੌਣ ਤ੍ਰਿਕੁਲ ਧਣੱਜੈ ਆਦਿਕ ਇਹਨਾਂ ਦਾ ਰੋਕਣਾ ਪੰਜਾਂ ਤੱਤਾਂ ਦਾ ਧਾਰਨਾ:-ਧਰਤੀ ਚੋਂ ਖਿਮਾਂ,ਅਕਾਸ਼ ਵਿਚੋਂ ਨਿਰਖੋਭਤਾ, ਪੌਣ ਚੋਂ ਨਿਰਲੇਪਤਾ, ਜਲ ਵਿਚੋਂ ਨਿਰਮਲਤਾ, ਅਗਨੀ ਵਿਚੋਂ ਪ੍ਰਕਾਸ਼ ਤੇ ਪੰਜ ਸਤ ਸੰਤੋਖ ਆਦਿਕ ਗ੍ਰਹਿਣ ਕਰਨਾ ਇਹ ੨੦ ਹਨ, ਸਾਰੇ ਚਾਲੀ ਹਨ। ਇਹਨਾਂ ਦੀਆਂ ਅਸਵਾਰੀਆਂ ਦੇ ਸ਼ਸਤਰ ਬਸਤਰ ਇਸ ਪ੍ਰਕਾਰ ਹਨ :

ਅਥਵਾ:-'ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥
ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ ॥
ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥
ਖਿਚਰਤੇ ਨਿਰਭਯੰ ਸਤ੍ਰ ਸੈਨਾ ਪਾਯੰਤੇ ਗੁੰਪਾਲ ਕੀਰਤਨਹ ॥
ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੰ ਪੰਚ ਤਸਕਰਹ ॥' (੧੩੫੯)

ਦਾ ਤਿਆਗ ਕਰਕੇ ਗੁਰ ਚਰਨਾਂ ਵਿਚ ਪ੍ਰੀਤੀ ਲਾਵੇ।

'ਗੁਰਸਿੱਖ ਮੀਤ ਚਲਹੁ ਗੁਰ ਚਾਲੀ ॥
ਜੋ ਗੁਰੁ ਕਹੈ ਸੋਈ ਭਲ ਮਾਨਹੁ
ਹਰਿ ਹਰਿ ਕਥਾ ਨਿਰਾਲੀ ॥' (੬੬੭)

੧੫. ਤੋਤਾ ਪਕੜਨ ਦਾ ਅਲੰਕਾਰ

'ਜਿਉ ਨਲਨੀ ਭ੍ਰਮਿ ਸੂਆ' ॥ (੬੫੪)

ਤੋਤੇ ਨੂੰ ਪਕੜਨ ਵਾਸਤੇ ਸ਼ਿਕਾਰੀ ਦੋ ਕਿੱਲੇ ਗੱਡਕੇ ਉਸਦੇ ਵਿਚ ਤੱਕਲਾ, ਵਿਚ ਨੜਾ ਪਾ ਦਿੰਦੇ ਹਨ। ਹੇਠ ਇਕ ਬੱਠਲ ਪਾਣੀ ਦਾ ਭਰ ਕੇ ਰੱਖ ਦਿੰਦੇ ਹਨ, ਨਾਲ ਅਨਾਰ ਰੱਖ ਦਿੰਦੇ ਹਨ। ਤੋਤਾ ਅਨਾਰ ਖਾਣ ਦਾ ਬੜਾ ਪ੍ਰੇਮੀ ਹੁੰਦਾ ਹੈ। ਉਸਨੂੰ ਖਾਣ ਵਾਸਤੇ ਜਦੋਂ ਨੇੜੇ ਦੇ ਉਪਰ ਆ ਕੇ ਬੈਠਦਾ ਹੈ, ਉਹ ਨੜਾ ਝੱਟ ਘੁੰਮ (ਫਿਰ) ਜਾਂਦਾ ਹੈ। ਤੋਤਾ ਆਪਣੇ ਪੌਂਹਚੇ ਘੁੱਟ ਕੇ ਨੜੇ ਨਾਲ ਪਾ ਲੈਂਦਾ ਹੈ ਤਾਂ ਕਿ ਡੁੱਬ ਨਾ ਜਾਵਾਂ। ਉਸਦੀਆਂ ਅੱਖਾਂ ਪਾਣੀ ਨੇੜੇ ਜਾ ਲਗਦੀਆਂ ਹਨ। ਉਸਨੂੰ ਉਹ ਬੱਠਲ ਦਾ ਪਾਣੀ ਸਮੁੰਦਰ ਤਰ੍ਹਾਂ ਲੱਗਦਾ ਹੈ। ਉਪਰੋਂ ਤਾਹਦਾ ਪੌਂਹਚੇ ਨਹੀਂ ਛੱਡਦਾ। ਸ਼ਿਕਾਰੀ ਉਪਰੋਂ ਆ ਕੇ ਪਕੜਕੇ ਖਿਚ ਕੇ ਪੌਂਹਚੇ ਛੁਡਾਉਂਦਾ ਹੈ ਤੇ ਪਿੰਜਰੇ ਵਿਚ ਪਾ ਲੈਂਦਾ ਹੈ।

ਏਸੇ ਪ੍ਰਕਾਰ ਜੀਵ ਰੂਪੀ ਤੋਤਾ ਹੈ (ਰਾਗ) ਕਿਸੇ ਨਾਲ ਅਕਾਰਣ ਪ੍ਰੇਮ ਤੇ (ਦ੍ਵੇਖ) ਕਿਸੇ ਨਾਲ ਵੈਰ. ਇਹ ਦੋ ਕਿੱਲੇ ਹਨ। ਮੋਹ ਰੂਪੀ ਤੱਕਲਾ ਹੈ। ਵਾਸ਼ਨਾਂ ਰੂਪ ਨੜਾ ਹੈ, ਗ੍ਰਿਸਤ ਰੂਪੀ ਬੱਠਲ ਹੈ ਵਿਚ ਪਦਾਰਥਾਂ ਰੂਪ ਪਾਣੀ ਹੈ। ਇਸਤ੍ਰੀ ਦਾ ਸੁੰਦਰ ਮੁਖ ਅਥਵਾ ਵਿਸ਼ੇ ਸੁਖ ਰੂਪ ਅਨਾਰ ਹੈ। ਜੀਵ ਰੂਪੀ ਤੋਤਾ ਬਿਧ ਨਿਖੇਧ ਕਰਮ ਰੂਪ ਖੰਭਾਂ ਵਾਲਾ ਹੈ। ਸੰਕਲਪ ਵਿਕਲਪ ਰੂਪ ਇਸਦੇ ਪੈਰ ਹਨ। ਵਿਸ਼ੇ ਸੁਖ ਰੂਪ ਅਨਾਰ ਨੂੰ ਖਾਣ ਵਾਸਤੇ ਵਾਸ਼ਨਾਂ ਰੂਪ ਨੜੇ ਤੇ ਬੈਠਦਾ ਹੈ। ਵਾਸ਼ਨਾਂ ਮੁੜ ਮੁੜ ਜੋ ਬਦਲਦੀ ਜਾ ਰਹੀ ਹੈ ਇਹ ਨੜੇ ਦਾ ਫਿਰਨਾ ਹੈ। ਪਦਾਰਥਾਂ ਰੂਪ ਪਾਣੀ ਨਾਲ ਨੇਤ੍ਰ ਲੱਗ ਜਾਂਦੇ ਹਨ। ਆਪਣੇ ਸੰਕਲਪਾਂ ਵਿਕਲਪਾਂ ਰੂਪੀ ਪੌਂਹਚੇ ਇਹ ਛੱਡਦਾ ਨਹੀਂ।

'ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ ॥
'ਅਜਹੂ ਸੋ ਜੀਓ ਨ ਛੋੜਈ ਜੰਕਾਈ ਨੈਨਾਹ ॥' (੧੩੭੦)

ਜਦੋਂ ਜੀਵਾਤਮਾ ਰੂਪ ਹੰਸ ਸਰੀਰ ਵਿਚੋਂ ਉਡਾਰੀ ਮਾਰਦਾ ਹੈ, ਪ੍ਰਲੋਕ ਨੂੰ ਜਾਣ ਵਾਸਤੇ, ਤਾਂ ਮਗਰੋਂ ਸਰੀਰ ਨੂੰ ਧਰਤੀ ਵਿਚ ਗੱਡਣਾ ਜਾਂ ਸਾੜਨ

'ਖਿਨ ਮਹਿ ਬਿਨਸਿ ਜਾਇ ਪ੍ਰਤਾਪੈ
ਡੰਡੁ ਧਰਮਰਾਇ ਕਾ ਲਾਗਾ ॥' (੯੮੫)

ਘਰ ਜੇਲ੍ਹ ਖਾਨਾ ਹੈ।

'ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥ (੧੧੯੧)

ਇਸਤ੍ਰੀ ਤੇ ਪੁੱਤਰ ਦੀ ਮਮਤਾ ਪੈਰਾਂ ਵਿਚ ਬੇੜੀਆਂ ਹਨ।

'ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥' (੧੦੦੪)

ਚਿੰਤਾ ਨਿਤ ਦੀ ਚਿਖਾ ਹੈ।

'ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥' (੭੦੩)

ਭੂਤ ਕਾਲ ਦੀ ਸਿਮ੍ਰਤੀ ਭਾਵ ਗੁਜਰੇ ਸਮੇਂ ਦੀ ਯਾਦ ਹੈ। ਭਵਿਖਤ ਕਾਲ ਦੀ ਚਿੰਤਾ ਮੱਛਰਾਂ ਦਾ ਡੰਗ ਹੈ।

'ਮਛਰ ਡੰਗ ਸਾਇਰ ਭਰ ਸੁਭਰ
ਬਿਨੁ ਹਰਿ ਕਿਉ ਸੁਖੁ ਪਾਈਐ ॥' (੧੧੦੮)

ਅਗਿਆਨੀਆਂ ਤੇ ਵਿਹਾਰੀਆਂ ਦੀ ਕੁਸੰਗਤ ਖੁੱਭਣ ਦਲਦਲ ਰੂਪ ਹੈ।

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ
ਗੁਰੁ ਨਿਾਰਡ ਕਾਢਿ ਕਢਾਵੈਗੋ ॥' (੧੨੧੧)

ਵਿਸ਼ਿਆਂ ਨਾਲ ਪ੍ਰੀਤੀ ਸੱਪ ਪਾਲਣਾ ਹੈ।

'ਚੰਚਲੁ ਮਤਿ ਬਾਰਿਕ ਬਪਰੇ ਕੀ ਸਰਪ ਅਗਨਿ ਕਰ ਮੇਲੈ ॥' (੧੨੬੬)

ਤਨ ਦੀ ਪ੍ਰੀਤ ਵਿਸ਼ਿਆਂ ਦਾ ਪਾਲਣਾ ਹੈ।

'ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥' (੪੬੬)

ਲਕ ਲੱਜਿਆ ਮਰਣ ਤੱਕ ਬੰਧਨ ਹੈ।

'ਦੁਤੀਆ ਤਿਆਗੀ ਲੋਗਾ ਰੀਤਿ ॥' (੩੭੦)
'ਬੰਧਨ ਸਉਦਾ ਅਣਵੀਚਾਰੀ ॥' (੪੧੬)

ਕੁਲ ਦੀ ਲੱਜਿਆ ਚੱਕੀ ਪੀਹਣਾ ਹੈ।

'ਤਬ ਕੁਲ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ ॥' (੧੩੭੩)

ਵੇਦ ਲੱਜਿਆ ਕਾਲਾ ਪਾਣੀ ਹੈ।

'ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥' (੭੨੭)

ਇਸ ਵਾਸਤੇ ਜਗਿਆਸੂ ਅਥਵਾ ਸਿੱਖ ਨੂੰ ਚਾਹੀਦਾ ਹੈ ਉਹ ਸਾਰੇ ਪਦਾਰਥਾਂ ਨੂੰ ਦੁਖ ਰੂਪ ਅਥਵਾ ਬੰਧਨਾ ਦਾ ਕਾਰਣ ਰੂਪ ਜਾਣਕੇ ਇਨ੍ਹਾਂ ਨਾਲੋਂ ਆਪਣੀ ਪ੍ਰੀਤ ਹਟਾਵੇ, ਵਾਹਿਗੁਰੂ ਵਿਚ ਪ੍ਰੀਤੀ ਜੋੜੇ। ਗੁਰਸਿੱਖ ਨੂੰ ਚਾਹੀਦਾ ਹੈ ਗੁਰ ਕੀ ਮੱਤ ਲੈਕੇ ਗੁਰਸਿੱਖੀ ਕਮਾ ਕੇ ਖੁੱਭਣ ਤੇ ਦਲਦਲ ਰੂਪ ਵਿਸ਼ਿਆਂ

ਜਿਸ ਨਾਲ ਦੇਹ ਅਧਿਆਸ ਮੇਟਣ ਰੂਪ ਮਿੱਟੀ ਦੀ ਢੇਰੀ ਢਾਹ ਕੇ ਸਿਮਰਨ ਅਥਵਾ ਬ੍ਰਹਮ ਵਿੰਦਿਆ ਰੂਪੀ ਚਾਬੀ, ਅਗਿਆਨ ਰੂਪ ਜਿੰਦਰਾ, ਮੋਹ ਰੂਪੀ ਕੁੰਡਾ, ਆਸਾ ਅੰਦੇਸਾ ਦੇ ਦੋ ਤਖ਼ਤੇ ਖੋਲ੍ਹਣ ਲਈ ਦਿੱਤੀ।

ਯਥਾ :–ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ
ਅਦਰ ਨ ਕੁੰਜੀ ਹਥਿ ॥' (੧੨੩੭)

ਇਉਂ ਦੇਹ ਰੂਪੀ ਮਕਾਨ ਵਿਚੋਂ ਹਿਰਦੇ ਰੂਪੀ ਕੋਠੜੀ ਵਿਚੋਂ ਵਾਹਿਗੁਰੂ ਰੂਪੀ ਰਾਜੇ ਨੂੰ ਪ੍ਰਾਪਤ ਕਰ ਲਿਆ।

'ਗੁਰਪ੍ਰਸਾਦਿ ਜਨ ਨਾਨਕ ਪਾਇਆ
ਹਰਿ ਲਾਧਾ ਦੇਹ ਟੋਲੀਐ ॥' (੫੨੧)

ਸਰੂਪ ਰੂਪੀ ਤਖ਼ਤ ਦਾ ਮਾਲਕ ਬਣਕੇ ਦੱਸਿਆ ਕਿ :

'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥' (੯੬੯)

੫੪. ਸੰਸਾਰ ਦਾ ਅਲੰਕਾਰ

'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥' (੧੪੨੭)
'ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜ ਕੇ ਕਾਲ ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥' (੧੪੨੮)
'ਸੰਸਾਰ ਸਾਗਰ ਤੇ ਕਢੁ ਦੇ ਹਾਥੀ ॥' (੫੬੨)

ਇਹ ਸਰੀਰ ਛਿਨ ਭੰਗਰ ਹੈ, ਛਿਨ ਕਾਲ ਵਿਚ ਨਾਸ਼ ਹੋਣ ਵਾਲਾ ਹੈ।

'ਰੇ ਨਰ ਇਹ ਸਾਚੀ ਜੀਅ ਧਾਰਿ ॥'
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥' (੬੩੩)
'ਕਹਾ ਬਿਸਾਸਾ ਇਸ ਕਾਂਚੇ ਕਾ ਇਸਨਕੁ ਲਾਗੈ ਠਨਕਾ ॥' (੧੨੫੩)

ਜੁਆਨੀ ਬਿਜਲੀ ਦਾ ਚਮਤਕਾਰ ਹੈ :

'ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥' (੨੩)

ਧਨ ਬ੍ਰਿਛ ਦੀ ਛਾਇਆ ਤਰ੍ਹਾਂ ਹੈ।

'ਧਨੁ ਜੋਬਨੁ ਆਕ ਕੀ ਛਾਇਆ
ਬਿਰਧਿ ਭਏ ਦਿਨ ਪੁੰਨਿਆ ॥' (੬੮੯)

ਪ੍ਰਤਾਪ ਉਡਦੇ ਹੋਏ ਕਬੂਤਰ ਦਾ ਪਰਛਾਵਾਂ ਹੈ।

ਉਹ ਮੇਰੇ ਸਰੂਪ ਰੂਪੀ ਤਖ਼ਤ ਦਾ ਮਾਲਕ ਬਣੇਗਾ।

ਬਹੁਤ ਲੋਕ ਸੰਸਾਰ ਰੂਪੀ ਬਾਗ ਵਿਚ ਆਏ ਮਨੁੱਖਾ ਜਨਮ ਰੂਪੀ ਦਿਨ ਵਿਚ ਉਪਰੋਕਤ ਖਾਈਆਂ, ਬਿਛਾਂ ਬੂਟਿਆਂ ਵਿਚ ਲੱਭ ਭਾਲ ਕੇ ਨਿਰਾਸੇ ਚਲੇ ਗਏ। ਇਕ ਸਿਆਣੇ ਪੁਰਸ਼ ਨੇ ਗੁਰੂ ਕਾ ਰੂਪ ਪੰਜ ਪਿਆਰੇ :-

'ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥' (੩)

ਦੋਇ ਸਿਖ ਸਾਧ ਸੰਗੁ ਪੰਚ ਪ੍ਰਮੇਸ਼ੁਰ ਹੈ ॥ (੧੨੨ ਕ: ਸੂਯੇ)

'ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮੇ ਹਉ ਕਰੋ ਨਿਵਾਸ ॥' (ਰਹਿਤਨਾਮਾ)

ਮਾਲੀਆਂ ਦੀ ਸਹਾਇਤਾ ਲਈ।

ਉਹਨਾਂ ਨੇ ਦੱਸਿਆ ਕਿ ਇਸ ਸਰੀਰ ਰੂਪੀ ਮਕਾਨ ਨੂੰ ਭੰਨਣਾ ਤੋੜਨਾ ਨਹੀਂ। ਭਾਵ ਕੰਨ, ਨੱਕ ਨਹੀਂ ਵਿੰਨਣੇ, ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੇ ਕੇਸ ਦਾੜ੍ਹਾ, ਭਰਵੱਟੇ ਰੋਮ ਕਦੇ ਵੀ ਘਸੌਣੇ, ਪਟਾਉਣੇ, ਮੁੰਨਾਉਣੇ ਨਹੀਂ।

ਯਥਾ :-'ਸਾਬਤ ਸੂਰਤਿ ਦਸਤਾਰ ਸਿਰਾ ॥ (੧੦੮੪)

ਮਾਇਕੀ ਨਜ਼ਾਰਿਆਂ ਵਿਚ ਨਹੀਂ ਫਸਣਾ, ਸ਼ੁਭ ਗੁਣਾਂ ਦੇ ਫੁੱਲ ਨਹੀਂ ਤੋੜਨੇ, ਕਿਸ ਨੂੰ ਦੁੱਖ ਨਹੀਂ ਦੇਣਾ, ਕਸ਼ਟਾਂ ਵਿਚ ਪਾ ਕੇ ਆਪਣੇ ਸਰੀਰ ਨੂੰ ਨਹੀਂ ਸੁਕਾਉਣਾ, ਕਿਸੇ ਦੀ ਪੱਤ ਲਾਹੁਣ ਰੂਪ ਪੱਤਰੇ ਨਹੀਂ ਤੋੜਨੇ, ਕਿਸੇ ਨੂੰ ਮੰਦਾ ਆਖ ਕੇ ਝਗੜਾ ਨਹੀਂ ਪਾਉਣਾ।

'ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥' (੫੬੬)

ਸਿੱਧਾ ਹੀ ਭਗਤੀ ਸਹਿਤ ਗਿਆਨ ਦਾ ਰਸਤਾ ਵਿਖਾ ਦਿੱਤਾ।

'ਗੁਰਸਿਖ ਮਿਤ ਚਲਹੁ ਗੁਰ ਚਾਲੀ ॥ (੬੬੭)

ਦੇਹ ਦੀ ਹੰਗਤਾ ਰੂਪੀ ਢੇਰੀ ਹੈ।

'ਢੇਰੀ ਜਾ ਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥' (੨੫੬)

ਜੀਵ ਏਸ ਕਰ ਕੇ ਹੀ ਜੰਮਦੇ ਮਰਦੇ ਹਨ।

'ਹਮ ਬਡ ਕਬਿ ਕੁਲੀਲ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥'(੯੭੪)

'ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥' (੪੬੬)

ਇਹ ਬੜੀ ਭਿਆਨਕ ਹੈ ਇਸ ਨੂੰ ਸਾਧ ਸੰਗਤ ਵਿਚ ਆ ਕੇ ਨਿਮ੍ਰਤਾ ਰੂਪੀ ਕਹੀ ਨਾਲ ਢਾਹੁਣਾ ਕਰੋ।

ਯਥਾ :-ਢੇਰੀ ਢਾਹਹੁ ਸਾਧ ਸੰਗਿ ਅਹੰ ਬੁਧਿ ਬਿਕਰਾਲ ॥ (੨੫੬)

ਕਰ ਕੇ ਰਾਜੇ ਦੇ ਨਾ ਮਿਲਣ ਤੋਂ ਨਿਰਾਸੇ ਹੋ ਕੇ ਮੁੜਦੇ ਰਹੇ।

ਇਕ ਸਿਆਣਾ ਆਦਮੀ ਆਇਆ ਉਸ ਨੇ ਸਭ ਤੋਂ ਪਹਿਲਾਂ ਬਾਗ ਦੇ ਮਾਲੀਆਂ ਦੀ ਸਹਾਇਤਾ ਲਈ। ਉਨ੍ਹਾਂ ਨੇ ਉਸ ਨੂੰ ਬਾਕੀ ਸਾਰੇ ਮਨਮੋਹਣੇ ਨਜ਼ਾਰੇ ਛੁਡਾ ਕੇ ਮਿੱਟੀ ਦੀ ਢੇਰੀ ਤੇ ਨਿਗਾਹ ਪਵਾਈ ਕਿ ਇਸ ਨੂੰ ਢਾਹ ਕੇ ਇਸ ਦੇ ਥੱਲਿਉਂ ਰਾਜੇ ਨੂੰ ਲੱਭ ਲਵੋ, ਨਾਲ ਕ੍ਰਿਪਾ ਕਰ ਕੇ ਉਸ ਕੋਠੜੀ ਦੇ ਤਾਕ ਦੇ ਜਿੰਦਰੇ ਦੀ ਕੁੰਜੀ ਵੀ ਦੇ ਤਿੱਤੀ। ਉਹ ਸਿਆਣਾ ਪੁਰਸ਼ ਕਹੀ ਨਾਲ ਢੇਰੀ ਢਾਹ ਕੇ, ਦਰਵਾਜੇ ਦਾ ਜਿੰਦਰਾ ਖੋਹਲ ਕੇ, ਸਿੰਘਾਸਨ ਤੇ ਸਜੇ ਹੋਏ ਰਾਜੇ ਨੂੰ ਲੱਭ ਕੇ ਤਖ਼ਤ ਤੇ ਜਾ ਬੈਠਾ।

ਇਸੇ ਤਰ੍ਹਾਂ ਸੰਸਾਰ ਇਕ ਬਾਗ ਹੈ ਪਾਤਿਸ਼ਾਹਾਂ ਦਾ ਪਾਤਿਸ਼ਾਹ ਰਾਜਾ ਇਕ ਅਕਾਲ ਪੁਰਖ ਹੈ।

'ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥' (੬)

'ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ,
ਐਸੇ ਰਾਜ ਛੋਡਿ ਅਉਰ ਦੂਜੇ ਕਉਨ ਧਿਆਈਐ ॥' (ਦਸਮ ੧੩੨)

ਉਸ ਨੇ ਇਹ ਸੰਸਾਰ ਰੂਪੀ ਸੁੰਦਰ ਬਾਗ ਸਜਾਉਣਾ ਕੀਤਾ ਹੈ।

'ਫਰੀਦਾ ਪੰਖ ਪਨਾਹਣੀ ਦੁਨੀ ਸੁਹਾਵਾ ਬਾਗੁ ॥' (੧੩੮੨)

ਅਥਵਾ :-'ਏਕੁ ਬਗੀਚਾ ਪੇਡ ਘਨ ਕਰਿਆ ॥' (੩੮੫)

ਅਥਵਾ :-'ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥'(੧੩੮੨)

ਇਸ ਬਾਗ ਵਿਚ ਫੁਰਨਿਆਂ ਦੇ ਫੁਹਾਰੇ, ਇੱਛਾ ਰੂਪੀ ਖਾਈਆਂ, ਪਦਾਰਥਾਂ ਰੂਪੀ ਜਲ, ਸੁਭ ਗੁਣਾਂ ਦੇ ਫੁੱਲ, ਪਤ ਰੂਪੀ ਪੱਤਰੇ, ਸੁੱਖ ਤੇ ਦੁੱਖ ਰੂਪਾਂ ਫਲ, ਜਿਸ ਨੂੰ ਲੱਗ ਰਹੇ ਹਨ। ਸਰੀਰ ਰੂਪੀ ਸੁੰਦਰ ਮਹਿਲ (ਜਿਸ ਦੇ ਪੰਜ ਗਿਆਨ ਇੰਦਰੇ, ਮਨ ਤੇ ਬੁੱਧ) ਸੱਤ ਛੱਤਾਂ ਵਾਲਾ ਮਕਾਨ ਉਸਾਰਿਆ। ਦੇਹ ਦੀ ਹੰਗਤਾ ਰੂਪੀ ਢੇਰੀ ਦੀ ਤਹਿ ਥੱਲੇ ਹਿਰਦੇ ਰੂਪੀ ਕੋਠੜੀ ਵਿਚ ਵਾਹਿਗੁਰੂ ਪ੍ਰਮੇਸ਼ਰ ਆਪ ਗੁਪਤ ਹੋਇਆ ਬੈਠਾ ਹੈ।

'ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ ॥' (੬੮੪)

ਇਸ ਸੰਸਾਰ ਬਾਗ ਵਿਚੋਂ ਲੱਭਣ ਵਾਸਤੇ ਇਹ ਲਿਖ ਕੇ ਲਾਇਆ ਹੈ ਕਿ ਮਨੁੱਖਾ ਜਨਮ ਰੂਪੀ ਦਿਨ ਦੇ ਵਿਚ ਮੌਤ ਰੂਪੀ ਰਾਤ ਦੇ ਪੈਣ ਤੋਂ ਪਹਿਲਾਂ ਪਹਿਲਾਂ ਜਿਹੜਾ ਮੈਨੂੰ ਲੱਭ ਲਵੇ :

ਯਥਾ :-'ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥' (੧੨)

ਭੂਤ, ਪ੍ਰੇਤ, ਸਖੀ ਸਰਵਰ ਸੁਲਤਾਨ ਨੂੰ ਮੰਨਣ ਵਾਲੇ ਸੰਸਾਰ ਸਮੁੰਦਰ ਵਿਚ ਤੁੱਲੇ ਹੋਏ ਕੁਹਾਰੇ ਜਾ ਰਹੇ ਪ੍ਰਾਣੀਆਂ ਨੂੰ ਸੱਚਖੰਡ ਰੂਪ ਬੰਦਰਗਾਹ, ਮੁਕਤੀ ਰੂਪ ਕਿਨਾਰੇ ਵੱਲ ਠੀਕ ਸੇਧ ਦੇਣਾ ਕਰਦਾ ਹੈ।

ਸਿੰਘਾਂ ਨੇ ਕੇਵਲ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਹੀ ਇਕੱਤ੍ਰ ਹੋਣਾ ਹੈ। ਇਸ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰੱਖਣ ਵਾਸਤੇ ਹਰ ਕੁਰਬਾਨੀ ਕਰਨੀ ਹੈ।

'ਵਾਹਨ ਸ਼ਿੰਗਾਰੇ ਰਹੈਂ, ਬਾਜਤੇ ਨਗਾਰੇ ਰਹੈਂ,
ਵੈਰੀ ਭੂਮਿ ਡਾਰੇ ਰਹੈਂ, ਮੂੰਡ ਯੁਤ ਤਾਜ ਕੇ।
ਸੰਗਤੇਂ ਆਬਾਦ ਰਹੈਂ, ਆਵਤੇ ਪ੍ਰਸਾਦ ਰਹੈਂ,
ਬਾਢੇ ਅਹਿਲਾਦ ਰਹੈਂ, ਧਰਮ ਸੁ ਕਾਜ ਕੇ।
ਗਾਦੀਆ ਅਟੱਲ ਰਹੋਂ,ਚੌਕੀਆ ਅਚੱਲ ਰਹੋਂ,
ਬੁੰਗੇ ਝਲਾ ਝਲ ਰਹੈਂ, ਸਹਿਤ ਸਮਾਜ ਕੇ।
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ,
ਝੂਲਤੇ ਨਿਸ਼ਾਨ ਰਹੈਂ, ਪੰਥ ਮਹਾਰਾਜ ਕੇ।'

੫੩. ਰਾਜੇ ਦੇ ਬਗੀਚੇ ਦਾ ਅਲੰਕਾਰ

ਇਕ ਰਾਜੇ ਨੇ ਇਕ ਬਗੀਚਾ ਲਾ ਕੇ ਬਹੁਤ ਸੁੰਦਰ ਸਜਾਇਆ। ਸੁਹਣੇ ਫੁਹਾਰੇ, ਖਾਲ, ਫੁੱਲ ਤੇ ਫਲਦਾਰ ਬੂਟੇ ਲਾਏ। ਉਸ ਦੇ ਅੰਦਰ ਸੱਤ ਛੱਤਾਂ ਵਾਲਾ ਬਹੁਤ ਸੁੰਦਰ ਮਕਾਨ ਬਣਾਇਆ। ਉਸ ਦੇ ਥੱਲੇ ਇਕ ਸੁੰਦਰ ਕੋਠੜੀ ਵਿਚ ਆਪਣਾ ਹਾਜ ਸਿੰਘਾਸਨ ਬਣਵਾ ਕੇ ਰਾਜਾ ਤਖ਼ਤ ਤੇ ਸਜ ਗਿਆ। ਉਸ ਦਾ ਦਰਵਾਜ਼ਾ ਬੰਦ ਕਰਵਾ ਕੇ ਜੰਦਰਾ ਲਾ ਕੇ ਉੱਪਰ ਮਿੱਟੀ ਦੀ ਢੇਰੀ ਬਣਵਾ ਦਿੱਤੀ। ਬਾਗ ਦੇ ਦਰਵਾਜੇ ਤੇ ਇਹ ਲਿਖ ਕੇ ਲੁਵਾ ਦਿੱਤਾ ਕਿ ਜੋ ਪੁਰਖ ਮੈਨੂੰ ਦਿਨ ਡੁੱਬਦੇ ਤੋਂ ਪਹਿਲਾਂ ਪਹਿਲਾਂ ਬਾਗ ਵਿਚੋਂ ਲੱਭੇਗਾ ਮੈਂ ਉਸ ਨੂੰ ਆਪਣੇ ਤਖ਼ਤ ਦਾ ਮਾਲਕ ਬਣਾ ਦੇਵਾਂਗਾ, ਪਰ ਸ਼ਰਤ ਇਹ ਕਿ ਕੋਈ ਬੂਟਾ ਨਾਂ ਪੁੱਟੇ, ਮਕਾਨ ਨਾ ਤੋੜੇ ਹੋਰ ਕੋਈ ਚੀਜ਼ ਖਰਾਬ ਨਾ ਕਰੇ। ਇਹ ਸੁਣ ਕੇ ਕਈ ਆਦਮੀ ਆਏ ਕੋਈ ਫਲਾਂ ਫੁੱਲਾਂ ਵਾਲੇ ਬੂਟਿਆਂ ਵਿਚ ਲੱਭੇ ਕਿ ਰਾਜੇ ਦੇ ਨਿਵਾਸ ਲਈ ਇਹੋ ਚੰਗਾ ਥਾਂ ਹੈ। ਕੋਈ ਸੁੰਦਰ ਮਕਾਨ ਦੀਆਂ ਮੰਜਲਾਂ ਨੂੰ ਫੋਲੇ ਕਿ ਰਾਜੇ ਮਹਿਲਾਂ ਵਿਚ ਹੀ ਰਿਹਾ ਕਹਦੇ ਹਨ। ਕੋਈ ਫੁਹਾਰੇ ਜਾਂ ਹੋਰ ਰਮਣੀਕ ਥਾਂ ਨੂੰ ਰਾਜੇ ਦਾ ਲੁੱਕਣ ਵਾਲਾ ਥਾਂ ਜਾਣੇ। ਪਰ ਸਾਰੇ ਭਾਲ ਭਾਲ ਕੇ ਭਟਕ ਭਟਕ ਕੇ ਆਪਣਾ ਸਮਾਂ ਪੂਰਾ

ਤਰ੍ਹਾਂ ਤੁਸੀਂ ਵੀ ਸਿਮਰਨ ਦੁਆਰਾ ਮਨ ਨੂੰ ਨੀਵਾਂ ਤੇ ਮੱਤ ਨੂੰ ਉੱਚੀ ਕਰਕੇ ਨੀਵਿਆਂ ਤੋਂ ਉੱਚੇ ਹੋਵੋ।

'ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥' (੨੬੬)

੧੨. ਜਿਸ ਤਰ੍ਹਾਂ ਦੈਂਤਾਂ ਤੋਂ ਰੱਖਿਆ ਲਈ ਸੀਤਾ ਜੀ ਦੇ ਦੁਆਲੇ ਲਛਮਣ ਜੀ ਨੇ ਕਾਰ ਕੱਢੀ ਸੀ ਇਸੇ ਤਰ੍ਹਾਂ ਨਿਸ਼ਾਨ ਸਾਹਿਬ ਦੇ ਖੰਡੇ ਦੇ ਉਦਾਲੇ ਦਾ ਚੱਕਰ ਕਾਰ ਕੱਢਣ ਦੀ ਸਿੱਖਿਆ ਦਿੰਦਾ ਹੈ ਕਿ ਜੋ ਇਸ ਦੀ ਸ਼ਰਨ ਆਇਆ ਉਸ ਦੀ ਹਰ ਤਰ੍ਹਾਂ ਕਰ ਕੇ ਰੱਖਿਆ ਹੋਵੇਗੀ।

੧੩. ਜਿਸ ਤਰ੍ਹਾਂ ਖੰਡੇ ਦੀ ਤਿੱਖੀ ਧਾਰ ਉੱਤੇ ਮੱਛਰ ਤੇ ਕੀੜੀ ਨਹੀਂ ਤੁਰ ਸਕਦੇ ਇਸੇ ਤਰ੍ਹਾਂ ਕੀੜੀ ਤੇ ਮੱਛਰ ਜਿਤਨੀ ਤੁੱਛ ਹੰਗਤਾ ਧਾਰਨ ਵਾਲਾ ਵੀ ਇਸ ਮਾਰਗ ਦਾ ਪਾਂਧੀ ਨਹੀਂ ਹੋ ਸਕਦਾ।

੧੪. ਜਿਸ ਤਰ੍ਹਾਂ ਸਮੁੰਦਰੀ ਜਾਂ ਹਵਾਈ ਜਹਾਜ਼ ਅੰਦਰ ਲੱਗੀ ਕੰਪਾਸ (ਸੂਈ) ਦਾ ਮੁੱਖ ਸਦਾ ਧ੍ਰੁਅ ਤਾਰੇ ਦੀ ਤਰਫ਼ ਹੀ ਰਹਿੰਦਾ ਹੈ ਇਸੇ ਤਰ੍ਹਾਂ ਖੰਡੇ ਦਾ ਉਤਾਂਹ ਨੂੰ ਮੁੱਖ ਇਹ ਸਿੱਖਿਆ ਦਿੰਦਾ ਹੈ ਕਿ ਕੰਪਾਸ ਦੀ ਤਰ੍ਹਾਂ ਇਕ ਦੇ ਸਨਮੁੱਖ ਨੀ ਸਦਾ ਬਿਰਤੀ ਜੋੜੋ।

ਯਥਾ :-'ਪਾਂਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥' (ਦਸਮ ੨੫੪)

੧੫. ਨਿਸ਼ਾਨ ਸਾਹਿਬ ਦਾ ਨਵੇਕਲੇ ਹੋ ਕੇ ਅਕਾਸ਼ ਵਿਚ ਖੜੇ ਹੋਣਾ ਦੱਸਦਾ ਹੈ ਕਿ ਦੁਨੀਆਂ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹੋ।

'ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥' (੧੧੦੩)

'ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥' (੧੮੧)

੧੬. ਨਿਸ਼ਾਨ ਸਾਹਿਬ ਦਾ ਸਥੂਲ ਸਥੰਭ ਦਾ ਸਾਫ ਸੁਥਰਾ ਸਿੱਧਾ ਹੋਣਾ ਦੱਸਦਾ ਹੈ ਕਿ ਮਨ ਨੂੰ ਇਸੇ ਤਰ੍ਹਾਂ ਨਿਸ਼ਕਪਟ ਤੇ ਸਿੱਧਾ ਕਰ ਕੇ ਪ੍ਰਮੇਸ਼ਰ ਵਿਚ ਜੋੜੋ।

੧੭. ਜਿਸ ਤਰ੍ਹਾਂ ਬੰਦਰਗਾਹਾਂ ਉਤੇ ਰੋਸ਼ਨੀ ਸਮੇਤ ਉੱਚੇ ਮੀਨਾਰ ਬਣਾਏ ਜਾਂਦੇ ਹਨ ਕਿ ਭੁੱਲੇ ਹੋਏ ਜਹਾਜ਼ ਬੰਦਰਗਾਹ ਤੇ ਪੁੱਜ ਜਾਣ। ਇਸੇ ਤਰ੍ਹਾਂ ਰੋਸ਼ਨ ਮੀਨਾਰ ਦੀ ਤਰ੍ਹਾਂ ਨਿਸ਼ਾਨ ਸਾਹਿਬ ਦਾ ਉੱਚਾ ਹੋਣਾ ਤੇ ਖੰਡੇ ਦੀ ਰੋਸ਼ਨੀ ਦਾ ਚਮਕਾਰੇ ਮਾਰਨਾ ਦੱਸਦਾ ਹੈ ਕਿ ਕਿਸੇ ਕਬਰ, ਮੜ੍ਹੀ, ਮੱਟ

੪. ਜਿਸ ਤਰ੍ਹਾਂ ਕਪੜੇ ਪਹਿਨਣ ਕਰਕੇ ਠੰਢ ਤੇ ਗਰਮੀ ਤੋਂ ਬਚਾਅ ਹੁੰਦਾ ਹੈ, ਐਸੇ ਹੀ ਜੋ ਇਸ ਨਿਸ਼ਾਨ ਸਾਹਿਬ ਦੀ ਸ਼ਰਨ ਆਉਣਗੇ ਉਨਾਂ ਦਾ ਪਾਪਾਂ ਦਾ ਪਾਲਾ ਤੇ ਈਰਖਾ ਦੀ ਤਪਸ਼ ਮਿਟ ਜਾਏਗੀ।

੫. ਨਿਸ਼ਾਨ ਸਾਹਿਬ ਦੇ ਕਪੜੇ ਨੂੰ ਦਿੱਤੀਆਂ ਗੰਢਾਂ ਦਾ ਭਾਵ ਹੈ ਕਿ ਇਸ ਨਾਲ ਤਕੜੀ ਕਰਕੇ ਆਪਣੀ ਪ੍ਰੀਤੀ ਰੂਪੀ ਪੀਡੀ ਗੰਢ ਪਾਉ ਤੇ ਅਰਦਾਸ ਕਰੋ ਕਿ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭੇ।

੬. ਨਿਸ਼ਾਨ ਸਾਹਿਬ ਦੀਆਂ ਚੌਹੀਂ ਪਾਸੀਂ ਧਰਤੀ ਨਾਲ ਲੱਗੀਆਂ ਤਾਰਾਂ ਚੌਹਾਂ ਵਰਨਾਂ ਨੂੰ ਨਿਸ਼ਾਨ ਸਾਹਿਬ ਦੀ ਤਰਫ ਪ੍ਰੇਰ ਕੇ ਕਹਿ ਰਹੀਆਂ ਹਨ ਕਿ ਆਓ ! ਇਥੇ ਖੱਤਰੀ, ਬ੍ਰਾਹਮਣ, ਸੂਦ, ਵੈਸ਼ ਸਭ ਨੂੰ ਸਾਂਝਾ ਉਪਦੇਸ਼ ਮਿਲੇਗਾ ਅਤੇ ਤਾਰਾਂ ਦਾ ਧਰਤੀ ਨਾਲ ਸਬੰਧ ਹੋਣਾ ਇਹ ਵੀ ਦੱਸਦਾ ਹੈ ਕਿ ਦੁਨੀਆ ਨਾਲ ਸਬੰਧ ਵੀ ਰੱਖੋ ਅਤੇ ਆਪਣੇ ਕੇਂਦਰ ਨਾਲ ਵੀ ਜੁੜੇ ਰਹੋ। ਕੇਂਦਰ ਨਾਲੋਂ ਟੁੱਟ ਕੇ ਤਾਂ ਬ੍ਰਿਛ ਨਾਲੋਂ ਟੁੱਟੇ ਪੱਤਰਾਂ ਵੱਤ ਜੂਨਾਂ ਵਿਚ ਹੀ ਭਟਕਣਾ ਪੈਂਦਾ ਹੈ।

੭. ਨਿਸ਼ਾਨ ਸਾਹਿਬ ਦਾ ਫਰਰਾ ਹੱਥ ਦਾ ਇਸ਼ਾਰਾ ਕਰਨ ਦੀ ਤਰ੍ਹਾਂ ਝੂਲ ਕੇ ਕਹਿ ਰਿਹਾ ਹੈ ਕਿ ਆਓ ਇਸ ਨਿਸ਼ਾਨ ਸਾਹਿਬ ਦੀ ਸ਼ਰਨ, ਇਸੇ ਨਿਮਾਣਿਆਂ ਨੂੰ ਮਾਣ, ਭੁੱਖਿਆਂ ਨੂੰ ਰੋਟੀ ਮਿਲਦੀ ਹੈ ਤੇ ਦੁਖੀਆਂ ਦੇ ਦੁੱਖ ਦੂਰ ਹੁੰਦੇ ਹਨ।

'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥' (੫੪੪)

੮. ਫਰਰੇ ਉਤੇ ਕ੍ਰਿਪਾਨਾਂ ਅਤੇ ਖੰਡੇ ਦਾ ਨਿਸ਼ਾਨ ਦੱਸਦਾ ਹੈ ਕਿ ਹੰਗਤਾ ਨੂੰ ਖੰਡ ਕੇ ਕਿਰਪਾ ਕਰਨ ਵਿਚ ਆਵੋ, ਖੰਡੇ ਦਾ ਅੰਮ੍ਰਿਤ ਛਕੋ ਤੇ ਕੰਨਾਂ ਵਿਚ ਕਿਸੇ ਤੋਂ ਮੰਤ੍ਰ ਨਾ ਲਵੋ।

੯. ਫਰਰੇ ਵਿਚ 'ਇਕ ਓਅੰਕਾਰ' ਦਾ ਚਿੰਨ੍ਹ ਦੱਸਦਾ ਹੈ ਕਿ ਜੋ ਇਕ ਦਾ ਉਪਾਸ਼ਕ ਹਵੇ ਉਹ ਹੀ ਇਸ ਰਸਤੇ ਦਾ ਰਾਹੀ ਹੋ ਸਕਦਾ ਹੈ।

੧੦. ਨਿਸ਼ਾਨ ਸਾਹਿਬ ਦਾ ਕਮਰਕੱਸਾ ਸਿੱਖਿਆ ਦਿੰਦਾ ਹੈ ਕਿ ਕਉ ਗਰੀਬ ਦੀ ਰੱਖਿਆ ਲਈ ਪਰਉਪਕਾਰ ਵਾਸਤੇ ਹਮੇਸ਼ਾਂ ਕਮਰਕੱਸਾ ਕੱਸੀ ਰੱਖੋ, ਤਿਆਰ-ਬਰ-ਤਿਆਰ ਰਹੋ।

੧੧. ਨਿਸ਼ਾਨ ਸਾਹਿਬ ਦੀ ਭੌਣੀ ਸਿੱਖਿਆ ਦੇਂਦੀ ਹੈ ਕਿ ਜਿਹਾ ਤਰ੍ਹਾਂ ਮੋਢੇ ਫਿਰਨ ਨਾਲ ਹੇਠਲੀ ਚੀਜ਼ ਉੱਤੇ ਅਤੇ ਉਤਲੀ ਹੇਠ ਆ ਜਾਂਦੀ ਹੈ ਇਸੇ

'ਪਾਂਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥' (ਦਸਮ ਗ੍ਰੰਥ ੨੫੪)

ਬਿਸ਼ਨ ਸਿੰਘ ਰਾਜੇ ਦੀ ਰਾਣੀ ਦੀ ਤਰ੍ਹਾਂ ਉਸ ਦੇ ਸਰੂਪ ਨੂੰ ਮਨ ਵਿਚ ਵਸਾਓ ਅਤੇ ਉਸ ਤੇ ਹੀ ਨਿਸਚਾ ਰੱਖੋ। ਮੰਗਣ ਦੀ ਵੀ ਲੋੜ ਨਹੀਂ ਰਹੇਗੀ, ਆਪੇ ਸਭ ਕੁਛ ਦੇਵੇਗਾ।

'ਵਿਣੁ ਬਲਿਆ ਸਭੁ ਕਿਛੁ ਜਾਣਦਾ
ਕਿਸੁ ਆਗੈ ਕੀਚੈ ਅਰਦਾਸਿ ॥' (੧੪੨੦)

'ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉਨਿਧਿ ਭਰੇ ਭੰਡਾਰ ॥
ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ ॥' (੬੩੯)

'ਵਿਣੁ ਤੁਧੁ ਹੋਰ ਜਿ ਮੰਗਣਾ ਸਿਰਿ ਦੂਜਾ ਨਾਹੀ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥' (੯੫੮)

'ਮਾਗਨਾ ਮਾਗਨ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥' (੧੦੧੮)

ਇਸੇ ਤਰ੍ਹਾਂ ਨਾਮ ਨੂੰ ਪਾ ਕੇ ਜੀਵ ਸ਼ਾਹ ਬਣ ਜਾਂਦਾ ਹੈ।

੧੨. ਨਿਸ਼ਾਨ ਸਾਹਿਬ ਦਾ ਅਲੰਕਾਰ

ਨਿਸ਼ਾਨ (ਝੰਡੇ) ਜਿਉਂਦੀਆਂ ਜਾਗਦੀਆਂ ਕੌਮਾਂ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਜੋ ਕੌਮਾਂ ਆਪਣੇ ਵਜੂਦ ਤੋਂ ਹੀ ਮਰ ਮੁੱਕ ਚੁੱਕੀਆਂ ਹੋਣ ਉਹਨਾਂ ਦੇ ਨਿਸ਼ਾਨ ਕਦੇ ਖੜੇ ਨਹੀਂ ਹੁੰਦੇ। ਨਿਸ਼ਾਨ ਹਮੇਸ਼ਾਂ ਉਹਨਾਂ ਦੇ ਹੀ ਉੱਚੇ ਝੂਲਦੇ ਹਨ ਜੋ ਸੂਰਬੀਰ ਬਹਾਦਰ ਆਪਣੇ ਬਲ ਦਆਰਾ ਸਦਾ ਜੰਗ ਦਿਚ ਜੂਝ ਕੇ ਆਪਣੇ ਨਿਸ਼ਾਨ ਨੂੰ ਉੱਚਾ ਚੁੱਕਣਾ ਜਾਣਦੇ ਹਨ। ਸਾਡੇ ਕੇਸਰੀ ਨਿਸ਼ਾਨ ਨੂੰ ਸਤਿਗੁਰਾਂ ਨੇ ਆਪਣੀ, ਆਪਣੇ ਸਾਹਿਬਜ਼ਾਦਿਆਂ ਅਤੇ ਹਜ਼ਾਰਾਂ ਸੂਰਬੀਰ ਯੋਧਿਆਂ ਸਿਖਾਂ ਸਿੰਘਾਂ ਦੀ ਸ਼ਹਾਦਤ ਨਾਲ ਉੱਚਾ ਝੁਲਾਇਆ ਹੈ।

੧. ਧਰਤੀ ਤੋਂ ਉੱਚਾ ਨਿਸ਼ਾਨ ਸਾਹਿਬ ਦਾ ਥੜ੍ਹਾ ਦੱਸਦਾ ਹੈ ਕਿ :-

'ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈ ਸਾਰਾ ॥' (ਸਰਬ ਲੋਹ ਗ੍ਰੰਥ)

ਭਾਵ ਸੰਸਾਰ ਤੋਂ ਨਿਆਰੇ ਰਹੋ।

੨. ਨਿਸ਼ਾਨ ਸਾਹਿਬ ਦੇ ਸਥੰਭ ਨੂੰ ਕੀਤੇ ਹੋਏ ਬਸੰਤੀ ਰੰਗ ਦਾ ਭਾਵ ਹੈ ਦੁਨੀਆਂ ਵੱਲੋਂ ਮਰ ਕੇ ਇਸ ਦੇ ਪੁਜਾਰੀ ਬਣੀਦਾ ਹੈ।

੩. ਨਿਸ਼ਾਨ ਸਾਹਿਬ ਦੇ ਕਪੜੇ ਦਾ ਗਾੜ੍ਹਾ ਕੇਸਰੀ ਰੰਗ ਦੱਸਦਾ ਹੈ ਕਿ ਇਹ ਸ਼ਹੀਦਾਂ ਦੀ ਦੇਣ ਹੈ।

੩. ਸ਼ਬਦ ਸਪਰਸ ਰੂਪ ਰਸ ਗੰਧ ਇੰਦ੍ਰੀਆਂ ਦੇ ਵਿਸ਼ਿਆਂ ਦੇ ਸੁਨਣ ਸੁੰਘਣ ਵਿਚ ਐਸਾ ਮਨ ਨੂੰ ਦਿੱਤਾ :

'ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥' (੧੩੭੮)

ਹੋ ਗਏ ਬੋਲੇ, ਅਜੇ ਵੀ ਇਹਨਾਂ ਵਲੋਂ ਤ੍ਰਿਪਤੀ ਮੰਨ ਕੇ ਇਹਨਾਂ ਦਾ ਦਮਨ ਨਹੀਂ ਕਰਦਾ, ਇੱਛਾ ਨਹੀਂ ਮੁੱਕੀ।

੪. ਦੇਹ ਰੂਪ ਮਸੀਤ ਨੂੰ ਭਾਵ ਸਾਬਤ ਸੂਰਤ ਵਿਗਾੜਨ ਰੂਪ ਪੁੱਟਦਾ ਹੈ। ਕਿਸੇ ਨੇ :

'ਸ੍ਰਵਨ ਫਾਰਿ ਮੁੰਦ੍ਰਾ ਦ੍ਰੈ ਡਾਰੀ ॥' (ਦਸਮ ੫੬) ਕਿਸੇ
'ਲਿੰਗ ਬਿਨਾ ਕੀਨੇ ਸਭ ਰਾਜਾ ॥' (ਦਸਮ ੫੬) ਕਿਸੇ
'ਨਥੀ ਸਿਰ ਮੋਹਾਸ਼ਿਨ ਕਛੁ ਨਰਾਇਆ ॥' (੧੨੮੫)

੫. 'ਕਿਸੇ, ਸਣ ਟੋਪੀ ਸਣ ਕਪੜੀਂ ਜੁੱਤੇ ਸਣੇ ਖੁਦਾ।'

ਬਣੇ ਬੈਠੇ ਥੰਮ੍ਹਣ ਸ਼ਾਹ ਤੋਂ ਹੀ ਰੱਬ ਜਾਣਕੇ ਮੰਗਣਾ, ਉਪਦੇਸ਼ ਲੈਣਾ ਸ਼ੁਰੂ ਕਰ ਦਿੱਤਾ ਕਿ ਇਹ ਮੇਰੀਆਂ ਕਾਮਨਾਂ ਪੂਰੀਆਂ ਕਰੇਗਾ। ਪਰ ਕੋਈ ਵੀ ਇੱਛਾ ਪੂਰੀ ਨਾ ਹੋਈ ਅਲਪੱਗ ਗਿਆਨ ਨਾਮ ਵਿਹੂਣਾ ਗ੍ਰੀਬ ਹੋ ਕੇ ਝੂਰਨ ਲੱਗਾ।

ਐਸੇ ਹੀ ਪ੍ਰਮੇਸ਼ਰ ਸ਼ਾਹ ਹੈ ਜੀਵ ਪੁੱਤਰ ਹੈ, ਉਸ ਦੇ ਸਿੱਖਿਆ ਦੇ ਅਸਲ ਭਾਵ ਨੂੰ ਇਹ ਨਾ ਸਮਝ ਸਕਿਆ। ਗੁਰੂ ਰੂਪ ਮਿੱਤ੍ਰ ਨੇ ਇਸ ਨੂੰ ਸਮਝਾਇਆ।

(ਖ) ੫. ਕਿ ਸਾਧ ਸੰਗਤ ਰੂਪ ਹੱਟ ਹੈ, ਜਸ ਰੂਪ ਛਾ ਹੇਠ ਦੀ ਗੁਰਦੁਆਰੇ ਜਾਣਾ ਕਰ।

੨. ਸੱਚੇ ਨਾਮ ਦੀ ਭੁੱਖ ਲੱਗਣ ਤੋਂ :

'ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥' (੨੩੬)
'ਭਗਤਾਂ ਕਾ ਭੋਜਨੁ ਹਰਿ ਨਾਮੁ ਨਿਰੰਜਨੁ
ਪੈਨ੍ਹਣੁ ਭਗਤਿ ਬਡਾਈ ॥' (੧੨੩੩) ਛਕਣਾ ਕਰ

੩. ਗੁਰਾਂ ਨੂੰ ਤਨ ਮਨ ਧਨ ਸਉਂਪ ਕੇ ਨਿਸ਼ਕਾਮ ਭਗਤੀ ਕਰ।

੪. ਦੇਹ ਮਸੀਤ ਹੈ, ਬਾਲ ਅਵਸਥਾ ਵਿਚ ਅੰਤਰ-ਮੁੱਖ ਬ੍ਰਿਤੀ ਕਰਕੇ ਭਜਨ ਕਰ, ਸਭ ਕੁਝ ਪ੍ਰਾਪਤ ਹੋ ਜਾਵੇਗਾ ਧੂਅ ਦੀ ਤਰ੍ਹਾਂ।

੫. ਥੰਮ੍ਹਣ ਸ਼ਾਹ ਹੈ ਪ੍ਰਮੇਸ਼ਰ, ਉਸ ਤੋਂ ਹੀ ਸਭ ਕੁਝ ਮੰਗੋ।

'ਬਿਨੁ ਕਰਤਾਰ ਨ ਕਿਰਤਮ ਮਾਨੋ ॥' (ਦਸਮ ਗ੍ਰੰਥ)

'ਮਾਂਗਉ ਰਾਮ ਤੇ ਇਕੁ ਦਾਨੁ ॥
ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਾਰਾ ਨਾਮੁ ॥' (੬੮੨)
'ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥' (੩੨੧)
'ਮਾਗਨਿ ਮਾਗਤ ਏਕਹਿ ਮਾਗ ॥
ਨਾਨਕ ਜਾ ਤੇ ਪਰਹਿ ਪਰਾਗ ॥' (੨੫੮)

ਗੁਰਾਂ ਦੇ ਕੇਵਲ ਸਮਝਾਉਣ ਤੋਂ ਮੁੜ ਨੇ ਫੇਰ ਇਹ ਜੀਵ ਮਾਲਾ ਮਾਲ ਹੋ ਕੇ ਸ਼ਾਹ ਬਣ ਗਿਆ।

'ਧਨਵੰਤ ਨਾਮ ਕੇ ਵਣਜਾਰੇ ॥' (੧੨੨੦)

ਬਣ ਕੇ ਸਭ ਗਰੀਬੀ ਚੁੱਕ ਲਈ। ਜੋ 'ਨਾਮ ਹੀਣ ਗਏ ਮੂੜ ਨੰਗਾ ॥' ਕਰਕੇ ਧਖਧਖੀ ਲੱਗੀ ਹੋਈ ਸੀ ਗਰੀਬੀ ਦੀ, ਉਹ ਚੱਕੀ ਗਈ।

'ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥' (੬੩੪)

ਅਨੁਸਾਰ ਅਭੇਦ ਹੋ ਗਏ।

ਸੰਖੇਪ ਰੂਪ ਵਿਚ :—ਪ੍ਰਮੇਸ਼ਰ ਸ਼ਾਹ ਹੈ, ਜੀਵ ਉਸ ਦਾ ਪੁੱਤਰ ਹੈ। ਉਸ ਦੇ ਅਸਲੀ ਨਾਮ ਧਨ ਨੂੰ ਪ੍ਰਾਪਤ ਕਰ ਕੇ ਸ਼ਾਹ ਬਣਨ ਦੀ ਸਿੱਖਿਆ ਦਿੱਤੀ ਪਰ ਇਹ ਅਸਲੀ ਭਾਵ ਨੂੰ ਨਾ ਸਮਝਦਾ ਹੋਇਆ ਸ਼ੁਭ ਗੁਣਾ ਦੀ ਪੂੰਜੀ ਗੁਆ ਕੇ ਕੰਗਾਲ ਹੋ ਗਿਆ।

(ਕ) ੧. ਇਸ ਨੇ ਭੂਤਾਂ ਪ੍ਰੇਤਾਂ ਦੀ ਉਪਾਸਨਾ ਕਰਨ ਵਾਲੇ ਲੋਕਾਂ ਦੀ ਕੁਸੰਗਤ ਰੂਪ ਹੱਟ ਤੇ ਜਾਣ ਵਾਸਤੇ ਵਾਸ਼ਨਾ ਰੂਪ ਚਾਨਣੀਆ ਨੂੰ ਆਸਾ ਰੂਪ ਡੋਰਾਂ ਨਾਲ ਕੱਸ ਕੇ ਛਾਂ ਦਾ ਪ੍ਰਬੰਧ ਕੀਤਾ। ਇਸ ਦਾ ਖਿਆਲ ਸੀ ਉਥੋਂ ਸਿੱਖੇ ਹੋਏ ਮੰਤ੍ਰਾਂ ਨਾਲ ਭੂਤਾਂ ਨੂੰ ਵੱਸ ਕਰ ਕੇ ਮੈਂ ਦੂਜਿਆਂ ਦੀ ਮਾਇਆ ਆਪਣੇ ਪਾਸ ਮੰਗਾਇਆ ਕਰਾਂਗਾ। ਜਿਸ ਤਰ੍ਹਾਂ ਕਿਸੇ ਦੀ ਵੱਸ ਕੀਤੀ ਹੋਈ ਯੱਖਣੀ ਇਸ ਨੂੰ ਰੁਪਏ ਹਰ ਰੋਜ਼ ਉਸ ਨੂੰ ਲਿਆ ਕੇ ਦਿੰਦੀ ਸੀ। ਇਸ ਤਰ੍ਹਾਂ ਜੀਵ ਨੇ :

ਛਾਇਆ ਛੂਛੀ ਜਗਤੁ ਭੁਲਾਨਾ ॥' (੯੩੨)

ਦਾ ਅਸਫਲ ਆਸਰਾ ਲੈਣਾ ਕੀਤਾ।

੨. ਵਿਸ਼ਿਆਂ ਦੇ ਭੋਗਾਂ ਨੂੰ ਮਿੱਠੇ ਭੋਜਨ ਜਾਣ ਕੇ ਆਸਾ ਰੂਪ ਭੁੱਖ ਲੱਗਣ ਤੋਂ ਇਹਨਾਂ ਦੇ ਭੋਗਣ ਵਿਚ ਐਸਾ ਲੱਗਾ :

'ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥' (੫੬੫)

ਐਸੇ ਹੀ ਸਤਿਗੁਰਾਂ ਪਾਸੋਂ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕ ਕੇ ਜੋ ਉਪਦੇਸ਼ ਲੈਣਾ ਹੈ ਇਹ ਉਪਰੋਂ ਪਾਣੀ ਪਾਉਣ ਵੱਤ ਹੈ, ਅਭਿਆਸ ਕਰਨਾ ਨਲਕਾ ਗੇੜਨਾ ਹੈ, ਫੇਰ ਅਜਪਾ ਜਾਪ ਨਾਮ ਰੂਪ ਬੇਅੰਤ ਪਾਣੀ ਅੰਦਰੋਂ ਪਰਗਟ ਹੋ ਜਾਂਦਾ ਹੈ।

'ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥' (੧੩੯੧)
'ਗੁਰਮਖਿ ਰੋਮਿ ਰੋਮਿ ਹਰਿ ਧਿਆਵੈ ॥' (੯੪੧)
'ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥' (੨੧੫)

'ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ,
ਕਿਸੈ ਕਾ ਗਵਾਇਆ ਨ ਜਾਈ ॥
ਹਰਿ ਧਨ ਕਉ ਉਚਕਾ ਨੇੜਿ ਨ ਆਵਈ,
ਜਮ ਜਾਗਾਤੀ ਡੰਡੁ ਨ ਲਗਾਈ ॥' (੭੩੪)
'ਇਸ ਹਰਿ ਧਨ ਕਾ ਸਾਹੁ ਹਰਿ ਆਪ ਹੈ ਸੰਤਹੁ,
ਜਿਸ ਨੋ ਦੇਇ ਸੁ ਹਰਿ ਧਨ ਲਦਿ ਚਲਾਈ ॥' (੭੩੪)

ਸੋ ਨਾਮ ਧਨ ਨੂੰ ਦੇਹ ਰੂਪੀ ਮਸੀਤ ਵਾ ਰਿਦੇ ਰੂਪੀ ਵੇਹੜੇ ਵਿਚੋਂ ਪਰਗਟ ਕਰਨਾ ਹੈ।

੫. ਥੰਮ੍ਹਣਸ਼ਾਹ ਤੋਂ ਧਨ ਪ੍ਰਾਪਤ ਕਰਨ ਦਾ ਭਾਵ ਸੀ ਜਿਸ ਤਰ੍ਹਾਂ ਥੰਮ੍ਹ ਮਕਾਨ ਦਾ ਆਸਰਾ ਹੁੰਦਾ ਹੈ ਐਸੇ ਹੀ :-

'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥' (੪੬੩)

ਥੰਮ੍ਹ ਦੀ ਤਰ੍ਹਾਂ ਵਾਹਿਗੁਰੂ ਦਾ ਆਸਰਾ ਹੈ, ਜਿਸ ਵਸਤੂ ਦੀ ਵੀ ਲੋੜ ਹੈ ਉਸ ਪ੍ਰਮੇਸ਼ਰ ਤੋਂ ਮੰਗੋ।

'ਮਾਂਗਉ ਰਾਮ ਤੇ ਸਭਿ ਥੋਕ ॥
ਮਾਨੁਖ ਕਉ ਜਾਚਤ ਸ੍ਰਮੁ ਪਾਈਐ
ਪ੍ਰਭ ਕੈ ਸਿਮਰਨਿ ਮੋਖ ॥' (੬੮੨)

ਜਿਵੇਂ ਜ਼ਿਮੀਂਦਾਰ ਨੇ ਰਾਜੇ ਨੂੰ ਦੁਆ (ਅਰਦਾਸ) ਕਰ ਕੇ ਮੰਗਦਾ ਵੇਖ ਕੇ ਕਿਹਾ ਸੀ ਕਿ ਮੰਗਤੇ ਤੋਂ ਕੀ ਮੰਗਣਾ ਹੈ ਉਸੇ ਦਾਤੇ ਤੋਂ ਹੀ ਆਪਾਂ ਮੰਗਾਂਗੇ ?

'ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥
ਜਿਸ ਕੈ ਦੀਐ ਰਹੈ ਅਘਾਇ ॥
ਬਹੁਰਿ ਨ ਤ੍ਰਿਸਨਾ ਲਾਗੈ ਆਇ ॥' (੨੮੧)

੪. ਸਵਾ ਪਹਿਰ ਦਿਨ ਚੜ੍ਹੇ ਤੋਂ ਮਸੀਤ ਹੇਠੋਂ ਪੁੱਟ ਕੇ ਧਨ ਕੱਢਣ ਦਾ ਭਾਵ ਸੀ ਕਿ ਦੇਹ ਹੈ ਮਸੀਤ, ਸਵਾ ਪਹਿਰ ਤੋਂ ਭਾਵ ਹੈ ਕਿ ਬਾਲ ਅਵਸਥਾ ਵਿਚ ਹੀ ਭਗਤੀ ਕਰਨੀ ਅਰੰਭ ਦੇਵੇ। ਜਿਵੇਂ ਕਿ :

'ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ
ਹਰਿ ਸਿਮਰਤ ਅਮਰ ਅਟਾਰੇ।" (੯੯੯)
'ਪਹਿਲੈ ਪਹਿਰੈ ਰੁਲਦਾ ਰਲੁ ਭੀ ਪਛਾ ਹਾਤਿ ॥
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥' (੧੩੮੪)
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥' (੨)
'ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥' (੧੪੫)

ਬਾਲ ਅਵਸਥਾ ਹੀ ਅੰਮ੍ਰਿਤ ਵੇਲਾ ਹੈ ਸਵਾ ਪਹਿਰ ਤੜਕੇ ਦੀ ਨਿਆਈਂ। ਦੇਹ ਰੂਪ ਮਸੀਤ ਵਿਚੋਂ ਨਾਮ ਧਨ ਦੀ ਪ੍ਰਾਪਤੀ ਵਾਸਤੇ, ਦੇਹ ਅਭਿਮਾਨ ਰੂਪ ਮਿੱਟੀ ਨੂੰ ਅੰਦਰੋਂ ਪੁੱਟਨਾ ਕਰੇ। ਮਸੀਤ ਢਾਉਣ ਵਾਂਗ ਗਵਾਂਢੀਆਂ ਦਾ ਦਿਲ ਨਾ ਢਾਹੇ ਕੌੜੇ ਫਿੱਕੇ ਬੋਲ ਬੋਲ ਕੇ। ਅੰਤਰ-ਮੁੱਖ ਬ੍ਰਿਤੀ ਕਹਨ ਰੂਪ ਡੂੰਘੀ ਕਰੇ। ਇਸ ਤਰ੍ਹਾਂ ਜਦ :

'ਗੁਰਮਤਿ ਨਗਰੀ ਖੋਜਿ ਖੋਜਾਈ ॥
ਹਰਿ ਹਰਿ ਨਾਮੁ ਪਦਾਰਥੁ ਪਾਈ ॥' (੭੩੨)
'ਮਨੁ ਮੰਦਰੁ ਤਨੁ ਸਾਜੀ ਬਾਰਿ ॥
ਇਸ ਹੀ ਮਧੁ ਧਾਤੁ ਅਪਾਰ ॥' (੧੮੦)
'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥' (੬੯੫)
'ਦੇਹੀ ਅੰਦਰਿ ਨਾਮੁ ਨਿਵਾਸੀ ॥
ਆਪੇ ਕਰਤਾ ਹੈ ਅਬਿਨਾਸੀ ॥' (੧੦੨੬)
'ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਾਹਿ ਇਸ ਕਾ ਬਿਸਰਾਮੁ ॥' (੨੯੩)

ਦਾ ਅਮੁੱਲ ਖਜ਼ਾਨਾ ਇਸ ਨੂੰ ਪ੍ਰਾਪਤ ਹੋ ਜਾਵੇਗਾ।

'ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥
ਪੂਰੈ ਸਤਿਗੁਰਿ ਦੀਆ ਦਿਖਾਇ ॥' (੬੬੩)

ਜੈਸੇ ਨਲਕੇ ਦੇ ਉਤਰੇ ਹੋਏ ਪਾਣੀ ਨੂੰ ਕੱਢਣ ਵਾਸਤੇ ਹੋਰ ਪਾਣੀ ਬਾਹਰੋਂ ਪਾਉਣਾ ਪੈਂਦਾ ਹੈ ਫਿਰ ਵਿਚੋਂ ਅਮੁੱਕ ਪਾਣੀ ਨਿਕਲੀ ਆਉਂਦਾ ਹੈ

ਸੋ ਇਕ ਵਾਰੀ ਤਨ ਮਨ ਧਨ ਸਤਿਗੁਰੂ ਜੀ ਨੂੰ ਭੇਟਾ ਕਰ ਕੇ ਮੁੜ ਕੇ ਮੇਰ ਮਨ-ਮਰਜ਼ੀ ਨਹੀਂ ਕਰਨੀ।

੩. ਮਿੱਠਾ ਭੋਜਨ ਛਕੀਂ। ਕਹਿਣ ਦਾ ਭਾਵ ਸੀ :

'ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥
ਛਤੀਹ ਅੰਮ੍ਰਿਤ ਭਾਉ ਏਕੁ ਜਾਕਉ ਨਦਰਿ ਕਰੇਇ ॥' (੧੬)

'ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥'
ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥' (੩੨੧)

ਨਾਮ ਜਪਣ ਦੀ ਰੁਚੀ ਜਾਗਣੀ, ਭੁੱਖ ਲੱਗਣੀ ਹੈ।

'ਸਾਚੇ ਨਾਮ ਕੀ ਲਾਗੈ ਭੂਖ ॥' (੯)
'ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥' (੨੩੬) ਛਕਣਾ ਕਰੇ।

ਨਾਮ ਜਪਣ ਤੋਂ ਅਰੁਚੀ ਹੋਣਾ ਬਦਹਜ਼ਮੀ ਅਜੀਰਣ ਰੋਗ ਦੀ ਨਿਆਈਂ ਹੈ।

'ਦਿਨ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥' (੪੯੮)

ਨਾਮ ਰੂਪੀ ਭੋਜਨ : 'ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥' (੮੦੭)

ਫੇਰ ਇਕੱਲਿਆਂ ਨੁੱਕਰ ਵਿਚ ਬੈਠ ਕੇ ਚੋਰੀ ਨਾ ਖਾਵੇ।

ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥' (੬੯੪)
'ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥' (੩੭੩)

ਸੋ ਸਾਧ ਸੰਗਤਿ ਵਿਚ ਬੈਠ ਕੇ :

'ਆਪੁ ਜਪਹੁ ਅਵਰਾ ਨਾਮੁ ਜਪਾਵਹੁ ॥' (੨੮੯)

ਸਤ ਸੰਗਤਿ ਵਿਚ ਮਿਲ ਕੇ ਜਪਣ ਨਾਲ ਜਾਂ ਨਾਮ ਰੂਪੀ ਭੋਜਨ ਸੰਗਤ ਵਿਚ ਵੰਡ ਕੇ ਛਕਣ ਨਾਲ ਇਹ ਮੁੱਕਦਾ ਨਹੀਂ।

'ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥' (੧੮੬)

ਧਰਮ ਦੀ ਕਿਰਤ ਕਰਕੇ ਆਪ ਛਕਕੇ ਤੇ ਦੂਸਰਿਆਂ ਨੂੰ ਛਕਾਕੇ :–

'ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥' (੨੯੫)

ਦੀ ਪਦਵੀ ਨੂੰ ਪ੍ਰਾਪਤ ਕਰਨਾ ਕਰ, ਹੇ ਜੀਵ!

ਭਗਤ ਫਰੀਦ ਜੀ ਨੇ ਵੀ ਨਾਮ ਦੀ ਮਿਠਾਸ ਬਾਰੇ ਕਿਹਾ ਹੈ :

'ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥' (੧੩੭੯)

'ਧਨਵੰਤ ਨਾਮ ਕੇ ਵਣਜਾਰੇ ॥' (੧੨੨੦)

'ਭਗਤੁ ਭਗਤੁ ਜਗਿ ਵੱਜਿਆ ਚਹੁੰ ਚੱਕਾਂ ਦੇ ਵਿਚ ਚਮਰੇਟਾ ।'

(ਵਾਰ ੧੦ ਪਉੜੀ ੧੭)

ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ॥' (੧੦੯੭)

'ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥
ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥'

(ਦਸਮ ੫੯)

ਸਤਿਗੁਰਾਂ ਦੇ ਸਮਝਾਉਣ ਤੋਂ ਜੀਵ ਨੇ ਕਮਾਈ ਕਰ ਕੇ ਸਤ ਸੰਗਤਿ ਰੂਪੀ ਹੱਟ ਤੋਂ ਬੜਾ ਲਾਹਾ ਲਿਆ ਅਤੇ ਸੱਚਾ ਨਾਮ ਧਨ ਪ੍ਰਾਪਤ ਕਰ ਕੇ ਫਿਰ ਸ਼ਾਹ ਬਣ ਗਿਆ ।

'ਭਾਗਠਰੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ ॥' (੭੪੮)

'ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥' (੧੧੫੫)

'ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥' (੨੭੮)

ਪ੍ਰਮੇਸਰ ਵਿਚ ਅਭੇਦਤਾ ਦਾ ਅਨੰਦ ਲੈਣ ਲੱਗ ਪਿਆ ।

੨. ਉਧਾਰ ਦੇ ਕੇ ਨਾ ਮੰਗਣ ਦਾ ਭਾਵ ਹੈ, ਸਤਿਗੁਰਾਂ ਨੂੰ ਤਨ ਮਨ ਧਨ ਸਭ ਕੁਝ ਦੇ ਦੇ :

'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥' (੯੧੮)

ਨਿਸ਼ਕਾਮ ਭਗਤੀ ਕਰ, ਭਗਤੀ ਦੇ ਬਦਲੇ ਕੁਝ ਮੰਗ ਨਾ । ਜਿਸ ਤਰ੍ਹਾਂ ਬਿਸ਼ਨ ਸਿੰਘ ਰਾਜੇ ਦੀ ਛੋਟੀ ਰਾਣੀ ਨੇ ਲਾਲ ਰੰਗ ਲਾ ਕੇ 'ਸ' ਲਿਖ ਦਿੱਤਾ ਸੀ ਕਿ ਲਾਲਸਾ ਹੈ ਤੁਹਾਡੇ ਸਰੂਪ ਦੀ ਹੋਰ ਕਿਸੇ ਚੀਜ਼ ਦੀ ਇੱਛਾ ਹੀ ਨਹੀਂ । ਰਾਜਾ ਪਦਾਰਥ ਵੀ ਲੈ ਕੇ ਤੇ ਆਪ ਵੀ ਉਸ ਦੇ ਹੀ ਮਹਿਲੀਂ ਗਿਆ । ਇਸੇ ਤਰ੍ਹਾਂ ਜੋ ਨਿਸ਼ਕਾਮ ਭਗਤੀ ਕਰਦਾ ਹੈ ਪ੍ਰਮੇਸ਼ਰ ਉਸ ਨੂੰ ਕਿਸੇ ਪ੍ਰਕਾਰ ਦੀ ਥੁੜ ਨਹੀਂ ਰਹਿਣ ਦੇਂਦਾ ।

'ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥' (੮੫੯)

'ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ ॥' (੧੦੯੯)

ਉਹ ਤਾਂ ਐਸਾ ਬੇਅੰਤ ਹੈ ਜਿਨ੍ਹਾਂ ਨੇ :-

'ਅਪਨੇ ਲੋਭ ਕਉ ਕੀਨੋ ਮੀਤੁ ॥ ਉਹਨਾਂ ਨੂੰ ਵੀ-
ਸਗਲ ਮਨੋਰਥ ਮੁਕਤਿ ਪਦੁ ਦੀਤੁ ॥' (੧੯੫)

'ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ ॥੯॥' (ਵਾਰ ੩੬)

ਜੋ ਕੁਬੰਦੋ ਆਪਿ ਸੋ ਤਹਾਏ ਖਿਲ ਪੇ ॥' (੧੧੦੧)

'ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ ॥' (੫੭੭)

'ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥' (੧੨੩੨)

ਇਸਦਾ ਕਾਰਣ ਅਗਿਆਨ ਹੈ ਜਿਸ ਕਰਕੇ ਭਰਮ ਵਿਚ ਪੈ ਕੇ ਵਾਹਿਗੁਰੂ ਦੀ ਆਗਿਆ ਤੋਂ ਉਲਟ ਚੱਲ ਪਿਆ ਤਾਂ ਜੀਵ ਦੁਖੀ ਹੈ। ਤਾਂ ਸਤਿਗੁਰਾਂ ਨੇ ਤਰਸ ਕਰ ਕੇ ਦੱਸਿਆ।

(ਅ) ੧. ਜਦੋਂ ਪ੍ਰਮੇਸ਼ਰ ਰੂਪ ਸ਼ਾਹ ਦੇ ਮਿੱਤਰ ਸਤਿਗੁਰੂ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਇਸ ਜੀਵ ਨੂੰ ਮਿਲੇ ਉਨ੍ਹਾਂ ਨੇ ਇਸ ਦੀ ਢਹਿੰਦੀ ਕਲਾ ਤੇ ਵਿਗੜੀ ਹੋਈ ਸੂਰਤ ਦੇਖ ਕੇ ਕਿਹਾ, ਹੈਂ ਤੂੰ ਤਾਂ ਪ੍ਰਮੇਸ਼ਰ ਸ਼ਾਹ ਦਾ ਪੁੱਤਰ ਹੋਣ ਕਰ ਕੇ ਸਭ ਜੂਨਾਂ ਤੇ ਤੇਰੀ ਸਰਦਾਰੀ ਸੀ।

'ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥' (੩੭੪)

'ਸਗਲ ਜੋਨਿ ਮਹਿ ਤੂ ਸਿਰਿ ਧਰਿਆ ॥' (੯੧੩)

ਤੇ ਕੀ ਗੱਲ ਹੈ ? ਤੇਰੀ ਹਾਲਤ ਤਾਂ ਬਾਕੀ ਜੂਨਾਂ ਤੋਂ ਵੀ ਮੰਦੀ ਹੈ।

ਸਤਿਗੁਰਾਂ ਨੇ ਅਸਲੀ ਭੇਦ ਭਾਵ ਸਮਝਾਇਆ ਕਿ ਸਤ ਸੰਗਤਿ ਰੂਪ ਹੱਟ ਹੈ। ਜਸ ਰੂਪ ਛਾਏਵਾਨਾਂ ਦੇ ਹੇਠ ਦੀ ਜਾਣਾ ਕਰ। ਜਾਂ ਛਾਵੇਂ ਛਾਵੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਤੇ ਕਥਾ ਸੁਣਨ ਜਾਇਆ ਕਰ ਅਤੇ ਸਾਰਾ ਦਿਨ ਦਸਾ ਨਵਾਂ ਦੀ ਕਿਰਤ :

'ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥' (੧੩੭੬)

ਕਰਦਾ ਹੋਇਆ ਵੀ ਪ੍ਰਮੇਸ਼ਰ ਨੂੰ ਚੇਤੇ ਰੱਖਿਆ ਕਰ। ਸ਼ਾਮੀਂ ਫੇਰ ਸਤ ਸੰਗਤਿ ਰੂਪ ਹੱਟ ਤੇ ਜਾ ਕੇ ਕਥਾ ਕੀਰਤਨ ਸੁਣ ਕੇ ਜਨਮ ਸਫਲਾ ਕਰ।

'ਸੁਣਿ ਹਰਿ ਕਥਾ ਉਤਾਰੀ ਮੈਲੁ ॥
ਮਹਾ ਪੁਨੀਤ ਭਏ ਸੁਖ ਸੈਲੁ ॥' (੧੭੮)

'ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥' (੨੧੪)

'ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥' (੧੩੧੮)

'ਕੋਇ ਨ ਜਾਨੈ ਕੋਇ ਨ ਮਾਨੈ ਸੋ ਪਰਗਟੁ ਹਰਿ ਦੁਆਰੇ ॥' (੪੦੬)

ਸਤ ਸੰਗਤਿ ਰੂਪ ਹੱਟ ਤੋਂ ਅਨੇਕਾਂ ਨੇ ਪੱਟੀ ਪੱਟੀ ਹੈ ਤੇ ਨਾਮ ਰੂਪੀ ਪੂੰਜੀ ਵਾਲੇ ਵੱਡੇ ਸ਼ਾਹੂਕਾਰ ਬਣੇ ਹਨ।

'ਜੋ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥' (੪੬੫)

ਸਤਿਗੁਰੂ ਨਾਨਕ ਦੇਵ ਜੀ ਨੇ ਮੱਕੇ ਵਿਚ ਕਿਹਾ ਸੀ :

'ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।
ਦਰਗਹ ਢੋਈ ਨਾ ਲਹੈ ਕਾਫਰ ਕੁੱਤਾ ਸੈਤਾਨ।' (ਜਨਮ ਸਾਖੀ)

ਕਿਸੇ ਨੇ ਚਿੱਟੀਆਂ ਦਾੜ੍ਹੀਆਂ ਕਲਫ ਲਾ ਕੇ ਕਾਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਈ ਵਿਚੋਂ ਵਿਚੋਂ ਸਿਰ ਗੰਜਾ ਕਰਨਾ ਲੈਂਦੇ ਹਨ। ਕਈ ਨਾਈਆਂ ਪਾਸੋਂ ਖਤ ਕਢਾਉਂਦੇ ਹਨ, ਮੂੰਹ ਸਿਰ ਮੁਨਾ ਕੇ ਵੀ ਸਿੱਖ ਅਖਾਉਂਦੇ ਹਨ। ਜਿਸ ਪ੍ਰਮੇਸ਼ਰ ਦੀ ਦਿੱਤੀ ਅਮਾਨਤ ਵਿਚ ਖਿਆਨਤ ਪਾਈ ਜਾ ਰਹੀ ਹੈ, ਉਸ ਦੀ ਇਹ ਮਸੀਤ ਪੁੱਟਣ ਕਰ ਕੇ ਉਸ ਦੇ ਜਮਦੂਤਾਂ ਦੀ ਕੁੱਟ ਖਾਣਗੇ।

੫. ਜੋ ਕਿਹਾ ਸੀ ਥੰਮ੍ਹ ਸ਼ਾਹ ਤੋਂ ਮਾਇਆ ਲੈ ਲਵੀਂ। ਏਸ ਗੱਲ ਨੂੰ ਨਾ ਸਮਝਦੇ ਹੋਏ ਨੇ, ਜਿਹੜੇ ਆਪਣੇ ਆਪ ਨੂੰ ਹੀ :

'ਸਣ ਟੋਪੀ ਸਣ ਕਪੜੀਂ ਜੁੱਤੇ ਸਣੇ ਖੁਦਾ ॥'

ਮੰਨੀ ਬੈਠੇ ਹਨ। ਕਹਿੰਦੇ ਹਨ ਮੈਂ ਹੀ ਪ੍ਰਤੱਖ ਰੱਬ ਹਾਂ।

'ਮੇਰੋ ਈ ਧਯਾਨ ਧਰੋ ਨਿਸਬਾਸੁਰ, ਕੂਲ ਕੈ ਅਉਰ ਕੋ ਨਾਮੁ ਨ ਲੀਜੈ ॥
ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ, ਲੀਨੇ ਬਿਨਾ ਨਹਿ ਨੈਕ ਪ੍ਰਸੀਜੈ ॥੨੯॥'
(ਦਸਮ ੭੧੫)

ਐਸੇ ਮਨੁੱਖਾਂ ਨੂੰ ਹੀ ਖੁਦਾ ਸਮਝ ਕੇ ਮੰਨਣਾ ਸ਼ੁਰੂ ਕਰ ਦਿੱਤਾ। ਜਿਨ੍ਹਾਂ ਬਾਰੇ ਦਾਦੂ ਜੀ ਨੇ ਕਿਹਾ ਹੈ :-

'ਦਾਦੂ! ਦੁਨੀਆ ਬਾਵਰੀ ਕਹੈ ਚਾਮ ਕੋ ਰਾਮ ॥
ਪੂਛ ਮਰੋੜੈ ਬੈਲ ਕੀ ਕਾਢੈ ਅਪਨਾ ਕਾਮ ॥'

ਕਿਸੇ ਨੂੰ ਪੁੱਛ ਕੇ ਦੇਖ ਲਵੋ :

'ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ (੭੧)

ਦਰਬਾਰੀ ਦਾਸ ਜੀ ਨੇ ਠੀਕ ਹੀ ਕਿਹਾ ਹੈ :-

'ਕਲਜੁਗ ਸਿਖ ਨ ਦਿਸੈ ਕੋਈ, ਸਭ ਕੋਈ ਗੁਰੂ ਸਦਾਵੈਂ।'

ਚੇਲਾ ਬਣਨਾ ਤਾਂ ਕੋਈ ਪਸੰਦ ਹੀ ਨਹੀਂ ਕਰਦਾ।

ਅਜਿਹਾ ਹੈ :- 'ਘਰ ਘਰ ਹੋਇ ਬੈਠ ਹੈ ਰਾਮਾ ॥'

'ਭਿੰਨ ਏਕ ਦਿਵਸ ਚਲੈ ਕੋਊ ਮਤ ਦੋਇ ਦਿਉਸ ਚਲਾਹਿਗੇ ॥
ਨ੍ਰਿਪ ਜੋਰ ਕ੍ਰੂਰ ਕਰੋਰ ਕੇ ਦਿਨ ਤੀਸਰੇ ਮਿਟ ਜਾਹਿਗੇ ॥'
(ਦਸਮ ੫੭੩)

ਪਰ ਇਹ ਅਲਪੱਗ ਜੀਵ ਵਿਸ਼ੇ ਸੁੱਖ ਨੂੰ ਮਿੱਠੇ ਜਾਣਕੇ ਮਾਣਦਾ ਹੈ।

'ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਪੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ, ਫਿਰਿ ਬਹੁਰਿ ਬਹੁਰਿ ਪਛਤਾਵਹਿ ॥੧॥' (੪੦੩)

ਅਥਵਾ ਝੂਠ ਨੂੰ ਮਿੱਠਾ ਭੋਜਨ ਜਾਣ ਕੇ ਛਕਦਾ ਹੈ।

'ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥' (੪੬੮)

'ਜਬ ਆਨੈ ਵਲਵੰਚ ਕਰਿ ਝੂਠ, ਤਬ ਜਾਨੈ ਜਗੁ ਜਿਤੀਆ ॥' (੭੨੩)

ਗੁਰੂ ਪੀਰ ਦੀ ਝੂਠੀ ਸੌਂਹ ਖਾਣ ਤੋਂ ਵੀ ਸੰਕੋਚ ਨਹੀਂ ਕਰਦਾ।

'ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥
ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ (੭੨੩)

'ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥' (੩੦੩)

'ਅੰਦਰਿ ਕਮਾਣਾ ਸਰਪਰ ਉਘੜੈ
ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥' (੩੧੬)

'ਚਿਤ੍ਰ ਗੁਪਤੁ ਜਬ ਲੇਖਾ ਮਾਗਹਿ
ਤਬ ਕਉਣੁ ਪੜਦਾ ਤੇਰਾ ਢਾਕੈ ॥' (੬੧੬)

ਸੋ ਨਾਮ ਮਿੱਠਾ ਧਾਰਨ ਰੂਪ ਖਾਣ ਦੀ ਥਾਂ ਵਿਸ਼ਿਆਂ ਨੂੰ ਭੋਗਦਾ ਹੈ ਤੇ ਦੁਖੀ ਹੁੰਦਾ ਹੈ।

੪. ਸਵਾ ਪਹਿਰ ਦਿਨ ਚੜ੍ਹੇ ਤੋਂ ਮਸੀਤ ਹੇਠੋਂ ਮਾਇਆ ਕੱਢਣ ਦੇ ਭਾਵ ਨੂੰ ਉਲਟਾ ਸਮਝਦੇ ਹੋਏ ਨੇ ਦੇਹ ਰੂਪ ਮਸੀਤ ਨੂੰ ਹੀ ਪੁੱਟਣਾ ਸ਼ੁਰੂ ਕਰ ਦਿੱਤਾ। ਸਾਬਤ ਸੂਰਤ ਨੂੰ ਵਿਗਾੜਨ ਰੂਪ ਕਿਸੇ ਨੇ ਤਾਂ ਜੋਗੀ ਬਣ ਕੇ :

'ਮੁਵਨ ਫਾਰਿ ਮੁੰਦ੍ਰਾ ਦ੍ਰੈ ਭਾਰੀ ॥
ਹਰਿ ਕੀ ਪ੍ਰੀਤਿ ਰੀਤਿ ਨ ਬਿਚਾਰੀ ॥' (ਦਸਮ ੫੬)

ਕਿਸੇ ਨੇ : ਲਿੰਗ ਬਿਨਾ ਕੀਨੇ ਸਭ ਰਾਜਾ ॥' (ਦਸਮ ੫੬)

ਸੁੰਨਤ ਕਰਵਾ ਲਈ

ਕਿਸੇ ਨੇ : 'ਹਥੀ ਸਿਰ ਖੁਹਾਇਨ ਭਦ ਕਰਾਇਆ ॥ (੧੨੮੫)

'ਸਿਰੁ ਖੋਹਾਇ ਪੀਅਹਿ ਮਲ ਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਭੇਡਾ ਵਾਗੀ ਸਿਰੁ ਖੁਹਾਇਨਿ ਭਰੀਅਨਿ ਹਥ ਸੁਆਹੀ ॥' (੧੪੯)

ਹੱਥਾਂ ਦੀਆਂ ਚੁਟਕੀਆਂ ਨਾਲ ਸਿਰ ਦੇ ਵਾਲ ਪੁਟਾ ਕੇ ਜੈਨੀ ਹੋ ਗਏ। ਵਾਲ ਪੁੱਟਣ ਵੇਲੇ ਕਹਿੰਦੇ ਹਨ :

'ਰਾਮ ਚਟਾਕਾ, ਅਖ ਦੁਖ ਜਾਤਾ। ਅਖ ਦੁਖ, ਫਿਰ ਸੁਖ ॥'

ਕਿਸੇ ਨੇ (ਧਉਲੇ) ਚਿਟੇ ਰੋਮ, ਪੁੱਟਣੇ ਸ਼ੁਰੂ ਕਰ ਦਿੱਤੇ।

੩. ਵਿਸ਼ਿਆਂ ਨੂੰ ਮਿੱਠੇ ਭੋਜਨ ਜਾਣ ਕੇ ਇਨ੍ਹਾਂ ਦੇ ਭੋਗਣ ਵਿਚ ਪਹਰ ਗਿਆ।

'ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ ॥' (੧੩੩੦)
'ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ
ਸਰੁ ਅਪਸਰੁ ਨ ਪਛਾਣਿਆ ॥' (੯੩)

ਪਰਾਏ ਨੱਕਾਂ ਨੂੰ :

'ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ ॥ ੧ ॥
ਮਾਤਾ ਭੈਸਾ ਅੰਮ੍ਰਹਾ ਜਾਇ ॥ ਕੁਦਿ ਕੁਦਿ ਚਰੈ ਰਸਾਤਲਿ ਪਾਇ ॥੨॥'
(੩੨੬)

ਕਹਿੰਦਾ ਹੈ ਆਪਣੇ ਧਰਮ (ਜਤ ਸਤ) ਵਿਚ ਜਨਿਨ ਦੇ ਜੋ ਨਿਯਮ ਬਣਾਏ ਹਨ ਇਹ ਕਮਜ਼ੋਰ ਲੋਕਾਂ ਦੀਆਂ ਗੱਲਾਂ ਹਨ।

'ਆਹ ਜੱਗ ਮਿੱਠਾ, ਅਗਲਾ ਕਿਨ ਡਿੱਠਾ। ਖਾਓ ਪੀਓ ਹੰਢਾਓ।'
ਇਉਂ ਜਾਣ ਕੇ : 'ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥' (੮੯੨)

ਮੰਨੀ ਬੈਠਾ ਹੈ, ਇਹ ਨਹੀਂ ਪਤਾ ਜਦ ਧਰਮਰਾਜਾ ਨੇ ਡੰਡ ਦਿੱਤਾ :-

'ਤਪਤ ਥੰਮ੍ਹ ਗਲਿ ਲਾਤਿਆ ॥' (੫੪੬)

ਅਤੇ :- 'ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ ॥' (੧੩੬੨)

ਉਸ ਵਕਤ ਇਹ ਮਿਠਾਸ ਨਹੀਂ ਰਹਿਣੀ। ਜਿਸ ਤਰ੍ਹਾਂ-

'ਜੇ ਮਉ ਵਰ੍ਹਿਆ ਮਿਠਾ ਖਾਜੈ ਭਾ ਫਿਰਿ ਕਉੜਾ ਖਾਇ ॥
ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ ॥
ਮਿਠਾ ਕਉੜਾ ਦੋਵੈ ਰੋਗ ॥ ਨਾਨਕ ਅੰਤਿ ਵਿਗੁਤੇ ਭੋਗ ॥' (੧੨੪੩)
'ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥ (੧੩੫)

ਇਨ ਮਿੱਠੇ ਡੇਲੀਏ ਦੀ ਲਿਆਈਂ ਹੈ ਉਹ ਪਾਣ ਨੂੰ ਤਾਂ ਮਿੱਠਾ ਪਰ ਉਸ ਵਿਚ ਹੁੰਦੀ ਨਿਰੀ ਜ਼ਹਿਰ ਹੈ ਮੌਤ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਇਹ ਵਿਸ਼ੇ ਵੀ:

'ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥' (੧੩੭੯)
'ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥' (੭੦੮)

ਸੁਖ ਰੂਪ ਜਾਣ ਕੇ ਭੋਗਦਾ ਹੈ ਪਰ ਅੰਤ ਨੂੰ ਦੁੱਖ ਰੂਪ ਹੁੰਦੇ ਹਨ। ਇਸੇ ਤਰ੍ਹਾਂ :

ਹਰਖ ਤ ਸੋਗੰ ਭੋਗੰ ਤ ਰੋਗੰ ॥' (੧੩੫੫)

(ੳ) ੧. ਇਸੇ ਤਰ੍ਹਾਂ ਹੀ ਪ੍ਰਮੇਸ਼ਰ ਸਭ ਤੋਂ ਵੱਡਾ ਸ਼ਾਹੂਕਾਰ ਹੈ। ਜੀਵ ਉਸ ਦਾ ਪੁੱਤਰ ਹੈ, ਉਸ ਨੇ ਇਸ ਜੀਵ ਨੂੰ ਸਫਲ ਸ਼ਾਹ ਬਨਣ ਲਈ ਇਹ ਸੁਭ ਸਿੱਖਿਆ ਦਿੱਤੀ ਪਰ ਇਸ ਜੀਵ ਨੇ ਉਸ ਸਿੱਖਿਆ ਨੂੰ ਅਸਲੀ ਰੂਪ ਵਿਚ ਨਾ ਸਮਝਦੇ ਹੋਏ ਨੇ ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਕਰਨ ਵਾਲੀ ਕੁਸੰਗਤ ਰੂਪ ਦੁਕਾਨ ਤੇ ਜਾਣ ਵਾਸਤੇ ਵਾਸ਼ਨਾ ਰੂਪ ਚਾਨਣੀਆਂ ਨੂੰ ਆਸਾ ਰੂਪ ਬੋਤੀਆਂ ਨਾਲ ਕੱਸ ਕੇ ਵਾਂ ਦਾ ਪ੍ਰਸੰਗ ਕੀਤਾ। ਇਸ ਦਾ ਖਿਆਲ ਸੀ ਜਦ ਓਥੋਂ ਮੈਂ ਭੂਤਾਂ ਪ੍ਰੇਤਾਂ ਨੂੰ ਵੱਸ ਕਰ ਲਿਆ ਤਾਂ ਦੂਜਿਆਂ ਦੀ ਮਾਇਆ ਵੀ ਮੈਨੂੰ ਹੀ ਲਿਆ ਕੇ ਦੇਣਗੇ। ਜਿਸ ਤਰ੍ਹਾਂ ਕਿਸੇ ਬੰਦੇ ਦੇ ਯੱਖਣੀ ਵੱਸ ਸੀ ਅਤੇ ੨੫ ਰੁਪਏ ਹਰ ਰੋਜ਼ ਲਿਆ ਕੇ ਉਸ ਨੂੰ ਦਿੰਦੀ ਸੀ ਪਰ ਉਸ ਨੇ ਅੰਤ ਨੂੰ ਉਸ ਨੂੰ ਹੀ ਮਾਰਿਆ ਸੀ। ਕਾਂਸ਼ੀ ਵਿਚ ਇਕ ਜੋਗੀ ਦੇ ਭੂਤ ਵੱਸ ਸੀ ਉਸ ਨੂੰ ਆਕਾਸ਼ ਵਿਚ ਉੱਚੀ ਚੌਕੀ ਚੁਕਾ ਕੇ ਪਹਿਰ ਭਰ ਲੋਕਾਂ ਤੋਂ ਆਪ ਦੀ ਪੂਜਾ ਕਰੌਂਦਾ ਸੀ। ਇਸੇ ਤਰ੍ਹਾਂ :-

'ਛਾਇਆ ਛੂਛੀ ਜਗਤੁ ਭੁਲਾਨਾ ॥' (੯੩੨) ਦੀ ਥਾਂ ਵਿਚ ਪਰਚ ਗਿਆ।

੨. ਕਿਸੇ ਨੂੰ ਉਧਾਰ ਦੇ ਕੇ ਨਾ ਮੰਗਣ ਦੀ ਤਰ੍ਹਾਂ ਅੱਖ, ਕੰਨ, ਨੱਕ ਆਦਿ ਇੰਦ੍ਰੀਆਂ ਦੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ ਚੋ ਵੇਖਣ, ਸੁਣਨ, ਸੁੰਘਣ ਤੇ ਭੋਗਣ ਵਿਚ ਮਨ ਨੂੰ ਲਾ ਦਿੱਤਾ ਮੁੜ ਕੇ ਵਾਪਸ ਹੀ ਨਹੀਂ ਲਿਆ। ਬਿਰਧ ਅਵਸਥਾ ਦੇ ਕਾਰਨ ਇੰਦ੍ਰੀਆਂ ਦੀ ਹਾਲਤ ਭਾਵੇਂ ਐਸੀ ਹੋ ਗਈ ਹੈ :-

'ਫਰੀਦਾ ਅਖੀ ਦੇਖਿ ਪਤੀਣੀਆਂ ਸਣਿ ਸਣਿ ਰੀਣੇ ਕੰਨ ॥' (੧੩੭੮)

ਪਰ ਅਜੇ ਵੀ ਅੱਖਾਂ ਬਿਗਾਨਾ ਰੂਪ ਦੇਖਣ ਵਾਸਤੇ ਭੁੱਖੇ ਬਾਜ ਦੀ ਤਰ੍ਹਾਂ ਦੌੜ ਕੇ ਜਾਂਦੀਆਂ ਹਨ।

'ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ ॥
ਉਸਤਤਿ ਨਿੰਦਾ ਕੰਨਿ ਸੁਣਿ ਰੇਵਣਿ ਤੈ ਹਾਸੇ ॥
ਸੁਆਦਾ ਜਾਭ ਨ ਰਜਾਆ ਕਰਿ ਭਗ ਬਿਲਾਸੇ ॥
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ॥'
(ਵਾਰ ੨੭, ਪਉੜੀ ੯)

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥' (੪੮੬)

ਇਉਂ ਵਿਸ਼ਿਆਂ ਵਿਚ ਇੰਦ੍ਰੀਆਂ ਨੂੰ ਲਾ ਕੇ ਵਾਪਸ ਨਹੀਂ ਮੋੜਿਆ।

ਕੱਢ ਲਵੀਂ। ਪੰਜਵੀਂ-ਜੇ ਹੋਰ ਧਨ ਦੀ ਲੋੜ ਹੋਵੇ ਤਾਂ ਥੰਮ੍ਹਣ ਸ਼ਾਹ ਤੋਂ ਲੈ ਲਵੀਂ। ਇਹ ਸਿੱਖਿਆ ਦੇ ਕੇ ਸ਼ਾਹ ਚੜ੍ਹਾਈ ਕਰ ਗਿਆ। ਸ਼ਾਹ ਦੇ ਪੁੱਤਰ ਨੇ ਗੁੱਝੀ ਰਮਜ਼ ਨਾ ਸਮਝੀ। ਦੁਕਾਨ ਤੇ ਜਾਣ ਆਉਣ ਵਾਸਤੇ ਘਰ ਤੋਂ ਲੈ ਕੇ ਦੁਕਾਨ ਤੱਕ ਸਾਰੇ ਬਾਜ਼ਾਰ ਵਿਚ ਚਾਨਣੀਆਂ ਲੁਵਾ ਦਿੱਤੀਆਂ। ਸੌਦਾ ਉਧਾਰ ਦੇ ਕੇ ਕਿਸੇ ਤੋਂ ਮੰਗੇ ਨਾ ਤੇ ਆਪਣੇ ਆਪ ਕੋਈ ਪੈਸੇ ਦੇਵੇ ਨਾ। ਹਰ ਰੋਜ਼ ਘਿਉ ਖੰਡ ਨਾਲ ਪ੍ਰਸ਼ਾਦਾ ਅਥਵਾ ਮਠਿਆਈ ਬਣਾ ਬਣਾ ਕੇ ਛਕਣ ਲੱਗ ਪਿਆ। ਛੇਤੀ ਹੀ ਮਾਇਆ ਮੁੱਕ ਗਈ। ਇਕ ਦਿਨ ਮਸੀਤ ਹੇਠੋਂ ਮਾਇਆ ਕੱਢਣ ਵਾਸਤੇ ਸਵਾ ਪਹਿਰ ਦਿਨ ਚੜ੍ਹੇ ਤੋਂ ਅੰਦਰੋਂ ਮਸੀਤ ਪੁੱਟਣ ਜਾ ਲੱਗਾ। ਫੜ ਕੇ ਮੁਸਲਮਾਨਾਂ ਨੇ ਕੁੱਟਿਆ। ਥੰਮ੍ਹਣ ਸ਼ਾਹ ਦਾ ਇਸ ਨੂੰ ਪਤਾ ਹੀ ਨਾ ਲੱਗਾ ਕਿ ਕਿਹੜਾ ਹੈ? ਇਸ ਤਰ੍ਹਾਂ ਅਤਿਅੰਤ ਗਰੀਬ ਹੋ ਗਿਆ।

ਉਸ ਸ਼ਾਹ ਦਾ ਕੋਈ ਮਿੱਤਰ ਸੀ। ਉਹ ਇਕ ਦਿਨ ਆਇਆ ਤੇ ਇਸ ਦੇ ਗਰੀਬ ਹੋ ਜਾਣ ਦਾ ਕਾਰਣ ਪੁੱਛਿਆ? ਤਾਂ ਇਸ ਨੇ ਕਿਹਾ, 'ਪਿਤਾ ਦੀ ਆਗਿਆ ਮੰਨ ਕੇ ਇਹ ਹਾਲਤ ਹੋਈ ਹੈ।' ਉਹ ਸਾਰਾ ਆਪਣੇ ਪਿਤਾ ਦਾ ਹੁਕਮ ਵੀ ਦੱਸ ਦਿੱਤਾ। ਸ਼ਾਹ ਦਾ ਮਿੱਤਰ ਕਹਿਣ ਲੱਗਾ, 'ਤੂੰ ਤਾਂ ਉਸਦੇ ਭਾਵ ਨੂੰ ਨਹੀਂ ਸਮਝ ਸਕਿਆ ਤਾਂ ਤੇਰੀ ਇਹ ਹਾਲਤ ਹੋਈ ਹੈ। ਉਸ ਦਾ ਛਾਵੇਂ ਛਾਵੇਂ ਦੁਕਾਨ ਤੇ ਜਾਣ ਆਉਣ ਦੇ ਕਹਿਣ ਤੋਂ ਭਾਵ ਸੀ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਪਹੁ ਫੁਟਦੀ ਨਾਲ ਦੁਕਾਨ ਤੇ ਜਾਈਂ ਅਤੇ ਹਨੇਰਾ ਹੋਏ ਤੇ ਆਇਆ ਕਰੀਂ ਤਾਂ ਕਿ ਕੋਈ ਵੀ ਗਾਹਕ ਖਾਲੀ ਨਾ ਮੁੜੇ। ਉਧਾਰ ਦੇ ਕੇ ਨਾ ਮੰਗੀਂ, ਕਹਿਣ ਦਾ ਮਤਲਬ ਸੀ ਕਿ ਜਿਸ ਨੂੰ ਉਧਾਰ ਦੇਵੇਂ ਉਸਦੀ ਪਹਿਲਾਂ ਹੀ ਕੋਈ ਐਸੀ ਖਹੁਮੁੱਲੀ ਚੀਜ਼ ਗਿਰਵੀ (ਗਹਿਣੇ) ਰਖਾ ਲਵੀਂ ਜਿਸ ਕਰਕੇ ਉਹ ਆਪ ਹੀ ਪੈਸੇ ਦੇਣ ਭੱਜਾ ਆਵੇ ਤੈਨੂੰ ਮੰਗਣ ਦੀ ਲੋੜ ਨਾ ਪਵੇ। ਮਿੱਠਾ ਭੋਜਨ ਛਕਣ ਦਾ ਭਾਵ ਸੀ ਕਿ ਭੁੱਖ ਲੱਗੀ ਤੋਂ ਪ੍ਰਸ਼ਾਦਾ ਛਕੀਂ, ਓਦੋਂ ਸੁਆਦ ਲੱਗਦਾ ਹੈ ਤੇ ਸਰੀਰ ਵੀ ਅਰੋਗ ਰਹਿੰਦਾ ਹੈ। ਸਵਾ ਪਹਿਰ ਦਿਨ ਚੜ੍ਹੇ ਤੋਂ ਮਸੀਤ ਹੇਠੋਂ ਪੁੱਟ ਕੇ ਧਨ ਕੱਢਣ ਦਾ ਭਾਵ ਸੀ, ਮਸੀਤ ਘਰ ਦੇ ਨਾਲ ਹੈ। ਸਵਾ ਪਹਿਰ ਦਿਨ ਚੜ੍ਹੇ ਤੇ ਤੁਹਾਡੇ ਵਿਹੜੇ ਵਿਚ ਜਿਥੇ ਮਸੀਤ ਦਾ ਪ੍ਰਛਾਵਾਂ ਹੋਵੇਗਾ ਓਥੋਂ ਪੁੱਟੀਂ।' ਜਦ ਪੁੱਟਿਆ ਤਾਂ ਕਾਫੀ ਧਨ ਨਿਕਲਿਆ। ਥੰਮ੍ਹਣ ਸ਼ਾਹ ਦਾ ਪਤਾ ਕੀਤਾ, ਘਰ ਵਿਚ ਇਕ ਥੰਮ੍ਹਲਾ ਬੇਲੋੜਾ ਹੀ ਕੱਢਿਆ ਹੋਇਆ ਸੀ ਜਦ ਉਹ ਉਧੇੜਿਆ ਤਾਂ ਵਿਚੋਂ ਪੋਲਾ ਸੀ। ਸ਼ਾਹੂਕਾਰ ਦਾ ਰੱਖਿਆ ਹੋਇਆ ਬੇਅੰਤ ਧਨ ਉਸ ਵਿਚੋਂ ਨਿਕਲਿਆ। ਫੇਰ ਉਸੇ ਤਰ੍ਹਾਂ ਇਹ ਵੀ ਸ਼ਾਹੂਕਾਰ ਬਣ ਗਿਆ।

'ਤੱਪੜ ਝਾੜ ਵਿਛਾਇ ਧੂੜੀ ਨ੍ਹਾਇਆ ॥' (ਵਾਰ ੨੦, ਪਉੜੀ ੧੦)

'ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥' (੮੭੧)

ਅਨੁਸਾਰ ਛੋਟੀ ਦੀ ਸੇਵਾ ਕੀਤੀ। ਜਿਸ ਤੇ ਪ੍ਰਸੰਨ ਹੋ ਕੇ ਕੁਬੁੱਧੀ ਪ੍ਰਵਿਰਤੀ ਨੇ ਕਿਹਾ, ਵੱਡੀ ਭੈਣ! ਮੰਗ ਜੋ ਇੱਛਾ ਹੈ?' ਤਾਂ ਵੱਡੀ ਨੇ ਕਿਹਾ, 'ਮਨ ਰਾਜੇ ਨੂੰ ਮੇਰੇ ਵੱਲ ਵੀ ਕਿਰਪਾ ਕਰਕੇ ਆਉਣ ਦੇਹ।' ਉਸ ਨੇ ਕਿਹਾ, 'ਨੌਂ ਗੋਲਕਾਂ ਦੇ ਵਿਸ਼ੇ (ਸ਼ਬਦ ਸਪਰਸ਼ਾਦਿਕ) ਜੋ ਪੇਕਿਆਂ (ਮਾਤਾ ਦੇ ਗਰਭ) ਤੋਂ ਹੀ ਤੈਨੂੰ ਮਿਲੇ ਹਨ ਉਹ ਮੈਨੂੰ ਦੇ ਦੇਹ।' ਤਾਂ ਸਬੁੱਧੀ ਨਿਵਿਰਤੀ ਨੇ ਝੱਟ ਹੀ ਨੌਂ ਗੋਲਕਾਂ ਦੇ ਵਿਸ਼ਿਆਂ ਦਾ ਤਿਆਗ ਰੂਪ, ਨੌਂ ਲੱਖਾ ਹਾਰ ਦੇ ਦਿੱਤਾ। ਤਾਂ ਮਨ ਰਾਜਾ ਸੁਬੁੱਧੀ ਦੇ ਘਰ ਆਇਆ। ਨਾਲੇ ਵਿਚਾਰ ਕੀਤੀ ਕਿ ਮੈਂ ਸਰਬ ਸੰਸਾਰ ਦਾ ਪ੍ਰਕਾਸ਼ਕ ਹਾਂ ਪਰ ਕੁਬੁੱਧੀ ਨੇ ਮੈਨੂੰ ਨੌਂ ਗੋਲਕਾਂ ਦਾ ਵਿਸ਼ਾ ਹੀ ਸਮਝ ਛੱਡਿਆ ਸੀ। ਇਸ ਕਰਕੇ ਸਬੁੱਧੀ ਨਿਵਿਰਤੀ ਦੇ ਸਦਾ ਲਈ ਹੀ ਵੱਸ ਹੋ ਗਿਆ, ਫਿਰ ਕਦੇ ਵੀ ਕੁਬੁੱਧੀ ਪ੍ਰਵਿਰਤੀ ਦੇ ਘਰ ਨਹੀਂ ਗਿਆ। ਸੋ ਸਬੁੱਧੀ ਨੇ ਨਿਮ੍ਰਤਾ, ਧੀਰਜ ਤੇ ਸੇਵਾ ਨਾਲ ਬਾਹਰ ਭਟਕਦੇ ਮਨ ਰਾਜੇ ਨੂੰ ਰਿਦੇ ਰੂਪ ਘਰ 'ਚ ਲੈ ਆਂਦਾ।

ਯਥਾ :-ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ' (੬੨੫)

ਭਾਵ ਗੁਰੂ ਘਰ ਦੀ ਨਿਸ਼ਕਾਮ ਸੇਵਾ ਹੀ ਅੰਤਹਕਰਣ ਦੀ ਸ਼ੁੱਧੀ ਕਰਕੇ ਮਨ ਵੱਸ ਕਰਦੀ ਹੈ। ਸੋ :-

'ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥' (੫੫੨)

'ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥' (੬੨੬)

'ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥' (੨੮੬)

੧੧. ਸ਼ਾਹੂਕਾਰ ਦੇ ਪੁੱਤਰ ਦਾ ਅਲੰਕਾਰ

ਇਕ ਸ਼ਾਹ ਸਾਹ ਉਸ ਨੇ ਅੰਤ ਦੇ ਵਕਤ ਆਪਣੇ ਪੁੱਤਰ ਨੂੰ ਸਿੱਖਿਆ ਦਿੰਦਿਆਂ ਕਿਹਾ ਕਿ ਇਹ ਗੱਲਾਂ ਤੇਰੇ ਕਰਨ ਯੋਗ ਹਨ-ਜਿਨ੍ਹਾਂ ਨਾਲ ਤੂੰ ਸਫਲ ਸ਼ਾਹੂਕਾਰ ਬਣ ਸਕਦਾ ਹੈਂ। ਪਹਿਲੀ ਗੱਲ ਇਹ ਕਿ ਦੁਕਾਨ ਤੇ ਛਾਵੇਂ ਛਾਵੇਂ ਹੀ ਜਾਵੀਂ ਤੇ ਛਾਵੇਂ ਛਾਵੇਂ ਹੀ ਆਵੀਂ। ਦੂਜੀ-ਸੌਦਾ ਉਧਾਰ ਦੇ ਕੇ ਕਿਸੇ ਤੋਂ ਮੰਗੀ ਨਾ। ਤੀਜੀ-ਮਿੱਠਾ ਭੋਜਨ ਛਕੀਂ। ਚੌਥੀ-ਜੇ ਮਾਇਆ ਦੀ ਲੋੜ ਪਵੇ ਤਾਂ ਸਵਾ ਪਹਿਰ ਦਿਨ ਚੜ੍ਹੇ ਤੋਂ ਮਸੀਤ ਹੇਠੋਂ ਪੁੱਟ ਕੇ

ਕੋਲ ਹੀ ਰਹਿੰਦਾ ਸੀ। ਵੱਡੀ ਦੀ ਪ੍ਰਵਾਹ ਨਹੀਂ ਸੀ ਕਰਦਾ, ਵੱਡੀ ਦੀ ਕੋਈ ਪੇਸ਼ ਨਾ ਗਈ। ਤਾ ਉਸ ਨੇ ਕੁਝ ਵੀਚਾਰ ਕੀਤੀ ਕਿ ਕਿਸੇ ਤਰ੍ਹਾਂ ਰਾਜਾ ਸਾਹਿਬ ਮੈਨੂੰ ਵੀ ਅਪਨਾਉਣ। ਇਹ ਵਿਚਾਰ ਕਰ ਕੇ ਕਿ ਛੋਟੀ ਰਾਣੀ ਦੀ ਪ੍ਰਸੰਨਤਾ ਨਾਲ ਹੀ ਰਾਜਾ ਸਾਹਿਬ ਮੇਰੇ ਘਰ ਆ ਸਕਦੇ ਹਨ ਤਾਂ ਵੱਡੀ ਰਾਣੀ ਲੱਗੀ ਸੇਵਾ ਕਰਨ, ਛੋਟੀ ਰਾਣੀ ਦੇ ਮਹਿਲਾਂ ਵਿਚ ਜਾ ਕੇ ਜੂਠੇ ਭਾਂਡੇ ਮਾਂਜਿਆ ਕਰੇ। ਤਾਂ ਛੋਟੀ ਰਾਣੀ ਉਸ ਦੀ ਨਿੰਮ੍ਰਤਾ ਵੇਖ ਕੇ ਪ੍ਰਸੰਨ ਹੋ ਗਈ ਤੇ ਕਿਹਾ, 'ਮੰਗ ਜੋ ਕੁਝ ਮੰਗਣਾ ਹੈ।' ਤਾਂ ਵੱਡੀ ਰਾਣੀ ਨੇ ਕਿਹਾ, 'ਕ੍ਰਿਪਾ ਕਰਕੇ ਇਕ ਦਿਨ ਰਾਜਾ ਸਾਹਿਬ ਨੂੰ ਮੇਰੇ ਮਹਿਲਾਂ ਵਿਚ ਆਉਣ ਦੇਵੋ, ਬੱਸ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।' ਛੋਟੀ ਨੇ ਵੱਡੀ ਚੀਜ਼ ਜਾਣ ਕੇ ਵੱਡੀ ਰਾਣੀ ਪਾਸੋਂ ਨੌਂ ਲੱਖਾ ਹਾਰ ਮੰਗਿਆ ਜੋ ਕਿ ਉਸ ਦੇ ਪੇਕਿਆਂ ਨੇ ਉਸ ਨੂੰ ਦਿੱਤਾ ਸੀ। ਵੱਡੀ ਨੇ ਝੱਟ ਦੇ ਦਿੱਤਾ ਤਾ ਛਟੀ ਰਾਣੀ ਦਾ ਪ੍ਰੇਰਿਆ ਰਾਜਾ ਵੱਡੀ ਦੇ ਮਹਿਲੀਂ ਗਿਆ। ਵੱਡੀ ਦੀ ਨਿਰਮਾਣ ਸੇਵਾ, ਸ਼ਰਧਾ ਭਾਵਨਾ ਵੇਖ ਕੇ ਉਸ ਵੱਲ ਹੀ ਰਹਿਣ ਲੱਗ ਪਿਆ।

ਇਕ ਦਿਨ ਰਾਜੇ ਨੇ ਵੱਡੀ ਰਾਣੀ ਤੋਂ ਪੁੱਛਿਆ, 'ਤੂੰ ਛੋਟੀ ਨੂੰ ਮੇਰਾ ਇਧਰ ਆਉਣ ਦਾ ਕਿਵੇਂ ਮਨਾਇਆ ਹੈ ?' ਉਸ ਬਿਨੈ ਕੀਤੀ, 'ਮੈਂ ਉਸ ਦੇ ਜੂਠੇ ਭਾਂਡੇ ਮਾਂਜਕੇ ਨਿੰਮ੍ਰਤਾ ਗ੍ਰੀਸੀ ਨਾਲ ਉਸ ਨੂੰ ਪ੍ਰਸੰਨ ਕਰ ਲਿਆ ਤੇ ਆਪ ਜੀ ਦੇ ਦਰਸ਼ਨਾਂ ਲਈ ਬੇਨਤੀ ਕੀਤੀ। ਤੁਹਾਡੇ ਦਰਸ਼ਨਾਂ ਬਦਲੇ ਉਸ ਨੇ ਮੈਥੋਂ ਨੌਂ ਲੱਖਾ ਹਾਰ ਮੰਗਿਆ, ਤੇ ਮੈਂ ਤੁੱਛ ਜਾਣ ਕੇ ਤੇ ਆਪ ਜੀ ਦੇ ਮੇਲ ਨੂੰ ਬੇ-ਕੀਮਤਾ ਜਾਣਕੇ ਉਹ ਹਾਰ ਝੱਟ ਦੇ ਦਿੱਤਾ ਤਾਂ ਤੁਹਾਡੇ ਦਰਸ਼ਨ ਪ੍ਰਾਪਤ ਹੋਏ ਹਨ।' ਇਹ ਸੁਣਕੇ ਰਾਜੇ ਨੂੰ ਸੋਝੀ ਹੋਈ ਕਿ ਮੈਂ ਇੰਨਾ ਵੱਡਾ ਰਾਜਾ ਪਰ ਛਟੀ ਰਾਣੀ ਨੇ ਮੈਨੂੰ ਨੌਂ ਲੱਖ ਦੇ ਮੁੱਲ ਦੇ ਹਾਰ ਨਾਲ ਵੀ ਘੱਟ ਜਾਣਿਆ ਹੈ ਤੇ ਉਸ ਕੋਲ ਜਾਣਾ ਹੀ ਛੱਡ ਦਿੱਤਾ ਤੇ ਵੱਡੀ ਰਾਣੀ ਦਾ ਹੀ ਹੋ ਰਿਹਾ। ਇਹ ਹੈ ਦ੍ਰਿਸ਼ਟਾਂਤ, 'ਦਾ ਦ੍ਰਿਸ਼ਟਾਂਤ' ਇਸ ਪ੍ਰਕਾਰ ਹੈ।

ਮਨ ਹੈ ਰਾਜਾ, ਯਥਾ :-

'ਗੁਰ ਸਿਖੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥' (੬੧)

ਇਸ ਦੀਆਂ ਦੋ ਰਾਣੀਆਂ ਹਨ। ਵੱਡੀ ਹੈ ਸਬੁੱਧੀ ਨਵਿਰਤੀ, ਸੁਸ਼ੀਲ, ਨਿੰਮ੍ਰਤਾ, ਗਰੀਬੀ, ਸ਼ਰਧਾ, ਭਾਵਨਾ ਵਾਲੀ। ਛੋਟੀ ਹੈ ਕੁਬੁੱਧੀ ਪ੍ਰਵਿਰਤੀ, ਚੰਚਲ, ਹੁਸ਼ਿਆਰ, ਕੁਟਲ ਸੁਭਾਅ ਵਾਲੀ। ਮਨ ਰਾਜਾ ਛੋਟੀ ਕੁਬੁੱਧੀ (ਪ੍ਰਵਿਰਤੀ) ਦੇ ਵੱਸ ਹੋ ਰਿਹਾ ਹੈ। ਵਿਹਾਰਾਂ, ਵਿਕਾਰਾਂ ਅਤੇ ਸੰਸਾਰ ਵਿਚ ਖਚੇਤ ਹੋ ਰਿਹਾ ਹੈ। ਵੱਡੀ ਸੁਮੱਤੀ, ਸਬੁੱਧੀ ਨਿਵਿਰਤੀ ਨੇ ਸਾਧ ਸੰਗਤ ਦੀ ਸੇਵਾ, ਜੂਠੇ ਭਾਂਡੇ ਮਾਂਜਣੇ :

'ਆਸਾ ਅੰਦੇਸਾ ਦੁਇ ਪਟ ਜੜੇ ॥'

ਅੰਦਰ ਰਸਾ ਕਸਾ ਦੇ ਫੁਰਨਿਆ ਰੂਪ ਥੰਮ੍ਹਲੇ ਉਸਰੇ ਹਏ ਹਨ। ਯਥਾ :-ਸੋਨੇ ਚਾਂਦੀ, (ਕਾਮਣਿ) ਇਸਤ੍ਰੀ ਦੇ ਵਿਸ਼ੇ ਰਸ, ਚੰਦਨ ਦੀ ਖੁਸ਼ਬੂ, ਘੋੜੇ ਅਥਵਾ ਅਸਵਾਰੀਆਂ ਤੇ ਚੜ੍ਹਨ ਦੀ ਇੱਛਾ, ਸੋਹਣੀਆਂ ਦੁੱਧ ਵਰਗੀਆਂ ਚਿੱਟੀਆਂ ਸੇਜਾਂ, ਮੰਦਰਾਂ 'ਚ ਨਿਵਾਸ, ਮਿੱਠੇ ਭੋਜਨ ਤੇ ਮਾਸ ਖਾਣ ਨਾਲ, ਇਤਨੇ ਰਸਾਂ ਦੇ ਕੋਗਾਣ ਦੀ ਇੱਛਾ ਨਾਲ ਰਿਦਾ ਮੰਦਰ ਭਰਿਆ ਹੈ। ਕਿਹੜੀ ਜਗ੍ਹਾ ਖਾਲੀ ਹੈ ਜਿਥੇ ਨਾਮ ਦਾ ਨਿਵਾਸ ਹੋ ਸਕੇ ?

ਯਥਾ:-'ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥' (੧੫)

ਤਥਾ :-'ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥' (੪੭੪)

ਭਾਂਡੇ ਵਿਚ ਹੋਰ ਚੀਜ਼ ਤਾਂ ਹੀ ਪਵੇਗੀ ਜੇ ਪਹਿਲੀ ਵਸਤੂ ਬਾਹਰ ਕੱਢੀ ਜਾਵੇ। ਸੋ :-

'ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥' (੩੪੨)

ਇਨ੍ਹਾਂ ਰਸਾਂ ਕਸਾ ਦਾ ਤਿਆਗ ਕਰ ਤਾਂ ਨਾਮ ਦੀ ਪ੍ਰਾਪਤੀ ਹੋਵੇਗੀ ਐਵੇਂ ਵਿਕਾਰਾਂ ਵਿਚ ਜਨਮ ਨਾ ਗਵਾ।

੯. ਲੱਕੜਹਾਰੇ ਦਾ ਅਲੰਕਾਰ

ਇਕ ਰਾਜਾ ਸ਼ਿਕਾਰ ਗਿਆ। ਉਸ ਨੂੰ ਜੰਗਲ ਵਿਚ ਬਹੁਤ ਪਿਆਸ ਲੱਗੀ ਤਾਂ ਉਥੇ ਇਕ ਲੱਕੜਹਾਰਾ ਜੋ ਲੱਕੜਾਂ ਕੱਟ ਰਿਹਾ ਸੀ ਉਸ ਨੇ ਰਾਜੇ ਨੂੰ ਜਲ ਛਕਾਇਆ। ਰਾਜਾ ਪਾਣੀ ਪੀ ਕੇ ਬਹੁਤ ਪ੍ਰਸੰਨ ਹੋਇਆ ਅਤੇ ਇਕ ਅੰਗੂਠੀ ਲੱਕੜਹਾਰੇ ਨੂੰ ਦੇਂਦਿਆਂ ਹੋਇਆਂ ਕਿਹਾ, 'ਇਹ ਅੰਗੂਠੀ ਨਿਸ਼ਾਨੀ ਲੈ ਕੇ ਮੇਰੇ ਦਰਬਾਰ ਆਵੀਂ ਤਾਂ ਤੈਨੂੰ ਬਹੁਤ ਸਾਰਾ ਇਨਾਮ ਦੇਵਾਂਗਾ।' ਕੁਝ ਸਮਾਂ ਪਾ ਕੇ ਲੱਕੜਹਾਰਾ ਅੰਗੂਠੀ ਲੈ ਕੇ ਰਾਜੇ ਦੇ ਦਰਬਾਰ ਵਿਚ ਆਇਆ ਤਾਂ ਰਾਜੇ ਨੇ ਲੱਕੜਹਾਰੇ ਨੂੰ ਇਕ ਚੰਦਨ ਦਾ ਬਾਗ ਇਨਾਮ ਵੱਜੋਂ ਦਿੱਤਾ। ਲੱਕੜਹਾਰੇ ਨੇ ਉਸ ਬਾਗ ਵਿਚ ਜਾ ਕੇ ਕੁਹਾੜੇ ਦੇ ਦਸਤੇ ਲਈ ਕੇਵਲ ਇਕ ਡੰਡਾ ਵੱਢਿਆ। ਕੁਹਾੜੇ ਵਿਚ ਉਹ ਚੰਦਨ ਦਾ ਦਸਤਾ ਪਾ ਕੇ

ਉਸੇ ਕੁਹਾੜੇ ਨਾਲ ਬਾਕੀ ਸਾਰੇ ਦਰੱਖਤ ਵੱਢ ਵੱਢ ਕੇ ਕੋਇਲੇ ਬਣਾ ਕੇ ਵੇਚ ਦਿੱਤੇ। ਕੇਵਲ ਉਹ ਇਕੋ ਦਸਤਾ ਹੀ ਜੋ ਕੁਹਾੜੇ ਵਿਚ ਸੀ, ਰਹਿ ਗਿਆ।

ਅੱਗੇ ਹਰ ਰੋਜ਼ ਕੁਹਾੜਾ ਬਾਹਰ ਜੰਗਲ ਵਿਚ ਛੱਡ ਆਉਂਦਾ ਸੀ ਪਰ ਅੱਜ ਸਾਰੀਆਂ ਲੱਕੜਾਂ ਮੁੱਕਣ ਕਰਕੇ ਮੋਢੇ ਉਤੇ ਰੱਖਕੇ, ਸਿਰ ਉਤੇ ਕੋਇਲਿਆਂ ਦੀ ਪੰਡ ਚੁੱਕ ਕੇ ਬਜ਼ਾਰ ਵਿਚ ਵੇਚਣ ਗਿਆ। ਜਦੋਂ ਪੰਡ ਉਤਾਰਨ ਲੱਗਾ ਤਾਂ ਮੋਢੇ ਤੇ ਰੱਖਿਆ ਕੁਹਾੜੇ ਦਾ ਦਸਤਾ ਦੁਕਾਨਦਾਰ ਦੀਆਂ ਨਾਸਕਾਂ ਲਾਗੇ ਹਣ ਤੋਂ ਉਸ ਨੂੰ ਖੁਸ਼ਬੂ ਆਈ। ਉਸ ਦੁਕਾਨਦਾਰ ਨੇ ਉਨ੍ਹਾਂ ਕੋਇਲਿਆਂ ਦਾ ਮੁੱਲ ਤਾਂ ਕੁਝ ਕੌਡੀਆਂ ਹੀ ਦੱਸਿਆ ਪਰ ਕਹਿਣ ਲੱਗਾ, 'ਇਹ ਜੋ ਕੁਹਾੜੇ ਦਾ ਦਸਤਾ ਹੈ ਜੇਕਰ ਇਹ ਵੇਚਣਾ ਹੋਵੇ ਤਾਂ ਇਸ ਦੀ ਬਹੁਤ ਰਕਮ ਦੇਵਾਂਗਾ।' ਇਹ ਸੁਣ ਕੇ ਲੱਕੜਹਾਰਾ ਬਹੁਤ ਪਛਤਾਇਆ ਅਤੇ ਕਹਿਣ ਲੱਗਾ, 'ਮੈਂ ਇਸ ਨਾਲ ਐਸੀ ਕੀਮਤੀ ਲੱਕੜੀ ਦੇ ਗੱਡਿਆਂ ਦੇ ਗੱਡੇ ਕੋਇਲੇ ਬਣਾ ਕੇ ਵੇਚ ਦਿਤੇ ਹਨ। ਜੇ ਪਤਾ ਹੁੰਦਾ ਤਾਂ ਕਦੇ ਐਸੀ ਭੁੱਲ ਨਾ ਕਰਦਾ।'

ਅਸਲ ਪਾਤਸ਼ਾਹ ਵਾਹਿਗੁਰੂ ਹੈ, ਜੀਵ ਲੱਕੜਹਾਰਾ ਹੈ। ਚੰਗੇ ਕਰਮ ਕਰਨੇ ਪਾਣੀ ਪਿਆਉਣਾ ਹੈ। ਵਾਹਿਗੁਰੂ ਰਾਜੇ ਦੀ ਮਿਹਰ ਕਰ ਕੇ ਮਨੁੱਖਾ ਜਨਮ ਅਥਵਾ ਸ਼ਰਧਾ ਰੂਪੀ ਅੰਗੂਠੀ ਮਿਲਦੀ ਹੈ। ਉਮਰ ਇਕ ਚੰਦਨ ਦਾ ਬਾਗ ਹੈ ਜਿਸ ਵਿਚ ਸਵਾਸਾਂ ਰੂਪੀ ਚੰਦਨ ਦੇ ਬੂਟਿਆਂ ਤਾਈਂ ਮਨਮਤ ਰੂਪੀ ਕੁਹਾੜਿਆਂ ਨਾਲ ਕੱਟ ਕੇ ਰਾਗ ਦ੍ਵੇਖ ਦੀ ਅਗਨੀ ਵਿਚ ਸਾੜ ਕੇ, ਪਾਪਾਂ ਰੂਪੀ ਕੋਇਲੇ ਕਰ ਰਿਹਾ ਹੈ। ਵਾਹਿਗੁਰੂ ਦੇ ਸਿਮਰਨ ਵਿਚ ਲੱਗੇ ਕਿਸੇ ਇਕ ਦੋ ਸਵਾਸਾਂ ਦਾ ਅੰਤ ਨੂੰ ਧਰਮ ਰਾਜੇ ਪਾਸ ਬਹੁਤ ਹੀ ਕੀਮਤ ਪੈਣ ਤੇ ਜੀਵ ਨੇ ਬਹੁਤ ਹੀ ਪਸਚਾਤਾਪ ਕੀਤਾ।

ਯਥਾ :-'ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆਂ ਅੰਦਰਿ ਜਾਵਣਾ ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥
ਹੁਕਮ ਕੀਏ ਮਨਿ ਭਾਵਦੇ ਜਾਨਿ ਕੀਤੇ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥
ਕਰਿ ਅਉਗਣ ਪਛੁਤਾਵਣਾ ॥' (੪੭੦)

੧੦. ਚੱਕਰਵਤੀ ਰਾਜੇ ਦਾ ਅਲੰਕਾਰ

ਇਕ ਚੱਕਰਵਰਤੀ ਰਾਜੇ ਦੀਆਂ ਦੋ ਰਾਣੀਆਂ ਸਨ। ਰਾਜਾ ਛੋਟੀ ਰਾਣੀ ਦੀ ਚੰਚਲਤਾ ਕਾਰਣ ਉਸ ਦੇ ਵੱਸ ਹੋ ਗਿਆ ਸੀ। ਸਦਾ ਉਸ

'ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿਮਹਿ ਘਟਿ ਘਟਿ ਨਾਨਕ ਮਾਝਾ ॥'
(੭੪੭)

'ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥' (੩੦੦)

'ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ ॥' (੯੧੮)

'ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥' (੨੭੪)

'ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥' (੬੮੭)

ਜਿਵੇਂ ਹੁਣ ਪੰਜਾਂ ਪਿਆਰਿਆਂ ਰਾਹੀਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਗੁਰੂ ਘਰ ਵਿਚੋਂ ਨਵਾਂ ਜਨਮ ਦੇ ਕੇ ਜਨਮ ਮਰਨ ਕੱਟਿਆ ਜਾਂਦਾ ਹੈ। ਇਕੱਲੇ ਨੂੰ ਕੋਈ ਹੱਕ ਨਹੀਂ ਕਿ ਕਿਸੇ ਦੇ ਕੰਨ ਵਿਚ ਮੰਤ੍ਰ ਦਿੰਦਾ ਫਿਰੇ।

ਯਥਾ :–'ਕੰਨਾਂ ਮੰਨਾ ਕੁਰਰ। ਤੂੰ ਮੇਰਾ ਚੇਲਾ ਤੇ ਮੈਂ ਤੇਰਾ ਗਰਰ।'

੮. ਥੰਮ੍ਹਾਂ ਵਾਲੇ ਮਕਾਨ ਦਾ ਅਲੰਕਾਰ

ਕਿਸੇ ਰਾਜੇ ਨੇ ਇਕ ਮਹਾਤਮਾ ਅੱਗੇ ਹੱਥ ਜੋੜ ਕੇ ਬੇਨਤੀ ਕੀਤੀ, 'ਮੈਨੂੰ ਉਪਦੇਸ਼ ਦਿਉ ਜੀ।' ਮਹਾਤਮਾ ਨੇ ਕਿਹਾ, 'ਰਾਜਾ ਸਾਹਿਬ! ਇਕ ਮਕਾਨ ਬਣਵਾਉ ਜਿਸ ਦਾ ਇਕ ਥੂਹਾ ਹੋਵੇ।' ਸੋ ਰਾਜੇ ਨੇ ਬਣਦਾ ਦਿੱਤਾ। ਮਹਾਤਮਾ ਨੇ ਕਾਰੀਗਰ ਨੂੰ ਕਹਿ ਕੇ ਉਸ ਮਕਾਨ ਦੇ ਅੰਦਰ ਥੰਮ੍ਹ ਹੀ ਥੰਮ੍ਹ ਬਣਵਾ ਦਿੱਤੇ। ਜੋ ਮਕਾਨ ਦਾ ਦਰਵਾਜ਼ਾ ਸੀ ਉਹ ਵੀ ਬੰਦ ਕਰਵਾ ਦਿੱਤਾ। ਤਾਂ ਮਹਾਤਮਾ ਨੇ ਕਿਹਾ, 'ਰਾਜਾ ਸਾਹਿਬ! ਆਪ ਇਸ ਮਕਾਨ ਅੰਦਰ ਨਿਵਾਸ ਕਰੋ ਤਾਂ ਉਪਦੇਸ਼ ਦੇਵਾਂਗੇ।' ਰਾਜੇ ਨੇ ਕਿਹਾ, 'ਮਹਾਤਮਾ ਜੀ! ਆਪ ਨੇ ਤਾ ਦਰਵਾਜ਼ਾ ਵੀ ਬੰਦ ਕਰਵਾ ਦਿੱਤਾ ਹੈ। ਜੇਕਰ ਦਰਵਾਜ਼ਾ ਭੰਨ ਵੀ ਲਈਏ ਤਾਂ ਉਸ ਦੇ ਅੰਦਰ ਥਾਂ ਹੀ ਨਹੀਂ, ਕਿਉਂਕਿ ਅੰਦਰ ਤਾਂ ਥੰਮ੍ਹ ਹੀ ਥੰਮ੍ਹ ਬਣੇ ਹੋਏ ਹਨ, ਕਿੱਥੇ ਬੈਠਾਂਗੇ?' ਮਹਾਤਮਾ ਨੇ ਕਿਹਾ, 'ਹੇ ਰਾਜਾ! ਇਸੇ ਤਰ੍ਹਾਂ ਤੇਰੇ ਅੰਦਰ ਵੀ ਉਪਦੇਸ਼ ਲਈ ਕੋਈ ਥਾਂ ਨਹੀਂ। ਪਹਿਲਾਂ ਤਾਂ ਥੂਹਾ ਹੀ ਸੰਦ ਹੈ, ਕਾਫ਼ ਮਨ ਦਾ ਅਗਿਆਨ ਰੂਪੀ ਜੰਦਰਾ, ਮੋਹ ਵਾ ਦੇਹ ਅਧਿਆਸ ਦਾ ਕੁੰਡਾ, ਆਸਾ ਅੰਦੇਸਾ ਦੇ ਤਖ਼ਤੇ ਹੀ ਨਹੀਂ ਖੁਲ੍ਹੇ।

ਉਸਦਾ ਨਾਮ ਲੁਕ ਕੇ ਕਿਉਂ ਜਪੀਏ ਜਪਾਈਏ । ਅਸੀਂ ਤਾਂ ਰਬਾਬ ਵਜਾ ਕੇ ਉੱਚੀ ਧੁਨੀ ਨਾਲ ਉਚਾਰ ਕ ਸਭ ਨੂੰ ਦ੍ਰਿੜ੍ਹਾ ਕ ਸਭ ਦੀ ਕਲਿਆਣ ਕਰਾਂਗੇ ।'

ਕਿਸੇ ਆਦਮੀ ਨੂੰ ਇਕ ਹਲਕਾ ਕੁੱਤਾ ਵੱਢ ਗਿਆ । ਉਸ ਨਗਰ ਵਿਚ ਇਕ ਹਕੀਮ ਰਹਿੰਦਾ ਸੀ ਜੋ ਮੰਤ੍ਰ ਪੜ੍ਹ ਕੇ ਹਲਕ ਮੇਟ ਸਕਦਾ ਸੀ । ਉਸ ਨੇ ਮੰਤ੍ਰ ਸੁਣਾ ਕੇ ਉਸ ਪੁਰਖ ਨੂੰ ਰਾਜੀ ਕਰ ਦਿੱਤਾ । ਕੁਝ ਸਮੇਂ ਮਗਰੋਂ ਬਹੁਤ ਕੁੱਤੇ ਇਕੱਠੇ ਹੀ ਹਲਕ ਗਏ । ਉਹਨਾਂ ਬਹੁਤ ਆਦਮੀਆਂ ਨੂੰ ਵੱਢਿਆ । ਜਿਸ ਹਕੀਮ ਨੂੰ ਹਲਕੇ ਕੁੱਤੇ ਦੇ ਹਲਕ ਰੋਕਣ ਦਾ ਮੰਤ੍ਰ ਯਾਦ ਸੀ ਉਹ ਸਾਰੇ ਉਸ ਕੋਲ ਗਏ ਤਾਂ ਹਕੀਮ ਨੇ ਵਿਚਾਰਿਆ ਕਿ ਜੇ ਉਹ ਇਕ ਇਕ ਆਦਮੀ ਨੂੰ ਵੱਖਰਾ ਵੱਖਰਾ ਮੰਤ੍ਰ ਸੁਣਾਏ ਤਾਂ ਬਹੁਤੇ ਆਦਮੀ ਹਲਕ ਨਾਲ ਮਰ ਜਾਣਗੇ । ਉਸ ਨੇ ਸਾਰਿਆਂ ਨੂੰ ਇਕੱਠੇ ਕਰਕੇ ਢੋਲ ਦੇ ਡੱਗੇ ਦੀ ਅਵਾਜ਼ ਨਾਲ ਇਕੋ ਵਾਰੀ ਹੀ ਸਾਰਿਆਂ ਨੂੰ ਮੰਤ੍ਰ ਸੁਣਾ ਕੇ ਸਾਰਿਆਂ ਦਾ ਇਲਾਜ ਕਰ ਦਿੱਤਾ । ਇਸੇ ਤਰ੍ਹਾਂ ਲੋਭ ਹੈ ਕੁੱਤਾ :—

'ਹੇ ਲੋਭਾ ਲੰਪਟ ਸੰਗ ਸਿਰ ਮੰਰਹਿ ਅਨਿਕ ਲਹਰੀ ਕਲੋਲਤੇ ॥
ਧਾਵੈਤ ਜੀਆ ਖਹੁ ਪ੍ਰਕਾਰ ਅਨਿਕ ਭਾਤਿ ਬਹੁ ਡੋਲਤੇ ॥
ਨਚ ਮਿਤ੍ਰੁ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥
ਆਕਰਣੰ ਕਰੋਤਿ ਅਖਾਦਿ ਖਾਦੰ ਅਸਾਜ੍ਯੰ ਸਾਜਿ ਸਮਜਯਾ ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਰਪ੍ਰਿ ਨਾਨਕ ਹਰਿ ਨਰਹਰਹ॥੪੮॥'
(੧੩੫੮)

ਸਤਿਜੁਗ ਵਿਚ ਕੋਈ ਇਕ ਦੋ ਹੀ ਵਿਗੜਦੇ ਸਨ, ਤ੍ਰੇਤੇ ਵਿਚ ਕੁਛ ਵੱਧ, ਦੁਆਪਰ ਵਿਚ ਉਸ ਤੋਂ ਵੱਧ, ਉਹਨਾਂ ਇਕੱਲਿਆਂ ਨੂੰ ਸਮਝਾ ਕੇ ਗੁਰਮੰਤ੍ਰ ਦੇ ਕੇ ਲੋਭ ਦੀ ਲਹਿਰ ਤੋਂ ਬਚਾ ਕੇ ਰਾਜੀ ਕੀਤਾ ਜਾਂਦਾ ਰਿਹਾ । ਪਰ ਕਲਜੁਗ ਵਿੱਚ ਤਾਂ ਲੋਭ-ਰੂਪੀ ਕੁੱਤੇ ਨੇ ਸਾਰਿਆਂ ਨੂੰ ਹੀ ਕੱਟ ਦਿੱਤਾ । ਸਭਨਾ ਦਾ ਜੀਵਨ ਵਿਗਾੜ ਦਿੱਤਾ । ਯਥਾ :—

'ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥' (੯੮੩)

ਸਤਿਗੁਰੂ ਜੀ ਆਪ ਹਕੀਮ ਹਨ । ਜੇ ਇਕੱਲੇ ਇਕੱਲੇ ਨੂੰ ਮੰਤ੍ਰ ਦਿੰਦੇ ਤਾਂ ਬਹੁਤ ਸਮਾਂ ਲੱਗਣਾ ਸੀ । ਸੋ ਸਤਿਗੁਰੂ ਜੀ ਨੇ ਭਾਈ ਮਰਦਾਨੇ ਨੂੰ ਰਬਾਬ ਫੜਾ ਕੇ ਪੂਰ ਕੀ ਪਵਿੱਤਰ ਬਾਣੀ ਦਾ ਕੀਰਤਨ ਦਾ ਗੁਰਮੰਤ੍ਰ ਸਭ ਨੂੰ ਇਕੱਠਿਆਂ ਨੂੰ ਸੁਣਾ ਕੇ ਰਾਜੀ ਕੀਤਾ :

ਲਿਜਾ ਕੇ ਪਾਣੀ ਨਾਲ ਮੂੰਹ ਧਆਏ, ਜਿਸ ਨਾਲ ਮੂੰਹ ਵਿਚੋਂ ਲਿੱਦ ਦੇ ਡੱਕੇ ਨਿਕਲ ਕੇ ਸਾਫ਼ ਹੋ ਗਏ ਤਾਂ ਫਿਰ ਉਨ੍ਹਾਂ ਨੂੰ ਬਹੁਤ ਅਨੰਦ ਤੇ ਰਸ ਆਇਆ। ਉਹ ਕਦੇ ਵੀ ਛੱਡ ਨਾ ਸਕੀਆਂ।

ਇਸੇ ਤਰ੍ਹਾਂ ਸਤਿਗੁਰੂ ਜੀ ਨੇ ਸਰਬੋਤਮ ਧੁਰ ਕੀ ਬਾਣੀ ਉਚਾਰਣ ਕੀਤੀ ਜੋ ਅੰਮ੍ਰਿਤ ਅਨੰਦ ਦੇ ਦੇਣ ਵਾਲੀ ਹੈ।

ਯਥਾ :—'ਸਾਚੀ ਬਾਣੀ ਮੀਠਾ ਅੰਮ੍ਰਿਤ ਧਾਰ ॥
ਜਿਨਿ ਪੀਤੀ ਤਿਸੁ ਮੋਖਦੁਆਰ ॥ ੫ ॥' (੧੨੭੫)

ਜੋ ਗੁਰਬਾਣੀ ਨਾਮੀ ਮਿਸ਼ਰੀ ਦਾ ਪਹਾੜ ਹੈ। ਨਿਮ੍ਰਤਾ, ਗਰੀਬੀ ਤੇ ਭਗਤੀ ਸਹਿਤ ਜੀਵ ਉਹ ਪਹਿਲੀ ਕੀੜੀ ਵਾਂਗ ਹਨ ਉਨ੍ਹਾਂ ਨੂੰ ਗੁਰਬਾਣੀ ਵਿਚੋਂ ਅੰਮ੍ਰਿਤ ਅਨੰਦ ਆਇਆ ਹੈ। ਦੂਜੀਆਂ ਕੀੜੀਆਂ ਇਹ ਸੰਸਾਰੀ ਜੀਵ ਹਨ। ਵਿਸ਼ੇ ਵਾਸ਼ਨਾ ਰੂਪ ਲਿੱਦ ਦੇ ਡੱਕਿਆਂ ਨਾਲ ਅੰਤਹਕਰਣ ਰੂਪ ਮੂੰਹ ਭਰੇ ਪਏ ਹਨ। ਉਨ੍ਹਾਂ ਨੂੰ ਵਿਰਾਗ ਰੂਪੀ ਪਾਣੀ ਨਾਲ ਧੋਣਾ ਕੀਤਾ ਤਾਂ ਬ੍ਰਹਮਾਨੰਦ ਰਸ ਆਇਆ ਫਿਰ ਕਦੇ ਛੱਡ ਨਹੀਂ ਸਕੇ। ਸੋ ਗੁਰਬਾਣੀ ਹੈ ਅੰਮ੍ਰਿਤ ਰੂਪ, ਧਾਰੋ ਰਿਦੇ, ਮਾਣੋ ਬ੍ਰਹਮਾਨੰਦ ਰਸ।

੭. ਹਲਕੇ ਕੁੱਤੇ ਦਾ ਅਲੰਕਾਰ

ਸਿੱਧਾਂ ਨੇ ਸਤਿਗੁਰੂ ਜੀ ਨਾਲ ਚਰਚਾ ਕੀਤੀ ਪਰ ਹਾਰ ਗਏ।

'ਸਿਧ ਬੋਲਣ ਸੁਭ ਬਚਨ ਧੰਨ ਨਾਨਕ ਤੇਰੀ ਵੱਡੀ ਕਮਾਈ।'

ਪਰ ਨਾਲ ਹੀ ਬੇਨਤੀ ਕੀਤੀ, 'ਜਾਂ! ਆਪ ਜੀ ਦਾ ਗੁਰਮੰਤ੍ਰ ਬੜਾ ਅਮੋਲਕ ਹੈ, ਤੁਹਾਨੂੰ ਚਾਹੀਦਾ ਹੈ ਕਿਸੇ ਪਹਾੜ ਦੀ ਗੁਫਾ ਵਿਚ ਵੜ ਕੇ ਜਾਂ ਭੋਰੇ ਵਿਚ ਬਹੁਤ ਹੀ ਇਕਾਂਤ ਬੈਠ ਕੇ ਕਿਸੇ ਇਕ ਦੋ ਅਧਿਕਾਰੀਆਂ ਨੂੰ ਹੀ ਕੇਵਲ ਬਖ਼ਸ਼ਿਆ ਕਰੋ ਜਿਸ ਕਰਕੇ ਤੁਹਾਡੇ ਗੁਰਮੰਤ੍ਰ ਦੀ ਬਹੁਤੀ ਕਦਰ ਹੋਵੇ ਤੇ ਲੋਕੀ ਤੁਹਾਡਾ ਵੀ ਆਦਰ ਸਹੁਡਾ ਕਰਨ। ਨਾਲ ਉਹਨਾਂ ਗੁਰਮੰਤ੍ਰ ਧਾਰਨੀਆਂ ਨੂੰ ਹੁਕਮ ਦਿਆ ਕਰੋ ਕਿ ਉਹ ਕਿਸੇ ਹੋਰ ਨੂੰ ਗੁਰਮੰਤ੍ਰ ਅੱਗੇ ਨਾ ਦੱਸਿਆ ਕਰਨ ਤੇ ਨਾ ਹੀ ਦਿਆ ਕਰਨ।' ਤਾਂ ਸੁਣ ਕੇ ਹਜ਼ੂਰ ਨੇ ਫ਼ੁਰਮਾਇਆ, 'ਹੇ ਸਿੱਧੋ! ਉਹ ਪ੍ਰਮੇਸ਼ਰ ਵਾਹਿਗੁਰੂ ਸਰਬ ਵਿਆਪਕ ਹੈ, ਸੱਤ ਚੇਤਨ ਅਨੰਦ ਸਰੂਪ ਹੈ।

ਯਥਾ:—'ਜੈਸਾ ਘਰਿ ਬਾਹਰਿ ਸੋ ਤੈਸਾ ॥
ਬੈਸਿ ਗੁਫਾ ਮਹਿ ਆਖਉ ਕੈਸਾ ॥
ਸਾਗਰਿ ਡੂਗਰਿ ਨਿਰਭਉ ਐਸਾ ॥੪॥' (੨੨੧)

ਸੋ ਇਸੇ ਪ੍ਰਕਾਰ ਈਸ਼ਵਰ ਰਾਜਾ ਹੈ ਤੇ ਮਾਇਆ ਯੱਖਣੀ ਦੇਵੀ ਹੈ। ਮਾਇਆ ਨੇ ਈਸ਼ਵਰ ਨੂੰ ਕਿਹਾ ਕਿ ਮੈਨੂੰ ਆਪਣੇ ਆਗਰੇ ਰੱਖ ਲੈ, ਮੈਂ ਬਹੁਤ ਚਮਤਕਾਰ ਵਿਖਾਵਾਂਗੀ। ਈਸ਼ਵਰ ਨੇ ਮਾਇਆ ਨੂੰ ਅੰਗੀਕਾਰ ਕੀਤਾ। ਮਾਇਆ ਨੇ ਜਦ ਆਪਣਾ ਬਲ ਵਿਖਾਇਆ ਤਾਂ ਆਪਣੀ ਪ੍ਰਬਲਤਾ ਨਾਲ ਤਿੰਨ ਗੁਣ, ਪੰਜ ਤੱਤ, ਚਾਰ ਖਾਣੀਆਂ ਆਦਿ ਜਗਤ ਅਨੇਕ ਪ੍ਰਕਾਰ ਦਾ ਰਚ ਕੇ, ਈਸ਼ਵਰ ਰਾਜੇ ਵਿਚ ਨਾਨ੍ਹਾਪੁਣਾ ਵਿਖਾ ਕੇ ਸਿੱਧ ਆਦਿਕ ਸਾਰੇ ਭਰਮਾ ਦਿੱਤੇ।

ਯਥਾ :-'ਭਰਮੇ ਸੁਰੇ ਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥
ਦੁਤਰ ਮਹਾ ਖਿਖਮ ਇਹ ਮਾਏ ॥' (੨੫੮)

ਸ਼ੁੱਧ ਮਨ ਰਸੋਈਆ ਹੈ, ਸਤਿਗੁਰੂ ਰੂਪ ਵਜ਼ੀਰ ਪਾਸ ਗਿਆ ਤਾਂ ਸਤਿਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਮੰਤ੍ਰ, ਗੁਰਬਾਣੀ ਦੁਆਰਾ ਰਿਦੇ ਦਰ ਵਿਚ ਬੰਨ੍ਹ ਦਿਤਾ। ਵਿਸ਼ੇ ਵਿਕਾਰਾਂ ਨੂੰ, ਤਨ, ਇੰਦਰੇ, ਮਨ, ਪ੍ਰਾਣ ਤੇ ਬੁੱਧੀ ਸਭ ਸੰਸਾਰ ਨੂੰ ਅਸੱਤ ਜਣਾਅ ਕੇ ਇਸ ਤੋਂ ਪਰ੍ਹੇ ਇਕ ਹਰੀ ਨੂੰ ਸੱਤ ਸਰੂਪ ਜਣਾ ਦਿਤਾ। ਅਸਲੀ ਰਾਜਾ ਇਕੋ ਹਰੀ ਪ੍ਰਭੂ ਅਕਾਲ ਪੁਰਖ ਹੈ :-

'ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥' (੫੧)

ਸੱਤ ਵਸਤੂ ਹਰੀ ਬ੍ਰਹਮ ਦਾ ਗਿਆਨ ਹੋਇਆ ਤਾਂ ਮਾਇਆ ਯੱਖਣੀ ਦਾ ਵਿਸਾਹ ਨਾ ਕੀਤਾ ਤੇ ਮਨੋਂ ਵਿਸਾਰ ਛੱਡਿਆ, ਇਹੀ ਇਸ ਦਾ ਦੇਸ਼-ਨਿਕਾਲਾ ਹੈ।

੬. ਕੀੜੀ ਦਾ ਅਲੰਕਾਰ

ਇਕ ਕੀੜੀ ਨੇ ਮਿਸ਼ਰੀ ਦਾ ਪਹਾੜ ਵੇਖਿਆ। ਖਾ ਕੇ ਬਹੁਤ ਖੁਸ਼ ਹੋਈ। ਉਸਨੇ ਖਾਕੀ ਕੀੜੀਆਂ ਨੂੰ ਆ ਕੇ ਕਿਹਾ, 'ਮੈਂ ਮਿਸ਼ਰੀ ਦਾ ਅੱਤ ਮਿੱਠਾ ਪਹਾੜ ਦੇਖ ਕੇ ਆਈ ਹਾਂ, ਆਓ! ਤੁਸੀਂ ਵੀ ਚੱਲ ਕੇ ਖਾਉ।' ਸੁਣਕੇ ਨਾਲ ਤੁਰ ਪਈਆਂ, ਉਹ ਵਿਚਾਰੀਆਂ ਲਿੱਦ ਵਿਚ ਭਰਮਦੀਆਂ ਫਿਰਦੀਆਂ ਰਹੀਆਂ। ਕਿਉਂਕਿ ਉਨ੍ਹਾਂ ਦੇ ਮੂੰਹ ਵਿਚ ਲਿੱਦ ਦੇ ਡੱਕੇ ਸਨ ਇਸ ਕਰਕੇ ਮਿੱਠੇ ਦਾ ਰਸ ਕਿਸੇ ਨੂੰ ਵੀ ਨਾ ਆਇਆ। ਪਹਿਲੀ ਕੀੜੀ ਸਮਝ ਗਈ ਕਿ ਇਨ੍ਹਾਂ ਦੇ ਮੂੰਹ ਵਿਚ ਲਿੱਦ ਦੇ ਡੱਕੇ ਹਨ, ਸੋਚ ਕੇ ਸਭਨਾਂ ਨੂੰ ਪਾਣੀ ਦੇ ਕੰਢੇ ਤੇ

ਸੋ ਇਸੇ ਪ੍ਰਕਾਰ ਕਾਲ-ਚੱਕ੍ਰ ਨਦੀ ਦਾ ਪ੍ਰਵਾਹ ਹੈ ਇਸਦੇ ਕਿਨਾਰੇ ਮਨੁੱਖਾ-ਜਨਮ ਮਟਕੀ ਸੁਆਸਾਂ ਰੂਪੀ ਲਾਲਾਂ ਦੀ ਭਰੀ ਹੋਈ ਹੈ । ਪੰਜ ਵਿਸ਼ੇ ਬਾਜਰੇ ਦਾ ਖੇਤ ਹੈ । ਵਾ ਗ੍ਰਹਿਸਤ ਪਰਵਾਰ ਬਾਜਰੇ ਦਾ ਖੇਤ ਹੈ । ਇਸਦੀ ਰਾਖੀ ਵਾਸਤੇ ਸਾਰੇ ਸਵਾਸ, ਦੇਹ ਅਧਿਜਾਸ ਮਣ੍ਹੇ ਤੇ ਬੈਠ ਕੇ ਪੰਜ ਇੰਦ੍ਰੀਆਂ ਦੀ ਗੁਲੇਲ ਅਥਵਾ ਗੋਪੀਏ ਰਾਹੀਂ ਚਲਾ ਚਲਾ ਕੇ ਸ਼ਬਦ ਸਪਰਸ ਰੂਪ ਰਸ ਗੰਧ ਭੈੜੇ ਕੰਮਾਂ ਵਿਚ ਗਵਾ ਦਿੱਤੇ । ਸ਼ੱਧ ਬੱਧੀ ਇਸਤਰੀ ਪ੍ਰੇਰ ਕੇ ਜੀਵ ਰੂਪੀ ਜਟ ਨੂੰ ਸਾਧ ਸੰਗਤ ਵਿਚ ਲੈ ਆਈ । ਉਥੇ ਰੱਬ ਦਾ ਨਾਮ ਸੁਣਿਆ ਮਰਨ ਪਿਛੋਂ ਪ੍ਰਲੋਕ ਵਿਚ ਗਿਆ ਤਾਂ ਉਹਨਾਂ ਸਾਧ ਸੰਗਤ ਵਿਚ ਗੁਜ਼ਾਰੇ ਸਵਾਸਾਂ ਦਾ ਮੁੱਲ ਬਹੁਤ ਪੈਂਦਾ ਵੇਖ ਕੇ ਬੜਾ ਅਫ਼ਸੋਸ ਕੀਤਾ ।

ਯਥਾ :–

'ਕਬੀਰ ਏਕ ਘੜੀ ਆਧੀ ਘੜੀ ਆਧੀ ਹੂੰ ਤੇ ਆਧ ॥
ਸੰਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥' (੧੩੭੭)

ਤਥਾ :–'ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ ॥
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੇਨ੍ਹਿ ॥' (੧੩੮੨)

'ਉਮਰ ਓਹੀ ਵਿਚ ਲੇਖ ਦ, ਜੋ ਯਾਦ ਸਾਂਈ ਵਿਚ ਗੁਜਰੇ, ਪੈਂਦੀ ਮੁਜਰੇ ।'
ਸੁਆਸ ਬਿਅਰਥ ਨਾ ਗਵਾਓ ।

੫. ਯੱਖਣੀ ਦੇਵੀ ਦਾ ਅਲੰਕਾਰ

ਇਕ ਬੜੇ ਤੇਜ ਪ੍ਰਤਾਪ ਵਾਲਾ ਰਾਜਾ ਸੀ । ਯੱਖਣੀ ਦੇਵੀ ਨੇ ਉਸ ਪਾਸ ਨੌਕਰੀ ਕਰਨ ਲਈ ਅਤਿਅੰਤ ਪ੍ਰੇਮ ਸਹਿਤ ਨਿਮਰਤਾ ਭਰਪੂਰ ਬੇਨਤੀ ਕੀਤੀ ਤਾਂ ਰਾਜੇ ਨੇ ਰੱਖ ਲਈ । ਚੰਚਲਤਾ ਨਾਲ ਰਾਜੇ ਤੇ ਆਪਣਾ ਬਹੁਤ ਪ੍ਰਭਾਵ ਪਾਇਆ । ਇਕ ਦਿਨ ਐਸਾ ਚਮਤਕਾਰ ਵਿਖਾਇਆ ਕਿ ਉਸ ਨੇ ਬੇਅੰਤ ਰਾਜੇ ਬਣਾ ਦਿਤੇ । ਰਸੋਈਏ ਨੇ ਭੋਜਨ ਤਿਆਰ ਕੀਤਾ, ਹੈਰਾਨ ਹੋ ਗਿਆ ਕਿ ਕਿਸ ਨੂੰ ਭੋਜਨ ਛਕਾਵਾਂ । ਅੰਤ ਨੂੰ ਵਜ਼ੀਰ ਪਾਸ ਗਿਆ ਤੇ ਸਾਰੀ ਵਿਥਿਆ ਕਹਿ ਸੁਣਾਈ । ਵਜ਼ੀਰ ਨੇ ਯੱਖਣੀ ਫੂਕ ਮੰਤ੍ਰ ਭੋਜਨ ਛਕਣ ਵਾਲੇ ਕਮਰੇ ਦੇ ਬੂਹੇ ਅੱਗੇ ਬੰਨ੍ਹ ਦਿੱਤਾ ਤੇ ਸਾਰੇ ਰਾਜਿਆਂ ਨੂੰ ਭੋਜਨ ਛਕਣ ਲਈ ਬੇਨਤੀ ਕੀਤੀ । ਮੰਤ੍ਰ ਦੇ ਅਸਰ ਨਾਲ ਬਨਾਉਟੀ ਰਾਜੇ ਸਭ ਭਸਮ ਹੁੰਦੇ ਗਏ । ਕੇਵਲ ਅਸਲੀ ਰਾਜਾ ਹੀ ਰਸੋਈਖਾਨੇ ਤੱਕ ਪਹੁੰਚਿਆ । ਰਾਜਾ ਯੱਖਣੀ ਉੱਤੇ ਬਹੁਤ ਗੁੱਸੇ ਹੋਇਆ ਤੇ ਉਸ ਨੂੰ ਦੇਸ਼-ਨਿਕਾਲਾ ਦੇ ਦਿੱਤਾ ।

ਹੰਕਾਰ ਸ਼ੇਰ ਗਰਜ ਰਿਹਾ ਹੈ। ਗ੍ਰਿਹਸਤ, ਬੋਹੜ ਦਾ ਦਰੱਖਤ ਹੈ, ਉਮਰ ਇਸ ਦੀ ਜੜ੍ਹ ਹੈ, ਖੂਹ ਸਰੀਰ ਹੈ, ਬਰਸ (ਵਰ੍ਹਾ) ਰੂਪ ਹਾਥੀ ਹੈ, ਜਿਨ੍ਹਾਂ ਰਾਤ ਚਿੱਟਾ ਕਾਲਾ ਚੂਹਾ ਉਮਰ ਰੂਪ ਜੜ੍ਹ ਨੂੰ ਕੱਟੀ ਜਾ ਰਹੇ ਹਨ।

ਯਥਾ :-'ਅਨਦਿਨੁ ਮੂਸਾ ਲਾਜੁ ਟੁਕਾਈ ॥
ਗਿਰਤ ਕੂਪ ਮਹਿ ਖਾਹਿ ਮਿਠਾਈ ॥ ੧ ॥' (੩੯੦)

ਮਾਇਆ ਰੂਪ ਮਾਖਿਓ ਹੈ, ਵਿਸ਼ੇ ਸੁਖ ਸ਼ਹਿਦ, ਹੈ ਜਿਸ ਦੇ ਭੋਗਣ ਵਿਚ ਜੀਵ ਲੱਗਾ ਹੋਇਆ ਹੈ। ਕਾਲ ਰੂਪ ਸੱਪ ਹੈ। ਜਦ ਉਮਰ ਰੂਪੀ ਜੜ੍ਹ ਕੱਟੀ ਗਈ ਤਾਂ ਡਿੱਗ ਕੇ ਕਾਲ ਦੇ ਮੂੰਹ ਵਿਚ ਹੀ ਡਿੱਗਣ ਜੋਗੇ ਹਨ ਉਹ ਆਪਣਾ ਕੁਝ ਨਹੀਂ ਸਵਾਰ ਸਕਦੇ। [ਮਹਾਂ ਭਾਰਤ ਵਿਚੋਂ]

੪. ਸੁਆਸਾਂ ਦਾ ਅਲੰਕਾਰ

ਇਕ ਜ਼ਿਮੀਂਦਾਰ ਦਾ ਨਦੀ ਦੇ ਕੰਢੇ ਨਾਲ ਖੇਤ ਸੀ। ਉਸ ਵਿਚ ਬਾਜਰਾ ਬੀਜਿਆ। ਉਸ ਦੀ ਰਾਖੀ ਲਈ ਗੋਪੀਆ ਅਥਵਾ ਘੁਮਾਣੀ ਲੈਕੇ ਗੁਲੇਲੇ ਬਣਾ ਬਣਾ ਕੇ ਪੰਛੀਆਂ ਨੂੰ ਉਡਾਉਣ ਲਈ ਮਣ੍ਹੇ ਤੇ ਬੈਠਾ ਚਲਾਈ ਜਾਇਆ ਕਰੇ ਤੇ ਉਹ ਗੁਲੇਲੇ ਨਦੀ ਵਿਚ ਜਾ ਡਿੱਗਿਆ ਕਰਨ। ਗੁਲੇਲੇ ਵੱਟਣ ਵਾਸਤੇ ਇਕ ਦਿਨ ਜਦ ਉਹ ਮਿੱਟੀ ਪੁੱਟ ਰਿਹਾ ਸੀ ਤਾਂ ਉਸ ਨੂੰ ਇਕ ਲਾਲਾਂ ਦੀ ਭਰੀ ਹੋਈ ਮਟਕੀ (ਮੱਘੀ) ਮਿਲੀ। ਬੜਾ ਖੁਸ਼ ਹੋਇਆ ਕਿ ਵੱਟੇ ਵਟਾਏ ਗੁਲੇਲੇ ਮਿਲ ਗਏ। ਸੋ ਇਕ ਇਕ ਕਰ ਕੇ ਗੋਪੀਏ ਨਾਲ ਘੁਮਾ ਕੇ ਚਿੜੀਆਂ ਉਡਾਉਣ ਲਈ ਚਲਾ ਦਿੱਤੇ। ਉਹ ਸਭ ਨਦੀ ਵਿਚ ਹੀ ਡਿੱਗ ਪਏ। ਇਕ ਲਾਲ ਬਾਕੀ ਰਹਿੰਦਾ ਸੀ। ਉਸ ਦੇ ਘਰ ਵਾਲੀ ਪ੍ਰਸ਼ਾਦਾ ਲੈ ਕੇ ਆਈ ਤਾਂ ਉਸ ਨੇ ਗੁਲੇਲਾ ਸੋਹਣਾ ਜਾਣ ਕੇ ਰੱਖ ਲਿਆ। ਜ਼ਿਮੀਂਦਾਰ ਕਹਿਣ ਲੱਗਾ, 'ਮੈਂ ਤਾਂ ਇਨ੍ਹਾਂ ਦੀ ਭਰੀ ਮਟਕੀ ਚਲਾ ਦਿੱਤੀ ਹੈ! ਪਹਿਲਾਂ ਆਉਂਦੀ ਤਾਂ ਜਿਤਨੇ ਮਰਜ਼ੀ ਰੱਖ ਲੈਂਦੀ।' ਉਹ ਉਸ ਲਾਲ ਨੂੰ ਲੈ ਕੇ ਘਰ ਜਾ ਰਹੀ ਸੀ ਤਾਂ ਰਸਤੇ ਵਿਚ ਜੌਹਰੀ ਦੀ ਦੁਕਾਨ ਸੀ। ਜੌਹਰੀ ਨੇ ਲਾਲ ਦੀਆਂ ਦਮਕਾਂ ਵੇਖ ਕੇ ਬਹੁਤ ਕੀਮਤੀ ਜਾਣ ਕੇ ਆਪਣਾ ਸੀਸ ਝੁਕਾ ਦਿੱਤਾ। ਉਸ ਇਸਤਰੀ ਨੇ ਉਸ ਦਾ ਮੁੱਲ ਪੁੱਛਿਆ ਤਾਂ ਜੌਹਰੀ ਨੇ ਉਸ ਦੇ ਵੱਟੇ ਸ਼ੀਸ਼-ਮਹੱਲ ਘੋੜੇ ਆਦਿਕ ਉਸ ਨੂੰ ਦਿੱਤੇ। ਬਹੁਤ ਪ੍ਰਸੰਨ ਹੋਈ। ਜ਼ਿਮੀਂਦਾਰ ਸ਼ਾਮ ਨੂੰ ਜਦ ਘਰ ਵਾਪਸ ਆਇਆ ਤਾਂ ਸਾਰੀ ਗੱਲ ਸੁਣ ਕੇ ਇਤਨਾ ਪਸਚਾਤਾਪ ਕੀਤਾ ਕਿ ਸ਼ੀਸ਼-ਮਹੱਲ ਨਾਲ ਸਿਰ ਮਾਰ ਮਾਰ ਕੇ ਮਰ ਗਿਆ।

(ਰਾਜੇ) ਦੀ ਯਾਦ ਵਿਚ ਕੀਰਤਨ ਕਰ ਰਹੇ ਹਨ।

ਯਥਾ :- 'ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥' (੭੬੪)

ਐਸੇ ਸ਼ਰਧਾਲੂਆਂ ਦੇ ਪਵਿੱਤ੍ਰ ਹਿਰਦੇ ਵਿਚ ਆਪਣਾ ਨਿਵਾਸ ਕਰਕੇ, ਉਨ੍ਹਾਂ ਗੁਰਮੁਖਾਂ ਨੂੰ ਸਰੂਪ ਰੂਪ ਤਖਤ ਦੇ ਮਾਲਿਕ ਸਦਾ ਵਾਸਤੇ ਬਣਾ ਦਿੱਤਾ।

ਯਥਾ : 'ਅਬ ਤਉ ਜਾਇ ਚਢੇ ਮਿਘਾਮਨਿ
ਮਿਲੇ ਹੈ ਸਾਰਿੰਗਪਾਨੀ ॥' (੯੬੯)

ਤਥਾ–'ਦਾਸ ਕਮੀਰੁ ਚੜਿਓ ਗੜ ਊਪਰਿ
ਰਾਜੁ ਲੀਓ ਅਬਿਨਾਸੀ ॥' (੧੧੬੨)

੩ ਪੰਡਿਤ ਦੇ ਜੰਗਲ 'ਚ ਜਾਣ ਦਾ ਅਲੰਕਾਰ

ਇਕ ਪੰਡਿਤ ਜੰਗਲ ਵਿਚ ਗਿਆ, ਅਚਾਨਕ ਇਕ ਅਜੇਹੀ ਥਾਂ ਪਹੁੰਚਿਆ ਜਿਥੇ ਇਕ ਪਾਸੇ ਫਾਹੀਆਂ ਹਨ। ਦੂਜੇ ਪਾਸੇ ਜੰਗਲ ਵਿਚ ਅੱਗ ਲੱਗੀ ਹੋਈ ਹੈ। ਤੀਜੇ ਪਾਸੇ ਇਕ ਡੈਣ ਲੰਮੀਆਂ ਲੰਮੀਆਂ ਭੁਜਾਂ ਕਰਕੇ ਖੜੀ ਹੈ। ਚੌਥੇ ਪਾਸੇ ਇਕ ਭੁੱਖਾ ਸੇਰ ਮੜਾ ਹੈ। ਪੰਡਿਤ ਘਬਰਾ ਕੇ ਜੰਗਲ ਵਿਚ ਹੀ ਰਿਹਾ ਤੇ ਇਕ ਬੋਹੜ ਦੇ ਦਰੱਖਤ ਦੀ ਲੰਮੀ ਦਾੜ੍ਹੀ (ਜੜ੍ਹ) ਖੂਹ ਵਿਚ ਲਮਕਦੀ ਦੇਖੀ, ਝੱਟ ਜੜ੍ਹ ਨੂੰ ਫੜ ਕੇ ਖੂਹ ਵਿਚ ਲਮਕ ਗਿਆ। ਜਦ ਹੇਠਾਂ ਨਿਗਾਹ ਕੀਤੀ ਤਾਂ ਵੱਡਾ ਸੱਪ (ਅਸਰਾਲ) ਮੂੰਹ ਅੱਡੀ ਫੁਕਾਰੇ ਮਾਰ ਰਿਹਾ ਹੈ, ਉੱਪਰ ਨਿਗਾਹ ਕੀਤੀ ਤਾਂ ਉੱਤੇ ਇਕ ਮਸਤ ਹਾਥੀ ਆ ਗਿਆ, ਜਿਸ ਜੜ੍ਹ ਨਾਲ ਲਮਕਦਾ ਸੀ ਉਸ ਨਾਲ ਮਾਖਿਓ ਲੱਗਾ ਸੀ। ਜਦ ਲਮਕਣ ਨਾਲ ਹਿੱਲ ਕੇ ਮਾਖਿਓ ਦਾ ਸ਼ਹਿਦ ਉਸ ਦੇ ਮੂੰਹ ਵਿਚ ਚੋਣ ਲੱਗ ਪਿਆ, ਫੇਰ ਕੀ ਡਿੱਠਾ, ਦੋ ਚੂਹੇ ਚਿੱਟਾ ਤੇ ਕਾਲਾ ਉਸ ਜੜ੍ਹ ਨੂੰ ਕੱਟ ਰਹੇ ਹਨ ਪਰੰਤੂ ਕੀ ਕਰਦਾ ? ਇਹ ਸਭ ਕੁਝ ਜਾਣਦਾ ਹੋਇਆ ਵੀ ਉਸ ਸ਼ਹਿਦ ਦੇ ਮਿੱਠੇ ਰਸ ਵਿਚ ਸਭ ਕੁਝ ਭੁੱਲ ਗਿਆ। ਆਖਰ ਚੂਹਿਆਂ ਨੇ ਜੜ੍ਹ ਕੱਟ ਦਿੱਤੀ ਤੇ ਪੰਡਿਤ ਵਿਚਾਰਾ ਭਿਆਨਕ ਸੱਪ ਦੇ ਮੂੰਹ ਵਿਚ ਜਾ ਪਿਆ।

ਇਸੇ ਤਰ੍ਹਾਂ ਜੀਵ ਪੰਡਿਤ, ਸੰਸਾਰ ਉਜਾੜ ਵਿਚ ਆਇਆ ਹੈ। ਇਕ ਪਾਸੇ ਵਾਸ਼ਨਾਂ ਦੀਆਂ ਫਾਹੀਆਂ ਲੱਗੀਆਂ ਹਨ। ਦੂਜੇ ਪਾਸੇ ਤ੍ਰਿਸ਼ਨਾਂ ਦੀ ਅਗਨੀ ਮੱਚ ਰਹੀ ਹੈ। ਤੀਜੇ ਪਾਸੇ ਬ੍ਰਿਧ ਅਵਸਥਾ ਰੂਪੀ ਡੈਣ ਲੰਮੀਆਂ ਬਾਹਵਾਂ ਕਰਕੇ ਦੰਦਦੀ ਹੋਈ ਜਵਾਨੀਆਂ ਰੂਪ ਡਾਹਣੇ ਭੰਨੀ ਆ ਰਹੀ ਹੈ। ਚੌਥੇ ਪਾਸੇ

ਲੋਭ, ਮੋਹ, ਹੰਕਾਰ ਰੂਪ ਪਸੂ ਬੰਨ੍ਹ ਲਏ। ਦੂਜਿਆਂ ਨੇ ਤੰਬਾਕੂ ਪੀ ਪੀ ਕੇ ਧੂਏਂ ਨਾਲ ਅੰਦਰ ਕਾਲਾ ਕਰ ਲਿਆ। ਮੂੰਹ ਵਿਚੋਂ ਵਿਸ਼ਟਾ ਨਾਲੋਂ ਵੀ ਭੈੜੀ ਬਦਬੂ ਆਣ ਲੱਗੀ। ਮੂੰਹ ਸਰੀਰ ਦਾ ਦਰਵਾਜ਼ਾ ਹੈ ਜਿਵੇਂ ਦਰਵਾਜ਼ੇ ਰਾਹੀਂ ਪ੍ਰਵੇਸ਼ ਹੋ ਕੇ ਅੰਦਰਲੀਆਂ ਸਾਰੀਆਂ ਚੀਜ਼ਾਂ ਦਾ ਪਤਾ ਲੱਗ ਜਾਂਦਾ ਹੈ ਏਸੇ ਤਰ੍ਹਾਂ ਜੋ ਚੀਜ਼ ਮੁੱਖ ਵਿਚ ਪਾਈਏ ਉਸ ਦਾ ਸਾਰੇ ਸਰੀਰ ਵਿਚ ਪ੍ਰਵੇਸ਼ ਹੋ ਜਾਂਦਾ ਹੈ। ਇਸ ਲਈ ਮੁੱਖ ਸਰੀਰ ਰੂਪੀ ਮੰਦਰ ਦਾ ਦਰਵਾਜ਼ਾ ਮੰਨਿਆ ਹੈ।

ਕਈ ਬੇਸਮਝ ਲੋਕਾਂ ਨੇ ਮੂੰਹ ਦਾਹੜਾ ਮੁਛਹਿਰੇ ਮੁੰਨਣ ਰੂਪ ਦਰਵਾਜ਼ੇ ਹੀ ਢਾਹ ਦਿੱਤੇ। ਕਈਆਂ ਨੇ ਨੇਤ੍ਰਾਂ ਦੇ ਭਰਵੱਟੇ ਮਨੌਣ ਰੂਪ ਰੋਸ਼ਨਦਾਨਾਂ ਨੂੰ ਹੀ ਤੋੜ ਭੰਨ ਦਿੱਤਾ। ਕਈਆਂ ਨੇ ਸਿਰ ਦੇ ਕੇਸ ਜੂੜਾ ਜੋ ਕਲਸ ਦੀ ਨਿਆਈਂ ਸਭ ਤੋਂ ਉੱਚਾ ਸੀ, ਕੇਸਾਂ ਨੂੰ ਕਟੌਣ ਰੂਪੀ ਕਲਸ ਨੂੰ ਕੱਟ ਦਿੱਤਾ। ਪ੍ਰਮੇਸਰ ਨੇ ਇਹ ਵੇਖ ਕੇ ਕਿ ਮੇਰੇ ਰਹਿਣ ਵਾਲੇ ਮੰਦਰ ਨੂੰ ਇਨ੍ਹਾਂ ਨੇ ਭੰਨ-ਤੋੜ ਕੇ ਢਾਹ ਕੇ ਬਰਬਾਦ ਕਰ ਦਿੱਤਾ ਹੈ ਇਸ ਲਈ ਸਭ ਨੂੰ ਚੌਰਾਸੀ ਲੱਖ ਜੂਨ ਵਿਚ ਪਾ ਦਿੱਤਾ। ਪਰ ਇਕ ਉਹ ਜੋ ਸਿਦਕੀ ਲੋਕ (ਪ੍ਰਮੇਸ਼ਰ) ਰਾਜੇ ਦੀ ਉਡੀਕ ਵਿਚ ਸਨ, ਉਨ੍ਹਾਂ ਨੇ ਸਰੀਰ ਰੂਪ ਮਕਾਨ ਬਣਾ ਸਵਾਰ ਕੇ ਰੱਖੇ।

ਯਥਾ :-'ਸਾਬਤ ਸੂਰਤਿ ਦਸਤਾਰ ਸਿਰਾ॥' (੧੦੮੪)

ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਸਾਬਤ ਸੂਰਤ ਰਹੇ।

'ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓਰਿ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥' (੧੩੭੨)

ਭਾਵ ਜਿਵੇਂ ਮਾਤਾ ਦੇ ਗਰਭ ਤੋਂ ਸਰੀਰ ਰੂਪੀ ਪੇਡਾ ਪੈਦਾ ਹੋਇਆ ਓਸੇ ਤਰ੍ਹਾਂ ਓੜਕ ਤੱਕ ਸਾਬਤ ਸੂਰਤ ਨਿਭ ਜਾਵੇ ਤਾਂ (ਹੀਰਾ) ਮਨੁੱਖਾ ਜਨਮ ਕੀ ਕ੍ਰੋੜਾਂ (ਰਤਨ) ਦੇਵ ਦੇਹੀਆਂ ਵੀ ਉਸ ਦੇ ਮੁਕਾਬਲੇ ਪੁੱਜ ਨਹੀਂ ਸਕਦੀਆਂ। ਉਨ੍ਹਾਂ ਦੇ ਅੰਤਹਕਰਨ ਮਨ, ਬੁੱਧ, ਚਿੱਤ, ਹੰਕਾਰ ਦਾ ਪਲੰਘ ਬਣਾ ਕੇ, ਇਨ੍ਹਾਂ ਦੀਆਂ ਬ੍ਰਿਤੀਆਂ ਸੇਤਰੇ ਤੇ ਸਾਹੀਆਂ ਬਣਾ ਕੇ, ਪ੍ਰੇਮ ਦੇ ਵਾਣ ਨਾਲ ਬੁਣ ਕੇ, ਉੱਪਰ ਤੁਲਤਾ ਦੀ ਤੁਲਾਈ, ਸਮਤਾ ਦੀ ਵਿਛਾਈ, ਮਹਾਂਵਾਕਾਂ ਦੇ ਸੇਜਬੰਦ, ਵਿਸ਼ਿਆਂ ਦਾ ਤਿਆਗ ਰੂਪ ਫੁੱਲ, ਸਤ ਸੰਤੋਖ ਦੇ ਤੋਤੇ ਲਟਕਾਏ, ਸ਼ਬਦ-ਰੂਪੀ ਦੀਵੇ ਦਾ ਪ੍ਰਕਾਸ਼ ਕੀਤਾ।

ਯਥਾ :-ਸਤਿਗਰ ਸਬਦਿ ਉਜਾਲੋ ਦੀਪਾ॥' (੮੨੧)

ਭਗਤੀ ਦਾ ਸਿਰਪੋਸ, ਹੰਕਾਰ ਦੀ ਨਵਿਰਤੀ ਸਰ੍ਹਾਣਾ ਬਣਾ ਕੇ ਉਸ

ਕਰ ਕੇ ਰਾਜੇ ਦੇ ਆਉਣ ਦੀ ਉਡੀਕ ਵਿਚ ਉਸ ਦਾ ਕੀਰਤਨ (ਜੱਸ) ਕਰ ਰਹੇ ਹਨ।

ਰਾਜੇ ਨੂੰ ਆਪਣੇ ਬਚਨ ਦਾ ਚੇਤਾ ਆਇਆ। ਸਾਰਿਆਂ ਦੇ ਮੰਦਰ ਵੇਖਣ ਵਾਸਤੇ ਆਪਣੇ ਵਜ਼ੀਰ, ਅਹਿਲਕਾਰ ਤੇ ਪੁਲੀਸ ਨੂੰ ਨਾਲ ਲੈ ਕੇ ਤੁਰਿਆ। ਜਦੋਂ ਜਾ ਕੇ ਇਨ੍ਹਾਂ ਸਾਰਿਆਂ ਦੇ ਭੰਨੇ ਰੋਤੇ ਤੇ ਖਰਾਬ ਕੀਤੇ ਮੰਦਰ ਤੱਕੇ ਤਾਂ ਰਾਜੇ ਨੇ ਖਫੇ ਹੋ ਕੇ ਉਹਨਾਂ ਸਾਰਿਆਂ ਨੂੰ ਕੈਦ ਵਿਚ ਬੰਦ ਕਰ ਦਿੱਤਾ ਪਰ ਜੋ ਮਾਈ ਭਾਈ ਰਾਜੇ ਦੇ ਦਰਸ਼ਨਾਂ ਦੇ ਚਾਹਵਾਨ ਸਨ ਤੇ ਉਡੀਕ ਰਹੇ ਸਨ ਉਹਨਾਂ ਦੀ ਭਾਵਨਾ ਤੇ ਮੰਦਰ ਬੜਾ ਸਜਿਆ ਧਜਿਆ ਸੀ, ਉਹ ਘਰ ਪਸੰਦ ਕਰ ਕੇ ਉਸ ਸੇਜਾ ਤੇ ਆਪ ਬੈਠੇ ਅਤੇ ਆਪਣੇ ਰਾਜ ਭਾਗ ਦਾ ਤਖ਼ਤ ਸਦਾ ਲਈ ਉਹਨਾਂ ਨੂੰ ਬਖਸ਼ ਦਿੱਤਾ। ਇਹ ਹੈ ਦ੍ਰਿਸ਼ਟਾਤ, 'ਦਾ ਦ੍ਰਿਸ਼ਟਾਤ' ਇਸ ਪ੍ਰਕਾਰ ਹੈ :-

ਰਾਜਿਆਂ ਦਾ ਰਾਜਾ, ਮਹਾਰਾਜਿਆਂ ਦਾ ਮਹਾਰਾਜਾ ਪ੍ਰਮੇਸ਼ਰ ਹੈ।

ਯਥਾ :-ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ ॥੨੭॥ (੬)

'ਰਾਜਾਨ ਰਾਜ ॥ ਭਾਨਾਨ ਭਾਨ ॥
ਦੇਵਾਨ ਦੇਵ ॥ ਉਪਮਾ ਮਹਾਨ ॥' (ਜਾਪੁ ਸਾਹਿਬ)

ਸਾਰਿਆਂ ਦਾ ਮਾਲਕ ਸੱਚਾ ਪਾਤਸ਼ਾਹ ਮਹਾਰਾਜਾ ਅਕਾਲ ਪੁਰਖ ਆਪ ਹੈ। ਉਸ ਨੇ ਸਾਰੇ ਜੀਵਾਂ ਨੂੰ ਸਰੀਰ ਰੂਪੀ ਮੰਦਰ ਦਿੱਤੇ ਹਨ ਤੇ ਪ੍ਰਣ ਕਰਾਇਆ ਹੈ, ਜਿਹੜਾ ਇਹਨਾਂ ਨੂੰ ਚੰਗੀ ਤਰ੍ਹਾਂ ਸਵਾਰ, ਸੰਭਾਲ ਕੇ ਰੱਖੇਗਾ ਜਿਸ ਦਾ ਮੰਦਰ (ਸਰੀਰ) ਸਾਡੇ ਪਸੰਦ ਆ ਗਿਆ, ਉਸ ਦੇ ਪਵਿੱਤਰ ਹਿਰਦੇ ਨੂੰ ਆਪਣਾ ਤਖ਼ਤ ਬਣਾ ਕੇ, ਓਥੇ ਆਪਣਾ ਨਿਵਾਸ ਕਰਕੇ, ਉਸ ਨਿਰਮਲ ਚਿੱਤ ਆਗਿਆਕਾਰੀ ਨੂੰ ਆਪਣੇ ਸਰੂਪ ਰੂਪੀ ਤਖ਼ਤ ਦਾ ਸਦਾ ਵਾਸਤੇ ਮਾਲਕ ਬਣਾ ਦੇਵਾਂਗਾ। ਇਹ ਬਚਨ ਸੁਣ ਕੇ ਸਾਰੇ ਪ੍ਰਾਣੀ-ਮਾਤਰ ਬੜੇ ਪ੍ਰਸੰਨ ਹੋਏ। ਲੋਗ ਆਪਣੇ ਸਰੀਰਾਂ ਤੇ ਮਨਾਂ ਨੂੰ ਸੰਵਾਰਨ ਅਤੇ ਰਾਜੇ ਨੂੰ ਉਡੀਕਣ, ਪਰ ਉਨ੍ਹਾਂ ਦਾ ਸਿਦਕ ਪਰਖਣ ਵਾਸਤੇ ਪ੍ਰਮੇਸ਼ਰ ਨੇ ਕੁਝ ਦੇਰ ਲਾਈ।

ਕਈ ਬੇਸਿਦਕੇ ਲੋਕਾਂ ਨੇ ਇਹ ਕਹਿ ਕੇ, 'ਇਨ ਜਨ ਮਿੱਨਾ ਅਗਲਾ ਕਿਨ ਡਿੱਠਾ। ਖਾਓ ਪੀਓ ਹੰਢਾਓ, ਚਾਰ ਦਿਨ ਜੀਵਨ ਹੈ ਐਸ਼ ਲੈ ਲਉ, ਵਿਸ਼ੇ ਸੁਖ ਮਾਣੋ, ਫਿਰ ਤਾਂ ਮਰ ਹੀ ਜਾਣਾ ਹੈ।' ਉਨ੍ਹਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ,

'ਜਾਂ ਸੁਖ ਤਾ ਸਹੁ ਰਾਵਿਓ ਦੁਖਿ ਭੀ ਸਮਾਲਿਓਇ ॥
ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥' (੭੯੨)

ਫਿਰ ਵਾਹਿਗੁਰੂ ਪ੍ਰਮੇਸ਼ਰ ਵਿਚ ਅਭੇਦ ਹੋ ਜਾਈਦਾ ਹੈ।

੨. ਸਰੀਰ ਦਾ ਅਲੰਕਾਰ

'ਹਰਿ ਮੰਦਿਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥' (੧੨੪੬)

ਇਕ ਵਾਰੀ ਇਕ ਰਾਜੇ ਨੇ ਆਪਣੀ ਪਰਜਾ ਦੇ ਲੋਕਾਂ ਨਾਲ ਇਹ ਪ੍ਰਣ ਕੀਤਾ, 'ਸਾਰੇ ਆਪੋ ਆਪਣੇ ਮੰਦਰ ਸਜਾਓ, ਜਿਸ ਦਾ ਮੰਦਰ ਮੇਰੇ ਪਸੰਦ ਆ ਗਿਆ ਉਥੇ ਮੈਂ ਆਪਣਾ ਨਿਵਾਸ ਕਰ ਕੇ ਆਪਣਾ ਰਾਜ ਤਖਤ ਉਸ ਨੂੰ ਸਦਾ ਵਾਸਤੇ ਦੇ ਦੇਵਾਂਗਾ ਪਰ ਜਿਸ ਦਾ ਮੰਦਰ ਕੱਚਾ, ਟੁੱਟਾ, ਗੰਦਾ ਮੰਦਾ ਢੱਠਿਆ ਹੋਇਆ ਹੋਵੇਗਾ ਉਸ ਨੂੰ ਪਕੜ ਕੇ ਉਜਾੜ ਵਿਚ ਛੱਡਿਆ ਜਾਵੇਗਾ।'

ਇਹ ਸੁਣ ਕੇ ਸਾਰੇ ਲੋਕ ਚਿੱਤ ਵਿਚ ਬੜੇ ਪ੍ਰਸੰਨ ਹੋਏ। ਲੱਗੇ ਆਪੋ ਆਪਣੇ ਘਰ ਸੰਵਾਰਨ। ਰਾਜੇ ਨੇ ਪਰਜਾ ਦਾ ਸਿਦਕ ਪਰਖਣ ਵਾਸਤੇ ਜਾਣ ਬੁੱਝ ਕੇ ਕੁਛ ਦੇਰ ਲਾ ਦਿੱਤੀ। ਉਸ ਸਮੇਂ ਕਈਆਂ ਨੇ ਚਿੱਤ ਵਿਚ ਖਿਆਲ ਕੀਤਾ ਰਾਜੇ ਨੂੰ ਕਈ ਤਰ੍ਹਾਂ ਦੇ ਕਾਰ-ਵਿਹਾਰ ਪ੍ਰਬੰਧ ਦੇ ਰੁਝੇਵੇਂ ਹੋਣ ਕਾਰਨ ਸ਼ਾਇਦ ਆਪਣਾ ਪ੍ਰਣ ਭੁੱਲ ਹੀ ਗਿਆ ਹੋਵੇ, ਆਵੇ ਹੀ ਨਾ। ਇਉਂ ਜਾਣ ਕੇ ਕਈਆਂ ਨੇ ਆਪਣੇ ਮੰਦਰਾਂ ਵਿਚ ਪਸ਼ੂ ਬੰਨ੍ਹਣੇ ਸ਼ੁਰੂ ਕਰ ਦਿਤੇ, ਗੋਹੇ ਪਿਸ਼ਾਬ ਨਾਲ ਖਰਾਬ ਕਰ ਦਿਤੇ, ਕਈਆਂ ਨੇ ਅੰਦਰ ਅੰਗੀਠੀਆਂ, ਚੁੱਲ੍ਹੇ ਭੱਠੀਆਂ ਬਣਾ ਕੇ ਧੂੰਏਂ ਨਾਲ ਕਾਲੇ ਕਰ ਦਿੱਤੇ, ਕਈਆਂ ਨੇ ਦਰਵਾਜ਼ੇ ਭੰਨ ਦਿਤੇ, ਰੌਸ਼ਨਦਾਨ ਤੇ ਕਲਸ ਤੋੜ ਭੰਨ ਦਿੱਤੇ।

ਪਰ ਇਕ ਐਸੇ ਸੁਝਵਾਨ, ਸ਼ਰਧਾਲੂ ਆਗਿਆਕਾਰੀ ਵੀ ਸਨ, ਜਿਨ੍ਹਾਂ ਦੇ ਮਨ ਵਿਚ ਨਿਸ਼ਚਾ ਸੀ ਕਿ ਰਾਜਾ ਸਾਹਿਬ ਬੜੇ ਧਰਮੀ, ਨਿਆਂਕਾਰੀ, ਬਚਨ ਦੇ ਸੱਚੇ ਤੇ ਜੀਵਨ ਦੇ ਸੁੱਚੇ ਹਨ, ਉਨ੍ਹਾਂ ਨੂੰ ਆਪਣੇ ਪ੍ਰਣ ਦਾ ਚੇਤਾ ਤਾਂ ਜ਼ਰੂਰ ਹੋਵੇਗਾ, ਪਰ ਰਾਜ ਪ੍ਰਬੰਧ ਦੇ ਰੁਝੇਵੇਂ ਕਰ ਕੇ ਕੁਛ ਦੇਰ ਹੋ ਗਈ ਹੈ। ਰਾਜਾ ਸਾਹਿਬ ਜ਼ਰੂਰ ਆਉਣਗੇ। ਉਸ ਦੀ ਉਡੀਕ ਵਿਚ ਸੋਹਣੇ ਪਲੰਘੇ ਉਪਰ ਸੋਹਣੀ ਤਲਾਈ ਤੇ ਵਿਛਾਈ, ਸੋਹਣਾ ਸਿਰਹਾਣਾ, ਸਿਰਪੇਸ਼, ਸੋਹਣੇ ਸੁਗੰਧੀ ਵਾਲੇ ਫੁੱਲ ਤੇ ਤੋਤੇ ਲਟਕਾਏ। ਸੇਜਾ ਦੇ ਚਾਰੇ ਕੱਸ ਕੇ ਵੱਟ ਕੱਢੇ ਤੇ ਬਹੁਤ ਸਫਾਈ ਨਾਲ ਵਿਛਾਈ ਕੀਤੀ। ਕੋਲ ਦੀਵੇ ਦਾ ਪ੍ਰਕਾਸ਼

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥' (੯੦੧)

ਜਮ੍ਹਾਂ (ਪਾਜ਼ੇਟਿਵ) ਨਫੀ (ਨੈਗੇਟਿਵ) ਦੁਆਰਾ ਦੋ ਤਾਰਾਂ ਪੰਜਾਂ ਕਕਾਰਾਂ ਦੀ ਰਹਿਤ ਰੱਖਣੀ ਤੇ ਚਾਰ ਕੁਰਹਿਤਾਂ ਤੋਂ ਬਚਣ ਰੂਪ :–

'ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥' (੧੨੯੧)

'ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥' (੧੫੨੫)

'ਗੁਣ ਗੋਪਾਲ ਉਚਰੁ ਸਦਾ ਗਾਈਐ ਅਨਦਿਨੋ ॥' (੭੮੪)

'ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ' ॥ (੨੮੬)

ਬਿਜਲੀ ਦੀ ਇਹ ਰੌ ਦਾ ਚੱਲਣਾ ਹੈ ਮਰਯਾ ਰੂਪ ਸਵਿੱਚ ਦਬਾ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ :–

'ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤ ॥' (੭੯੧)

ਫਿਰ ਵਾਸ਼ਨਾ ਰੂਪੀ ਪੌਣ, ਮੋਹ ਸੰਬੰਧੀ ਬ੍ਰਿਤੀ ਰੂਪੀ ਬੱਦਲ ਤੇ ਪਦਾਰਥਾਂ ਦੀ ਇੱਛਾ ਰੂਪੀ ਝੱਖੜ ਵਗਣ ਤੋਂ :–

'ਮਨੁ ਡੀਗਿ ਡੋਲਿ ਨ ਜਾਇ ਕਤ ਹੀ ॥' (੮੪੪)

ਮਨ ਵਿਚ ਫ਼ਰਕ ਨਹੀਂ ਪੈਂਦਾ। ਜਿੰਨੀ ਵੱਡੀ ਤਾਕਤ ਦਾ ਬਲਬ ਹੋਵੇ ਓਨਾ ਹੀ ਵੱਧ ਉਸ ਦਾ ਪ੍ਰਕਾਸ਼ ਹੁੰਦਾ ਹੈ, ਜਿੰਨਾ ਮਨ ਸਾਧਨ ਸੰਪੰਨ ਹੋਵੇਗਾ ਉਤਨਾ ਹੀ ਵੱਧ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਜਿੰਨੀ ਵੱਡੀ ਖਲਖ ਦੀ ਤਾਕਤ ਹੋਵੇਗੀ ਓਨੀ ਹੀ ਬਿਜਲੀ ਦੀ ਬਹੁਲਤਾ ਨੂੰ ਝੱਲ ਸਕੇਗਾ। ਇਸ ਤਰ੍ਹਾਂ ਜਿੰਨੀ ਹੀ ਜਰਨ ਸ਼ਕਤੀ ਵੱਧ ਹੋਵੇਗੀ ਓਨਾ ਹੀ ਕਰਾਮਾਤ ਆਦਿ ਵਿਖਾਉਣ ਤੋਂ ਬਚਿਆ ਰਹੇਗਾ।

'ਕਹੁ ਨਾਨਕ ਅਜਰੁ ਜਿਨਿ ਜਰਿਆ
ਤਿਸ ਹੀ ਕਉ ਬਨਿ ਆਵਤ ॥' (੧੨੦੫)

ਵੱਧ ਕਰੰਟ ਹੋਣ ਤੋਂ ਬਲਬ ਫ਼ਿਊਜ਼ ਹੋਣ ਦਾ ਡਰ ਰਹਿੰਦਾ ਹੈ। ਇਧਰ ਸ਼ਕਤੀ ਹੋਣ ਤੇ ਮਨ ਦੇ ਹੰਕਾਰੀ ਹੋਣ ਦਾ ਡਰ ਰਹਿੰਦਾ ਹੈ। ਇਕ (ਅਰਥ) ਧਨਵਾਨ ਦੀ ਕਾਰ ਹੁੰਦੀ ਹੈ ਬਿਜਲੀ ਵੱਧ ਹੋਵੇ ਤਾਂ ਉਸ ਨੂੰ ਕਾਬੂ 'ਚ ਰੱਖਦੀ ਹੈ, ਏਧਰ ਦੁਖ ਸੁਖ ਵਿਚ ਇਕੋ ਜਿਹੀ ਬਿਰਤੀ ਰੱਖਣੀ ਇਹ ਅਰਥ ਕਰਨਾ ਹੈ।

'ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥' (੬੨੮)

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥' (੭੨੨)

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥' (੭੬੩)

ਅੱਗੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਰੂਪ ਸ਼ਕਤੀ ਘਰ ਵਿਚ ਬਾਣੀ ਰੂਪ ਬਿਜਲੀ ਇਕੱਤ੍ਰ ਹਟੀ ਹੈ। ਦਸਾ ਹੀ ਪਾਤਸ਼ਾਹੀਆ ਰੂਪ ਇੰਜੀਨੀਅਰਾਂ ਨੇ ਲਿਆਂਦੀ, ਪ੍ਰਗਟਾਈ ਹੈ। ਗੁਰੂ ਘਰ ਦੇ ਪੰਜੇ ਤਖ਼ਤ ਤੇ ਚਾਰੇ ਧਾਮ ਇਸ ਦੇ ਮੁੱਖ ਅਸਥਾਨ ਹਨ। ਸਤਿਗੁਰੂ ਜੀ ਦੀਆਂ ਪੋਥੀਆਂ ਤੇ ਗੁਟਕੇ ਸਬ ਸਟੇਸ਼ਨ ਹਨ ਤੇ ਵੰਡਣ ਵਾਲੇ ਪੰਜ ਪਿਆਰੇ ਹਨ। ਪਿੰਡ ਪਿੰਡ ਟਰਾਂਸਫਾਰਮਰ ਗੁਰੂ ਕੀ ਸੰਗਤ ਹੈ।

'ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥' (ਵਾਰ ੪੧, ਪਉੜੀ ੧)

ਤਨ ਮਨ ਧਨ ਸਤਿਗੁਰਾਂ ਨੂੰ ਅਰਪਣ ਰੂਪ ਜਿਨ੍ਹਾਂ ਨੇ ਸਕਿਉਰਟੀ ਜਮ੍ਹਾਂ ਕਰਾਈ, ਅਰਦਾਸ ਰੂਪ ਅਰਜ਼ੀ ਦਿੱਤੀ, ਸਿੱਖੀ ਧਾਰਨੀ ਅਥਵਾ ਗੁਰਮਤਿ ਧਾਰਨ ਰੂਪ ਮਨਜ਼ੂਰੀ ਲੈ ਲੈਣੀ। ਨਿਸ਼ਚੇ ਰੂਪ ਮੰਕੇ ਗੱਤੇ, ਪੰਜਾਂ ਕਕਾਰਾਂ ਦੀ ਰਹਿਤ ਪਾਜ਼ੇਟਿਵ, ਕੁਰਹਿਤਾਂ ਦਾ ਤਿਆਗ ਨੈਗੇਟਿਵ, ਹਿਰਦੇ ਨੂੰ ਪਵਿੱਤਰ ਕਰਨ ਰੂਪ ਮੀਟਰ ਲੱਗਾ ਹੈ, ਸ਼ਰਧਾ ਦੀ ਸਵਿੱਚ, ਦ੍ਰਿੜ੍ਹ ਵੈਰਾਗ ਰੂਪ ਪੱਕੀ ਵਾਇਰਿੰਗ ਕੀਤੀ ਹੈ। ਮਨ ਰੂਪੀ ਬਲਬ ਹੈ ਤੇ ਵਾਸ਼ਨਾਂ ਤੋਂ ਰਹਿਤ ਕਰਨ ਰੂਪ ਇਸ 'ਚੋਂ ਹਵਾ ਕੱਢਣੀ ਹੈ। ਇਸ ਵਿਚ ਪ੍ਰੀਤੀ ਰੂਪੀ ਫਿਲਾਮੈਂਟ ਭਾਵ ਬਲਬ ਦੇ ਅੰਦਰ ਦੀ ਤਾਰ ਵਾਂ ਠੀਕ ਹਵੇ। ਆਤਮ ਵਿਛੋਣੀ ਬੁੱਧੀ ਰੂਪੀ ਟੀਊਬ ਵੀ ਠੀਕ ਹੋਵੇ। ਜੋ ਦੋ ਪਾਸਿਆਂ ਦੀਆਂ ਤਾਰਾਂ ਨੂੰ ਪਲੱਗ ਜੋੜਦਾ ਹੈ, ਇਧਰ :-

'ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰ ਕਰਹੁ ਲਿਵ ਲਾਇ ॥' (੧੧੮੫)

'ਮਨ ਮੇਲੀ ਕਰਿ ਮੇਲਿ ਮਿਲੰਦੇ ॥'
(ਵਾਰ ੬, ਪਉੜੀ ੩)

ਮੇਨ ਸਵਿੱਚ ਸੁਰਤ ਨੂੰ ਸ਼ਬਦ ਵਿਚ ਜੋੜਨਾ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਣ ਤੋਂ ਸੱਚਖੰਡ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੋਂ ਕੁਨੈਕਸ਼ਨ (ਜੋੜ) ਲੈ ਕੇ ਗੁਰਬਾਣੀ ਰੂਪੀ ਬਿਜਲੀ ਦੀ :-

'ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥' (੭੫੯)

ਨਹੀਂ ਜਾਂਦਾ। ਮੇਰੇ ਹਿਰਦੇ ਵਿਚ ਬਹੁਤ ਅਗਿਆਨ ਵਧ ਰਿਹਾ ਹੈ ਜੀ। ਕਈ ਸਰੇਸ਼ਟ ਮੱਤ ਵਾਲੇ ਕਹਿੰਦੇ ਹਨ ਕਿ ਅਗਿਆਨ ਹਨੇਰੇ ਵਰਗਾ ਹੈ ਪਰ ਮੈਂ ਇਸ ਨੂੰ ਹਨੇਰੇ ਜੈਸਾ ਨਹੀਂ ਸਮਝਦਾ ਜੀ। ਕਿਉਂਕਿ ਹਨੇਰੇ ਵਿਚ ਆਪਣੇ ਤਨ ਦੀ ਸਾਰੀ ਸੋਝੀ ਹੁੰਦੀ ਹੈ, ਭਾਵੇਂ ਹੋਰ ਪਦਾਰਥ ਨਹੀਂ ਦਿੱਸਦੇ। ਪਰ ਅਗਿਆਨ ਸਾਰੀ ਹੀ ਸੁੱਧ ਗਵਾ ਦੇਂਦਾ ਹੈ, ਜਿਸ ਕਰ ਕੇ ਜੀਵ ਆਪਣਾ ਆਪ ਹੀ ਨਹੀਂ ਲਖ ਸਕਦਾ ਤਾਂ ਤੇ ਹਨੇਰਾ ਇਸ ਜੈਸਾ ਨਹੀਂ। ਜਿਸ ਕਰ ਕੇ ਜੀਵ ਦੁਖੀ ਹਨ ਇਹ ਇਕ ਬੜੇ ਘੁੱਪ ਹਨੇਰੇ ਤੋਂ ਵੀ ਵੱਧ ਹੈ। ਆਪ ਜੀ ਵਰਗਾ ਦੁਨੀਆਂ ਤੇ ਹੋਰ ਉਪਦੇਸ਼ਕ ਕੋਈ ਨਹੀਂ ਇਸ ਵਾਸਤੇ ਹੇ ਕ੍ਰਿਪਾ ਨਿਧਾਨ! ਮੈਨੂੰ ਮੇਰਾ ਵਾਸਤਵ ਸਰੂਪ ਜਣਾ ਦਿਓ।' ਤਾਂ ਸਤਿਗੁਰਾਂ ਨੇ ਧੁਰ ਦੀ ਬਾਣੀ ਦੁਆਰਾ ਉਪਦੇਸ਼ ਦੇ ਕੇ, ਅਗਿਆਨ ਦਾ ਹਨੇਰਾ ਦੂਰ ਕਰ ਕੇ, ਗਿਆਨ ਦਾ ਪ੍ਰਕਾਸ਼ ਕਰ ਕੇ ਨਿਹਾਲ ਕੀਤਾ ਸੀ।

ਹਨੇਰਾ ਦੂਰ ਕਰਨ ਵਾਸਤੇ ਲੋਕਾਂ ਨੇ ਪੱਥਰ ਤੇ ਬਾਂਸ ਤੋਂ ਬੜੀ ਮਿਹਨਤ ਨਾਲ ਪ੍ਰਕਾਸ਼ ਕੱਢਣ ਦੀ ਨਿਆਈਂ ਸਿੰਮ੍ਰਤੀਆਂ ਦਾ ਗਿਆਨ ਪ੍ਰਾਪਤ ਕੀਤਾ। ਸਰ੍ਹੋਂ ਦੇ ਦੀਵੇ ਛੇ ਸ਼ਾਸਤਰਾਂ ਦਾ ਸਿਧਾਂਤ, ਮਿੱਟੀ ਦੇ ਤੇਲ ਦੇ ਦੀਵੇ ਤੇ ਲਾਲਟੈਨ ਪੁਰਾਣ ਤੇ ਉਪਨਿਸ਼ਦਾਂ ਦਾ ਗਿਆਨ ਪ੍ਰਾਪਤ ਹੋਇਆ। ਗੈਸਾਂ ਦੇ ਚਾਨਣ ਦੀ ਨਿਆਈਂ ਵੇਦਾਂ ਦਾ ਗਿਆਨ ਹੈ, ਪਰ ਪੂਰਾ ਅਗਿਆਨ ਦਾ ਹਨੇਰਾ ਦੂਰ ਨਾ ਕਰ ਸਕੇ।

ਯਥਾ:-'ਸਿੰਮ੍ਰਿਤ ਸਾਸਤ੍ਰ ਪੁਨ ਪਾਪ ਬੀਚਾਰਦੇ ਤਤੇ ਸਾਰ ਨ ਜਾਣੀ॥' (੯੨੦)

'ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥' (੭੨੭)

ਜਦੋਂ ਕਲਜੁਗ ਦਾ ਬੜਾ ਭਿਆਨਕ ਸਮਾਂ ਆਇਆ ਤਾਂ ਜ਼ੁਲਮ, ਭਰਮ, ਵਹਿਮ ਤੇ ਅਗਿਆਨ ਦਾ ਘੁੱਪ ਹਨੇਰਾ ਹਰ ਪਾਸੇ ਛਾਇਆ ਹੋਇਆ ਸੀ।

ਯਥਾ: -'ਸੰਸਾਰੁ ਬਿਖਿਆ ਕੂਪ॥ ਤਮ ਅਗਿਆਨ ਮੋਹਤ ਘੂਪ॥' (੮੩੮)

'ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥' (੧੩੯੯)

ਇਹ ਹਨੇਰਾ ਸਰਬ ਜੀਆਂ ਦੇ ਹਿਰਦਿਆਂ ਵਿਚੋਂ ਦੂਰ ਕਰਨ ਵਾਸਤੇ ਅਕਾਲ ਪੁਰਖ ਦੇ ਸਰਗੁਣ ਸਰੂਪ ਸਤਿਗੁਰਾਂ ਨੇ, ਗੁਰਬਾਣੀ ਰੂਪ ਬਿਜਲੀ ਦੁਆਰਾ ਗਿਆਨ ਦਾ ਪ੍ਰਕਾਸ਼ ਕਰਕੇ ਦੂਰ ਕੀਤਾ। ਭਾਖੜਾ ਡੈਮ-ਇਹ ਬਾਣੀ ਧੁਰੋਂ ਸੱਚਖੰਡੋਂ ਆਈ ਹੈ। ਯਥਾ :-

੫. ਬਿਜਲੀ ਦਾ ਅਲੰਕਾਰ

'ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥' (੬੭)

ਪਹਿਲੇ ਪਹਿਲ ਮਨੁੱਖ ਨੇ ਹਨੇਰਾ ਦੂਰ ਕਰਨ ਲਈ ਚਾਨਣ ਦਾ ਯਤਨ ਕੀਤਾ ਤਾਂ ਪੱਥਰ ਤੇ ਪੱਥਰ ਮਾਰ ਕੇ ਜਾਂ ਬਾਂਸਾਂ ਨੂੰ ਰਗੜ ਕੇ ਅੱਗ ਕੱਢਦੇ ਸਨ। ਫਿਰ ਹੋਰ ਤਰੱਕੀ ਕੀਤੀ ਸਰੋਂ ਜਾਂ ਤੋਰੀਏ ਦਾ ਤੇਲ ਪਾ ਕੇ ਦੀਵੇ ਬਾਲਣ ਲੱਗੇ। ਉਸ ਤੋਂ ਅੱਗੇ ਮਿੱਟੀ ਦੇ ਤੇਲ ਦੇ ਦੀਵੇ, ਲਾਲਟੈਨ ਤੇ ਵੱਧ ਤੋਂ ਵੱਧ ਗੈਸ ਪਰ ਉਨ੍ਹਾਂ ਨਾਲ ਵੀ ਹਨੇਰਾ ਦੂਰ ਨਾ ਹੋਇਆ। ਸਭ ਤੋਂ ਵਧੀਆ ਚਾਨਣ ਬਿਜਲੀ ਦੁਆਰਾ ਕੀਤਾ ਜਾ ਰਿਹਾ ਹੈ। ਜਿਸ ਵਰਗਾ ਪਹਿਲੇ ਜੁੱਗਾਂ ਵਿਚ ਕਦੇ ਵੀ ਨਹੀਂ ਹੋਇਆ। ਇਹ ਚਾਨਣ ਬੜਾ ਸਾਫ਼, ਧੂੰਏਂ ਤੋਂ ਬਿਨਾਂ, ਹਵਾ ਹਨ੍ਹੇਰੀ ਨਾਲ ਵੀ ਨਹੀਂ ਬੁੱਝਦਾ।

ਇਸ ਦੀ ਪ੍ਰਾਪਤੀ ਵਾਸਤੇ ਭਾਖੜਾ ਡੈਮ ਵਾਲਾ ਬਿਜਲੀ ਘਰ ਬਣਾਇਆ ਗਿਆ। ਉਸ ਤੋਂ ਅੱਗੇ ਵੱਡੇ ਸ਼ਹਿਰਾਂ ਵਿਚ ਬਿਜਲੀ ਪਹੁੰਚਾਉਣ ਵਾਸਤੇ ਛੋਟੇ ਛੋਟੇ ਸ਼ਕਤੀ ਘਰ (ਪਾਵਰ ਹਾਊਸ) ਬਣਾਏ ਗਏ। ਫਿਰ ਥਾਂ ਥਾਂ ਤੇ ਖੰਭੇ ਗੱਡ ਕੇ ਦੋ ਤਾਰਾ ਰਾਹੀਂ ਬਿਜਲੀ ਦੀ ਰੌ ਪਹੁੰਚਦੀ ਹੈ, ਘਰਾਂ ਵਿਚ ਮੀਟਰ ਲਾ ਕੇ ਸਵਿੱਚ ਅਤੇ ਫਿਰ ਅੱਗੇ ਬਲਬ ਲਾਈਦਾ ਹੈ। ਜਿੰਨੀ ਜ਼ਿਆਦਾ ਤਾਕਤ ਦਾ ਬਲਬ ਹੋਵੇ ਓਨਾ ਹੀ ਵੱਧ ਚਾਨਣ ਹੈ। ਬਲਬ ਵਿਚ ਜਿਹੜੀ ਪਤਲੀ ਤਾਰ ਹੁੰਦੀ ਹੈ ਉਹ ਟੁੱਟੀ ਹੋਈ ਨਹੀਂ ਹੋਣੀ ਚਾਹੀਦੀ। ਸਵਿੱਚ ਠੀਕ ਹੋਵੇ, ਪਲੱਗ ਦੀ ਲੱਗਾ ਹੋਵੇ, ਫਾਇਰਿੰਗ ਠੀਕ ਕੀਤੀ ਹੋਵੇ ਤਾਂ ਘਰ ਜਗਮਗਾ ਉਠਦਾ ਹੈ। ਬਲਬ ਵਿਚੋਂ ਹਵਾ ਕੱਢੀ ਹੁੰਦੀ ਹੈ, ਜੇਕਰ ਹਵਾ ਹੋਵੇ ਤਾਂ ਨਹੀਂ ਜਗਦਾ। ਟੀਊਬ ਵੀ ਸਾਫ਼ ਹੋਵੇ ਫਿਰ ਹੀ ਉਸ ਰਾਹੀਂ ਪ੍ਰਕਾਸ਼ ਹੁੰਦਾ ਹੈ।

ਏਸੇ ਤਰ੍ਹਾਂ ਅੰਦਰ ਅਗਿਆਨ ਦਾ ਘੁੱਪ ਹਨੇਰਾ ਹੈ।

'ਇਕ ਬਾਸੁਰ ਨਰ ਪਠਿ ਅਵਨੀਪਾ। ਕਮਲ ਬਦਨ ਬੁਲਵਾਇ ਸਮੀਪਾ ॥
ਦ੍ਵੈ ਕਰ ਬੰਦੇ, ਬਿਨੈ ਬਖਾਨੀ। ਦੀਨ ਦਯਾਲ ! ਦਾਸਨ ਗਤਿ ਦਾਨੀ ॥੩੪॥'

(ਅਧਿਯਾਯ ੪੨, ਸ੍ਰੀ ਨਾਨਕ ਪ੍ਰਕਾਸ਼)

ਇਕ ਦਿਨ ਰਾਇ ਬੁਲਾਰ ਨੇ ਸਤਿਗੁਰੂ ਜੀ ਨੂੰ ਆਪਣੇ ਗ੍ਰਹਿ ਵਿਖੇ ਪਾਸ ਬੁਲਾ ਕੇ ਬਹੁਤ ਨਿੰਮ੍ਰਤਾ ਸਹਿਤ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, 'ਜੀ ਹਜ਼ੂਰ ! ਮੈਨੂੰ ਮੇਰਾ ਵਾਸਤਵ ਸਰੂਪ ਜਣਾ ਦਿਉ ਜੀ, ਮੈਂ ਕੀ ਹਾਂ ? ਜਾਣਿਆ

ਸਤਿਗੁਰੂ ਕਲਗੀਧਰ ਸਾਹਿਬ ਜੀ ਦੇ ਵਰੋ-ਗੰਢ ਦੀ ਖੁਸ਼ੀ ਅੰਦਰ ਤਖਤ ਤੇ ਇਹ ਚਿੱਤ ਵਿਚ ਉਮਾਹ ਆਇਆ ਕਿ ਇਸ ਨੂੰ ਭੀ ਇਹ ਸੇਵਾ ਵਿਚ ਲਾ ਦੇਈਏ, ਇਸ ਕਰਕੇ ਸਾਧ ਸੰਗਤ ਜੀ ! ਇਹ ਉਤਸ਼ਾਹ ਨਾਲ ਗੁਰੂ ਕਲਗੀਧਰ ਸਾਹਿਬ ਜੀ ਦੇ ਇਹ ਚਰਨੀਂ ਲੱਗੇ ਹਨ। ਸਤਿਗੁਰਾਂ ਦਾ ਆਪਣਾ ਬਿਰਦ ਹੈ, ਉਨ੍ਹਾਂ ਦੇ ਚਰਨੀਂ ਲਾਇਆ ਹੈ, ਉਹ ਆਪ ਹੀ ਸਿਰ-ਤੋੜ ਨਿਭਾਉਣਗੇ ਸੱਚੇ ਪਾਤਿਸ਼ਾਹ ਜੀ ਇਹ ਸੇਵਾ ਨੂੰ।

ਸਾਧ ਸੰਗਤ ਜੀ ! ਇਕ ਇਹਦੇ ਵਾਸਤੇ ਇਹ ਵੀ ਬੇਨਤੀ ਹੈ ਇਹ ਸਿੰਘ ਵਾਸਤੇ ਕਿ ਇਹ ਆਪਣੇ ਜੀਵਨ ਦੇ ਅੰਦਰ ਪ੍ਰਵਾਰ ਦਾ ਮੋਹ ਨਾ ਕਰੇ ਅਤੇ ਜਿਹੜੀਆਂ ਸੰਗਤਾਂ ਮਾਇਆ ਦਿਆ ਕਰਨ ਸੇਵਾ ਵਾਸਤੇ, ਉਹ ਸੰਗਤਾਂ ਵਿਚ ਹੀ ਖ਼ਰਚ ਕਰਿਆ ਕਰੇ ਇਸ ਪ੍ਰਕਾਰ ਦਾ ਵੀ ਜੀਵਨ ਇਸ ਦਾ ਹਵੇ, ਇਹ ਭੀ ਬੇਨਤੀ ਇਸ ਨੂੰ ਕੀਤੀ ਹੈ।

ਅਲੰਕਾਰ

ਆਪ ਜੀ ਦੀ ਕਥਾ ਵਿਚ ਐਨਾ ਰਸ ਸੀ :

ਯਥਾ:–'ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥' (੩੨੦)

ਜਿਹੜਾ ਇਕ ਵਾਰੀ ਸੁਣ ਲੈਂਦਾ ਫਿਰ ਜ਼ਿੰਦਗੀ ਭਰ ਨਾ ਭੁੱਲਦਾ ਤੇ ਮੁੜ ਮੁੜ ਸੁਣ ਕੇ ਜੀਵਨ ਉੱਚਾ ਕਰਦਾ। ਆਪ ਜੀ ਕੱਚੀ ਬਾਣੀ ਕਦੇ ਵੀ ਨਹੀਂ ਸਨ ਬੋਲਦੇ। ਸਭ ਦ੍ਰਿਸ਼ਟਾਂਤ ਪ੍ਰਮਾਣ ਗੁਰਬਾਣੀ ਤੇ ਪ੍ਰਵਾਨਿਤ ਬਾਣੀ ਵਿਚੋਂ ਹੀ ਦੇਂਦੇ। ਸਾਰੀਆਂ ਸਾਖੀਆਂ ਗੁਰ-ਇਤਿਹਾਸ ਵਿਚੋਂ ਹੀ ਸੁਣਾਉਂਦੇ। ਕਥਾ ਕਰਦਿਆਂ ਆਪ ਐਨੇ ਮਸਤ ਹੋ ਜਾਂਦੇ ਕਿ ਸਰੀਰ ਦਾ ਚੇਤਾ ਹੀ ਭੁੱਲ ਜਾਂਦਾ। ਇਕ ਦਿਨ ਵਿਚ ਹੀ ਵੱਖ ਵੱਖ ਥਾਵਾਂ ਤੇ ਕਈ ਕਈ ਕਥਾ ਕਰਦੇ। ਕਥਾ, ਪਾਠ, ਸਿਮਰਨ ਭਜਨ ਉਨ੍ਹਾਂ ਦਾ ਜੀਵਨ ਬਣ ਚੁਕਾ ਸੀ। ਹਰ ਸ਼ਬਦ ਦੇ ਘੱਟੋ ਘੱਟ ਦੋ ਅਰਥ ਜਰੂਰ ਕਰਦੇ–ਇਕ ਅੱਖਰੀ ਤੇ ਦੂਜਾ ਅੰਤਰੀਵ ਅਨੁਭਵੀ ਤਾਂ ਕਿ ਵਿਵਹਾਰਕ ਤੇ ਪ੍ਰਮਾਰਥਕ ਦੋਵੇਂ ਰਸਤੇ ਸਿੱਧ ਹੋ ਸਕਣ। ਗੂੜ੍ਹ ਗੁੱਝ ਗੁਰਬਾਣੀ ਦੇ ਆਸ਼ੇ ਠੇਠ ਪੰਜਾਬੀ ਤੇ ਸੰਖੇਪ ਅੱਖਰਾਂ ਵਿਚ ਐਸੀ ਨਿਪੁਨਤਾ ਨਾਲ ਸੁਣਾਉਂਦੇ ਕਿ ਵੱਡੇ ਵੱਡੇ ਵਿਦਵਾਨ ਵੀ ਚੱਕ੍ਰਿਤ ਹੋ ਜਾਂਦੇ। ਪਰ ਉਸ ਕਥਾ ਦੀ ਪੜ੍ਹਿਆਂ ਤੇ ਅਨਪੜ੍ਹਾਂ ਨੂੰ ਪੂਰੀ ਪੂਰੀ ਸਮਝ ਪੈਂਦੀ ਅਤੇ ਸਾਰੇ ਹੀ ਮਸਤੀ ਵਿਚ ਝੂਲਣ ਲੱਗ ਪੈਂਦੇ। 'ਖ਼ਾਲਸਾ' ਜੀ ਕਥਾ ਵਿਚ ਬਹੁਤ ਸੋਹਣੇ ਸੋਹਣੇ ਅਲੰਕਾਰ ਸੁਣਾ ਕੇ ਅੰਤਰੀਵ ਘਟਾਇਆ ਕਰਦੇ।

ਪੜ੍ਹੇ ਸਨ । ਬਾਬਾ ਦੀਪ ਸਿੰਘ ਸਾਹਿਬ ਜੀ ਅਤੇ ਬਾਬਾ ਮਲੀ ਸਿੰਘ ਸਾਹਿਬ ਜੀ ਆਦਿਕ ਬ੍ਰਹਮ ਗਿਆਨੀ ਉਨ੍ਹਾਂ ਤੋਂ ਜੋ ਅੱਜ ਚਲੀ ਆਉਂਦੀ ਟਕਸਾਲ ਹੈ ਗੁਰੂ ਕਲਗੀਧਰ ਜੀ ਦੀ, ਉਹ ਸੰਤ ਮਹਾਰਾਜ ਸੰਤ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂ ਵਾਲਿਆਂ ਨੇ ਦਾਸ ਨੂੰ ਡਿਊਟੀ ਲਾਈ ਸੀ, ਉਹ ਸੇਵਾ ਸਤਿਗੁਰੂ ਸਾਹਿਬ ਜੀ ਸਿਰ-ਤੋੜ ਨਿਭਾਉਣ ਜਿੰਨਾਂ ਚਿਰ ਸਰੀਰ ਬਣਿਆਂ ਹੋਇਆ ਇਹ ਸੇਵਾ ਸਾਧ ਸੰਗਤ ਜੀ ! ਸੰਗਤਾਂ ਦੇ ਪੜ੍ਹਾਉਣ ਦੀ, ਇਸ ਦੇ ਤਾਈਂ ਦਾਸ ਨੇ ਗੁਰੂ ਕਲਗੀਧਰ ਦੇ ਚਰਨੀਂ ਪਾ ਕੇ, ਮਹਾਰਾਜ ਲਾਜ ਰੱਖਣ ਆਪਣਾ ਜਾਣ ਕੇ ਇਹ ਸੇਵਾ ਅੱਜ ਤੋਂ ਸਾਧ ਸੰਗਤ ਜੀ ! ਸਿਰੋਪਾਉ ਇਹਨੂੰ ਗੁਰੂ ਕਲਗੀਧਰ ਜੀ ਦੇ ਦਰ ਵਿਚੋਂ ਪ੍ਰਾਪਤ ਹੋਇਆ ਹੈ ਸਾਧ ਸੰਗਤ ਜੀ !

"ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥"

ਅੱਜ ਇਹ ਸਤਿਗੁਰੂ ਦੀ ਕਿਰਪਾ ਦੇ ਨਾਲ ਸਾਧ ਸੰਗਤ ਜੀ ! ਇਹ ਸਿੰਘ ਗੁਰੂ ਸਾਹਿਬ ਜੀ ਦੀ ਕ੍ਰਿਪਾ ਦੇ ਨਾਲ ਇਹ ਸਿੰਘ ਇਹ ਸੇਵਾ ਨੂੰ ਗੁਰੂ ਕਲਗੀਧਰ ਜੀ ਦੇ ਅਰਥ ਆਪ ਪੜ੍ਹਾਏ ਸਨ ਇਹ ਆਪ ਦਾ ਜਾਣਕੇ ਬਿਰਦ ਜਾਣਕੇ ਸੇਵਾਦਾਰ ਤੋਂ ਸੇਵਾ ਲੈਂਦੇ ਰਹਿਣ। ਹੋਰ ਬੜੇ ਬਜ਼ੁਰਗ ਸਾਰੇ ਸਿਆਣੇ ਹੋ, ਮਹਾਂ ਪੁਰਖ ਹੋ, ਤੁਸੀਂ ਸਾਰੇ ਵੱਡੇ ਹੋ, ਇਸ ਨੂੰ ਛੋਟਾ ਜਾਣਕੇ ਸਾਰੇ ਕ੍ਰਿਪਾ-ਦ੍ਰਿਸ਼ਟੀ ਰੱਖਿਓ ਇਸ ਦੇ ਉਤੇ ਅਤੇ ਸਭਨਾਂ ਦੇ ਚਰਨਾਂ ਵਿਚ ਬੇਨਤੀ ਹੈ ਇਹ ਜਿਹੜੀ ਟੇਪ ਕਥਾ ਹੋ ਰਹੀ ਹੈ ਇਸ ਦੀ ਜ਼ੁੰਮੇਂਵਾਰੀ ਭੀ 'ਕਰਤਾਰ ਸਿੰਘ' ਦੇ ਜ਼ੁੰਮੇਂ ਹੋਵੇਗੀ। ਇਹ ਕਥਾ ਜਿਸ ਨੇ ਸੁਣਨੀ ਹੋਵੇ ਤੇ ਟੇਪ ਦਾ ਉਤਾਰਾ ਕਰਨਾ ਹੋਵੇ ਇਸ ਦੇ ਪਾਸੋਂ ਕਰ ਲਿਆ ਕਰੇ । ਇਹ ਟੇਪ ਤੇ ਮਸ਼ੀਨ ਇਸ ਦੇ ਕਥਨੋ ਮੈਂ ਅੱਜ ਤੋਂ ਅਰਦਾਸ ਕੀਤੀ ਹੈ ਅਤੇ ਦੂਜੀ ਸਾਧ ਸੰਗਤ ਜੀ ! ਭਿੰਡਰਾਂ ਦੀ ਜਿਹੜੀ ਜ਼ੁੰਮੇਂਵਾਰੀ ਹੈ ਉਹ ਭਾਈ ਚੰਨਣ ਸਿੰਘ ਜੀ ਨੂੰ ਦਿੱਤੀ ਹੋਈ ਹੈ। ਜੇ ਉਹ ਭਾਈ ਚੰਨਣ ਸਿੰਘ ਜੀ ਸੇਵਾ ਕਰਨ ਵਿਚ ਕੁਝ ਆਲਸ ਕਰਨ ਉਹ ਵੀ ਸੇਵਾ ਇਸ ਦੇ ਜ਼ੁੰਮੇਂ ਹੈ, ਭਿੰਡਰਾਂ ਦੇ ਪ੍ਰਬੰਧ ਚਲਾਉਣ, ਕਿਉਂਕਿ ਵਿਦਿਆਰਥੀਆਂ ਨੂੰ ਰੱਖ ਕੇ ਕੋਈ ਐਸਾ ਸਮਾਂ ਆਵੇ ਉਥੇ ਲੰਗਰ ਦਾ ਪ੍ਰਬੰਧ ਹੋਵੇ ਤੇ ਪੜ੍ਹਾਉਂਦੇ ਰਹਿਣ, ਨਹੀਂ ਤਾਂ ਵਿਚਰ ਕੇ ਸੰਗਤਾਂ ਦੀ ਸੇਵਾ ਕਰਨ।

ਇਹ ਸਾਧ ਸੰਗਤ ਜੀ ! ਇਹ ਸੇਵਾ ਦਾਸ ਨੇ ਇਸ ਦੇ ਜ਼ੁੰਮੇਂ ਲਾਈ ਹੈ, ਤੁਸੀਂ ਹੋ ਸਾਰੇ ਵੱਡੇ, ਸਾਰਿਆਂ ਨੇ ਕ੍ਰਿਪਾ-ਦ੍ਰਿਸ਼ਟੀ ਰੱਖਣੀ ਇਸ ਤੇ ਸਭ ਨੇ ਪ੍ਰੇਮ ਕਰਨਾ ਛੋਟਾ ਜਾਣ ਕੇ।

'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥'

"ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥"

ਬਖ਼ਸ਼ਿਸ਼ ਦੇ ਬਚਨ

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥

'ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸਾਜੀ ਨਿਵਾਜੀ ਗੁਰੂ ਖ਼ਾਲਸਾ ਸਾਧਸੰਗਤ ਜੀ ! ਅੱਜ ਤੋਂ ੩੦੦ਵੀਂ ਵਰ੍ਹੇ-ਗੰਢ ਦਾ ਸਮਾਗਮ ਸੰਗਤਾਂ ਨੇ ਆਰੰਭ ਕੀਤਾ ਸੀ । ਸ੍ਰੀ ਅਖੰਡ ਪਾਠਾਂ ਦੇ ਸੰਪੂਰਨ ਹੋਣ ਤੋਂ ਬਾਅਦ ਸਭਨਾਂ ਸੇਵਾਦਾਰਾਂ ਨੂੰ ਅਤੇ ਪ੍ਰਬੰਧਕਾਂ ਨੂੰ ਸਭਨਾਂ ਨੂੰ ਸਿਰੋਪਾਉ ਹੋਏ ਹਨ, ਇਹ ਸੰਗਤਾਂ ਦੇ ਅੰਦਰ ਬੜੀ ਭਾਰੀ ਖ਼ੁਸ਼ੀ ਹੈ । ਨਿਰਵਿਘਨਤਾ ਨਾਲ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ੩੦੦ਵੀਂ ਵਰ੍ਹੇ-ਗੰਢ ਆਪਣੇ ਸੇਵਾਦਾਰਾਂ ਤੋਂ ਚੜ੍ਹਦੀਆਂ ਕਲਾਂ ਵਿਚ ਸੇਵਾ ਲੈ ਕੇ ਸੰਪੂਰਨ ਕੀਤੀ ਹੈ ।

ਸਾਧ ਸੰਗਤ ਜੀ ! ਇਸ ਖ਼ੁਸ਼ੀ ਦੇ ਵਿਚ ਸੰਗਤਾਂ ਨੇ ਸ੍ਰੀ ਅਖੰਡ ਪਾਠ ਸੰਪੂਰਨ ਕਰ ਕੇ ਅੱਜ ਸਮਾਪਤੀ ਦਾ ਭੋਗ ਸ੍ਰਵਣ ਕੀਤਾ ਹੈ । ਉਸ ਤੋਂ ਬਾਦ ਅੰਮ੍ਰਿਤ ਵੇਲੇ ਕਥਾ ਨਹੀਂ ਹੋ ਸਕੀ, ਸਿਰੋਪਾਓ ਸੰਗਤਾਂ ਨੂੰ ਬਹੁਤਿਆਂ ਨੂੰ ਦੇਣੇ ਸਨ. ਇਸ ਕਾਰਨ ਕਰਕੇ ਸੇਵਾ ਵਿਚ ਲੱਗੇ ਰਹੇ ਹਨ । ਦਾਸ ਦੇ ਅੰਦਰ ਸਾਧ ਸੰਗਤ ਜੀ ! ਇਸ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦੇ ੩੦੦ ਸਾਲਾ ਵਰ੍ਹੇ-ਗੰਢ ਦੀ ਖ਼ੁਸ਼ੀ ਅੰਦਰ ਇਹ ਉਤਸ਼ਾਹ ਆਇਆ ਹੈ, ਤੁਸੀਂ ਸਾਰੇ ਭਰਾ ਜਿੰਨੇ ਹੋ ਵੱਡੇ ਹੋ ਗੁਣਾਂ ਕਰ ਕੇ ਅਤੇ ਬੜੇ ਚਿਰ ਦੇ ਨਾਲ ਦਰਸ਼ਨ ਦਿੰਦੇ ਹੋ, ਵੱਡੇ ਮਹਾਂ ਪੁਰਖਾਂ ਦੇ ਨਾਲ ਭੀ ਕਈ ਸਰੀਰ ਰਹੇ ਹੋ । ਸਭਨਾਂ ਦੇ ਚਰਨਾਂ ਵਿਚ ਬੇਨਤੀ ਹੈ 'ਭਾਈ ਕਰਤਾਰ ਸਿੰਘ ਜੀ' ਸਾਰਿਆਂ ਤੋਂ ਛੋਟਾ ਵਿਦਿਆਰਥੀ ਹੈ । ਇਸ ਦੇ ਤਾਈਂ ਅੱਜ ਗੁਰੂ ਕਲਗੀਧਰ ਜੀ ਦੇ ਚਰਨੀਂ ਅੱਜ ਦਾਸ ਨੇ ਲਾਇਆ ਹੈ ਕਿ ਇਹ ਦਾਸ ਦੀ ਸੇਵਾ ਜੋ ਸੰਤ ਮਹਾਰਾਜ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਪੜ੍ਹਾਈ ਦੀ ਜ਼ਿੰਮੇਂ ਲਾਈ ਸੀ ਕਿ ਜਿੰਨਾਂ ਚਿਰ ਤੂੰ ਜਿਉਂਦਾ ਹੈਂ ਇਹ ਸੇਵਾ ਕਰਦਾ ਰਹੀਂ–ਓਹ ਸੇਵਾ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਜਿੰਨਾਂ ਚਿਰ ਸੁਆਸ ਹਨ, ਨਿਭਦੀ ਰਹੇ ਪਰ ਇਹ ਸੇਵਾ ਦੀ ਡਿਊਟੀ ਸਾਧ ਸੰਗਤ ਜੀ ! ਦਾਸ ਦੇ ਅੰਦਰ ਚਾਉ ਆਇਆ । ਅੱਜ ਵਰ੍ਹੇ-ਗੰਢ ਤੇ ਸਾਰੀਆਂ ਸੰਗਤਾਂ ਨੂੰ ਸਿਰੋਪਾਉ ਮਿਲੇ ਹਨ ਤੇ ਮੈਨੂੰ ਜਿਹੜਾ ਸਿਰੋਪਾਉ ਸੰਗਤ ਨੇ ਬਖ਼ਸ਼ਿਆ ਸੀ, ਉਹ ਸਿਰੋਪਾਉ 'ਭਾਈ ਕਰਤਾਰ ਸਿੰਘ ਜੀ' ਨੂੰ ਮੈਂ ਗੁਰੂ ਕਲਗੀਧਰ ਜੀ ਦੇ ਚਰਨੀਂ ਪਾ ਕੇ ਇਨ੍ਹਾਂ ਦੇ ਸਿਰ ਤੇ ਪਾ ਦਿੱਤਾ ਹੈ । ਇਹ ਸੇਵਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਦਮਦਮੇ ਸਾਹਿਬ ਜੀ ਵਿਚ ਬਖ਼ਸ਼ਿਸ਼ ਕੀਤੀ ਸੀ । ੪੮ਸਿੰਘ ਅਰਥਾਂ ਦੇ ਨਾਲ

ਜੀ ਤੇ ਇਕ ਦਾਸ ਨੂੰ ਪਾਇਆ । ਕੇਵਲ ਰੁੱਸ ਕੇ ਭੰਜੇ ੧੪ ਸਿੰਘਾਂ ਤੋਂ ਬਿਨਾਂ ਬਾਕੀ ਸਭ ਜਥੇ ਦੇ ਸਿੰਘ, ਰਾਗੀ ਜਥੇ ਸਮੇਤ ਸਭ ਨੇ ਦਾਸ ਨੂੰ ਨਿਵਾਜਿਆ । ਹੋਰ ਮਹਾਤਮਾ ਜੋ ਗੁਰਪੁਰਬ ਮਨਾਉਣ ਲਈ ਪਟਨੇ ਸਾਹਿਬ ਪਹੁੰਚੇ ਹੋਏ ਸਨ, ਪਤਾ ਲੱਗਣ ਤੇ ਸਾਰੇ ਆਏ ਤੇ ਸਿਰੋਪਾਓ ਬਖ਼ਸ਼ੇ । ਉਪਰੰਤ ਸਾਰੇ ਜਥੇ ਨੂੰ 'ਖ਼ਾਲਸਾ' ਜੀ ਨੇ ਭੇਜਿਆ, 'ਹੁਣ ਤੁਸੀਂ ਸਾਰੇ ਤਖ਼ਤ ਸਾਹਿਬ ਜਾ ਕੇ ਦੇਗ ਕਰਾ ਕੇ ਅਰਦਾਸ ਕਰੋ ਇਸ ਦੀ ਚੜ੍ਹਦੀ ਕਲਾ ਰਹੇ ।' ਉਹਨਾਂ ਨੇ ਸਿੰਘਾਂ ਨੂੰ ਮਾਇਆ ਆਪਣੇ ਕੋਲੋਂ ਦਿੱਤੀ। ਸਾਰਾ ਜਥਾ ਦਾਸ ਨੂੰ ਨਾਲ ਲੈ ਕੇ ਤਖ਼ਤ ਸਾਹਿਬ ਪਹੁੰਚਿਆ । ਰਾਗੀ ਬਚਿੱਤ੍ਰ ਸਿੰਘ ਜੀ ਨੇ ਅਰਦਾਸ ਕੀਤੀ । ਭਾਈ ਬੂੜ ਸਿੰਘ ਜੀ ਨੇ ਹੁਕਮਨਾਮਾ ਲਿਆ :-

'ਹਾ ਹਾ ਪ੍ਰਭ ਰਾਖਿ ਲੇਹੁ ॥ ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ
ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥' (੬੭੫)

ਫਿਰ ਸਾਰੇ ਜਥੇ ਨੇ ਸੇਹਰਾ ਬਖ਼ਸ਼ਿਆ ਪ੍ਰਕਰਮਾ ਕਰਨ ਲੱਗਿਆਂ ਦਾਸ ਨੇ ਭਗਤ ਉਜਾਗਰ ਸਿੰਘ ਜੀ ਨੂੰ ਅੱਗੇ ਲਾ ਕੇ ਉਹਨਾਂ ਦੇ ਗਲ ਵੀ ਸਿਹਰਾ ਪਾਇਆ ਨਾਲ ਦਾਸ ਨੇ ਬੇਨਤੀ ਕੀਤੀ, 'ਤੁਸੀਂ ਦਾਸ ਨੂੰ ਜਥੇ ਵਿਚ ਲਿਆਏ ਤੇ ਇਹ ਬਖ਼ਸ਼ਿਸ਼ ਹੋਈ ਇਸ ਵਾਸਤੇ ਇਹ ਸੇਹਰਾ ਤੁਹਾਨੂੰ ਬਹੁਤਾ ਸ਼ੋਭਨੀਕ ਹੈ।' ਤਾਂ ਉਹਨਾਂ ਨੇ ਖ਼ੁਸ਼ੀ ਵਿਚ ਆ ਕੇ ਕਿਹਾ, 'ਅਸੀਂ ਕੁਝ ਸਮੇਂ ਤੋਂ ਮਗਰੋਂ ਜਥੇ ਵਿਚ ਤੇਰੇ ਨਾਲ ਹੀ ਰਿਹਾ ਕਰਾਂਗੇ ।'

ਸੰਗਤ ਤੇ ਜਥੇ ਨੇ ਬੇਨਤੀ ਕੀਤੀ, 'ਜੀ ! ਜੋ ਬਖ਼ਸ਼ਿਸ਼ ਆਪ ਜੀ ਨੇ ਕੀਤੀ ਹੈ ਇਹ ਸਾਰੇ ਬਚਨ ਭਰੇ ਦੀਵਾਨ ਵਿਚ ਕਹਿ ਕੇ ਟੇਪ ਰੀਕਾਰਡ ਕਰ ਦਿਓ ਤਾਂ ਕਿ ਕੱਲ੍ਹ ਨੂੰ ਕਦੇ ਕੋਈ ਫ਼ਰਕ ਪਾਉਣ ਦਾ ਜਤਨ ਨਾ ਕਰੇ ।' ਤਾਂ ਰਾਤ ਦੇ ਦੀਵਾਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਸਾਹਮਣੇ ਜਦੋਂ ਕਿ ਸਾਰਾ ਜਥਾ ਪੋਥੀਆਂ ਪ੍ਰਕਾਸ਼ ਕਰ ਕੇ ਕਥਾ ਸੁਣਨ ਲੱਗਾ ਸੀ। ਭਾਈ ਬਚਿੱਤ੍ਰ ਸਿੰਘ ਜੀ ਰਾਗੀ ਹਰ ਰੋਜ਼ ਦੀ ਤਰ੍ਹਾਂ ਪਾਠ ਕਰਨ ਲੱਗੇ ਸਨ। ਭਗਤ ਫਰੀਦ ਜੀ ਦੇ ਸਲੋਕਾਂ ਵਿਚ ਚੱਲ ਰਹੀ ਕਥਾ ਸੀ :

'ਫਰੀਦਾ ਇਹੁ ਤਨ ਭਉਕਣਾ ਨਿਤ ਨਿਤ ਦੁਖੀਐ ਕਉਣੁ ॥' (੧੩੮੨)

੩੧ ਜਨਵਰੀ ੧੯੬੭ ਵਾਲੇ ਦਿਨ ਪਟਨਾ ਸਾਹਿਬ ਵਿਖੇ 'ਖ਼ਾਲਸਾ' ਜੀ ਨੇ ਬਖ਼ਸ਼ਿਸ਼ ਭਰੇ ਜੋ ਬਚਨ ਕਹੇ ਉਹ ਹੂ-ਬ-ਹੂ ਟੇਪ ਦਾ ਉਤਾਰਾ ਇਸ ਪ੍ਰਕਾਰ ਹੈ :-

ਵਿਚੋਂ ਇਕ ਵਿਚ ਸੀ, ਓਥੇ ਪੁੰਜੇ। ਲੰਗਰ ਦੀ ਪੰਗਤ ਲੱਗ ਰਹੀ ਸੀ ਤਾਂ 'ਖ਼ਾਲਸਾ' ਜੀ ਨੇ ਉੱਚਾ ਜੈਕਾਰਾ ਗਜਾ ਕੇ ਸਿੰਘ ਭੇਜ ਕੇ ਸਭ ਸੰਗਤ ਨੂੰ ਸੁਣਾ ਦਿੱਤਾ ਕਿ ਅੱਗੇ ਵਾਸਤੇ ਸੇਵਾ ਵਾਹਿਗੁਰੂ ਜੀ ਦੀ ਪ੍ਰੇਰਨਾ ਨਾਲ 'ਕਰਤਾਰ ਸਿੰਘ' ਨੂੰ ਸੌਂਪ ਦਿੱਤੀ ਹੈ। ਇਹ ਸੁਣ ਕੇ ਸਭ ਅਸਚਰਜ ਹੋਏ। ਲੰਗਰ ਛਕ ਕੇ ਸਭ 'ਖ਼ਾਲਸਾ' ਜੀ ਦੇ ਪਾਸ ਆਏ। ਆਪ ਉਹਨਾਂ ਦੇ ਪਾਸੋਂ ਪੁੱਛ ਕੇ ਨਿਸਚਾ ਕਰ ਕੇ ਫਿਰ ਸਾਰੇ ਹੀ ਵਾਰੀ ਵਾਰੀ ਸਿਰੋਪਾਓ ਸਿਹਰੇ ਲਿਆਉਣ ਲੱਗੇ। ਸ੍ਰੀ ਮਾਨ ਸਤਿਕਾਰ ਯੋਗ ਸੱਚਖੰਡ ਵਾਸੀ ਬਾਬਾ ਸੋਹਣ ਸਿੰਘ ਜੀ ਬਿਧੀ ਚੰਦੀਏ ਤਖ਼ਤ ਸਾਹਿਬ ਯਾਤਰਾ ਕਰਨ ਮੱਥਾ ਟੇਕਣ ਆਏ, ਜਿਨ੍ਹਾਂ ਦਾ ਉਤਾਰਾ ਬਾਹਰ ਗੁਰੂ ਕੇ ਬਾਗ ਵਿਚ ਸੀ, ਸਮੇਤ ਦਲ ਦੇ ਗੁਰਪੁਰਬ ਮਨਾਉਣ ਆਏ ਹਏ ਸਨ। ਉਨ੍ਹਾਂ ਨੂੰ ਪਤਾ ਲੱਗਾ ਤਾਂ ਝੱਟ ਦਸਤਾਰ ਸਿਰੋਪਾਓ ਲੈ ਕੇ ਆ ਫ਼ਤਹਿ ਗਜਾਈ। (ਖ਼ਾਲਸਾ ਜੀ ਦੇ ਨਾਲ ਇਨ੍ਹਾਂ ਦਾ ਬਹੁਤ ਹੀ ਦਿਲੀ ਮਿਲਾਪ ਸੀ) ਤਾਂ 'ਖ਼ਾਲਸਾ' ਜੀ ਨੇ ਕਿਹਾ, 'ਬਾਬਾ ਜੀ! ਤੁਸੀਂ ਇਸ (ਕਰਤਾਰ ਸਿੰਘ) ਦੇ ਸਿਰ ਤੇ ਇਹ ਦਸਤਾਰਾ ਸਜਾਓ, ਛੇਵੇਂ ਪਾਤਿਸ਼ਾਹ ਜੀ ਦੀ ਆਪ ਜੀ ਉਪਰ ਬ੍ਰਹਮ ਗਿਆਨੀ ਮਹਾਨ ਯੋਗੇ ਭਾਈ ਬਿਧੀ ਚੰਦ ਜੀ, ਦੁਆਰਾ ਬੜੀ ਭਾਰੀ ਬਖ਼ਸ਼ਿਸ਼ ਹੈ।' ਤਾਂ ਉਨ੍ਹਾਂ ਨੇ ਚਿੱਟੀ ਦਸਤਾਰ ਆਪਣੇ ਹੱਥੀਂ ਸੀਸ ਤੇ ਸਜਾਈ। ਉਪਰੰਤ ਸ੍ਰੀ ਮਾਨ ਭਗਤ ਉਜਾਗਰ ਸਿੰਘ ਨੇ ੧੦ ਰੁਪਏ ਤੇ ਸਿਰੋਪਾਓ ਦਿਤਾ। 'ਖ਼ਾਲਸਾ' ਜੀ ਨੇ ਕਿਹਾ, 'ਭਗਤ ਜੀ! ਤੁਸੀਂ ਇਸ (ਕਰਤਾਰ ਸਿੰਘ) ਨੂੰ ਸਾਡੇ ਕੋਲ ਲੈ ਕੇ ਆਏ ਸੋ, ਅਸੀਂ ਇਸ ਨੂੰ ਅੱਗੇ ਸੇਵਾ ਦੇ ਦਿੱਤੀ ਹੈ।' ਤਾਂ ਭਗਤ ਜੀ ਨੇ ਧੰਨਵਾਦ ਕੀਤਾ। ਉਪਰੰਤ ਜਥੇ ਦੇ ਸਾਰੇ ਸਿੰਘ ਵੀ ਵਾਰੀ ਵਾਰੀ ਸਿਹਰੇ ਲੈ ਕੇ ਆਏ ਜਿਵੇਂ ਕਿ ਭਾਈ ਠਾਕੁਰ ਸਿੰਘ ਜੀ ਗੜਵਈ, ਬਾਬਾ ਲਾਹੌਰਾ ਸਿੰਘ ਜੀ, ਜਿਨ੍ਹਾਂ ਨੇ ਜਥੇ ਵਿਚ ਰਹਿ ਕੇ ਹਜ਼ਾਰਾਂ ਸਿੰਘ ਪੜ੍ਹਾ ਕੇ ਸ਼ੁੱਧ ਪਾਠੀ ਬਣਾਏ ਹਨ। ਤੜਕੇ ਹਰ ਰੋਜ਼ ਚੌ ਵਜੇ ਉੱਠਣ ਦੇ ਨਿਸਮੀ ਹਨ। ਸਾਰੀ ਪੰਜ ਗ੍ਰੰਥੀ ਜ਼ਬਾਨੀ ਕੰਠ ਹੈ। ਹਰ ਰੋਜ਼ ਸਾਰਾ ਪਾਠ ਕਰਦੇ ਹਨ।

ਫਿਰ ਸ੍ਰੀ ਮਾਨ ਸਤਿਕਾਰ ਯੋਗ ਗਿਆਨੀ ਮੋਹਣ ਸਿੰਘ ਜੀ ਨੇ ਆ ਕੇ ਖ਼ਾਲਸਾ ਜੀ ਨੂੰ ਪੁੱਛਿਆ, 'ਤੁਸੀਂ ਕਰਤਾਰ ਸਿੰਘ ਤੇ ਬਖ਼ਸ਼ਿਸ਼ ਕਰ ਦਿੱਤੀ ਹੈ?' ਤਾਂ ਉਹਨਾਂ ਦੱਸਿਆ, 'ਹਾਂ ਅੱਗੋਂ ਵਾਸਤੇ ਸਾਥੋਂ ਮਗਰੋਂ ਇਹ ਸੇਵਾ ਨਿਭਾਵੇਗਾ।' ਤਾਂ ਗਿਆਨੀ ਜੀ ਨੇ ਦਾਸ ਨੂੰ ਕਿਹਾ, 'ਵਧਾਈ ਹਵੇ, ਚੰਗਾ ਹੋ ਗਿਆ ਘਰ ਦੀ ਘਰ ਵਿਚ ਹੀ ਰਹਿ ਗਈ।' ਭਾਈ ਗੁਰਮੁਖ ਸਿੰਘ ਜੀ 'ਉੜੀਸਾ' ਨੇ 'ਖ਼ਾਲਸਾ' ਜੀ ਤੋਂ ਦੋ ਰੁਪੈ ਲੈ ਕੇ ਦੋ ਸੇਹਰੇ ਇਕ 'ਖ਼ਾਲਸਾ'

ਸੇਵਾ ਕੀਤੀ। ਸ: ਹਰਬੰਸ ਸਿੰਘ ਉਨ੍ਹਾਂ ਦੀ ਸੁਆਣੀ ਬੀਬੀ ਨਿਰਮਲ ਕੌਰ, ਸ: ਸੰਪੂਰਨ ਸਿੰਘ ਲਾਭ ਸਿੰਘ ਖਟੜਾ, ਸ: ਦਿਲਜਾਨ ਸਿੰਘ, ਸ: ਗੁਰਨਾਮ ਸਿੰਘ ਲਾਪਰਾ, ਸ: ਮੇਹਰ ਸਿੰਘ ਗਰੀਬ, ਸ: ਸੁਜਾਨ ਸਿੰਘ, ਭਾਈ ਸਾਹਿਬ ਭਾਈ ਕਰਮ ਸਿੰਘ ਜੀ ਸਾਬਕਾ ਗੜਵਈ, ਭਾਈ ਕਰਮ ਸਿੰਘ, ਭਾਈ ਹਰਨੇਕ ਸਿੰਘ, ਭਾਈ ਹਰਜੀਤ ਸਿੰਘ, ਭਾਈ ਇਕਬਾਲ ਸਿੰਘ ਆਦਿਕ ਬਹੁਤ ਪ੍ਰੇਮੀ ਜਨਾ ਨੇ ਸੇਵਾ ਕੀਤੀ । ਪਰ ਕੁਝ ਸਿੰਘ ਜਿਨ੍ਹਾਂ ਨੇ ਹੱਟ ਸਾਹਿਬ ਦਾਸ ਨੂੰ ਬਖ਼ਸ਼ਿਸ਼ ਕਰਨ ਦੇ ਬਚਨ ਸੁਣੇ ਉਹ ਹੁਣ ਦਾਸ ਨਾਲ ਈਰਖਾ ਕਰਨ ਲੱਗ ਪਏ ਕਿ ਇਸ ਨੂੰ ਇਹ ਦਾਤ ਕਿਉਂ ਮਿਲਣ ਲੱਗੀ ਹੈ ? ਉਨ੍ਹਾਂ ਵਿਚੋਂ ਚੇਦਾਂ ਕੁ ਜਿਹੜੇ ਬੀਰ-ਰਸੀ ਸੁਭਾਅ ਵਾਲੇ ਸਨ-ਰੋਸ ਦੇ ਤੌਰ ਤੇ ਜਥੇ ਵਿਚੋਂ ਨਿਕਲ ਗਏ-ਪਰ ਮਹਾਂ ਪੁਰਖਾਂ ਨੇ ਕੋਈ ਪ੍ਰਵਾਹ ਨਾ ਕੀਤੀ।

ਤਖ਼ਤ ਪਟਨੇ ਸਾਹਿਬ ਵਿਖੇ ਬਖ਼ਸ਼ਿਸ਼ ਕਰਨੀ

ਕਲਕੱਤੇ ਤੋਂ ਮਗਰੋਂ ਸ੍ਰੀ ਪਟਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਅਵਤਾਰ ਗੁਰਪੁਰਬ ਮਨਾਉਣ ਲਈ ਸ੍ਰੀ ਮਾਨ ਸੰਤ ਕਰਤਾਰ ਸਿੰਘ ਜੀ ਠੱਟੇ ਟਿਬੇ ਵਾਲਿਆਂ ਦੇ ਉੱਦਮ ਨਾਲ ਪਹੁੰਚੇ, ਬੜੀ ਚੜ੍ਹਦੀ ਕਲਾ ਵਿਚ ਗੁਰਪੁਰਬ ਮਨਾਇਆ। ਫਿਰ ਸ਼ੁਕਰਾਨੇ ਵਜੋਂ ਸਭ ਸੰਗਤਾਂ ਨੇ ਸ੍ਰੀ ਅਖੰਡਪਾਠ ਕਰਕੇ ਸਭ ਸੇਵਾਦਾਰਾਂ ਨੂੰ ਸਿਰੋਪਾਓ ਦਿੱਤੇ। ਪਹਿਲਾ ਸਿਰੋਪਾਓ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਭਾਈ ਮਾਨ ਸਿੰਘ ਜੀ ਨੂੰ ਤੇ ਦੂਸਰਾ ਸੱਚਖੰਡ ਵਾਸੀ 'ਖ਼ਾਲਸਾ' ਜੀ ਨੂੰ ਮਿਲਿਆ। ਇਹੋ ਹੀ ਸਿਰੋਪਾਓ ਉਨ੍ਹਾਂ ਨੇ ਤਖ਼ਤ ਸਾਹਿਬ ਤੋਂ ਦਾਸ ਨੂੰ ਬਖ਼ਸ਼ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਚਰਨੀ ਲਾ ਕੇ ਅੱਗੇ ਤੋਂ ਗੁਰਬਾਣੀ ਦੀ ਸਾਰੀ ਸੇਵਾ ਸੌਂਪ ਦਿੱਤੀ।

ਜਦੋਂ ਆਪ ਜੀ ਦਾਸ ਨੂੰ ਬਖ਼ਸ਼ਿਸ਼ ਕਰਨ ਲੱਗੇ ਤਾਂ ਦਾਸ ਨੂੰ ਕਿਹਾ, 'ਇਹ ਸਿਰੋਪਾਓ ਗੁੱਝ ਕੇ ਗਲ ਵਿਚ ਪਾ ਲੈ।' ਤਾਂ ਦਾਸ ਨੇ ਕਿਹਾ, 'ਜੀ! ਆਪ ਜੀ ਆਪਣੇ ਪਵਿੱਤਰ ਹੱਥਾਂ ਨਾਲ ਦਾਸ ਦੇ ਸਿਰ ਤੇ ਰੱਖੋ ਜੀ।' ਆਪ ਜਦੋਂ ਸਿਰੋਪਾਓ ਪਹਿਰਾਉਣ ਲੱਗੇ ਤਾਂ ਦਾਸ ਨੇ ਬੇਨਤੀ ਕੀਤੀ, 'ਜੀ! ਇਹ ਸਿਰੋਪਾਓ ਬਖ਼ਸ਼ਣ ਲੱਗੇ ਹੋ ਕ੍ਰਿਪਾ ਕਰ ਕੇ ਸੇਵਾ ਕਰਨ ਦਾ ਬਲ ਵੀ ਨਾਲ ਹੀ ਬਖ਼ਸ਼ੋ, ਸੇਵਾ ਬੜੀ ਵੱਡੀ ਹੈ, ਮੈਂ ਅਲਪੱਗ ਹਾਂ।' ਤਾਂ ਆਪ ਜੀ ਨੇ ਸਿਰੋਪਾਓ ਦਾਸ ਦੇ ਸਿਰ ਤੇ ਰੱਖ ਕੇ ਕਿਹਾ, 'ਜਿਹੜਾ ਕੰਮ ਸਾਥੋਂ ਨਾ ਹੋ ਸਕੇ ਉਹ ਅਸੀਂ

ਸਤਿਗੁਰਾਂ ਦੇ ਜ਼ਿੰਮੇ ਪਾ ਦੇਂਦੇ ਹਾਂ ਇਸ ਵਾਸਤੇ ਇਹ ਵੀ ਕਾਰਜ ਸਤਿਗੁਰਾਂ ਦਾ ਆਪਣਾ ਹੈ। ਤੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲੜ ਲਾਉਂਦੇ ਹਾਂ। ਉਹ ਆਪਣੀ ਲਾਜ ਆਪ ਰੱਖਣਗੇ–ਸਦਾ ਚੜ੍ਹਦੀ ਕਲਾ ਰਹੇਗੀ।' ਇਉਂ ਕਹਿ ਕੇ ਬਹੁਤਾ ਇਕਾਗਰਤਾ ਤੇ ਪ੍ਰੇਮ ਵਿਚ ਆ ਕੇ ਦਾਸ ਨੂੰ ਟਕਸਾਲ ਦੀ ਸੇਵਾ ਸੌਂਪਣ ਦੀ ਆਪ ਨੇ ਲੰਮੀ ਅਰਦਾਸ ਕੀਤੀ। ਇਹੋ ਜਿਹੀ ਅੱਗੇ ਕਦੇ ਵੀ ਨਹੀਂ ਸੀ ਕੀਤੀ। ਅੱਗੇ ਦਾਸ ਉਨ੍ਹਾਂ ਦੀ ਬਾਂਹ ਪਕੜ ਕੇ ਸਤਿਗੁਰੂ ਜੀ ਦੀਆਂ ਪ੍ਰਕਰਮਾ ਕਰਵਾਉਂਦਾ ਹੁੰਦਾ ਸੀ ਪਰ ਅੱਜ 'ਖਾਲਸਾ' ਜੀ ਨੇ ਦਾਸ ਦੀ ਬਾਂਹ ਪਕੜ ਕੇ ਤਖ਼ਤ ਸਾਹਿਬ ਅੰਦਰ ਦੀਆਂ ਪੰਜ ਪ੍ਰਕਰਮਾ ਤੇ ਬਾਹਰਲੀਆਂ ਅੱਠ, ਸਾਰੀਆਂ ਤੇਰਾਂ ਪ੍ਰਦੱਖਣਾਂ ਕਰ ਕੇ ਆਪ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਮੱਥਾ ਟੇਕਿਆ ਤੇ ਦਾਮ ਦਾ ਵੀ ਟਿਕਾਇਆ। ਉਪਰੰਤ 'ਖਾਲਸਾ' ਜੀ ਨੇ ਹੁਕਮਨਾਮਾ ਲਿਆ, ਇਹ ਸ੍ਰੀ ਮੁਖਵਾਕ ਆਇਆ :–

ਸੋਰਠਿ ਮਹਲਾ ੫ ॥

ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥ ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥ ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥ ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥ ਈਹਾ ਸੁਖੁ ਆਗੈ ਮੁਖ ਊਜਲ ਜਨੁ ਕਾ ਸੰਗੁ ਵਡਭਾਗੀ ਪਾਈਐ ॥੨॥ ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥ ਅਗਮ ਅਗੋਚਰ ਸਦਾ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥ ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥ ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥ (੬੧੦)

ਫਿਰ ਸੰਤ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਵੱਲੋਂ ਉੱਪਰ ਰੱਖੇ ਸੰਪਟ ਅਖੰਡ ਪਾਠ ਤੇ ਅਖੰਡ ਪਾਠਾਂ ਪਾਸ ਮੱਥਾ ਟੇਕਣ ਗਏ। ਉਸ ਸਮੇਂ ਪੰਗਤੀ ਸੀ :–

'ਭਾਗਠੜੇ ਹਰਿ ਸੰਤ ਤੁਮਾਰੇ ਜਿਨੁ ਘਰਿ ਧਨੁ ਹਰਿ ਨਾਮਾ ॥' (੭੪੮)

ਫਿਰ ਆਪਣੇ ਆਸਣ ਤੇ ਜੋ ਕਿ ਲੰਗਰ ਸਾਹਿਬ ਦੇ ਉਪਰਲੇ ਕਮਰਿਆਂ

ਹਰ ਰੋਜ਼ ਦੇ ਨਿੱਤਨੇਮ ਤਰ੍ਹਾਂ ਪੰਝੀ ਪੱਤਰੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪਾਠ ਸੁਣਾ ਰਿਹਾ ਸੀ, ਤਾਂ ਆਪ 'ਖ਼ਾਲਸਾ' ਜੀ ਨੇ ਕ੍ਰਿਪਾ-ਰਸ ਵਿਚ ਢਲ ਕੇ ਇਹ ਬਚਨ ਕਹੇ, 'ਭਾਈ ਕਰਤਾਰ ਸਿੰਘਾ! ਸਤਿਗੁਰਾਂ ਨੇ ਇਥੇ ਬੇਅੰਤ ਗ਼ਰੀਬਾਂ ਦੀਆਂ ਝੋਲੀਆਂ ਭਰੀਆਂ ਸਨ, ਦੱਸ ਤੇਰੀ ਝੋਲੀ ਵੀ ਸਤਿਗੁਰਾਂ ਤੋਂ ਭਰਵਾ ਕੇ ਜਥੇ ਦੀ ਸੇਵਾ ਬਖ਼ਸ਼ ਦੇਈਏ ?' ਤਾਂ ਦਾਸ ਨੂੰ ਭਿੰਡਰਾਂ ਵਾਲੇ ਉਹ ਬਚਨ ਝੱਟ ਚੇਤੇ ਆਏ ਕਿ ਕਚੇ ਨਾਂਹ ਨਹੀਂ ਕਰਨੀ। ਤਾਂ ਬੇਨਤੀ ਕੀਤੀ, 'ਜੀ! ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਆਪ ਕ੍ਰਿਪਾ ਕਰੋ।' ਕੁਝ ਸਮਾਂ ਆਪ ਜੀ ਨੇ ਚੁੱਪ ਕਰਨ ਤੋਂ ਮਗਰੋਂ ਫਿਰ ਇਹ ਬਚਨ ਕਹੇ (ਜੋ ਦਾਸ ਨੇ ਉਸ ਸਮੇਂ ਪਾਠ ਸੁਨਾਉਣ ਤੋਂ ਮਗਰੋਂ ਕਾਗ਼ਜ਼ ਉਤੇ ਲਿਖ ਲਏ ਸਨ)।

'ਸਾਰੇ ਜਥੇ ਸੰਗਤ ਨੂੰ ਗੁਰੂ ਸਰੂਪ ਸਮਝਣਾ, ਜੇ ਕੋਈ ਸਿੰਘ ਮਰਯਾਦਾ ਵਿਚ ਨਾ ਚੱਲੇ ਤਾਂ ਉਸ ਨੂੰ ਜਥੇ ਵਿਚੋਂ ਵਿਦਾ ਕਰ ਦੇਣਾ। ਆਪਣੇ ਆਪ ਨੂੰ ਸੰਗਤ ਨਾਲੋਂ ਮਨ ਬਾਣੀ ਸਰੀਰ ਕਰ ਕੇ ਨੀਵੇਂ ਸਮਝਣਾ। ਕਦੇ ਮਾਣ ਨਹੀਂ ਕਰਨਾ, ਕਲਜੁਗ ਦਾ ਭਿਆਨਕ ਸਮਾਂ ਹੈ। ਵਿਦਿਆਰਥੀਆਂ ਦਾ ਬਹੁਤਾ ਅਧਿਕਾਰ ਨਹੀਂ ਵੇਖਣਾ, ਜੋ ਵੀ ਪਾਸ ਆਵੇ ਬ੍ਰਹਮ ਵਿੱਦਿਆ ਪੜ੍ਹਾਈ ਜਾਣੀ। ਅੰਮ੍ਰਿਤ ਸੰਚਾਰ ਦੀ ਰਹਿਤ ਮਰਯਾਦਾ ਵਿਚ ਫਰਕ ਨਹੀਂ ਪਾਉਣਾ। ਹਰ ਸਮੇਂ ਮਨ ਨੂੰ ਦੰਭ, ਪਖੰਡ, ਵਿਕਾਰਾਂ ਤੇ ਕੁਰਹਿਤਾਂ ਤੋਂ ਬਚਾ ਕੇ ਰੱਖਣਾ। ਘੱਟ ਤੋਂ ਘੱਟ ਦੋ ਸਿੰਘ ਹਰ ਸਮੇਂ ਦਿਨੇ ਰਾਤ ਜ਼ਰੂਰ ਕੋਲ ਰੱਖਣੇ। ਬਹੁਤੇ ਹੋਣ ਤਾਂ ਬਹੁਤ ਚੰਗਾ। ਸਤਿਗੁਰਾਂ ਨੂੰ ਸਦਾ ਅੰਗ ਸੰਗ ਜਾਨਣਾ, ਸਭ ਕਾਰਜ ਸਤਿਗੁਰੂ ਜੀ ਆਪ ਕਰਦੇ ਹਨ, ਇਉਂ ਜਾਣ ਕੇ ਬੇਫ਼ਿਕਰ ਰਹਿਣਾ। ਫਿਕਰ ਕਰਨ ਤੋਂ ਬਹੁਤਾ ਫਿਕਰ ਪਵੇਗਾ। ਜੇ ਗੁਰੂ ਕੇ ਆਸਰੇ ਬੇ-ਪ੍ਰਵਾਹ ਰਹੋਂਗਾ ਤਾਂ ਸਤਿਗੁਰੂ ਬੇ-ਪਰਵਾਹੀ ਬਖ਼ਸ਼ਣਗੇ। ਮਾਇਆ ਕਿਸੇ ਕੋਲੋਂ ਮੰਗਣੀ ਨਹੀਂ, ਪਰ ਜੋ ਸੁਤੇ ਸਿੱਧ ਆ ਜਾਵੇ ਉਹ ਸੰਗਤ ਵਿਚ ਸਫਲੀ ਕਰੀ ਜਾਣੀ, ਜਮ੍ਹਾਂ ਨਹੀਂ ਕਰਨੀ, ਪ੍ਰਵਾਰ ਦਾ ਮੋਹ ਨਹੀਂ ਕਰਨਾ।' ਇਹ ਬਚਨ ਹੋਰ ਸਿੰਘਾਂ ਨੇ ਵੀ ਸੁਣੇ ਜੋ ਉਸ ਸਮੇਂ ਪਾਠ ਸੁਣ ਰਹੇ ਸਨ। ਫਿਰ ਆਪ ਪਾਠ ਸੁਣਨ ਲੱਗ ਪਏ। ਫਿਰ ਕਿਹਾ, 'ਕਿਸੇ ਪਵਿੱਤਰ ਦਿਹਾੜੇ ਸੰਗਤ ਵਿਚ ਇਹ ਬਚਨ ਕਰਾਂਗੇ।'

ਕੁਝ ਦਿਨਾਂ ਮਗਰੋਂ ਜਥਾ ਕਲਕੱਤੇ ਗਿਆ। ਸਿੰਘਾਂ ਦੀ ਗਿਣਤੀ ੧੫੦ ਦੇ ਕਰੀਬ ਸੀ। ਓਥੇ ਤਕਰੀਬਨ ਤਿੰਨ ਮਹੀਨੇ ਗੁਰਦੁਆਰਾ ਜਗਤ ਸੁਧਾਰ ਰਹੇ। ੧੩੬ ਸ੍ਰੀ ਅਖੰਡਪਾਠ ਕੀਤੇ ਸਰਬੱਤ ਸੰਗਤ ਨੇ ਬਹੁਤ

ਸ਼ਾਮ ਦੇ ਚਾਰ ਵਜੇ ਟੂਟੀਆਂ ਤੇ ਇਸ਼ਨਾਨ ਕਰਦਿਆਂ 'ਖ਼ਾਲਸਾ' ਜੀ ਨੇ ਦਾਸ ਨੂੰ ਬਖ਼ਸ਼ਿਸ਼ ਭਰਿਆ ਬਚਨ ਕਿਹਾ, 'ਅੱਗੇ ਵਾਸਤੇ ਟਕਸਾਲ ਦੀ ਸੇਵਾ ਲਈ ਤੇਰੀ ਡਿਊਟੀ ਲਾਉਣੀ ਹੈ।' ਤਾਂ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਜੀ! ਦਾਸ ਤਾਂ ਅਨਜਾਣ ਬੱਚਾ ਹੈ, ਕੋਈ ਸੇਵਾ, ਸਿਮਰਨ, ਭਜਨ, ਭਗਤੀ, ਤਪੱਸਿਆ ਨਹੀਂ ਕੀਤੀ, ਇਸ ਏਡੀ ਵੱਡੀ ਮਹਾਨ ਸੇਵਾ ਨੂੰ ਅਲਪੱਗ ਤੱਛ ਜੀਵ ਕਿਵੇਂ ਕਰ ਸਕਾਂਗਾ?' ਤਾਂ ਆਪ ਜੀ ਨੇ ਬਹੁਤ ਬੀਰ-ਰਸ ਵਿਚ ਆ ਕੇ ਬਚਨ ਕੀਤਾ, 'ਅਸੀਂ ਤਾਂ ਇਹ ਸੇਵਾ ਤੇਰੇ ਜ਼ਿੰਮੇਂ ਲਾ ਚੁੱਕੇ ਹਾਂ ਜਾਂ ਤਾਂ ਇਹ ਬਚਨ ਮੰਨ ਜਾਂ ਨਰਕਾਂ ਨੂੰ ਜਾਣਾ ਪਊ। ਜਿਵੇਂ ਚਾਹੇ ਕਰ ਲੈ।' ਨਾਲ ਟੂਕ ਮਾਤਰ ਇਕ ਮਹਾਤਮਾ ਦੀ ਸਾਖੀ ਵੀ ਸੁਣਾਈ, ਦਾਸ ਨੂੰ ਹੁਣ ਉਸ ਮਹਾਤਮਾ ਦਾ ਨਾਮ ਤਾਂ ਯਾਦ ਨਹੀਂ।

ਉਸ ਮਹਾਨ ਤਪੱਸਵੀ ਮਹਾਤਮਾ ਨੇ ਚੜ੍ਹਾਈ ਕਰਨ ਲੱਗਿਆਂ, ਆਪਣੇ ਨਿਕਟ ਵਰਤੀ ਸੇਵਾਦਾਰ ਨੂੰ ਕਿਹਾ, 'ਅਸੀਂ ਚੜ੍ਹਾਈ ਕਰਨ ਲੱਗੇ ਹਾਂ, ਸਾਡੇ ਪਾਸ ਇਹ ਰਸਾਇਣ ਹੈ। ਬਹੁਤ ਕੀਮਤੀ ਚੀਜ਼ ਹੈ, ਤੂੰ ਲੈ ਲੈ।' ਉਸ ਨੇ ਅੱਗੋਂ ਬਿਰੱਕਤੀ ਦੀ ਛੜ ਮਾਰੀ ਤੇ ਕਹਿਣ ਲੱਗਾ, 'ਜੀ ਇਹ ਮੇਰੇ ਕਿਸ ਕੰਮ ਹੈ? ਮੈਂ ਤਾਂ ਤਿਆਗੀ ਹਾਂ।' ਤਾਂ ਮਹਾਤਮਾ ਕਹਿਣ ਲੱਗੇ, 'ਸਾਡਾ ਖ਼ਿਆਲ ਸੀ ਤੂੰ ਇਸ ਨੂੰ ਵਰਤ ਕੇ ਬਹੁਤਾ ਸਿਮਰਨ ਭਜਨ ਕਰੇਂਗਾ। ਹੋਰ ਕਿਸੇ ਨੂੰ ਦਿੱਤੀ ਤਾਂ ਵਿਕਾਰ ਭੋਗਣ ਵਿਚ ਖੱਚਤ ਹੋ ਜਾਵੇਗਾ, ਪਰ ਚੰਗਾ ਤੇਰੀ ਮਰਜ਼ੀ, ਤੈਨੂੰ ਦੱਸੀਏ, ਤੂੰ ਭੰਗਣ ਕੱਢੇਂਗਾ, ਰੂੜੀਆਂ ਤੋਂ ਸੁੱਕਾ ਗੋਹਾ ਚਗ ਕੇ ਗਜ਼ਾਰਾ ਕਰਿਆ ਕਰੇਂਗਾ।' 'ਖ਼ਾਲਸਾ ਜੀ' ਨੇ ਕਿਹਾ ਅਸੀਂ ਉਸ ਨੂੰ ਇਹ ਸਾਰੀਆਂ ਕੁਰੀਤੀਆਂ ਕਰਦਿਆਂ ਅੱਖੀਂ ਦੇਖਿਆ। ਇਹ ਸੁਣ ਕੇ ਦਾਸ ਬਹੁਤ ਭੈ-ਭੀਤ ਹੋਇਆ, ਬਹੁਤ ਨਿਮਰਤਾ ਨਾਲ ਗਲ ਵਿਚ ਪੱਲਾ ਪਾ ਕੇ ਮੁੜ ਮੁੜ ਬੇਨਤੀ ਕੀਤੀ, 'ਕ੍ਰਿਪਾ ਕਰ ਕੇ ਇਹ ਟਕਸਾਲ ਦੀ ਸੇਵਾ ਹੀ ਬਖ਼ਸ਼ੋ, ਨਰਕਾਂ ਵਿਚ ਨਾਂ ਘੱਲੋ ਜੀ।' 'ਖ਼ਾਲਸਾ' ਜੀ ਨੇ ਕਿਹਾ, 'ਅੱਗੇ ਵਾਸਤੇ ਜਦੋਂ ਕਦੇ ਅਸੀਂ ਇਹ ਬਚਨ ਕਰੀਏ ਤਾਂ ਨਾਂਹ ਨਾਂ ਕਰੀਂ।' ਦਾਸ ਨੇ ਸੀਸ ਨਿਵਾ ਕੇ ਸਤਿ ਬਚਨ ਕਿਹਾ ਤੇ ਖਿਮਾ ਮੰਗੀ।

ਅੱਸੂ ਦੇ ਮਹੀਨੇ ਜਦ ਸੁਲਤਾਨਪੁਰ ਸਾਹਿਬ ਵਿਚ ਸ੍ਰੀ ਮਾਨ ਸੇਵਾ ਦੇ ਪੁੰਜ ਸੰਤ ਕਰਤਾਰ ਸਿੰਘ ਜੀ ਠੱਟੇ ਟਿੱਬੇ ਵਾਲਿਆਂ ਦੇ ਉੱਦਮ ਨਾਲ ਕਥਾ ਕੀਰਤਨ ਦਾ ਪਰਵਾਹ ਚੱਲ ਰਿਹਾ ਸੀ ਤਾਂ ਇਕ ਦਿਨ ਗੁਰਦੁਆਰਾ ਹੱਟ ਸਾਹਿਬ ਵਿਖੇ ਸਵੇਰ ਦੀ ਕਥਾ ਤੋਂ ਮਗਰੋਂ ਜਦੋਂ ਦਾਸ

ਜਾਵੇਗਾ। ਫਿਰ ਅਗਲੇ ਸਾਲ ਗੁਰਬਾਣੀ ਦੇ ਬਲਾਕਾਂ ਦੀ ਸੁਧਾਈ ਸ਼ੁਰੂ ਹੋਈ ਜਿਸ ਵਿਚ ਦਾਸ ਤੇ ਕਹਤਾਹ ਸਿੰਘ ਜੀ 'ਪ੍ਰੇਮੀ' ਦੀ ਡਿਊਟੀ ਲੱਗੀ। ਕਈ ਪ੍ਰਕਾਰ ਦੀਆਂ ਰੁਕਾਵਟਾਂ-ਦਿੱਕਤਾਂ ਦੇ ਹੁੰਦਿਆਂ ਹੋਇਆਂ ਵੀ ਸੇਵਾ ਚਲਦੀ ਗਈ। ਹੱਥੀਂ ਸੇਵਾ ਕਰਨ ਦਾ ਗੁਰੂ ਦੀ ਕ੍ਰਿਪਾ ਨਾਲ ਦਾਸ ਨੂੰ ਬਹੁਤ ਸਮਾਂ ਮਿਲਿਆ। ਬਲਾਕਾਂ ਦੇ ਬਨਾਉਣ ਦਾ, ਜੈਸਾ ਕਿ ਚਿਤ੍ਰ ਦੱਸ ਰਿਹਾ ਹੈ। ਇਸ ਸਮੇਂ ਸ੍ਰੀ ਮਾਨ ਗਿਆਨੀ ਦਲੀਪ ਸਿੰਘ ਜੀ ਕਥਾ ਵਾਚਕ ਸ੍ਰੀ ਅੰਮ੍ਰਿਤਸਰ ਜੀ ਨੇ ਸਿੰਘਾਂ ਦੀ ਬਹੁਤ ਭਾਰੀ ਸੇਵਾ ਕੀਤੀ। ਮਾਈ ਭਾਈ ਜੀ ਵੀ ਬਹੁਤ ਸੇਵਾ ਕਰਦੇ ਰਹੇ। ਪਰ ਇਥੇ ਫਿਰ ਪਰਖ ਹੋਈ ਜਦੋਂ ਕਿ ਬਿਰਧ ਮਾਤਾ ਹਰਬੰਸ ਕੌਰ ਜੀ ਨਾਂਡੇ ਸਾਹਿਬ ਵਾਲੇ ਸਾਰੇ ਜਥੇ ਨੂੰ ਬੱਸਾਂ ਰਾਹੀਂ ਸਾਰੇ ਹਿੰਦੁਸਤਾਨ ਭਰ ਦੇ ਗੁਰਦੁਆਰਿਆਂ, ਤਖ਼ਤ ਸਾਹਿਬਾਂ ਦੀ ਯਾਤਰਾ ਕਰਵਾਉਣ ਲੈ ਚੱਲੇ ਤਾਂ 'ਖ਼ਾਲਸਾ' ਜੀ ਨੇ ਕਿਹਾ ਕਿ ਗੁਰਬਾਣੀ ਦੇ ਬਲਾਕਾਂ ਦੀ ਸੇਵਾ ਹੀ ਇਸ ਵੇਲੇ ਵੱਡੀ ਯਾਤਰਾ ਹੈ। ਉਸ ਵੇਲੇ ਬਾਕੀ ਸਾਰੇ ਸਿੰਘ ਯਾਤਰਾ ਚਲੇ ਗਏ, ਕੇਵਲ ਇਕੱਲਾ ਦਾਸ ਹੀ ਮਗਰ ਰਹਿ ਗਿਆ ਤੇ ਗੁਰ ਕ੍ਰਿਪਾ ਨਾਲ ਸੇਵਾ ਵਿਚ ਡਟਿਆ ਰਿਹਾ। 'ਖ਼ਾਲਸਾ' ਜੀ ਨੇ ਸੁਤੇ ਸਿੱਧ ਬਚਨ ਕੀਤਾ ਕਿ ਕਿਰਾਏ ਦੀਆਂ ਬਿਗਾਨੀਆਂ ਬੱਸਾਂ ਤੇ ਕੀ ਚੜ੍ਹਨਾ ਹੈ, ਮਹਾਰਾਜ ਨੂੰ ਭਾਵਿਆ ਤਾਂ ਆਪਣੀਆਂ ਗੱਡੀਆਂ ਰਾਹੀਂ ਤਖ਼ਤਾਂ ਦੀ ਯਾਤਰਾ ਕਰਿਆ ਕਰਾਂਗੇ। ਜੋ ਉਹਨਾਂ ਦੇ ਬਚਨ ਅਨੁਸਾਰ ਜਥੇ ਦੀਆਂ ਆਪਣੀਆਂ ਬੱਸਾਂ ਰਾਹੀਂ ਹਰ ਸਾਲ ਹੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਦਰਸ਼ਨ ਹੋ ਰਹੇ ਹਨ।

ਬਲਾਕਾਂ ਦੀ ਸੇਵਾ ਵਿਚ ਰੁਕਾਵਟਾਂ ਦੀ ਬਹੁਤ ਸਨ, ਪਰ 'ਖ਼ਾਲਸਾ' ਜੀ ਦੇ ਬਖ਼ਸ਼ਿਸ਼ ਤੇ ਬਰਕਤ ਭਰੇ ਪੱਤ੍ਰ ਜਦੋਂ ਦਾਸ ਨੂੰ ਪਹੁੰਚਦੇ ਤਾਂ ਹੌਂਸਲਾ ਦੂਣਾ ਤੀਣਾ ਹੋ ਜਾਂਦਾ। ਉਹ ਪੱਤ੍ਰ ਵੱਡੇ ਜੀਵਨ ਵਿਚ ਲਿਖੇ ਜਾਣਗੇ। ਯਾਤਰਾ ਤੋਂ ਮਗਰੋਂ 'ਪ੍ਰੇਮੀ' ਜੀ ਫਿਰ ਦਾਸ ਕੋਲ ਆ ਗਏ ਸਨ। ਸਤਿਗੁਰੂ ਰਾਮਦਾਸ ਜੀ ਨੇ ਆਪਣੀ ਮਹਾਨ ਕ੍ਰਿਪਾ ਕਰ ਕੇ ਇਹ ਕਾਰਜ ਸਿਰੇ ਚੜ੍ਹਾਇਆ। ਇਹ ਮਹਾਨ ਮੋਰਚਾ ਫਤਹਿ ਹੋਣ ਮਗਰੋਂ ਪਿੰਡ ਦੁਸਾਝ, (ਜੋ ਮੇਰੇ ਪਾਸ ਹੈ) 'ਖ਼ਾਲਸਾ' ਜੀ ਦੇ ਪਾਸ ਪੁੱਜੇ। ਇਹ ੨੦ ਭਾਦਰੋਂ ਦਾ ਦਿਨ ਸੀ। ਤਾਂ ਆਪ ਜੀ ਨੇ ਬਖ਼ਸ਼ਿਸ਼ ਭਰੇ ਸਿਰੋਪਾਉ ਦਾਸ ਅਤੇ 'ਪ੍ਰੇਮੀ' ਜੀ ਨੂੰ ਬਖ਼ਸ਼ੇ। ਅਸਲ ਵਿਚ ਇਸ ਸੇਵਾ ਤੋਂ ਪ੍ਰਸੰਨ ਹੋ ਕੇ ਹੀ 'ਖ਼ਾਲਸਾ' ਜੀ ਨੇ ਟਕਸਾਲ ਨੂੰ ਅੱਗੇ ਚਲਾਉਣ ਦੀ ਸੇਵਾ ਸਮਝੀ ਹੈ। ਅੱਗੇ ਛਿੰਝਾਂ ੨੫-੨੬-੨੭ ਭਾਦਰੋਂ ਦਾ ਸਾਲਾਨਾ ਜੋੜ ਮੇਲਾ ਸੀ। ਦੂਰ ਨੇੜਿਓਂ ਬਹੁਤ ਸੰਗਤ ਜੁੜੀ, ੨੬ ਭਾਦਰੋਂ ਦੇ ਦਿਨ

ਕਿ ਸਾਰੇ ਸਿੱਖ ਜਗਤ ਵਿਚ ਬਹੁਤ ਰੋਸ ਹੋਇਆ। ਖ਼ਾਸ ਕਰ ਕੇ ਗੁਰੂ ਘਰ ਦੇ ਮਹਾਨ ਸੇਵਾਦਾਰ ਸੰਤਾਂ ਮਹਾਤਮਾਂ ਨੇ ਹਲ ਕੇ ਇਹ ਬੀੜਾ ਚੁੱਕਿਆ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਗੁਰਤਾ ਪ੍ਰਾਪਤ ਸਰੂਪ ਜਿਉਂ ਕਾ ਤਿਉਂ ਹੀ ਰਹਿਣਾ ਚਾਹੀਦਾ ਹੈ, ਕਿਸੇ ਪ੍ਰਕਾਰ ਦਾ ਫਰਕ ਨਹੀਂ ਪੈਣ ਦੇਣਾ ਚਾਹੀਦਾ। ਸਾਰੇ ਮਹਾਤਮਾ, ਬਹੁਤ ਸਾਰੀਆਂ ਸੰਸਥਾਵਾਂ ਤੇ ਜਥੇਬੰਦੀਆਂ ਨੇ ਇਕ ਮੁੱਠ ਹੋ ਕੇ ਕਈ ਥਾਵਾਂ ਤੇ ਇਕੱਤ੍ਰਤਾਵਾਂ ਕੀਤੀਆਂ। ਸੀ ਅੰਮ੍ਰਿਤਸਰ ਸਾਹਿਬ, ਕਰਤਾਰਪੁਰ ਸਾਹਿਬ, ਰਾੜਾ ਸਾਹਿਬ ਅਤੇ ਸਭ ਤੋਂ ਵੱਡੀ ਇਕੱਤ੍ਰਤਾ ਭਿੰਡਰਾਂ ਵਿਖੇ ਹੋਈ, ਜਿਸ ਵਿਚ ਭਾਰਤ ਦੇ ਤਕਰੀਬਨ ਸਾਰੇ ਹੀ ਮਹਾਤਮਾਂ ਇਕੱਠੇ ਹੋਏ।

ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸੱਚਖੰਡ ਵਾਸੀ ਸੰਤ ਚੰਨਣ ਸਿੰਘ ਜੀ ਤੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਚਖੰਡ ਵਾਸੀ ਸੰਤ ਫਤਹ ਸਿੰਘ ਜੀ ਨੇ ਖ਼ਾਸ ਦਿਲਚਸਪੀ ਨਾਲ ਸ਼ਰੋਮਣੀ ਕਮੇਟੀ ਵਲੋਂ ਮੈਂਬਰ ਦਿਤੇ। ਪ੍ਰਸਪਰ ਬਹੁਤ ਇਕੱਤ੍ਰਤਾਵਾਂ ਉਪਰੰਤ ਸਰਬ ਸੰਮਤੀ ਨਾਲ ਇਹ ਫੈਸਲਾ ਹੋਇਆ ਕਿ ਗੁਰਤਾ ਪ੍ਰਾਪਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਦਮਦਮਾ ਸਾਹਿਬ ਵਾਲੀ ਬੀੜ ਦੇ ਆਧਾਰ ਉਤੇ ਅਤੇ ਕਰਤਾਰਪੁਰ ਸਾਹਿਬ ਵਾਲੀ ਬੀੜ ਅਨੁਸਾਰ ਸਾਰੇ ਪਿਛਲ ਛਾਪੇ ਜਾਣ।

ਇਹ ਸੇਵਾ ੧੯੬੫ ਈ: ਵਿਚ ਅਰੰਭ ਹੋਈ ਜੋ ਕਿ ਸੱਚਖੰਡ ਵਾਸੀ 'ਖ਼ਾਲਸਾ' ਜੀ ਨੇ ਆਪਣੇ ਜ਼ਿੰਮੇਂ ਲਈ ਤੇ ਦਾਸ ਨੂੰ ਜਥੇ ਦੇ ਕੁਝ ਸਿੰਘਾਂ ਸਮੇਤ ਇਸ ਮਹਾਨ ਉੱਚੀ ਸੁੱਚੀ ਸੇਵਾ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਵਿਚ ਭੇਜਿਆ। ਭਾਵੇਂ ਏਹਨੀਂ ਦਿਨੀਂ ਹਿੰਦ-ਪਾਕਿ ਜੰਗ ਵੀ ਲੱਗੀ, ਖੇਮਕਰਨ ਦਾ ਇਲਾਕਾ ਤਬਾਹ ਹੋਇਆ। ਦਾਸ ਦਾ ਪਿੰਡ ਭੂਰੇ ਪੁਰਾਣੇ ਖੇਮਕਰਨ ਤੋਂ ਅੰਮ੍ਰਿਤਸਰ ਵਾਲੀ ਸੜਕ ਤੇ ਦੋ ਮੀਲ ਦੇ ਫਾਸਲੇ ਤੇ ਸਥਿਤ ਹੈ ਪਰ ਆਪ ਜੀ ਦੀ ਆਗਿਆ ਸੀ ਕਿ ਇਹ ਸੇਵਾ ਛੱਡ ਕੇ ਕਿਤੇ ਨਹੀਂ ਜਾਣਾ। ਇਸ ਕਰ ਕੇ ਦਾਸ ਨੇ ਨਗਰ ਨਿਵਾਸੀ ਤੇ ਪਰਿਵਾਰ ਦਾ ਪਤਾ ਵੀ ਨਹੀਂ ਸੀ ਲਿਆ ਕਿ ਆਪ ਸਤਿਗੁਰੂ ਜੀ ਸਹਾਇਤਾ ਕਰਨਗੇ। ਜਥੇ ਦੇ ਕੁਝ ਸਿੰਘਾਂ ਸਮੇਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ, ਮੰਗਲ ਤੇ ਪਾਠ ਸੋਧ ਕੇ ਛਾਪੇ। ਇਸ ਸਮੇਂ 'ਖ਼ਾਲਸਾ' ਜੀ ਨੇ ਦਾਸ ਦੀ ਇਕ ਭਾਰੀ ਪਰਖ ਕੀਤੀ ਪਰ ਆਪ ਹੀ ਕਿਰਪਾ ਕਰ ਕੇ ਪੂਰਾ ਉਤਾਰ ਲਿਆ।

ਇਹ ਅਲੌਕਿਕ ਪ੍ਰਸੰਗ 'ਖ਼ਾਲਸਾ' ਜੀ ਦੇ ਵੱਡੇ ਜੀਵਨ ਵਿਚ ਲਿਖਿਆ



'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਮੰਗਲਾਂ ਦੀ ਸੁਧਾਈ ਬਾਰੇ
ਭਿੰਡਰਾਂ ਵਿਖੇ ਸੰਤ ਸਮਾਜ ਦੀ ਮਹਾਨ ਇਕੱਤ੍ਰਤਾ

ਹੁਣ ਇਕਤ੍ਰੇ ਮਸਲਾ ਹੈ ਕੀਤਾ ਪੜ੍ਹਨੇ ਅਧਰਮ ਦੇਹਰ ਹੋਇ ॥

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੁਰਕਾਂ ਨਾਲ ਦੂਜਾ ਜੰਗ ਕੀਤਾ, ਉਥੇ ਸਰੋਵਰ ਦੀ ਸੇਵਾ ਕਰਵਾਈ ਅਤੇ ਥੋੜ੍ਹੇ ਜਿਨ ਸਾਅਦ ਇਸੇ ਜ਼ਿਲ੍ਹੇ ਵਿਚ ਹੀ ਪਿੰਡ ਭਾਮ ਵਿਖੇ ਇਕ ਸਥਾਨਕ ਗੁਰਦੁਆਰਾ ਕਾਇਮ ਕੀਤਾ। ਇਸ ਤੋਂ ਉਪਰੰਤ ਜ਼ਿਲ੍ਹਾ ਫ਼ੀਰੋਜ਼ਪੁਰ ਪਿੰਡ ਮਨਾਵਾਂ ਵਿਖੇ ਅਤੇ ਅਠਵੇਂ ਪਾਤਿਸ਼ਾਹ ਜੀ ਦੇ ਪਵਿੱਤ੍ਰ ਅਸਥਾਨ ਪੰਜੋਖਰਾ ਸਾਹਿਬ ਵਿਖੇ ਬਹੁਤ ਸੁੰਦਰ ਸਰੋਵਰ ਤੇ ਗੁਰਦੁਆਰਾ ਸਾਹਿਬ ਸਥਾਪਨ ਕੀਤਾ । ਇਸੇ ਪਵਿੱਤਰ ਅਸਥਾਨ ਉਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਇਕ ਗੂੰਗੇ ਤੇ ਬੋਲੇ ਛੱਜੂ ਨਾਮੀ ਝਿਊਰ ਪਾਸੋਂ ਗੀਤਾ ਦੇ ਅਰਥ ਕਰਵਾ ਕੇ ਇਕ ਹੰਕਾਰੀ ਲਾਲ ਨਾਮੇ ਪੰਡਤ ਦਾ ਹੰਕਾਰ ਤੋੜਿਆ ਸੀ। ਚੰਡੀਗੜ੍ਹ ਤੋਂ ਰਾਜਪੁਰੇ ਵਾਲੀ ਸੜਕ ਉੱਤੇ ਸਥਿੱਤ ਗੁਰਦੁਆਰਾ ਨਾਭਾ ਸਾਹਿਬ ਜੀ ਦੇ ਪਵਿੱਤਰ ਸਰੋਵਰ ਅਤੇ ਗੁਰਦੁਆਰਾ ਸਾਹਿਬ ਬਨਾਉਣ ਦਾ ਸੁਭਾਗ 'ਖ਼ਾਲਸਾ' ਜੀ ਨੂੰ ਪ੍ਰਾਪਤ ਹੋਇਆ। ਇਸ ਅਸਥਾਨ ਤੇ ਭਾਈ ਜੈਤਾ ਜੀ ਨੌਵੇਂ ਪਾਤਿਸ਼ਾਹ ਜੀ ਦੇ ਸੀਸ ਨੂੰ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਜਾਂਦਿਆਂ ਹੋਇਆਂ ਇਕ ਰੱਬ ਦੇ ਪਿਆਰੇ ਦਰਗਾਹੀ ਸ਼ਾਹ ਫ਼ਕੀਰ ਦੇ ਪਾਸ ਠਹਿਰੇ ਸਨ। ਜਦੋਂ ਪੀਰ ਦਰਗਾਹੀ ਸ਼ਾਹ ਨੇ ਭਾਈ ਜੈਤੇ ਜੀ ਪਾਸ ਦਸਵੇਂ ਪਾਤਿਸ਼ਾਹ ਜੀ ਦੇ ਦਰਸ਼ਨਾਂ ਲਈ ਇੱਛਾ ਪ੍ਰਗਟ ਕੀਤੀ ਤਾਂ ਇਸ ਨੂੰ ਨਿਹਾਲ ਕਰਨ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ ਤੇ ਚਰਨ ਪਾ ਕੇ ਇਸ ਨੂੰ ਹੋਰ ਪਵਿੱਤ੍ਰ ਕੀਤਾ । ਇਥੋਂ ਇਕ ਕਿਲੋਮੀਟਰ ਦੂਰ ਚੰਡੀਗੜ੍ਹ ਵਾਲੇ ਪਾਸੇ ਜਿਥੇ ਦਸਵੇਂ ਪਾਤਿਸ਼ਾਹ ਜੀ ਨੇ ਲੰਗਰ ਛਕਿਆ ਸੀ, ਓਥੇ ਗੁਰਦੁਆਰਾ ਲੋਹਗੜ੍ਹ ਸਾਹਿਬ ਉਸਾਰਨ ਦੀ ਸੇਵਾ ਵੀ 'ਖ਼ਾਲਸਾ' ਜੀ ਨੇ ਕੀਤੀ।

'ਗੁਰਬਾਣੀ ਇਸੁ ਜਗ ਮਹਿ ਚਾਨਣੁ' (੬੭) ਦੇ ਸਿਧਾਂਤ ਨੂੰ ਪ੍ਰਚਾਰਦਿਆਂ ਅਤੇ ਹੋਰ ਸੇਵਾਵਾਂ ਦੇ ਨਾਲ ਨਾਲ 'ਖ਼ਾਲਸਾ' ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਬਹੁਤ ਸਾਰੇ ਅਖੰਡ ਪਾਠ ਅਤੇ ਇਕੋਤ੍ਰੀਆਂ ਕਰਵਾਈਆਂ। ਜਿਵੇਂ ਕਿ ਇਕ ਇਕ ਇਕੋਤ੍ਰੀ ਧਨੋਲਾ, ਸੇਵੇਵਾਲ, ਜੋਧਪੁਰ (ਰੋਡੇ), ਸ੍ਰੀ ਅੰਮ੍ਰਿਤਸਰ ਸਾਹਿਬ, ਰਾਮਗੜ੍ਹ ਅਤੇ ਸ੍ਰੀ ਹਜ਼ੂਰ ਸਾਹਿਬ ਕਰਵਾਈ। ਕਲਕੱਤੇ ਵਿਚ ਤਿੰਨ ਵਾਰ ਇਕੋਤਰ ਸੌ ਅਖੰਡ ਪਾਠ ਅਤੇ ਪੰਜ ਵਾਰ ਇਕੋਤਰ ਇਕੋਤਰ ਸੌ ਅਖੰਡ ਪਾਠ ਸ੍ਰੀ ਨਾਭਾ ਸਾਹਿਬ ਵਿਚ ਕਰਵਾਏ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਮੰਗਲਾਂ ਦੀ ਸੇਵਾ

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਮੰਗਲਾਂ ਵਿੱਚ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਕੁ ਪ੍ਰਬੰਧਕਾਂ ਵਲੋਂ ਫ਼ਰਕ ਪਾਇਆ ਗਿਆ। ਜਿਸ ਦਾ

੨੬. ਗਿਆਨੀ ਕਿਰਪਾਲ ਸਿੰਘ ਜੀ ਬੋਪਾਰਾਏ।

੨੭. ਗਿਆਨੀ ਧਲਦੇਵ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਫਤਹਿਗੜ੍ਹ ਸਾਹਿਬ ਜ਼ਿਲਾ ਪਟਿਆਲਾ।

੨੮. ਗਿਆਨੀ ਨਾਹਰ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ।

੨੯. ਵੈਦ ਨਿਰੰਜਨ ਸਿੰਘ ਜੀ ਮਹੰਤ ਗੁਰਦੁਆਰਾ ਬੋਪਾਰਾਏ ਕਲਾਂ ਜ਼ਿਲਾ ਲੁਧਿਆਣਾ।

੩੦. ਗਿਆਨੀ ਪੂਰਨ ਸਿੰਘ ਜੀ ਦਿੱਲੀ।

੩੧. ਗਿਆਨੀ ਪ੍ਰੀਤਮ ਸਿੰਘ ਜੀ ਅਫ਼ਰੀਕਾ ਵਾਲੇ।

ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੁਣੀ ਗਿਆਨੀ ਵਿੱਦਿਆ ਪ੍ਰਾਪਤ ਕਰਕੇ ਥਾਂਈਂ ਥਾਂਈਂ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ।

ਲਿਖਤੀ ਦੇਣ

ਆਪ ਜੀ ਜਿੱਥੇ ਵਿੱਦਿਆ ਦੇ ਮਾਰਤੰਡ ਸਨ ਓਥੇ ਮਹਾਨ ਉੱਚ ਕਵੀ ਵੀ ਸਨ। ਆਪ ਜੀ ਦਾ 'ਸ੍ਰੀ ਗੁਰਮੁਖ ਪ੍ਰਕਾਸ਼' ਜੋ ਸਾਰਾ ਕਵਿਤਾ ਵਿਚ ਹੈ ਅਨੇਕ ਪ੍ਰਕਾਰ ਦੀ ਛੰਦਾਬੰਦੀਆਂ ਵਿਚ ਸੱਚਖੰਡ ਵਾਸੀ ਸੰਤ ਸੁੰਦਰ ਸਿੰਘ ਜੀ ਦਾ ਪਵਿੱਤ੍ਰ ਜੀਵਨ ਹੈ ਜੋ ਬ੍ਰਹਮ ਵਿੱਦਿਆ ਦਾ ਵੱਡਾ ਭਾਰੀ ਖ਼ਜ਼ਾਨਾ ਹੈ। ਸਮੁੰਦਰ ਦੇ ਕੁੱਜੇ ਵਿਚ ਬੰਦ ਕਰਨ ਦੀ ਤਰ੍ਹਾਂ ਵੱਡੇ ਵੱਡੇ ਗੁਰਮਤਿ ਦੇ ਸਿਧਾਂਤਾਂ ਨੂੰ ਸੰਖੇਪ ਅੱਖਰਾਂ ਵਿਚ ਬੜੇ ਅਨੋਖੇ ਢੰਗ ਨਾਲ ਵਰਨਣ ਕੀਤਾ ਹੈ। ਜੋ ਕਿ ਪੜ੍ਹੇ ਲਿਖੇ ਅਤੇ ਵਿੱਦਵਾਨ ਪ੍ਰਚਾਰਕਾਂ ਲਈ ਬੜਾ ਭਾਰੀ ਖ਼ਜ਼ਾਨਾ ਹੈ। 'ਗੁਰਬਾਣੀ ਪਾਠ ਦਰਸ਼ਨ' ਜਿਸ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਕਠਨ ਪਾਠਾਂ ਦਾ ਨਿਰਣਾ ਕੀਤਾ ਹੈ, ਸ਼ੁੱਧ ਪਾਠ ਕਰਨ ਵਾਸਤੇ ਇਕ ਅਲੌਕਿਕ ਪੁਸਤਕ ਹੈ। ਅਰੰਭ ਵਿਚ ਗੁਰਮਤਿ ਅਨੁਸਾਰ ਚਾਰੇ ਸੰਸਕਾਰਾਂ, ਪਾਠ ਮਰਿਯਾਦਾ ਆਦਿ ਦਾ ਬੜਾ ਸੋਹਣਾ ਨਿਰਣਾ ਕੀਤਾ ਹੈ। ਇਹ ਦੋਵੇਂ ਗ੍ਰੰਥ ਉਨ੍ਹਾਂ ਦੀ ਲਿਖਤੀ ਦੇਣ ਹਨ।

ਗੁਰਦੁਆਰਿਆਂ ਦੀ ਸੇਵਾ ਤੇ ਇਕੱਤ੍ਰੀਆਂ

ਗੁਰਮਤਿ ਦੀ ਵਿੱਦਿਆ ਪੜ੍ਹਾਉਣ ਦੇ ਨਾਲ ਨਾਲ 'ਖ਼ਾਲਸਾ' ਜੀ ਨੇ ਕਈ ਗੁਰਦੁਆਰਿਆਂ ਦੇ ਬਨਾਉਣ ਦੀ ਸੇਵਾ ਵੀ ਕੀਤੀ। ਜਿਵੇਂ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਸ੍ਰੀ ਹਰਿਗੋਬਿੰਦ ਪੁਰ ਸਾਹਿਬ ਵਿਖੇ ਜਿਥੇ ਛੇਵੇਂ ਪਾਤਿਸ਼ਾਹ

੬. ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ।

੭. ਸੱਚਖੰਡ ਵਾਸੀ ਸਿੰਘ ਸਾਹਿਬ ਗਿਆਨੀ ਕਪੂਰ ਸਿੰਘ ਜੀ ਬਰਾੜ ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ।

੮. ਬਾਬਾ ਮੇਹਰ ਸਿੰਘ ਜੀ ਬਿਰੱਕਤ ਪਿੰਡ ਮੰਢਿਆਲਾ ਜ਼ਿਲਾ ਗੁਰਦਾਸਪੁਰ ਜਿਨ੍ਹਾਂ ਨੇ ਬਹੁਤ ਸਿੰਘਾਂ ਨੂੰ ਸ਼ੁੱਧ ਅਪੰਡ ਪਾਹੀ ਬਣਾਇਆ ਹੈ।

੯. ਗਿਆਨੀ ਅਮਰ ਸਿੰਘ ਜੀ ਕ੍ਰਿਤੀ ਪਿੰਡ ਮਾਲੂ ਕਾ ਫੱਤਾ, ਜਿਨ੍ਹਾਂ ਨੇ ਬੇਅੰਤ ਸਿੰਘ ਸ਼ੁੱਧ ਪਾਹੀ ਬਣਾਏ ਤੇ ਬਣਾ ਰਹੇ ਹਨ।

੧੦. ਗਿਆਨੀ ਮਹਿੰਦਰ ਸਿੰਘ ਜੀ ਪਨਿਆਲੀ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ।

੧੧. ਗਿਆਨੀ ਜੋਗਿੰਦਰ ਸਿੰਘ ਜੀ ਗੁਰੂ ਕਾ ਬਾਗ।

੧੨. ਗਿਆਨੀ ਕਰਮ ਸਿੰਘ ਜੀ ਗੜਵਈ ਕਲਕੱਤੇ ਵਾਲੇ।

੧੩. ਗਿਆਨੀ ਪ੍ਰੀਤਮ ਸਿੰਘ ਜੀ ਸਰਹੰਦ ਮੰਡੀ।

੧੪. ਗਿਆਨੀ ਸਵਰਨ ਸਿੰਘ ਜੀ ਠੱਕਰਵਾਲ।

੧੫. ਸੱਚਖੰਡ ਵਾਸੀ ਗਿਆਨੀ ਨੰਦ ਸਿੰਘ ਜੀ ਰੋਰੂ ਸਾਹਿਬ।

੧੬. ਸੱਚਖੰਡ ਵਾਸੀ ਗਿਆਨੀ ਗੱਜਣ ਸਿੰਘ ਜੀ ਜਸੋਵਾਲ।

੧੭. ਗਿਆਨੀ ਪ੍ਰੀਤਮ ਸਿੰਘ ਜੀ ਨੈਰੋਬੀ।

੧੮. ਗਿਆਨੀ ਨਿਰੰਜਨ ਸਿੰਘ ਜੀ ਸਰਾਏ।

੧੯. ਗਿਆਨੀ ਗੁਰਬਚਨ ਸਿੰਘ ਜੀ ਰਾਗੀ ਉਪਲਹੇੜੀ।

੨੦. ਗਿਆਨੀ ਭਗਵਾਨ ਸਿੰਘ ਜੀ ਮਾੜੀ ਮੇਘਾ।

੨੧. ਗਿਆਨੀ ਬਲਵੰਤ ਸਿੰਘ ਜੀ ਭਾਈ ਲੱਖੋ ਜੋ ਕਿ ਅੱਜ ਕੱਲ੍ਹ ਅਫ਼ਰੀਕਾ ਵਿਚ ਗੁਰੂ ਕੇ ਵਜ਼ੀਰ ਦੇ ਤੌਰ ਤੇ ਸੇਵਾ ਕਰ ਰਹੇ ਹਨ।

੨੨. ਗਿਆਨੀ ਜੋਗਿੰਦਰ ਸਿੰਘ ਜੀ ਕਹਾਰਪੁਰੀ।

੨੩. ਗਿਆਨੀ ਇੰਦਰਜੀਤ ਸਿੰਘ ਜੀ।

੨੪. ਗਿਆਨੀ ਪ੍ਰਤਾਪ ਸਿੰਘ ਜੀ ਲੰਡੇਆਣਾ।

੨੫. ਗਿਆਨੀ ਮੋਹਣ ਸਿੰਘ ਜੀ ਕਥਾ ਵਾਚਕ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਸਾਹਿਬ।

ਪ੍ਰਬੋਧ ਚੰਦਰ ਨਾਟਕ, ਵਿਚਾਰ ਸਾਗਰ, ਬਿਰਤੀ ਪ੍ਰਭਾਕਰ, ਮੋਖਸ਼ ਪੰਥ ਆਦਿਕ ਅਰਥਾਂ ਸਮੇਤ ਚੰਗੀ ਤਰ੍ਹਾਂ ਸਿੰਘਾਂ ਨੂੰ ਪੜ੍ਹਾਉਂਦੇ । ਦੋਨੋਂ ਵੇਲੇ ਸੰਗਤ ਕਥਾ ਸੁਣਦੀ ਤੇ ਵਿਦਿਆਰਥੀ ਆਪੋ ਆਪਣੀਆਂ ਪੋਥੀਆਂ ਪ੍ਰਕਾਸ਼ ਕਰਕੇ ਚੰਗੀ ਤਰ੍ਹਾਂ ਅਰਥ ਸਰਵਣ ਕਰਦੇ, ਲਿਖਦੇ ਅਤੇ ਵਿਚਾਰਦੇ ।

ਨਦੀ ਹੰਸ ਤੇ ਬੱਦਲ ਦੀ ਤਰ੍ਹਾਂ ਇਹ ਨਿਰੋਲ ਗੁਰਮਤਿ ਦੀ ਤੁਰਦੀ ਫਿਰਦੀ ਯੂਨੀਵਰਸਟੀ (ਟਕਸਾਲ) ਵਿਚੋਂ ਜਿਥੇ ਗੁਰਮਤਿ ਵਿੱਦਿਆ ਦੀ ਪ੍ਰਾਪਤੀ, ਉਥੇ ਨਾਲ ਨਾਲ ਅਸਲੀ ਸਿੱਖੀ ਜੀਵਨ ਰਹਿਣੀ, ਬਹਿਣੀ, ਕਹਿਣੀ ਸਹਿਣੀ, ਸਰਵਣ, ਮੰਨਣ, ਨਿਧਿਆਸਣ, ਸੇਵਾ, ਸਿਮਰਨ ਤੇ ਪ੍ਰੇਮਾ-ਭਗਤੀ ਦੀ ਦ੍ਰਿੜ੍ਹ ਹੁੰਦੀ । ਗੁਰਸਿੱਖੀ ਦਾ ਵੱਡਾ ਭਾਰੀ ਪ੍ਰਚਾਰ ਹੁੰਦਾ ਸੀ ਤੇ ਸਤਿਗੁਰਾਂ ਦੀ ਕ੍ਰਿਪਾ ਨਾਲ ਹੋ ਰਿਹਾ ਹੈ । ਆਪ ਜੀ ਤੋਂ ਵਰੋਸਾਏ ਬੇਅੰਤ ਗੁਰਮੁਖ ਹਿੰਦੁਸਤਾਨ ਭਰ ਵਿਚ ਗੁਰੂ ਕੇ ਤਖਤ ਸਾਹਿਬਾ ਅਤੇ ਬੇਅੰਤ ਗੁਰਦੁਆਰੇ ਸਾਹਿਬਾਂ ਵਿਚ ਸਿੰਘ ਸਾਹਿਬ, ਗ੍ਰੰਥੀ ਸਿੰਘ ਲੱਗੇ ਹੋਏ ਹਨ । ਬਹੁਤ ਸਾਰੇ ਗਿਆਨੀ ਕਥਾ ਵਾਚਕ ਬਣਾਏ, ਜਿਨ੍ਹਾਂ ਵਿਚੋਂ ਕੁਝ ਕੁ ਮੁਖੀ ਮੁਖੀ ਗੁਰਮੁਖ ਪਿਆਰਿਆਂ ਦੇ ਨਾਮ ਨਿਮਨ ਲਿਖਤ ਹਨ ਜੋ ਦੇਸ਼ਾਂ ਬਦੇਸ਼ਾਂ ਵਿਚ ਕਥਾ ਪ੍ਰਚਾਰ ਦੁਆਰਾ ਗੁਰਸਿੱਖੀ ਦੇ ਮਿਸਨ ਦਾ ਪ੍ਰਚਾਰ ਕਰ ਰਹੇ ਹਨ :

੧. ਨਾਮ ਅਭਿਆਸੀ ਸੰਤ ਹਰਨਾਮ ਸਿੰਘ ਜੀ ਪਾਤਸ਼ਾਹ ਚੱਕ੍ਰਵਰਤੀ ਜੋ ਪਿੰਡ ਜੋਗੇਵਾਲ ਜ਼ਿਲਾ ਫ਼ਰੀਦਕੋਟ ਵਿਚ ਵਿੱਦਿਆਰਥੀਆਂ ਨੂੰ ਗੁਰਮਤਿ ਦੀ ਵਿੱਦਿਆ ਪੜ੍ਹਾ ਰਹੇ ਹਨ । ਜਿਨ੍ਹਾਂ ਨੇ ਸਾਰੀ ਉਮਰ ਬਹੁਤ ਸਿੰਘਾਂ ਨੂੰ ਗੁਰਬਾਣੀ ਪੜ੍ਹਾ ਕੇ ਸ਼ੁੱਧ ਅਖੰਡ ਪਾਠੀ ਬਣਾਇਆ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਗੁਰਮਤਿ ਦ੍ਰਿੜ੍ਹਾ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਲੜ ਲਾ ਰਹੇ ਹਨ (ਹੁਣ ਸੱਚਖੰਡ ਪਧਾਰ ਗਏ ਹਨ) ।

੨. ਸੱਚਖੰਡ ਵਾਸੀ ਸ੍ਰੀ ਮਾਨ ਭਗਤ ਉਜਾਗਰ ਸਿੰਘ ਜੀ ।

੩. ਗਿਆਨੀ ਦਲੀਪ ਸਿੰਘ ਜੀ ਦੀਵਾਨ ਹਾਲ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹਰ ਰੋਜ਼ ਦੋਵੇਂ ਵਕਤ ਕਥਾ ਕਰਕੇ ਸੰਗਤਾ ਨੂੰ ਨਿਹਾਲ ਕਰਦੇ ਹਨ । ਜੋ ਵਿੱਦਵਤਾ ਵਿਚ ਆਪਣੀ ਮਿਸਾਲ ਆਪ ਹੀ ਹਨ ।

੪. ਸ੍ਰੀ ਮਾਨ ਗਿਆਨੀ ਮੋਹਣ ਸਿੰਘ ਜੀ ਜੋ ਕੁਝ ਸਿੰਘਾਂ ਦੇ ਜਥੇ ਸਮੇਤ ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ ।

੫. ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੌਜ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ।

ਛਕਣ ਦਿੰਦੇ। ਆਪ ਜੀ ਸ਼ੁੱਚਮ ਪਵਿੱਤਰਤਾ ਬਹੁਤ ਰੱਖਦੇ। ਨਾ ਕਦੇ ਕਿਸੇ ਦਾ ਜੂਠਾ ਖਾਂਦੇ ਤੇ ਨਾ ਹੀ ਖੁਵਾਉਂਦੇ। ਚਾਹ, ਅਫ਼ੀਮ ਆਦਿਕ ਨਸ਼ੀਲੀ ਚੀਜ਼ ਦੀ ਵਰਤੋਂ ਦੇ ਸਖ਼ਤ ਵਿਰੋਧੀ ਸਨ।

ਸੰਗਤ ਤੇ ਗੁਰਬਾਣੀ ਦਾ ਸਤਿਕਾਰ

ਜਦੋਂ ਜਥੇ ਦਾ ਪ੍ਰੋਗਰਾਮ ਇਕ ਥਾਂ ਤੋਂ ਦੂਜੇ ਥਾਂ ਜਾਣ ਦਾ ਹੁੰਦਾ ਅਤੇ ਜੇ ਓਥੋਂ ਦੀ ਸੰਗਤ ਰਥ ਜਾਂ ਘੋੜੇ ਆਦਿਕ ਦੀ ਸਵਾਰੀ ਲਿਆਉਂਦੀ ਤਾਂ ਆਪ ਜੀ ਉਸ ਉੱਪਰ ਨਾ ਚੜ੍ਹਦੇ। ਜਿਵੇਂ ਦਾਸ ਨੇ ਜਦੋਂ ਪਹਿਲੀ ਵਾਰੀ ਆਪਣੇ ਪਿੰਡ ਭੂਰੇ ਪੁਰਾਣੇ ਦਾ ਪ੍ਰੋਗਰਾਮ ਬਣਾਇਆ ਤਾਂ 'ਖ਼ਾਲਸਾ' ਜੀ ਦੀਵਾਲੀ ਸ੍ਰੀ ਅੰਮ੍ਰਿਤਸਰ ਸਾਹਿਬ ਕਰ ਕੇ ਅੱਗੇ ਪੱਟੀ ਬੁਰਜ, ਉਸ ਤੋਂ ਅੱਗੇ ਰੇਲ ਗੱਡੀ ਰਾਹੀਂ ਸੰਨ ੧੯੫੦ ਈਸਵੀ ਵਿਚ ਸਟੇਸ਼ਨ ਰੱਤੋਕੇ ਉੱਤਰੇ। ਅੱਗੋਂ ਦਾਸ, ਭਾਈ ਹਰਨਾਮ ਸਿੰਘ ਤੇ ਭਾਈ ਸ਼ਿੰਗਾਰਾ ਸਿੰਘ ਆਪਣੀ ਘੋੜੀ ਦੀ ਸਵਾਰੀ ਲੈ ਕੇ ਪੁੱਜੇ, ਬਹੁਤ ਬੇਨਤੀ ਕੀਤੀ ਪਰ ਨਹੀਂ ਚੜ੍ਹੇ। ਕਹਿਣ ਲੱਗੇ, 'ਖ਼ਾਲਸਾ ਜੀ! ਬਾਕੀ ਸਾਰਾ ਜਥਾ ਪੈਦਲ ਤੁਰੇ ਅਤੇ ਅਸੀਂ ਘੋੜੀ ਤੇ ਚੜ੍ਹੀਏ? ਇਕ ਤਾਂ ਕਾਰਨ ਇਹ ਹੈ ਸਾਹੀ ਸੰਗਤ ਜਥਾ ਗੁਰੂ ਕਾ ਰੂਪ ਹੈ। ਦੂਜਾ ਸਿੰਘਾਂ ਦੇ ਪਾਸ ਗੁਟਕੇ ਹਨ, ਨਾਲ ਉਹ ਸਭ ਰਸਤੇ ਵਿਚ ਗੁਰਬਾਣੀ ਪੜ੍ਹਦੇ ਆਉਂਦੇ ਹਨ। ਉਹ ਨੀਵੇਂ ਤੇ ਅਸੀਂ ਉੱਚੇ ਚੜ੍ਹਕੇ ਚੱਲੀਏ, ਇਸ ਲਈ ਗੁਰਬਾਣੀ ਦੇ ਸਤਿਕਾਰ ਵਿਚ ਵੀ ਫ਼ਰਕ ਪੈਂਦਾ ਹੈ।' ਇਉਂ ਕਹਿ ਕੇ ਸਾਰਾ ਪੈਂਡਾ ਪੈਦਲ ਹੀ ਤੁਰ ਕੇ ਆਏ।

'ਖ਼ਾਲਸਾ' ਜੀ ਦੀ ਸਿੱਖ ਪੰਥ ਨੂੰ ਦੇਣ

ਸਾਰੇ ਹਿੰਦੁਸਤਾਨ ਵਿਚ ਵਿਚਰ ਕੇ ਸਵਾ ਸੌ ਤੋਂ ਡੇਢ ਸੌ ਤੱਕ ਸਿੰਘਾਂ ਦੇ ਜਥੇ ਸਮੇਤ ਕਥਾ ਪੜ੍ਹਾਉਂਦਿਆਂ, ਕੀਰਤਨ ਸਿਖਾਉਂਦਿਆਂ, ਨਿਰੋਲ ਗੁਰਮਤਿ ਦਾ ਪ੍ਰਚਾਰ ਕਰਦਿਆਂ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ, ਹਜ਼ਾਰਾਂ ਨੂੰ ਪਾਠ ਸ਼ੁੱਧ ਕਰਨਾ ਸਿਖਾਇਆ ਅਤੇ ਸੈਂਕੜਿਆਂ ਨੂੰ ਗਿਆਨੀ ਬਣਾਇਆ।

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਦਸਮ ਗੁਰੂ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੱਯੇ, ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ, ਸ੍ਰੀ ਗੁਰੂ ਪੰਥ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਤੇ ਦਸਵੀਂ, ਮਹਿਮਾ ਪ੍ਰਕਾਸ਼, ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਗੁਰ ਪਰਤਾਪ ਸੂਰਜ ਗ੍ਰੰਥ ਅਤੇ ਛੋਟੀਆਂ ਪੁਸਤਕਾਂ,

'ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥' (੩੮੪)

ਦੀ ਅਵਸਥਾ ਸੀ

ਖ਼ਾਲਸਾ ਜੀ ਦੇ ਮੁਖ ਉਦੇਸ਼

'ਖ਼ਾਲਸਾ' ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ੨੭ ਕਥਾ ਹੋਰ ਪੋਥੀਆਂ ਤੇ ਗ੍ਰੰਥਾਂ ਦਾ ਕਈ ਵਾਰੀ ਪੜ੍ਹਾ ਕੇ ਭੋਗ ਪਾਇਆ ਅਤੇ ਸੰਗਤਾਂ ਨੂੰ ਜੀਵਨ ਦੇ ਮੁਖ ਉਦੇਸ਼ ਤੋਂ ਜਾਣੂੰ ਕਰਾਇਆ । ਆਪ ਜੀ ਨੇ ਇਹ ਮੁਖ ਉਦੇਸ਼ ਆਪਣੇ ਜੀਵਨ ਵਿੱਚ ਅਪਨਾਏ ਹੋਏ ਸਨ ।

੧. ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਉਣਾ, ਰਹਿਤ ਰਖਾਉਣੀ, ਰਹਿਤ ਵਿਚ ਢਿੱਲੇ ਨਹੀਂ ਹੋਣ ਦੇਣਾ ।

੨. ਸੰਗਤਾਂ ਤੇ ਸਿੰਘਾਂ ਨੂੰ ਗੁਰਬਾਣੀ ਦੇ ਪੱਕੇ ਨਿੱਤਨੇਮੀ ਬਣਾਉਣਾ ।

੩. ਗੁਰਬਾਣੀ ਦਾ ਸ਼ੁੱਧ ਪਾਠ ਕਰਾਉਣਾ ।

੪. ਗੁਰਬਾਣੀ ਜ਼ਬਾਨੀ ਕੰਠ ਕਰਾਉਣੀ ।

੫. ਵੱਡੇ ਬਣਨ ਤੋਂ ਸਦਾ ਸੰਕੋਚ ਕਰਨਾ ।

੬. ਸੰਗਤਾਂ ਨੂੰ ਗੁਰੂ ਕਾ ਰੂਪ ਜਾਣ ਕੇ ਸਤਿਕਾਰ ਕਰਨਾ ।

੭. ਪੰਥਕ ਜਥੇਬੰਦੀ ਦੀ ਔਕੜ ਸਮੇਂ ਹਰ ਪ੍ਰਕਾਰ ਨਾਲ ਸਹਾਇਤਾ ਕਰਨੀ ।

੮. ਤਨ, ਮਨ, ਧਨ ਸਭ ਗੁਰੂ ਕਾ ਜਾਨਣਾ ਤੇ ਟਹਿਲ ਭਾਵਨੀ ਗੁਰਸਿੱਖਾਂ ਦੀ ਕਰਨੀ ।

੯. 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥' (ਦਸਮ ੧੯)

'ਅਵਲ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥' (੧੩੪੯)

ਦੇ ਮਹਾਂਵਾਕ ਅਨੁਸਾਰ ਹਰ ਪ੍ਰਾਣੀ ਨੂੰ ਪ੍ਰਮੇਸਰ ਦੀ ਅੰਸ ਜਾਣ ਕੇ ਬੇਹੱਦ ਪਿਆਰ ਤੇ ਸਤਿਕਾਰ ਕਰਨਾ ।

੧੦. ਸਦਾ ਯਾਦ ਰੱਖਣਾ ਕਿ ਸਭ ਕੁਝ ਪ੍ਰਮੇਸ਼ਰ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਹੋ ਰਿਹਾ ਹੈ ।

੧੧. ਜੇਕਰ ਮੋਨੇ ਜਾਂ ਸਿਗਰਟ ਪੀਣ ਵਾਲੇ ਦੇ ਹੱਥੋਂ ਲੰਗਰ ਦੀ ਕਈ ਅਤਿਆਦੀ ਆਦਿਕ ਬਣਦੀ ਤਾਂ ਉਹ ਨਾ ਆਪ ਛਕਦੇ ਤੇ ਨਾ ਹੀ ਜੱਥੇ ਨੂੰ

ਜੀ 'ਸਾਨ' ਪਿੰਡ ਮਹਿਤਾ, ਗੁਰਗੁਰ ਵਾਸੀ ਬਾਬਾ ਮੇਹਰ ਸਿੰਘ ਜੀ ਪੰਜੋਖਰਾ ਸਾਹਿਬ, ਬਾਬਾ ਕਿਸ਼ਨ ਸਿੰਘ ਜੀ 'ਤੁਗਲ' ਤੇ ਕੁਝ ਹੋਰ ਸਿੰਘਾਂ ਸਮੇਤ ਸ੍ਰੀ ਹਜ਼ੂਰ ਸਾਹਿਬ, ਪਟਨਾ ਸਾਹਿਬ, ਰਾਮੇਸ਼ੂਰ ਹੋ ਕੇ ਰਸਤੇ ਵਿਚ ਆਉਂਦਿਆਂ ਹੋਰ ਅਨੇਕਾਂ ਗੁਰਦੁਆਰਿਆਂ ਦੀ ਪੈਦਲ ਯਾਤਰਾ ਗੁਰਮਤਿ ਦਾ ਪ੍ਰਚਾਰ ਕਰਦਿਆਂ ਕੀਤੀ। ਜਿਥੇ ਵੀ ਜਥਾ ਹੁੰਦਾ ਓਥੇ ਨੇੜੇ ਨੇੜੇ ਜੋ ਵੀ ਇਤਿਹਾਸਕ ਗੁਰਦੁਆਰੇ ਹੁੰਦੇ, ਉਨ੍ਹਾਂ ਦੀ ਯਾਤਰਾ ਉਚੇਚੇ ਤੌਰ ਤੇ ਪੈਦਲ ਜਾ ਕੇ ਕਰਦੇ।

ਸਿੰਘਾਂ ਦਾ ਆਦਰ ਤੇ ਸੇਵਾ

ਸਾਰੇ ਜਥੇ ਸੰਗਤ ਨੂੰ ਗੁਰੂ ਰੂਪ ਜਾਣ ਕੇ ਬਹੁਤ ਸਤਿਕਾਰ ਕਰਦੇ। ਰਹਿਤਵਾਨ ਤੇ ਨਿੱਤਨੇਮੀ ਸਿੰਘਾਂ ਦਾ ਵਿਸ਼ੇਸ਼ ਤੌਰ ਤੇ ਆਦਰ ਕਰਦੇ। ਜਦੋਂ ਕਈ ਸਿੰਘ ਮਿਲਣ ਆਉਂਦਾ ਤਾਂ ਪ੍ਰੇਮ ਨਾਲ ਗੁਰ ਫਤਹਿ ਬੁਲਾਉਂਦੇ। ਕਦੇ ਕਿਸੇ ਮਾਈ ਭਾਈ ਨੂੰ ਪੈਰੀਂ ਹੱਥ ਨਹੀਂ ਸਨ ਲਾਉਣ ਦਿੰਦੇ। ਆਪਣੇ ਆਪ ਨੂੰ ਸਾਰੀ ਉਮਰ ਮੱਥਾ ਨਹੀਂ ਟਿਕਾਇਆ, ਜੇਕਰ ਕੋਈ ਅਚਨਚੇਤ ਮੱਥਾ ਟੇਕਣ ਦਾ ਯਤਨ ਕਰਦਾ ਤਾਂ ਬੜੀ ਭਾਰੀ ਤਾੜਨਾ ਕਰਦੇ। ਸਭ ਤੋਂ ਪਹਿਲਾਂ ਰਹਿਤ ਤੇ ਨਿੱਤਨੇਮ ਬਾਬਤ ਪੁੱਛਦੇ, 'ਸਿੰਘਾ ! ਤਿਆਰ ਪੁਰ ਤਿਆਰ ਹੋਂ, ਕੋਈ ਕੁਰਹਿਤ ਤਾਂ ਨਹੀਂ ਕੀਤੀ, ਹਰ ਰੋਜ਼ ਨਿੱਤਨੇਮ ਕਰਦਾ ਹੈਂ ?' ਇਹ ਸੁਣ ਕੇ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਤਿਆਰ ਪੁਰ ਤਿਆਰ ਹਾਂ ਤਾਂ ਆਪ ਬਹੁਤ ਖ਼ੁਸ਼ ਹੁੰਦੇ। ਫਿਰ ਸਿੰਘਾਂ ਨੂੰ ਕਹਿ ਕੇ ਜਲ ਪਾਣੀ, ਲੰਗਰ ਤੇ ਆਸਣ ਦਾ ਪ੍ਰਬੰਧ ਕਰਾਉਂਦੇ। ਆਉਣ ਵਾਲੇ ਪ੍ਰੇਮੀ ਦਾ ਦੁੱਖ, ਸਰੀਰਕ ਥਕਾਵਟ ਲਹਿ ਜਾਂਦੀ ਅਤੇ ਉਸ ਗੁਰਮੁਖ ਦਾ ਮਨ ਸਿਮਰਨ ਭਜਨ ਵਿਚ ਜੁੜ ਜਾਂਦਾ।

'ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥
ਮਨ ਕੀ ਕਟੀਐ ਮੈਲੁ ਸਾਧ ਸੰਗਿ ਵੁਠਿਆ ॥'' (੫੨੦)

ਦੇ ਮਹਾਂਵਾਕ ਦੀ ਸੰਗਤਾਂ ਪੌੜਤਾ ਕਰਦੀਆਂ ਸਦਾ ਉਨ੍ਹਾਂ ਦੀ :-

'ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥' (੧੦੧)

ਅਨੁਸਾਰ ਸਿਮਰਨ ਭਜਨ ਵਿਚ ਲਿਵ ਲੱਗੀ ਰਹਿੰਦੀ। ਆਈ ਸੰਗਤ ਨੂੰ ਦਸਾਂ ਪਾਤਿਸ਼ਾਹੀਆਂ ਦੇ ਪਵਿੱਤਰ ਇਤਿਹਾਸ ਵਿਚੋਂ ਪ੍ਰਸੰਗ ਸੁਣਾ ਕੇ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸ੍ਰੀ ਮੁਖ ਵਾਕ ਦੀ ਕਥਾ ਕਰ ਕੇ ਦ੍ਰਿੜ ਨਿਸਚਾ ਕਰਾਉਂਦੇ ਤੇ ਹੋਰਨਾਂ ਮਹਾਂ ਪੁਰਖਾਂ ਦੇ ਉਪਦੇਸ਼ ਦੇ ਬਚਨ ਵੀ ਸੁਣਾਉਂਦੇ। ਇਸ ਤਰ੍ਹਾਂ :-

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਦਰਸ਼ਨ, ਪਾਠ ਤੇ ਨਿੱਤਨੇਮ ਕਰਕੇ ਹੀ ਲੰਗਰ ਛਕਦੇ। ਜੀਵਨ ਦੇ ਪਿਛਲੇ ਸਾਲਾਂ ਵਿਚ ਸਰੀਰ ਦੀ ਢਿਲਿਆਈ ਕਾਰਨ ਕਈ ਵਾਰੀ ਹਸਪਤਾਲਾਂ ਵਿਚ ਰਹਿਣਾ ਪਿਆ । ਜਦੋਂ ਕਦੇ ਬਲੱਡ ਪ੍ਰੈਸ਼ਰ (ਖ਼ੂਨ ਦੇ ਤੇਜ਼ ਦੌਰੇ) ਦਾ ਅਸਰ ਹੁੰਦਾ ਤੇ ਡਾਕਟਰ ਪੂਰਾ ਆਰਾਮ ਕਰਨ ਲਈ ਸਲਾਹ ਦਿੰਦੇ ਤਾਂ ਡਾਕਟਰ ਦੇ ਆਉਣ ਤੋਂ ਪਹਿਲਾਂ ਹੀ ਖੁਲ੍ਹੇ ਜਲ ਨਾਲ ਅੰਮ੍ਰਿਤ ਵੇਲੇ ਇਸ਼ਨਾਨ ਕਰ ਲੈਂਦੇ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਪੋਥੀਆਂ ਤੋਂ ਨਿੱਤਨੇਮ ਸੁਣ ਲੈਂਦੇ ਅਤੇ ਫਿਰ ਪੂਰੇ ਅਨੰਦ ਵਿਚ ਲੇਟ ਜਾਂਦੇ । ਕਈ ਵਾਰੀ ਹਸਪਤਾਲ ਵਿਚ ਸਰੀਰ ਦੀ ਹਾਲਤ ਖ਼ਰਾਬ ਹੋਣ ਤੇ ਡਾਕਟਰ ਪੁੱਛਦੇ ਤਾਂ ਕਹਿ ਦਿੰਦੇ, 'ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ, ਚੜ੍ਹਦੀ ਕਲਾ ਹੈ।'

'ਮੀਤ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥' (੧੮੭)

ਮਸਤਕ ਦਾ ਜਲਾਲ ਤੇ ਬੋਲ-ਚਾਲ ਚੜ੍ਹਦੀ ਕਲਾ ਵਿਚ ਹੀ ਰਹਿੰਦਾ । ਕਈ ਵਾਰੀ ਸਰੀਰ ਢਿੱਲਾ ਹੋਣ ਤੇ ਵੀ ਇਕ-ਰਮ ਕਥਾ ਕਰਦੇ ਰਹਿੰਦੇ। ਜਦੋਂ ਕੋਈ ਗੁਰਮੁਖ ਕਹਿੰਦਾ, 'ਆਪ ਥੋੜ੍ਹੇ ਦਿਨ ਕਥਾ ਨਾ ਕਰੋ।' ਤਾਂ ਕਹਿੰਦੇ, 'ਭਾਈ ! ਸਾਡੀ ਜ਼ਿੰਦਗੀ ਹੀ ਕਥਾ ਆਸਰੇ ਹੈ, ਮਹਾਂ ਪੁਰਖਾਂ ਦਾ ਹੁਕਮ ਰੂਪੀ ਡੰਡਾ ਸਾਡੇ ਸਿਰ ਉੱਪਰ ਹੈ। ਜਦੋਂ ਤੱਕ ਸੁਆਸ ਹਨ ਤਦੋਂ ਤੱਕ ਸਤਿਗੁਰੂ ਜੀ ਆਪ ਸਾਡੇ ਤੋਂ ਸੇਵਾ ਲੈ ਰਹੇ ਹਨ ਤੇ ਲੈਂਦੇ ਰਹਿਣਗੇ । ਗੁਰੂ ਕੇ ਚਰਨਾਂ ਵਿਚ ਅਰਦਾਸ ਹੈ ਕਿ ਮਹਾਂ ਪੁਰਖਾਂ ਦਾ ਹੁਕਮ ਸਿਰ ਤੋੜ ਨਿਭ ਜਾਵੇ।'

ਗੁਰਦੁਆਰੇ ਸਾਹਿਬਾਂ ਦੀ ਪੈਦਲ ਯਾਤਰਾ

ਗੁਰਦੁਆਰੇ ਸਾਹਿਬਾਂ ਦੀ ਯਾਤਰਾ ਦਾ ਆਪ ਜੀ ਨੂੰ ਸਾਰੀ ਉਮਰ ਬੜਾ ਭਾਰੀ ਚਾਅ ਰਿਹਾ। ਯਥਾ :-

'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖ ਲਾਵਾ ॥' (੪੫੦)

ਦੇ ਗੁਰਵਾਕ ਅਨੁਸਾਰ ਜਦੋਂ ਸਰੀਰ ਜਵਾਨ ਅਵਸਥਾ ਵਿਚ ਸੀ ਤਾਂ ਆਪ ਜੀ ਨੇ ਪੈਦਲ ਤੁਰ ਕੇ ਬੜੀ ਭਾਰੀ ਯਾਤਰਾ ਕੀਤੀ । ਜੈਸਾ ਕਿ ਇਕ ਵਾਰੀ ਚੱਕ੍ਰਵਰਤੀ ਸੰਤ ਹਰਨਾਮ ਸਿੰਘ ਜੀ 'ਪਾਤਸ਼ਾਹ', ਭਾਈ ਦਲੀਪ ਸਿੰਘ

ਦੇ ਲੰਗਰ, ਬਸਤ੍ਰ, ਕਿਰਾਏ ਅਤੇ ਪੋਥੀਆਂ ਤੇ ਸਫਲੀ ਕੀਤਾ। ਬਾਕੀ ਜੋ ਕੁਝ ਬਚ ਜਾਂਦਾ, ਉਹ ਜਿਸੇ ਪਾਸ ਹੁੰਦਾ ਉਸੇ ਗੁਰਦੁਆਰੇ ਸਾਹਿਬ ਲਾਉਂਦੇ ਜਾਂ ਕੜਾਹ ਪ੍ਰਸ਼ਾਦਿ ਕਰਵਾ ਦਿੰਦੇ। ਇਕ ਵਾਰੀ ਪੰਜ ਹਜ਼ਾਰ, ਫਿਰ ਤੇਤੀ ਸੌ, ਇਕੱਤੀ ਸੌ ਦੀਆਂ ਕਈ ਵਾਰੀ ਕੜਾਹ ਪ੍ਰਸ਼ਾਦਿ ਦੀਆਂ ਦੇਗਾਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਕਰਾਈਆਂ।

ਆਪ ਜੀ ਜਲ ਵਿਚ ਕੰਵਲ ਦੀ ਨਿਆਈਂ ਨਿਰਲੇਪ ਰਹਿਣ ਤਰ੍ਹਾਂ ਮਾਇਆ ਵਿਚ ਨਿਰਲੇਪ ਰਹੇ। ਪਟਿਆਲੇ ਦੇ ਇਕ ਗੁਰਮੁਖ ਨੇ 'ਖਾਲਸਾ' ਜੀ ਨੂੰ ਕਾਰ ਹਾਜ਼ਰ ਕੀਤੀ, ਉਸ ਵੇਲੇ ਜਥਾ ਖਡੂਰ ਸਾਹਿਬ ਸੀ, ਆਪ ਜੀ ਨੇ ਸੇਵਾ ਦੇ ਪੁੰਜ ਸੰਤ ਬਾਬਾ ਉੱਤਮ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਓਥੇ ਖਡੂਰ ਸਾਹਿਬ ਹੀ ਭੇਟਾ ਕਰ ਦਿੱਤੀ। ਕਿਸੇ ਸਿੰਘ ਨੇ ਇਕ ਸੋਹਣਾ ਘੋੜਾ ਆਪ ਜੀ ਨੂੰ ਭੇਟਾ ਕੀਤਾ, ਆਪ ਜੀ ਨੇ ਉਹ ਘੋੜਾ ਤਖਤ ਸ੍ਰੀ ਹਜ਼ੂਰ ਸਾਹਿਬ ਭੇਜ ਦਿੱਤਾ ਜੋ ਕਿ ਤੇਰਾਂ ਸਾਲ ਦਸਮ ਪਾਤਿਸ਼ਾਹ ਜੀ ਦੀ ਅਸਵਾਰੀ ਦੀ ਸੇਵਾ ਕਰਦਾ ਰਿਹਾ ਤੇ ੧੯੭੩ ਈ: ਵਿਚ ਚੜ੍ਹਾਈ ਕਰ ਗਿਆ। ਉਸ ਦੀ ਥਾਂ 'ਖਾਲਸਾ' ਜੀ ਦੇ ਆਪਣੇ ਇਸ ਜਥੇ ਵਲੋਂ ਹੋਰ ਅਬਲਕ ਘੋੜਾ ਸਤਿਗੁਰੂ ਜੀ ਦੇ ਚਰਨਾਂ ਵਿਚ ਭੇਟ ਕੀਤਾ ਗਿਆ।

ਨਿੱਤਨੇਮ 'ਚ ਪ੍ਰਪੱਕ

ਆਪ ਜੀ ਨੇ ਆਪਣੇ ਜੀਵਨ ਵਿਚ ਜੋ ਵੀ ਸ਼ਬਦ ਮੂੰਹੋਂ ਕੱਢਿਆ, ਉਸ ਤੇ ਆਪ ਅਮਲ ਕੀਤਾ ਤੇ ਹੋਰਨਾਂ ਨੂੰ ਉਸ ਬਚਨ ਦੀ ਪ੍ਰੇਰਣਾ ਕੀਤੀ। ਆਪ ਜੀ ਦਾ ਸਾਰੀ ਉਮਰ ਅੱਠਾਂ ਪਹਿਰਾਂ ਦਾ ਨਿੱਤਨੇਮ :-

"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥' (੨)

ਦੇ ਅਨੁਸਾਰੀ ਰਿਹਾ। ਜਦੋਂ ਕਦੇ ਬਿਰਾਜਦੇ ਤਾਂ ਵਾਹਿਗੁਰੂ ਵਾਹਿਗੁਰੂ ਸ਼ਬਦ ਹੀ ਰਸਨਾ ਤੋਂ ਨਿਕਲਦਾ। ਜੇ ਕਦੇ ਬੱਸ ਜਾਂ ਰੇਲ ਗੱਡੀ ਵਿਚ ਜਥੇ ਸਮੇਤ ਲੰਮਾਂ ਸਫਰ ਕਰਨਾ ਪੈਂਦਾ ਤਾਂ ਵੀ ਅੰਮ੍ਰਿਤ ਵੇਲੇ ਦਾ ਇਸ਼ਨਾਨ ਕਰਕੇ ਨਿੱਤਨੇਮ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਪੋਥੀਆਂ ਤੋਂ ਕਰਿਆ ਕਰਦੇ ਜਾਂ ਸੁਣ ਲਿਆ ਕਰਦੇ। ਸਰੀਰ ਦੀ ਢਿਲਿਆਈ ਕਾਰਨ ਕਦੇ ਦੇਰ ਹੋ ਜਾਂਦੀ ਤਾਂ ਤਰਲੋ-ਮੱਛੀ ਹੁੰਦੇ ਰਹਿੰਦੇ ਤੇ ਗੁਰਬਾਣੀ ਦੀ ਇਹ ਤੁਕ ਪੜ੍ਹਿਆ ਕਰਦੇ :

ਯਥਾ:-'ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,
ਮੈ ਨੀਰ ਵਹੇ ਵਹਿ ਚਲੈ ਜੀਉ॥' (੯੪)

ਪੈਦਲ ਹੀ ਕਈ ਕਈ ਮੀਲ ਚਲਦੇ ਪਰ ਕਥਾ ਕੀਰਤਨ ਦਾ ਨਿੱਤਨੇਮ ਰਾਹ ਵਿਚ ਹੀ ਵੇਲੇ ਸਿਰ ਹਰ ਰੋਜ਼ ਜ਼ਰੂਰ ਕਰਦੇ। ਪੰਜਾਬ, ਕਸ਼ਮੀਰ, ਪਿਸ਼ਾਵਰ, ਬਨਾਰਸ, ਪਟਨਾ ਸਾਹਿਬ, ਜਗਨ ਨਾਥ ਪੁਰੀ, ਰਾਮੇਸ਼ੁਰ, ਸ੍ਰੀ ਹਜ਼ੂਰ ਸਾਹਿਬ, ਕਲਕੱਤਾ, ਬੰਬਈ ਆਦਿ ਵਿਚ ਵਿਚਰ ਕੇ ਬਹੁਤ ਭਾਰੀ ਗੁਰਮਤਿ ਦਾ ਪ੍ਰਚਾਰ ਤੇ ਤੀਰਥ ਯਾਤਰਾ ਕੀਤੀ। ਦੇਸ਼ ਭਰ ਵਿਚ ਸ਼ਾਇਦ ਹੀ ਕੋਈ ਐਸਾ ਸ਼ਹਿਰ ਜਾਂ ਇਲਾਕਾ ਹੋਵੇਗਾ ਜਿਥੇ ਕਿ ਜਥੇ ਸਮੇਤ ਜਾ ਕੇ 'ਖ਼ਾਲਸਾ' ਜੀ ਨੇ ਕਥਾ ਕੀਰਤਨ ਤੇ ਅੰਮ੍ਰਿਤ ਦੀ ਦਾਤ ਵੰਡ ਕੇ ਸਿੱਖੀ ਦਾ ਬੂਟਾ ਨਾ ਲਾਇਆ ਹੋਵੇ। ਸੰਗਤਾਂ ਦੀ ਬੇਨਤੀ ਮੰਨ ਕੇ ਸੰਗਤਾਂ ਦੀ ਰੁਚੀ ਅਨੁਸਾਰ ਜਥੇ ਸਮੇਤ ਉਸ ਨਗਰ ਜਾਂ ਸ਼ਹਿਰ ਵਿਚ ਰਹਿ ਕੇ ਕਥਾ ਕੀਰਤਨ ਦਾ ਪਰਵਾਹ ਚਲਾਉਂਦੇ। ਵਿਦਿਆਰਥੀਆਂ ਤੇ ਜਗਿਆਸੂਆਂ ਦੇ ਸ਼ੰਕੇ ਨਵਿਰਤ ਕਰਦੇ। ਆਪ ਜੀ ਨੂੰ ਸਦਾ ਖ਼ਾਲਸੇ ਦੀ ਰਹਿਤ ਬਹਿਤ ਦੀ ਪ੍ਰਪੱਕਤਾ ਅਤੇ ਨਿਰਲ ਗੁਰਮਤਿ ਦਾ ਸਿਧਾਂਤ ਦ੍ਰਿੜ੍ਹਾਉਣ ਦੀ ਦਿਲੀ ਲਗਨ ਸੀ। ਸਦਾ ਹੀ ਸਿੰਘਾਂ ਤੇ ਸੰਗਤਾਂ ਨੂੰ ਪੰਜਾਂ ਕਕਾਰਾਂ ਦੀ ਰਹਿਤ ਵਿਚ ਤਿਆਰ-ਪੁਰ-ਤਿਆਰ ਰਹਿਣ ਦਾ ਉਪਦੇਸ਼ ਦੇਂਦੇ। ਯਥਾ :-

'ਰਹਿਤ ਖਿਨਾ ਨਹਿ ਸਿਖ ਕਹਾਵੈ ॥
ਰਹਿਤ ਬਿਨਾਂ ਦਰ ਚੋਟਾਂ ਖਾਵੈ ॥'

ਉਹਨਾਂ ਦਾ ਉਪਨਾਮ 'ਖ਼ਾਲਸਾ' ਉਨ੍ਹਾਂ ਦੀ

'ਜਾਗਤ ਜੋਤਿ ਜਪੈ ਨਿਸ ਬਾਸੁਰ
ਏਕ ਬਿਨਾਂ ਮਨ ਨੈਕ ਨ ਆਨੈ ॥' (੩੩ ਸ੍ਵਯੇ)

ਦੀ ਦ੍ਰਿੜ੍ਹਤਾ ਦਾ ਸੂਚਕ ਸੀ।

ਮਾਇਆ ਤੋਂ ਨਿਰਲੇਪ

ਮਹਾਂ ਪੁਰਖਾਂ ਦਾ ਆਪ ਜੀ ਨੂੰ ਬਚਨ ਸੀ ਕਿ ਮਾਇਆ ਕਿਸੇ ਪਾਸੋਂ ਮੰਗਣੀ ਨਹੀਂ, ਸੰਗਤ ਵੱਲੋਂ ਆਈ ਮਾਇਆ ਸਾਧ ਸੰਗਤ ਵਿਚ ਹੀ ਵਰਤਣੀ ਹੈ, ਜਮ੍ਹਾਂ ਨਹੀਂ ਕਰਨੀ।

'ਸਤਿ ਬਚਨ ਸਾਧੂ ਉਪਦੇਸ ॥ (੨੮੪)
'ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥' (੭੪੭)

ਦੇ ਸ੍ਰੀ ਮੁਖਵਾਕ ਅਨੁਸਾਰ ਆਪ ਜੀ ਨੇ ਸਾਰੀ ਉਮਰ ਇਹਨਾਂ ਬਚਨਾਂ ਤੇ ਫੁੱਲ ਚੜ੍ਹਾਏ। ਜੋ ਸੰਗਤਾਂ ਵੱਲੋਂ ਮਾਇਆ ਆਈ, ਉਸ ਨੂੰ ਜਥੇ ਦੇ ਸਿੰਘਾਂ

ਪ੍ਰਵਾਨ ਕਰਕੇ ਚੌਥੀ ਕਥਾ ਏਥੇ ਹੀ ਅਰੰਭ ਕਰਕੇ ਤੇ ਏਥੇ ਹੀ ਭੋਗ ਪਾਇਆ (ਏਥੇ ਹੀ ਆਪ ਜੀ ਨੇ ਸੱਚਖੰਡ ਗਮਨ ਕੀਤਾ) ਬਾਕੀ ਸਾਰੀਆਂ ਕਥਾਵਾਂ ਭਾਰਤ ਭਰ ਵਿਚ ਵਿਚਰ ਕੇ ਕੀਤੀਆਂ। ਗੁਰਮਤਿ ਦਾ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਲੱਕ ਬੰਨ੍ਹ ਕੇ ਚੜ੍ਹਦੀ ਕਲਾ ਵਿਚ ਕੀਤਾ।

ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਸਰੋਵਰ ਦੀ ਸੇਵਾ ਸੰਪੂਰਨ ਤੇ ਸਵਾ ਲੱਖ ਜਾਪੁ ਸਾਹਿਬ ਦਾ ਪਾਠ

ਵਿਚਰ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਆਪ ਜੀ ਸ੍ਰੀ ਹਰਿਗੋਬਿੰਦਪੁਰ ਸਾਹਿਬ ਪੁੱਜੇ। ਜਿਥੇ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੂਸਰਾ ਭਾਰੀ ਜੰਗ ਕੀਤਾ ਤੇ ਦੁਸ਼ਮਣ ਦੀ ਸਾਰੀ ਫ਼ੌਜ ਨੂੰ ਇਕੋ ਦਿਨ ਵਿਚ ਹੀ ਮਾਰ ਕੇ ਭਾਈ ਗਪਾਲੋ ਜੀ ਤੋਂ ਜਪੁ ਜੀ ਸਾਹਿਬ ਦਾ ਸ਼ੁਧ ਪਾਠ ਸੁਣਿਆ ਸੀ। ਇਸ ਅਸਥਾਨ ਨਾਲ ਸੰਤ ਸੁੰਦਰ ਸਿੰਘ ਜੀ ਦਾ ਬੜਾ ਪਿਆਰ ਸੀ। ਉਹ ਕਈ ਵਾਰੀ ਜਥੇ ਸਮੇਤ ਇਥੇ ਰਹਿ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਅਤੇ ਸਰੋਵਰ ਦੇ ਪਉੜਾਂ ਦੀ ਸੇਵਾ ਅਰੰਭ ਕੀਤੀ ਪਰ ਇਕੋ ਪਉੜ ਹੀ ਬਣਿਆ ਸੀ ਕਿ ਮਹਾਂ ਪੁਰਖ ਸੱਚਖੰਡ ਜਾ ਬਿਰਾਜੇ। ਬਾਕੀ ਸਾਰੀ ਸੇਵਾ ਬਾਅਦ ਵਿਚ 'ਖ਼ਾਲਸਾ' ਜੀ ਨੇ ਸੰਪੂਰਨ ਕਰਵਾਈ ਅਤੇ ਸਵਾ ਲੱਖ ਜਾਪੁ ਸਾਹਿਬ ਦਾ ਪਾਠ ਸੱਚਖੰਡ ਵਾਸੀ ਮਹਾਂ ਪੁਰਖਾਂ ਦੇ ਸੰਕਲਪ ਕਰਕੇ ਏਥੇ ਰਹਿ ਕੇ ਜਥੇ ਸੰਗਤ ਤੋਂ ਕਰਵਾਇਆ।

ਇਸ ਸੇਵਾ ਵਿਚ ਸੰਤ ਹਜ਼ਾਰਾ ਸਿੰਘ ਜੀ, ਸੰਤ ਅਜਾਇਬ ਸਿੰਘ ਜੀ, ਜਥੇਦਾਰ ਗੁਰਦਿਆਲ ਸਿੰਘ ਜੀ, ਭਾਈ ਜੱਸਾ ਸਿੰਘ ਜੀ, ਭਾਈ ਬੱਲਾ ਸਿੰਘ ਜੀ ਲਾਂਗਰੀ, ਮਿਸਤਰੀ ਭਾਈ ਕਰਮ ਸਿੰਘ ਜੀ ਤੇ ਭਾਈ ਗੁਰਨਾਮ ਸਿੰਘ ਜੀ ਦਾ ਉਤਸ਼ਾਹ, ਮਿਲਵਰਤਨ, ਸੇਵਾ ਤੇ ਪਿਆਰ ਖ਼ਾਸ ਸ਼ਲਾਘਾ ਯੋਗ ਹੈ। ਏਥੋਂ ਆਪ ਜੀ ਨਾਮ, ਬਾਣੀ, ਸੇਵਾ, ਸਿਮਰਨ, ਕਥਾ ਤੇ ਕੀਰਤਨ ਦੀ ਦਿਨ ਰਾਤ ਵਰਖਾ ਕਰਦੇ ਹੋਏ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ (ਅੰਬਾਲਾ) ਵਿਖੇ ਆ ਗਏ।

ਦੇਸ਼ ਭਰ ਵਿਚ ਵਿਚਰ ਕੇ ਪ੍ਰਚਾਰ ਤੇ ਤੀਰਥ ਯਾਤਰਾ

ਇਲਾਹੀ ਬਾਣੀ ਦਾ ਕੀਰਤਨ, ਕਥਾ, ਪ੍ਰਚਾਰ, ਸਿੰਘਾਂ ਨੂੰ ਪੜ੍ਹਾਉਣਾ, ਗੁਰਮਤਿ ਦੀ ਵਿੱਦਿਆ ਵਿਚ ਨਿਪੁੰਨ ਕਰਨਾ, ਅੰਮ੍ਰਿਤ ਛਕੌਣਾ, ਆਪ ਜੀ ਦਾ ਮੁੱਖ ਵਿਸ਼ਾ ਸੀ। ਹੋਰ ਕਿਸੇ ਰਾਜਨੀਤਕ ਗੱਲ ਵਿਚ ਆਪ ਜੀ ਦੀ ਕੋਈ ਰੁਚੀ ਨਹੀਂ ਸੀ। ਕਈ ਵਾਰੀ ਗੁਰਮਤਿ ਦਾ ਪ੍ਰਚਾਰ ਕਰਨ ਲਈ ਜਥੇ ਸਮੇਤ

ਬਖਸੇ ਹਨ । ਉਨ ਆਪ ਹੀ ਨ੍ਰਿਪਾ ਕਰਕੇ ਇਨ੍ਹਾਂ ਦਾ ਹਰ ਇਕ ਵਿਹਾਰ ਕਰਨਗੇ । ਇਹ ਸੂਧੇ ਸੁਭਾਅ ਵਾਲਾ ਗੁਰਮੁਖ ਹੈ, ਹੋਰ ਸੇਵਾ ਸੰਭਾਲ ਵਾਲੇ ਬੇਅੰਤ ਗੁਰਮੁਖ ਪਿਆਰੇ ਨਾਲ ਰਿਹਾ ਕਰਨਗੇ ।' ਇੰਨੇ ਬਚਨ ਕਹਿ ਕੇ ਆਪ ਜੀ ਚੁੱਪ ਕਰ ਗਏ ।

'ਗੁਰਮੁਖ ਜਨਮ ਸਵਾਰ ਦਰਗਹ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥'

੪ ਫੱਗਣ ਸੰਮਤ ੧੯੮੬ ਬਿਕ੍ਰਮੀ ਮੁਤਾਬਿਕ ੧੫ ਫ਼ਰਵਰੀ ੧੯੩੦ ਈ: ਨੂੰ ਗੁਰਦੁਆਰਾ ਸੱਚਖੰਡ ਪਿੰਡ ਬੋਪਾਰਾਏ ਵਿਖੇ ਸਵੇਰ ਦੇ ਸਵਾ ਕੁ ਅੱਠ ਵਜੇ ਦੇ ਕਰੀਬ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਸੁਣਦੇ ਮਹਾਂ ਪੁਰਖ ਸੱਚਖੰਡ ਪਧਾਰ ਗਏ ।

ਤਿੰਨ ਕਥਾ ਦਾ ਭੋਗ ਤੇ ਵਿਚਰ ਕੇ ਪ੍ਰਚਾਰ

'ਖ਼ਾਲਸਾ' ਜੀ ਨੇ ਮਹਾਂ ਪੁਰਖਾਂ ਦੇ ਅਕਾਲ ਚਲਾਣੇ ਉਪਰੰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਤਿੰਨ ਕਥਾ ਪਿੰਡ ਬੋਪਾਰਾਏ ਰਹਿ ਕੇ ਸੰਪੂਰਨ ਕੀਤੀਆਂ । ਸੰਨ ੧੯੩੪ ਦੇ ਆਖਰੀ ਮਹੀਨੇ ਵਿੱਚ ਸੋਲਾਂ ਵਡਭਾਗੇ ਗੁਰਮੁਖਾਂ ਦੇ ਜਥੇ ਸਮੇਤ ਆਪ ਜੀ ਨੇ ਗੁਰਮਤਿ ਦਾ ਪ੍ਰਚਾਰ ਵਿਚਰ ਕੇ ਕਰਨ ਲਈ ਕਮਰਕੱਸੇ ਕਰ ਲਏ । ਸ੍ਰੀ ਅਨੰਦਪੁਰ ਸਾਹਿਬ, ਊਨਾਂ, ਰਵਾਲਸਰ, ਬਿਆਸ ਕੁੰਡ, ਜੋਗਿੰਦਰ ਨਗਰ, ਬੈਜਨਾਥ, ਬਾਸਠ ਨਗਰੀ (ਬਾਹਠ ਸਾਹਿਬ), ਕਰਤਾਰਪੁਰ ਸਾਹਿਬ, ਅੱਚਲ ਬਟਾਲਾ ਆਦਿ ਸਥਾਨਾ ਦੇ ਦਰਸ਼ਨ, ਕਥਾ, ਕੀਰਤਨ ਤੇ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਅੰਮ੍ਰਿਤਸਰ ਸਾਹਿਬ ਪਹੁੰਚੇ । ਇਸ਼ਨਾਨ, ਦਰਸ਼ਨ ਕਰਕੇ ਕੀਰਤਨ ਦਾ ਅਨੰਦ ਮਾਣਿਆ ।

'ਅਚਲ ਵਟਾਲੇ ਦਰਸ਼ਨ ਪਾਏ । ਸ੍ਰੀ ਅੰਮ੍ਰਿਤਸਰ ਦਰਸ ਨਹਾਏ ।
ਮਹਿਤੇ ਸਿੰਘ ਬੇਲੇ ਆ ਰਹੇ । ਸ਼ਾਹ ਦਲੀਪ ਸਿੰਘ ਸੇਵਾ ਗਹੇ ॥੧੩੬॥
ਕਥਾ ਗੁਰਬਾਣੀ ਚਉਥੀ ਕੀਨੀ । ਪੰਝੀ ਸਿੰਘ ਨਾਲ ਰਹੇ ਮਨ ਭੀਨੀ ।
ਨਗਰਾਂ ਮੇਂ ਪਰਚਾਰ ਕਰਾਏ । ਸੈਂਕੜੇ ਲੋਕੋਂ ਸੁਧਾ ਅਚਾਏ ॥੧੩੭॥
(ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ ੯੧੯)

ਹਣ ਨਾਲ ਰਹਿਣ ਵਾਲੇ ਸਿੰਘਾਂ ਦੀ ਗਿਣਤੀ ੨੫ ਹੋ ਚਕੀ ਸੀ । ਸਿੱਖੀ ਦੇ ਪ੍ਰਚਾਰ ਦਾ ਇਹ ਬੂਟਾ ਦਿਨੋ ਦਿਨ ਪ੍ਰਫੁੱਲਤ ਹੁੰਦਾ ਗਿਆ । ਪਿੰਡ ਮਹਿਤੇ ਵਾਲੇ ਸ਼ਾਹ ਦਲੀਪ ਸਿੰਘ ਜੀ ਤੇ ਸਾਰੇ ਨਗਰ ਦੀ ਸੰਗਤ ਦੀ ਬੇਨਤੀ

ਪਾਸੋਂ ਭਾਵੇਂ ਬੇਅੰਤ ਗੁਰਮੁਖ ਪੜ੍ਹੇ, ਕਈ ਪੜ੍ਹਕੇ ਭੁੱਲ ਗਏ, ਕਈ ਨੌਕਰੀਆਂ ਤੇ ਜਾ ਲੱਗੇ, ਕਈ ਗ੍ਰਹਿਸਤ ਵਿਚ ਜਾ ਫਸੇ, ਪਰ ਜੋ ਅੱਖਰ ਅਸੀਂ ਸੱਚਖੰਡ ਵਾਸੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਪਾਸੋਂ ਪੜ੍ਹੇ ਸਨ ਉਨ੍ਹਾਂ ਅੱਖਰਾਂ ਨੂੰ ਇਨ੍ਹਾਂ ਨੇ ਸਫਲਾ ਕੀਤਾ ਹੈ। ਮਹਾਂ ਪੁਰਖਾਂ ਪਾਸੋਂ ਸਾਨੂੰ ਜਿਹੜੀ ਬਖਸ਼ਿਸ਼ ਹੋਈ ਸੀ ਉਹ ਅਸੀਂ ਆਪਣੇ ਵੱਲੋਂ ਅੱਜ ਤੋਂ ਇਨ੍ਹਾਂ ਦੀ ਝੋਲੀ ਪਾਉਂਦੇ ਹਾਂ। ਕਲਗੀਧਰ ਪਿਤਾ ਜੀ ਦੀ ਚਲਾਈ ਹੋਈ ਦਾਦਾ ਜੀ ਟਕਸਾਲ ਦੀ ਸੇਵਾ ਸੰਭਾਲ ਤੇ ਸਾਰੀ ਜ਼ਿੰਮੇਂਵਾਰੀ ਇਨ੍ਹਾਂ ਨੂੰ ਸੌਂਪ ਕੇ ਗੁਰੂ ਘਰ ਵਿਚੋਂ ਸਿਰੋਪਾਉ ਬਖਸ਼ਦੇ ਹਾਂ।' ਆਪ ਜੀ ਨੇ 'ਖ਼ਾਲਸਾ' ਜੀ ਨੂੰ ਇਹ ਬਚਨ ਵੀ ਕਹੇ, 'ਇਕ ਕੰਮ ਕਰਨਾ ਹੈ ਜਾਂ ਸੌ ?' ਤਾਂ ਅੱਗੋਂ 'ਖ਼ਾਲਸਾ' ਜੀ ਨੇ ਕਿਹਾ, 'ਜੀ ! ਇਕੋ ਕੰਮ ਹੀ ਚੰਗਾ ਹੈ ਭਾਵ ਬਾਣੀ ਪੜ੍ਹਨ ਪੜ੍ਹਾਉਣ ਤੇ ਟਕਸਾਲ ਚਲਾਉਣ ਦਾ ਹੀ ਬਖ਼ਸ਼ੋ ਜੀ।' ਤਾ ਮਹਾਂ ਪੁਰਖਾਂ ਨੇ ਕਿਹਾ, ਇਸ ਇਕ ਕੰਮ ਦੇ ਮੁਕਾਬਲੇ ਤੇ ਸੌ ਕੰਮ ਵੀ ਨਹੀਂ ਪੁੱਜ ਸਕਣਗੇ ਤੇ ਉਹ ਸਾਰੇ ਕੰਮ ਨਾਲ ਨਾਲ ਸੁਤੇ ਸਿੱਧ ਹੀ ਹੁੰਦੇ ਰਹਿਣਗੇ।' ਉਹ ਇਹ ਕੰਮ ਜੋ ਅਤੁੱਟ ਲੰਗਰ ਚਲਾਉਣੇ, ਗੁਰਦੁਆਰੇ ਸਾਹਿਬ ਬਣਾਉਣੇ ਆਦਿ ਜੋ ਕਿ ਸਤਿਗੁਰਾਂ ਦੀ ਕਿਰਪਾ ਨਾਲ ਸਹਿਜੇ ਹੀ ਸਾਰੇ ਜੀਵਨ ਵਿੱਚ ਹੁੰਦੇ ਰਹੇ। ਬੇਅੰਤ ਗੁਰਦੁਆਰੇ ਸਾਹਿਬ ਮਹਾਂ ਪੁਰਖਾਂ ਨੇ ਬਣਵਾਏ।

ਜਦੋਂ ਦਸਤਾਰ ਦੇਣ ਵਾਸਤੇ ਕਿਹਾ, 'ਲਿਆਓ ! ਇਨ੍ਹਾਂ ਨੂੰ ਦਸਤਾਰ ਦੇਈਏ।' ਤਾਂ ਕੁਝ ਈਰਖਾਲੂ ਸਿੰਘਾਂ ਨੇ ਅੰਦਰੋਂ ਦਸਤਾਰ ਨਾ ਲਿਆਕੇ ਦਿੱਤੀ। ਮਹਾਂ ਪੁਰਖਾਂ ਨੇ ਵਾਜੇ ਦੀ ਸੋਹਣੀ ਫੁਲਕਾਰੀ ਚੁੱਕ ਕੇ 'ਖ਼ਾਲਸਾ' ਜੀ ਦੇ ਉੱਤੇ ਰੱਖ ਦਿੱਤੀ ਤੇ ਸਰ੍ਹੋਂ ਦੇ ਫੁੱਲ ਤੋੜ ਕੇ ਸੀਸ ਉੱਤੇ ਰੱਖੇ ਅਤੇ ਬਚਨ ਕਹੇ, 'ਇਨ੍ਹਾਂ ਫੁੱਲਾਂ ਤਰ੍ਹਾਂ ਮਨ ਖਿੜਿਆ ਰਹੇਗਾ, ਭਗਤੀ ਦੀ ਖ਼ੁਸ਼ਬੂ ਵੰਡਦੇ ਰਹੋਗੇ।' ਜਦੋਂ ਮਹਾਂ ਪੁਰਖਾਂ ਨੇ ਬਖ਼ਸ਼ਿਸ਼ ਕੀਤੀ ਤਾਂ ਇੱਕ ਸਿੰਘ ਨੇ ਇਹ ਬਚਨ ਉਹਨਾਂ ਨੂੰ ਓਸੇ ਵੇਲੇ ਦੀਵਾਨ ਵਿੱਚ ਕਹੇ, 'ਤੁਸੀਂ ਸਾਰੀ ਝੋਲੀ ਬੱਚੇ ਨੂੰ ਹੀ ਝਾੜ ਦਿੱਤੀ ਹੈ ਅਸੀਂ ਇੰਨੇ ਚਿਰ ਦੇ ਐਵੇਂ ਨਾਲ ਤੁਰੇ ਫਿਰਦੇ ਸੀ।' ਤਾਂ ਮਹਾਂ ਪੁਰਖਾਂ ਉੱਤਰ ਦਿੱਤਾ, 'ਭਾਈ ! ਆਲਸਾਹੀ ਹੋ ਕੇ ਰਹੋਗੇ ਤਾਂ ਸੁਪ ਪਾਓਗੇ ਨਹੀਂ ਤਾਂ ਦੁਖੀ ਹੋਵੋਗੇ।' ਦੂਜੇ ਨੇ ਕਿਹਾ, 'ਮੋਰ ਦੇ ਖੰਭ ਅਤੇ ਆਵਾਜ਼ ਤਾਂ ਚੰਗੀ ਹੁੰਦੀ ਹੈ ਪਰ ਆਪਣੇ ਪੈਰਾਂ ਨੂੰ ਵੇਖ ਵੇਖ ਕੇ ਝੂਰਦਾ ਰਹਿੰਦਾ ਹੈ, ਇਸ ਤਰ੍ਹਾਂ ਹੈ ਇਹ ਜਿਸ ਨੂੰ ਤੁਸੀਂ ਸਭ ਕੁਝ ਸੌਂਪਣਾ ਚਾਹੁੰਦੇ ਹੋ।' ਤਾਂ ਮਹਾਂ ਪੁਰਖਾਂ ਕਿਹਾ, 'ਤੂੰ ਸਾਰੀ ਉਮਰ ਹੀ ਝੂਰਦਾ ਰਹੇਂਗਾ।' ਤੀਜੇ ਸਿੰਘ ਨੇ ਕਿਹਾ, 'ਇਹ ਛੋਟੀ ਉਮਰ ਦਾ ਹੈ, ਸੂਧੇ ਸੁਭਾਅ ਦਾ ਹੈ, ਇਸ ਨੂੰ ਵਿਹਾਰ ਚਲਾਉਣ ਦਾ ਵੱਲ ਨਹੀਂ।' ਤਾਂ ਮਹਾਂ ਪੁਰਖਾਂ ਕਿਹਾ, 'ਸਤਿਗੁਰੂ ਜੀ ਨੇ ਇਨ੍ਹਾਂ ਨੂੰ ਅੰਤਰੀਵ ਨੇਤਰ

ਸੱਚਖੰਡ ਗੁਰਮੁਖ ਮਜ਼ਲ ਕਥਨ ਕਰ,
ਕਥਨਾ ਹੈ ਕਰੜਾ ਸੋ ਸਾਰੁ ਜਿਮ ਮਾਨੀਏ।
ਸਾਧਨ ਗਿਆਨ ਹੂੰ ਕੇ ਜਤ ਤੇ ਧੀਰਜ ਭਨ,
ਹੋਂਵਦਾ ਨਿਹਾਲ ਰਿਦ ਜਾਹਿ ਨੇ ਵਸਾਨੀਏ ॥੫੮॥
ਗੁਰੂ ਕੀ ਸਿਫਤ ਕਰਿ ਪਉਣ ਕੇ ਸਮਾਨ ਵਹਿ,
ਧਰਮ ਹਜ਼ੂਰ ਨੇਕੀ ਬਦੀ ਪ੍ਰਕਾਸ਼ ਹੈ।
ਨਾਮ ਕੋ ਧਿਆਇ ਜਿਨ ਹੰਗਤਾ ਅਭਾਵ ਕਰੀ,
ਸੁਖ ਕੇ ਸਰੂਪ ਸੋਈ ਵਾਸ਼ਨਾ ਵਿਨਾਸ ਹੈ।
ਮੁਖਿ ਤਿਨਹੂੰ ਕੇ ਹੋਏ ਉਜਲ ਜਹਾਨ ਮਹਿ,
ਕਿਤਨੀ ਹੀ ਦੁਨੀਆਂ ਕੀ ਬੰਦ ਸੇ ਖਲਾਸ ਹੈ।
ਸਤਿਗੁਰੂ ਨਾਨਕ ਕੇ ਜਪੁ ਕੋ ਵਿਚਾਰ ਕਰ,
ਸੀਸ ਕੋ ਝੁਕਾਇ ਮੇਰੀ ਨਮੋ ਸੁਖਰਾਸ ਹੈ ॥੫੯॥
[ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ ੬੨੯)

ਮਹਾਂ ਪੁਰਖਾਂ ਕਥਾ ਸੁਣ ਕੇ ਬਖ਼ਸ਼ਿਸ਼ ਕਰਨੀ

ਸੰਤ ਸੁੰਦਰ ਸਿੰਘ ਜੀ ਨੇ 'ਖ਼ਾਲਸਾ' ਜੀ ਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਪੂਰਨ ਕਥਾ ਸਾਰੇ ਅਰਥਾਂ ਸਮੇਤ ਬੋਪਾਰਾਏ ਵਿਖੇ ਭਰੇ ਦੀਵਾਨ ਵਿੱਚ ਸਰਵਣ ਕੀਤੀ। ਹਰ ਰੋਜ਼ ਦੋਵੇਂ ਸਮੇਂ ਪੰਜ ਘੰਟੇ ਸਵੇਰੇ ਤੇ ਤਿੰਨ ਘੰਟੇ ਸ਼ਾਮ ਨੂੰ ਅਠਾਰਾਂ ਪੱਤਰਿਆਂ ਦੀ ਕਥਾ ਕਰਦੇ। ਮਹਾਂ ਪੁਰਖਾਂ ਨੇ ਸਾਰੀ ਗੁਰਬਾਣੀ ਦੇ ਅਹਥ ਕੋਲ ਬੈਠ ਕੇ ਸੁਣੇ ਅਤੇ ਬੜੇ ਪ੍ਰਸੰਨ ਹੋ ਕੇ ਭੋਗ ਵਾਲੇ ਦਿਨ ਇਨ੍ਹਾਂ ਨੂੰ ਦੀਵਾਨ ਵਿੱਚ ਸਿਰੋਪਾਓ ਦੇ ਕੇ ਸਨਮਾਨਿਆਂ, ਜੋ ਕਿ 'ਸ੍ਰੀ ਗੁਰਮੁਖ ਪ੍ਰਕਾਸ਼' ਦੇ ਪੰਨਾ ੯੧੮ ਵਿੱਚ ਇਸ ਤਰ੍ਹਾਂ ਵਰਨਣ ਹੈ :-

ਦੋਹਰਾ ॥ ਸਿਮਰਨ ਕੀ ਲਿਵ ਲਾਇ ਕੇ, ਭਗਤ ਦੀਨ ਸਿਰੋਪਾਉ।
ਸੇਵਾ ਆਪਣੀ ਸੌਂਪ ਕੇ, ਗੁਰਬਾਣੀ ਕੋ ਪੜ੍ਹਾਉ ॥੧੨੫॥
ਸਭ ਕੁਝ ਦੀਨਾ ਤੋਹਿ ਕੋ, ਸਿਮਰੀਂ ਸਦਾ ਅਕਾਲ।
ਦਸ ਗੁਰ ਗੁਰੂ ਗ੍ਰੰਥ ਜੀ, ਏਕੋ ਜੋਤਿ ਨਿਹਾਲ ॥੧੨੬॥
ਸੰਗਤਿ ਮੇਂ ਮਿਲ ਕੇ ਰਹੀਂ, ਹਉਮੈਂ ਕਰੀਂ ਨਾ ਮੂਲ।
ਗੁਰ ਅਕਾਲ ਕੇ ਦਰਸ ਹੋਹਿ, ਪ੍ਰੇਮ ਰੰਗ ਚਾਲੂਲ ॥੧੨੭॥

ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਖੇ ਸੰਗਤਾਂ ਦੇ ਭਾਰੀ ਇਕੱਠ ਵਿਚ ਇਹ ਬਚਨ ਕਹੇ, 'ਸਾਡੇ

ਪੌੜੀਆਂ ਚੌਹਾਂ ਦੇ ਵਿਚ ਸ੍ਰਵਣ ਮਹਾਤਮ ਹੈ,
ਮੰਨਨ ਕੋ ਚਹੁੰ ਵਿਚ ਕਹਿਆ ਅਲਾਪ ਕੋ ॥੫੪॥
ਪੰਚ ਪ੍ਰਵਾਣ ਵਿਚ ਨਿਧਿਜਾਸਨ ਕੋ ਵਿਸ਼ਾ ਕਹਿ,
ਸਤਾਰਵੀਂ ਦੇ ਵਿਚ ਜਪੁ ਸ਼ਾਤਕੀ ਅਨੰਤ ਹੈ।
ਅਠਾਰਮੀ ਮੇਂ ਤਾਮਸੀ ਸ੍ਰਿਸ਼ਟੀ ਦਸ ਬਹੁ ਰੰਗੀ,
ਉਲੀਗਵੀਂ ਮੇਂ ਬਾਣੀ ਭੀ ਅਗੰਮ ਤੇ ਸਿਅੰਤ ਹੈ।
ਚਾਰੋਂ ਮਹਾਂਵਾਕ ਕਹਿ ਪੂਰਬ ਅਰਧ ਪੂਰਾਂ,
ਪਾਪਾਂ ਸੰਦੀ ਮੈਲ ਵਿਚ ਬੀਸਵੀਂ ਕਟੰਤ ਹੈ।
ਤੀਰਥ ਤੇ ਦਾਨ ਔ ਸ੍ਰਵਨ ਮੰਨਨ ਕਹਿ,
ਜਗ ਉਤਪਤੀ ਹੋਈ ਆਂਵਦਾ ਨ ਅੰਤ ਹੈ ॥੫੫॥
ਬਾਈ ਵਿਚ ਲਖਾਂ ਹੀ ਅਕਾਸ ਤੇ ਪਤਾਲ ਦਸ,
ਅੰਤ ਨਹੀਂ ਓੜਕ ਨੂੰ ਥੱਕ ਗਏ ਭਾਲਦੇ।
ਹਰੀ ਦੇ ਮਿਲਣ ਤਾਈਂ ਸਦਾ ਹੀ ਸਿਫ਼ਤ ਕਰ,
ਹੋਇ ਸੁਲਤਾਨ ਮਾਨ ਕੀੜੀ ਨਾ ਵਿਖਾਲਦੇ।
ਅੰਤ ਤੋਂ ਬਿਅੰਤ ਦਾਤ ਅੰਤ ਗਤ ਹੂੰ ਕਾ ਲਹਿ,
ਬਹੁਤਾ ਹੈ ਕਰਮ ਮੰਨੇ ਕੋਈ ਕਰ ਘਾਲ ਦੇ।
ਛੱਬੀ ਵਿਚ ਅਮੋਲਕ ਹੈ ਗੁਣ ਕਰਤਾਰ ਹੂੰ ਕੇ,
ਗੋਪੀਆਂ ਤੇ ਕਾਨ੍ਹ ਆਖ ਅੰਤ ਨਹੀਂ ਡਾਲਦੇ ॥੫੬॥
ਰੱਬੀ ਦਰਵਾਜ਼ਾ ਕਹਿ ਗਾਂਵਦੇ ਅਨੰਤ ਵਹਿ,
ਮੇਲਦਾ ਨਦਰ ਜਹਿ ਕਰਦਾ ਅਕਾਲ ਹੈ।
ਮੁੰਦਾ ਸੰਤੋਖ ਕਹਿਓ ਭੁਗਤ ਗਿਆਨ ਲਹੋ,
ਏਕ ਤ੍ਰਿਗੁਣੀ ਰਹੋ ਆਦੀ ਪ੍ਰਤਿਪਾਲ ਹੈ।
ਆਸਣ ਅਲੋਕ ਦਸ ਇਕ ਦੂੰ ਜ਼ੁਬਾਨ ਲੱਖ,
ਆਪਣ ਦਾ ਪ੍ਰੇਮ ਚੱਖ ਹੋਂਵਦਾ ਨਿਹਾਲ ਹੈ।
ਬੱਤੀ ਇਮ ਪੌੜੀ ਕਹੀ ਬ੍ਰਹਮ ਹੈ ਵਿਦਿਯਾ ਸਹੀ,
ਤੇਤੀ ਵਿਚ ਜ਼ੋਰ ਨਹੀਂ ਚੱਲਦਾ ਕੰਗਾਲ ਹੈ ॥੫੭॥
ਰਾਤੀ ਰੁਤੀ ਵਿਚ ਧਰਮ ਖੰਡ ਕੋ ਵਖਾਨ ਹੋਇ,
ਪੈਂਤੀ ਵਿਚ ਗਿਆਨ ਹੂੰ ਕੋ ਖੰਡ ਪਹਿਚਾਨੀਏ।
ਛੱਤੀ ਵਿਚ ਆਖਿਆ ਅਨੰਦ ਹੈ ਸਰਮ ਖੰਡ,
ਸੈਂਤੀ ਵਿਚ ਕਰਮ ਕੋ ਖੰਡ ਅਨੁਮਾਨੀਏ।

ਸਹਸ ਸਿਆਣਪਾਂ ਦੀ ਸਮਝ ਨਾ ਕੰਮ ਆਵੇ,
ਕਰਨੇ ਬਿਬੇਕ ਏਹੁ ਧਾਰੋ ਉਪਦੇਸ ਕੋ।
ਪੂਰਨ ਪ੍ਰੇਮੀ ਅਤੇ ਪੱਕੇ ਅਧਿਕਾਰੀ ਬਣ,
ਸੱਚੇ ਗੁਰਦੇਵ ਪਾਸ ਕਰੀਏ ਆਦੇਸ ਕੋ।
ਕਿਵੇਂ ਸਚਿਆਰਾ ਬਣੇ ਕੂੜ ਦੀ ਜੇ ਪਾਲ ਹਟੇ,
ਕਿਵੇਂ ਹਟੇ ਪਾਲ ਏਹੁ ਕਹੋ ਲਵਲੇਸ ਕੋ।
ਹੁਕਮ ਰਜਾਈ ਹੂੰ ਕੋ ਰਾਜੀ ਹੋਇ ਚੱਲਣਾ ਜੇ,
ਹੋਵੇ ਸਚਿਆਰਾ ਤੁਟੇ ਕੂੜ ਦੀ ਹਮੇਸ਼ ਕੋ ॥੫੧॥
ਆਦਿ ਪਉੜੀ ਵਿਚ ਗੁਰ ਮਹਾਂਵਾਕ ਰੂਪ ਸਚ,
ਪੂਰਾ ਅਧਿਕਾਰੀ ਅਤੇ ਮੋਖ ਕੋ ਸਰੂਪ ਹੈ।
ਦੂਸਰੀ ਉਚਾਰਾ ਬੀਸ ਹੁਕਮ ਧਿਅੰਤ ਆਹੇ,
ਬੁਝ ਲੈ ਹੁਕਮ ਹਉਂ ਕਟਕੇ ਅਨੂਪ ਹੈ।
ਤੀਸਰੀ ਬਿਅੰਤ ਤਾਣ ਪੁਰਾਣ ਸੋ ਬਿਅੰਤ ਗਾਏ,
'ਪੰਚਰਾਤ੍ਰ' ਨੀਸਾਣ ਦਾਤ ਗਾਂਵਦਾ ਅਜੂਪ ਹੈ।
ਗੁਣ ਗਾਵੈ 'ਸਾਂਖ' ਜੋ ਅਸੰਗ ਸੋ ਪੁਰਖ ਕਹੇ,
ਵਿਦਿਆ ਵਿਖਮ 'ਨਿਆਇ' ਉਚਰੇ ਸੋ ਭੂਪ ਹੈ ॥੫੨॥
ਗਾਂਵਦਾ ਹੈ ਸਾਜੇ ਤਨ ਖੇਹ ਮੇਂ ਮਿਲਾਇ ਦੇਇ,
ਕਾਲਵਾਦੀ ਹੈ ਜੋ 'ਵਿਸੇਖਕ' ਪਿਆਰਿਆ।
ਜੀਅ ਕਰਮ ਅਧੀਨ ਹੋਇ 'ਪੂਰਬ ਮੀਮਾਂਸਾ' ਕਹੈ,
ਜੋਗ ਬਿਨਾ ਦੂਹ ਹੈ 'ਪਤੰਜਲ' ਉਚਾਰਿਆ।
ਹਾਜ਼ਰ ਹਜ਼ੂਰ ਜਾਣ ਗਾਂਵਦਾ ਵਿਦਾਂਤ ਇਕ,
ਕਥਜੋ ਨ ਜਾਇ ਵੇ ਖ਼ਾਸ ਮੈਂ ਵਿਚਾਰਿਆ।
ਸਾਚਾ ਹੈ ਸਾਹਿਬ ਭੇਟਾ ਨਾਮ ਦੀ ਹੀ ਪਾਸ ਹੋਇ,
ਤਤ ਪਦ ਰੂਪ ਇਉਂ ਚੌਥੀ ਨਿਰਧਾਰਿਆ ॥੫੩॥
ਥਾਪਿਆ ਨ ਜਾਇ ਸੁਧ ਰੂਪ ਕੋ ਸਾਧਨ ਕਹੇ,
ਗੁਰੂ ਕੇ ਲਖਨ ਸੋਈ ਮੈਂ ਲਖ ਆਪ ਕੋ।
ਪੰਜਵੀਂ ਸੋ ਛੇਵੀਂ ਮੇਂ ਤੀਰਥ ਬਨੌਟੀ ਖੰਡੇ,
ਹੋ ਨਿਹਕਾਮ ਮਤ ਵਿਚ ਪ੍ਰਤਾਪ ਕੋ।
ਸਤਵੀਂ ਮੇਂ ਵਿਰਾਗ ਹੈ ਆਪ ਤੂੰ ਸਮਝ ਵੇਖ,
ਨਜ਼ਰ ਤੋਂ ਬਿਨਾਂ ਸਹੇ ਦੂਖ ਅਰ ਤਾਪ ਕੋ।

ਜਾਂਦੇ ਤੇ ਗੁਰਬਾਣੀ ਦੇ ਪਾਠ, ਨਿੱਤਨੇਮ ਦੀ ਬਹੁਤ ਸ਼ਰਧਾ ਰਿਦੇ ਵਿਚ ਵਸਦੀ। ਹੁਣ ਤੱਕ ਚਾਰ ਕਥਾ ਸੰਪੂਰਨ ਸੁਣ ਲਈਆਂ ਸਨ।

ਜਪੁ ਜੀ ਸਾਹਿਬ ਦਾ ਸਿਧਾਂਤ ਸੁਣਾਉਣਾ

ਇਕ ਵਾਰੀ ਮਹਾਂ ਪੁਰਖਾਂ ਸਾਰੇ ਜਥੇ ਪਾਸੋਂ ਸਵਾ ਲੱਖ ਜਪੁ ਜੀ ਸਾਹਿਬ ਦੇ ਪਾਠ ਕਰਵਾਏ, ਭੋਗ ਵਾਲੇ ਦਿਨ ਭਾਰੀ ਇਕੱਠ ਹੋਇਆ ਤੇ ਸੰਤਾਂ ਨੇ ਬਚਨ ਕੀਤਾ, 'ਸਾਰੇ ਜਥੇ ਵਿਚੋਂ ਕੋਈ ਵਿਦਿਆਰਥੀ ਪਜਾਂ ਮਿੰਟਾਂ ਵਿਚ ਜਪੁ ਜੀ ਸਾਹਿਬ ਦਾ ਸਿਧਾਂਤ ਸੁਣਾਓ।' ਸਾਰੇ ਮੁਖੀ-ਮੁਖੀ ਵਿਦਿਆਰਥੀਆਂ ਨੇ ਯਤਨ ਕੀਤੇ ਪਰ ਕੋਈ ਵੀ ਸਫਲ ਨਾ ਹੋਇਆ। ਜਦ 'ਖ਼ਾਲਸਾ' ਜੀ ਨੂੰ ਮਹਾਂ ਪੁਰਖਾਂ ਨੇ ਹੁਕਮ ਕੀਤਾ, 'ਤੁਸੀਂ ਸੁਣਾਉ।' ਤਾਂ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ, 'ਜੀ ! ਜੇ ਆਪ ਆਗਿਆ ਕਰੋ ਤਾਂ ਕਵਿਤਾ ਦੁਆਰਾ ਸੁਣਾਵਾਂ।' ਮਹਾਂ ਪੁਰਖਾਂ ਪ੍ਰਸੰਨ ਹੋ ਕੇ ਕਿਹਾ, ਕਵਿਤਾ ਦੁਆਰਾ ਹੀ ਸੁਣਾਉ।' ਬਚਨ ਮੰਨ ਕੇ ਆਪ ਜੀ ਨੇ ਸਾਢੇ ਤਿੰਨਾਂ ਮਿੰਟਾਂ ਵਿਚ ਹੇਠ ਲਿਖੀ ਕਵਿਤਾ ਦੁਆਰਾ ਜਪੁ ਜੀ ਸਾਹਿਬ ਦਾ ਸਿਧਾਂਤ ਉਚਾਰਿਆ :-

ਕਬਿੱਤ-ਤੇਰੀ ਕ੍ਰਿਪਾ ਸੇ :-

ਏਕ ਹੈ ਅਦੁੱਤੀ ਪ੍ਰਕਾਸਕ ਹੈ ਸਤ ਸੋਈ,
ਹੈ ਪ੍ਰਸਿੱਧ ਜਗ ਰਚਨੇ ਭੀ ਹਾਰ ਹੈ।
ਪੂਰਣ ਨਿਡਰ ਵੈਰ ਨਹੀ ਤਿਸ ਨਾਲ ਕਿਸੇ,
ਕਾਲ ਤੋਂ ਰਹਿਤ ਰੂਪ ਜੋਨਿ ਮੇਂ ਨ ਭਾਰ ਹੈ।
ਸੁਤੇ ਪ੍ਰਕਾਸ਼ੀ ਅਤੇ ਹੇਤਲ ਅਨੰਦ ਰੂਪ,
ਜਪਨ ਕੇ ਯੋਗ ਆਦੀ ਸਚੁ ਨਿਰਾਕਾਰ ਹੈ।
ਸਤਿਜੁਗ ਆਦਿ ਵਿਚ ਏਕੋ ਹੀ ਵਿਆਪ ਰਿਹਾ,
ਹੁਣ ਭੀ ਜ਼ਮਾਨੇ ਵਿਚ ਸਚਾ ਕਰਤਾਰ ਹੈ ॥੪੯॥
ਅਗੇ ਨੋਂ ਭੀ ਹੋਸੀ ਕਰਤਾਰ ਏਕ ਜੋਤੀ ਰੂਪ,
ਅਨਿਕ ਦੁਐਤ ਬਿਨ ਜੋਈ ਨਿਰਾਧਾਰ ਹੈ।
ਸੋਚਨ ਦੇ ਵਿਚ ਨਹੀਂ ਆਂਵਦਾ ਅਕਾਲ ਸੋਈ,
ਸੋਚੀ ਜਾਉ ਭਾਵੇਂ ਕੋਈ ਲੱਖਾਂ ਹੀ ਕਿ ਵਾਰ ਹੈ।
ਚੁਪ ਕਰੇ ਮਨ ਦੀ ਤਾਂ ਚੁਪ ਕਦੇ ਹੋਵਨੀ ਨਾ,
ਤਾਂ ਤੇ 'ਸਾ' 'ਦਾ' ਏਹੁ ਕਰੈ ਦਰਕਾਰ ਹੈ।
ਭੁੱਖਾ ਮਨ ਕਦੇ ਨਹੀਂ ਰਜਣਾ ਪਦਾਰਥਾਂ ਤੋਂ,
ਤਾਂ ਤੇ ਭਉ ਵਿਰਾਗ ਧਰੋ ਏਹੋ ਸੁਖ ਕਾਰ ਹੈ ॥੫੦॥

ਨਸਾ ਦਾ ਪਾਠ ਕਰਦਿਆਂ ਆਪਣੀ ਅਵਸਥਾ ਅਨੁਭਵ ਕਰਨੀ

ਇਕ ਵਾਰੀ ਜਦੋਂ ਚੌਥੀ ਕਥਾ ਚੱਲ ਰਹੀ ਸੀ ਤੇ ਇਸ ਪੰਗਤੀ ਦੇ ਅਰਥ ਸੰਤ ਸੁੰਦਰ ਸਿੰਘ ਜੀ ਕਰ ਰਹੇ ਸਨ :–

'ਨਿਮਖ ਨ ਬਿਸਰਉ ਹੀਏ ਮੋਰੈ ਤੇ
ਬਿਸਰਤ ਜਾਈ ਹਉ ਮਰਤ ॥' (੫੨੯)

ਤਾਂ ਇਸ ਪੰਗਤੀ ਤੋਂ ਅੱਗੇ 'ਖ਼ਾਲਸਾ' ਜੀ ਕੁਝ ਸਮਾਂ ਪਾਠ ਕਰਨ ਤੋਂ ਚੁੱਪ ਕਰ ਰਹੇ ਤੇ ਫਿਰ ਅਗਲੀ ਪੰਗਤੀ ਪੜ੍ਹੀ, ਇਸ ਤੇ ਮਹਾਂ ਪੁਰਖਾਂ ਨੇ ਕਿਹਾ, 'ਸਾਧ ਸੰਗਤ ਜੀ ! ਜੋ ਗਿਆਨੀ ਸਿੰਘ ਕੁਝ ਸਮਾਂ ਚੁੱਪ ਕਰ ਰਹੇ ਹਨ, ਇਸ ਬਾਰੇ ਖ਼ਿਆਲ ਨਾ ਕਰਿਓ ਕਿ ਪੰਗਤੀ ਦਾ ਅਰਥ ਹੋਣ ਤੇ ਅਗਲੀ ਪੰਗਤੀ ਛੇਤੀ ਕਿਉਂ ਨਹੀਂ ਪੜ੍ਹੀ। ਇਸ ਦਾ ਕਾਰਨ ਇਹ ਹੈ ਕਿ ਜੋ ਇਹ ਗਿਆਨੀ ਸਿੰਘ ਸੁਣਦਾ ਹੈ ਆਪਣੀ ਅਵਸਥਾ ਵੀ ਨਾਲ ਨਾਲ ਉਹੋ ਜਿਹੀ ਉੱਚੀ ਬਣਾਉਣ ਦਾ ਯਤਨ ਕਰ ਰਿਹਾ ਹੈ। ਹੁਣ ਇਹ ਵਾਹਿਗੁਰੂ ਮੰਤ੍ਰ ਹਿਰਦੇ ਵਿਚੋਂ ਕਥਾ ਹੁੰਦਿਆਂ ਵੀ ਸੁਣ ਰਿਹਾ ਹੈ।

'ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥" (੩੦੫)
'ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਏ ॥ (੫੫੬)

ਅਨੁਸਾਰ ਸ੍ਵਾਸ ਸ੍ਵਾਸ ਸਿਮਰਨ ਵਿਚ ਕਥਾ ਕਰਦਿਆਂ ਤੇ ਸੁਣਦਿਆਂ ਵੀ ਸੁਰਤੀ ਜੋੜੀ ਹੋਈ ਹੈ।'

ਸੁਪਨੇ ਵਿਚ ਵੀ ਗੁਰਬਾਣੀ ਹੀ ਪੜ੍ਹਨੀ

'ਖ਼ਾਲਸਾ' ਜੀ ਦਾ ਬਾਣੀ ਵਿਚ ਏਨਾ ਚਿੱਤ ਜੁੜ ਚੁੱਕਾ ਸੀ ਕਿ ਰਾਤ ਨੂੰ ਬਿਰਾਜਿਆਂ ਹੋਇਆਂ ਵੀ ਕਈ ਵਾਰੀ ਬਰੜਾ ਕੇ ਗੁਰਬਾਣੀ ਹੀ ਪੜ੍ਹੀ ਜਾਇਆ ਕਰਦੇ। ਯਥਾ :–

'ਕਬੀਰ ਸੁਪਨੈ ਹੂੰ ਬਰੜਾਇ ਕੈ ਜਿਹ ਮੁਖ ਨਿਕਸੈ ਰਾਮ ॥
ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥' (੧੩੬੯)

ਤੇ ਗੁਰਬਾਣੀ ਦੇ ਉਚਾਰਨ ਵਿਚ ਕਿਸੇ ਲਗ, ਕੰਨੇ, ਅੱਖਰ ਦਾ ਕੋਈ ਫਰਕ ਨਾ ਪੈਂਦਾ। ਕਈ ਵਾਰ ਸਿੰਘ ਪੋਥੀਆਂ ਪ੍ਰਕਾਸ਼ ਕਰਕੇ ਸੁਣਦੇ ਤਾਂ ਜਿਵੇਂ ਕੋਈ ਬੜਾ ਸੁੱਧ ਪਾਠੀ ਇਕ-ਰਸ ਅਖੰਡ ਪਾਠ ਕਰਦਾ ਹੋਵੇ, ਇਉਂ ਕਈ ਕਈ ਗੁਰਬਾਣੀ ਦੇ ਅੰਗ ਲਗਾਤਾਰ ਪੜ੍ਹੀ ਜਾਂਦੇ, ਸਿੰਘ ਸੁਣ ਕੇ ਦੇਖ ਕੇ ਹੈਰਾਨ ਰਹਿ

ਸੰਤ ਧਾਧਾ ਸੁੰਦਰ ਸਿੰਘ ਜੀ ਨੂੰ ਆਪ ਪੂਰਨ ਸੂਹਮ ਗਿਆਨੀ ਗੁਰਸਿੱਖ ਜਾਣ ਕੇ, ਕਦੇ ਕਦੇ ਪ੍ਰੇਮ ਵਿੱਚ ਆ ਕੇ ਉਹਨਾਂ ਪਾਸ ਇਹ ਸ਼ਬਦ ਪੜ੍ਹਿਆ ਕਰਦੇ :-

ਗਉੜੀ ਮਹਲਾ ੫ ॥

'ਤੁਮ ਹਰਿ ਸੇਤੀ ਰਾਤੇ ਸੰਤਹੁ ॥
ਨਿਬਾਹਿ ਲੇਹੁ ਮੋਕਉ ਪੂਰਖ ਬਿਧਾਤੇ
ਓਤਿ ਪਹੁਚਾਵਹੁ ਦਾਤ ॥ ੧ ॥' (੨੦੯)

ਗੁਰਬਾਣੀ ਤੇ ਪੂਰਨ ਭਰੋਸਾ ਅਤੇ ਗੁਰਸਿੱਖੀ ਜੀਵਨ

'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਮਹਾਰਾਜ ਤੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਦਾ ਪੂਰਨ ਭਰੋਸਾ ਰੱਖਦੇ ਅਤੇ ਇਹ ਤੁਕਾਂ ਸੁਰੇ ਸਿੱਧ ਗਾਉਂਦੇ ਰਹਿੰਦੇ :-

'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (੯੮੨)
'ਸਤਿਗੁਰੂ ਕੀ ਬਾਣੀ ਸਤਿ ਸਰੂਪ ਹੈ ਗਰਬਾਣੀ ਬਣੀਐ ॥' (੩੦੪)
'ਸਤਿਗੁਰ ਬਚਨ, ਬਚਨ ਹੈ ਸਤਿਗੁਰ,
ਪਾਧਰੁ ਮੁਕਤਿ ਜਨਾਵੈ ਗੋ ॥' (੧੩੧੦)
'ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥' (੭੫੯)

ਇਸੇ ਪ੍ਰਕਾਰ ਆਪ ਜੀ ਦਾ ਮਨ ਸਦਾ ਗੁਰਬਾਣੀ ਵਿਚ ਹੀ ਲੱਗਾ ਰਹਿੰਦਾ। ਇਕ ਰਸ ਬ੍ਰਿਤੀ ਪ੍ਰੇਮ ਵਿਚ ਲੀਨ ਰਹਿੰਦਾ।

ਕੇਦਾਰਾ ਮ: ੫ ॥ ਪ੍ਰਿਅ ਕੀ ਪ੍ਰੀਤਿ ਪਿਆਰੀ ॥
ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ ॥ (੧੧੨੦)

ਆਪ ਜੀ ਦੀ ਆਵਾਜ਼ ਬੜੀ ਸੁਰੀਲੀ, ਪਾਠ ਸ਼ੁੱਧ ਤੇ ਗੁਰਬਾਣੀ ਨਾਲ ਅਤੁੱਟ ਪਿਆਰ ਹੋਣ ਕਰ ਕੇ ਮਹਾਂ ਪੁਰਖਾਂ ਨੇ ਆਪ ਜੀ ਨੂੰ ਕਥਾ ਦਾ ਪਾਣੀ ਲਾ ਲਿਆ। 'ਖ਼ਾਲਸਾ' ਜੀ ਦਾ ਅੰਮ੍ਰਿਤ ਵੇਲੇ ਜਾਗਣਾ, ਨਿੱਤਨੇਮ ਵਿਚ ਪਰਪੱਕਤਾ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪ੍ਰਤੀ ਸੇਵਾ ਭਾਵ ਦਾ ਚਾਉ ਤੇ ਅਦਬ, ਮਿੱਠਾ ਨਰਮ ਸੁਭਾਉ, ਦੁਨਿਆਵੀ ਤਿਆਗ ਤੇ ਨਾਮ ਸਿਮਰਨ ਦੀ ਮਸਤੀ ਵਾਲਾ ਜੀਵਨ, ਗੁਰਮਤਿ ਵਿੱਦਿਆ ਦੀਆਂ ਡੂੰਘਿਆਈਆਂ ਦਾ ਅਨੁਭਵੀ ਗਿਆਨ, ਸਿੱਖੀ ਰਹਿਤ-ਬਹਿਤ ਪ੍ਰਤੀ ਘਾਲਣਾ ਤੇ ਸ਼ਰਧਾ, ਗੁਰਮੁਖਾਂ ਵਾਲੀ ਤੀਖਣ ਬੁੱਧੀ ਆਦਿ ਬੇਅੰਤ ਗੁਣ ਸਨ।

ਜਪੁ ਜੀ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਅਰੰਭ ਕਰਾਉਣ ਦੀ ਸੇਵਾ ਆਪ ਇਨ੍ਹਾਂ ਨੂੰ ਸੌਂਪੀ ਜੋ ਕਿ ਆਪ ਜੀ ਬੜੀ ਸੁਘੜਤਾ, ਸੁੱਚਮ, ਸੰਜਮ, ਭਰੋਸੇ, ਪ੍ਰੇਮ ਤੇ ਦ੍ਰਿੜ੍ਹਤਾ ਨਾਲ ਨਿਭਾਉਂਦੇ ਰਹੇ।

ਵਿੱਦਿਆ ਪੜ੍ਹਨੀ ਤੇ ਵਿਸ਼ੇਸ਼ ਜਾਪ

ਮਹਾਂ ਪੁਰਖਾਂ ਨੇ ਭਵਿੱਖ ਦੇ ਅਮੋਲਕ ਹੀਰੇ ਨੂੰ ਪਛਾਣਦਿਆਂ ਹੋਇਆਂ ਬੜੇ ਨਿੱਘੇ ਚਾਉ ਨਾਲ ਇਹਨਾਂ ਨੂੰ ਸਦਾ ਆਪਣੇ ਨਾਲ ਹੀ ਰੱਖਿਆ। ੧੯੨੧ ਤੋਂ ੧੯੩੦ ਈਸਵੀ ਤਕ ਇਹ ਲਗਾਤਾਰ ਉਹਨਾਂ ਦੀ ਸੇਵਾ ਸੰਗਤ ਵਿਚ ਰਹੇ। ਇਸ ਸਾਰੇ ਸਮੇਂ ਵਿਚ 'ਖ਼ਾਲਸਾ' ਜੀ ਨੇ ਸੰਤਾਂ ਪਾਸੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਸੰਪੂਰਨ ਚਾਰ ਕਥਾ ਸੁਣੀਆਂ। ਸੰਤ ਜੀ ਨੇ ਬੜੀ ਉਦਾਰਤਾ ਨਾਲ ਆਪ ਇਹਨਾਂ ਨੂੰ ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿੱਤ ਸਵੱਯੇ, ਭਾਈ ਨੰਦ ਲਾਲ ਜੀ ਦੀ ਰਚਨਾ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਪੰਥ ਪ੍ਰਕਾਸ਼, ਸ੍ਰੀ ਗੁਰ ਬਿਲਾਸ ਪਾ: ਛੇਵੀਂ, ਦਸਵੀਂ ਅਤੇ ਹੋਰ ਪ੍ਰਮਾਣੀਕ ਗ੍ਰੰਥ ਅਰਥ-ਮਈ ਵਿਆਖਿਆ ਕਰ ਕੇ ਉਚੇਰੇ ਗਹੁ ਤੇ ਪਿਆਰ ਨਾਲ ਪੜ੍ਹਾਏ। ਜਾਣ, ਸਿਮਰਨ, ਸਰਦਣ, ਮੰਨਣ, ਨਿਧਿਆਸਣ ਰਾਹੀਂ ਇਹਨਾਂ ਨੂੰ ਗੁਰਬਾਣੀ ਦੇ ਗੁਹਝ ਅਰਥਾਂ ਦੇ ਗਿਆਨ ਦਾ ਅਨੁਭਵ ਉਪਜਾਇਆ। ਉਪਰੰਤ ਦੂਜੇ ਮੱਤਾਂ ਦੀ ਜਾਣਕਾਰੀ ਲਈ ਵਿਚਾਰ ਸਾਗਰ, ਯੋਗ ਵੇਦਾਂਤ, ਪੰਜ ਦਸੀ, ਮੋਖਸ਼ ਪੰਥ ਤੇ ਹੋਰ ਗ੍ਰੰਥਾਂ ਦੇ ਨਾਲ ਨਾਲ ਗੁਰੂ ਇਤਿਹਾਸ ਦਾ ਖ਼ਾਸ ਤੌਰ ਤੇ ਅਧਿਐਨ ਕਰਵਾਇਆ। ਤਕਰੀਬਨ ਸਵਾ ਲੱਖ ਜਪੁ ਜੀ ਸਾਹਿਬ ਦੇ ਪਾਠ ਅਤੇ ੩੬ ਲੱਖ ਮੂਲ ਮੰਤ੍ਰ ਦਾ ਜਾਪ ਤੇ ਬੇਅੰਤ ਵਾਹਿਗੁਰੂ ਮੰਤ੍ਰ ਦਾ ਸਿਮਰਨ ਕਰਵਾਇਆ। ਆਪ ਜੀ ਦੇ ਮਨ ਵਿਚ ਬ੍ਰਹਮ ਵਿੱਦਿਆ ਦੀ ਪ੍ਰਾਪਤੀ ਦਾ ਬੜੀ ਸ਼ਰਧਾ ਭਾਵਨਾ ਨਾਲ ਚਾਅ ਰਹਿੰਦਾ ਸੀ। ਜੋ ਵੀਚਾਰ ਆਪ ਕਥਾ ਵਿਚ ਸਰਵਣ ਕਰਦੇ, ਉਹ ਭਾਉ ਭਗਤੀ ਤੇ ਇਕਾਗਰਤਾ ਵਾਲਾ ਹਿਰਦਾ ਹੋਣ ਕਰ ਕੇ ਮਾਨੋ ਟੇਪ ਰੀਕਾਰਡ ਹੀ ਹੋ ਜਾਂਦਾ। ਗੁਰਬਾਣੀ ਦੇ ਅਨੁਭਵੀ ਅਰਥ ਲੋੜ ਪੈਣ ਤੇ ਆਪ ਦੁਬਾਰਾ ਮਹਾਂ ਪੁਰਖਾਂ ਕੋਲੋਂ ਪੁੱਛ ਲੈਂਦੇ।

'ਕਲਉ ਮਸਾਜਨੀ ਕਿਆ ਸਦਾਈਐ
ਹਿਰਦੈ ਜੀ ਲਿਖਿ ਲੇਹੁ ॥' (੮੪)

ਅਨੁਸਾਰ ਹਿਰਦੇ ਵਿਚ ਹੀ ਲਿਖ ਲੈਂਦੇ।

ਰਹਿਣਾ ਤੇ ਸਾਵਧਾਨ ਹੋ ਜਾ। ਦੋ ਭੁਝੰਗੀ ਹੋ ਚੁੱਕੇ ਹਨ, ਇਤਨੇ ਹੀ ਆਉਣੇ ਸੀ। ਇਹ ਬਚਨ ਸੁਣ ਕੇ ਦਾਸ ਨੂੰ ਬਹੁਤ ਸਮਾਂ ਦੇਸ ਕਾਲ ਭੁੱਲਿਆ ਰਿਹਾ, ਚੁੱਪ ਵੱਟੀ ਰੱਖੀ ਤੇ ਫਿਰ ਬਾਣੀ ਅੱਗੇ ਸੁਣਾਉਣ ਲੱਗ ਪਿਆ ਸੀ।) ਇਥੋਂ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਦਰਸ਼ਨਾਂ ਲਈ ਚਲੇ ਗਏ। ਫਿਰ ਚਮਕੌਰ ਸਾਹਿਬ ਚਾਲੀ ਦਿਨ ਬਉਲੀ ਸਾਹਿਬ ਵਿਚ ਗਲ ਗਲ ਤੱਕ ਜਲ ਵਿਚ ਖਲੋ ਕੇ ਸਿਮਰਨ ਕੀਤਾ ਤੇ ਫਿਰ ਆਪਣੇ ਪਿੰਡ ਅਖਾੜੇ ਆ ਕੇ ਕੁਝ ਸਮਾਂ ਰਹੇ।

ਜਥੇ ਵਿਚ ਪੱਕੇ ਤੌਰ ਤੇ ਆਉਣਾ

੧੯੨੧ ਈ: ਮੁਤਾਬਿਕ ਸਾਵਣ ਦੀ ਸੰਗਰਾਂਦ ਵਾਲੇ ਦਿਨ ਭਿੰਡਰੀਂ ਗੁਰਦੁਆਰੇ ਸਾਹਿਬ ਪਹੁੰਚ ਕੇ ਮਹਾਂ ਪੁਰਖਾਂ ਨੂੰ ਮਿਲੇ ਤੇ ਨਿਮ੍ਰਤਾ ਸਹਿਤ ਹੱਥ ਜੋੜ ਕੇ ਬੇਨਤੀ ਕੀਤੀ, 'ਦਾਸ ਨੂੰ ਆਪਣੇ ਜਥੇ ਵਿਚ ਰੱਖ ਕੇ ਬ੍ਰਹਮ ਵਿੱਦਿਆ ਦੀ ਦਾਤ ਬਖ਼ਸ਼ੋ ਜੀ।' ਮਹਾਂ ਪੁਰਖਾਂ ਨੇ ਬੜੇ ਪਿਆਰ ਨਾਲ ਜਗਿਆਸੂ ਦੇ ਮਸਤਕ ਵੱਲ ਨੀਝ ਲਾ ਕੇ ਵੇਖਿਆ ਤੇ ਇਸ ਕੁਦਰਤਣ ਅਮੋਲਕ ਹੀਰੇ ਨੂੰ ਜੌਹਰੀ ਦੀ ਨਿਗ੍ਹਾ ਨਾਲ ਪਰਖ ਕੇ ਭਵਿੱਖ ਦੀ ਮੁੰਦਰੀ ਵਿਚ ਜੜਨ ਲਈ ਸਾਂਭ ਕੇ ਗਲ ਨਾਲ ਲਾ ਲਿਆ ਅਤੇ ਆਪ ਜੀ ਪੱਕੇ ਤੌਰ ਤੇ ਜਥੇ ਵਿਚ ਰਹਿਣ ਲੱਗ ਪਏ।

ਜਥੇ 'ਚ ਰਹਿ ਕੇ ਸੇਵਾ ਸਿਮਰਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਪਹੁੰਚਣ ਲਈ ਅਖੰਡ ਸਰੂਪ ਦੇ ਆਸ਼ਕ ਬਣ ਕੇ ਆਪ ਜੀ ਜਥੇ, ਸੰਗਤ ਤੇ ਮਹਾਂ ਪੁਰਖਾਂ ਦੀ ਸੇਵਾ, ਨਾਮ, ਸਿਮਰਨ, ਅਭਿਆਸ, ਨਿਧਿਆਸਣ ਦੇ ਸਹਿਜ ਜਪ ਤਪ ਵਿਚ ਜੁਟ ਗਏ। ਘਰ ਬਾਰ ਦੇ ਮੋਹ ਨੂੰ ਤਿਆਗ ਕੇ ਆਪ ਜੀ ਕਈ ਵਾਰੀ ਪ੍ਰੇਮ ਨਾਲ ਗੁਰਬਾਣੀ ਦੀ ਇਹ ਪਵਿੱਤ੍ਰ ਤੁਕ ਪੜ੍ਹਿਆ ਕਰਦੇ :

ਯਥਾ :- 'ਮਾਤਰ ਪਿਤਰ ਤਿਆਗ ਕੈ
ਮਨੁ ਸੰਤਨ ਪਾਹਿ ਬੇਚਾਇਓ ॥' (੧੨੩੦)

ਆਪ ਜੀ ਰੋਜ਼ ਨੇਮ ਨਾਲ ਇਕ ਵਜੇ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਕਰ ਕੇ ਸਦਾ ਪਵਿਤ੍ਰ ਨਾਮ ਸਿਮਰਨ ਵਿਚ ਲੀਨ ਰਹਿੰਦੇ। ਮਹਾਂ ਪੁਰਖਾਂ ਨੇ ਗੁਰਦੁਆਰੇ ਸਾਹਿਬ ਦਾ ਇਸ਼ਨਾਨ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼,

ਇਸ ਨਾਲ 'ਗੁਰਦੁਆਰਾ ਸੁਧਾਰ' 'ਅਕਾਲੀ ਲਹਿਰ' ਜ਼ੋਰ ਫੜ ਗਈ। ਸ੍ਰੀ ਨਨਕਾਣਾ ਸਾਹਿਬ ਦੇ ਇਸ ਸ਼ਹੀਦੀ ਸਾਕੇ ਨੇ ਆਪ ਜੀ ਦੇ ਹਿਰਦੇ ਵਿਚ 'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥' (੭੫੭) ਵਾਲਾ ਸਿਦਕ ਉਪਜਾਇਆ।

ਗੁਰਧਾਮ ਯਾਤਰਾ, ਸਿਮਰਨ ਤੇ ਅਲੌਕਿਕ ਨਜ਼ਾਰਾ

ਸ੍ਰੀ ਨਨਕਾਣਾ ਸਾਹਿਬ ਦੀ ਵਾਪਸੀ ਤੇ ਸ੍ਰੀ ਹਰਿਮੰਦਿਰ ਸਾਹਿਬ ਅੰਮ੍ਰਿਤਸਰ, ਸੰਗਰਾਣਾ ਸਾਹਿਬ, ਖਡੂਰ ਸਾਹਿਬ ਦੇ ਦਰਸ਼ਨ ਕਰ ਕੇ ਸ੍ਰੀ ਗੋਇੰਦਵਾਲ ਸਾਹਿਬ ਪੁੱਜੇ। ਇਥੇ ਚਉਰਾਸੀ ਕੱਟਣ ਹਿੱਤ ਸ੍ਰੀ ਬਾਉਲੀ ਸਾਹਿਬ ਵਿਚ ਤੇ ਵਿਧੀ ਪੂਰਬਕ ਜਪੁ ਜੀ ਸਾਹਿਬ ਦੇ ੮੪ ਪਾਠ, ੮੪ ਵਾਰੀ ਜਦੋਂ ਕੇਸੀਂ ਇਸ਼ਨਾਨ ਕਰ ਕੇ ਕੜਾਹ ਪ੍ਰਸਾਦਿ ਕਰਦਾ ਕੇ, ਅਰਦਾਸ ਕਰ ਕੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਥੋਂ ਆਪ ਜੀ ਨੇ ਤਰਨ ਤਾਰਨ ਸਾਹਿਬ, ਝਬਾਲ, ਬੀੜ ਬਾਬਾ ਬੁੱਢਾ ਜੀ, ਸੰਨ੍ਹ ਸਾਹਿਬ, ਗੁਰੂ ਕੀ ਵਡਾਲੀ ਹੁੰਦੇ ਹੋਏ ਛੇਹਰਟਾ ਸਾਹਿਬ ਦਰਸ਼ਨ ਕਰ ਕੇ ਤਿੰਨ ਮਹੀਨੇ ਸ੍ਰੀ ਅੰਮ੍ਰਿਤਸਰ ਸਾਹਿਬ ਕਥਾ ਕੀਰਤਨ ਦਾ ਅਨੰਦ ਮਾਣਿਆਂ ਤੇ ਗੁਰਮੰਤ੍ਰ ਤੇ ਮੂਲਮੰਤ੍ਰ ਦਾ ਅਭਿਆਸ ਕਰਕੇ ਮਨ ਹੋਰ ਸਿਮਰਨ ਵਿਚ ਲੀਨ ਕੀਤਾ। (ਇਹ ਵਿਸ਼ੇਸ਼ ਜਾਪ 'ਸ੍ਰੀ ਹਰਿਮੰਦਰ ਸਾਹਿਬ' ਦੀ ਸਭ ਤੋਂ ਉਪਰਲੀ ਛੱਤ ਤੇ ਕੀਤਾ। ਉਹ ਜਗ੍ਹਾ ਦਾਸ ਨੂੰ ਆਪ ਨੇ ੧੯੬੪ ਈ: ਨੂੰ ਵਿਸਾਖੀ ਵਾਲੇ ਦਿਨ ਸ਼ਾਮ ਨੂੰ ਵਿਖਾਈ। ਜਿੱਥੇ ਕਿ ਆਪ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ ਦਾ ਅਲੌਕਿਕ ਨਜ਼ਾਰਾ ਹੋਇਆ ਸੀ। ਸਭ ਤੋਂ ਪਹਿਲਾਂ 'ਖ਼ਾਲਸਾ' ਜੀ ਨੇ, ਉਸ ਦਿਨ, ਉਸੇ ਅਸਥਾਨ, ਓਸੇ ਜਗ੍ਹਾ ਤੇ ਜਦੋਂ ਦਾਸ ਸੁਖਮਨੀ ਸਾਹਿਬ ਦਾ ਪਾਠ ਸੁਣਾ ਰਿਹਾ ਸੀ ੧੮ਵੀਂ ਅਸਟਪਦੀ ਦੀ ਇਹ ਪਉੜੀ ਸੀ :-

'ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮ ਰਿਦੈ ਸਦ ਧਿਆਵੈ ॥
ਮਨ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤ ਸੁਆਮੀ ॥
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ ੨ ॥' (੨੮੬)

ਬਖ਼ਸ਼ਿਸ਼ ਭਰੇ ਬਚਨ ਕਹੇ, ਅੱਗੇ ਤੋਂ ਟਕਸਾਲ ਦੀ ਸੇਵਾ ਤੈਨੂੰ ਸੌਂਪਣੀ ਹੈ ਅੱਗੇ ਵਾਸਤੇ 'ਜਤੁ ਪਾਹਾਰਾ ਧੀਰਜੁ ਸੁਨਿਆਰੁ ॥' ਪੂਰਨ ਜਤੀ

ਖ਼ਾਲਸੇ ਦੇ ਮਾਤਾ ਸਾਹਿਬ ਦੇਵ ਕੌਰ ਜੀ ਨੂੰ ਧਰਮ ਦੇ ਮਾਤਾ, ਜਨਮ ਸ੍ਰੀ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ ਨਿਸਚੇ ਕੀਤਾ। ਪੰਜਾਂ ਪਿਆਰਿਆਂ ਦੁਆਰਾ ਬਖ਼ਸ਼ਿਆ ਹੋਇਆ (ਵਾਹਿਗੁਰੂ) ਗੁਰਮੰਤ੍ਰ ਤੇ ਮੂਲਮੰਤ੍ਰ ਦ੍ਰਿੜ੍ਹ ਕੀਤਾ। ਸਤਿਗੁਰੂ ਜੀ ਦੀ ਐਸੀ ਕ੍ਰਿਪਾ-ਭਰੀ ਨਿਗਾਹ ਇਨ੍ਹਾਂ ਤੇ ਪਈ ਕਿ ਆਪਾ ਭੁੱਲ ਗਿਆ, ਮਨ ਵਿਚ ਸ਼ਾਂਤੀ, ਹਿਰਦੇ ਵਿਚ ਸਿਮਰਨ ਦਾ ਝਰਨਾ ਵਹਿ ਤੁਰਿਆ, ਜੋ ਅਖੀਰਲੇ ਸਾਵਾਸ ਤੱਕ ਇਕ-ਹਸ ਵਹਿੰਦਾ ਰਿਹਾ। ਤਨ, ਮਨ, ਧਨ ਸਭ ਗੁਰੂ ਕਾ ਜਾਣ ਕੇ ਗੁਰਚਰਨਾਂ ਵਿਚ ਹੀ ਉਸੇ ਦਿਨ ਤੋਂ ਅਰਪ ਦਿੱਤਾ,

'ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤ੍ਰਾਨੀ ॥
ਡਿਗੈ ਨ ਡੋਲੈ ਦ੍ਰਿੜ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥੨॥
ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥
ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥
ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥
ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰ ਕੀਓ ਬੰਧਾਨੀ ॥ ੪ ॥ ੫ ॥' (੬੭੧)

ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

ਅਜੇ ਅੰਮ੍ਰਿਤ ਪਾਨ ਕੀਤਾ ਹੀ ਸੀ ਕਿ ੧੯੨੧ ਈਸਵੀ ਵਿੱਚ ਗੁਰਦੁਆਰਾ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਰਤ ਗਿਆ। ਭਰੋਸੇ ਤੇ ਮਿੱਖੀ ਦੀ ਤੜਪ ਕਰ ਕੇ ਆਪ ਜੀ ਨਨਕਾਣੇ ਸਾਹਿਬ ਚਲੇ ਗਏ, ਉਥੇ ਉਹ ਦ੍ਰਿਸ਼ ਵੇਖਿਆ ਜਿਥੇ ਕਿ ਭਾਈ ਲਛਮਣ ਸਿੰਘ ਜੀ ਨੂੰ ਜੰਡ ਨਾਲ ਬੰਨ੍ਹ ਕੇ ਸਾੜਿਆ ਗਿਆ ਸੀ, ਅੱਖਾਂ ਵਿਚ ਜਲ ਭਰ ਆਇਆ। ਬਾਹਰ ਉਹ ਭੱਠੀ ਵੇਖੀ ਜਿਥੇ ਭਾਈ ਦਲੀਪ ਸਿੰਘ ਜੀ ਨੂੰ ਜਿਉਂਦਿਆਂ ਅੱਗ ਵਿਚ ਸੁੱਟ ਕੇ ਭੁੰਨ ਦਿੱਤਾ ਗਿਆ ਸੀ। ਅੰਦਰ ਉਹ ਅੰਗੀਠਾ ਵੇਖਿਆ ਜਿਸੇ ਅਗਮੋਏ ਸਿੰਘਾਂ ਤੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ ਸੀ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹੋਈ ਬੇਅਦਬੀ ਸਹਾਰੀ ਨਾ ਗਈ। ਮਹੰਤ ਨਰੈਣੂ ਦੇ ਜ਼ੁਲਮ ਅਤੇ ਸਿੰਘਾਂ ਦੇ ਸ਼ਾਂਤਮਈ ਸਹਿਣਸ਼ੀਲਤਾ ਦਾ ਬੇਮਿਸਾਲ ਨਮੂਨਾ ਵੇਖਿਆ। ਸੰਗਤਾਂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਥਾਂ ਥਾਂ ਸ੍ਰੀ ਅਖੰਡ ਪਾਠ ਕਰਵਾਏ। ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕਰ ਕੇ ਆਪਾ ਵਾਰ ਕੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਪ੍ਰਾਪਤ ਕੀਤੀਆਂ ਅਤੇ ਨਰੈਣੂ ਡਰਦਾ ਗੌਰਮਿੰਟ ਦੀ ਝੋਲੀ ਜਾ ਪਿਆ।

ਸੰਤਾਂ ਨਾਲ ਬਚਨ ਬਿਲਾਸ

ਜਦ ਦੀਵਾਨ ਦਾ ਭੋਗ ਪਿਆ ਤਾਂ ਇਹਨਾਂ ਨੇ ਸੰਤ ਸੁੰਦਰ ਸਿੰਘ ਜੀ ਨੂੰ ਹੱਥ ਜੋੜ ਕੇ ਫ਼ਤਹਿ ਗਜਾਈ ਮਗਰੋਂ ਚੁੱਪ ਹੋ ਰਹੇ। ਇਸ ਚੁੱਪ ਸ਼ਰਧਾ ਤੇ ਆਪਾ ਵਾਰਨੀ ਜੁਹਾਰ ਨੂੰ ਇਕ ਜੀਅ ਦਾਨ ਦੀ ਜਾਚਣਾ ਦਾ ਰੂਪ ਦੇ ਦਿੱਤਾ।

ਪੂਰਨ ਸੰਤ ਗਿਆਨੀ ਸੁੰਦਰ ਸਿੰਘ ਜੀ ਅਨਬੋਲਤ ਹੀ ਇਸ ਆਤਮਿਕ ਅਭਿਲਾਖੀ ਦੀ ਤਾਂਘ ਦਾ ਹਾਲ ਜਾਣ ਗਏ। ਅਤੇ ਪਿਆਰ ਵਿਚ ਆ ਕੇ ਕਿਹਾ, 'ਗੁਰਬਾਣੀ ਦੇ ਇਹ ਅਦੁੱਤੀ ਰੰਗ ਪ੍ਰਾਪਤ ਕੀਤੇ ਗੁਰਮੁਖਾ! ਦੱਸ ਤੇਰੀ ਕੀ ਇੱਛਾ ਹੈ?' ਤਾਂ ਅੱਗੋਂ ਸਾਧੂ ਸੁਭਾਅ ਵਾਲੇ ਅਧਿਕਾਰੀ ਨੇ ਨਿੰਮ੍ਰੀ ਭੂਤ ਹੋ ਕੇ ਇਕ ਯਾਚਨਾ ਕੀਤੀ :

'ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥(੪੪੯)

'ਮੇਰੇ ਤੇ ਕ੍ਰਿਪਾ ਕਰੋ ਜੀ, ਨਾਮ ਦੀ ਦਾਤ ਬਖ਼ਸ਼ੋ।' ਅੱਗੋਂ ਵੱਡੇ ਮਹਾਂ ਪੁਰਖਾਂ ਨੇ ਜੋ ਉੱਤਰ ਦਿੱਤਾ ਉਸ ਨੂੰ ਗਿਆਨੀ ਗੁਰਬਚਨ ਸਿੰਘ ਜੀ ਨੇ ਸ੍ਰੀ ਗੁਰਮੁਖ ਪ੍ਰਕਾਸ਼ ਵਿੱਚ ਪੰਨਾ ੯੧੪ ਤੇ ਇਉਂ ਲਿਖਿਆ ਹੈ :-

'ਗੁਰਮਤਿ ਮੇਂ ਇਹ ਰੀਤ ਪਿਆਰੇ।
ਅੰਮ੍ਰਿਤ ਛਕ ਪੰਚਾਂ ਹਿਤ ਧਾਰੇ।
ਦਸ ਗੁਰ ਰੂਪ ਗੁਰੂ ਗ੍ਰੰਥ ਅਪਾਰਾ।
ਦੇਵਹਿ ਸਤਿਗੁਰ ਨਾਮ ਆਧਾਰਾ ॥ ੯੦ ॥'

ਅੰਮ੍ਰਿਤ ਛਕ ਕੇ ਪੂਰਨ ਖ਼ਾਲਸਾ ਸਜਣਾ

ਅਗਲੇ ਦਿਨ ਸੰਤ ਸੁੰਦਰ ਸਿੰਘ ਜੀ ਨੇ ਪੰਜਾਂ ਪਿਆਰਿਆਂ ਵਿਚ ਲੱਗ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਵਿਚ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ, ਪੰਜ ਸੌ ਸਿੰਘਾਂ ਨੂੰ ਅੰਮ੍ਰਿਤ ਛਕਾਇਆ, ਜਿਨ੍ਹਾਂ ਵਿਚ ਜਗਿਆਸੂ ਗੁਰਬਚਨ ਸਿੰਘ ਵੀ ਅੰਮ੍ਰਿਤ ਛਕ ਕੇ ਐਸਾ ਤੱਤ ਖ਼ਾਲਸਾ ਸਜਿਆ ਕਿ ਸਾਰੀ ਉਮਰ ਤੱਤ ਵੇਤੇ ਖ਼ਾਲਸੇ ਦੇ ਆਦਰਸ਼ਾਂ ਨੂੰ ਨਿਭਾਉਣ ਲਈ ਆਪਣੇ ਜੀਵਨ ਨੂੰ ਨਿਰੰਤਰ ਤਪੱਸਿਆ ਬਣਾ ਲਿਆ। ਆਪਣਾ ਤਖ਼ੱਲਸ ਵੀ 'ਖ਼ਾਲਸਾ' ਹੀ ਰੱਖਿਆ। ਉਸੇ ਦਿਨ ਤੋਂ ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਧਰਮ ਦੇ ਪਿਤਾ,

ਜਥੇਦਾਰ ਬਾਬਾ ਸਾਹਿਬ ਸਿੰਘ ਜੀ ਦਲ ਸਮੇਤ ਵਹੀਰਾਂ ਘੱਤ ਕੇ ਆਏ। ਪਰਉਪਕਾਰੀ ਬਾਬਾ ਹਰਨਾਮ ਸਿੰਘ ਜੀ, ਸ: ਤੇਜਾ ਸਿੰਘ ਜੀ ਸਮੁੰਦਰੀ, ਜਪੀ, ਤਪੀ ਬਾਬਾ ਭਗਵਾਨ ਸਿੰਘ ਜੀ, ਗਿਆਨੀ ਹਰੀ ਸਿੰਘ ਜੀ, ਪਟਿਆਲੇ ਤੋਂ ਪੰਡਿਤ ਗੁਰਬਖਸ਼ ਸਿੰਘ ਜੀ, ਬ੍ਰਹਮ ਗਿਆਨੀ ਦੇਸ਼-ਭਗਤ ਬਾਬਾ ਵੈਸਾਖਾ ਸਿੰਘ ਜੀ ਦਦੇਹਰ ਵਾਲੇ, ਸਕੱਤਰ ਸੰਤਾ ਸਿੰਘ ਜੀ, ਪੰਡਿਤ ਵਰਿਆਮ ਸਿੰਘ ਜੀ, ਹੋਰ ਬਹੁਤ ਪ੍ਰਚਾਰਕ ਕੀਰਤਨੀ ਜਥੇ ਅਤੇ ਪੰਥ ਦੇ ਮਹਾਨ ਵਿਦਵਾਨ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਵੀ ਆਏ ਹੋਏ ਸਨ।

ਸੰਤ ਸੁੰਦਰ ਸਿੰਘ ਜੀ ਦੀ ਕਥਾ ਤੋਂ ਪ੍ਰਭਾਵਤ

ਅਖਾੜੇ ਵਿਖੇ ਹੀ ਸੰਤ ਸੁੰਦਰ ਸਿੰਘ ਜੀ ਦੇ ਮੁਖਾਰਬਿੰਦ ਤੋਂ ਹੋਈ ਅੰਮ੍ਰਿਤ ਰੂਪ ਗੁਰਬਾਣੀ ਦੀ ਕਥਾ ਦਾ ਮਿਕਨਾਤੀਸੀ ਪ੍ਰਭਾਵ ਉਨ੍ਹਾਂ ਦੇ ਅਨੂਪਮ ਦਰਸ਼ਨ ਕਰ ਕੇ ਆਪ ਜੀ ਦੇ ਮਨ ਤੇ ਐਸਾ ਪਿਆ ਕਿ ਨਿਰਮਲ ਰੂਹ ਪਰਮ ਪ੍ਰੇਮ ਵਿਚ ਲੀਨ ਹੋ ਗਈ। ਮਹਾਂ ਪੁਰਖਾਂ ਨੇ ਉਸ ਦਿਨ ਜੈਤਸਰੀ ਦੀ ਵਾਰ ਦੇ ਪਹਿਲੇ ਸਲੋਕ :-

'ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥' (੭੦੫)

ਦੀ ਅੰਮ੍ਰਿਤ ਰੂਪ ਕਥਾ ਮਗਰੋਂ ਇਕ ਸ਼ਬਦ,

'ਗੁਰ ਕਾ ਬਚਨੁ ਬਸੈ ਜੀਅ ਨਾਲੇ ॥' (੬੭੯)

ਦਾ ਐਸਾ ਸੁੰਦਰ ਮਨੋਹਰ ਕੀਰਤਨ ਕੀਤਾ।

ਯਥਾ :-'ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥' (੩੨੦)

ਉਸ ਵੇਲੇ ਸਤਿਗੁਰੂ ਜੀ ਦੀ ਇਹਨਾਂ (ਗਿ: ਗੁਰਬਚਨ ਸਿੰਘ ਜੀ 'ਖ਼ਾਲਸਾ') ਤੇ ਐਸੀ ਅਪਾਰ ਕ੍ਰਿਪਾ ਹੋਈ ਕਿ ਆਉਂਦੇ ਜਾਂਦੇ ਸਵਾਸਾਂ ਦੇ ਨਾਲ 'ਵਾਹਿਗੁਰੂ' 'ਵਾਹਿਗੁਰੂ' ਦਾ ਜਾਪ ਸੁਤੇ ਸਿਧ ਹੀ ਹੋਣ ਲੱਗ ਗਿਆ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸਰੂਪ ਇਸ ਅਭਿਲਾਖੀ ਆਤਮਾ ਨੂੰ ਸਾਖਿਆਤ ਰੂਪ ਵਿਚ 'ਅਕਾਲ ਪੁਰਖ' ਦਾ ਆਪਣਾ ਪ੍ਰਕਾਸ਼ ਭਾਸਿਆ।

'ਮੇਰੈ ਮਨਿ ਪ੍ਰੇਮ ਲਗੋ ਹਰਿ ਤੀਰ ॥' (੮੬੧)

ਅਨੁਸਾਰ ਕਥਾ ਵਾਲੇ ਅਨਿਆਲੇ ਤੀਰ ਹਿਰਦੇ-ਵੇਧਕ ਬਚਨਾਂ ਦਾ ਅਤੇ ਕੀਰਤਨ ਦਾ ਐਸਾ ਅਨੰਦ ਤੇ ਰਸ ਆਇਆ ਕਿ ਇਹਨਾਂ ਦਾ ਮਨ ਗਦ ਗਦ ਹੋ ਗਿਆ, ਜਿਸ ਗੁਰ ਮਾਰਗ ਸ਼ਬਦ ਸੁਰਤ ਦੇ ਮੇਲ ਦੇ ਇਹ ਪਾਂਧੀ ਸਨ, ਉਸ ਦੀ ਸੇਧ ਹਣ ਇਹਨਾਂ ਨੂੰ ਮਿਲ ਗਈ :-

ਯਥਾ :-'ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ ॥' (੨੦੪)

ਸੰਤਾਂ ਮਹਾਤਮਾਂ ਦੇ ਦਰਸ਼ਨਾਂ ਦਾ ਚਾਅ

ਜਦ ਵੀ ਕਿਸੇ ਚੰਗੇ ਭਜਨੀਕ ਸੰਤ ਮਹਾਤਮਾਂ ਦੀ ਕਨਸੋਅ ਗਿਆਨੀ ਗੁਰਬਚਨ ਸਿੰਘ ਜੀ ਦੇ ਕੰਨਾਂ ਵਿਚ ਪੈਂਦੀ ਤਾਂ ਆਪ ਬੜੇ ਸ਼ਰਧਾ ਤੇ ਪ੍ਰੇਮ ਨਾਲ ਦਰਸ਼ਨਾਂ ਨੂੰ ਜਾਂਦੇ। ਪਰ ਇਹਨਾਂ ਦੀ ਰੂਹ ਦੀ ਤੜਪ, ਗੁਰਬਾਣੀ ਦੇ ਗਿਆਨ (ਬ੍ਰਹਮ ਗਿਆਨ) ਦੀ ਪ੍ਰਾਪਤੀ ਲਈ ਵਧਦੀ ਹੀ ਗਈ। ਗੁਰਬਾਣੀ ਦੀਆਂ ਗਹਿਰ ਗੰਭੀਰ ਡੂੰਘਿਆਈਆਂ ਨੂੰ ਸਮਝਣ ਲਈ ਇਨ੍ਹਾਂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਫਰੀਦਕੋਟ ਵਾਲਾ ਟੀਕਾ ਪੜ੍ਹ ਨਿਰਮਲੇ ਵਿਦਵਾਨਾਂ ਦਾ ਤਿਆਰ ਕੀਤਾ ਹੋਇਆ ਬੜੇ ਗਹੁ ਨਾਲ ਪੜ੍ਹਿਆ ਅਤੇ ਵੀਚਾਰਿਆ। ਉਸ ਟੀਕੇ ਨੇ ਇਨ੍ਹਾਂ ਦੇ ਮਨ ਵਿਚ ਅਨੰਦ ਵਧਾਇਆ ਅਤੇ ਗਿਆਨ ਵਿਸ਼ਾਲ ਕੀਤਾ। ਇਨ੍ਹਾਂ ਅਨੁਭਵ ਕੀਤਾ ਕਿ ਜਿਸ ਆਤਮਿਕ ਰਸ, ਆਤਮਿਕ ਸਾਧਨਾਂ, ਅਰਸ਼ੀ ਉਡਾਰੀਆਂ ਦਾ ਗੁਰਬਾਣੀ ਵਿਚ ਕਥਨ ਆਉਂਦਾ ਹੈ ਉਸ ਨਿਰਾਵਰਨ ਗਿਆਨ ਤੇ ਸਰੂਪ ਦੇ ਅਨੁਭਵ ਦੀ ਪ੍ਰਾਪਤੀ ਦੀ ਅਜੇ ਵਿਸ਼ੇਸ਼ ਲੋੜ ਹੈ।

ਸਿੰਘ ਸਭਾ ਲਹਿਰ ਦਾ ਅਰੰਭ

ਪਹਿਲੋਂ ਪਹਿਲ 'ਸਿੰਘ ਸਭਾ ਲਹਿਰ' ਕਈ ਸਾਲ ਕੇਵਲ ਸ਼ਹਿਰਾਂ ਵਿਚ ਤੇ ਖ਼ਾਸ ਕਰ ਕੇ ਲਾਹੌਰ, ਅੰਮ੍ਰਿਤਸਰ ਵਿਚ ਹੀ ਸੀਮਤ ਰਹੀ। ਪਰ ੧੯੦੩-੪ ਈ: 'ਚ ਪਿੰਡਾਂ ਵਿਚ ਵੀ ਜ਼ੋਰ ਫੜਨ ਲੱਗੀ। ਸਭ ਤੋਂ ਪਹਿਲਾਂ ਕੁਝ ਗੁਰਮੁਖ ਸੰਤਾਂ ਨੇ ਇਸ ਲਹਿਰ ਨੂੰ ਨਵਾਂ ਜਨਮ ਦਿੱਤਾ ਅਤੇ ਬੜਾ ਪ੍ਰਭਾਵਸ਼ਾਲੀ ਬਣਾਇਆ। ਜਿਨ੍ਹਾਂ ਵਿਚੋਂ ਇਤਿਹਾਸ ਦੇ ਪੰਨਿਆਂ ਉਤੇ ਸੁਨਹਿਰੀ ਅੱਖਰਾਂ ਵਿਚ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 'ਨਾਰੰਗਵਾਲ' (ਲੁਧਿਆਣਾ), ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲੇ, ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ ਆਦਿ ਮਹਾਤਮਾਂ ਦੇ ਨਾਮ ਧਰੂਅ ਤਾਰੇ ਵਾਂਗ ਚਮਕਦੇ ਹਨ। ਇਹ ਸਾਰੇ ਸੰਤ ਮਹਾਤਮਾਂ ਖ਼ਾਲਸਾ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਣ ਲਈ ਗੁਰੂ ਘਰ ਦੀ ਉੱਚੀ ਸੁੱਚੀ ਸੇਵਾ ਜਾਣ ਕੇ ਏਕਤਾ ਨਾਲ ਗੁਰਮਤਿ ਪ੍ਰਚਾਰ ਕਰਦੇ ਸਨ।

ਅਖਾੜੇ ਵਿਖੇ ਸਿੰਘ ਸਭਾ ਦਾ ਸਮਾਗਮ

੧੯੨੦ ਈ: ਵਿਚ ਪਿੰਡ ਅਖਾੜੇ ਵਿਖੇ ਸਿੰਘ ਸਭਾ ਦਾ ਭਾਰੀ ਸਮਾਗਮ ਹੋਇਆ, ਇਸ ਪੰਧਕ ਦੀਵਾਨ ਵਿਚ ਕਥਾ, ਕੀਰਤਨ ਤੇ ਪ੍ਰਚਾਰ ਦੀ ਅੰਮ੍ਰਿਤ ਰੂਪ ਵਰਖਾ ਲਗਾਤਾਰ ਪੰਜ ਦਿਨ ਹੁੰਦੀ ਰਹੀ। ਅਨੇਕਾਂ ਗੁਰਮੁਖਿ, ਸੰਤ, ਰਾਗੀ, ਢਾਡੀ, ਪ੍ਰਚਾਰਕ ਜਥੇ ਪੁੱਜੇ ਅਤੇ ਬੁੱਢੇ ਦਲ ਦੇ ਹੱਠੀ ਤਪੀ ਤੇ ਸਿਦਕੀ

ਹਿੰਦੂ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਾਇਆ। ਯੋਗ ਵਸ਼ਿਸ਼ਟ ਅਤੇ ਹੋਰ ਵੈਦਕ ਗ੍ਰੰਥਾਂ ਨੂੰ ਪੜ੍ਹਨ, ਸਮਝਣ ਤੇ ਵਿਚਾਰਨ ਉਪਰੰਤ ਆਪ ਵਿੱਦਿਆ ਪ੍ਰਬੀਨ ਹੋ ਗਏ। ਸਤਾਰਾਂ ਸਾਲ ਦੀ ਉਮਰ ਵਿਚ ਆਪ ਮੁੜ ਆਪਣੇ ਜਨਮ ਅਸਥਾਨ ਅਖਾੜੇ ਨਗਰ ਆ ਗਏ।

ਅਨੰਦ ਕਾਰਜ

ਅਠਾਰਾਂ ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਸ. ਧਨੰਤ ਸਿੰਘ ਜੀ ਦੀ ਸਪੁੱਤਰੀ ਬੀਬੀ ਕਿਸ਼ਨ ਕੌਰ ਨਾਲ ਪੂਰਨ ਗੁਰ ਮਰਯਾਦਾ ਅਨੁਸਾਰ ਪਿੰਡ ਰਾਜੋਆਣਾ ਜ਼ਿਲਾ ਲੁਧਿਆਣਾ ਵਿਖੇ ਹੋਈ। ਵਿਆਹ ਤੋਂ ਮਗਰੋਂ ਦੋ ਸਾਲ ਆਪ ਆਪਣੇ ਪਿਤਾ ਜੀ ਨਾਲ ਖੇਤੀ ਕਰਾਉਂਦੇ ਰਹੇ। ਗ੍ਰਹਿਸਤ ਜੀਵਨ ਵਿਚ ਵੀ ਆਪ ਸਹਿਜ ਅਵਸਥਾ ਵਿਚ ਰਹਿੰਦੇ ਤੇ ਬਹੁਤ ਸਮਾਂ ਸਿਮਰਨ ਭਜਨ ਵਿਚ ਸਫਲ ਹੁੰਦਾ।

ਆਪ ਜੀ ਦਾ ਪਰਿਵਾਰ

ਗੁਰੂ ਕੀ ਕਿਰਪਾ ਸਹਿਤ ੧੯੨੩ ਈ: ਮੁ: ਪੋਹ ਮਹੀਨੇ ਆਪ ਜੀ ਦੇ ਘਰ ਸ਼ਾਂਤ ਸਰੂਪ ਵੱਡੇ ਸਪੁੱਤਰ ਭਾਈ ਕਰਤਾਰ ਸਿੰਘ ਜੀ ਦਾ ਜਨਮ ਹੋਇਆ ਅਤੇ ੧੯੩੨ ਈ: ਮੁਤਾਬਿਕ ਵੈਸਾਖ ਮਹੀਨੇ ਭਾਈ ਭਗਵਾਨ ਸਿੰਘ ਜੀ ਨੇ ਜਨਮ ਲਿਆ। ਅੱਜ ਕਲ੍ਹ ਇਹ ਦੋਵੇਂ ਗੁਰਮੁਖ ਪਿਆਰੇ ਰੁਦਰਪੁਰ (ਯੂ. ਪੀ.) ਵਿਖੇ ਧਰਮ ਦੀ ਕਿਰਤ ਖੇਤੀ ਦਾ ਕੰਮ ਚਲਾਉਂਦੇ ਹਨ ਤੇ ਗੁਰੂ ਘਰ ਦੇ ਬੜੇ ਸ਼ਰਧਾਵਾਨ ਤੇ ਨਿੱਤਨੇਮੀ ਹਨ। ਭਾਈ ਭਗਵਾਨ ਸਿੰਘ ਜੀ ਗੁਰਬਾਣੀ ਦਾ ਬੜਾ ਅਨੰਦ ਤੇ ਵੈਰਾਗਮਈ ਕੀਰਤਨ ਕਰਦੇ ਹਨ। ਦੋਵੇਂ ਭਾਈ ਅਤੇ ਅੱਗੇ ਬੱਚੇ ਵੀ ਅਖੰਡਪਾਠੀ ਤੇ ਉੱਚੇ ਜੀਵਨ ਵਾਲੇ ਹਨ। ਸਤਿਗੁਰੂ ਜੀ ਦੀ ਕ੍ਰਿਪਾ ਨਾਲ :-

'ਵਧੀ ਵੇਲ ਬਹੁ ਪੀੜੀ ਚਾਲੀ॥'

ਅਨੁਸਾਰ ਵਡਭਾਗੀ ਪ੍ਰਵਾਰ ਹੈ, ਸਾਰੇ ਅੰਮ੍ਰਿਤਧਾਰੀ, ਰਹਿਤ ਵਿਚ ਤਿਆਰ ਪੁਰ ਤਿਆਰ, ਸੰਤ ਸੇਵੀ ਤੇ ਨਿਰਮਲ ਆਤਮਾ ਹਨ, ਸਤਿਗੁਰੂ ਜੀ ਦੀ ਕ੍ਰਿਪਾ ਹੈ। ਭੁਝੰਗੀ ਅਵਤਾਰ ਸਿੰਘ 'ਬਾਈ' ਨੇ ਜੱਥੇ ਵਿਚ ਰਹਿ ਕੇ ਬਹੁਤ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ, ਸੁੰਦਰ ਕਥਾ ਕਰਦਾ ਹੈ ਅਤੇ ਬਹੁਤ ਹੋਣਹਾਰ ਹੈ, ਸਤਿਗਰ ਜੀ ਹੋਰ ਵੀ ਮਿਹਰ ਕਰਨ ਗੁਰ ਕੇ ਚਰਨਾਂ ਵਿਚ ਅਰਦਾਸ ਹੈ, ਇਸੇ ਤਰ੍ਹਾਂ ਹੀ ਤਿਆਰ ਪੁਰ ਤਿਆਰ ਰਹੇ।

ਵਿੱਦਿਆ ਸੰਸਕਾਰ

ਜਦ ਆਪ (ਖ਼ਾਲਸਾ ਜੀ) ਸਾਢੇ ਚਾਰ ਸਾਲਾਂ ਦੇ ਹਏ ਤਾ ਪੁਰਾਤਨ ਖ਼ਾਲਸੇ ਦੀ ਰੀਤੀ ਅਨੁਸਾਰ ਤਾਇਆ ਬਾਬਾ ਕਾਹਨ ਸਿੰਘ ਜੀ ਨੇ ਕੜਾਹ ਪ੍ਰਸਾਦਿ ਕਰ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਜ਼ੂਰੀ ਅਰਦਾਸ ਕਰ ਕੇ ਆਪ ਜੀ ਨੂੰ ਗੁਰਮੁਖੀ ਦੇ ਪਹਿਲੇ ਪੰਜ ਅੱਖਰ ਲਿਖ ਕੇ ਗੁਰਮੁਖੀ ਦੀ ਵਿੱਦਿਆ ਦੇਣੀ ਅਰੰਭੀ।

ਗੁਣਵਾਨ ਤਾਇਆ ਜੀ ਨੇ ਇਹਨਾਂ ਨੂੰ ਪੰਜ ਗ੍ਰੰਥੀ, ਬਾਈ ਵਾਰਾਂ, ਭਗਤਾਂ ਦੀ ਬਾਣੀ, ਦਸ ਗ੍ਰੰਥੀ ਦਾ ਸ਼ੁੱਧ ਪਾਠ ਸਰਲ ਕਰਵਾਇਆ ਅਤੇ ਪੰਜ ਬਾਣੀਆਂ ਦਾ ਨਿੱਤਨੇਮ ਕੰਠ ਕਰਵਾਇਆ। ਆਪ ਜੀ ਦੇ ਵੈਰਾਗ-ਮਈ ਇਲਾਹੀ ਕੀਰਤਨ ਨਾਲ ਬਾਲਕ ਦੀ ਰੂਹ ਕਿਸੇ ਅਗੰਮੀ ਅਨੰਦ-ਮਈ ਖੇੜੇ ਵਿਚ ਸਤਿਗੁਰੂ ਦੇ ਚਰਨਾਂ ਵਿਚ ਜੁੜੀ ਰਹਿੰਦੀ। ਤਾਇਆ ਜੀ ਦੀ ਘਾਲਣਾ ਕਰ ਕੇ ਸੱਤ ਸਾਲ ਦੀ ਅਵਸਥਾ ਵਿੱਚ ਆਪ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸ਼ੁੱਧ ਅਖੰਡਪਾਠੀ ਬਣ ਗਏ। ਗੁਰਬਾਣੀ ਭਾਸ਼ਾ ਦੀ ਸਰਲਤਾ ਇਸ ਦੇ ਡੂੰਘੇ ਅਰਥਾਂ ਨੂੰ ਸਮਝਣ ਵਿਚਾਰਨ ਲਈ ਤਾਇਆ ਜੀ ਨੇ ਇਹਨਾਂ ਨੂੰ ਹੋਰ ਗ੍ਰੰਥ ਜਿਵੇਂ ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿੱਤ ਸਵੈਯੇ, ਸ੍ਰੀ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਚੰਦਰ ਪ੍ਰਬੋਧ ਨਾਟਕ ਆਦਿ ਵੀ ਪੜ੍ਹਾਏ।

ਦਾਦੀ ਜੀ ਦਾ ਗੁਰਪੁਰੀ ਪਿਆਨਾ ਤੇ ਭੂਆ ਜੀ ਨੇ ਪਾਲਣਾ

ਸਮੇਂ ਨਾਲ ਦਾਦੀ ਜੀ ਵੀ ਗੁਰਪੁਰੀ ਪਿਆਨੇ ਕਰ ਗਏ। ਫਿਰ ਇਹਨਾਂ ਦੇ ਭੂਆ ਖੀਖੀ ਸਾਹਿਬ ਕੌਰ ਜੀ ਆਪਣੇ ਨਾਲ ਪਿੰਡ ਕਿਸ਼ਨ ਪੁਰੇ ਲੈ ਆਏ। ਉਹਨਾਂ ਨੇ ਬੜੀ ਰੀਝ ਨਾਲ ਇਹਨਾਂ ਦੀ ਸੇਵਾ ਕੀਤੀ ਤੇ ਹਰ ਤਰ੍ਹਾਂ ਨਾਲ ਮਾਤਾ ਨਾਲੋਂ ਵੱਧ ਪਿਆਰ ਤੇ ਸਤਿਕਾਰ ਦਿੱਤਾ। ਉਥੋਂ ਦੇ ਸਕੂਲ ਵਿਚ ਆਪ ਜੀ ਨੇ ਕੁਝ ਵਿੱਦਿਆ ਪ੍ਰਾਪਤ ਕੀਤੀ।

ਹਿੰਦੂ ਮੱਤ ਦੇ ਗ੍ਰੰਥ ਪੜ੍ਹਨੇ

ਕਿਸ਼ਨ ਪੁਰੇ ਲਾਗੇ ਇਕ ਉਦਾਸੀ ਸਾਧੂ ਮਹੰਤ ਲਾਲ ਦਾਸ ਦਾ ਡੇਰਾ ਸੀ ਜੋ ਸੰਸਕ੍ਰਿਤ ਭਾਸ਼ਾ ਦਾ ਭਾਰੀ ਵਿਦਵਾਨ ਸੀ। ਤੇਰ੍ਹਾਂ ਕੁ ਸਾਲ ਦੀ ਉਮਰ ਵਿਚ ਆਪ ਜੀ ਉਸ ਸਾਧੂ ਕੋਲ ਸੰਸਕ੍ਰਿਤ ਭਾਸ਼ਾ ਪੜ੍ਹਨ ਹਿਤ ਜਾਣ ਲੱਗ ਪਏ। ਬੜੇ ਆਦਰ ਤੇ ਪ੍ਰੇਮ ਭਾਵਨਾ ਨਾਲ ਉਹਨਾਂ ਦੀ ਸੇਵਾ ਕਰਦੇ ਰਹੇ। ਉਹਨਾਂ ਨੇ ਬੜੇ ਪਿਆਰ ਨਾਲ ਇਹਨਾਂ ਨੂੰ ਰਮਾਇਣ, ਮਹਾਂਭਾਰਤ ਅਤੇ ਹੋਰ

ਸਹਿਜ ਪਾਠ ਸੁਣਾਉਣਾ

ਉਸੇ ਦਿਨ ਤੋਂ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸਹਿਜ ਪਾਠ ਬਾਲਕ ਦੇ ਜਨਮ ਦੀ ਖੁਸ਼ੀ ਵਿੱਚ ਘਰ ਵਿਖੇ ਅਰੰਭ ਕਰ ਕੇ, ਚਾਲੀ ਦਿਨਾਂ ਵਿਚ ਭੋਗ ਪਾਇਆ ਜਦੋਂ ਤੱਕ ਨੂੰ ਮਾਤਾ ਬੱਚੇ ਨੂੰ ਗੋਦ ਵਿਚ ਲੈ ਕੇ ਪਾਠ ਸੁਣਦੀ ਰਹਿੰਦੀ ਤਦੋਂ ਤੱਕ ਤਿਆਰ-ਬਰ-ਤਿਆਰ ਪਾਠੀ ਸਿੰਘ ਪਾਠ ਕਰਦਾ ਰਹਿੰਦਾ। ਫਿਰ ਸਤਿਗੁਰੂ ਜੀ ਦਾ ਮੁਖਆਸਨ ਹੋ ਜਾਂਦਾ, ਇਸ ਤਰ੍ਹਾਂ ਸਾਰਾ ਸਹਿਜ ਪਾਠ ਹੋਇਆ। ਜਿਸ ਕਰ ਕੇ ਮਾਂ ਦੀ ਗੋਦ ਵਿਚ ਦੁੱਧ ਚੁੰਘ ਰਹੇ ਹੋਣਹਾਰ ਬਾਲਕ ਦੀ ਰੂਹ ਗੁਰਬਾਣੀ ਦੇ ਅੰਮ੍ਰਿਤ ਰਸ ਵਿਚ ਭਿੱਜੀ ਰਹਿੰਦੀ।

ਮਾਤਾ ਜੀ ਦਾ ਵਿਛੋੜਾ ਤੇ ਦਾਦੀ ਜੀ ਨੇ ਪਾਲਣਾ

ਅਜੇ ਆਪ ਜੀ ਦੀ ਉਮਰ ਤੇਰ੍ਹਾਂ ਕੁ ਮਹੀਨਿਆਂ ਦੀ ਹੀ ਸੀ ਜਦ ਕਿ 'ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥' (੧੨੩੯) ਗੁਰੂ ਹੁਕਮ ਅਨੁਸਾਰ ਆਪ ਜੀ ਦੇ ਮਾਤਾ ਜੀ ਸਦਾ ਲਈ ਵਿਛੋੜਾ ਦੇ ਕੇ, ਰੱਬ ਦੇ ਪਿਆਰੇ ਹੋ ਗਏ। ਉਸ ਸਮੇਂ ਆਪ ਜੀ ਦੇ ਪਿਤਾ ਬਰੂਮਾ ਵਿਚ ਸਨ। ਆਪ ਜੀ ਦੀ ਸਾਂਭ-ਸੰਭਾਲ ਸਤਿਕਾਰ ਯੋਗ ਦਾਦੀ, ਮਾਤਾ ਰਾਜ ਕੌਰ ਜੀ ਦੇ ਜ਼ਿੰਮੇਂ ਆਈ। ਆਪ ਜੀ ਦੇ ਪਿਤਾ ਨੌਕਰੀ ਤੋਂ ਵਿਹਲੇ ਹੋ ਕੇ ਬਰੂਮਾ ਤੋਂ ਵਾਪਸ ਆ ਗਏ ਤੇ ਘਰ ਵਾਹੀ ਖੇਤੀ ਕਰਨ ਲੱਗ ਪਏ, ਜਿਨ੍ਹਾਂ ਨੂੰ ਸਾਰੀ ਪੰਜ ਗ੍ਰੰਥੀ ਤੇ ੧੧੦ ਪੱਤਰੇ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਤੇ ੨੦੦ ਤੋਂ ਵੱਧ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਸ਼ਬਦ ਜ਼ਬਾਨੀ ਯਾਦ ਸਨ। ਇਤਨਾ ਸਾਰਾ ਨਿੱਤਨੇਮ ਉਹ ਹਰ ਰੋਜ਼ ਕਰਿਆ ਕਰਦੇ। ਆਪ ਜੀ ਦੇ ਸਾਥੇ ਹੋਏ ਗੁਰਬਾਣੀ ਦੇ ਅਭਿਆਸੀ ਨਿਧਿਆਸੀ ਜੀਵਨ ਦਾ ਬਾਲਕ (ਗੁਰਬਚਨ ਸਿੰਘ ਜੀ) ਉੱਤੇ ਬੜਾ ਮਿੱਠਾ ਤੇ ਡੂੰਘਾ ਅਸਰ ਪਿਆ।

ਬਾਲ ਅਵਸਥਾ

ਛੋਟੀ ਅਵਸਥਾ ਵਿਚ ਆਪ ਪੀੜ੍ਹੀ ਉਪਰ ਰੁਮਾਲਾ ਪਾ ਲੈਂਦੇ ਤੇ ਮੋਰ ਦੇ ਖੰਭਾਂ ਦਾ ਚੌਰ ਬਣਾ ਕੇ ਕਹਿੰਦੇ, 'ਇਹ ਸਾਡਾ ਬਾਬਾ ਹੈ।' ਫਿਰ ਘਰੋਂ ਗੁੜ ਲੈ ਕੇ ਨਾਲ ਦੇ ਬੱਚਿਆਂ ਨੂੰ ਪ੍ਰਸ਼ਾਦਿ ਰੂਪ ਵਿਚ ਵੰਡਦੇ। ਬਾਲ ਉਮਰੇ ਆਪ ਜੀ ਦਾ ਸਰੀਰ ਪਤਲਾ ਤੇ ਫੁਰਤੀਲਾ ਸੀ, ਨਾਂ ਤਾਂ ਆਪ ਬਹੁਤਾ ਖੇਡਦੇ, ਨਾਂ ਬਹੁਤਾ ਬੋਲਦੇ ਸਗੋਂ ਮਸਤ ਸੁਭਾ ਤੇ ਵੈਰਾਗ ਵਿਚ ਰਹਿੰਦੇ।

ਪਵਿੱਤਰ ਜਨਮ

ਸ੍ਰੀ ਮਾਨ ੧੦੮ ਪੰਥ ਰਤਨ, ਵਿੱਦਿਆ ਮਾਰਤੰਡ, ਬ੍ਰਹਮ ਵਿੱਦਿਆ ਵਿੱਚ ਨਿਪੁੰਨ, ਨਾਮ ਬਾਣੀ ਦੇ ਰਸੀਏ, ਅੰਮ੍ਰਿਤਧਾਰੀ, ਪੰਜਾਂ ਕਕਾਰਾਂ ਦੀ ਰਹਿਤ ਵਿਚ ਤਿਆਰ-ਪੁਰ-ਤਿਆਰ, ਖਾਲਸੇ ਦੇ ਅਸੂਲਾਂ ਵਿੱਚ ਪੂਰਨ, ਬ੍ਰਹਮ ਗਿਆਨੀ ਸੱਚਖੰਡ ਵਾਸੀ ਗਿ: ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦਾ ਪਵਿੱਤ੍ਰ ਜਨਮ ਮਾਘ ਦੀ ਪੁੰਨਿਆਂ ਫੱਗਣ ਦੀ ਸੰਗਰਾਂਦ ਸੰਮਤ ੧੯੫੯ ਬਿਕ੍ਰਮੀ ਮੁਤਾਬਿਕ ੧੨ ਫਰਵਰੀ ੧੯੦੨ ਈਸਵੀ ਦਿਨ ਬੁਧਵਾਰ ਅੰਮ੍ਰਿਤ ਵੇਲੇ ਢਾਈ ਵਜੇ ਹੋਇਆ।

ਜਨਮ ਸੰਸਕਾਰ ਤੇ ਨਾਮ ਰੱਖਣਾ

ਜਨਮ ਉਪਰੰਤ ਉਸੇ ਦਿਨ ਅੰਮ੍ਰਿਤ ਵੇਲੇ ਇਸਨਾਨ ਕਰਵਾ ਕੇ, ਆਪ ਜੀ ਦੀ ਸਤਿਕਾਰ ਯੋਗ ਭੂਆ ਬੀਬੀ ਸਾਹਿਬ ਕੌਰ ਜੀ ਗੁਰਦੁਆਰੇ ਸਾਹਿਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸ਼ਰਨ ਲੈ ਆਈ। ਗੁਰਮਤਿ ਅਨੁਸਾਰ ਜਨਮ ਸੰਸਕਾਰ ਕੀਤਾ। ਹੋਰ ਕਿਸੇ ਗੁੜ੍ਹਤੀ ਦੀ ਬਜਾਏ ਮੁੱਖ ਵਿੱਚ ਅੰਮ੍ਰਿਤ ਪਾਇਆ। ਕੜਾਹ ਪ੍ਰਸਾਦਿ ਕਰ ਕੇ ਅਰਦਾਸ ਕਰਨ ਉਪਰੰਤ ਇਹ ਪਵਿੱਤਰ ਹੁਕਮਨਾਮਾ ਆਇਆ :-

ਸੋਰਠਿ ਮਹਲਾ ੫ ॥

ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥ ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਦਾ ਭਰਵਾਸਾ ॥ ੧ ॥ ਅਪੁਨੇ ਸਤਿਗੁਰ ਕੋ ਬਲਿਹਾਰੇ ॥ ਆਗੈ ਸੁਖੁ ਪਾਛੈ ਸੁਖ ਸਹਜ ਘਰਿ ਆਨੰਦੁ ਹਮਾਰੈ ॥ ਰਹਾਉ ॥ ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥ ੨ ॥ ਸਫਲ ਦਰਸਨੁ ਅਕਾਲ ਮੂਰਤਿ ਪ੍ਰਭ ਹੈ ਭੀ ਹੋਵਨਹਾਰਾ ॥ ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥ ੩ ॥ ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥ ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥ ੪ ॥ ੫ ॥ (੬੦੯)

ਗੁਰਮਤਿ ਮਰਯਾਦਾ ਅਨੁਸਾਰ ਸ੍ਰੀ ਮੁਖਵਾਕ ਸ਼ਬਦ ਦੇ ਪਹਿਲੇ ਅੱਖਰ 'ਗ' ਤੋਂ ਆਪ ਜੀ ਦਾ ਨਾਮ 'ਗੁਰਬਚਨ ਸਿੰਘ' ਰੱਖਿਆ ਗਿਆ।

ਮਹਾਨ ਨਿਤਨੇਮੀ, ਮਿੱਠ-ਬੋਲੜੇ, ਬੇਹੱਦ ਨਰਮ ਸੁਭਾਅ, ਧਰਮ ਦੀ ਕਿਰਤ ਕਰ ਕੇ ਵੰਡ ਕੇ ਛਕਦੇ।

ਭਾਈ ਰੂੜ੍ਹ ਸਿੰਘ ਜੀ ਦਾ ਅਨੰਦ ਕਾਰਜ ਗੁਰਮਤਿ ਅਨੁਸਾਰ ਬੀਬੀ ਅਨੰਦ ਕੌਰ ਜੀ ਨਾਲ ਹੋਇਆ। ਜੋ ਕਿ ਅੰਮ੍ਰਿਤਧਾਰੀ, ਨਾਮ ਬਾਣੀ ਦੇ ਪ੍ਰਵਾਹ ਵਿੱਚ ਲਿਵਲੀਨ ਪਵਿੱਤਰ ਆਤਮਾ ਨੂੰ ਗਰਮਖ ਭਗਤ ਪਤੀ ਦੀ ਸੰਗਤ ਵਿੱਚ, ਗੁਰਬਾਣੀ ਪਿਆਰ ਦੀ ਹੋਰ ਐਸੀ ਰੰਗਣ ਚੜ੍ਹੀ ਕਿ ਮਾਤਾ ਜੀ ਤੇਰ੍ਹਾਂ ਸਾਲ ਲਗਾਤਾਰ ਨਿਤਨੇਮ ਅਨੁਸਾਰ, ਵਾਹਿਗੁਰੂ ਮੰਤ੍ਰ ਦਾ ਸਿਮਰਨ, ਸੁਖਮਨੀ ਸਾਹਿਬ ਦਾ ਪਾਠ, ਜਪੁ ਜੀ ਸਾਹਿਬ ਦੇ ਪੰਝੀ ਪਾਠ ਹਰ ਰੋਜ਼ ਕਰਦੇ ਰਹੇ।

ਭਾਈ ਰੂੜ੍ਹ ਸਿੰਘ ਜੀ ਸਿੱਖ ਪਲਟਨ (ਫ਼ੌਜ) ਵਿਚ ਭਰਤੀ ਹੋਏ ਅਤੇ ਆਪ ਜੀ ਬਰ੍ਹਮਾ ਫਰੰਟੀਅਰ ਫੋਰਸ ਵਿਚ ਗ੍ਰੰਥੀ ਸਿੰਘ ਦੀ ਪਵਿੱਤਰ ਸੇਵਾ ਸ਼ਰਧਾ ਸਹਿਤ ਨਿਭਾਉਂਦੇ ਰਹੇ। ਨੌਕਰੀ ਦਾ ਵਿਸ਼ੇਸ਼ ਹਿੱਸਾ ਆਪ ਜੀ ਨੇ ਉੱਤਰੀ ਬਰ੍ਹਮਾ ਦੇ ਰਮਣੀਕ ਪਹਾੜੀ ਇਲਾਕਿਆਂ ਵਿਚ ਗੁਜ਼ਾਰਿਆ। ਇਹਨਾਂ ਦੇ ਘਰ ਦੋ ਹੋਣਹਾਰ, ਜਨਮ ਤੋਂ ਭਗਤ, ਧਰਮ ਵਿਚ ਅਰੂੜ੍ਹ ਬਾਲਕਾਂ ਨੇ ਜਨਮ ਲਿਆ। ਵੱਡੇ ਭਾਈ ਹਜ਼ਾਰਾ ਸਿੰਘ ਜੀ ਤੇ ਛੋਟੇ ਪੱਤਰ ਜੋ ਕਿ ਖ਼ਾਲਸਾ ਪੰਥ ਵਿਚ ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਵਾਲਿਆਂ ਦੇ ਨਾਮ ਨਾਲ ਪਰਸਿੱਧ ਹੋਏ।

ਭਾਈ ਹਜ਼ਾਰਾ ਸਿੰਘ ਜੀ ਦਾ ਜਨਮ ਸੰਮਤ ੧੯੪੬ ਵਿਚ ਹੋਇਆ। ਆਪ ਇਸ ਗੁਰਮੁਖ ਬੰਸ ਦੀ ਅਗੰਮੀ ਪ੍ਰੇਰਨਾ ਅਨੁਸਾਰ ਉੱਚ-ਕੋਟੀ ਦੇ ਗੁਰਬਾਣੀ ਦੇ ਸ਼ੁੱਧ ਪਾਠੀ ਤੇ ਵਿਦਵਾਨ ਹੋਏ। ਇਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੈੱਡ ਗ੍ਰੰਥੀ ਦੀ ਸੇਵਾ ੨੪ ਸਾਲ ਬੜੇ ਪ੍ਰੇਮ ਨਾਲ ਨਿਭਾਈ। ਆਪ ਜੀ ਦੀ ਆਵਾਜ਼ ਬੜੀ ਰਸੀਲੀ ਤੇ ਦਿਲ-ਖਿੱਚਵੀਂ ਸੀ। ਸੰਗਤਾਂ ਆਪ ਜੀ ਤੋਂ ਸ੍ਰੀ ਮੁਖਵਾਕ ਸੁਣ ਕੇ ਅਤਿਅੰਤ ਪ੍ਰਸੰਨ ਹੁੰਦੀਆਂ। ਅੱਗੇ ਆਪ ਜੀ ਦੇ ਪੁੱਤਰ ਗਿਆਨੀ ਜੁਗਿੰਦਰ ਸਿੰਘ ਜੀ ਪਿੰਡ ਔਲਖ ਵਿਖੇ ਮਹੰਤ ਸਾਹਿਬ ਵਜੋਂ ਗੁਰੂ ਘਰ ਦੀ ਅਤਿਅੰਤ ਸੇਵਾ ਕਰ ਰਹੇ ਹਨ। ਬਾਕੀ ਉਹਨਾਂ ਦੇ ਭਾਈ ਗ੍ਰਹਿਸਤ ਮਾਰਗ ਵਿਚ ਲੀਨ ਹਨ।

ਭਾਈ ਰੂੜ੍ਹ ਸਿੰਘ ਤੇ ਮਾਤਾ ਅਨੰਦ ਕੌਰ ਜੀ ਸਦਾ ਸਿਮਰਨ ਭਜਨ ਵਿਚ ਜੁੜੇ ਰਹਿੰਦੇ ਸਨ। ਸਤਿਗੁਰੂ ਜੀ ਦੀ ਕ੍ਰਿਪਾ ਸਹਿਤ ਘਰ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਕਈ ਪਾਠ ਹੋਏ ਜੋ ਮਾਤਾ ਜੀ ਨੇ ਬੜੇ ਧਿਆਨ ਚਿੱਤ ਦੀ ਇਕਾਗਰਤਾ, ਪ੍ਰੇਮ, ਸ਼ਰਧਾ ਤੇ ਵਿਸ਼ਵਾਸ ਨਾਲ ਗੁਰੂ ਕੀ ਹਜ਼ੂਰੀ ਵਿਚ ਬੈਠ ਕੇ ਸਰਵਣ ਕੀਤੇ।

ਖ਼ਾਲਸਾ ਜੀਵਨ

ਸੱਚਖੰਡ ਵਾਸੀ

ਗਿ: ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਵਾਲੇ

ਕਲਗੀਧਰ ਪਿਤਾ ਜੀ ਦੀ ਬਖ਼ਸ਼ਿਸ਼

ਜਗਰਾਵਾਂ ਤੋਂ ਤਿੰਨ ਮੀਲ ਦੂਰ ਸਤਿਲੁਜ ਦਰਿਆ ਦੀ ਸਰਹੰਦ ਨਹਿਰ ਦੇ ਕੰਢੇ ਇੱਕ ਅਖਾੜਾ ਨੱਗਰ ਹੈ। ਸੰਮਤ ੧੭੬੧ ਚੇਤਰ ਮਹੀਨੇ ਚਮਕੌਰ ਸਾਹਿਬ ਦੇ ਯੁੱਧ ਉਪਰੰਤ ਲੱਖੀ ਜੰਗਲਾਂ ਵਿੱਚ ਵਿਚਰਦੇ ਹੋਏ ਕਲਗੀਧਰ ਪਿਤਾ ਜੀ ਇਸ ਨੱਗਰ ਵਿਖੇ ਦੋ ਦਿਨ ਠਹਿਰੇ ਸਨ। ਇਸ ਪਿੰਡ ਦੀ ਇੱਕ ਬਿਰਧ ਮਾਤਾ 'ਸੇਵੀ' ਨੇ ਅਤਿਅੰਤ ਸ਼ਰਧਾ ਤੇ ਪ੍ਰੇਮ ਨਾਲ ਸਤਿਗੁਰ ਜੀ ਦੀ ਸੇਵਾ, ਮਿੱਠਾ ਪਾ ਕੇ ਸਮੇਤ ਮਲਾਈ ਦੁੱਧ ਛਕਾ ਕੇ ਕੀਤੀ। ਮਾਤਾ 'ਸੇਵੀ' ਦਾ ਪੁੱਤਰ ਸਤਿਗੁਰਾਂ ਦਾ ਹੁਕਮ ਮੰਨ ਕੇ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਭਾਈ ਮੁਹੱਬਤ ਸਿੰਘ ਬਣਿਆ। ਹਜ਼ੂਰ ਨੇ ਬਖ਼ਸ਼ਿਸ਼ ਕੀਤੀ, 'ਇਸ ਵੰਸ ਵਿੱਚ ਇੱਕ ਬ੍ਰਹਮ ਗਿਆਨੀ, ਸੂਰਬੀਰ, ਬਲੀ, ਗੁਰਸਿੱਖ, ਰਹਿਤ ਵਿੱਚ ਪ੍ਰਪੱਕ, ਅਵਸਥਾ ਵਾਲਾ, ਖ਼ਾਲਸੇ ਦੇ ਅਮੂਲਾਂ ਵਿੱਚ ਪੂਰਨ ਸਿੰਘ ਪੈਦਾ ਹੋ ਕੇ ਗੁਰਮਤਿ ਦੇ ਪ੍ਰਚਾਰ ਦਾ ਭਾਰੀ ਪ੍ਰਵਾਹ ਚਲਾਵੇਗਾ।'

ਭਾਈ ਮੁਹੱਬਤ ਸਿੰਘ ਜੀ ਦਾ ਪੁੱਤਰ ਭਾਈ ਆਕਲ ਸਿੰਘ ਜੀ ਅਤੇ ਪੋਤਰਾ ਭਾਈ ਨਥੂਆ ਸਿੰਘ ਹੋਏ, ਜਿਨ੍ਹਾਂ ਨੇ ਸਿੱਖ ਮਿਸਲਾਂ ਦੇ ਜੰਗਾਂ ਵਿੱਚ ਪੰਥ ਦੀ ਦਧ ਚੜ੍ਹ ਕੇ ਸੇਵਾ ਕੀਤੀ। ਭਾਈ ਨਥੂਆ ਸਿੰਘ ਜੀ ਦਾ ਪੁੱਤਰ ਭਾਈ ਮਾਨਾ ਸਿੰਘ ਜੀ ਤੇ ਨੂੰਹ ਬੀਬੀ ਰਾਜ ਕੌਰ ਬੜੇ ਗੰਭੀਰ, ਧੀਰਜ ਤੇ ਤਪ ਸਾਧਨਾ ਵਾਲੇ ਗੁਰੂ ਕੇ ਭਗਤ ਹੋਏ। ਇਸ ਗੁਰਮੁਖ ਦੰਪਤੀ ਦੇ ਦੋ ਪੁੱਤਰ ਸਨ। ਵੱਡਾ ਭਾਈ ਕਾਹਨ ਸਿੰਘ ਜੀ ਵਿਦਵਾਨ, ਰਾਗ ਤੇ ਕੀਰਤਨ ਦਾ ਧਨੀ ਅਤੇ ਛੋਟਾ ਭਾਈ ਰੁੜ ਸਿੰਘ ਜੀ ਜੋ ਕਿ ਖੇਤੀ ਕਰਦੇ ਪਰ ਲਿਵ ਹਮੇਸ਼ਾਂ ਗੁਰਬਾਣੀ, ਨਾਮ ਸਿਮਰਨ ਵਿੱਚ ਲੱਗੀ ਰਹਿੰਦੀ ਤੇ ਅੰਮ੍ਰਿਤ ਛਕ ਕੇ, ਰਹਿਤ ਮਰਯਾਦਾ ਵਿੱਚ ਦ੍ਰਿੜ੍ਹ ਤੇ ਪਰਪੱਕ, ਸਿੱਖੀ ਸ਼ਰਧਾ ਦੀ ਮੂਰਤ, ਗੁਰਬਾਣੀ ਦੇ

ਕਹੁ ਕਬੀਰ ਮਨ ਕਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥

ਸੱਚਖੰਡ ਵਾਸੀ ਸੰਤ ਗਿ: ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ

ਆਸਾ ਦੀ ਵਾਰ ਦਾ ਕੀਰਤਨ ਸੁਣਦੇ ਸੁਣਦੇ ਨਾਮ ਧਾਣੀ ਦੇ ਪਰਵਾਹ ਵਿਚ ਆਪ ਜੀ ਗੁਰ ਚਰਨਾਂ ਵਿਚ ਸੱਚਖੰਡ ਵਿਖੇ ਜਾ ਬਿਰਾਜੇ।

ਯਥਾ:-'ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ, ਸੰਪੂਰਨੁ ਥੀਆ ਰਾਮ ॥' (੮੪੬)

ਆਪ ਜੀ ਦੀ ਯਾਦ ਵਿਚ ੨ ਤੋਂ ੪ ਫਗਣ ਤਕ ਬਪਾਰਾਏ ਗੁਰਦੁਆਰੇ ਵਿਖੇ ਬੜਾ ਭਾਰੀ ਜੋੜ ਮੇਲਾ ਹੁੰਦਾ ਹੈ। (ਜਿੱਥੇ ਅੱਜ ਕਲ੍ਹ ਵੈਦ ਨਿਰੰਜਨ ਸਿੰਘ ਜੀ ਮਹੰਤ ਹਨ, ਜੋ ਜਥੇ ਵਿਚ ਛੋਟੀਆਂ ਪੁਸਤਕਾਂ ਨੂੰ ਬੜੇ ਪਿਆਰ ਤੇ ਗਹੁ ਨਾਲ ਪੜ੍ਹਾਇਆ ਕਰਦੇ ਹਨ) ਆਪ ਜੀ ਨੇ ਇੱਕੀ ਵਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਥਿਆ ਤੇ ਕਥਾ ਪੜ੍ਹਾਈ। ਤਕਰੀਬਨ ੧੨੦੦ ਸਿੰਘਾਂ ਨੂੰ ਪੜ੍ਹਾਇਆ, ਜਿਨ੍ਹਾਂ ਵਿਚੋਂ ੧੦੦੦ ਪਾਠੀ, ੨੦੦ ਪ੍ਰਚਾਰਕ ਤੇ ੧੦੦ ਗਿਆਨੀ ਬਣੇ। ਸਦਾ ਜਥੇ ਸਮੇਤ ਵਿਚਰਦੇ, ਬੇਅੰਤ ਸਿੰਘ ਹਮੇਸ਼ਾਂ ਨਾਲ ਰਹਿੰਦੇ, ਕਥਾ ਪੜ੍ਹਾਉਂਦੇ, ਗੁਰਮਤਿ ਦਾ ਪ੍ਰਚਾਰ ਕਰਦੇ ਅਤੇ ਅੰਮ੍ਰਿਤ ਛਕਾ ਕੇ ਨਵੇਂ ਸਿੰਘ ਤਿਆਰ ਕਰਦੇ, ਸਾਰੇ ਭਾਰਤ ਵਿਚ ਵਿਚਰਦੇ, ਵਿਦਿਆਰਥੀਆਂ ਦਾ ਲੰਗਰ, ਧਰਮਤਹ, ਕਿਰਾਏ ਆਦਿ ਦਾ ਖ਼ਰਚ ਅਤੇ ਹੋਰ ਸਰੀਰਕ ਲੋੜਾਂ ਦੀ ਸੇਵਾ ਆਪ ਕਰਦੇ ਅਤੇ ਸੰਗਤਾਂ ਤੋਂ ਕਰਵਾਉਂਦੇ, ਇਉਂ ਸਾਰੀ ਜ਼ਿੰਦਗੀ ਗੁਰੂ ਪੰਥ ਦੀ ਸੇਵਾ ਵਿਚ ਲਾਈ।

o

ਆਪਣੇ ਸਰੀਰ ਦਾ ਚੇਤਾ ਹੀ ਨਾ ਰਿਹਾ, ਦੇਹ ਕਾਲ ਭੁੱਲ ਗਿਆ । ਤਾਂ ਮਹਾਂ ਪੁਰਖਾਂ ਉਸ ਦਾ ਹੱਥ ਹਿਲਾ ਕੇ ਕਿਹਾ, ਹੋਰ ਥਾਂ ਵੀ ਵੇਖ ਲਉ ।' ਤਾਂ ਫਿਰ ਸਾਰੇ ਸਰੀਰ ਤੇ ਲਾ ਕੇ ਮੁਖੋਂ ਵਾਹ ਵਾਹ ਕਰ ਉੱਠਿਆ । ਕਹਿਣ ਲੱਗਾ, ਸਤਿਗੁਰੂ ਨਾਨਕ ਸਾਹਿਬ ਜੀ ਦੇ ਬਚਨ ਸੱਚੇ ਹਨ :-

'ਗੁਰਮੁਖਿ ਰੋਮਿ ਰੋਮਿ ਜਪਿ ਧਿਆਵੈ ॥' (੯੪੧)

'ਤੁਹਾਡੇ ਰੋਮ ਰੋਮ ਵਿਚੋਂ ਵਾਹਿਗੁਰੂ ਮੰਤ੍ਰ ਦਾ ਜਾਪ ਸੁਣ ਰਿਹਾ ਹਾਂ । ਹੋਰ ਨਾ ਤੁਹਾਨੂੰ ਕੋਈ ਬਿਮਾਰੀ ਹੈ ਤੇ ਨਾ ਹੀ ਇਸ ਦਾ ਕੋਈ ਇਲਾਜ ।' ਧੰਨ ਧੰਨ ਕਹਿੰਦੇ ਹੋਏ ਵਿਸਮਾਦ ਹੋ ਕੇ ਡਾਕਟਰ ਸਾਹਿਬ ਵਾਪਸ ਗਏ ।

ਬੋਪਾਰਾਏ ਆਉਣਾ

ਸੰਗਤ ਦਾ ਬੇਅੰਤ ਅਥਾਹ ਪਿਆਰ ਸੀ । ਉਹਨਾਂ ਦੇ ਸਰੀਰ ਵੱਲ ਵੇਖ ਕੇ ਪਿੰਡ ਭਿੰਡਰਾਂ, ਬੋਪਾਰਾਏ, ਹੋਰ ਪਿੰਡਾਂ ਅਤੇ ਸ਼ਹਿਰਾਂ ਦੀਆਂ ਸੰਗਤਾਂ ਸੰਤਾਂ ਨੂੰ ਆਪਣੇ ਨਾਲ ਲੈ ਜਾਣਾ ਚਾਹੁੰਦੀਆਂ ਸਨ । ਸਭ ਸੰਗਤ ਨੇ ਵਿਚਾਰ ਕੇ ਸੰਤਾਂ ਦਾ ਪਿੰਡ ਬੋਪਾਰਾਏ ਰਹਿਣਾ ਹੀ ਠੀਕ ਸਮਝਿਆ ।

ਸੰਤ ਮਹਾਂ ਪੁਰਖ ਗਿਆਨੀ ਸੁੰਦਰ ਸਿੰਘ ਜੀ ਨੇ ਆਪਣੇ ਪਵਿੱਤਰ ਹੱਥੀਂ ਇਸ ਸੰਪ੍ਰਦਾਇ ਟਕਸਾਲ ਨੂੰ ਚਲਾਉਣ ਦੀ ਪਵਿੱਤਰ ਸੇਵਾ ਆਪਣੇ ਨਿਕਟਵਰਤੀ, ਅਤਿਅੰਤ ਪਿਆਰੇ ਤੇ ਆਗਿਆਕਾਰੀ ਗਿਆਨੀ ਕਰਮਚਨ ਸਿੰਘ ਜੀ 'ਖ਼ਾਲਸਾ' ਨੂੰ ਸੌਂਪ ਦਿੱਤੀ ਸੀ । ਜੋ ਪ੍ਰਸੰਗ ਅੱਗੇ ਉਹਨਾਂ ਦੇ ਪਵਿੱਤ੍ਰ ਜੀਵਨ ਵਿਚ ਵਿਸਥਾਰ ਸਹਿਤ ਆਵੇਗਾ । ਬਾਕੀ ਹੋਰ ਪ੍ਰਬੰਧ ਤੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦੀਆਂ ਪਵਿੱਤਰ ਡਿਊਟੀਆਂ ਪ੍ਰੇਮੀ ਗੁਰਮੁਖਾਂ ਨੂੰ ਵੰਡ ਦਿੱਤੀਆਂ ਸਨ । ਬੋਪਾਰਾਏ ਗੁਰਦੁਆਰੇ ਦੀ ਜਥੇਦਾਰੀ ਗੁਰਪੁਰ ਵਾਸੀ ਸਤਿਕਾਰਯੋਗ ਸ੍ਰੀਮਾਨ ਜਥੇਦਾਰ ਗੁਰਦਿਆਲ ਸਿੰਘ ਜੀ ਨੂੰ ਦਿੱਤੀ ਜੋ ਹਰ ਸਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਕਥਾ ਕਰ ਕੇ ਕੇਂਦ੍ਰ ਸੱਚਖੰਡ ਵਾਸੀ 'ਖ਼ਾਲਸਾ' ਜੀ ਤੋਂ ਪੁਵਾਉਂਦੇ ਰਹੇ ।

ਸੱਚਖੰਡ ਜਾਣਾ

ਵਾਹਿਗੁਰੂ ਸਾਹਿਬ ਜੀ ਦੇ ਭਾਣੇ ਅਨੁਸਾਰ ੪ ਫਗਣ ਸੰਮਤ ੧੯੮੬ ਬਿ: ਮੁਤਾਬਿਕ ੧੫ ਫ਼ਰਵਰੀ, ੧੯੩੦ ਈ: ਨੂੰ ਪਿੰਡ ਬੋਪਾਰਾਏ ਗੁਰਦੁਆਰਾ ਸੱਚਖੰਡ ਵਿਚ ਸਵੇਰ ਦੇ ਸਵਾ ਕੁ ਅੱਠ ਵਜੇ ਦੇ ਕਰੀਬ

ਯਥਾ :-'ਮੀਤੁ ਕਰੈ ਸੋਈ ਹਮ ਮਾਨਾ ॥
ਮੀਤ ਕੇ ਕਰਤਬ ਕੁਸਲ ਸਮਾਨਾ ॥੧॥' (੧੮੭)

ਇਹ ਦੁੱਖ ਤੇ ਸੁਖ ਦੇਹ ਦਾ ਧਰਮ ਹੈ। ਇਹ ਸਾਡੇ ਇਮਤਿਹਾਨ ਹਨ। ਤੁਸੀਂ ਸਾਰੀ ਸੰਗਤ ਅਰਦਾਸ ਕਰੋ ਕਿ ਮੈਂ ਪਾਸ ਹੋ ਜਾਵਾਂ।'

ਡਾ: ਦੀਵਾਨ ਸਿੰਘ ਜੀ ਨਾਲ ਬਚਨ-ਬਿਲਾਸ

ਉਸ ਸਮੇਂ ਡਾਕਟਰ ਦੀਵਾਨ ਸਿੰਘ ਜੀ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਮਹਾਨ ਨਾਮ ਅਭਿਆਸੀ ਗੁਰਮੁਖ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਪ੍ਰੇਮ ਨਾਲ ਹਸਪਤਾਲ ਪਹੁੰਚੇ, ਮਹਾਂ ਪੁਰਖਾਂ ਦਾ ਚਿਹਰਾ ਖਿੜੇ ਕੰਵਲ ਵਰਗਾ ਪ੍ਰਸੰਨ ਵੇਖ ਕੇ ਗੁਰੂ ਫ਼ਤਹਿ ਗਜਾ ਕੇ ਪੁੱਛਿਆ, 'ਜੀ ! ਸਰੀਰ ਦਾ ਕੀ ਹਾਲ ਹੈ ?'

ਸੰਤਾਂ ਕਿਹਾ, 'ਗੁਰੂ ਦੀ ਕ੍ਰਿਪਾ ਨਾਲ ਚੜ੍ਹਦੀ ਕਲਾ ਹੈ।' ਡਾਕਟਰ ਜੀ ਕਹਿਣ ਲੱਗੇ, 'ਮੈਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੇ ਬਾਬਾ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਅਖੀਰ ਸਮੇਂ ਦਰਸ਼ਨ ਕੀਤੇ ਸਨ ਪੁਣ ਤੁਹਾਡੇ ਬਚਨ ਸੁਣ ਕੇ ਵੀ ਮੈਨੂੰ ਲਾਭ ਹੋਵੇਗਾ ਜੀ।' ਮਹਾਂ ਪੁਰਖਾਂ ਨੇ ਕਿਹਾ 'ਡਾਕਟਰ ਸਾਹਿਬ ! ਤੁਸੀਂ ਕੋਈ ਪਵਿੱਤਰ ਬਚਨ ਸੁਣਾਓ।' ਤਾਂ ਉਹਨਾਂ ਕਿਹਾ, ਅੱਛਾ ਜੀ ! 'ਮੈਨੂੰ ਪਤਾ ਹੈ ਬ੍ਰਹਮ ਗਿਆਨੀ ਢੋਲ ਵਰਗੇ ਹੁੰਦੇ ਹਨ ਜਿਵੇਂ ਢੋਲ ਉਤੇ ਜਦ ਤੱਕ ਡੱਗਾ ਨਾ ਮਾਰੀਏ ਉਹ ਖੜਕਦਾ ਨਹੀਂ ਭਾਵੇਂ ਸੌ ਵਰ੍ਹਾ ਪਿਆ ਰਹੇ। ਇਸ ਕਰਕੇ ਸੰਕਲਪ ਰੂਪ ਆਪਦਾ ਬਚਨ ਰੂਪ ਡੱਗਾ ਮਾਰਦਾ ਹਾਂ, ਆਪ ਜੀ ਆਪੇ ਬਚਨ ਸੁਣਾਓਗੇ।' ਮਹਾਂ ਪੁਰਖਾਂ ਨੇ ਕਿਹਾ, ਤੁਸੀਂ ਆਪਣੇ ਪਵਿੱਤ੍ਰ ਜੀਵਨ 'ਚੋਂ ਕੋਈ ਸਰੇਸ਼ਟ ਬਚਨ ਸੁਣਾਓ। ਤਾਂ ਉਹਨਾਂ ਦੱਸਿਆ ਕਿ, 'ਜਦੋਂ ਮੇਰੀ ਕਾਰ ਤੇਜ਼ ਰਫ਼ਤਾਰ ਦੌੜਦੀ ਹੈ ਤਾਂ ਉਸ ਸਮੇਂ ਉਸ ਵਿਚੋਂ ਮੈਨੂੰ ਧੰਨ ਗੁਰੂ ਨਾਨਕ ਦੀ ਆਵਾਜ਼ ਸੁਣਾਈ ਦਿੰਦੀ ਹੈ।' ਮਹਾਂ ਪੁਰਖਾਂ ਨੇ ਕਿਹਾ, 'ਧੰਨ ਹੋ ਡਾਕਟਰ ਸਾਹਿਬ ! ਕ੍ਰਿਪਾ ਕਰਕੇ ਮੈਨੂੰ ਵੀ ਸੁਣਾ ਦਿਓ।' ਤਾਂ ਉਹਨਾਂ ਕਿਹਾ, 'ਇਉਂ ਨਾ ਕਰੋ, ਜੇ ਮੈਂ ਆਪਣਾ ਦਿਲ ਤੁਹਾਡੇ ਅੱਗੇ ਫੋਲਿਆ ਹੈ ਤਾਂ ਤੁਸੀਂ ਵੀ ਕ੍ਰਿਪਾ ਕਰੋ।' ਮਹਾਂ ਪੁਰਖ ਕਹਿਣ ਲੱਗੇ, 'ਡਾਕਟਰ ਸਾਹਿਬ ! ਸਾਡੇ ਸਰੀਰ ਨੂੰ ਟੂਟੀ ਲਾ ਕੇ ਬੀਮਾਰੀ ਵੇਖੋ ਫੇਰ ਬਚਨ ਸੁਣਾਵਾਂਗੇ।' ਜਦੋਂ ਡਾਕਟਰ ਜੀ ਨੇ ਆਪ ਜੀ ਦੇ ਸਰੀਰ ਨੂੰ ਟੂਟੀ ਲਾਈ ਤਾਂ ਅਸਚਰਜ ਹੋ ਗਿਆ। ਟੂਟੀ (ਸਟੈਥੋਸਕੋਪ) ਚੁੱਕਣ ਦੀ ਬਜਾਏ

ਸ਼ਬਦ ਵਿਚ ਸੁਰਤ ਜੋੜ ਕੇ ਵਾਹਿਗੁਰੂ ਵਿਚ ਅਭੇਦ ਹੋ ਰਹੇ ਸਨ। ਭਾਈ ਹਜੂਰਾ ਸਿੰਘ ਸੇਵਾਦਾਰ ਆਪਣੀ ਜ਼ਿਆ ਸੋਧਣ ਵਾਸਤੇ ਕੁਛ ਪਰੇ ਗਿਆ ਸੀ। ਸ਼ਾਮ ਦੇ ਸਮੇਂ ਕੁਝ ਹਨੇਰਾ ਸੀ। ਤਾਂ ਉਸ ਸਮੇਂ ਇਕ ਨੌਜੁਵਾਨ ਸੁੰਦਰ ਸਰੂਪ ਵਾਲੀ ਜੋਬਨਮਤੀ ਲੜਕੀ ਕਿਸੇ ਪਖੰਡੀ ਸਾਧ ਦੀ ਪ੍ਰੇਰੀ ਹੋਈ (ਜੋ ਕਿ ਮਹਾਂਪੁਰਖਾਂ ਦਾ ਜਸ ਵੇਖ ਕੇ ਈਰਖਾ ਦੀ ਅੱਗ ਵਿਚ ਦਿਨੇ ਰਾਤ ਸੜ ਰਿਹਾ ਸੀ, ਕਲਪਦਾ ਸੀ ਕਿ ਕਿਵੇਂ ਨਾ ਕਿਵੇਂ ਇਹਨਾਂ ਦੇ ਜੀਵਨ ਵਿਚ ਫਰਕ ਪਾ ਕੇ ਬਦਨਾਮੀ ਦਾ ਟਿੱਕਾ ਲਾਵਾ।) ਮੌਕਾ ਤਾੜ ਕੇ ਸੰਤਾਂ ਦੇ ਚਰਨਾਂ ਨੂੰ ਘੁੱਟਣ ਲੱਗ ਪਈ। ਆਪ ਜੀ ਦੀ ਬ੍ਰਿਤੀ ਗਾੜ੍ਹੇ ਅਨੰਦ ਵਿਚ ਲੀਨ ਸੀ। ਚੇਹਰਾ ਢੱਕਿਆ ਹੋਇਆ ਸੀ, ਆਪਣਾ ਚਰਨ ਹਿਲਾ ਕੇ ਹਟਾਉਣ ਦਾ ਇਸ਼ਾਰਾ ਕੀਤਾ, ਪਰ ਉਹ ਨਾ ਹਟੀ ਸਗੋਂ ਝੱਟ ਸੰਤਾਂ ਦੇ ਕਛਹਿਰੇ ਨੂੰ ਜਾ ਹੱਥ ਛੁਹਾਇਆ, ਤਾਂ ਮਹਾਂ ਪੁਰਖਾਂ ਨੇ ਨਾਹਲੀ ਨਾਲ ਆਪਣੇ ਚੇਹਰੇ ਤੋਂ ਚਾਦਰਾ ਲਾਹ ਕੇ ਹੈਰਾਨਗੀ ਨਾਲ ਵੇਖਿਆ ਕਿ ਇਹ ਕੌਣ ਹੈ, ਜਿਸ ਨੇ ਐਸਾ ਕੁਕਰਮ ਕਰਨ ਦਾ ਹੀਆ ਕੀਤਾ ਹੈ? ਕੋਲ ਆਪਣੀ ਖੜਾਂਅ ਪਈ ਸੀ, ਚੁੱਕ ਕੇ ਚਲਾ ਕੇ ਬੀਰ-ਰਸ ਨਾਲ ਉਸ ਦੇ ਮੱਥੇ ਵਿਚ ਮਾਰੀ। ਖੂਨ ਨਿਕਲਣ ਲੱਗ ਪਿਆ, ਭੱਜ ਨੱਠੀ। ਸੰਤਾਂ ਨੇ ਹਜੂਰਾ ਸਿੰਘ ਨੂੰ ਤਾੜ ਕੇ ਕਿਹਾ, 'ਸਿੰਘਾ! ਤੂੰ ਕਿੱਥੇ ਸੈਂ? ਫੜੋ ਇਸ ਪਾਪਣ ਨੂੰ, ਪੁੱਛ ਇਹ ਕੌਣ ਹੈ, ਕਿਸ ਨੇ ਘੱਲੀ ਹੈ?' ਸੰਗਤ ਨੇ ਭੱਜੀ ਜਾਂਦੀ ਨੂੰ ਘੇਰ ਕੇ ਸਾਰੀ ਗੱਲ ਪੁੱਛੀ ਤਾਂ ਰੋ ਕੇ ਸ਼ਰਮਿੰਦੀ ਹੋ ਕੇ ਦੱਸਣ ਲੱਗੀ ਕਿ ਫਲਾਣੇ ਸੰਤਾਂ ਨੇ ਇਨ੍ਹਾਂ ਦੀ ਪਰਖ ਵਾਸਤੇ ਪ੍ਰੇਰ ਕੇ ਘੱਲੀ ਸੀ, ਇਹ ਤਾਂ ਪੂਰਨ ਪੁਰਖ ਹਨ ਇਹਨਾਂ ਨੂੰ ਕੌਣ ਡੁਲਾ ਸਕਦਾ ਹੈ? ਪਛਤਾਵਾ ਕਰਦੀ ਨੂੰ ਸੰਤਾਂ ਨੇ ਜਹਿ ਕੇ ਫੁਰਮਾ ਛੱਡਿਆ।

'ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥' (੩੯੨)

ਐਸੇ ਆਪ ਜਤੀ ਸਤੀ ਪੁਰਖ ਸਨ।

ਸਰੀਰ ਰੋਗੀ ਹੋਣਾ

ਸੰਮਤ ੧੯੮੯ ਵਿਚ ਆਪ ਜੀ ਦਾ ਸਰੀਰ ਕੁਝ ਬੀਮਾਰ ਹੋ ਗਿਆ ਪਰ ਫਿਰ ਵੀ ਆਪ ਬੜੇ ਉਮਾਹ ਵਿਚ ਰਹਿੰਦੇ, ਇਕ-ਟੱਕ ਬਿਰਤੀ ਬ੍ਰਹਮ ਵਿਚ ਲੀਨ ਹੀ ਰਖਦੇ ਅਤੇ ਉਸੇ ਤਰ੍ਹਾਂ ਬ੍ਰਹਮ ਚਰਚਾ ਕਰਦੇ ਰਹਿੰਦੇ। ਜਥੇ ਦਾ ਸਿੰਘ ਜਾਂ ਕੋਈ ਬਾਹਰੋਂ ਦਰਸ਼ਨ ਕਰਨ ਆਉਂਦਾ ਤੇ ਸਰੀਰ ਬਾਰੇ ਬੇਨਤੀ ਕਰਦਾ ਤਾਂ ਆਪ ਕਹਿੰਦੇ, 'ਅਕਾਲ ਪੁਰਖ ਦੇ ਹੁਕਮ ਵਿਚ ਹੀ ਸਭ ਕੁਛ ਹੋ ਰਿਹਾ ਹੈ, ਅਸੀਂ ਇਸ ਵਿਚ ਬਹੁਤ ਪ੍ਰਸੰਨ ਹਾਂ।

ਪਕੜ ਕੇ ਗਰੀਬਾਂ ਦੀ ਰੱਖਿਆ ਕਰਕੇ, ਬੀਰ-ਰਸ ਦੀ ਮੌਜ ਮਾਣੋ, ਸੱਚ ਉੱਤੇ ਡਟੇ ਰਹੋ, ਇਹ ਗੁਰੂ ਸਾਹਿਬ ਜੀ ਦੇ ਹੁਕਮ ਹਨ, ਜਿਨ੍ਹਾਂ ਅਨੁਸਾਰ ਚੱਲ ਕੇ ਤੁਸੀਂ ਆਪਣਾ ਜੀਵਨ ਸਫਲਾ ਕਰ ਸਕਦੇ ਹੋ।

ਸੰਤਾਂ ਦੇ ਐਸੇ ਅਮੋਲਕ ਬਚਨ ਸੁਣ ਕੇ ਕੰਠ ਰੁਕ ਜਾਂਦੇ। ਸਰਗੁਣ ਸਰੂਪ ਆਪ ਜੀ ਦੇ ਪ੍ਰੇਮ ਤੇ ਨਿਸ਼ਚੇ ਸਦਕਾ ਸਦਾ ਸਾਖਿਆਤ ਰਹਿੰਦਾ। ਹਰ ਸਮੇਂ ਮਨ ਸਿਮਰਨ ਦੇ ਪ੍ਰਵਾਹ ਵਿਚ ਮੱਛੀ ਦੇ ਪਾਣੀ, ਕੰਵੀਹੇ ਦੀ ਸਵਾਂਤੀ ਬੂੰਦ, ਹਰਨ ਦੇ ਘੰਡੇ ਹੇੜੇ ਦਾ ਸ਼ਬਦ, ਭਵਰਾ ਜਿਵੇਂ ਕਮਲ ਦੀ ਪ੍ਰੀਤ ਵਿਚ ਮਸਤ ਰਹਿੰਦਾ ਹੈ, ਇਸੇ ਤਰ੍ਹਾਂ ਹੀ ਸੰਤਾਂ ਦੀ ਪ੍ਰੀਤੀ ਪ੍ਰਮੇਸ਼ਰ ਦੇ ਨਾਲ ਹੁੰਦੀ ਹੈ।

ਸਲੋਕ ॥ ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮਿਲਹ ॥ ਬਾਣ ਬੇਧੰਚ ਕੁਰੰਕ ਨਾਦੰ ਅਲਿ ਸੰਗਨ ਕੁਸਮ ਬਾਸਨਹ ॥ ਚਰਨ ਕਵਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥ ੧ ॥ ਮੁਖੁ ਡੇਖਾਊ ਪਲਕ ਛਡਿ ਆਨ ਨ ਡੇਉ ਚਿਤੁ ॥ ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥ ੨ ॥

ਪਉੜੀ ॥ ਜਿਉ ਮਛਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸਿ ਅਘਾਵੈ ॥ ੧੨ ॥ (੭੦੮)

ਉਹਨਾਂ ਸਾਰੀ ਉਮਰ ਵੱਡੇ ਮਹਾ ਪੁਰਖਾ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਹਰ ਬਚਨ ਦੀ ਪਾਲਣਾ ਕੀਤੀ। ਜਿਨ੍ਹਾਂ ਪ੍ਰੇਮੀਆਂ ਨੇ ਉਹਨਾਂ ਦੇ ਦਰਸ਼ਨ ਕੀਤੇ ਹਨ ਉਹਨਾਂ ਪ੍ਰੇਮੀਆਂ ਦੇ ਕੰਨਾਂ ਵਿਚ ਉਹਨਾਂ ਦੀ ਕਥਾ ਦੇ ਸ਼ਬਦ ਅਜੇ ਵੀ ਗੂੰਜ ਰਹੇ ਹਨ।

ਜਤ ਸਤ ਵਿਚ ਪੂਰੇ ਰਹਿਣਾ

ਸੰਤ ਜੀ ਆਪ ਜਦੋਂ ਪਿੰਡ ਤਖ਼ਤੂਪੁਰੇ (ਲੁਧਿਆਣਾ) ਵਿਖੇ ਸੇਵਾ ਕਰਵਾ ਰਹੇ ਸਨ, ਇਕ ਸ਼ਾਮ ਨੂੰ ਜਦੋਂ ਸੇਵਾ ਕਰਕੇ ਸੰਗਤ ਲੰਗਰ ਛਕ ਰਹੀ ਸੀ ਤਾਂ ਮਹਾਂ ਪੁਰਖ 'ਰਹਰਾਸਿ ਸਾਹਿਬ' ਦਾ ਪਾਠ ਤੇ ਅਰਦਾਸ ਕਰਕੇ ਪ੍ਰਕਰਮਾ ਵਿਚ ਹੀ ਸਿਮਰਨ ਦੇ ਅਨੰਦ ਵਿਚ ਲੇਟ ਗਏ। ਚੇਹਰੇ ਨੂਰ ਸਾਰਾ ਸਰੀਰ ਚਾਦਰੇ ਨਾਲ ਢੱਕਿਆ ਹੋਇਆ ਸੀ, ਸਭ ਸੰਕਲਪ ਫੁਰਨੇ ਰੋਕ ਕੇ

ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥
ਕਹੁ ਨਾਨਕ ਸੰਤਨ ਰਸੁ ਆਈ ਹੇ ਜਿਉ ਚਾਖਿ ਗੂੰਗਾ ਮੁਸਕਾਰੇ॥੨॥੧॥੨੦॥
(੧੩੦੧)

ਕਈ ਦਿਨ ਮਸਤੀ ਰਹਿਣ ਤੋਂ ਮਗਰੋਂ ਸੰਤਾਂ ਨੇ ਕਿਹਾ, 'ਸਿੰਘੋ ! ਆਓ ਫਿਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਮੱਥਾ ਟੇਕੋ।' ਮੱਥਾ ਟੇਕਿਆ, ਤਾਂ ਸਭਨਾਂ ਦੀ ਸੁੱਧ ਹੋਈ। ਮਹਾਂ ਪੁਰਖਾਂ ਨੇ ਕਿਹਾ ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਵੱਡਾ ਭਾਈ ਆਪਣੇ ਮੋਢਿਆਂ ਤੇ ਚੁੱਕ ਕੇ ਉਸ ਨੂੰ ਮੇਲਾ ਵਿਖਾਉਂਦਾ ਹੈ। ਪਰ ਅਸਲ ਅਨੰਦ ਉਸ ਨੂੰ ਉਦੋਂ ਹੁੰਦਾ ਹੈ, ਜਦੋਂ ਆਪ ਓਨਾ ਉੱਚਾ ਹੋ ਕੇ ਵੇਖੇ। ਸੋ ਇਕ ਵਾਰੀ ਤੁਸੀਂ ਇਹ ਨਜ਼ਾਰਾ ਵੇਖ ਲਿਆ ਹੈ, ਜੋ ਅੰਮ੍ਰਿਤ ਛਕਣ ਵੇਲੇ ਪੰਜਾਂ ਪਿਆਰਿਆਂ ਤੋਂ ਗੁਰ ਮੰਤ੍ਰ ਪ੍ਰਾਪਤ ਕੀਤਾ ਸੀ ਉਸ ਦਾ ਹੁਣ ਆਪ ਸਿਮਰਨ ਭਜਨ ਬਹੁਤ ਅਭਿਆਸ ਕਰ ਕੇ ਉਸ ਅਵਸਥਾ ਵਿਚ ਸਦਾ ਲੀਨ ਰਹੋ, ਜੀਵਨ ਮੁਕਤੀ ਦਾ ਅਨੰਦ ਮਾਣੋ ਤੇ ਹਲਤ ਪਲਤ ਮੁਖਿ ਉਜਲਾ ਕਰੋ।' ਯਥਾ :-

'ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥' (੬੭੦)

ਸੋ ਮਹਾਂ ਪੁਰਖ ਐਸੇ ਸਨ ਜੋ ਆਪ ਨਾਮ ਜਪਣ ਵਾਲੇ ਤੇ ਹੋਰਨਾਂ ਗੁਰਮੁਖ ਪਿਆਰਿਆਂ ਨੂੰ ਜਪਾਉਣ ਵਾਲੇ ਸਨ।

ਬਹੁਤ ਭਾਰੀ ਗੁਰਮਤਿ ਦਾ ਪ੍ਰਚਾਰ

ਆਪ ਜੀ ਨੇ ਚਹੁੰ ਕੁੰਟਾਂ ਵਿਚ ਜਥੇ ਸਮੇਤ ਵਿਚਰ ਕੇ ਬਹੁਤ ਭਾਰੀ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਜਥੇ ਸਮੇਤ ੨੧ ਕਥਾ ਸੰਗਤਾਂ ਵਿਚ ਵਿਚਰਕੇ ਸੰਪੂਰਨ ਕੀਤੀਆਂ। ਪੂਰਨ ਤਿਆਗ, ਵੈਰਾਗ, ਨਿਰਛਲ, ਨਿਸ਼ਕਪਟ, ਗੁਰਸਿਖੀ ਵਿਚ ਦ੍ਰਿੜ, ਪਖੰਡ ਰਹਿਤ ਹੋ ਕੇ, ਸੰਗਤਾਂ ਵਿਚ ਭਾਰੀ ਨਿੱਗਰ ਤੇ ਠੋਸ ਪ੍ਰਚਾਰ ਕੀਤਾ। ਬੀਰ-ਰਸ ਵਿਚ ਇਸ ਪ੍ਰਕਾਰ ਕਿਹਾ ਕਰਦੇ ਕਿ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ, ਪੰਜ ਕਕਾਰਾਂ ਦੀ ਰਹਿਤ ਰੱਖੋ, ਚਾਰ ਬੱਜਰ ਕੁਰਹਿਤਾਂ ਤੋਂ ਬਚ ਕੇ ਰਹੋ, ਨਿੱਤਨੇਮ ਵਿਚ ਪ੍ਰਪੱਕ ਰਹੋ, ਧਰਮ ਦੀ ਕਮਾਈ ਕਰ ਕੇ ਦਸਵੰਧ ਗੁਰੂ ਘਰ ਭੇਟਾ ਕਰੋ। ਨਾਮ ਜਪੋ, ਗਰੀਬਾਂ ਨੂੰ ਦੁੱਖ ਨਾ ਦਿਓ, ਦੁਸ਼ਟਾਂ ਤੋਂ ਨਾ ਡਰੋ ਤੇ ਸ਼ਸਤਰਧਾਰੀ ਹੋਵੋ। ਗੁਰ ਮੰਤ੍ਰ ਕਮਾ ਕੇ ਸ਼ਾਂਤ-ਰਸ ਦਾ ਅਨੰਦ ਲਵੋ, ਸ਼ਸਤਰ

'ਗਰਭਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ,
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥' (੫੪੦)

ਆਪ ਕ੍ਰਿਪਾ ਕਰ ਕੇ ਸਾਨੂੰ ਐਸਾ ਜਾਪ ਸੁਣਾਉ।' 'ਤਾਂ ਆਪ ਜੀ ਨੇ ਕਿਹਾ ਕਿ ਸਣੇਂ ਕੇਸੀਂ ਇਸ਼ਨਾਨ ਕਰੋ। ਸਾਰਿਆਂ ਨੇ ਬਚਨ ਮੰਨ ਕੇ ਸਣੇ ਕੇਸੀਂ ਇਸ਼ਨਾਨ ਕੀਤਾ। ਭਿੰਡਰੀਂ ਜਿੱਥੇ 'ਅਕਾਲ ਕਟੀਆ' ਹੈ, ਉਥੇ 'ਸ੍ਰੀ ਗਰੁ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਸੀ। ਓਥੇ ਹਜ਼ੂਰੀ ਵਿਚ ਲਿਜਾ ਕੇ ਮਹਾਂ ਪੁਰਖ ਕਹਿਣ ਲੱਗੇ :-

'ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥' (੨੫੬)

'ਖ਼ਾਲਸਾ ਜੀ! ਸਤਿਗੁਰਾਂ ਨੂੰ, ਦਸਾਂ ਹੀ ਪਾਤਿਸ਼ਾਹੀਆਂ ਦੀ ਪਰਤੱਖ ਆਤਮਿਕ ਜੋਤ ਜਾਣ ਕੇ ਸਿਦਕ, ਭਰੋਸੇ ਨਿਸਚੇ ਨਾਲ ਮੱਥਾ ਟੇਕੋ।' ਮੱਥਾ ਟੇਕਿਆ ਤਾਂ, ਦਸਾਂ ਹੀ ਪਾਤਿਸ਼ਾਹੀਆਂ ਦੇ ਦਰਸ਼ਨ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚੋਂ ਹੋਣ ਲੱਗੇ। ਉਪਰੰਤ ਮਹਾਂ ਪੁਰਖਾਂ ਨੇ ਕਿਹਾ, 'ਕੰਧ ਨਾਲ ਕੰਨ ਲਾਉ।' ਕੰਨ ਲਾਏ ਤਾਂ ਕੰਧ ਵਿਚੋਂ ਮੂਲ ਮੰਤ੍ਰ ਦਾ ਪਾਠ ਸੁਣਨ ਲੱਗਾ, ਫਿਰ ਤਖ਼ਤਿਆਂ ਵਿਚੋਂ ਵਾਹਿਗੁਰੂ ਮੰਤ੍ਰ ਸੁਣਨ ਲੱਗਾ, ਤਾਂ ਉਹ ਸਿੰਘ ਐਨੇ ਮਸਤ ਹੋਏ ਕਿ ਖਾਣ ਪੀਣ ਅਤੇ ਸਰੀਰ ਦਾ ਚੇਤਾ ਭੁੱਲ ਗਿਆ। ਸ੍ਵਾਸ-ਸ੍ਵਾਸ ਰੋਮ-ਰੋਮ ਵਿਚੋਂ ਵਾਹਿਗੁਰੂ ਮੰਤ੍ਰ ਦਾ ਜਾਪ ਹੋਣ ਲੱਗ ਪਿਆ।

ਯਥਾ :-'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥' (੯੪੧)

ਸਭਨਾਂ ਦੇ ਸਾਰੇ ਹੀ ਸੰਕਲਪ ਫੁਰਨੇ ਮਿਟ ਗਏ, ਮਨ ਗਾੜ੍ਹੇ ਅਨੰਦ ਵਿਚ ਲੀਨ ਹੋ ਗਏ।

ਯਥਾ:-'ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨ ਅਵਰੁ ਨ ਜਾਨਾ ॥' (੯੯੧)

ਤਥਾ:-'ਅਬ ਮੋਹਿ ਰਾਮ ਜਸੋ ਮਨਿ ਗਾਇਓ ॥
ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ॥੧॥(੬੭੧)

ਤਥਾ:-'ਨਾਰਾਇਨ ਨਰਪਤਿ ਨਮਸਕਾਰੈ ॥
ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥੧॥ਰਹਾਉ॥
ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਿਛੁ ਪਾਰੈ ॥
ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥੧॥

ਇਕ ਰਹਿਤਵਾਨ, ਨਿਤਨੇਮੀ ਸਿੰਘ ਨੂੰ ਠੀਕ ਓਸ ਸਮੇਂ ਧ੍ਰਿਤੀ ਦੇ ਟਿਕਾਅ ਵਿਚ ਅਸਚਰਜ ਕੌਤਕ ਹੋਇਆ ਜੋ ਉਹ ਜਰ ਨਾ ਸਕਿਆ, ਬੋਲ ਉਠਿਆ, 'ਔਹ ਵੇਖੋ ! ਦਸਮ ਪਾਤਸ਼ਾਹ ਜੀ ਆਏ ਹਨ, ਹੁਣ ਵੇਖੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਮੱਥਾ ਟੇਕ ਰਹੇ ਹਨ, ਹੁਣ ਪ੍ਰਕਰਮਾ ਕਰ ਰਹੇ ਹਨ, ਹੁਣ ਚੌਰ ਕਰ ਰਹੇ ਹਨ।' ਮਹਾਂ ਪੁਰਖ ਆਪਣੀ ਮਸਤੀ ਵਿਚ ਇਹੋ ਸ਼ਬਦ ਦੀਆਂ ਪੰਗਤੀਆਂ ਬੜੇ ਅਨੰਦ ਵਿਚ ਪੜ੍ਹ ਰਹੇ ਸਨ। ਫਿਰ ਉਹ ਸਿੰਘ ਕਹਿਣ ਲੱਗਾ, 'ਹੁਣ ਵੇਖੋ ! ਸੰਤਾਂ ਦੇ ਸੱਜੇ ਮੋਢੇ ਤੇ ਹੱਥ ਰੱਖ ਕੇ ਪ੍ਰਸੰਨ ਹੋ ਕੇ ਕੀਰਤਨ ਸੁਣ ਰਹੇ ਹਨ।' ਇਹ ਅਵਾਜ਼ ਮਹਾਂ ਪੁਰਖਾਂ ਦੇ ਕੰਨਾਂ ਵਿਚ ਪਈ ਤਾਂ ਕਿਹਾ, 'ਸਿੰਘੋ ! ਇਹ ਸਿੰਘ ਮਸਤਾਨਾ ਹੋ ਗਿਆ ਹੈ, ਇਸ ਨੂੰ ਅੰਦਰ ਲੈ ਜਾਓ, ਇਸ ਦੇ ਸਿਰ ਵਿਚ ਪੱਖਣ ਝੱਲੋ।' ਦੋ ਦਿਨ ਇਉਂ ਹੀ ਕਰਵਾਇਆ। ਉਹ ਸਿੰਘ ਕਹੇ, 'ਮੈਂ ਮਸਤਾਨਾ ਨਹੀਂ ਮੈਨੂੰ ਦਸਮ ਪਾਤਸ਼ਾਹ ਜੀ ਦੀ ਆਤਮਿਕ ਜੋਤ ਦੇ ਦਰਸ਼ਨ ਦੀਵਾਨ ਵਿਚ ਹੋ ਰਹੇ ਸਨ। ਫਿਰ ਉਹ ਜੋਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਹੀ ਅਭੇਦ ਹੁੰਦੀ ਪ੍ਰਤੀਤ ਹੋ ਰਹੀ ਸੀ। ਦੋ ਦਿਨ ਬਾਅਦ ਜਦ ਮਹਾਂ ਪੁਰਖਾਂ ਪਾਸ ਲਿਆਂਦਾ ਗਿਆ। ਫ਼ਤਹਿ ਬੁਲਾ ਕੇ ਕਹਿਣ ਲੱਗਾ, 'ਜੀ ! ਮੇਰੇ ਨਾਲ ਚੰਗੀ ਕੀਤੀ, ਮੈਨੂੰ ਐਵੇਂ ਹੀ ਮਸਤਾਨਾ ਬਣਾ ਦਿੱਤਾ, ਤੁਸੀਂ ਦੱਸੋ ਦਸਮ ਪਾਤਿਸ਼ਾਹ ਜੀ ਦੇ ਦਰਸ਼ਨ ਨਹੀਂ ਸਨ ਹੋ ਰਹੇ ?' ਤਾਂ ਸੰਤਾਂ ਨੇ ਕਿਹਾ, ਜੇ ਤੈਨੂੰ ਦਿੱਸ ਰਹੇ ਸਨ ਤਾਂ ਜਿਨ੍ਹਾਂ ਦੇ ਮੋਢੇ ਤੇ ਉਹਨਾਂ ਨੇ ਹੱਥ ਰੱਖਿਆ ਸੀ, ਉਹਨਾਂ ਨੂੰ ਨਹੀਂ ਸਨ ਦਿੱਸ ਰਹੇ ? ਗੁਰਮੁਖਾ ! ਅਜਰ ਜਰਨਾ ਚਾਹੀਦਾ ਹੈ।

'ਕਹੁ ਨਾਨਕ ਅਜਰੁ ਜਿਨਿ ਜਰਿਆ,
ਤਿਸ ਹੀ ਕਉ ਬਨਿ ਆਵਤ ॥੪॥੯॥' (੧੨੦੫)

'ਸ੍ਰੀ ਗਰੁ ਗ੍ਰੰਥ ਸਾਹਿਬ ਜੀ' ਦਸੋਂ ਹੀ ਪਾਤਿਸ਼ਾਹੀਆਂ ਦੀ ਆਤਮਿਕ ਜੋਤ ਹਨ, ਸ਼ਬਦ-ਗੁਰੂ ਤੇ ਨਿਸਚਾ ਰੱਖ, ਹਿਰਦੇ 'ਚ ਵਸਾ, ਕਮਾਈ ਕਰ, ਸਤਿਗੁਰੂ ਜੀ ਦੀ ਸਦੀਵੀ ਬਖ਼ਸ਼ਿਸ਼ ਹੋਵੇਗੀ।

ਸਿੰਘਾਂ ਨੂੰ ਕੰਧਾਂ 'ਚੋਂ ਜਾਪ ਸੁਣਾਉਣਾ

ਇਕ ਵਾਰੀ ਮਹਾਂ ਪੁਰਖਾਂ ਦੇ ਪਾਸ ਜਥੇ ਦੇ ਅੱਠ ਸਿੰਘਾਂ ਨੇ ਬੇਨਤੀ ਕੀਤੀ, 'ਜੀ ! ਜੋ ਗੁਰੂ ਕੀ ਬਾਣੀ ਵਿਚ ਅੰਮ੍ਰਿਤ ਬਚਨ ਹਨ:-

ਵਿਚਰ ਕੇ ਆਪ ਜੀ ਨੇ ਸੰਗਮ ਤੁਰਨ ਫਿਰਨ ਵਾਲਾ ਤੀਰਥ ਦੇ ਰੂਪ ਵਿਚ ਬੜਾ ਭਾਰੀ ਪ੍ਰਚਾਰ ਕੀਤਾ। ਆਪ ਜੀ ਦਿਨ ਵਿਚ ਇਕੋ ਵਾਰੀ ਅੰਮ੍ਰਿਤ ਵੇਲੇ ਹੀ ਕਥਾ ਕਰਿਆ ਕਰਦੇ, ਵਿਦਿਆਰਥੀ ਪੋਥੀਆਂ ਪ੍ਰਕਾਸ਼ ਕਰਕੇ ਨਾਲ ਸੁਣਦੇ ਤੇ ਅਰਥ ਲਿਖਦੇ। ਸ਼ਾਮ ਨੂੰ ਖੜੇ ਹੋ ਕੇ ਵਾਜੇ ਨਾਲ ਗੁਰੂ ਕੀ ਬਾਣੀ ਦਾ ਉੱਚੀ ਸੁਰੀਲੀ ਮਨੋਹਰ ਆਵਾਜ਼ ਨਾਲ ਕੀਰਤਨ ਕਰਦੇ, ਨਾਲ ਗੁਰਮਤਿ ਦਾ ਪ੍ਰਚਾਰ ਕਰਦੇ, ਜਿਸ ਵਿਚ ਕੁਰੀਤਾਂਆਂ ਤੋਂ ਬਚਣਾ, ਮਨਮੁਖਤਾਈ, ਚੋਰੀ, ਯਾਰੀ, ਠੱਗੀ, ਕੁਰਹਿਤਾਂ, ਸ਼ਰਾਬ, ਕਬਰ, ਮੜ੍ਹੀ, ਮੱਠ, ਭੂਤ, ਪ੍ਰੇਤ, ਜੰਤ੍ਰ, ਮੰਤ੍ਰ, ਦੇਵੀ, ਦੇਵਤਿਆਂ ਦੀ ਉਪਾਸ਼ਨਾਂ, ਵਹਿਮ ਭੁਲੇਖਿਆਂ ਤੋਂ ਬਚ ਕੇ ਖੰਡੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਤੋਂ ਛਕ ਕੇ ਰਹਿਤ ਵਿਚ ਤਿਆਰ ਪੁਰ ਤਿਆਰ ਰਹਿਣਾ, ਵਿਆਹ ਸ਼ਾਦੀਆਂ ਤੇ ਫਜ਼ੂਲ ਖਰਚ ਨਾ ਕਰਨਾ, ਲੌਕਿਕ ਰੀਤੀਆਂ ਤੋਂ ਬਚਣ ਦਾ ਉਪਦੇਸ਼ ਦੇਂਦੇ। ਇਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਉਪਾਸ਼ਨਾਂ, ਪੂਜਾ ਅਕਾਲ ਪੁਰਖ ਦੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ, ਵਰਤ ਵਰਤਾਵਾ ਵੈਰਾਗ ਦਾ, ਮੁਖ ਭਗਤੀ, ਰਿਦੇ ਗਿਆਨ, ਧਰਮ ਦੀ ਕ੍ਰਿਤ ਤੇ ਵੰਡ ਕੇ ਛਕਣ ਦਾ ਉਪਦੇਸ਼ ਦੇਂਦੇ।

ਚਾਨਣੀ 'ਚੋਂ ਅੰਮ੍ਰਿਤ ਰਸ ਚੋਣਾ

ਆਪ ਹਰ ਸਮੇਂ ਸਿਮਰਨ ਭਜਨ ਵਿਚ ਲੀਨ ਰਹਿੰਦੇ। ਆਪ ਜੀ ਦੀ ਕਥਾ ਵਿਚ ਐਨਾ ਰਸ ਸੀ ਕਿ ਸੁਣਨ ਵਾਲੇ ਦਾ ਮਨ ਟਿਕਾਅ, ਅਨੰਦ, ਖੜ ਵਿਚ ਆ ਜਾਂਦਾ ਭਾਵ ਸ਼ਾਂਤੀ ਆ ਜਾਂਦੀ। ਇਕ ਵਾਰੀ ਕਥਾ ਕਰ ਰਹੇ ਸਨ। ਚਾਨਣੀ ਲੱਗੀ ਹੋਈ ਸੀ। ਸਭ ਸਰੋਤੇ ਪੂਰਨ ਸ਼ਾਂਤੀ ਤੇ ਟਿਕਾਅ ਨਾਲ ਸੁਣ ਰਹੇ ਸਨ। ਪ੍ਰਤੱਖ ਦੇਵਤਿਆਂ ਦਾ ਮਿੱਠਾ ਰਸ ਵੱਡੀ ਚਾਨਣੀ ਵਿਚੋਂ ਚੋਣ ਲੱਗਾ, ਅਕਾਸ਼ ਵਿਚ ਕੋਈ ਬੱਦਲ ਨਹੀਂ ਸੀ, ਚਾਨਣੀ ਤੇ ਦੇਖਿਆ ਤਾਂ ਚੋ ਤਿੰਨ ਬੁੱਕ ਉਹ ਦੇਵ-ਰਸ ਜਮ੍ਹਾਂ ਹੋਇਆ ਸੀ। ਕੁਝ ਪ੍ਰਾਣੀਆਂ ਨੇ ਚੱਖਿਆ ਜੋ ਮਿੱਠਾ ਸੀ, ਬੜੇ ਅਸਚਰਜ ਹੋਏ।

ਇਕ ਸਿੰਘ ਨੂੰ ਅਲੌਕਿਕ ਨਜ਼ਾਰਾ

ਇਕ ਵਾਰੀਂ ਆਪ ਦੀਵਾਨ ਵਿਚ ਖੜੇ ਹੋ ਕੇ ਵਾਜੇ ਨਾਲ ਕੀਰਤਨ ਕਰ ਰਹੇ ਸਨ, ਬੜੀ ਇਕਾਗਰਤਾ ਤੇ ਅਨੰਦ ਨਾਲ ਸੰਗਤਾਂ ਸੁਣ ਰਹੀਆਂ ਸਨ। ਗੁਰਬਾਣੀ ਦੀ ਪੰਗਤੀ ਸੀ :-

'ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥' (੯੨੪)

ਨਾਮ ਰਸੀਏ ਬ੍ਰਹਮ ਵਿੱਦਿਆ ਵਿਚ ਨਿਪੁੰਨ, ਸੰਤ ਬਿਸ਼ਨ ਸਿੰਘ ਜੀ ਹਨ ਉਹਨਾਂ ਪਾਸ ਜਾਉ। ਤਾਂ ਰੇਲ ਰਾਹੀਂ ੨੫ ਫੱਗਣ ਸੰਮਤ ੧੯੫੯ ਬਿ: ਨੂੰ ਮੁਰਾਲੇ ਸੰਤ ਜੀ ਦੇ ਚਰਨਾਂ ਵਿਚ ਜਾ ਪਹੁੰਚੇ। ਕਾਫੀ ਸਮਾਂ ਉਹਨਾਂ ਦੀ ਸੇਵਾ ਸੰਗਤ ਵਿਚ ਰਹੇ। 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਅੰਮ੍ਰਿਤ ਰੂਪ ਕਥਾ ਟਕਸਾਲੀ ਅਰਥ, ਪੂਰਨ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਕੀਤੀ। ਨਿਰਵਿਕਾਰ ਜੀਵਨ ਹਣ ਕਾਰਨ ਆਪ ਜੀ ਦੀ ਬੁੱਧੀ ਐਸੀ ਨਿਰਮਲ ਤੇ ਪਵਿੱਤਰ ਸੀ ਕਿ ਜਦੋਂ ਮਹਾਂ ਪੁਰਖ ਅਰਥ ਕਰਿਆ ਕਰਦੇ ਤਾਂ ਕਲਮ ਨਾਲ ਲਿਖਣ ਦੀ ਬਜਾਏ ਹਿਰਦੇ ਵਿਚ ਹੀ ਲਿਖੀ ਜਾਂਦੇ :-

ਕਥਾ-'ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥' (੮੪)

ਸਿਖੋਂ ਇਹਨਾਂ ਨੂੰ ਇਲਾਹੀ ਤੇ ਅਮਲੀ ਦੋਹਾਂ ਤਰ੍ਹਾਂ ਦਾ ਗਿਆਨ ਪ੍ਰਾਪਤ ਹੋਇਆ।

ਬਖਸ਼ਿਸ਼ ਹੋਣੀ

ਸੰਤ ਬਿਸ਼ਨ ਸਿੰਘ ਜੀ ਨੇ ਆਪਣੇ ਗੁਰਪੁਰੀ ਪਿਆਨੇ ਤੋਂ ਕੁਝ ਦਿਨ ਪਹਿਲਾਂ ਕਿਹਾ, 'ਗੁਰਮੁਖਾ! ਪੁੱਛ ਲੈ, ਜ ਕੁਝ ਪੁੱਛਣਾ ਹੈ?' ਤਾਂ ਗਿਆਨੀ ਸੁੰਦਰ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਕਿਹਾ, 'ਆਪ ਜੀ ਆਪ ਹੀ ਬਖਸ਼ਿਸ਼ ਕਰੋ।' ਤਾਂ ਆਪ ਜੀ ਨੇ ਬੜੇ ਪ੍ਰੇਮ ਵਿਚ ਆ ਕੇ ਕਿਹਾ, 'ਤੁਸੀਂ ਸਾਰੀ ਜਿੰਦਗੀ ਗੁਰੂ ਘਰ ਦਾ ਪ੍ਰਚਾਰ ਕਰੋ। ਗੁਰਬਾਣੀ ਦੀ ਸੱਝੀ ਸੰਗਤਾਂ ਨੂੰ ਕਰਵਾਓ. ਗੁਰੂ ਕੇ ਸਿੰਘ ਸਜਾਉ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੁਹਾਡੇ ਤੇ ਸਦਾ ਮੇਹਰ ਰਹੇਗੀ। ਮਾਘ ੧੩ ਸੰਮਤ ੧੯੬੨ ਬਿਕਰਮੀ ਨੂੰ ਸੰਗਤਾਂ ਦੇ ਸਾਹਮਣੇ ਪਿੰਡ ਮੁਰਾਲੇ ਗੁਰਦੁਆਰਾ ਸਾਹਿਬ ਵਿਖੇ ਸੰਪ੍ਰਦਾਈ ਟਕਸਾਲ ਦੀ ਦਸਤਾਰ, ਸੰਤ ਜੀ ਨੇ ਆਪਣੇ ਹੱਥੀਂ, ਸੰਤ ਗਿਆਨੀ ਸੁੰਦਰ ਸਿੰਘ ਜੀ ਦੇ ਸੀਸ ਤੇ ਸਜਾ ਕੇ ਕਿਹਾ, ਅੱਜ ਤੋਂ ਤੁਸੀਂ ਇਸ ਸੰਪ੍ਰਦਾ ਦੇ ਮੁਖੀ ਸੇਵਾਦਾਰ ਹੋ।'

ਵਿਦਿਆਰਥੀਆਂ ਨੂੰ ਬ੍ਰਹਮ ਵਿੱਦਿਆ ਦੀ ਦਾਤ ਅਤੇ ਕਥਾ ਕੀਰਤਨ ਦਾ ਪ੍ਰਵਾਹ

ਕਾਫੀ ਸਮੇਂ ਤੱਕ ਆਪ ਜੀ ਨਾਲ ੨੦-੨੫ ਸਿੰਘ ਰਹਿਤ ਵਿਚ ਤਿਆਰ ਪੂਰ ਤਿਆਰ, ਨਿੱਤਨੇਮੀ, ਪ੍ਰੇਮੀ, ਉੱਚੇ ਜੀਵਨ ਵਾਲੇ ਵਿਦਿਆਰਥੀ, ਸੇਵਾ, ਕੀਰਤਨ, ਕਥਾ, ਸੁਣਨ ਪੜ੍ਹਨ ਵਾਲੇ ਨਾਲ ਰਹੇ। ਥਾਂ ਥਾਂ ਤੇ

ਹੱਥੀਂ ਸੇਵਾ ਕਰਨੀ ਤੇ ਅੰਮ੍ਰਿਤ ਛਕਣਾ

ਗੁਰਮਤਿ ਸਿੱਖਿਆ ਦੇ ਨਾਲ ਨਾਲ ਹੱਥੀਂ ਧਰਮ ਦੀ ਕਿਰਤ ਨੂੰ ਸ੍ਰੇਸ਼ਟ ਜਾਣ ਕੇ, ਮਾਤਾ ਪਿਤਾ ਨੇ ਬਾਲਕ ਨੂੰ 'ਘਾਲ ਖਾਇ ਕਿਛੁ ਹਥਹੁ ਦੇਇ ॥' ਦਾ ਸੁਭਾਅ ਪਾਉਣ ਲਈ ੬-੭ ਸਾਲ ਦੀ ਅਵਸਥਾ ਵਿਚ ਇਨ੍ਹਾਂ ਦੀ ਗਊਆਂ ਮੱਝਾਂ ਚਾਰਨ ਦੀ ਡਿਊਟੀ ਲਾਈ। ਪਰ ਨਾਲ ਨਾਲ ਗੁਰੂ ਕੀ ਬਾਣੀ ਦੀ ਸੰਥਿਆ ਕਰਵਾ ਕੇ ੯-੧੦ ਸਾਲ ਦੀ ਅਵਸਥਾ ਵਿਚ ਪਿਤਾ ਜੀ ਨੇ ਬੜੇ ਪਿਆਰ ਤੇ ਉੱਦਮ ਸਹਿਤ ਆਪ ਜੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸ਼ੁੱਧ ਅਖੰਡ ਪਾਠੀ ਬਣਾਇਆ। ਫੇਰ ਸਤਿਕਾਰ ਯੋਗ ਭਾਈ ਸਾਧੂ ਸਿੰਘ ਜੀ, ਭਾਈ ਮੰਗਲ ਸਿੰਘ ਜੀ, ਭਾਈ ਅਮਰ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ, ਗ੍ਰੰਥੀ ਗਿ: ਹਰੀ ਸਿੰਘ ਜੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ-ਪਾਨ ਕਰਵਾ ਕੇ ਪੂਰਨ ਖਾਲਸਾ ਸਜਵਾਇਆ। ੧੭ ਸਾਲ ਦੀ ਆਯੂ ਤੱਕ ਆਪ ਜੀ ਘਰ ਰਹਿ ਕੇ ਧਰਮ ਦੀ ਕਿਰਤ, ਖੇਤੀ ਕਰਦੇ ਰਹੇ।

ਵਿੱਦਿਆ ਤੇ ਕੀਰਤਨ ਸਿੱਖਣਾ

ਪਿਤਾ ਜੀ ਤੋਂ ਆਗਿਆ ਪਾ ਕੇ ਗੁਰਮਤਿ ਵਿੱਦਿਆ ਲਈ ਘਰ ਤੋਂ ਵਿਦਾ ਹੋਏ। ਪਹਿਲੋਂ ਪਹਿਲ ਆਪ ਜੀ ਨੇ ਪਿੰਡ ਧਰਮ ਕੋਟ ਇਕ ਪੰਡਿਤ ਜੀ ਪਾਸੋਂ ਸੰਸਕ੍ਰਿਤ ਦੀ ਵਿਆਕਰਣ, ਫਿਰ ਲੁਧਿਆਣੇ ਨੇੜੇ ਪਿੰਡ ਦਾਦਾਂ ਦੇ ਸੰਤ ਪੰਡਿਤ ਜਵਾਲਾ ਦਾਸ ਜੀ 'ਉਦਾਸੀ' ਪਾਸੋਂ ਅਨੇਕਾਂ ਗ੍ਰੰਥ ਪੜ੍ਹੇ, ਵਿਚਾਰੇ ਅਤੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ। ਸੁਰੀਲੀ ਅਵਾਜ਼ ਨਾਲ ਗੁਰਬਾਣੀ ਉੱਚੀ ਉੱਚੀ ਅੰਮ੍ਰਿਤ ਵੇਲੇ ਗਾ ਕੇ ਸੁਣਾਉਂਦੇ। ਫਿਰ ਆਪ ਜੀ ਨੇ ਗਿਆਨੀ ਭਗਤ ਰਾਮ ਜੀ ਹਮੀਦੀ ਵਾਲਿਆਂ ਤੋਂ ਬ੍ਰਹਮ ਵਿਦਿਆ ਗ੍ਰਹਿਣ ਕੀਤੀ। ਉਥੇ ਅਨੇਕਾਂ ਮਹਾਤਮਾਂ, ਸਾਧੂ, ਸੰਤਾਂ ਦੀ ਸੰਗਤ ਕਰਦੇ। ਫਿਰ ਆਪ ਜੀ ਭਾਈ ਚੇਤਾ ਸਿੰਘ ਜੀ 'ਬਿਰੱਕਤ' ਕੋਲ ਆ ਟਿਕੇ।

ਸੰਤ ਬਿਸ਼ਨ ਸਿੰਘ ਜੀ ਕੋਲ ਪਹੁੰਚਣਾ

ਬਿਰੱਕਤ ਜੀ ਨੇ ਇਹਨਾਂ ਦੀ ਗੁਰਮਾਰਗ ਪ੍ਰਤੀ ਉਪਗੰਮਤਾ, ਪਿਆਰ, ਵੈਰਾਗ ਤੇ ਬ੍ਰਹਮ ਵਿੱਦਿਆ ਦੀ ਸੀਮਾਂ ਤੱਕ ਪਹੁੰਚਣ ਦੀ ਤਾਂਘ ਵੇਖ ਕੇ ਦੱਸਿਆ ਕਿ ਪਿੰਡ ਮੁਰਾਲੇ ਵਿਖੇ ਇਕ ਪੂਰਨ ਬ੍ਰਹਮ ਗਿਆਨੀ, ਬੀਤਰਾਗ ਧਰਮ ਮੂਰਤੀ, ਅੰਮ੍ਰਿਤਧਾਰੀ, ਪੰਜਾਂ ਕਕਾਰਾਂ ਦੇ ਪੂਰਨ ਦ੍ਰਿੜ੍ਹਤਾ ਨਾਲ ਧਾਰਨੀ,

ਸੰਖੇਪ ਜੀਵਨ

ਸੱਚਖੰਡ ਵਾਸੀ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ

ਸ੍ਰੀ ਮਾਨ ਪੰਥ ਰਤਨ, ਵਿੱਦਿਆ ਮਾਰਤੰਡ, ਪੂਰਨ ਬ੍ਰਹਮ ਗਿਆਨੀ ਸੱਚਖੰਡ ਵਾਸੀ ਸੰਤ ਸੁੰਦਰ ਸਿੰਘ ਜੀ 'ਭਿੰਡਰਾਂ' ਵਾਲਿਆਂ ਦਾ ਜਨਮ ੮ ਭਾਦਰੋਂ ਸੰਮਤ ੧੯੪੦ ਬਿ: ਦਿਨ ਵੀਰਵਾਰ ਨੂੰ, ਨਾਮ ਬਾਣੀ ਦੇ ਰਸੀਏ, ਅੰਮ੍ਰਿਤਧਾਰੀ, ਰਹਿਤ ਵਿਚ ਪੂਰਨ ਤਿਆਰ ਪੂਰ ਤਿਆਰ, ਸਤਿਕਾਰ ਯੋਗ ਬਾਬਾ ਖ਼ਜ਼ਾਨ ਸਿੰਘ ਜੀ ਦੇ ਘਰ, ਗੁਰਬਾਣੀ ਦੀ ਨਿੱਤਨੇਮਣ ਮਾਤਾ ਮਹਿਤਾਬ ਕੌਰ ਜੀ ਦੀ ਕੁਖੋਂ, ਅੰਮ੍ਰਿਤ ਵੇਲੇ ਢਾਈ ਵਜੇ ਦੇ ਕਰੀਬ ਪਿੰਡ ਭਿੰਡਰ ਕਲਾਂ, ਜ਼ਿਲਾ ਫ਼ੀਰੋਜ਼ਪੁਰ ਵਿਖੇ ਹੋਇਆ।

ਹੁਕਮਨਾਮਾ ਲੈ ਕੇ ਨਾਮ ਰੱਖਣਾ

ਗੁਰਮਤਿ ਮਰਯਾਦਾ ਅਨੁਸਾਰ ਬਾਲਕ ਨੂੰ ਇਸ਼ਨਾਨ ਕਰਵਾ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਹਾਜ਼ਰੀ ਵਿਚ ਮੱਥਾ ਟਿਕਵਾਇਆ ਅਤੇ ਗੁਰਮਤਿ ਅਨੁਸਾਰ ਜਨਮ ਸੰਸਕਾਰ ਕੀਤਾ। ਨਾਮ ਰੱਖਣ ਲਈ ਅਰਦਾਸ ਕਰਨ ਤੋਂ ਹੁਕਮਨਾਮਾ ਆਇਆ :-

ਬਿਲਾਵਲੁ ਮਹਲਾ ੫ ॥

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥ ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ ਰਹਾਉ ॥ ਕਰਿ ਕ੍ਰਿਪਾ ਅਪਨੇ ਪ੍ਰਭਿ ਕੀਨੇ ਨਾਮੁ ਅਪਨੇ ਕੀ ਕੀਨੀ ਦਾਤਿ ॥ ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥ ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥ ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤ ਸੰਗਿ ਮਿਲਾਤ ॥੨॥੪॥੮੪॥ (੮੨੦)

ਸ੍ਰੀ ਮੁਖਵਾਕ ਦੇ ਪਹਿਲੇ ਅੱਖਰ 'ਸ' ਤੋਂ ਇਨ੍ਹਾਂ ਦਾ ਨਾਮ 'ਸੁੰਦਰ ਸਿੰਘ' ਰੱਖਿਆ ਗਿਆ। ਸਤਿਗੁਰੂ ਜੀ ਦੇ ਮਹਾਵਾਕ ਤੋਂ ਇਸ ਹੋਣਹਾਰ ਗੁਰਮੁਖ ਦਾ ਸ੍ਰੇਸ਼ਟ ਜੀਵਨ ਉਕਰਿਆ।

ਸੂਰਜ ਤਾਰੇ ਤੱਕ ਵੀ ਨਹੀਂ ਦੇਖੇ। ਇਹਨਾਂ ਬਾਹਰਲਿਆਂ ਦੀਵਿਆਂ ਨੂੰ ਕੀ ਵੇਖਣਾ ਹੈ ? ਸਾਨੂੰ ਰਿਦੇ ਵਿਚ 'ਕੋਟ ਸੂਰ ਨਾਨਕ ਪ੍ਰਗਾਸ ॥' ਕਰਨ ਵਾਲੇ ਸ਼ਬਦ ਵਿਚ ਹੀ ਸੁਰਤ ਜੋੜਨ ਦਿਓ।' ਇਉਂ ਕਹਿ ਕੇ ਚੁੱਪ ਰਹੇ, ਬਾਹਰ ਨਹੀਂ ਤੱਕਿਆ।

ਏਥੇ ਗੁਰਦੁਆਰੇ ਸਾਹਿਬ ਵਿਖੇ ਸ੍ਰੀ ਅਖੰਡ ਪਾਠ, ਸਪਤਾਹਿਕ ਪਾਠ, ਸਹਿਜ ਪਾਠ, ਕਥਾ, ਕੀਰਤਨ ਦਾ ਪ੍ਰਵਾਹ ਨਿੱਤ ਚਲਦਾ ਰਹਿੰਦਾ। ਆਪ ਜੀ ਨੇ ਸੱਚਖੰਡ ਜਾਣ ਤੋਂ ਪਹਿਲਾਂ ਆਪਣੇ ਵਿਦਿਆਰਥੀਆਂ ਵਿਚੋਂ ਪੰਜ ਕਕਾਰਾਂ ਦੀ ਰਹਿਤ ਵਿਚ ਤਿਆਰ ਪੁਰ ਤਿਆਰ, ਗੁਰਮਤਿ ਵਿੱਦਿਆ ਵਿਚ ਨਿਪੁੰਨ, ਜਤੀ, ਤਪੀ, ਵੈਰਾਗੀ ਸੰਤ ਸੁੰਦਰ ਸਿੰਘ ਜੀ ਨੂੰ ਆਪਣੇ ਤੋਂ ਅੱਗੇ ਟਕਸਾਲ ਨੂੰ ਚਲਾਉਣ ਦਾ ਸਿਰੋਪਾਉ ਬਖ਼ਸ਼ਿਆ ਅਤੇ ਦੇਸ਼ ਭਰ ਵਿਚ ਵਿਚਰ ਕੇ ਪ੍ਰਚਾਰ ਕਰਨ ਦਾ ਹੁਕਮ ਕੀਤਾ।

ਸੱਚਖੰਡ ਪਿਆਨਾ

ਡਾਕਟਰ ਦਰਸ਼ਨਾਂ ਲਈ ਆਇਆ, ਉਸ ਨੂੰ ਨਬਜ਼ ਦਿਖਾਈ, ਉਹ ਕਹਿਣ ਲੱਗਾ, ਜੀ ! ਆਪ ਪੂਰਨ ਅਰੋਗ ਹੋ, ਖੱਚਿਆਂ ਵਰਗੀ ਨਬਜ਼ ਚੱਲ ਰਹੀ ਹੈ।' ਤਾਂ ਸੰਤਾਂ ਕਿਹਾ, ਏਸੇ ਵਾਸਤੇ ਭਜਨ ਸਿਮਰਨ ਕਰੀਦਾ ਹੈ ਕਿ ਅੰਤਲੇ ਸਮੇਂ ਸੁਰਤ ਸ਼ਬਦ ਵਿਚ ਜੁੜੀ ਰਹੇ, ਕੋਈ ਖੇਦ ਨਾ ਹੋਵੇ।' ਉਸੇ ਦਿਨ ਸ੍ਰੀ ਅਖੰਡ ਪਾਠ ਅਰੰਭ ਕਰਵਾ ਕੇ, ਸਾਰੇ ਸਰੀਰ ਨੂੰ ਸੋਧ ਕੇ, ਖਿੰਚੇ ਦਮਨ, ਮਨ ਇਕਾਗਰ, ਸੁਰਤ ਸ਼ਬਦ ਵਿਚ ਜੋੜ ਕੇ ਇਕ-ਰਸ ਸਾਰਾ ਅਖੰਡੇ ਪਾਠ ਬਿਨਾਂ ਆਲਸ ਤੇ ਹੋਰ ਕ੍ਰਿਆ ਤੋਂ ਸੁਣ ਕੇ ਭੋਗ ਪੈਂਦਿਆਂ ਸਾਰ ਹੀ ਸਭ ਸੰਗਤ ਨੂੰ ਫਤਹ ਗਜਾ ਕੇ ੧੯੯੨ ਬਿਕ੍ਰਮੀ ੧੫ ਮਾਘ, ਦਿਨ ਬੁਧਵਾਰ ਨੂੰ ੫੩ ਸਾਲ ਦੀ ਉਮਰ ਭੋਗ ਕੇ ਸੱਚਖੰਡ ਨੂੰ ਪਿਆਨਾ ਕੀਤਾ।

'ਸੇਵਕ ਕੀ ਓਟਕਿ ਨਿਬਹੀ ਪਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤ ਰਾਖਿਓ ਚੀਤਿ ॥' (੧੦੦੦)

ਬੇਅੰਤ ਸੰਗਤਾਂ ਵੈਰਾਗ ਵਿਚ ਜੁੜੀਆਂ, ਦੁਸਹਿਰੇ ਤੱਕ ਬੇਅੰਤ ਅਖੰਡ ਪਾਠ, ਅਤੁੱਟ ਲੰਗਰ, ਕਥਾ, ਕੀਰਤਨ ਦਾ ਪ੍ਰਵਾਹ ਚਲਿਆ।

ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਉਸੇ ਦਿਨ ਤੋਂ ਹੀ ਵਿਦਿਆਰਥੀ ਨਾਲ ਲੈ ਕੇ, ਅੱਗੇ ਕਥਾ, ਕੀਰਤਨ, ਸਿਮਰਨ, ਭਜਨ, ਸਿੰਘਾਂ ਦੀ ਪੜ੍ਹਾਈ ਸ਼ੁਰੂ ਕਰ ਕੇ ਜਥਾ ਫੇਰਨਾ ਅਰੰਭਿਆ।

ਸ੍ਰੀ ਮੁਖਵਾਕ :-

'ਉਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥' (੨੮੬)

ਕਿਸੇ ਨਾਲ ਵੀ ਬਹੁਤੀ ਗੱਲ ਬਾਤ ਨਹੀਂ ਸਨ ਕਰਦੇ, ਗੁਰਬਾਣੀ ਦੀ ਪੰਗਤੀ ਪੜ੍ਹਿਆ ਕਰਦੇ ।

ਯਥਾ :-'ਗਾਲ੍ਹੀ ਅਲ ਪਲਾਲੀਆ ਕੰਮ ਨ ਆਵਹਿ ਮਿਤ ॥' (੩੨੦)

ਸੋ ਉਹਨਾਂ ਦਾ ਜੀਵਨ ਸੇਵਾ, ਸਿਮਰਨ, ਕਥਾ, ਕੀਰਤਨ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੇ ਦ੍ਰਿੜ੍ਹ ਨਿਸਚਾ, ਭਰੋਸਾ ਤੇ ਨਾਮ ਰੰਗ ਵਿਚ ਰੰਗਿਆ ਹੋਇਆ ਸੀ ।

'ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥' (੭੫੯)

ਵੈਰਾਗ ਅਵਸਥਾ

ਜੈਸਾ ਕਿ ਇਕ ਵਾਰੀ ਦੀਪਮਾਲਾ ਦੀ ਰਾਤ ਸੀ, ਪ੍ਰੇਮੀਆਂ ਨੇ ਬਹੁਤ ਸਾਰੇ ਦੀਵੇ ਜਗਾਏ, ਆਪ ਜੀ ਨੂੰ ਕੁਝ ਸਿੰਘਾਂ ਨੇ ਜਾ ਬੇਨਤੀ ਕੀਤੀ ਕਿ ਬਾਬਾ ਜੀ ! ਬਾਹਰ ਨਿਕਲ ਕੇ ਆਪ ਇਕ ਵਾਰੀ ਵੇਖੋ ! ਕਿਆ ਸੁਹਣੀ ! ਦੀਪਮਾਲਾ ਜਗ ਰਹੀ ਹੈ, ਤਾਂ ਸੰਤ ਕਹਿਣ ਲੱਗੇ, 'ਗੁਰਮੁਖੋ ! ਬੜਾ ਚੰਗਾ ਕੀਤਾ ਜੇ, ਦੀਵੇ ਬਾਲੇ ਹਨ। ਪਰ ਇਹ ਦੀਵੇ ਤੇਲ ਮੁੱਕਣ ਤੋਂ ਜਾਂ ਹਵਾ ਦੇ ਤੇਜ ਚੱਲਣ ਨਾਲ ਝੱਟ ਹੀ ਬੁੱਝ ਜਾਣ ਵਾਲੇ ਹਨ। ਇਹਨਾਂ ਨੂੰ ਅਸੀਂ ਕੀ ਤੱਕਣਾ ਹੈ-ਸਾਡੇ ਤੇ ਸਤਿਗੁਰਾਂ ਨੇ ਕ੍ਰਿਪਾ ਕੀਤੀ ਹੈ ਗੁਰੂ ਕੇ ਸ਼ਬਦ ਦਾ ਦੀਵਾ, ਹਿਰਦੇ ਵਿਚ ਐਸਾ ਬਾਲ ਦਿੱਤਾ ਹੈ ਜਿਹੜਾ ਕਦੇ ਡੁਲ੍ਹਣ ਜਾਂ ਬੁੱਝਣ ਵਾਲਾ ਨਹੀਂ ਤੇ ਸਦਾ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ :-

ਯਥਾ :-'ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥'
(੮੨੧)

ਤਥਾ :-ਡੋਲੈ ਵਾਉ ਨ ਵਡਾ ਹੋਇ ॥
ਜਾਪੈ ਜਿਉ ਸਿੰਘਾਸਣਿ ਲੋਇ ॥' (੮੭੮)

ਅਸੀਂ ਅੱਗੇ ਦੀਵੇ ਦੇ ਚਾਨਣੇ ਵਾਹਿਗੁਰੂ ਦੇ ਸਰੂਪ ਦਾ ਅਨੁਭਵ ਕਰ ਰਹੇ ਹਾਂ। ਸਤਿਗੁਰਾਂ ਦੇ ਦਰਸ਼ਨ ਰਿਦੇ ਵਿਚ ਹੀ ਕਰ ਰਹੇ ਹਾਂ। ਅਸੀਂ ਤਾਂ ਕਈ ਸਾਲਾਂ ਤੋਂ ਪ੍ਰੇਮੀਓ ! ਏਸ ਕੋਠੇ ਦੀ ਛੱਤ ਵੱਲ ਵੀ ਨਹੀਂ ਤੱਕਿਆ, ਕਦੇ ਚੰਦ੍ਰਮਾਂ,

ਸ੍ਰੀ ਮੁਖਵਾਕ :-

'ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥' (੨੮੬)

ਕਿਸੇ ਨਾਲ ਵੀ ਬਹੁਤੀ ਗੱਲ ਬਾਤ ਨਹੀਂ ਸਨ ਕਰਦੇ, ਗੁਰਬਾਣੀ ਦੀ ਪੰਗਤੀ ਪੜ੍ਹਿਆ ਕਰਦੇ ।

ਯਥਾ :-'ਗਾਲ੍ਹੀ ਅਲ ਪਲਾਲੀਆ ਕੰਮ ਨ ਆਵਹਿ ਮਿਤ ॥' (੩੨੦)

ਸੋ ਉਹਨਾਂ ਦਾ ਜੀਵਨ ਸੇਵਾ, ਸਿਮਰਨ, ਕਥਾ, ਕੀਰਤਨ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੇ ਦ੍ਰਿੜ੍ਹ ਨਿਸਚਾ, ਭਰੋਸਾ ਤੇ ਨਾਮ ਰੰਗ ਵਿਚ ਰੰਗਿਆ ਹੋਇਆ ਸੀ ।

'ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥' (੭੫੯)

ਵੈਰਾਗ ਅਵਸਥਾ

ਜੈਸਾ ਕਿ ਇਕ ਵਾਰੀ ਦੀਪਮਾਲਾ ਦੀ ਰਾਤ ਸੀ, ਪ੍ਰੇਮੀਆਂ ਨੇ ਬਹੁਤ ਸਾਰੇ ਦੀਵੇ ਜਗਾਏ, ਆਪ ਜੀ ਨੂੰ ਕੁਝ ਸਿੰਘਾਂ ਨੇ ਜਾ ਬੇਨਤੀ ਕੀਤੀ ਕਿ ਬਾਬਾ ਜੀ ! ਬਾਹਰ ਨਿਕਲ ਕੇ ਆਪ ਇਕ ਵਾਰੀ ਵੇਖੋ ! ਕਿਆ ਸੁਹਣੀ ! ਦੀਪਮਾਲਾ ਜਗ ਰਹੀ ਹੈ, ਤਾਂ ਸੰਤ ਕਹਿਣ ਲੱਗੇ, 'ਗੁਰਮੁਖੋ ! ਬੜਾ ਚੰਗਾ ਕੀਤਾ ਜੇ, ਦੀਵੇ ਬਾਲੇ ਹਨ। ਪਰ ਇਹ ਦੀਵੇ ਤੇਲ ਮੁੱਕਣ ਤੋਂ ਜਾਂ ਹਵਾ ਦੇ ਤੇਜ ਚੱਲਣ ਨਾਲ ਝੱਟ ਹੀ ਬੁੱਝ ਜਾਣ ਵਾਲੇ ਹਨ। ਇਹਨਾਂ ਨੂੰ ਅਸੀਂ ਕੀ ਤੱਕਣਾ ਹੈ-ਸਾਡੇ ਤੇ ਸਤਿਗੁਰਾਂ ਨੇ ਕ੍ਰਿਪਾ ਕੀਤੀ ਹੈ ਗੁਰੂ ਕੇ ਸ਼ਬਦ ਦਾ ਦੀਵਾ, ਹਿਰਦੇ ਵਿਚ ਐਸਾ ਬਾਲ ਦਿੱਤਾ ਹੈ ਜਿਹੜਾ ਕਦੇ ਡੁਲ੍ਹਣ ਜਾਂ ਬੁੱਝਣ ਵਾਲਾ ਨਹੀਂ ਤੇ ਸਦਾ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ :-

ਯਥਾ :-'ਸਤਿਗੁਰ ਸਬਦਿ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥'
(੮੨੧)

ਤਥਾ :-ਡੋਲੈ ਵਾਉ ਨ ਵਡਾ ਹੋਇ ॥
ਜਾਪੈ ਜਿਉ ਸਿੰਘਾਸਣਿ ਲੋਇ ॥' (੮੭੮)

ਅਸੀਂ ਅੱਗੇ ਦੀਵੇ ਦੇ ਚਾਨਣੇ ਵਾਹਿਗੁਰੂ ਦੇ ਸਰੂਪ ਦਾ ਅਨੁਭਵ ਕਰ ਰਹੇ ਹਾਂ। ਸਤਿਗੁਰਾਂ ਦੇ ਦਰਸ਼ਨ ਰਿਦੇ ਵਿਚ ਹੀ ਕਰ ਰਹੇ ਹਾਂ। ਅਸੀਂ ਤਾਂ ਕਈ ਸਾਲਾਂ ਤੋਂ ਪ੍ਰੇਮੀਓ ! ਏਸ ਕੋਠੇ ਦੀ ਛੱਤ ਵੱਲ ਵੀ ਨਹੀਂ ਤੱਕਿਆ, ਕਦੇ ਚੰਦ੍ਰਮਾਂ,

ਤੋਂ ਪਹਿਲਾਂ ਆਪ ਨੇ ਇਸਨਾਨ ਕਰਨਾ । ਫਿਰ ਗੁਰਬਾਣੀ ਪੜ੍ਹਦਿਆਂ ਹੋਇਆਂ ੧੫੦ (ਡੇਢ ਸੌ) ਗਾਗਰ ਜਲ ਦੀ ਖੂਹ ਵਿਚੋਂ ਕੱਢ ਕੇ ਹੋਦੀਆਂ (ਟੂਟੀਆਂ) ਹੋਰ ਸੰਗਤ ਦੇ ਇਸਨਾਨ ਵਾਸਤੇ ਭਰਨੀਆਂ, ਫਿਰ ਆਪ ਗੁਰਦੁਆਰਾ ਸਾਹਿਬ ਝਾੜੂ ਦੇ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕਰ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ। ਹਰ ਰੋਜ਼ ਦੀ ਕੜਾਹ ਪ੍ਰਸਾਦਿ ਦੀ ਦੇਗ ਲਈ ਆਪਣੇ ਹੱਥੀਂ ਚੱਕੀ ਨਾਲ ਕਣਕ ਦਾ ਦਲਿਆ ਆਟਾ ਪੀਹਦੇ। ਆਪ ਕਿਹਾ ਕਰਦੇ ਕਿ ਦਸਾਂ ਹੀ ਪਾਤਸ਼ਾਹੀਆਂ ਨੂੰ ਕੜਾਹ ਪ੍ਰਸਾਦਿ ਦਾ ਭੋਗ ਲਵਾਉਣਾ ਹੈ ਇਸ ਲਈ ਦੇਗ ਵਿਚ ਛੇਹਾ ਆਟਾ ਨਹੀਂ ਪਾਉਣਾ। ਫਿਰ ਇਹ ਸਾਰੀ ਸੇਵਾ ਸੰਤ ਗਿਆਨੀ ਸੁੰਦਰ ਸਿੰਘ ਜੀ 'ਖਿੱਚਣ' ਵਾਲਿਆਂ ਨੇ ਹੌਲੀ ਹੌਲੀ ਯਤਨ ਕਰ ਕੇ ਨਿੰਮ੍ਰਤਾ ਨਾਲ ਆਪ ਜੀ ਪਾਸੋਂ ਪ੍ਰਾਪਤ ਕਰ ਲਈ ਸੀ।

ਜਦੋਂ ਆਪ ਜੀ ਗੁਰਦੁਆਰਾ ਸਾਹਿਬ ਆਉਂਦੇ ਤਾਂ ਕੋਈ ਮਾਈ ਭਾਈ ਗੁਰਬਾਣੀ ਦੇ ਪਾਠ ਜਾਂ ਸਿਮਰਨ ਬਿਨਾਂ ਹੋਰ ਕੋਈ ਗੱਲ ਨਹੀਂ ਸੀ ਕਰ ਸਕਦਾ, ਜੇ ਕੋਈ ਹੋਰ ਗੱਲ ਕਰਦਾ ਤਾਂ ਵਾਪਸ ਕੁਟੀਆ ਵਿਚ ਚਲੇ ਜਾਂਦੇ। ਸੰਗਤ ਬੇਨਤੀ ਕਰਦੀ, 'ਜੀ ! ਅੱਗੋਂ ਦਾਸਤੇ ਕੋਈ ਗੱਲ ਨਹੀਂ ਕਰਾਂਗੇ। ਆਪ ਕ੍ਰਿਪਾ ਕਰ ਕੇ ਕਥਾ ਸੁਣਾਓ।' ਤਾਂ ਆ ਕੇ ਕਥਾ ਕਰਦੇ।

ਇਕ ਵਾਰੀ ਗੁਰਦੁਆਰੇ ਸਾਹਿਬ ਦੀ ਗੋਲਕ ਗਿਣਨ ਅਤੇ ਕੁਝ ਹੋਰ ਹਿਸਾਬ ਕਿਤਾਬ ਲਈ ਆਪ ਜੀ ਨੂੰ ਪਾਸ ਬਿਠਾ ਲਿਆ ਤਾਂ ਇਹ ਕੰਮ ਮੁੱਕਣ ਮਗਰੋਂ ਆਪ ਬਹੁਤ ਹੀ ਵੈਰਾਗ ਵਿਚ ਆ ਕੇ ਰੋਣ ਲੱਗ ਪਏ ਤੇ ਕਹਿਣ ਲੱਗੇ, 'ਫਿਰ ਕਦੇ ਸਾਨੂੰ ਇਹੋ ਜਿਹੇ ਕੰਮ ਵਾਸਤੇ ਨਾ ਕਹਿਣਾ। ਇਨਾ ਸਮਾਂ ਸਿਮਰਨ ਭਜਨ ਤੋਂ ਬਿਨਾਂ ਬੇਅਰਥ ਗੁਜ਼ਰਿਆ ਹੈ।' ਹਰ ਸਾਲ ਕੁਝ ਸਮਾਂ ਆਪ ਉਚੇਚੇ ਨਿਯਮ ਨਾਲ ਸਿਮਰਨ ਕਰਦੇ। ਉਹਨਾਂ ਦਿਨਾਂ ਵਿਚ ਆਪ ਅੱਠਾਂ ਪਹਿਰਾਂ ਵਿਚ ਕੇਵਲ ਦੋ ਮੁੱਠਾਂ ਛੋਲਿਆਂ ਦੇ ਭੁੱਜੇ ਦਾਣੇ ਤੇ ਇਕ ਸੇਰ ਪਾਣੀ ਪੀ ਕੇ ੨੩-੨੨ ਘੰਟੇ ਸਿਮਰਨ ਕਰਦੇ ਅਤੇ ਹਾਤ ਨੂੰ ੧੨ ਤੋਂ ੧ ਵਜੇ ਤੱਕ ਹੀ ਬਿਰਾਜਦੇ। ਮਗਰੋਂ ਇਹ ਵੀ ਕਹਿੰਦੇ ਕਿ ਕੁਦਰਤ ਦਾ ਕਾਨੂੰਨ ਹੈ ਕਿ ਨੀਂਦ ਜ਼ਰੂਰ ਲੈਣੀ ਹੈ ਤਾਂ ਇਨਾ ਸਮਾਂ ਸੌਣਾ ਪੈਂਦਾ ਹੈ। ਪਰ ਇਹੋ ਸਮੇਂ ਵਾਰੇ ਵੀ ਚਿੱਤ ਵਿਚ ਖ਼ਿਆਲ ਕਰਦੇ ਹਾਂ ਕਿ ਜਿਵੇਂ ਕੋਈ ੨੩ ਘੰਟੇ ਪਾਣੀ ਨੂੰ ਬੰਨ੍ਹ ਲਾਈ ਰੱਖੇ ਅਤੇ ਇਕ ਘੰਟਾ ਵਿਚੋਂ ਪਾਣੀ ਕੁਝ ਜਾਵੇ ਤਾਂ ਬਾਕੀ ਪਾਣੀ ਨਿਕਲ ਜਾਂਦਾ ਹੈ। ਇਉਂ ਉਹ ਇਕ ਘੰਟਾ ਵੀ ਸਿਮਰਨ ਤੋਂ ਬਾਕਾ ਨਹੀਂ ਜੀ ਜਾਣ ਦੇਣਾ ਚਾਹੁੰਦੇ। ਆਪ ਜੀ ਦਾ ਐਸਾ ਪਵਿੱਤਰ ਸੁਭਾਅ ਹੀ ਬਣ ਚੁੱਕਾ ਸੀ।

ਜਿਥੇ ਕਿ ਬੇਸ਼ਰਮ ਸੇਠ ਭਲੇਮਾਣਸਾਂ ਦੀ ਇੱਜ਼ਤ ਲਾਹੰਦੇ ਹਨ, ਬਿਲਕਲ ਨਹੀਂ ਰਹਿਣਾ ਚਾਹੁੰਦੇ। ਸੰਗਤਾਂ ਨੇ ਬੜਾ ਪਸਚਾਤਾਪ ਕੀਤਾ ਕਿ ਮੂਰਖ ਸੇਠ ਨੇ ਬੜੀ ਮਾੜੀ ਗੱਲ ਕੀਤੀ ਹੈ। ਅਸੀਂ ਸਾਰੇ ਨਗਰ ਨਿਵਾਸੀ ਆਪ ਜੀ ਦੇ ਹਰ ਤਰ੍ਹਾਂ ਅਗਿਆਕਾਰੀ ਹਾਂ, ਮਿਹਰ ਕਰ ਕੇ ਸਾਨੂੰ ਬਖ਼ਸ਼ ਲਵੋ ਤੇ ਗੁਰਦੁਆਰਾ ਸਾਹਿਬ ਵਿਖੇ ਚਲ ਕੇ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰੋ। ਸੰਤ ਜੀ ਸੰਗਤਾਂ ਦਾ ਹੁਕਮ ਮੰਨ ਕੇ ਤੁਰ ਪਏ। ਸੇਠ ਨੇ ਆ ਕੇ ਸੰਤਾਂ ਪਾਸੋਂ ਭੁੱਲ ਬਖ਼ਸ਼ਾਉਣੀ ਚਾਹੀ ਤਾਂ ਆਪ ਜੀ ਨੇ ਸੰਗਤ ਦੇ ਸਪੁਰਦ ਕਰ ਦਿੱਤਾ ਅਤੇ ਸੰਗਤਾਂ ਨੇ ਸੇਠ ਪਾਸੋਂ ਤਨਖ਼ਾਹ ਵਜੋਂ ਗੁਰਦੁਆਰਾ ਸਾਹਿਬ ਵਿਖੇ ਖੂਹ ਬਣਵਾ ਕੇ ਟੂਟੀਆਂ ਲੁਵਾਈਆਂ। ਫਿਰ ਸੇਠ ਨੇ ਸਮੇਤ ਪਰਵਾਰ ਦੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕੀਤਾ।

ਮੁਰਾਲੇ ਆਉਣਾ

ਸੰਤ ਅਮੀਰ ਸਿੰਘ ਜੀ ਨਿਹੰਗ ਸਿੰਘ ਦੇ ਸਰੀਰ ਤਿਆਗਣ ਤੋਂ ਮੁਰਾਲੇ ਪਿੰਡ ਦੀ ਸੰਗਤ ਦੇ ਬੇਨਤੀ ਕਰਨ ਤੋਂ ਆਪ ਪੱਕੇ ਤੌਰ ਤੇ ਮਰਾਲੇ ਪਿੰਡ ਦੇ ਗਰਦਆਰੇ ਸਾਹਿਬ ਆ ਗਏ ਜੋ ਕਿ ਤਹਸੀਲ ਖਾਰੀਆਂ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਚ ਹੈ। ਏਥੇ ਰਹਿ ਕੇ ਕਥਾ, ਕੀਰਤਨ ਤੇ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਟਕਸਾਲ ਚਲਾਈ। ਮਹਾਂ ਪੁਰਖਾਂ ਦੇ ਪਾਸ ਤਕਰੀਬਨ ਦੋ ਦੋ ਸੌ ਵਿਦਿਆਰਥੀ ਰਹਿ ਕੇ ਪੜ੍ਹਿਆ ਕਰਦੇ। ਲੰਗਰ ਦਾ ਬੜਾ ਹੀ ਸੋਹਣਾ ਪ੍ਰਬੰਧ ਸੀ। ਕਿਸੇ ਸਮੇਂ ਕੋਈ ਵੀ ਆਵੇ, ਹਰ ਸਮੇਂ ਲੰਗਰ ਤਿਆਰ ਹੀ ਮਿਲਦਾ। ਪ੍ਰਸ਼ਾਦੇ ਬਹੁਤੇ ਸਨਿਗਧ ਚੋਪੜੇ ਜਾਂਦੇ, ਸਗੋਂ ਤੰਦੂਰ ਦੇ ਪ੍ਰਸ਼ਾਦਿਆਂ ਵਿਚ ਚੋਂਘੇ ਕੱਢ ਕੇ ਬਹੁਤਾ ਘਿਓ ਪਾ ਕੇ ਛਕਾਇਆ ਜਾਂਦਾ। ਆਪ ਜੀ ਅੰਮ੍ਰਿਤ ਵੇਲੇ ਇਕ ਸਮੇਂ ਹੀ ਪਹੁ ਫੁਟਾਲੇ ਤੋਂ ਲੈ ਕੇ ਹਰ ਰੋਜ਼ ਦੋ ਘੰਟੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਕਥਾ ਕਰਿਆ ਕਰਦੇ। ਫਿਰ ਵਿਦਿਆਰਥੀਆਂ ਤੋਂ ਦੂਰ ਨਿਰਲੇਪ ਸਿਮਰਨ ਭਜਨ ਵਿਚ ਜੁੜੇ ਰਹਿੰਦੇ, ਹੋਰ ਕਿਸੇ ਵਿਹਾਰ ਵਿਚ ਬਹੁਤ ਘੱਟ ਪੈਂਦੇ।

ਹੱਥੀਂ ਸੇਵਾ ਕਰਨੀ

ਸਿਮਰਨ ਭਜਨ ਦੇ ਨਾਲ ਨਾਲ ਬਾਬਾ ਬਿਸ਼ਨ ਸਿੰਘ ਜੀ ਨੂੰ ਹੱਥੀਂ ਸੇਵਾ ਕਰਨ ਦਾ ਬੜਾ ਚਾਅ ਤੇ ਉਤਸ਼ਾਹ ਸੀ। ਵਾਹਿਗੁਰੂ ਨੇ ਆਪ ਜੀ ਨੂੰ ਐਸਾ ਉੱਦਮ ਬਖ਼ਸ਼ਿਆ ਹੋਇਆ ਸੀ ਕਿ ਅੰਮ੍ਰਿਤ ਵੇਲੇ ਦੋ ਵਜੇ ਉੱਠ ਕੇ ਸਭ

ਜੀਵਨ ਦੀ ਪਰਖ

ਸੰਤ ਜੀ ਚੁਪਾਲੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੀ ਕਥਾ ਵਾਰਤਾ ਕਰ ਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਇਕ ਰਾਤ ਸੰਤ ਜੀ ਮਹਾਰਾਜ ਆਪਣੇ ਆਸਣ ਤੇ ਬਿਰਾਜੇ ਹੋਏ ਸਨ। ਉਸ ਪਿੰਡ ਦੇ ਸੇਠ ਨੇ ਮਹਾਂਪੁਰਖਾਂ ਦੇ ਜੀਵਨ ਦੀ ਪ੍ਰੀਖਿਆ ਕਰਨ ਵਾਸਤੇ, ਅੱਧੀ ਰਾਤ ਨੂੰ ਆਪਣੀ ਨੂੰਹ ਨੂੰ ਨਾਲ ਲੈ ਕੇ, ਦੁੱਧ ਦਾ ਗੜਵਾ ਉਸ ਦੇ ਹੱਥ ਦੇ ਕੇ, ਸੰਤਾਂ ਦੇ ਦਰਵਾਜ਼ੇ ਕੋਲ ਆ ਗਿਆ। ਆਪ ਬਾਹਰ ਖਲੋ ਕੇ ਆਪਣੀ ਨੂੰਹ ਸੰਤਾਂ ਦੇ ਪਾਸ ਭੇਜੀ। ਸੰਤ ਜੀ ਚੁਬਾਰੇ ਵਿਚ ਸੁੱਤੇ ਪਏ ਸਨ। ਹਾਰ ਸ਼ਿੰਗਾਰ ਸਹਿਤ ਸਜੀ ਹੋਈ ਨਾਰੀ ਨੇ ਸੰਤਾਂ ਨੂੰ ਅਵਾਜ਼ ਦਿਤੀ–'ਸੰਤ ਜੀ ! ਦਰਵਾਜ਼ਾ ਖੋਲ੍ਹ ਕੇ ਦੁੱਧ ਪੀਉ ਤੇ ਮੈਨੂੰ ਆਪਣੇ ਚਰਨਾਂ ਦੀ ਛੋਹ ਬਖ਼ਸ਼ ਕੇ ਮੇਰਾ ਤਨ ਸਫਲਾ ਕਰੋ। ਸੰਤਾਂ ਨੇ ਕਿਹਾ, 'ਤੂੰ ਕੌਣ ਹੈਂ ? ਅੱਧੀ ਰਾਤੀਂ ਸਾਨੂੰ ਦੁੱਧ ਛਕਾਉਣ ਵਾਲੀ।' ਤਾਂ ਅੱਗੋਂ ਕਹਿੰਦੀ, 'ਜੀ ਤੁਹਾਡੀ ਦਾਸੀ ਹਾਂ।'

ਸੰਤਾਂ ਨੇ ਕਿਹਾ, 'ਝੂਠ ਬੋਲ ਕੇ ਦੁੱਧ ਦੇ ਬਹਾਨੇ ਆਪਣੀ ਕੁਲ ਨਾਸ ਕਰਵਾਉਣਾ ਚਾਹੁੰਦੀ ਹੈਂ, ਜਾਹ ਚਲੀ ਜਾਹ ! ਤੂੰ ਮਾਈ ਕੀ ਲਗਦੀ ਹੈਂ ? ਅਸੀਂ ਤੇਰੀ ਸ਼ਕਲ ਨੂੰ ਦੇਖਣਾ ਤੱਕ ਨਹੀਂ ਚਾਹੁੰਦੇ, ਜੇ ਤੂੰ ਆਪ ਨਾ ਗਈ ਤਾਂ ਜੁੱਤੀਆਂ ਮਾਰ ਕੇ ਕੱਢਾਂਗੇ। ਜੇਕਰ ਆਪਣਾ ਭਲਾ ਚਾਹੁੰਦੀ ਹੈਂ ਤਾਂ ਤੁਰੰਤ ਮੁੜ ਜਾਹ, ਕਿਉਂ ਸਾਡੇ ਦਰਵਾਜ਼ੇ ਅੱਗੇ ਅੜੀ ਖੜੀ ਹੈਂ ?'' ਇਤਨਾ ਕਹਿਣ ਤੋਂ ਵੀ ਜਦੋਂ ਨਾ ਗਈ ਤਾਂ ਸੰਤਾਂ ਨੇ ਖੜਾਵਾਂ ਦਾ ਖੜਕਾ ਕੀਤਾ ਜਾਣੋਂ ਉਸ ਦੇ ਮਾਰਨ ਲੱਗੇ ਹਨ, ਤਾਂ ਡਰਦੀ ਹੋਈ ਦੁੱਧ ਡੋਲ੍ਹ ਕੇ ਚੁੱਪ ਕੀਤੀ ਭੱਜ ਨਿਕਲੀ, ਜਾ ਕੇ ਆਪਣੇ ਸਹੁਰੇ ਨੂੰ ਕਹਿਣ ਲੱਗੀ, 'ਮੈਂ ਹਾਵ ਭਾਵ ਕਰ ਕੇ ਉਹਨਾਂ ਨੂੰ ਮੋਹਤ ਕਰਨ ਦਾ ਬਥੇਰਾ ਯਤਨ ਕੀਤਾ ਹੈ ਪਰ ਉਹ ਕਿਸੇ ਤਰ੍ਹਾਂ ਰਤਾ ਭਰ ਵੀ ਮੇਰੇ ਤੇ ਮੋਹਤ ਨਹੀਂ ਹੋਏ, ਸਗੋਂ ਮੈਨੂੰ ਮਾਰ ਕੁਟਣ ਲਈ ਤਿਆਰ ਹੋ ਪਏ, ਮੈਂ ਮਸਾਂ ਆਪਣੀ ਜਾਨ ਬਚਾ ਕੇ ਭੱਜ ਆਈ ਹਾਂ।'

ਇਸ ਘਟਨਾ ਤੋਂ ਦੁੱਖੀ ਹੋ ਕੇ ਸੰਤ ਜੀ ਬਾਹਰ ਝਨਾ ਦਰਿਆ ਦੇ ਕਿਨਾਰੇ ਤੇ ਜਾ ਬਿਰਾਜੇ। ਸੰਗਤਾਂ ਦਿਨ ਚੜ੍ਹਦੇ ਤਕ ਸਾਰੇ ਢੂੰਡ ਥੱਕੀਆਂ ਪਰ ਸੰਤ ਜੀ ਨਾ ਮਿਲੇ। ਅਖੀਰ ਨਦੀ ਦੇ ਕਿਨਾਰੇ ਬੈਠੇ ਦੇਖ ਕੇ ਸੰਗਤਾਂ ਨੇ ਪ੍ਰੇਮ ਨਾਲ ਸੰਤਾਂ ਨੂੰ ਨਮਸਕਾਰ ਕੀਤੀ। ਸੰਤਾਂ ਨੇ ਰਾਤ ਦੀ ਸਾਰੀ ਵਿਥਿਆ ਸੰਗਤਾਂ ਨੂੰ ਦੁੱਖੀ ਹਿਰਦੇ ਨਾਲ ਦਸਦਿਆਂ ਕਿਹਾ ਕਿ ਅਸੀਂ ਤੁਹਾਡੇ ਪਿੰਡ

ਅੰਮ੍ਰਿਤ ਛਕਣਾ ਅਤੇ ਵਿੱਦਿਆ ਪੜ੍ਹਨੀ

੨੧ ਸਾਲ ਦੀ ਉਮਰ ਵਿਚ ਅੰਮ੍ਰਿਤਸਰ ਸਾਹਿਬ ਗਏ। ਅੰਮ੍ਰਿਤਧਾਰੀ ਸਿੰਘਾਂ ਨੂੰ ਵੇਖ ਕੇ ਮਨ ਵਿਚ ਚਾਅ ਉਠਿਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜਾਂ ਪਿਆਰਿਆਂ (ਬਾਬਾ ਹਰਨਾਮ ਸਿੰਘ ਜੀ, ਭਾ: ਸਾਧੂ ਸਿੰਘ ਜੀ, ਭਾ: ਤਾਰਾ ਸਿੰਘ ਜੀ, ਸੰਤ ਅਮੀਰ ਸਿੰਘ ਜੀ ਮੁਰਾਲੇ ਵਾਲੇ, ਗਿਆਨੀ ਬਖਸ਼ੀਸ਼ ਸਿੰਘ ਜੀ ਅਤੇ ਗ੍ਰੰਥੀ ਸੰਪੂਰਨ ਸਿੰਘ ਜੀ) ਤੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਕੇ ਰਹਿਤ ਵਿਚ ਤਿਆਰ ਪੁਰ ਤਿਆਰ ਹੋਏ। ਗੁਰਬਾਣੀ ਪੜ੍ਹਦੇ, ਸ਼ਬਦ ਵਿਚ ਸੁਰਤ ਜੋੜਦੇ, ਗੁਰਮੰਤ੍ਰ ਮੂਲਮੰਤ੍ਰ ਦਾ ਜਾਪ ਕਰਦੇ। ਪੰਡਿਤ ਤਾਰਾ ਸਿੰਘ ਜੀ ਅਤੇ ਪੰਡਿਤ ਸਾਧੂ ਸਿੰਘ ਜੀ ਤੋਂ ਯੋਗ ਮੱਤ, ਪੁਰਾਣ ਸਿਮ੍ਰਤੀਆਂ, ਵਿਆਕਰਣ ਆਦਿ ਕਈ ਗ੍ਰੰਥ ੯ ਸਾਲਾਂ ਵਿਚ ਪੜ੍ਹੇ ਤੇ ਵਿਚਾਰੇ।

ਸੰਤ ਹਰਨਾਮ ਸਿੰਘ ਜੀ ਬੇਦੀ ਪਾਸੋਂ ਵਿੱਦਿਆ ਪੜ੍ਹਨੀ

ਫਿਰ ਬ੍ਰਹਮ ਗਿਆਨੀ, ਬ੍ਰਹਮ ਵਿੱਦਿਆ ਵਿਚ ਪੂਰਨ, ਰਹਿਤ ਵਿਚ ਤਿਆਰ ਪਰ ਤਿਆਰ ਸੰਤ ਹਰਨਾਮ ਸਿੰਘ ਜੀ ਬੇਦੀ ਪਾਸ ਪਹੁੰਚੇ। ਆਪ ਜੀ ਮਹਾਂਪੁਰਖਾਂ ਦੀ ਸੇਵਾ ਕਰਦੇ। ਓਥੇ ਰਹਿ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤੇ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਥਿਆ ਕੀਤੀ ਅਤੇ ਅਰਥ ਪੜ੍ਹੇ। ਇਸ ਤੋਂ ਛੁਟ ਸ੍ਰੀ ਨਾਨਕ ਪ੍ਰਕਾਸ਼, ਗੁਰਪ੍ਰਤਾਪ ਸੂਰਜ ਗ੍ਰੰਥ ਅਤੇ ਗੁਰ ਇਤਿਹਾਸ ਆਦਿ ਪੜ੍ਹੇ ਤੇ ਵਿਚਾਰੇ। ਸੰਤ ਹਰਨਾਮ ਸਿੰਘ ਜੀ ਦੀ ਬਖ਼ਸ਼ਿਸ਼ ਦੁਆਰਾ ਆਪ ਜੀ ਨੇ ਅੱਗੋਂ ਕਥਾ ਕਰਨ ਅਤੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਸੇਵਾ ਸੰਭਾਲੀ। ਮਹਾਂਪੁਰਖਾਂ ਦੀ ਆਗਿਆ ਲੈ ਕੇ ਅੰਮ੍ਰਿਤਸਰ ਸਾਹਿਬ ਇਸਨਾਨ ਕੀਤਾ ਅਤੇ ਭਾਰਤ ਭਰ ਦੇ ਗੁਰਧਾਮਾਂ ਤੇ ਤੀਰਥਾਂ ਦੀ ਯਾਤਰਾ ਕੀਤੀ। ਫਿਰ ਗੁਜਰਾਤ ਵਿੱਚ ਆ ਕੇ ਕਥਾ, ਕੀਰਤਨ, ਸਿਮਰਨ, ਭਜਨ ਕਰਦੇ ਰਹੇ। ਗੁਜਰਾਤ ਦੇ ਨਾਲ ਹੀ ਝਨਾ ਦਰਿਆ ਦੇ ਕੰਢੇ ਹੁਪਾਲੇ ਪਿੰਡ ਵਿਚ ਆ ਕੇ ਕਥਾ ਕੀਰਤਨ ਦਾ ਪ੍ਰਵਾਹ ਚਲਾਇਆ। ਸੰਗਤਾਂ ਬਹੁਤ ਗਿਣਤੀ ਵਿਚ ਕਥਾ ਸੁਣਨ ਆਉਂਦੀਆਂ। ਗੁਰੂ ਕਾ ਲੰਗਰ ਅਤੁੱਟ ਵਰਤਦਾ।

ਜੀਵਨ ਮੁਕਤੀ ਦਾ ਅਨੰਦ ਆਪ ਜੀ ਨੇ ਮਾਣਿਆ। ਕਦੇ ਵੀ ਸੁਰਤ ਨੂੰ ਸ਼ਬਦ ਵਿਚੋਂ ਟੁੱਟਣ ਨਹੀਂ ਸਨ ਦੇਂਦੇ। ਪੰਜਾਂ ਕਕਾਰਾਂ ਦੀ ਰਹਿਤ ਵਿਚ ਅਟੁੱਟ ਪੁਣੇ ਨਾਲ ਦ੍ਰਿੜ੍ਹ ਮਨ। ਕੁਰਹਿਤਾ, ਵਿਕਾਰਾਂ ਤੋਂ ਸਦਾ ਬਚੇ ਹੋਏ ਸਨ। ਦੁਖ ਤਾਂ ਕੀ, ਕਦੇ ਮਾੜਾ ਸੰਕਲਪ ਆਪ ਜੀ ਨੂੰ ਸੁਪਨੇ ਮਾਤ੍ਰ ਵੀ ਨਹੀਂ ਆਇਆ।

ਸੰਖੇਪ ਜੀਵਨੀ
ਸੱਚਖੰਡ ਵਾਸੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ

ਜਨਮ

ਸੱਚਖੰਡ ਵਾਸੀ ਬ੍ਰਹਮ ਗਿਆਨੀ, ਗੁਰਮਤਿ ਮਰਯਾਦਾ ਦੇ ਪੂਰਨ ਧਾਰਨੀ, ਵਿੱਦਿਆ ਵਿਚ ਨਿਪੁੰਨ, ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦਾ ਪਵਿੱਤਰ ਜਨਮ ਪਿੰਡ ਬੋਹਥ, ਜ਼ਿਲਾ ਗੁਜਰਾਤ (ਪਾਕਿਸਤਾਨ) ਵਿਖੇ ਸਹਿਜਧਾਰੀ ਸਿੱਖ, ਗੁਰਬਾਣੀ ਦੇ ਪ੍ਰੇਮੀ, ਅਰੋੜ ਵੰਸੀ ਪਿਤਾ ਲਾਲ ਦੇਵ ਜੀ ਦੇ ਘਰ ਮਾਤਾ ਰਤਨਾ ਦੇਵੀ ਦੀ ਸ੍ਰੇਸ਼ਟ ਕੁਖੋਂ ੧੯੦੯ ਬਿਕ੍ਰਮੀ ਚੇਤਰ ਦੀ ਸੰਗਰਾਂਦ ਦਿਨ ਐਤਵਾਰ ਨੂੰ ਅੱਧੀ ਰਾਤ ਤੋਂ ਪਿਛੋਂ ਹੋਇਆ। ਆਪ ਜੀ ਦਾ ਇਸ਼ਨਾਨ ਕਰਵਾਕੇ ਗੁਰਦੁਆਰੇ ਸਾਹਿਬ ਲਿਜਾ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਚਰਨਾਂ ਵਿਚ ਲਿਟਾ ਦਿੱਤਾ ਗਿਆ। ਗੰਥੀ ਸਿੰਘ ਨੇ ਅਰਦਾਸ ਕਰ ਕੇ, ਹੁਕਮਨਾਮਾ ਲੈ ਕੇ, ਕੜਾਹ ਪ੍ਰਸਾਦਿ ਵਰਤਾਇਆ, ਬੱਚੇ ਦੇ ਮੁੱਖ ਵਿਚ ਅੰਮ੍ਰਿਤ ਪਾਇਆ ਅਤੇ ਸਤਿਗੁਰਾਂ ਦੇ ਹੁਕਮ ਅਨੁਸਾਰ ਆਪ ਜੀ ਦਾ ਨਾਮ ਬਿਸ਼ਨ ਸਿੰਘ ਰੱਖਿਆ, ਆਪ ਜੀ ਬਚਪਨ ਤੋਂ ਹੀ ਬੜੇ ਹੋਣਹਾਰ ਸਨ।

ਬਚਪਨ ਤੇ ਤੀਰਥ ਯਾਤਰਾ

ਪਿਤਾ ਜੀ ਨੇ ਬੱਕਰੀਆਂ ਖ਼ਰੀਦ ਕੇ ਆਪ ਜੀ ਨੂੰ ਚਾਰਨ ਲਈ ਦਿੱਤੀਆਂ। ਹੁਕਮ ਮੰਨ ਕੇ ੧੧ ਸਾਲ ਦੀ ਉਮਰ ਤੱਕ ਬੱਕਰੀਆਂ ਚਾਰਦੇ ਰਹੇ। ਪਰ ਮਨ ਸੰਸਾਰੀ ਕਾਰ-ਵਿਹਾਰਾਂ ਵਿਚ ਨਾ ਲੱਗਿਆ, ਮਨ ਵਿਚ ਵੈਰਾਗ ਸੀ। ਸੰਤਾਂ ਮਹਾਤਮਾ ਦੀ ਸੰਗਤ ਕਰ ਕੇ ਗੁਰਮੁਖੀ ਦੇ ਅੱਖਰ ਸਿੱਖੇ ਤੇ ਜਪੁ ਜੀ ਸਾਹਿਬ ਕੰਠ ਕੀਤਾ। ਗੁਜਰਾਤ ਦੁਸਹਿਰੇ ਦੇ ਮੇਲੇ ਤੇ ਜਾਣ ਲਈ ਪਿਤਾ ਜੀ ਤੋਂ ਆਗਿਆ ਲਈ, ਓਦੋਂ ਆਪ ੧੩ ਸਾਲਾਂ ਦੇ ਸਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ ਸਾਹਿਬ, ਗੰਗਾ, ਪ੍ਰਾਗਰਾਜ, ਬਦਰੀ ਨਾਥ, ਡੇਹਰਾਦੂਨ, ਰਾਮੇਸ਼ਵਰ, ਮਥਰਾ, ਅਯੁਧਿਆ, ਨਨਕਾਣਾ ਸਾਹਿਬ, ਡੇਹਰਾ ਸਾਹਿਬ ਲਾਹੌਰ, ਕਰਤਾਰਪੁਰ ਸਾਹਿਬ, ਕੀਰਤਪੁਰ ਸਾਹਿਬ ਆਦਿ ਤੀਰਥਾਂ ਤੇ ਗੁਰਧਾਮਾਂ ਦੀ ਯਾਤਰਾ ਕੀਤੀ।

ਜੋਗਾਂ ਜੁੱਧਾਂ ਤੋਂ ਫੁਰਸਤ ਪਾ ਕੇ ਹੁਣ ਦਮਦਮੇ ਸਾਹਿਬ ਗੁਰੂ ਜੀ ਨੇ ਇਹ ਰੀਤ ਥਾਪੀ ਕਿ ਇਕ ਪਹਿਰ ਨਿਤਾਪ੍ਰਤੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਬਾਣੀ ਤੰਬੂ ਵਿਚ ਬੈਠ ਕੇ ਉਚਾਰਦੇ ਰਹਿੰਦੇ ਤੇ ਭਾਈ ਮਨੀ ਸਿੰਘ ਜੀ ਲਿਖਦੇ ਰਹਿੰਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਤਿਆਰ ਕਰ ਕੇ ਵੱਡਾ ਭਾਰੀ ਜੱਗ ਤੇ ਉਤਸ਼ਾਹ ਕੀਤਾ। ਇਹ ਅਤਿਅੰਤ ਭਾਰੀ ਸਮਰੱਥਾ ਤੇ ਤ੍ਰਿਕਾਲ ਗਿਆਤਾ (ਜੋ ਰਾਮ ਕ੍ਰਿਸ਼ਨਾਦਿਕ ਅਵਤਾਰਾਂ ਨੂੰ ਭੀ ਦੁਰਲੱਭ ਸੀ) ਦੇਖ ਸੁਣ ਕੇ ਸਭ ਸੰਗਤ ਤੇ ਅਨਯਮਤੀ ਲੋਕ ਭੀ ਹੱਕੇ ਬੱਕੇ ਰਹਿ ਗਏ।'

(ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿ: ਗਿਆਨ ਸਿੰਘ ਜੀ, ਪੰਨਾ ੧੦੬੨)

ਸ੍ਰੀ ਦਸਮੇਸ਼ ਪਿਤਾ ਜੀ ਤੋਂ ਅਰਥ ਸੁਣ ਕੇ, ਇਹ ਸਾਰੇ ੪੮ ਸਿੰਘ ਹੀ ਬ੍ਰਹਮ ਗਿਆਨ ਪਾ ਕੇ, ਜੀਵਨ-ਮਕਤ ਤੇ ਬਿਦੇਹ-ਮਕਤ ਹੋ ਗਏ। ਕਿਸੇ ਨੂੰ ਸਰੀਰ ਦਾ ਚੇਤਾ ਨਾ ਰਿਹਾ। ਇਹ ਵੇਖ ਕੇ ਸਤਿਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਆਗਿਆ ਕੀਤੀ ਕਿ ਭਾਈ ਸਾਹਿਬ! ਤੁਸੀਂ ਦੂਜੇ ਸਿੰਘਾਂ ਵਾਂਗ ਬਿਦੇਹ ਮੁਕਤ ਹੋ ਕੇ ਸਭ ਕੁਝ ਛੱਡਣਾ ਨਹੀਂ, ਸਗੋਂ ਸੇਵਾ ਕਰਨੀ ਹੈ। ਭਾਵੇਂ ਤੁਹਾਡੇ ਸਰੀਰ ਦਾ ਬੰਦ ਬੰਦ ਕਿਉਂ ਨਾ ਕੱਟਿਆ ਜਾਵੇ, ਤੁਹਾਡੇ ਗਿਆਨ ਵਿਚ ਕੋਈ ਫਰਕ ਨਹੀਂ ਪਵੇਗਾ ਅਤੇ ਬਾਬਾ ਦੀਪ ਸਿੰਘ ਜੀ ਨੂੰ ਆਗਿਆ ਕੀਤੀ ਕਿ ਤੁਸੀਂ ਵੀ ਸੇਵਾ ਕਰਨੀ ਹੈ, ਤੁਹਾਡੇ ਗਿਆਨ ਵਿਚ ਵੀ ਕੋਈ ਕਚਿਆਈ ਨਹੀਂ ਆਵੇਗੀ ਭਾਵੇਂ ਤੁਹਾਡੇ ਸਰੀਰ ਨਾਲੋਂ ਸੀਸ ਵੀ ਕਿਉਂ ਨਾ ਅੱਡ ਹੋ ਜਾਵੇ। ਤੁਸੀਂ ਉਸੇ ਤਰ੍ਹਾਂ ਹੀ ਗਿਆਨ ਵਿਚ ਇਸਥਿਤ ਰਹੋਗੇ।

ਫੇਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜਾ ਕੇ ਸਤਿਗੁਰੂ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰਗੱਦੀ ਬਖਸ਼ ਕੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ। ਏਥੇ ਆ ਕੇ ਭਾਈ ਸਾਹਿਬ ਜੀ ਨੇ ਅਰਥਾਂ ਦੀ ਟਕਸਾਲ ਚਲਾਈ ਅਤੇ ਬਾਬਾ ਦੀਪ ਸਿੰਘ ਜੀ ਨੇ ਵੀ ਹੁਕਮ ਮੰਨ ਕੇ ਦਮਦਮੇ ਸਾਹਿਬ ਆ ਕੇ ਟਕਸਾਲ ਚਲਾਈ। ਇਹ ਦੋਵੇਂ ਟਕਸਾਲਾਂ ਹੁਣ ਤਕ ਸੀਨੇ-ਬਸੀਨੇ ਬ੍ਰਹਮ ਗਿਆਨੀਆਂ ਦੁਆਰਾ ਚਲੀਆਂ ਆ ਰਹੀਆਂ ਹਨ।

ਦਮਦਮੀ ਟਕਸਾਲ ਤੋਂ ਵਰੋਸਾਏ ਸੰਤ ਹਰਨਾਮ ਸਿੰਘ ਜੀ ਬੇਦੀ ਤੋਂ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਪੜ੍ਹੇ ਅਤੇ ਅੱਗੇ ਵਿਦਿਆਰਥੀ ਸਿੰਘਾਂ ਨੂੰ ਬ੍ਰਹਮ ਵਿਦਿਆ ਪੜ੍ਹਾਉਣ ਦੀ ਟਕਸਾਲ ਚਲਾਈ।

ਸਰੂਪਾਂ ਦਾ 'ਅਠਾਰਹ ਦਸ ਬੀਸ' ਤੇ ਹੀ ਹੈ । ਪਹਿਲੇ ਸਰੂਪ ਦੇ ਲਿਖਾਰੀ ਬ੍ਰਹਮ ਗਿਆਨੀ ਭਾਈ ਗੁਰਦਾਸ ਜੀ ਸਨ । '੧ ੳ' ਤੋਂ ਅਠਾਰਹ ਦਸ ਬੀਸ' ਤੱਕ ਇੱਕੋ ਲਿਖਾਰੀ, ਇੱਕੋ ਲਿਖਣ-ਸ਼ੈਲੀ, ਅੱਖਰਾਂ ਦੀ ਬਣਤਰ, ਸਿਆਹੀ ਤੇ ਕਾਗਜ਼ ਇੱਕੋ ਤਰ੍ਹਾਂ ਦਾ ਹੀ ਹੈ ।

ਹਜ਼ੂਰ ਨੇ ਇਸ ਸਾਥੋ ਕੀ ਤਲਵੰਡੀ ਦਾ ਨਾਮ ਤਖਤ ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਂਸ਼ੀ ਰੱਖ ਕੇ ਵਰ ਬਖਸ਼ਿਆ ਕਿ ਜੋ ਏਸੇ ਸੈਲ-ਸੁਧੀ ਵਾਲਾ ਵੀ ਪੜ੍ਹੇਗਾ, ਉਸ ਨੂੰ ਛੇਤੀ ਵਿੱਦਿਆ ਪ੍ਰਾਪਤ ਹੋਇਆ ਕਰੇਗੀ । ਗੁਰਬਾਣੀ ਦੇ ਸੰਪੂਰਨ ਹੋਣ ਤੋਂ ਜੋ ਸਿਆਹੀ ਤੇ ਕਲਮਾਂ ਬਚੀਆਂ ਹਜ਼ੂਰ ਨੇ ਜਿਸ ਸਰੋਵਰ ਵਿਚ ਸੁੱਟੀਆਂ ਉਸ ਦਾ ਨਾਮ 'ਸ੍ਰੀ ਲਿਖਣਸਰ' ਰੱਖਿਆ । ਭੰਗੂ ਰਤਨ ਸਿੰਘ ਜੀ ਨੇ 'ਪ੍ਰਾਚੀਨ ਪਥ ਪ੍ਰਕਾਸ਼' ਵਿਚ ਲਿਖਿਆ ਹੈ :-

ਯਥਾ :-'ਨੌ ਮਹੀਨੈ ਤੇ ਨੌ ਦਿਨੈ ਤਲਵੰਡੀ ਰਖੈ ਮੁਕਾਮ ॥
ਡੇਰਾ ਤੋਰਾ ਰੁਖ ਦਖਣ ਛਡ ਤੁਰਕਨ ਬਡ ਥਾਨ ॥' (ਪੰਨਾ ੭੨)

ਯਥਾ :-ਇਹ ਹੈ ਪ੍ਰਗਟ ਹਮਾਰੀ ਕਾਂਸ਼ੀ ॥ ਪੜ੍ਹ ਹੈਂ ਇਹਾਂ ਢੋਰ ਮਤਿ ਹਾਸੀ ॥
ਲੇਖਨ ਗੁਨੀ ਕਵਿੰਦ ਗਿਆਨੀ ॥ ਬੁਧਿ ਸਿੰਧੁ ਹ੍ਵੈ ਹੈ ਇਤ ਆਨੀ ॥
ਦੋਹਿਰਾ ॥ ਤਿਨ ਕੇ ਕਾਰਨ ਕਲਮ ਘੜ੍ਹ, ਦੇਤ ਪ੍ਰਗਟ ਹਮ ਡਾਰ ॥
ਸਿਖ ਸਖਾ ਇਤ ਪੜ੍ਹੈਂਗੇ, ਹਮਰੇ ਕਈ ਹਜ਼ਾਰ ॥
ਤਥਾ :-ਸਤਿਗੁਰ ਬੈਠ ਸੁ ਦਮਦਮੈਂ, ਲਿਖਨ ਘੜ ਸੁਟ ਦੇਂ ॥
ਹਮਾਰੀ ਕਾਂਸ਼ੀ ਯਹ ਭਈ, ਆਇ ਮੁਰਖ ਈਹਾਂ ਪੜ੍ਹੇ ॥'
(ਗੁਰ ਬਿਲਾਸ ਪਾ: ੧੦, ਕ੍ਰਿਤ ਕਵੀ ਭਾਈ ਸੁਖਾ ਸਿੰਘ ਜੀ, ਪੰਨਾ ੪੮੮)

'ਸੁਨ ਕੇ ਹਮ ਤਾਹੀ ਕੇ ਬੈਨਨ ਕੋ, ਦਮਦਮਾ ਸੋ ਮਾਲਵੇ ਬੀਚ ਸਵਾਰੋਂ ।
ਢਿਗ ਤਾਹੀ ਤਲਵੰਡੀ ਕੇ ਕਾਂਸੀ ਰਚੋ, ਜਾ ਬੈਲ ਪੜ੍ਹੇ ਹੋਇ ਬੁਧ ਉਦਾਰੋ ।
ਇਹ ਗ੍ਰੰਥ ਉਚਾਰਨ ਕਰੋ ਤਹਾਂ ਬੈਠ ਕੇ, ਬੀੜ ਸੋਉ ਜਗ ਮਾਹਿ ਬਿਥਾਰੋਂ ।
ਅੱਖਰ ਏਕ ਕੋ ਭੇਦ ਧਰੋਂ ਨਹਿੰ, ਮਮਦਾਸ ਗੁਰੂ ਸੰਮ੍ਰਥ ਬਿਚਾਰੋ ॥'
(ਗੁਰ ਬਿਲਾਸ ਪਾਤਸ਼ਾਹੀ ੬)

'ਹੁਣ ਏਥੇ ਰਹਿ ਕੇ ਗੁਰੂ ਸਾਹਿਬ ਜੀ ਨੇ ਉਹ ਸੰਕਲਪ ਭੀ ਪੂਰਾ ਕੀਤਾ ਜੋ ਧੀਰ ਮੱਲ ਨੇ ਤਾਨ੍ਹਾ ਦੇ ਕੇ ਭੇਜਿਆ ਸੀ ਕਿ ਜੇ ਸਤਿਗੁਰੂ ਗੋਬਿੰਦ ਸਿੰਘ ਜੀ ਸੱਚੇ ਗੁਰੂ ਹਨ ਤਾਂ ਮੇਰੇ ਪਾਸੋਂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਮੰਗਵਾਉਂਦੇ ਹਨ ? ਆਪ ਓਹੋ ਜਿਹਾ ਰਚ ਲੈਣ ।

ਧੀਰ ਮੱਲ ਕੋਲ ਗਏ। ਧੀਰ ਮੱਲ ਨੇ ਉੱਤਰ ਦਿੱਤਾ, 'ਇਹ ਬੀੜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤੀ ਹੈ, ਆਪ ਵੀ ਸਤਿਗੁਰੂ ਜੀ ਉਨ੍ਹਾਂ ਦਾ ਸਰੂਪ ਹੀ ਹਨ। ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ ? ਮੇਰੇ ਪਾਸੋਂ ਵੱਡਿਆਂ ਦੀ ਬਖ਼ਸ਼ਿਸ਼ ਕਿਉਂ ਖੋਂਹਦੇ ਹਨ ?' ਇਹ ਸੁਣ ਕੇ ਸਿੰਘਾਂ ਖਾਲੀ ਵਾਪਸ ਮੁੜ ਕੇ ਬੇਨਤੀ ਕੀਤੀ, 'ਮਹਾਰਾਜ ਜੀ! ਧੀਰ ਮੱਲ ਤਾਂ ਇਸ ਪ੍ਰਕਾਰ ਕਹਿੰਦਾ ਹੈ।'

ਟਕਸਾਲ ਸ੍ਰੀ ਦਮਦਮਾ ਸਾਹਿਬ

ਧੀਰ ਮੱਲ ਦਾ ਜਵਾਬ ਸੁਣ ਕੇ ਹਜ਼ੂਰ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਆਪਣੀ ਪਵਿੱਤਰ ਰਸਨਾਂ ਤੋਂ ਸਾਰਾ 'ਸ੍ਰੀ ਗਰੂ ਗ੍ਰੰਥ ਸਾਹਿਬ ਜੀ' ਕੰਠੋਂ ਉਚਾਰਨ ਲੱਗੇ। ਐਸੀ ਅਗੰਮੀ ਕਲਮ ਚੱਲੀ ਕਿ ਜਪੁ ਜੀ ਸਾਹਿਬ, ਰਹਰਾਸਿ ਸਾਹਿਬ ਤੇ ਕੀਰਤਨ ਸੋਹਿਲੇ ਤੱਕ ਗੁਰਬਾਣੀ ਪਹਿਲੇ ਦਿਨ ਹੀ ਲਿਖੀ ਗਈ ਅਤੇ ਸ਼ਾਮ ਨੂੰ ਸਾਰੀ ਦੇ ਅਰਥ ਸੁਣਾਏ। ਸਤਿਗੁਰੂ ਜੀ ਨੇ ਦੇਖ ਕੇ ਕਿਹਾ, 'ਭਾਈ ਸਾਹਿਬ! ਵੇਖਿਆ ਅਕਾਲ ਪੁਰਖ ਦਾ ਕੌਤਕ!' ਭਾਈ ਮਨੀ ਸਿੰਘ ਜੀ ਨੇ ਬੇਨਤੀ ਕੀਤੀ, 'ਹਾਂ ਮਹਾਰਾਜ ਜੀ! ਆਪ ਜੀ ਹੀ ਲਿਖਵਾਉਣ ਵਾਲੇ ਹੋ ਤੇ ਇਹ ਆਪ ਜੀ ਦੇ ਹੀ ਕੌਤਕ ਹਨ।' ਇਸ ਤਰ੍ਹਾਂ ਗੁਰਬਾਣੀ ਦੀ ਲਿਖਾਈ ਅਤੇ ਅਰਥਾਂ ਦੀ ਪੜ੍ਹਾਈ ਸ਼ੁਰੂ ਕੀਤੀ। ਹਜ਼ੂਰ ਅੰਮ੍ਰਿਤ ਵੇਲੇ ਜਿੰਨੀ ਗੁਰਬਾਣੀ ਲਿਖਵਾਇਆ ਕਰਦੇ, ਪਿਛਲੇ ਪਹਿਰ ਉਤਨੀ ਦੇ ਹੀ ੪੮ ਸਿੰਘਾਂ ਨੂੰ ਅਰਥ ਪੜ੍ਹਾਇਆ ਕਰਦੇ। ਇਸ ਪ੍ਰਕਾਰ ੯ ਮਹੀਨੇ ੯ ਦਿਨ ਵਿਚ ਸੰਮਤ ੧੭੬੨ ਕੱਤਕ ਸੁਦੀ ਪੂਰਨਮਾਸ਼ੀ ਤੋਂ ਆਰੰਭ ਕਰ ਕੇ ੧੭੬੩ ਬਿਕ੍ਰਮੀ ੨੩ ਸਾਵਣ ਤੱਕ ਅਰਥ ਪੜ੍ਹਾਏ ਤੇ ਸਾਰੀ ਬਾਣੀ, 'ਨੌਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਤ '੧ ੳ' ਤੋਂ 'ਅਠਾਰਹ ਦਸ ਬੀਸ ॥' ਤੱਕ ਸੰਪੂਰਨ ਕੀਤੀ। ਇਕ ਲਗ, ਮਾਤ੍ਰ ਦਾ ਭੀ ਫ਼ਰਕ ਸਤਿਗੁਰਾਂ ਨੇ ਨਹੀਂ ਪਾਇਆ।

ਪੰਜਵੇਂ ਪਾਤਸ਼ਾਹ ਜੀ ਦੇ ਰਚੇ, ਕਰਤਾਰਪੁਰ ਸਾਹਿਬ ਵਾਲੇ ਸਰੂਪ ਵਿਚ 'ਰਹਰਾਸਿ ਸਾਹਿਬ' ਦੇ ਕੇਵਲ ਪਹਿਲੇ ਪੰਜ ਹੀ ਸ਼ਬਦ ਹਨ, ਨੌਵੇਂ ਪਾਤਸ਼ਾਹ ਜੀ ਦੀ ਬਾਣੀ ਵੀ ਨਹੀਂ ਹੈ। ਦਸਮੇਸ਼ ਪਿਤਾ ਜੀ ਨੇ ਜੋ ਸਰੂਪ ਸੰਪੂਰਨ ਕੀਤਾ, ਉਸ ਵਿਚ 'ਰਹਰਾਸਿ ਸਾਹਿਬ' ਦੇ ਨੌਂ ਸ਼ਬਦ ਲਿਖਵਾਏ ਹਨ। ਜਿਨ੍ਹਾਂ ਦਾ ਪਾਠ ਹਰ ਰੋਜ਼ ਸੰਗਤਾਂ ਕਰਦੀਆਂ ਹਨ। ਭੋਗ ਦੋਹਾਂ

ਉਲਟਾ ਅਨਰਥ ਹੋ ਗਿਆ ਹੈ ਭਾਵ ਗਲਤ ਹੋ ਗਿਆ ਹੈ। ਕਿਉਂਕਿ ਇਸ ਪੰਗਤੀ ਦਾ ਠੀਕ ਅਰਥ ਤਾਂ ਇਹ ਹੈ ਕਿ ਕਰਤੇ ਦੀ ਮਰਯਾਦਾ ਨੂੰ ਕਰਤਾ ਆਪ ਜਾਣਦਾ ਹੈ (ਕੈ) ਅਥਵਾ ਗੁਰੂ ਸੂਰਮੇ ਜਾਣਦੇ ਹਨ। ਪਰ (ਕੇ) ਦਾ ਅਰਥ ਹੈ 'ਕੀ', ਸਤਿਗੁਰੂ ਸੂਰਮੇ (ਕੇ) ਕੀ ਜਾਣਦੇ ਹਨ ? ਭਾਵ ਨਹੀਂ ਜਾਣਦੇ। ਇਉਂ ਉਲਟ ਅਰਥ ਬਣ ਗਿਆ। ਜੇ ਸਤਿਗੁਰੂ ਸੂਰਮੇ ਹੀ ਪ੍ਰਮੇਸ਼ਰ ਦੀ ਮਰਯਾਦਾ ਨੂੰ ਨਹੀਂ ਜਾਣਦੇ ਤਾਂ ਹੋਰ ਕੌਣ ਜਾਣੇਗਾ ? ਤੇ ਸਤਿਗੁਰੂ ਜੀ ਹੋਰ ਦੁਨੀਆਂ ਨੂੰ ਉਪਦੇਸ਼ ਦੇ ਕੇ ਕਿਵੇਂ ਤਾਰਨਗੇ ? ਦੁਨੀਆਂ ਨੂੰ ਸਮਝ ਕਿਵੇਂ ਪਵੇਗੀ ? ਸਤਿਗੁਰੂ ਜੀ ਤਾਂ ਪ੍ਰਗਟ ਹੋਏ ਹੀ :-

'ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥' (੧੩੦੧)

ਉਪਦੇਸ਼ ਦੇ ਕੇ ਬ੍ਰਹਮ ਗਿਆਨ ਬਖ਼ਸ਼ ਕੇ ਮੁਕਤ ਕਰਨ ਵਾਸਤੇ ਹਨ। ਸੋ ਹੇ ਖ਼ਾਲਸਾ ਜੀ ! ਸਭ ਸਿੰਘ ਗੁਰਬਾਣੀ ਨੂੰ ਸੋਧ ਕੇ, ਸਮਝ ਕੇ, ਵਿਚਾਰ ਕੇ ਤੇ ਚਿੱਤ ਦਿਆ ਕੇ ਪੜ੍ਹਿਆ ਕਰੋ।' ਇਹ ਸੁਣ ਕੇ ਭਾਈ ਦਇਆ ਸਿੰਘ ਜੀ ਆਦਿ ਮੁਖੀ ਸਿੰਘਾਂ ਨੇ ਬੇਨਤੀ ਕੀਤੀ, 'ਹੇ ਗਰੀਬ ਨਿਵਾਜ ਜੀ ! ਆਪ ਕਿਰਪਾ ਕਰ ਕੇ ਗੁਰਬਾਣੀ ਦੇ ਅਰਥ ਪੜ੍ਹਾਉ ਜੀ। ਅਰਥਾਂ ਬਿਨਾਂ ਗੁਰਬਾਣੀ ਦੀ ਸ਼ੁੱਧੀ ਅਸ਼ੁੱਧੀ ਦਾ ਪਤਾ ਨਹੀਂ ਲੱਗਦਾ।' ਤਾਂ ਹਜ਼ੂਰ ਨੇ ਫੁਰਮਾਇਆ 'ਸਿੰਘ ! ਸਾਡਾ ਇਕਰਾਰ ਰਿਹਾ, ਹੁਣ ਤਾਂ ਧਰਮ ਯੁੱਧ ਦਾ ਸਮਾਂ ਹੈ। ਜੰਗ ਤੋਂ ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।'

ਜਦੋਂ ਕਲਗੀਧਰ ਪਿਤਾ ਜੀ ਸਰਬੰਸ ਵਾਰ ਕੇ ਸ੍ਰੀ ਮੁਕਤਸਰ ਸਾਹਿਬ ਟੁੱਟੀ ਗੰਢ ਕੇ ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ, 'ਹਜ਼ੂਰ ! ਸਾਰੇ ਦੁਸ਼ਮਨ ਹਾਰ ਮੰਨ ਕੇ ਭੱਜ ਚੁਕੇ ਹਨ, ਜੋ ਆਪ ਜੀ ਨੇ ਗੁਰਬਾਣੀ ਦੇ ਅਰਥ ਪੜ੍ਹਾਉਣ ਦਾ ਇਕਰਾਰ ਕੀਤਾ ਸੀ-ਸ ਹੁਣ ਕਿਰਪਾ ਕਰ ਕੇ ਪੂਰਾ ਕਰੋ।'

ਤਾਂ ਮਹਾਰਾਜ ਜੀ ਨੇ ਕਿਹਾ, 'ਤੁਸੀਂ ਧੀਰ ਮੱਲ ਦੇ ਪਾਸ ਕਰਤਾਰਪੁਰ ਦੁਆਬੇ ਵਿਚ ਜਾਓ। ਪੰਜਵੇਂ ਪਾਤਸ਼ਾਹ ਜੀ ਨੇ ਜੋ ਗੁਰਬਾਣੀ ਦੀ ਬੀੜ ਰਚੀ ਹੈ, ਉਸ ਵਿਚ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਲਿਖਣ ਵਾਸਤੇ ਜਗ੍ਹਾ ਖਾਲੀ ਛੱਡੀ ਹੈ, ਉਹ ਸਰੂਪ ਲੈ ਆਵੋ। ਨਾਲੇ ਗੁਰਬਾਣੀ ਚੜ੍ਹਾ ਦੇਈਏ ਨਾਲੇ ਤੁਹਾਨੂੰ ਅਰਥ ਪੜ੍ਹਾ ਦੇਈਏ।' ਸਤਿਗੁਰਾਂ ਦਾ ਹੁਕਮ ਮੰਨ ਕੇ ੨੫ ਸਿੰਘ

ੴ ਸਤਿਗੁਰ ਪ੍ਰਸਾਦਿ ॥

ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾ ਚੱਲਣ ਦੇ ਕਾਰਣ

ਦਸਵੇਂ ਪਾਤਸ਼ਾਹ ਜੀ ਸ੍ਰੀ ਅਨੰਦਪੁਰ ਸਾਹਿਬ ਵਿਚ ਸੰਗਤਾਂ ਨੂੰ ਤਾਰ ਰਹੇ ਸਨ। ਇਕ ਦਿਨ ਅੰਮ੍ਰਿਤ ਵੇਲੇ ਇਕ ਪ੍ਰੇਮੀ ਸਿੰਘ ਪੰਜ ਗ੍ਰੰਥੀ ਦਾ ਬੜੀ ਸ਼ਰਧਾ ਭਾਵਨਾ ਨਾਲ ਜ਼ਬਾਨੀ ਨਿੱਤਨੇਮ ਦਾ ਪਾਠ ਕਰ ਰਿਹਾ ਸੀ। ਸਤਿਗੁਰੂ ਜੀ ਸ੍ਰੀ ਕੇਸਗੜ੍ਹ ਸਾਹਿਬ ਬੰਗਲੇ ਵਿਚ ਸਜੇ ਹੋਏ ਸਨ, ਉਨ੍ਹਾਂ ਨੂੰ ਵੀ ਪਾਠ ਸੁਣਾਈ ਦੇ ਰਿਹਾ ਸੀ। 'ਦਖਣੀ ਓਅੰਕਾਰ' ਦੀ ਬਾਣੀ ਪੜ੍ਹਦਿਆਂ ਜਦੋਂ ਪੰਗਤੀ ਆਈ :-

'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥' (੯੩੦)

ਤਾਂ 'ਕੈ' ਦੀ ਥਾਂ 'ਕੋ' ਪੜ੍ਹ ਗਿਆ। ਮਹਾਰਾਜ ਜੀ ਨੇ ਸੁਣ ਕੇ ਦੋ ਵਾਰੀ ਉੱਚੀ ਆਵਾਜ਼ ਨਾਲ ਕਿਹਾ, 'ਭਾਈ ਸਿੰਘਾ ! ਗੁਰਬਾਣੀ ਦਾ ਸ਼ੁੱਧ ਪਾਠ ਕਰ।' ਸਿੰਘ ਬਾਣੀ ਪੜ੍ਹਨ ਵਿਚ ਮਸਤ ਸੀ-ਆਵਾਜ਼ ਨਾ ਸੁਣੀ, ਉਸੇ ਤਰ੍ਹਾਂ ਹੀ ਪੜ੍ਹੀ ਗਿਆ। ਤਾਂ ਹਜ਼ੂਰ ਨੇ ਇਕ ਸਿੰਘ ਭੇਜ ਕੇ ਤਾੜਨਾ ਕਰਵਾਈ, ਚਾਟਾਂ ਮਰਵਾਈਆਂ। ਉਸੇ ਦਿਨ ਸਵੇਰੇ, ਉਸ ਸਿੰਘ ਨੇ ਦੀਵਾਨ ਵਿਚ ਆ ਕੇ ਬੇਨਤੀ ਕੀਤੀ, 'ਜੀ ! ਆਪ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਰੂਪ ਗੁਰਬਾਣੀ ਪੜ੍ਹਦਿਆ ਤਮਾਚੇ ਵੱਜਦੇ ਹਨ, ਤਾਂ ਫਿਰ ਸਾਡੀ ਕਲਿਆਣ ਕਿਵੇਂ ਹੋਵੇਗੀ ? ਤੁਹਾਡੇ ਡਿਉਢੀਦਾਰ ਨੇ ਮਾਰ ਪਾਈ ਹੈ।' ਸੁਣ ਕੇ ਸਤਿਗੁਰੂ ਜੀ ਨੇ ਕਿਹਾ, 'ਸਿੰਘਾ ! ਗੁਰਬਾਣੀ ਸਾਡੇ ਅੰਗ ਹਨ, ਤੂੰ ਗੁਰਬਾਣੀ ਗਲਤ ਪੜ੍ਹਦਾ ਸੀ। ਸਾਨੂੰ ਜੋ ਖੇਦ ਗੁਰਬਾਣੀ ਗਲਤ ਪੜ੍ਹਨ ਤੋਂ ਹੋਇਆ ਹੈ, ਤੈਨੂੰ ਚਾਬਕਾਂ ਨਾਲ ਇਤਨਾ ਨਹੀਂ ਹੋਇਆ।'

ਇਹ ਸੁਣ ਕੇ ਸਿੰਘ ਦੀ ਨਰਾਜ਼ਗੀ ਘਟੀ ਤੇ ਨਿੰਮ੍ਰਤਾ ਨਾਲ ਪੁੱਛਿਆ, 'ਸਤਿਗੁਰੂ ਜੀ ! ਕਿਰਪਾ ਕਰ ਕੇ ਦੱਸੋ ਜਿਥੋਂ ਗਲਤ ਪੜ੍ਹਦਾ ਸੀ ? ਸੋ ਹੁਣ ਸੋਧ ਲਵਾਂ।' ਮਹਾਰਾਜ ਜੀ ਨੇ ਫੁਰਮਾਇਆ, 'ਦਖਣੀ ਓਅੰਕਾਰੁ' ਬਾਣੀ ਦੀ ਤੁਕ ਪੜ੍ਹ : 'ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥' ਵਾਲੀ। ਦੁਬਾਰਾ ਉਸ ਨੇ 'ਕੈ' ਦੀ ਥਾਂ 'ਕੋ' ਹੀ ਪੜ੍ਹਿਆ। ਤਾਂ ਹਜ਼ੂਰ ਨੇ ਕਿਹਾ, 'ਇਹ ਅੱਖਰ ਤੂੰ ਗਲਤ ਪੜ੍ਹਿਆ ਹੈ ਜਿਸ ਕਰ ਕੇ ਅਰਥ ਦਾ

ਸੰਤ ਹਰਨਾਮ ਸਿੰਘ ਜੀ ਬੇਦੀ

ਸੰਤ ਬਿਸ਼ਨ ਸਿੰਘ ਜੀ
(ਮੁਰਾਲੇ ਵਾਲੇ)

ਸੰਤ ਸੁੰਦਰ ਸਿੰਘ ਜੀ
ਭਿੰਡਰਾਂ ਵਾਲੇ

ਸੰਤ ਗਿ: ਗੁਰਬਚਨ ਸਿੰਘ ਜੀ 'ਖ਼ਾਲਸਾ'
ਭਿੰਡਰਾਂ ਵਾਲੇ

ਸੰਤ ਗਿ: ਕਰਤਾਰ ਸਿੰਘ ਜੀ 'ਖ਼ਾਲਸਾ'
ਜਥਾ ਭਿੰਡਰਾਂ (ਮਹਿਤਾ)

ਦਾਸਨਿ ਦਾਸ–ਜਰਨੈਲ ਸਿੰਘ 'ਖ਼ਾਲਸਾ'
ਜਥਾ ਭਿੰਡਰਾਂ (ਮਹਿਤਾ)
ਅਤੇ ਅਨੇਕਾਂ ਕਥਾਕਾਰ (ਅੱਜ ਕੱਲ੍ਹ)

ਸੰਤ ਭਾਰ ਸਿੰਘ ਜੀ
(ਠੱਟੇ ਟਿੱਬੇ ਵਾਲੇ)

ਸੰਤ ਜਗਤ ਸਿੰਘ ਜੀ
(ਠੱਟੇ ਟਿੱਬੇ ਵਾਲੇ)

ਸੰਤ ਕਰਤਾਰ ਸਿੰਘ ਜੀ
(ਠੱਟੇ ਟਿੱਬੇ ਵਾਲੇ)
(ਅੱਜ ਕੱਲ੍ਹ)

ਸੰਤ ਫਤੇ ਚੰਦ ਜੀ
(ਸ਼ਾਹ ਜੀਵਣੇ ਵਾਲੇ)

ਸੰਤ ਸੰਗਤ ਸਿੰਘ ਜੀ
(ਕਮਲੀਏ ਵਾਲੇ)

ਸੰਤ ਕਰਤਾਰ ਸਿੰਘ ਜੀ
ਮਾਡਲ ਟਾਊਨ ਪਟਿਆਲਾ

ਸੰਤ ਅਮੀਰ ਸਿੰਘ ਜੀ
ਗਲੀ ਸਤੋ ਵਾਲੀ ਅੰਮ੍ਰਿਤਸਰ

ਸੰਤ ਕਿਰਪਾਲ ਸਿੰਘ ਜੀ

ਸੰਤ ਮੱਖਣ ਸਿੰਘ ਜੀ
(ਅੱਜ ਕੱਲ੍ਹ)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

- ਭਾਈ ਮਨੀ ਸਿੰਘ ਜੀ ਸ਼ਹੀਦ
  - ਭਾਈ ਦੀਵਾਨ ਸਿੰਘ ਜੀ
    - ਭਾਈ ਅਮਰ ਸਿੰਘ ਜੀ
      - ਭਾਈ ਰਾਮ ਸਿੰਘ ਜੀ
        - ਭਾਈ ਚੰਦਾ ਸਿੰਘ ਜੀ
          - ਭਾਈ ਹਜ਼ਾਰਾ ਸਿੰਘ ਜੀ
            - ਡਾਕਟਰ ਭਾਈ ਵੀਰ ਸਿੰਘ ਜੀ
  - ਭਾਈ ਗੁਰਦਿਆਲ ਸਿੰਘ ਜੀ
    - ਭਾਈ ਸੂਰਤ ਸਿੰਘ ਜੀ
      - ਭਾਈ ਗੁਰਦਾਸ ਸਿੰਘ ਜੀ
        - ਭਾਈ ਸੰਤ ਸਿੰਘ ਜੀ
          - ਸੰਤ ਦਇਆ ਸਿੰਘ ਜੀ
            - ਸੰਤ ਭਗਵਾਨ ਸਿੰਘ ਜੀ
              - ਸੰਤ ਹਰਨਾਮ ਸਿੰਘ ਜੀ ਬੇਦੀ
              - ਸੰਤ ਵਤੇ ਚੰਦ ਜੀ (ਸ਼ਾਹ ਜੀਵਣੇ ਵਾਲੇ)
              - ਸੰਤ ਅਮੀਰ ਸਿੰਘ ਜੀ ਗਲੀ ਸਤੋ ਵਾਲੀ ਅੰਮ੍ਰਿਤਸਰ
  - ਭਾਈ ਗੁਰਬਖਸ਼ ਸਿੰਘ ਜੀ
    - ਭਾਈ ਕੌਲ ਸਿੰਘ ਜੀ
      - ਭਾਈ ਜੱਸਾ ਸਿੰਘ ਜੀ
- ਬਾਬਾ ਦੀਪ ਸਿੰਘ ਜੀ ਸ਼ਹੀਦ

ਦੇ ਮਹਾਂਵਾਕ ਅਨੁਸਾਰ ਦਾਸ ਨਿਮਾਣਾ, ਭੁੱਲਣਹਾਰ ਜੀਵ, 'ਖਾਲਸਾ ਜੀ' ਦੀ ਮਹਿਮਾ ਕੀ ਜਾਣ ਸਕਦਾ ਹੈ ? ਪਰੰਤੂ, ਸਤਿਗੁਰੂ ਜੀ ਦੀ ਕ੍ਰਿਪਾ ਦਾ ਸਦਕਾ ਸੱਚਖੰਡ ਵਾਸੀ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਤੋਂ ਜਥੇ ਸੰਗਤ ਵਿਚ ਕਈ ਸਾਲ ਰਹਿ ਕੇ ਨਿਕਟਵਰਤੀ (ਗੜਵਈਪੁਣੇ) ਦੀ ਸੇਵਾ ਪ੍ਰਾਪਤ ਹੋਣ ਦਾ ਸਦਕਾ ਖਾਤੇ ਜੋ ਧਾਰਮਿਕ ਵਿੱਦਿਆ ਉਨ੍ਹਾਂ ਤੋਂ ਪ੍ਰਾਪਤ ਹੋਈ ਹੈ ਅਤੇ ਬਾਕੀ ਜਾਣਕਾਰੀ ਜੋ ਦਾਸ ਤੋਂ ਪਹਿਲਾਂ 'ਖਾਲਸਾ ਜੀ' ਦੇ ਨਿਕਟਵਰਤੀ ਪ੍ਰੇਮੀਆਂ ਕੋਲੋਂ ਪ੍ਰਾਪਤ ਹੋਈ ਹੈ, ਉਸ ਦੇ ਆਸਰੇ ਹੀ ਇਹ ਜੀਵਨ ਲਿਖਿਆ ਗਿਆ ਹੈ। ਦਾਸ ਰੋਮ ਰੋਮ 'ਖਾਲਸਾ ਜੀ' ਦਾ ਰਿਣੀ ਹੈ ਜਿਨ੍ਹਾਂ ਮੇਰੇ ਔਗੁਣਾਂ ਨੂੰ ਨਾ ਚਿਤਾਰਦੇ ਹੋਏ ਬਖ਼ਸ਼ਿਸ਼ ਦਾ ਹੱਥ ਸਿਰ ਤੇ ਰੱਖਿਆ ਹੈ। ਇਸ ਲਈ ਗੁਰ ਸੰਗਤਾਂ ਦੇ ਚਰਨਾਂ ਵਿਚ ਪ੍ਰਾਰਥਨਾ ਹੈ ਕਿ ਜੇ ਕਿਤੇ 'ਖਾਲਸਾ ਜੀ' ਦੇ ਸਤਿਕਾਰ ਵਿਚ ਕੋਈ ਨਿਊਣਤਾ ਵਾਲੇ ਸ਼ਬਦ ਦ੍ਰਿਸ਼ਟੀ ਪੈਣ ਤਾਂ ਉਨ੍ਹਾਂ ਦੀ ਖਿਮਾਂ ਪ੍ਰਦਾਨ ਕਰਨੀ।

ਇਸ ਪੁਸਤਕ 'ਖਾਲਸਾ ਜੀਵਨ' ਵਿਚ ਪਵਿੱਤਰ ਜੀਵਨ ਦੇ ਨਾਲ ਅਲੰਕਾਰ, ਪਵਿੱਤਰ ਗੁਰ ਬੰਸਾਵਲੀ, ਗੁਰਮਤਿ ਰਹਿਤ-ਮਰਯਾਦਾ, ਗੁਰਬਾਣੀ ਦਾ ਅਦਬ, ਦੇਹ ਧਾਰੀ ਪਖੰਡੀ ਗੁਰੂਆਂ ਦਾ ਖੰਡਨ ਆਦਿ ਵੀ ਦਿੱਤਾ ਗਿਆ ਹੈ।

ਦਾਸ ਉਨ੍ਹਾਂ ਸਾਰੇ ਪ੍ਰੇਮੀਆਂ ਸ਼ਰਧਾਵਾਨਾਂ ਦਾ, ਜਿਨ੍ਹਾਂ ਇਸ ਪੁਸਤਕ ਵਿਚ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ-ਬਹੁਤ ਬਹੁਤ ਧੰਨਵਾਦੀ ਹੈ। ਵਿਸ਼ੇਸ਼ ਤੌਰ ਤੇ ਗਿਆਨੀ ਜਗਦੀਸ਼ ਸਿੰਘ ਜੀ ਮੁਕਤਸਰ ਸਾਹਿਬ ਅਤੇ ਉਨ੍ਹਾਂ ਦੇ ਛੋਟੇ ਭਰਾਤਾ ਗਿਆਨੀ ਗੁਰਦੇਵ ਸਿੰਘ ਜੀ ਬੀ. ਏ. ਦਾ, ਜਿਨ੍ਹਾਂ ਨੇ ਬਹੁਤੀ ਮਿਹਨਤ ਕਰਕੇ ਭਾਰੀ ਸਹਿਯੋਗ ਦਿੱਤਾ ਹੈ। ਭਾਈ ਸੁਰਜੀਤ ਸਿੰਘ ਜੀ ਸੇਧੀ ਵਿਰਾਗੀ ਜੀ, ਭਾਈ ਰਛਪਾਲ ਸਿੰਘ ਜੀ ਬੀ. ਐਸ-ਸੀ., ਬੀ-ਐੱਡ, ਮੁਕਤਸਰ ਨੇ ਭੀ ਬਹੁਤ ਮਿਹਨਤ ਨਾਲ ਸੇਵਾ ਕੀਤੀ ਹੈ। ਜਥੇ ਦੇ ਬੇਅੰਤ ਸਿੰਘਾਂ ਨੇ ਸੇਵਾ ਕੀਤੀ ਹੈ, ਬਹੁਤ ਧੰਨਵਾਦ-ਸਤਿਗੁਰੂ ਜੀ ਸੇਵਾ ਦਰ ਤੇ ਪ੍ਰਵਾਨ ਕਰਨ।

ਦਾਸਨਿ ਦਾਸ-ਕਰਤਾਰ ਸਿੰਘ 'ਖਾਲਸਾ'
ਜਥਾ ਭਿੰਡਰਾਂ (ਮਹਿਤਾ)

ਸਿੰਘਾਂ ਨੂੰ ਬ੍ਰਹਮ-ਵਿੱਦਿਆ ਦਾ ਦਾਨ, ਪਾਵਨ ਕ੍ਰਿਆ, ਸੰਜਮੀ ਜੀਵਨ, ਨਿੰਮ੍ਰਤਾ, ਗ਼ਰੀਬੀ, ਸਿਮਰਨ, ਸੇਵਾ, ਘਾਲ ਕਮਾਈ, ਵੈਰਾਗ, ਤਿਆਗ, ਗੁਰਬਾਣੀ ਦਾ ਸਤਿਕਾਰ, ਪ੍ਰੇਮ ਤੇ ਸ਼ਰਧਾ ਨਾਲ ਪਾਠ, ਨਿੱਤਨੇਮ, ਕਥਾ ਵੀਚਾਰ, ਖਾਲਸਾਪੁਣਾ, ਸਿੰਘਾਂ ਨਾਲ ਪਿਆਰ, ਪੰਜ ਕਕਾਰਾਂ ਦੀ ਰਹਿਤ ਦੀ ਪ੍ਰਪੱਕਤਾ, ਗੁਰਸਿੱਖੀ ਲਈ ਸ਼ਰਧਾ ਅਤੇ ਸਰਬੱਤ ਦੇ ਭਲੇ ਦੀਆਂ ਕਈ ਯਾਦਾਂ ਜੋ ਦਾਸਾਂ ਨੇ ਸੁਣੀਆਂ ਜਾਂ ਵਾਪਰਦੀਆਂ ਵੇਖੀਆਂ, ਉਨ੍ਹਾਂ ਸਭ ਯਾਦਾਂ ਤੇ ਜੀਵਨ-ਕਣੀਆਂ ਨੂੰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸੰਖੇਪ ਰੂਪ ਵਿਚ ਲਿਖਣ ਦਾ ਯਤਨ ਕੀਤਾ ਹੈ ਤਾਂ ਕਿ 'ਖਾਲਸਾ ਜੀ' ਦਾ ਪਵਿੱਤਰ ਗੁਰਸਿੱਖੀ ਵਿਚ ਪ੍ਰਪੱਕ ਜੀਵਨ ਜਾਚ ਦ੍ਰਿੜ੍ਹ ਕਰਾ ਕੇ ਅਨੇਕਾਂ ਪ੍ਰਾਣੀਆਂ ਦਾ ਭਲਾ ਕਰਦਾ ਰਹੇ।

ਮਨੁੱਖ ਦੀਆਂ ਯਾਦਾਂ ਖ਼ਾਮੋਸ਼ ਦੀਆਂ ਖ਼ਾਮੋਸ਼ ਹੀ ਮਨੁੱਖ ਦੇ ਅੰਤ ਨਾਲ ਅੰਤ ਹੋ ਜਾਂਦੀਆਂ ਹਨ, ਉਨ੍ਹਾਂ ਦਾ ਲਾਭ ਹੋਰਨਾਂ ਨੂੰ ਨਹੀਂ ਪੁੱਜਦਾ। ਸੋ ਦਿਲ ਅੰਦਰ ਇਹ ਭਾਰੀ ਚਿਤਵਨੀ ਹੈ ਕਿ 'ਖਾਲਸਾ ਜੀ' ਦਾ ਜੀਵਨ ਵਿਸਥਾਰ ਸਹਿਤ ਲਿਖ ਕੇ, ਛਪਵਾ ਕੇ ਸੰਗਤ ਦੀ ਭੇਟਾ ਕੀਤਾ ਜਾਵੇ। ਇਨ੍ਹਾਂ ਵੀਚਾਰਾਂ ਨੂੰ ਮੁੱਖ ਰੱਖ ਕੇ ਆਪ ਸਰਬੱਤ ਸੰਗਤਾਂ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ 'ਖਾਲਸਾ ਜੀ' ਆਪ ਜੀ ਦੇ ਨਗਰ ਜਥੇ ਸਮੇਤ, ਧਾਰਮਿਕ ਪ੍ਰਚਾਰ ਕਰਨ ਹਿਤ ਪਹੁੰਚੇ ਹੋਣਗੇ। ਕਈ ਵਾਰੀ ਆਪ ਜੀ ਨੂੰ ਉਨ੍ਹਾਂ ਦੀ ਸੰਗਤ ਪ੍ਰਾਪਤ ਹੋਈ ਹੋਵੇਗੀ। ਉਨ੍ਹਾਂ ਦੇ ਜੀਵਨ ਦੀਆਂ ਕਈ ਮਿੱਠੀਆਂ ਯਾਦਾਂ, ਪਰਉਪਕਾਰ ਦੇ ਕੌਤਕ ਅਤੇ ਨਿਸ਼ਕਾਮ ਸੇਵਾ ਦੀਆਂ ਪਵਿੱਤਰ ਘਟਨਾਵਾਂ, ਆਪ ਜੀ ਨੇ ਸੁਣੀਆਂ ਜਾਂ ਆਪ ਜੀ ਦੇ ਨੱਗਰ ਵਾਪਰੀਆਂ ਹੋਣਗੀਆਂ। ਉਹ ਆਪ ਜੀ ਲਿਖ ਕੇ ਤੇ ਹੋਰ ਗੁਰਮੁਖਾਂ ਕੋਲੋਂ ਪੁੱਛ ਕੇ ਲਿਖਵਾ ਕੇ ਜੋ ਭੇਜੋਗੇ, ਉਹ ਆਪ ਜੀ ਦੇ ਭੇਜੇ ਸ਼ਰਧਾ ਦੇ ਫੁੱਲ, ਤੁਹਾਡੇ ਨਾਮ ਨਾਲ ਅਗਲੀ ਐਡੀਸ਼ਨ 'ਚ ਛਾਪੇ ਜਾਣਗੇ। ਇਹੋ ਜਿਹੇ ਸੁਭ ਕਾਰਜ ਸਤਿਗੁਰੂ ਜੀ ਦੀ ਕਿਰਪਾ ਤੇ ਸੰਗਤ ਦੇ ਸਹਿਯੋਗ ਨਾਲ ਹੀ ਪੂਰਨ ਹੋ ਸਕਦੇ ਹਨ। ਆਪ ਜੀ ਨੇ ਜ਼ਰੂਰੀ ਵਿਵਹਾਰਕ ਕੰਮ ਛੱਡ ਕੇ ਵੀ ਇਸ ਸੇਵਾ ਲਈ ਸਾਥ ਦੇਣਾ ਤਾਂ ਜੋ 'ਖਾਲਸਾ ਜੀ' ਦਾ ਜੀਵਨ ਛੇਤੀ ਵਧੇਰੇ ਵਿਸਥਾਰ ਨਾਲ ਛਪਵਾਇਆ ਜਾ ਸਕੇ :-

'ਤਸਨਾ ਏਕ ਅਨੇਕ ਜੁਗ ਪੂਰਨ ਸਭ ਕੀ ਕੇਤਕ ਉਪਮਾ ਕਹੀਐ ॥
ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥'

(੧੬੦)

ਕਥਾ ਨਿਰਾਲੀ ਹੈ, ਅਨੋਖੀ ਹੈ, ਉਹ ਤਾਂ :-

'ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥'

(੮੫੫)

ਉਹ ਬਖ਼ਸ਼ੀਆਂ ਰੂਹਾਂ ਜਿਨ੍ਹਾਂ ਦੇ ਜੀਵਨ ਰੌਸ਼ਨ-ਮੁਨਾਰੇ ਦੀ ਨਿਆਈਂ ਹੋਰਨਾਂ ਦੇ ਜੀਵਨ ਜਹਾਜ਼ ਨੂੰ ਦੀ ਮੁਕਤੀ ਰੂਪੀ ਕਿਨਾਰੇ ਤੇ ਪਹੁੰਚਾਉਂਦੇ ਹਨ, ਉਨ੍ਹਾਂ ਵਿਚੋਂ ਪੂਰਨ ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਅਤੇ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲੇ ਹੋਏ ਹਨ, ਜਿਨ੍ਹਾਂ ਦਾ ਜੀਵਨ ਚਰਿੱਤ੍ਰ ਸੰਖੇਪ ਰੂਪ ਵਿਚ ਲਿਖਣ ਦਾ ਨਿਮਾਣਾ ਜਿਹਾ ਯਤਨ ਅਰੰਭਿਆ ਹੈ।

ਇਤਿਹਾਸ ਕੌਮ, ਦੇਸ਼ ਅਤੇ ਨਸਲੀ ਵਿਰਸੇ ਦਾ ਅਮੁੱਕ ਖ਼ਜ਼ਾਨਾ ਤੇ ਸਰਮਾਇਆ ਹੁੰਦਾ ਹੈ। ਗੁਰਮੁਖਾਂ, ਗੁਰਸਿੱਖਾਂ, ਸਿੰਘਾਂ, ਸੰਤਾਂ, ਭਗਤਾਂ ਅਤੇ ਮਹਾਂ ਪੁਰਖਾਂ ਦਾ ਜੀਵਨ ਆਉਣ ਵਾਲੀ ਸਭਿਅਤਾ ਤੇ ਆਚਾਰ ਦੀ ਨੀਂਹ ਹੁੰਦਾ ਹੈ। ਸੋ ਉਨ੍ਹਾਂ ਵਿਅਕਤੀਆਂ ਦਾ ਜੀਵਨ, ਜਿਨ੍ਹਾਂ ਸੁਆਸ ਸੁਆਸ ਵਾਹਿਗੁਰੂ ਦੇ ਸਿਮਰਨ, ਪਰਉਪਕਾਰ ਤੇ ਸਰਬੱਤ ਦੇ ਭਲੇ ਲਈ ਲਾਇਆ :-

'ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ,
ਬਹੁ ਸਰਧਾ ਲਾਇ ਮੁਖਿ ਧੂੜਾ ॥' (੬੯੮)

'ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥' (੮੧੬)

ਸਾਡੇ ਲਈ ਚਾਨਣ-ਮੁਨਾਰਾ ਹੈ ਅਤੇ ਅਜਿਹੇ ਪਵਿੱਤਰ ਜੀਵਨ ਦੀਆਂ ਯਾਦਾਂ ਦੀ ਸੰਭਾਲ ਕਰਨਾ ਸਾਡਾ ਫਰਜ਼ ਬਣਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ ਪਿਤਾ ਜੀ ਦੀ ਦਮਦਮਾ ਸਾਹਿਬ ਵਾਲੀ ਚਲਾਈ ਸੰਪ੍ਰਦਾਈ ਟਕਸਾਲ ਦੀ ਪਵਿੱਤਰ ਸੇਵਾ ਕਰਦੇ, ਗੁਰੂ ਘਰੋਂ ਵਰੋਸਾਏ, ਵਿੱਦਿਆ ਮਾਰਤੰਡ ਬ੍ਰਹਮ-ਗਿਆਨੀ ਸੱਚਖੰਡ ਵਾਸੀ ਸੰਤ ਸੁੰਦਰ ਸਿੰਘ ਜੀ ਤੇ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦਾ, ਦਸੋਂ ਹੀ ਪਾਤਿਸ਼ਾਹੀਆਂ ਦੀ ਆਤਮਿਕ ਜੋਤਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਉੱਤੇ ਚਵਰ ਤਖ਼ਤ ਛਤਰ ਦੇ ਮਾਲਿਕ ਸਰਬ ਕਲਾ ਸਮਰਥ, ਹਾਜ਼ਰ ਨਾਜ਼ਰ, ਜਾਗਦੀ ਜੋਤਿ, ਜਗਤ ਗੁਰੂ ਹੋਣ ਦਾ ਅਟੱਲ ਨਿਸ਼ਚਾ,

ਤ੍ਰਿਸ਼ਨਾ ਤੇ ਈਰਖਾ ਨਾਲ ਜੋ ਤਪ ਰਹੇ ਸਨ, ਉਨ੍ਹਾਂ ਤੇ ਰਹਿਮਤ ਕੀਤੀ :-

'ਤਪਤ ਕੜਾਹਾ ਬੁਝਿ ਗਇਆ
ਗੁਰਿ ਸੀਤਲ ਨਾਮ ਦੀਓ ॥' (੧੦੦੦)

ਸਾਰੇ ਸੰਸਾਰ ਦੇ ਵੈਦ ਬਣ ਕੇ ਆਧੀ, ਬਿਆਧੀ, ਉਪਾਧੀ ਤਾਪ ਵੀ ਦੂਰ ਕੀਤੇ :-

'ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥' (੬੨੨)

ਜੋ ਤਪਸ਼ ਹੋਰ ਕਿਸੇ ਵੀ ਤਰ੍ਹਾਂ ਨਹੀਂ ਸੀ ਬੁਝਦੀ, ਉਹ ਨਾਮ ਦੀ ਦਾਤ ਨਾਲ ਬੁਝਾ ਕੇ ਐਸੀ ਠੰਢ ਬਖਸ਼ੀ ਜੋ ਕਿ ਚੰਦਨ, ਚੰਦ ਤੇ ਠੰਢ ਦੀ ਰੁੱਤ ਵੀ ਨਾ ਦੇ ਸਕੀ :-

'ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮ ॥' (੭੦੬)

ਇਹ ਮਾਰੀ ਦੀ ਮਾਰੀ ਤਪਸ਼ ਦਸਾ ਸਰੂਪਾ ਵਿਚ ਗੁਰਬਾਣੀ ਦੇ ਪਾਠ, ਗੁਰਮੰਤ੍ਰ ਦੇ ਸਿਮਰਨ, ਭਜਨ, ਕਥਾ, ਕੀਰਤਨ ਨਾਲ ਮੇਟ ਦਿੱਤੀ :-

'ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥' (੬੧੬)

'ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ
ਮਨੁ ਤਨੁ ਮੇਰਾ ਠਾਰੁ ਥੀਓ ॥' (੩੮੨)

'ਸਤਿਗੁਰ ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥' (੪੦੬)

ਪ੍ਰਮੇਸ਼ਰ ਦੇ ਸੰਤ, ਭਗਤ, ਸੇਵਕ, ਗੁਰਸਿੱਖ, ਨਾਮ ਬਾਣੀ ਦੇ ਰਸੀਏ :-

'ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ ॥'
(੯੫੫)

ਉਨ੍ਹਾਂ ਆਪਣੇ ਸੇਵਕਾਂ ਦਾ : 'ਜਲ ਕਾ ਅੰਗ ਨਿਰਾਰੋ'

ਦੁਨੀਆਂ ਨਾਲੋਂ ਨਿਰਾਲਾ ਪੱਖ ਕਰ ਕੇ ਸਹਾਇਤਾ ਕੀਤੀ, ਉਹਨਾਂ ਦੀ

ਨਾਮ-ਰੂਪੀ ਜਲ ਦੇ ਆਸਰੇ ਹਰੇ-ਕਰੇ ਵੀ ਜਲਿ ਜਾਂਦੇ ਹਨ। ਉਨ੍ਹਾਂ ਨੂੰ ਤੱਤੀ ਹਵਾ ਵੀ ਨਹੀਂ ਲੱਗਦੀ :–

'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥' (੮੧੯)

ਸੋ ਸਾਰੇ ਜਗਤ-ਜਲੰਦੇ ਨੂੰ ਇਸ ਸਾਰੇ ਪ੍ਰਕਾਰ ਦੀ ਅੱਗ ਤੋਂ ਬਚਾਉਣ ਵਾਸਤੇ ਅਕਾਲ ਪੁਰਖ ਨੇ ਗੁਰੂ ਨਾਨਕ ਨਾਮ ਰਖਾ ਕੇ ਆਪਣਾ ਅਵਤਾਰ ਕਲਜੁਗ ਵਿਚ ਪ੍ਰਗਟ ਕਰਕੇ :–

'ਆਤਸ ਦੁਨੀਆਂ ਖੁਨਕ ਨਾਮੁ ਖੁਦਾਇਆ ॥
(੧੨੯੧)

'ਕਲਿ ਤਾਤੀ ਠਾਂਢਾ ਹਰਿ ਨਾਉ ॥
ਸਿਮਰਿ ਸਿਮਰਿ ਸਦਾ ਸੁਖ ਪਾਉ ॥' (੨੮੮)

ਜਿਨ੍ਹਾਂ ਨੇ ਠੰਢ ਵਾਲਾ, ਸ਼ਾਂਤੀ ਦੇਣ ਵਾਲਾ ਆਪਣਾ ਨਾਮ ਬਖ਼ਸ਼ਿਆ, ਜਿਸ ਨਾਲ :–

'ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ ॥'
(੨੫੪)

ਦੀ ਦਾਤ ਪ੍ਰਾਪਤ ਹੋਈ।

ਅਗਿਆਨ, ਸੂਰਜ ਦੀਆਂ ਦੋਖ ਕਿਰਨਾਂ ਦੀ, ਤ੍ਰਿਸ਼ਨਾ ਦੀ ਧੁੱਪ ਤੋਂ :–

'ਤਪਤਿ ਮਾਹਿ ਠਾਢਿ ਵਰਤਾਈ ॥
ਅਨਦੁ ਭਇਆ ਦੁਖ ਨਾਠੇ ਭਾਈ ॥' (੨੮੭)

ਦੀ ਬਖ਼ਸ਼ਿਸ਼ ਕੀਤੀ। ਰਿੱਧੀ ਸਿੱਧੀ ਵਾਲਿਆਂ ਦੇ ਮਨ ਵੀ ਈਰਖਾ ਨਾਲ ਤਪ ਰਹੇ ਸਨ, ਉਨ੍ਹਾਂ ਨੂੰ ਵੀ ਸ਼ਬਦ ਕਰ ਕੇ ਹੀ ਸ਼ਾਂਤੀ ਬਖ਼ਸ਼ੀ :–

'ਬਾਬੇ ਕੀਤੀ ਸਿਧਿ ਗੋਸਟਿ
ਸਬਦਿ ਸਾਂਤਿ ਸਿਧਾ ਵਿਚਿ ਆਈ।' (ਵਾਰ ੧, ਪਉੜੀ ੪੪)

ਇਉਂ ਨਾਮ ਦੀ ਦਾਤ ਦੇ ਕੇ ਸਭ ਨੂੰ ਠਾਰਿਆ, ਜਿਨ੍ਹਾਂ ਦੇ ਰਿਦੇ ਰੂਪ ਕੜਾਹੇ

ੴ ਸਤਿਗੁਰ ਪ੍ਰਸਾਦਿ ॥

ਮੁੱਖ-ਬੰਦ

ਇਹ ਸੰਸਾਰ ਅੱਗ ਦਾ ਸਮੁੰਦਰ ਹੈ, ਜਿਸ ਵਿਚ :-

'ਹੈਸੁ ਹੇਤੁ ਲੋਭ ਕੋਪ ਚਾਰੇ ਨਦੀਆ ਅਗਿ ॥' (੧੪੭)

ਵਿਕਾਰਾਂ, ਤ੍ਰਿਸ਼ਨਾ, ਈਰਖਾ, ਮੇਰ ਮਮਤਾ ਅਤੇ ਕਾਲ ਦੀ ਅੱਗ ਹੈ ਜੋ ਜੀਵ ਇਸ ਵਿਚ ਪੈਂਦੇ ਹਨ, ਸੜ ਜਾਂਦੇ ਹਨ। ਹਜ਼ੂਰ ਦਾ ਸ੍ਰੀ ਮੁਖ ਵਾਕ ਹੈ :-

'ਮਿਥਨ ਮੋਹ ਅਗਨਿ ਸੋਕ ਸਾਗਰ ॥' (੭੬੦)

ਪਰ ਜੋ ਗੁਰੂ ਕ੍ਰਿਪਾ ਨਾਲ ਸ਼ਬਦ ਨਾਲ ਜੁੜਦੇ ਹਨ-ਉਹ ਇਸ ਤੋਂ ਤਰ ਜਾਂਦੇ ਹਨ :-

'ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮੁ ਗਿਆਨੀ ॥' (੧੩)

ਇਹ ਸੰਸਾਰ ਜੰਗਲ ਦੀ ਨਿਆਈਂ ਹੈ ਜਿਸ ਨੂੰ ਚੇਤ ਦੇ ਮਹੀਨੇ ਵਿਚ ਤੇਜ਼ ਹਵਾ ਦੇ ਚੱਲਣ ਤੋਂ ਬਾਂਸਾਂ ਦੇ ਘਸਣ ਤੇ ਖਹਿ ਖਹਿ ਕੇ ਅੱਗ ਲੱਗ ਜਾਂਦੀ ਹੈ, ਸਾਰਾ ਜੰਗਲ ਸੜ ਜਾਂਦਾ ਹੈ ਪਰ ਕੋਈ ਬੂਟਾ ਜੋ ਨਦੀ ਕਿਨਾਰੇ ਹੋਵੇ, ਹਰਿਆ ਭੀ ਰਹਿ ਜਾਂਦਾ ਹੈ। ਇਸੇ ਤਰ੍ਹਾਂ ਜੀਵ ਬਾਂਸਾਂ ਦੀ ਨਿਆਈਂ ਹਨ, ਵਾਸ਼ਨਾਂ ਰੂਪੀ ਪੌਣ ਦੇ ਚੱਲਣ ਨਾਲ ਇਕ ਦੂਜੇ ਨਾਲ, ਮਾਇਕੀ ਪਦਾਰਥਾ ਦੇ ਮੋਹ ਕਰਕੇ ਖਹਿੰਦੇ ਹਨ, ਈਰਖਾ ਦੀਆਂ ਰਗੜਾਂ ਮਾਰ ਮਾਰ ਕੇ ਇਸ ਅੱਗ ਵਿਚ ਸੜਦੇ ਹਨ :-

'ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ
ਕੋਈ ਹਰਿਆ ਬੂਟ ਰਹਿਓ ਰੀ ॥' (੩੮੪)

ਪਰ ਕਈ ਗੁਰਮੁਖ ਐਸੇ ਹਨ ਜੋ ਵਾਸ਼ਨਾਂ, ਈਰਖਾ, ਤ੍ਰਿਸ਼ਨਾ ਤੇ ਮੇਰ ਤੋਂ ਬਚੇ ਰਹਿੰਦੇ ਹਨ-ਉਹ ਸੰਗਤ ਰੂਪੀ ਨਦੀ ਦੇ ਕਿਨਾਰੇ ਪ੍ਰਮੇਸ਼ਰ ਦੇ

੪੧. ੩–ਹਲਾਲ	੩੦੨
੪੨. ੪–ਹਰਾਮ	੩੦੫
੪੩. ਖ਼ਾਲਸੇ ਦੇ ਤਖ਼ਤ	੩੧੮
੪੪. ਪੰਜਾਂ ਦਾ ਵਿਸਾਹ ਨਹੀਂ ਕਰਨਾ	੩੧੯
੪੫ ਪੰਜਾਂ ਨਾਲ ਮੇਲ ਨਹੀਂ ਕਰਨਾ	੩੨੨
੪੬. ਪੰਜਾਂ ਪਿਆਰਿਆਂ ਦੇ ਨਾਮ ਤੇ ਜਨਮ	੩੪੦
੪੭. [੪] ਅਨੰਦ ਕਾਰਜ ਸੰਸਕਾਰ	੩੪੪
੪੮. [੫] ਅੰਤਮ ਸੰਸਕਾਰ	੩੮੬
੪੯. ਗੁਰਬਾਣੀ ਦਾ ਅਦਬ	੩੯੫
੫੦. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ	੪੦੫
੫੧. ਦੇਹਧਾਰੀ ਪਖੰਡੀ ਗੁਰੂਆਂ ਦਾ ਖੰਡਨ	੪੧੩
੫੨. ਜਥੇ ਦੇ ਅੱਖੀਂ ਡਿੱਠੇ ਹਾਲ	੪੧੯
੫੩. ਜਥੇ ਵੱਲੋਂ ਗੁਰਬਾਣੀ ਪ੍ਰਕਾਸ਼ਨਾਂ ਦਾ ਵੇਰਵਾ	੪੩੬

੧੮. ਅੰਮ੍ਰਿਤ ਤਿਆਰ ਕਰਨਾ	੨੧੦
੧੯. ਪੰਜਾਂ ਪਿਆਰਿਆਂ ਵਲੋਂ ਸਿੱਖਿਆ	੨੧੩
੨੦. ਅੰਮ੍ਰਿਤ ਦੀ ਮਹੱਤਤਾ	੨੨੯
੨੧. ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ ?	੨੩੦
੨੨. ਪੰਜਾਂ ਕਕਾਰਾਂ ਦੀ ਮਹਾਨਤਾ	੨੪੦
੨੩. ਪੰਜ ਕਕਾਰ	੨੪੫
੨੪. (੧) ਕਛਹਿਰਾ	੨੪੬
੨੫. (੨) ਕੜਾ	੨੪੯
੨੬. (੩) ਕ੍ਰਿਪਾਨ	੨੪੯
੨੭. (੪) ਕੇਸ	੨੫੩
੨੮. (ੳ) ਗੁਰਮਤਿ ਵਿਚ ਕੇਸਾਂ ਦੀ ਮਹਾਨਤਾ	੨੫੬
੨੯. (ਅ) ਹਿੰਦੂ ਮੱਤ ਵਿਚ ਕੇਸਾਂ ਦੀ ਮਹਾਨਤਾ	੨੬੨
੩੦. (ੲ) ਮੁਸਲਮਾਨੀ ਧਰਮ ਅਨੁਸਾਰ ਕੇਸ	੨੭੦
੩੧. (ਸ) ਈਸਾਈ ਮੱਤ ਅਤੇ ਕੇਸ	੨੭੨
੩੨. (ਹ) ਵਿਗਿਆਨ ਅਤੇ ਕੇਸ	੨੭੩
੩੩. ਕੇਸਾਂ ਦੇ ਲਾਭ	੨੭੮
੩੪. ਕੇਸਾਂ ਬਾਰੇ ਕੁਝ ਜ਼ਰੂਰੀ ਵਿਚਾਰਾਂ	੨੭੯
੩੫. ਮਨਘੜਤ ਵਿਚਾਰਾਂ ਦੇ ਉੱਤਰ	੨੮੦
੩੬. ਪ੍ਰਸ਼ਨ-ਉੱਤਰ	੨੮੩
੩੭. (੫) ਕੰਘਾ	੨੮੭
੩੮. ਚਾਰ ਬੱਜਰ ਕੁਰਹਿਤਾਂ	੨੮੯
੩੯. ੧-ਹੁੱਕਾ	੨੮੯
੪੦. ੨-ਹਜਾਮਤ	੨੯੭

ਤਤਕਰਾ

੧. ਮੁੱਖ-ਬੰਦ	੭
੨. ਸੰਪ੍ਰਦਾਇ ਪ੍ਰਣਾਲੀ	
੩. ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾ ਚੱਲਣ ਦੇ ਕਾਰਣ	੧੩
੪. (੧) ਸੰਖੇਪ ਜੀਵਨੀ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ	੧੮
੫. (੨) ਸੰਖੇਪ ਜੀਵਨ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ	੨੫
੬ (੩) ਖ਼ਾਲਸਾ ਜੀਵਨ	
ਗਿਆਨੀ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਵਾਲੇ	੩੭
੭. ਜਪੁ ਜੀ ਸਾਹਿਬ ਦਾ ਸਿਧਾਂਤ	੫੨
੮. ਬਖ਼ਸ਼ਿਸ਼ ਦੇ ਬਚਨ	੭੭
੯. ਅਲੰਕਾਰ	੭੯
੧੦. ਜਥੇ ਦਾ ਪ੍ਰੋਗਰਾਮ	੧੪੧
੧੧. (੪) ਸੰਖੇਪ ਜੀਵਨ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ'	੧੬੫
੧੨. ਜਥੇ ਦੇ ਨਿਯਮ	੧੭੨
੧੩. ਕੀਰਤਨ ਵਿਦਿਆਲੇ ਦੇ ਨਿਯਮ	੧੮੦
੧੪. ਗੁਰਮਤਿ ਰਹਿਤ-ਮਰਯਾਦਾ	੧੮੧
੧੫. [੧] ਜਨਮ ਸੰਸਕਾਰ	੧੮੩
੧੬. [੨] ਵਿੱਦਿਆ ਸੰਸਕਾਰ	੧੮੯
੧੭. [੩] ਅੰਮ੍ਰਿਤ ਸੰਸਕਾਰ	੨੦੨

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ

ਪਹਿਲੀ ਵਾਰ : ੧੯੭੭
ਦੂਜੀ ਵਾਰ : ੧੯੯੪

ਪ੍ਰਕਾਸ਼ਕ :
ਜਰਨੈਲ ਸਿੰਘ 'ਖ਼ਾਲਸਾ'
ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼
ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)
ਜ਼ਿਲਾ ਸ੍ਰੀ ਅੰਮ੍ਰਿਤਸਰ – ਫ਼ੋਨ : ੨੬

ਛਾਪਕ :
ਗਿ: ਸੋਨਾਨ ਸਿੰਘ
ਹਰਦਾਸ ਪ੍ਰਿੰਟਿੰਗ ਪ੍ਰੈੱਸ
ਰਾਣੀ ਬਾਜ਼ਾਰ, ਸ਼ਰੀਫ਼ਪੁਰਾ
ਸ੍ਰੀ ਅੰਮ੍ਰਿਤਸਰ – ਫ਼ੋਨ : ੪੯੩੮੬

ਭੇਟਾ ਸਜਿਲਦ : ੨੫) ਰੁਪਏ

ੴ ਸਤਿਗੁਰ ਪ੍ਰਸਾਦਿ ॥

'ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥'

'ਰਹਿਣੀ ਰਹੈ ਸੋਈ ਸਿਖ ਮੇਰਾ । ਉਹ ਸਾਹਿਬ ਮੈ ਉਸਕਾ ਚੇਰਾ ।'

ਖ਼ਾਲਸਾ ਜੀਵਨ

ਅਤੇ

ਗੁਰਮਤਿ ਰਹਿਤ-ਮਰਯਾਦਾ

ਸੱਚਖੰਡ ਵਾਸੀ

ਬ੍ਰਹਮ-ਗਿਆਨੀ ਸੰਤ ਗੁਰਬਚਨ ਸਿੰਘ ਜੀ 'ਖ਼ਾਲਸਾ'

ਭਿੰਡਰਾਂ ਵਾਲਿਆਂ ਦਾ ਪਵਿੱਤ੍ਰ ਜੀਵਨ

ਅਤੇ

ਗੁਰਮਤਿ ਅਨੁਸਾਰ 'ਪੰਜ ਸੰਸਕਾਰ', ਗੁਰਬਾਣੀ ਦਾ ਅਦਬ ਤੇ

ਦੇਹਧਾਰੀ ਪਖੰਡੀ ਗੁਰੂਆਂ ਦਾ ਖੰਡਨ

ਕਰਤਾ :

ਸੱਚਖੰਡ ਵਾਸੀ

ਸੰਤ ਗਿਆਨੀ ਕਰਤਾਰ ਸਿੰਘ ਜੀ 'ਖ਼ਾਲਸਾ'

ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

ਪ੍ਰਕਾਸ਼ਕ :

ਦਾਸਨਿ ਦਾਸ—ਜਰਨੈਲ ਸਿੰਘ 'ਖ਼ਾਲਸਾ'

ਚੱਕ੍ਰਵਰਤੀ ਗੁਰਮਤਿ ਪ੍ਰਚਾਰ ਜਥਾ ਭਿੰਡਰਾਂ (ਮਹਿਤਾ)